ਜਿਸੁ ਵਡ[51] ਭਾਗੁ[52] ਹੋਵੈ ਵਡ[53] ਮਸਤਕਿ[54] ਤਿਨਿ[55] ਗੁਰਮਤਿ[56] ਕਢਿ ਕਢਿ[57] ਲੀਆ ॥੨॥	He[55], who has supreme[53] good[51] luck[52] recorded on his brow[54], excavates and mines[57] them out, under Guru's instruction[56].	ਜਿਸ ਦੇ ਮੱਥੇ[54] ਉੱਤੇ ਪਰਮ[53] ਸ੍ਰੇਸ਼ਟ[51] ਨਸੀਬ[52] ਲਿਖੇ ਹੋਏ ਹਨ, ਉਹ[55], ਗੁਰਾਂ ਦੀ ਸਿੱਖਮਤ[56] ਤਾਬੇ, ਉਨ੍ਹਾਂ ਨੂੰ ਖੋਦ ਅਤੇ ਪੁੱਟ ਕੇ[57] ਬਾਹਰ ਕੱਢ ਲੈਂਦਾ ਹੈ ।
ਰਤਨੁ[58] ਜਵੇਹਰੁ[59] ਲਾਲੁ[60] ਹਰਿ ਨਾਮਾ ਗੁਰਿ ਕਾਢਿ[61] ਤਲੀ[62] ਦਿਖਲਾਇਆ[63] ॥	God's Name is the emerald[58], jewel[59] and ruby[60]. Mining[61] it out, the Guru has exhibited[63] it on the palm[62] of the hand.	ਵਾਹਿਗੁਰੂ ਦਾ ਨਾਮ ਮਾਣਕ[58], ਨੱਗ[59] ਅਤੇ ਹੀਰਾ[60] ਹੈ । ਇਸ ਨੂੰ ਪੁੱਟ ਕੇ[61], ਗੁਰਾਂ ਨੇ ਇਸ ਨੂੰ ਹੱਥ ਦੀ ਹਥੇਲੀ[62] ਉੱਤੇ ਵਿਖਾਲ[63] ਦਿੱਤਾ ਹੈ ।

ਭਾਗਹੀਣ[64] ਮਨਮੁਖਿ[65] ਨਹੀ ਲੀਆ[66] ਤ੍ਰਿਣ[67] ਓਲੈ[68] ਲਾਖੁ[70] ਛਪਾਇਆ[69] ॥੩॥

The unfortunate[64] infidel[65] attains[66] not the Name which is worth lakhs[70] and lies hidden[69] behind the screen[68] of straw[67].

ਨਿਕਰਮਣ[64] ਅਧਰਮੀ[65] ਨਾਮ ਨੂੰ ਹਾਸਲ ਨਹੀਂ ਕਰਦਾ[66] ਜੋ ਲੱਖਾਂ ਦੇ ਮੁਲ[70] ਦਾ ਹੈ ਅਤੇ ਤੀਲਿਆਂ[67] ਦੇ ਪਰਦੇ[68] ਦੇ ਪਿੱਛੇ ਲੁੱਕਿਆ ਹੋਇਆ[69] ਹੈ ।

ਮਸਤਕਿ[71] ਭਾਗੁ[72] ਹੋਵੈ ਧੁਰਿ[73] ਲਿਖਿਆ[74] ਤਾ[75] ਸਤਗੁਰੁ ਸੇਵਾ[76] ਲਾਏ[77] ॥

If such destiny[72] be pre[73]-recorded[74] on man's brow[71], then[75] the True Guru yokes[77] him to his service[76].

ਜੇਕਰ ਬੰਦੇ ਦੇ ਮੱਥੇ[71] ਉੱਤੇ ਮੁੱਢ[73] ਤੋਂ ਐਹੋ ਜੇਹੀ ਪ੍ਰਾਲਭਧ[72] ਲਿਖੀ ਹੋਈ[74] ਹੋਵੇ ਤਦ[75] ਸੱਚੇ ਗੁਰੂ ਜੀ ਉਸ ਨੂੰ ਆਪਣੀ ਟਹਿਲ[76] ਅੰਦਰ ਜੋੜ ਲੈਂਦੇ[77] ਹਨ ।

ਨਾਨਕ ਰਤਨ[78] ਜਵੇਹਰ[79] ਪਾਵੈ[80] ਧਨੁ[81]ਧਨੁ ਗੁਰਮਤਿ[82] ਹਰਿ ਪਾਏ[83] ॥੪॥੧॥

Nanak, then obtains[80] he the pearl[78] and gem[79] of the Name. Blest[81], blest is the one, who by Guru's instruction[82], meets[83] with his God.

ਹੇ ਨਾਨਕ, ਤਾਂ ਉਹ ਨਾਮ ਦੇ ਮੋਤੀ[78] ਤੇ ਹੀਰੇ[79] ਨੂੰ ਪਾ ਲੈਂਦਾ[80] ਹੈ । ਸੁਲੱਖਣਾ[81], ਸੁਲੱਖਣਾ ਹੈ ਉਹ ਪ੍ਰਾਣੀ ਜੋ ਗੁਰਾਂ ਦੇ ਉਪਦੇਸ਼[82] ਦੁਆਰਾ ਆਪਣੇ ਵਾਹਿਗੁਰੂ ਨੂੰ ਮਿਲ ਪੈਂਦਾ[83] ਹੈ ।

ਰਾਮਕਲੀ ਮਹਲਾ ੪ ॥

Ramkali 4th Guru.

ਰਾਮਕਲੀ ਚੋਥੀ ਪਾਤਿਸ਼ਾਹੀ ।

ਰਾਮ[84] ਜਨਾ[85] ਮਿਲਿ ਭਇਆ ਅਨੰਦਾ[86] ਹਰਿ ਨੀਕੀ[87] ਕਥਾ[88] ਸੁਨਾਇ[89] ॥

Meeting with the Lord's[84] slaves[85], man is enraptured[86]. They preach[89] God's good[87] gospel[88].

ਸਾਂਈਂ[84] ਦੇ ਗੋਲਿਆਂ[85] ਨਾਲ ਮਿਲ ਕੇ ਇਨਸਾਨ ਪ੍ਰਸੰਨ ਹੋ ਜਾਂਦਾ[86] ਹੈ । ਉਹ ਵਾਹਿਗੁਰੂ ਦੀ ਸ੍ਰੇਸ਼ਟ[87] ਵਾਰਤਾ[88] ਪ੍ਰਚਾਰਦੇ[89] ਹਨ ।

ਦੁਰਮਤਿ[90] ਮੈਲੁ[91] ਗਈ ਸਭ ਨੀਕਲਿ[92] ਸਤਸੰਗਤਿ[93] ਮਿਲਿ[94] ਬੁਧਿ[95] ਪਾਇ[96]॥੧॥

Associating[94] with the saints' society[93], the filth[91] of evil-mindedness[90] is all eradicated[92] and the mortal is blessed[96] with sublime understanding[95].

ਸਾਧ ਸਮਾਗਮ[93] ਨਾਲ ਜੁੜਣ[94] ਦੁਆਰਾ ਮੰਦੀ ਅਕਲ[90] ਦੀ ਸਮੂਹ ਗੰਦਗੀ[91] ਦੂਰ ਹੋ ਜਾਂਦੀ[92] ਹੈ ਅਤੇ ਪ੍ਰਾਣੀ ਨੂੰ ਸ੍ਰੇਸ਼ਟ ਸਮਝ[95] ਪ੍ਰਾਪਤ ਹ�و ਜਾਂਦੀ[96] ਹੈ ।

ਰਾਮ ਜਨ[97]ਗੁਰਮਤਿ[98]ਰਾਮੁ[99] ਬੋਲਾਇ[100] ॥

O Lord's man[97], utter[100] thou the Lord's Name[99], under the Guru's guidance[98].

ਹੇ ਪ੍ਰਭੂ ਦੇ ਬੰਦੇ[97] ! ਤੂੰ ਗੁਰਾਂ ਦੀ ਅਗਵਾਈ[98] ਤਾਬੇ ਪ੍ਰਭੂ[99] ਦੇ ਨਾਮ ਦਾ ਉਚਾਰਨ ਕਰ[100] ।

ਜੋ ਜੋ[2] ਸੁਣੈ ਕਹੈ[3] ਸੋ[4] ਮੁਕਤਾ[5] ਰਾਮ ਜਪਤ[6] ਸੋਹਾਇ[7] ॥੧॥ਰਹਾਉ॥

Who-so-ever[2] hears, utters[3] and contemplates[6] the Lord's Name, he[4] is embellished[7] and emancipated[5]. Pause.

ਜੋ ਕੋਈ[2] ਭੀ ਪ੍ਰਭੂ ਦੇ ਨਾਮ ਨੂੰ ਸੁਣਦਾ, ਉਚਾਰਦਾ[3] ਅਤੇ ਸਿਮਰਦਾ[6] ਹੈ, ਉਹ[4] ਸ਼ਸ਼ੋਭਤ[7] ਅਤੇ ਮੁਕਤ ਹੋ ਜਾਂਦਾ[5] ਹੈ । ਠਹਿਰਾਉ ।

ਜੋ[8] ਵਡ[9] ਭਾਗ[10] ਹੋਵਹਿ ਮੁਖਿ[12] ਮਸਤਕਿ[13] ਹਰਿ[16] ਰਾਮ ਜਨਾ[14] ਭੇਟਾਇ[15] ॥

If[8] supremel4[12] good[9] destiny[10] is recorded on the forehead[13] the Lord[18] makes man meet[15] His slaves[14] (Saints).

ਜੇਕਰ[8] ਪਰਮ[12] ਚੰਗੇ[9] ਨਸੀਬ[10] ਮੱਥੇ[13]ਉੱਤੇ ਲਿਖੇ ਹੋਏ ਹੋਣ, ਤਾਂ ਹੀ ਪ੍ਰਭੂ[16] ਬੰਦੇ ਨੂੰ ਆਪਣੇ ਗੋਲਿਆਂ[14] (ਸੰਤਾਂ) ਨਾਲ ਮਿਲਾਉਂਦਾ[15] ਹੈ ।

ਦਰਸਨੁ[17] ਸੰਤ ਦੇਹੁ[18] ਕਰਿ ਕਿਰਪਾ[19] ਸਭੁ ਦਾਲਦੁ[20]

My Master ! mercifully[19] bless[18] me with the vision[17] of Thine saints,

ਮੇਰੇ ਮਾਲਕ, ਮਿਹਰਬਾਨੀ[19] ਕਰਕੇ ਮੈਨੂੰ ਆਪਣੇ ਸਾਧੂਆਂ ਦਾ ਦੀਦਾਰ[17] ਬਖ਼ਸ਼[18] ਤਾਂ ਜੋ ਮੇਰੀ ਸਾਰੀ ਗਰੀਬੀ[20]

ਦੁਖੁ[21] ਲਹਿ ਜਾਇ[22] ॥੨॥

that I be rid of[22] all poverty[20] and pain[21].

ਤੇ ਦੁਖ[21] ਦੂਰ ਹੋ ਜਾਣ[22] ।

ਹਰਿ ਕੇ ਲੋਗ[23] ਰਾਮ ਜਨ[24] ਨੀਕੇ[25] ਭਾਗਹੀਣ[26] ਨ ਸੁਖਾਇ[27] ॥

Good[25] are the God's men[23] and the Lord's slaves[24], but the ill-destined[26], love[27] them not.

ਸ੍ਰੇਸ਼ਟ[25] ਹਨ ਵਾਹਿਗੁਰੂ ਦੇ ਬੰਦੇ[23] ਅਤੇ ਸੁਆਮੀ ਦੇ ਗੋਲੇ[24] ! ਪ੍ਰੰਤੂ, ਨਿਕਰਮਣ[26] ਉਨ੍ਹਾਂ ਨਾਲ ਪਿਆਰ[27] ਨਹੀਂ ਕਰਦੇ ।

ਜਿਉ ਜਿਉ ਰਾਮ ਕਹਹਿ[28] ਜਨ[29] ਊਚੇ[30] ਨਰ[31] ਨਿੰਦਕ[32] ਡੰਸੁ[33] ਲਗਾਇ ॥੩॥

The more the lofty[30] slaves[29] utter[28] the Lord's praise, the more the slanderous[32] persons[31] sting[33] them.

ਜਿੰਨੀ ਬਹੁਤੀ ਉੱਚੀ[30] ਗੋਲੇ[29], ਪ੍ਰਭੂ ਦੀ ਕੀਰਤੀ ਉਚਾਰਨ[28] ਕਰਦੇ ਹਨ, ਉੱਨਾ ਹੀ ਬਹੁਤਾ ਬਦਖ਼ੋਈ[32] ਕਰਨ ਵਾਲੇ ਪੁਰਸ਼[31] ਉਨ੍ਹਾਂ ਨੂੰ ਡੰਗ[33] ਮਾਰਦੇ ਹਨ ।

ਧ੍ਰਿਗੁ[34] ਧ੍ਰਿਗੁ ਨਰ ਨਿੰਦਕ[35] ਜਿਨ ਜਨ[36] ਨਹੀ ਭਾਏ[37] ਹਰਿ ਕੇ ਸਖਾ[38] ਸਖਾਇ[39] ॥

Accursed[34], accursed are the traducers[35], who like[37] not the saints[36], the friends[38] and comrades[39] of God.

ਧ੍ਰਿਕਾਰ[34] ਯੋਗ, ਧ੍ਰਿਕਾਰ ਯੋਗ ਹਨ, ਕਲੰਕ ਲਾਉਣ ਵਾਲੇ[35] ਜਿਨ੍ਹਾਂ ਨੂੰ ਵਾਹਿਗੁਰੂ ਦੇ ਮਿੱਤਰ[38], ਸਾਥੀ[39] ਤੇ ਸਾਧੂ[36] ਚੰਗੇ[37] ਨਹੀਂ ਲਗਦੇ ।

ਸੇ[45] ਹਰਿ ਕੇ ਚੋਰ[40] ਵੇਮੁਖ[41] ਮੁਖ ਕਾਲੇ[42] ਜਿਨ ਗੁਰ ਕੀ ਪੈਜ[43] ਨ ਭਾਇ[44] ॥੪॥

They[45], who like[44] not the Guru's glory[43], are the black-faced[42] and faithless[41] thieves[40] of God.

ਜਿਨ੍ਹਾਂ ਨੂੰ ਗੁਰਾਂ ਦੀ ਪ੍ਰਭਤਾ[43] ਸੁਖਾਉਂਦੀ[44] ਨਹੀਂ, ਉਹ[45] ਸਿਆਹ ਚਿਹਰੇ ਵਾਲੇ[42] ਤੇ ਅਧਰਮੀ[41], ਹਰੀ ਦੇ ਚੋਰ[40] ਹਨ ।

ਦਇਆ[46] ਦਇਆ ਕਰਿ ਰਾਖਹੁ[47] ਹਰਿ ਜੀਉ[48] ਹਮ[49] ਦੀਨ[50] ਤੇਰੀ ਸਰਣਾਇ[51] ॥

Mercifully[46], mercifully save[47] Thou me, O Sire[48] Master. I[49], the meek[50] one, have sought Thine protection[51].

ਮਿਹਰ[46], ਮਿਹਰ ਧਾਰ ਕੇ, ਤੂੰ ਮੇਰੀ ਰੱਖਿਆ[47] ਕਰ, ਹੇ ਮਹਾਰਾਜ[48] ਮਾਲਕ ! ਮੈਂ[49] ਮਸਕੀਨ[50]ਨੇ ਤੇਰੀ ਪਨਾਹ[51] ਲਈ ਹੈ ।

ਹਮ ਬਾਰਿਕ[52] ਤੁਮ ਪਿਤਾ[53] ਪ੍ਰਭ ਮੇਰੇ ਜਨ[54] ਨਾਨਕ ਬਖਸਿ[55] ਮਿਲਾਇ[56] ॥੫॥੨॥

I am Thy child[52] and Thou, O Lord, art my Father[53]. Forgive[55] Thou, Thy serf[54] Nanak and blend[56] him with Thyself.

ਮੈਂ ਤੇਰਾ ਬੱਚਾ[52] ਹਾਂ ਤੇ ਤੂੰ ਹੇ ਸਾਹਿਬ ! ਮੈਂਡਾ ਪਿਤਾ[53] ਹੈਂ । ਤੂੰ ਆਪਣੇ ਨਫ਼ਰ[54] ਨਾਨਕ ਨੂੰ ਮਾਫ ਕਰ ਦੇ[55] ਅਤੇ ਉਸ ਨੂੰ ਆਪਣੇ ਨਾਲ ਅਭੇਦ[56] ਕਰ ਲੈ ।

ਰਾਮਕਲੀ ਮਹਲਾ ੪ ॥

Ramkali 4th Guru.

ਰਾਮਕਲੀ ਚੌਥੀ ਪਾਤਿਸ਼ਾਹੀ ।

ਹਰਿ ਕੇ ਸਖਾ[57] ਸਾਧ ਜਨ[58] ਨੀਕੇ[59] ਤਿਨ[60] ਊਪਰਿ[61] ਹਾਥੁ[62] ਵਤਾਵੈ[63] ॥

Sublime[59] are the saints[58], the friends[57] of God. Over[61] them[60] is the protecting[63] hand[62] of the Lord.

ਸ੍ਰੇਸ਼ਟ[59] ਹਨ, ਵਾਹਿਗੁਰੂ ਦੇ ਮਿੱਤ੍ਰ[57], ਸੰਤ[58] । ਉਨ੍ਹਾਂ[60] ਦੇ ਉਤੇ[61] ਰੱਖਿਆ ਕਰਨ ਵਾਲਾ[63] ਪ੍ਰਭੂ ਦਾ ਹੱਥ[62] ਹੈ ।

ਗੁਰਮੁਖਿ[64] ਸਾਧ ਸੇਈ[65] ਪ੍ਰਭ ਭਾਏ[66] ਕਰਿ ਕਿਰਪਾ[67] ਆਪਿ[68] ਮਿਲਾਵੈ[69] ॥੧॥

The Guru-wards[64] are the saints and they[65] are pleasing[66] to the Lord. Them He mercifully[67] merges[69] with Himself[68].

ਗੁਰੂ ਅਨੁਸਾਰੀ[64] ਹੀ ਸੰਤ ਹਨ ਤੇ ਉਹ[65] ਸੁਆਮੀ ਨੂੰ ਚੰਗੇ ਲਗਦੇ[66] ਹਨ । ਉਨ੍ਹਾਂ ਨੂੰ ਉਹ ਦਇਆ[67] ਧਾਰ ਕੇ ਆਪਣੇ[68] ਨਾਲ ਮਿਲਾ ਲੈਂਦਾ[69] ਹੈ ।

ਰਾਮ ਮੋ ਕਉ ਹਰਿ[70] ਜਨ[71] ਮੇਲਿ ਮਨਿ[72] ਭਾਵੈ[73] ॥

My Lord, my soul[72] longs[73] to meet[71] with the God's slaves[70].

ਮੇਰੇ ਸੁਆਮੀ, ਮੇਰੀ ਜਿੰਦੜੀ[72] ਰੱਬ ਦੇ ਗੋਲਿਆਂ[70] ਨੂੰ ਮਿਲਣ[71] ਨੂੰ ਲੋਚਦੀ[73] ਹੈ ।

ਅਮਿਉ[74] ਅਮਿਉ ਹਰਿ ਰਸੁ[75] ਹੈ ਮੀਠਾ[76] ਮਿਲਿ

Immortalising[74], immortalising, is the Lord's sweet[76] Nectar[75]. Meeting

ਅਮਰ ਕਰ ਦੇਣ ਵਾਲਾ[74], ਅਮਰ ਕਰ ਦੇਣ ਵਾਲਾ ਹੈ ਪ੍ਰਭੂ ਦਾ ਮਿੱਠਾ[76] ਅੰਮ੍ਰਿਤ[75] । ਸਾਧੂਆਂ[77] ਨਾਲ ਮਿਲ ਕੇ,

ਸੰਤ ਜਨਾ[77] ਮੁਖਿ[78] ਪਾਵੈ[79]॥ ੧॥ਰਹਾਉ॥	with the saints[77], man quaffs[79] it with his mouth[78]. Pause.	ਬੰਦਾ ਇਸ ਨੂੰ ਆਪਣੇ ਮੂੰਹ[78] ਨਾਲ ਪਾਨ ਕਰਦਾ[79] ਹੈ। ਠਹਿਰਾਉ।
ਹਰਿ ਕੇ[80] ਲੋਗ ਰਾਮ ਜਨ[81] ਉਤਮ[82] ਮਿਲਿ[83] ਉਤਮ ਪਦਵੀ[84] ਪਾਵੈ ॥	Sublime[82] are the pious persons[81], the men of God[80]. Associating[83] with them, the mortal obtains the sublime status[84].	ਸ੍ਰੇਸ਼ਟ[82] ਹਨ ਰੱਬ ਦੇ ਬੰਦੇ[80], ਪਵਿੱਤਰ ਪੁਰਸ਼[81]। ਉਨ੍ਹਾਂ ਦੀ ਸੰਗਤ[83] ਦੁਆਰਾ ਪ੍ਰਾਣੀ ਸ੍ਰੇਸ਼ਟ ਮਰਤਬੇ[84] ਨੂੰ ਪਾ ਲੈਂਦਾ ਹੈ।
ਹਮ[85] ਹੋਵਤ ਚੇਰੀ[86] ਦਾਸ ਦਾਸਨ ਕੀ ਮੇਰਾ ਠਾਕੁਰੁ[87] ਖੁਸੀ[88] ਕਰਾਵੈ ॥੨॥	I[85] am the hand-maiden of the slaves of the slaves[86] of God and my Lord[87] is pleased[88] with me.	ਮੈਂ[85] ਵਾਹਿਗੁਰੂ ਦੇ ਗੋਲਿਆਂ ਦੇ ਗੋਲਿਆਂ ਦੀ ਦਾਸੀ[86] ਹਾਂ ਅਤੇ ਮੇਰਾ ਸੁਆਮੀ[87] ਮੇਰੇ ਉਤੇ ਪ੍ਰਸੰਨ[88] ਹੈ।
ਸੇਵਕ ਜਨ[89] ਸੇਵਹਿ[90] ਸੇ[91] ਵਡਭਾਗੀ[92] ਰਿਦ[93] ਮਨਿ[94] ਤਨਿ[95] ਪ੍ਰੀਤਿ[96] ਲਗਾਵੈ[97] ॥	The servantman[89] serves[90] his Lord. Very fortunate[92] is he[91], who within his mind[93], heart[94] and body[95], enshrines[97] affection[96] for his Lord.	ਦਾਸ-ਮਨੁੱਖ[89] ਆਪਣੇ ਸੁਆਮੀ ਦੀ ਟਹਿਲ ਕਮਾਉਂਦਾ[90] ਹੈ। ਵਡੇ ਨਸੀਬਾਂ ਵਾਲਾ[92] ਹੈ ਉਹ[91], ਜੋ ਆਪਣੇ ਹਿਰਦੇ[93], ਦਿਲ[94] ਤੇ ਦੇਹ[95] ਅੰਦਰ ਆਪਣੇ ਪ੍ਰਭੂ ਨਾਲ ਪ੍ਰੀਤ[96] ਪਾਉਂਦਾ[97] ਹੈ।
ਬਿਨੁ ਪ੍ਰੀਤੀ[98] ਕਰਹਿ ਬਹੁ[99] ਬਾਤਾ[100] ਕੂੜੁ[2] ਬੋਲਿ[3] ਕੂੜੋ ਫਲੁ[4] ਪਾਵੈ ॥੩॥	He, who without loving[98] the Lord, talks[100] very[99] boastfully; he talks[3] falsehood[2] and reaps the false reward[4].	ਜੋ ਬਿਨਾ ਪ੍ਰਭੂ ਨੂੰ ਪਿਆਰ[98] ਕਰਨ ਦੇ ਸ਼ੇਖੀ ਨਾਲ ਬਹੁਤੀਆਂ[99] ਗੱਲਾਂ ਕਰਦਾ[100] ਹੈ; ਉਹ ਝੂਠ[2] ਬਕਦਾ[3] ਹੈ ਅਤੇ ਝੂਠਾ ਹੀ ਸਿਲਾ[4] ਪਾਉਂਦਾ ਹੈ।
ਮੋ ਕਉ[5] ਧਾਰਿ[6] ਕ੍ਰਿਪਾ[7] ਜਗਾ[8] ਜੀਵਨ[9] ਦਾਤੇ[10] ਹਰਿ ਸੰਤ ਪਗੀ[12] ਲੇ ਪਾਵੈ[13] ॥	O Beneficent[10] Lord, the Life[9] of the World[8], take[6] Thou pity[7] on me[5] and make me fall[13] on the feet[12] of Thy saints.	ਹੇ ਸ੍ਰਿਸ਼ਟੀ[8] ਦੀ ਜਿੰਦ ਜਾਨ[9], ਦਾਤਾਰ[10] ਪ੍ਰਭੂ! ਤੂੰ ਮੇਰੇ[5] ਉਤੇ ਤਰਸ[7] ਕਰ[6] ਅਤੇ ਮੈਨੂੰ ਆਪਣੇ ਸਾਧੂਆਂ ਦੇ ਪੈਰੀਂ[12] ਪਾ ਦੇ[13]।
ਹਉ[14] ਕਾਟਉ ਕਾਟਿ[15] ਬਾਢਿ[16] ਸਿਰੁ[17] ਰਾਖਉ[18] ਜਿਤੁ ਨਾਨਕ ਸੰਤੁ ਚੜਿ ਆਵੈ[19] ॥੪॥੩॥	O Nanak, I[14] cut[15] and sever[16] my head[17] and place[18] it on the path, so that the saint may comfortably walk[19] thereon.	ਮੈਂ[14] ਆਪਣਾ ਸੀਸ[17] ਵੱਢ[15] ਅਤੇ ਵਖਰਾ[16] ਕਰ ਕੇ ਰਸਤੇ ਤੇ ਰਖਦਾ[18] ਹਾਂ, ਤਾਂ ਜੋ ਸਾਧੂ ਜਨ ਆਰਾਮ ਨਾਲ ਉਸ ਉੱਤੇ ਤੁਰਿਆ[19] ਆਵੇ, ਹੇ ਨਾਨਕ!
ਰਾਮਕਲੀ ਮਹਲਾ ੪ ॥	Ramkali 4th Guru.	ਰਾਮਕਲੀ ਚੌਥੀ ਪਾਤਿਸ਼ਾਹੀ।
ਜੇ[20] ਵਡ[21] ਭਾਗ[25] ਹੋਵਹਿ ਵਡ[22] ਮੇਰੇ ਜਨ[23] ਮਿਲਦਿਆ[26] ਢਿਲ[24] ਨ ਲਾਈਐ ॥	If[20] I have very[22] great[21] good destiny[25] I shall meet[26] with the Lord's slave[23] sans delay[24].	ਜੇਕਰ[20] ਮੇਰੀ ਪਰਮ[22] ਸ੍ਰੇਸ਼ਟ[21], ਚੰਗੀ ਪ੍ਰਾਲਬਧ[25] ਹੋਵੇ, ਤਾਂ ਮੈਂ ਬਿਨਾ ਦੇਰੀ[24] ਦੇ ਰੱਬ ਦੇ ਗੋਲੇ[23] ਨੂੰ ਮਿਲ ਪਵਾਂਗਾ[26]।
ਹਰਿ ਜਨ ਅੰਮ੍ਰਿਤ[27] ਕੁੰਟ[28] ਸਰ[29] ਨੀਕੇ[30] ਵਡਭਾਗੀ[31] ਤਿਤੁ[32] ਨਾਵਾਈਐ[33] ॥੧॥	God's slaves are the vat[28] and tank[29] of sublime[30] Nectar[27]. By great good destiny[31] man bathes[33] therein[32].	ਰੱਬ ਦੇ ਗੋਲੇ ਅੰਮ੍ਰਿਤ[27] ਦੇ ਕੁੰਡ[28] ਤੇ ਤਾਲਾਬ[29] ਹਨ। ਭਾਰੇ ਚੰਗੇ[30] ਨਸੀਬਾਂ[31] ਦੁਆਰਾ ਬੰਦਾ ਉਸ ਅੰਦਰ[32] ਇਸ਼ਨਾਨ ਕਰਦਾ[33] ਹੈ।
ਰਾਮ ਮੋ ਕਉ[34] ਹਰਿ ਜਨ	O Lord, apply[36] me[34] to the service[35]	ਹੇ ਸੁਆਮੀ! ਮੈਨੂੰ[34] ਰੱਬ ਦੇ ਗੋਲੇ ਦੀ

ਕਾਰੈ[35] ਲਾਈਐ[36] ॥

of the God's slave.

ਸੇਵਾ[35] ਅੰਦਰ ਜੋੜ[36] ਦੇ ।

ਹਉ ਪਾਣੀ[37] ਪਖਾ[38] ਪੀਸਉ[39] ਸੰਤ ਆਗੈ ਪਗ[40] ਮਲਿ ਮਲਿ[41] ਧੂਰਿ[42] ਮੁਖਿ[43] ਲਾਈਐ[44] ॥੧॥ਰਹਾਉ॥

I draw water[37] for the saints, fan[38] them, grind[39] their corn and rub and shampoo[41] their feet[40] and apply[44] their dust[42] to my face[43]. Pause.

ਮੈਂ ਸੰਤਾਂ ਲਈ ਜਲ[37] ਢੋਂਦਾ ਹਾਂ, ਉਹਨਾਂ ਨੂੰ ਪੱਖੀ[38] ਝੱਲਦਾ ਹਾਂ, ਉਹਨਾਂ ਦੇ ਦਾਣੇ ਪੀਂਹਦਾ[39]ਹਾਂ ਤੇ ਉਹਨਾਂ ਦੇ ਪੈਰਾਂ[40] ਨੂੰ ਮੁੱਠੀ ਚਾਪੀ[41] ਕਰਕੇ ਧੋਂਦਾ ਹਾਂ ਅਤੇ ਉਨ੍ਹਾਂ ਦੀ ਰੇਣ[42] ਆਪਣੇ ਚਿਹਰੇ[43] ਤੇ ਮਲਦਾ[44] ਹਾਂ । ਠਹਿਰਾਉ ।

ਹਰਿ ਜਨ ਵਡੇ[45] ਵਡੇ[46] ਵਡ[47] ਊਚੇ[48] ਜੋ ਸਤਗੁਰ ਮੇਲਿ[49] ਮਿਲਾਈਐ[50] ॥

Very[45] great[46] and very[47] lofty[48] are the God's saints, who make man meet[50] the True Guru's society[49].

ਬਹੁਤ[45] ਵਿਸ਼ਾਲ[46] ਤੇ ਬਹੁਤ[47] ਬੁਲੰਦ[48] ਹਨ ਵਾਹਿਗੁਰੂ ਦੇ ਸਾਧੂ ਜਿਹੜੇ ਬੰਦੇ ਨੂੰ ਸੱਚੇ ਗੁਰਾਂ ਦੀ ਸੰਗਤ[49] ਨਾਲ ਮਿਲਾ ਦਿੰਦੇ[50] ਹਨ ।

ਸਤਗੁਰ ਜੇਵਡੁ[51] ਅਵਰੁ ਨ ਕੋਈ ਮਿਲਿ ਸਤਗੁਰ ਪੁਰਖ[52] ਧਿਆਈਐ[53] ॥੨॥

No one is as great as[51] the True Guru. Meeting with the True Guru, the Lord[52] is meditated upon[53].

ਕੋਈ ਭੀ ਸੱਚੇ ਗੁਰਾਂ ਜਿੱਡਾ ਵੱਡਾ[51] ਨਹੀਂ । ਸੱਚੇ ਗੁਰਾਂ ਨਾਲ ਮਿਲ ਕੇ ਸੁਆਮੀ[52] ਸਿਮਰਿਆ ਜਾਂਦਾ[53] ਹੈ ।

ਸਤਗੁਰ ਸਰਣਿ[54] ਪਰੇ[55] ਤਿਨ[56] ਪਾਇਆ ਮੇਰੇ ਠਾਕੁਰ ਲਾਜ[57] ਰਖਾਈਐ[58]॥

They[56], who seek[55] the True Guru's refuge[54], obtain God and my Lord saves[58] their honour[57].

ਜੋ ਸੱਚੇ ਗੁਰਾਂ ਦੀ ਓਟ[54] ਲੈਂਦੇ[55]ਹਨ, ਉਹ[56] ਵਾਹਿਗੁਰੂ ਨੂੰ ਪਾ ਲੈਂਦੇ ਹਨ, ਮੇਰਾ ਸੁਆਮੀ ਉਨ੍ਹਾਂ ਦੀ ਪਤਿ[57] ਰਖਦਾ[58] ਹੈ ।

ਇਕਿ[65] ਆਪਣੈ ਸੁਆਇ[59] ਆਇ ਬਹਹਿ[60] ਗੁਰ ਆਗੈ[61] ਜਿਉ[62] ਬਗੁਲ[63] ਸਮਾਧਿ[64] ਲਗਾਈਐ ॥੩॥

Some[65] come for their own objects[59] and sit[60] before[61] the Guru in contemplative[64] mood, like[62] the crane[63].

ਕਈ[65] ਆਪਣੇ ਨਿੱਜ ਦੇ ਮਨੋਰਥ[59] ਲਈ ਆਉਂਦੇ ਹਨ ਅਤੇ ਬਗਲੇ[63] ਦੀ ਮਾਨੰਦ[62] ਧਿਆਨ[64] ਅਵਸਥਾ ਅੰਦਰ ਗੁਰਾਂ ਦੇ ਮੂਹਰੇ[61] ਬੈਠ ਜਾਂਦੇ[60] ਹਨ ।

ਬਗੁਲਾ ਕਾਗ[66] ਨੀਚ[67] ਕੀ ਸੰਗਤਿ[68] ਜਾਇ ਕਰੰਗ[69] ਬਿਖੂ[70] ਮੁਖਿ[71] ਲਾਈਐ ॥

Associating[68] with the grovelling[67] like crane and crow[66], man puts his mouth[71] to the poisonous[70] carcass[69].

ਬਗਲੇ ਅਤੇ ਕਾਂ[66] ਵਰਗੇ ਕਮੀਣਿਆਂ[67] ਨਾਲ ਮਿਲ ਕੇ[68], ਇਨਸਾਨ ਜ਼ਹਿਰੀਲੇ[70] ਮੁਰਦਾਰ[69] ਨੂੰ ਜਾ ਮੂੰਹ[71] ਪਾਉਂਦਾ ਹੈ ।

ਨਾਨਕ ਮੇਲਿ[72] ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ[73] ਕਰਾਈਐ ॥੪॥੪॥

My Lord, unite[72], unite me with the saints' society. Meeting with the saints' society I shall become a swan[73].

ਹੇ ਮੇਰੇ ਸੁਆਮੀ, ਮੈਨੂੰ ਸਤਿ ਸੰਗਤ ਨਾਲ ਜੋੜ[72] ਦੇ । ਸਤਿ ਸੰਗਤ ਨਾਲ ਮਿਲ ਕੇ ਮੈਂ ਰਾਜਹੰਸ[73] ਹੋ ਜਾਵਾਂਗਾ ।

੮੮੨

ਰਾਮਕਲੀ ਮਹਲਾ ੪ ॥

Ramkali 4th Guru.

ਰਾਮਕਲੀ ਚੌਥੀ ਪਾਤਿਸ਼ਾਹੀ ।

ਸਤਗੁਰ ਦਇਆ[74] ਕਰਹੁ ਹਰਿ ਮੇਲਹੁ[75] ਮੇਰੇ ਪ੍ਰੀਤਮ[76] ਪ੍ਰਾਣ[77] ਹਰਿ ਰਾਇਆ[78] ॥

My True Guru, mercifully[74] unite[75] me with the Lord. God, the King[78], is the friend[76] of my life-breath[77].

ਮੇਰੇ ਸੱਚੇ ਗੁਰੂ ਜੀ, ਮਿਹਰਬਾਨੀ ਕਰਕੇ[74], ਮੈਨੂੰ ਪ੍ਰਭੂ ਨਾਲ ਮਿਲਾ ਦਿਓ[75] । ਵਾਹਿਗੁਰੂ ਪਾਤਿਸ਼ਾਹ[78], ਮੇਰੀ ਜਿੰਦ ਜਾਨ[77] ਦਾ ਮਿੱਤਰ[76] ਹੈ ।

ਹਮ ਚੇਰੀ[79] ਹੋਇ ਲਗਹ[80] ਗੁਰ ਚਰਣੀ[81] ਜਿਨਿ ਹਰਿ ਪ੍ਰਭ ਮਾਰਗੁ[82] ਪੰਥੁ[83] ਦਿਖਾਇਆ[84] ॥੧॥

Becoming a hand-maid[79], I repair[80] to the feet[81] of the Guru, who has shown[84] to me the path[82] and way[83] to my God Lord.

ਗੋਲੀ[79] ਬਣ ਕੇ ਮੈਂ ਆਪਣੇ ਗੁਰਾਂ ਦੇ ਪੈਰੀਂ[81] ਪੈਂਦੀ[80] ਹਾਂ ਜਿਨ੍ਹਾਂ ਨੇ ਮੈਨੂੰ ਮੇਰੇ ਵਾਹਿਗੁਰੂ ਸੁਆਮੀ ਦਾ ਰਸਤਾ[82] ਅਤੇ ਰਾਹ[83] ਵਿਖਾਲਿਆ[84] ਹੈ ।

ਰਾਮ ਮੈ ਹਰਿ ਹਰਿ ਨਾਮੁ ਮਨਿ ਭਾਇਆ[85] ॥

My Master, the Lord-God's Name is pleasing[85] to my mind.

ਮੇਰੇ ਮਾਲਕ, ਸੁਆਮੀ ਵਾਹਿਗੁਰੂ ਦਾ ਨਾਮ ਮੇਰੇ ਚਿੱਤ ਨੂੰ ਚੰਗਾ ਲਗਦਾ[85] ਹੈ ।

ਮੈ ਹਰਿ ਬਿਨੁ ਅਵਰੁ ਨ ਕੋਈ ਬੇਲੀ[86] ਮੇਰਾ ਪਿਤਾ[87] ਮਾਤਾ[88] ਹਰਿ ਸਖਾਇਆ[89] ॥੧॥ਰਹਾਉ॥

Without God, I have no other friend[86]. The Lord alone is my father[87], mother[88] and accompanier[89]. Pause.

ਵਾਹਿਗੁਰੂ ਦੇ ਬਾਝੋਂ, ਮੇਰਾ ਹੋਰ ਕੋਈ ਮਿੱਤਰ[86] ਨਹੀਂ । ਕੇਵਲ ਪ੍ਰਭੂ ਹੀ ਮੇਰਾ ਬਾਬਲ[87], ਅੰਮੜੀ[88] ਅਤੇ ਸੰਗੀ ਸਾਥੀ[89] ਹੈ । ਠਹਿਰਾਉ ।

ਮੇਰੇ ਇਕੁ ਖਿਨੁ[90] ਪ੍ਰਾਨ[91] ਨ ਰਹਹਿ ਬਿਨੁ ਪ੍ਰੀਤਮ[92] ਬਿਨੁ[95] ਦੇਖੇ ਮਰਹਿ[93] ਮੇਰੀ ਮਾਇਆ[94] ॥

Without my beloved[92], I can live[91] not even for an instant[90]. Sans[95] seeing Him, I die[93], O my mother[94].

ਆਪਣੇ ਪਿਆਰੇ[92] ਦੇ ਬਾਝੋਂ ਮੈਂ ਇੱਕ ਮੁਹਤ[90] ਭਰ ਲਈ ਭੀ ਜੀਉ[91] ਨਹੀਂ ਸਕਦਾ । ਉਸ ਨੂੰ ਵੇਖਣ ਦੇ ਬਗੈਰ[95] ਮੈਂ ਮਰ ਵੰਞਦਾ[93] ਹਾਂ, ਹੇ ਮੇਰੀ ਮਾਤਾ[94] !

ਧਨੁ[96] ਧਨੁ ਵਡ[97] ਭਾਗੁ[98] ਗੁਰ ਸਰਣੀ[99] ਆਏ ਹਰਿ ਗੁਰਿ ਮਿਲਿ ਦਰਸਨੁ[100] ਪਾਇਆ ॥੨॥

Blessed[96] blessed is my great[97] destiny[98], that I have sought the Guru's protection[99] and meeting with the Guru, have seen the Lord's sight[100].

ਮੁਬਾਰਕ[96], ਮੁਬਾਰਕ ਹੈ ਮੇਰੀ ਵਿਸ਼ਾਲ[97] ਪ੍ਰਾਲਭਧ[98] ਕਿ ਮੈਂ ਗੁਰਾਂ ਦੀ ਪਨਾਹ[99] ਲਈ ਹੈ ਅਤੇ ਗੁਰਾਂ ਨਾਲ ਮਿਲ ਕੇ ਸਾਹਿਬ ਦਾ ਦੀਦਾਰ[100] ਵੇਖ ਲਿਆ ਹੈ ।

ਮੈ ਅਵਰੁ[2] ਨ ਕੋਈ ਸੂਝੈ ਬੂਝੈ[3] ਮਨਿ[4] ਹਰਿ ਜਪੁ[5] ਜਪਉ[6] ਜਪਾਇਆ[7] ॥

Within my mind[4], I can think[3] not of any other[2]; so, I utter[6] and repeat[7] the Lord's Name[5] alone.

ਆਪਣੇ ਚਿੱਤ[4] ਅੰਦਰ ਮੈਂ ਹੋਰਸ[2] ਕਿਸੇ ਦਾ ਖਿਆਲ[3] ਹੀ ਨਹੀਂ ਕਰ ਸਕਦਾ । ਇਸ ਲਈ ਮੈਂ ਸਿਰਫ਼ ਸੁਆਮੀ ਦੇ ਨਾਮ[5] ਨੂੰ ਹੀ ਉਚਾਰਦਾ[6] ਅਤੇ ਵਖਾਣਦਾ[7] ਹਾਂ ।

ਨਾਮ ਹੀਣ[8] ਫਿਰਹਿ[9] ਸੇ[10] ਨਕਟੇ[12] ਤਿਨ[13] ਘਸਿ ਘਸਿ[14] ਨਕ ਵਢਾਇਆ[15] ॥੩॥

The shameless ones[12]; They[10] wander about[9] without the Name[8]. Their[13] noses are gratingly[14] shorn off[15].

ਬੇਸ਼ਰਮ ਬੰਦੇ[12] ਨਾਮ ਦੇ ਬਿਨਾ[8] ਭਟਕਦੇ[9] ਫਿਰਦੇ ਹਨ । ਉਨ੍ਹਾਂ[13] ਦੇ ਨੱਕ ਰਗੜ ਰਗੜ[14] ਕੇ ਵੱਢੇ ਜਾਂਦੇ[15] ਹਨ ।

ਮੋ ਕਉ[16] [17]ਜਗਜੀਵਨ[18] ਜੀਵਾਲਿ[19] ਲੈ ਸੁਆਮੀ[20] ਰਿਦ[21] ਅੰਤਰਿ[22] ਨਾਮੁ ਵਸਾਇਆ[23] ॥

O my Master[20], the Life[18] of the World[17], re-animate[19] Thou me[16], that I may enshrine[23] Thy Name in[22] my mind[21].

ਹੇ ਜਗਤ[17] ਦੀ ਜਿੰਦ ਜਾਨ[18], ਮੇਰੇ ਮਾਲਕ[20] ! ਤੂੰ ਮੈਨੂੰ[16] ਸੁਰਜੀਤ ਕਰ ਲੈ[19] ਤਾਂ ਜੋ ਮੈਂ ਤੇਰੇ ਨਾਮ ਨੂੰ ਆਪਣੇ ਹਿਰਦੇ[21] ਅੰਦਰ[22] ਟਿਕਾ ਲਵਾਂ[23] ।

ਨਾਨਕ ਗੁਰੂ[24] ਗੁਰੂ ਹੈ ਪੂਰਾ[25] ਮਿਲਿ ਸਤਿਗੁਰ ਨਾਮੁ ਧਿਆਇਆ[26] ॥੪॥੫॥

O Nanak, perfect[25] is the great[24] Guru. Meeting with the True Guru, contemplate[26] I the Lord's Name.

ਹੇ ਨਾਨਕ ! ਪੂਰਨ[25] ਹਨ ਵੱਡੇ[24] ਗੁਰਦੇਵ ਜੀ । ਸੱਚੇ ਗੁਰਾਂ ਨਾਲ ਮਿਲ ਕੇ ਮੈਂ ਨਾਮ ਦਾ ਆਰਾਧਨ[26] ਕਰਦਾ ਹਾਂ ।

ਰਾਮਕਲੀ ਮਹਲਾ ੪ ॥

Ramkali 4th Guru.

ਰਾਮਕਲੀ ਚੌਥੀ ਪਾਤਿਸ਼ਾਹੀ ।

ਸਤਗੁਰੁ ਦਾਤਾ[27] ਵਡਾ[28] ਵਡ[29] ਪੁਰਖੁ[30] ਹੈ ਜਿਤੁ ਮਿਲਿਐ ਹਰਿ[31]ਉਰ ਧਾਰੇ[32]॥

Very[28] beneficent[27] is the great[29] personality[30] of the True Guru, meeting with whom the Lord is enshrined[32] in the heart[31].

ਵੱਡੀ[28] ਦਾਤਾਰ[27] ਹੈ ਵਿਸ਼ਾਲ[29] ਵਿਅਕਤੀ[30] ਸੱਚੇ ਗੁਰਾਂ ਦੀ, ਜਿਨ੍ਹਾਂ ਨਾਲ ਮਿਲਣ ਦੁਆਰਾ ਸਾਹਿਬ ਦਿਲ[31] ਅੰਦਰ ਟਿਕ ਜਾਂਦਾ[32] ਹੈ ।

ਜੀਅ ਦਾਨੁ[33] ਗੁਰਿ ਪੂਰੈ[34] ਦੀਆ[35] ਹਰਿ ਅੰਮ੍ਰਿਤ[36] ਨਾਮੁ ਸਮਾਰੇ[37] ॥੧॥
ਰਾਮ ਗੁਰਿ ਹਰਿ ਹਰਿ ਨਾਮੁ ਕੰਠਿ[38] ਧਾਰੇ[39] ॥

The Perfect[34] Guru has blessed[35] me with the spiritual life[33] and I now meditate[37] on the ambrosial[36] Name.
O God, the Lord Master, the Guru has established[39] Thy Name in my heart[38].

ਪੂਰਨ[34] ਗੁਰਦੇਵ ਜੀ ਨੇ ਮੈਨੂੰ ਆਤਮਕ ਜ਼ਿੰਦਗੀ[33] ਪ੍ਰਦਾਨ[35] ਕੀਤੀ ਹੈ ਅਤੇ ਮੈਂ ਹੁਣ ਸੁਧਾ-ਅੰਮ੍ਰਿਤ[36]-ਨਾਮ ਦਾ ਸਿਮਰਨ[37] ਕਰਦਾ ਹਾਂ।
ਹੇ ਵਾਹਿਗੁਰੂ, ਸੁਆਮੀ ਮਾਲਕ ! ਗੁਰਾਂ ਨੇ ਤੇਰਾ ਨਾਮ ਮੇਰੇ ਦਿਲ[38] ਅੰਦਰ ਅਸਥਾਪਨ[39] ਕਰ ਦਿੱਤਾ ਹੈ।

ਗੁਰਮੁਖਿ[40] ਕਥਾ[41] ਸੁਣੀ ਮਨਿ[42] ਭਾਈ[43] ਧਨੁ[44] ਧਨੁ ਵਡ[45] ਭਾਗ[46] ਹਮਾਰੇ ॥੧॥ ਰਹਾਉ॥

By Guru's grace[40], I have heard the Divine discourse[41], which has pleased[43] my mind[42]. Blessed[44], blessed is my great[45] good destiny[46]. Pause.

ਗੁਰਾਂ ਦੀ ਦਇਆ[40] ਦੁਆਰਾ ਮੈਂ ਈਸ਼ਵਰੀ ਵਾਰਤਾ[41] ਸ੍ਰਵਣ ਕੀਤੀ ਹੈ ਜਿਸ ਨੇ ਮੇਰੇ ਚਿੱਤ[42] ਨੂੰ ਪ੍ਰਸੰਨ[43] ਕਰ ਦਿੱਤਾ ਹੈ। ਮੁਬਾਰਕ[44], ਮੁਬਾਰਕ ਹੈ ਮੇਰੀ ਪਰਮ[45] ਸ੍ਰੇਸ਼ਟ ਪ੍ਰਾਲਭਧ[46]। ਠਹਿਰਾਉ।

ਕੋਟਿ[47] ਕੋਟਿ[48] ਤੇਤੀਸ[49] ਧਿਆਵਹਿ[50] ਤਾਕਾ[51] ਅੰਤੁ[52] ਨ ਪਾਵਹਿ[53] ਪਾਰੇ[54] ॥

In myriads[47] of ways, the thirtythree[49] millions[48] of gods contemplate[50] the Lord, but His[51] limit[52] and end[54] they can find[53] not.

ਕ੍ਰੋੜਾਂ[47] ਹੀ ਤਰੀਕਿਆਂ ਨਾਲ ਤੇਤੀ[49] ਕ੍ਰੋੜ[48] ਦੇਵਤੇ ਪ੍ਰਭੂ ਦਾ ਸਿਮਰਨ[50] ਕਰਦੇ ਹਨ; ਪ੍ਰੰਤੂ, ਉਹ ਉਸ[51] ਦੇ ਓੜਕ[52] ਅਤੇ ਅਖ਼ੀਰ[54] ਨੂੰ ਲੱਭ[53] ਨਹੀਂ ਸਕਦੇ।

ਹਿਰਦੈ[55] ਕਾਮ[56] ਕਾਮਨੀ[57] ਮਾਗਹਿ[58] ਰਿਧਿ[59] ਮਾਗਹਿ ਹਾਥੁ[60] ਪਸਾਰੇ[61] ॥੨॥

With lust[56] in the mind[55], they beg[58] for the damsel[57] and stretching[61] forth their hand[60], ask for worldly wealth[59].

ਚਿੱਤ[55] ਅੰਦਰ ਕਾਮਚੇਸ਼ਟਾ[56] ਦੇ ਕਾਰਨ ਉਹ ਇਸਤ੍ਰੀ[57] ਦੀ ਖ਼ਾਹਸ਼ ਕਬਦੇ[58] ਹਨ ਅਤੇ ਆਪਣਾ ਹੱਥ[60] ਟ੡[61] ਕੇ ਸੰਸਾਰੀ ਪਦਾਰਥ[59] ਮੰਗਦੇ ਹਨ।

ਹਰਿ ਜਸੁ[62] ਜਪਿ[63] ਜਪੁ[64] ਵਡਾ ਵਡੇਰਾ[65] ਗੁਰਮੁਖਿ[66] ਰਖਉ [68]ਉਰਿਧਾਰੇ[67] ॥

He who utters[63] and repeats[64] God's praise[62], is the highest of the high[65]. So, by Guru's grace[66], I keep the Lord clasped[67] to my heart[68].

ਜੋ ਵਾਹਿਗੁਰੂ ਦੀ ਕੀਰਤੀ[62] ਨੂੰ ਉਚਾਰਦਾ[63] ਅਤੇ ਆਖਦਾ[64] ਹੈ, ਉਹ ਉੱਚਿਆਂ ਦਾ ਪਰਮ ਉੱਚਾ[65] ਹੈ। ਇਸ ਲਈ ਮੈਂ ਗੁਰਾਂ ਦੀ ਦਇਆ[66] ਦੁਆਰਾ ਸਾਂਈਂ ਨੂੰ ਆਪਣੇ ਦਿਲ[68] ਨਾਲ ਲਾਈ ਰਖਦਾ[67] ਹਾਂ।

ਜੇ[69] ਵਡ[70] ਭਾਗ[71] ਹੋਵਹਿ ਤਾ[72] ਜਪੀਐ[73] ਹਰਿ ਭਉ[74] ਜਲੁ[75] ਪਾਰਿ ਉਤਾਰੇ[76] ॥੩॥

If[69] man possesses good[70] destiny[71], then[72] alone remembers[73] he the Lord, who ferries him across[76] the terrible[74] world-ocean[75].

ਜੇਕਰ[69] ਬੰਦੇ ਦੀ ਸ੍ਰੇਸ਼ਟ[70] ਪ੍ਰਾਲਭਧ[71] ਹੋਵੇ, ਕੇਵਲ ਤਦ[72] ਹੀ ਉਹ ਪ੍ਰਭੂ ਦਾ ਆਰਾਧਨ[73] ਕਰਦਾ ਹੈ, ਜੋ ਉਸ ਨੂੰ ਭਿਆਨਕ[74] ਸੰਸਾਰ ਸਮੁੰਦਰ[75] ਤੋਂ ਪਾਰ ਕਰ ਦਿੰਦਾ[76] ਹੈ।

ਹਰਿ[79] ਜਨ[77] ਨਿਕਟਿ[78] ਨਿਕਟਿ ਹਰਿ[80] ਜਨ[81]ਹੈ ਹਰਿ ਰਾਖੈ ਕੰਠਿ[82] ਜਨ[83] ਧਾਰੇ[84]॥

God[79] is near[78] to His saint[77] and the saint[81] is near to his God[80]. The Lord keeps His saint[83] clasped[84] to His bosom[82].

ਵਾਹਿਗੁਰੂ[79] ਆਪਣੇ ਸੰਤ[77] ਦੇ ਨੇੜੇ[78] ਹੈ ਅਤੇ ਸੰਤ[81] ਆਪਣੇ ਵਾਹਿਗੁਰੂ[80] ਦੇ ਨੇੜੇ ਹੈ। ਸੁਆਮੀ ਆਪਣੇ ਭਗਤ[83] ਨੂੰ ਆਪਣੀ ਛਾਤੀ[82] ਨਾਲ ਲਾਈ ਰਖਦਾ[84]ਹੈ।

ਨਾਨਕ ਪਿਤਾ[85] ਮਾਤਾ[86] ਹੈ ਹਰਿ ਪ੍ਰਭੁ ਹਮ[87] ਬਾਰਿਕ[88] ਹਰਿ ਪ੍ਰਤਿਪਾਰੇ[89] ॥੪॥੬॥ ੧੮॥

The Lord God is the Father[85] and Mother[86] of Nanak. God cherishes[89] me[87] like His child[88].

ਸੁਆਮੀ ਵਾਹਿਗੁਰੂ ਨਾਨਕ ਦਾ ਬਾਬਲ[85] ਅਤੇ ਅੰਮੜੀ[86] ਹੈ। ਵਾਹਿਗੁਰੂ ਮੇਰੀ[87], ਆਪਣੇ ਬੱਚੇ[88] ਦੀ ਮਾਨੰਦ, ਪਾਲਣਾ-ਪੋਸਣਾ[89] ਕਰਦਾ ਹੈ।

ਰਾਗੁ ਰਾਮਕਲੀ ਮਹਲਾ ੫ ਘਰੁ ੧	Rag Ramkali 5th Guru	ਰਾਗ ਰਾਮਕਲੀ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One True God. By Guru's grace, He is obtained.	ਵਾਹਿਗੁਰੂ ਕੇਵਲ ਇੱਕ ਤੇ ਸੱਤਿ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਕਿਰਪਾ[90] ਕਰਹੁ[91] ਦੀਨ[92] ਕੇ ਦਾਤੇ[93] ਮੇਰਾ ਗੁਣੁ[94] ਅਵਗਣੁ[95] ਨ ਬੀਚਾਰਹੁ[96] ਕੋਈ[98] ॥	Have[91] mercy[90] on me, O Beneficent[93] to the meek[92] and consider[96] not at all[98] my merits[94] and demerits[95].	ਮੇਰੇ ਉੱਤੇ ਮਿਹਰ[90] ਧਾਰ[91], ਹੇ ਮਸਕੀਨਾਂ[92] ਦੇ ਦਾਤਾਰ[93] ! ਅਤੇ ਮੇਰੀਆਂ ਨੇਕੀਆਂ[94] ਤੇ ਬੱਦੀਆਂ[95] ਵਲ ਉੱਕਾ ਹੀ[98] ਧਿਆਨ[96] ਨਾ ਦੇ ।
ਮਾਟੀ[99] ਕਾ ਕਿਆ[100] ਧੋਪੈ[2] ਸੁਆਮੀ ਮਾਣਸ[3] ਕੀ ਗਤਿ[4] ਏਹੀ[5] ॥੧॥	How[100] can the dust[99] be washed[2] ? Such[5] is the state[4] of the man[3], O my Lord.	ਮਿੱਟੀ[99] ਕਿਸ ਤਰ੍ਹਾਂ[100] ਧੋਤੀ[2] ਜਾ ਸਕਦੀ ਹੈ ? ਐਹੋ ਜੇਹੀ[5] ਹੀ ਹੈ ਦਸ਼ਾ[4] ਇਨਸਾਨ[3] ਦੀ, ਹੇ ਮੇਰੇ ਸਾਹਿਬ !
ਮੇਰੇ ਮਨ[6] ਸਤਿਗੁਰੁ ਸੇਵਿ[7] ਸੁਖੁ[8] ਹੋਈ ॥	O my soul[6], serve[7] thou the True Guru, that thou mayest obtain peace[8].	ਹੇ ਮੇਰੀ ਜਿੰਦੜੀਏ[6] ! ਤੂੰ ਸੱਚੇ ਗੁਰਾਂ ਦੀ ਘਾਲ ਕਮਾ[7] ਤਾਂ ਜੋ ਤੈਨੂੰ ਆਰਾਮ[8] ਪ੍ਰਾਪਤ ਹੋਵੇ ।
ਜੋ[9] ਇਛਹੁ[10] ਸੋਈ[12] ਫਲੁ[13] ਪਾਵਹੁ ਫਿਰਿ[14] ਦੂਖੁ[15] ਨ ਵਿਆਪੈ[16] ਕੋਈ ॥੧॥ ਰਹਾਉ॥	Whatever[9] thou desirest[10], those[12] fruits[13] thou shalt obtain and no calamity[15] shall befall[16] thee again[14]. Pause.	ਜਿਹੜੇ ਭੀ[9] ਤੂੰ ਚਾਹੁੰਦਾ[10] ਹੈਂ, ਉਹੀ[12] ਮੇਵੇ[13] ਤੂੰ ਪਾ ਲਵੇਂਗਾ ਅਤੇ ਤੈਨੂੰ ਮੁੜ ਕੇ[14] ਕੋਈ ਬਿਪਤਾ[15] ਨਹੀਂ ਵਾਪਰੇਗੀ[16] । ਠਹਿਰਾਉ ।
ਕਾਚੇ[17] ਭਾਡੇ[18] ਸਾਜਿ[19] ਨਿਵਾਜੇ[20] ਅੰਤਰਿ[21] ਜੋਤਿ[22] ਸਮਾਈ[23] ॥	God creates[19] and adorns[20] the earthen[17] vessels[18] and within[21] them diffuses[23] His Light[22].	ਵਾਹਿਗੁਰੂ ਮਿੱਟੀ[17] ਦਿਆਂ ਬਰਤਨਾ[18] ਨੂੰ ਰੱਚਦਾ[19] ਤੇ ਸ਼ਿੰਗਾਰਦਾ[20] ਹੈ ਅਤੇ ਉਨ੍ਹਾਂ ਦੇ ਅੰਦਰ[21] ਆਪਣਾ ਪ੍ਰਕਾਸ਼[22] ਭਰਦਾ[23] ਹੈ ।
੮੮੩		
ਜੈਸਾ[24] ਲਿਖਤੁ[25] ਲਿਖਿਆ[26] ਧੁਰਿ[27] ਕਰਤੈ[28]ਹਮ[29] ਤੈਸੀ[30] ਕਿਰਤ[31] ਕਮਾਈ[32] ॥੨॥	As[24] is the pre[27]-destined[26] writ[25] of the Creator[28], so[30] are the deeds[31] we[29] do[32].	ਜੇਹੋ ਜੇਹੀ[24] ਸਿਰਜਣਹਾਰ[28] ਦੀ ਮੁੱਢ[27] ਦੀ ਲਿਖੀ[26] ਹੋਈ ਲਿਖਤਾਕਾਰ[25] ਹੈ, ਉਹੋ ਜੇਹੇ[30] ਹੀ ਕਰਮ[31] ਅਸੀ[29] ਕਰਦੇ[32] ਹਾਂ ।
ਮਨੁ[33] ਤਨੁ[34] ਥਾਪਿ ਕੀਆ[35] ਸਭੁ[36] ਅਪਨਾ[37] ਏਹੋ ਆਵਣ ਜਾਣਾ[38] ॥	Man deems[35] his soul[33] and body[34] to be all[36] his own[37] and this is the cause of his coming and going[38].	ਬੰਦਾ ਆਪਣੀ ਆਤਮਾ[33] ਤੇ ਦੇਹ[34]ਨੂੰ ਸਮੂਹ[36] ਆਪਣੀਆਂ ਨਿੱਜ ਦੀਆਂ[37] ਜਾਣਦਾ[35] ਹੈ ਅਤੇ ਇਹ ਹੀ ਹੈ ਉਸ ਦੇ ਆਉਣ (ਜਨਮ) ਅਤੇ ਜਾਣ (ਮਰਨ) ਦਾ[38] ਕਾਰਨ ।
ਜਿਨਿ ਦੀਆ[39] ਸੋ[40] ਚਿਤਿ[41] ਨ ਆਵੈ ਮੋਹਿ[42] ਅੰਧੁ[43] ਲਪਟਾਣਾ[44] ॥੩॥	He, who has blessed[39] him with these; Him[40] he remembers[41] not. The blind man[43] is entangled[44] in their love[42].	ਜਿਸ ਨੇ ਉਸ ਨੂੰ ਇਹ ਸ਼ੈਆਂ ਬਖਸ਼ੀਆਂ[39] ਹਨ; ਉਸ ਨੂੰ[40] ਉਹ ਯਾਦ[41] ਨਹੀਂ ਕਰਦਾ । ਅੰਨ੍ਹਾ ਇਨਸਾਨ[43] ਉਨ੍ਹਾਂ ਦੀ ਮੁਹੱਬਤ[42] ਅੰਦਰ ਫੱਸਿਆ ਹੋਇਆ[44] ਹੈ ।
ਜਿਨਿ ਕੀਆ[45] ਸੋਈ[46] ਪ੍ਰਭੁ	He who realises[47] that[46] Lord, who	ਜੋ ਉਸ[46] ਸੁਆਮੀ ਨੂੰ ਅਨੁਭਵ ਕਰਦਾ[47] ਹੈ, ਜਿਸ ਨੇ

ਜਾਣੈ[47] ਹਰਿ ਕਾ ਮਹਲੁ[48] ਅਪਾਰਾ[49] ॥

made[45] him, reaches the Lord's peerless[49] palace[48].

ਉਸ ਨੂੰ ਰਚਿਆ[45] ਹੈ, ਉਹ ਸੁਆਮੀ ਦੇ ਲਾਸਾਨੀ[49] ਮੰਦਰ[48] ਨੂੰ ਅੱਪੜ ਜਾਂਦਾ ਹੈ ।

ਭਗਤਿ[50] ਕਰੀ ਹਰਿ ਕੇ ਗੁਣ[51] ਗਾਵਾ[52] ਨਾਨਕ ਦਾਸੁ[53] ਤੁਮਾਰਾ ॥੪॥੧॥

O Lord ! Nanak, Thy slave[53] meditates[50] on Thee and hymns[52] Thine praise[51].

ਹੇ ਸਾਹਿਬ ! ਤੇਰਾ ਗੋਲਾ[53], ਨਾਨਕ, ਤੇਰਾ ਸਿਮਰਨ[50] ਕਰਦਾ ਹੈ ਅਤੇ ਤੇਰੀ ਕੀਰਤੀ[51] ਆਲਾਪਦਾ[52] ਹੈ ।

ਰਾਮਕਲੀ ਮਹਲਾ ੫ ॥

Ramkali 5th Guru.

ਰਾਮਕਲੀ ਪੰਜਵੀਂ ਪਾਤਿਸ਼ਾਹੀ ।

ਪਵਹੁ[54] ਚਰਣਾ[55] ਤਲਿ[56] ਉਪਰਿ[57] ਆਵਹੁ ਐਸੀ[58] ਸੇਵ[59] ਕਮਾਵਹੁ ॥

Lie[54] thou down beneath[56] the feet[55] that thou mayest rise up[57]. Thus[58] serve[59] thou thy Lord.

ਤੂੰ ਪੈਰਾਂ[55] ਦੇ ਹੇਠਾਂ[56] ਢਹਿ ਪਉ[54] ਤਾਂ ਜੋ ਤੂੰ ਉੱਪਰ ਆ ਸਕੇਂ[57] । ਐਹੋ ਜੇਹੀ[58] ਘਾਲ[59] ਤੂੰ ਆਪਣੇ ਸਾਹਿਬ ਦੀ ਕਮਾ ।

ਆਪਸ ਤੇ ਉਪਰਿ[60] ਸਭ ਜਾਣਹੁ[61] ਤਉ[62] ਦਰਗਹ[63] ਸੁਖੁ[64] ਪਾਵਹੁ ॥੧॥

Deem[61] thou all the men above[60] thee, then[62] shalt thou obtain peace[64] in the Lord's court[63].

ਤੂੰ ਸਾਰਿਆਂ ਜਣਿਆਂ ਨੂੰ ਆਪਣੇ ਨਾਲੋਂ ਉੱਚੇ[60] ਸਮਝ[61], ਤਦ[62] ਹੀ ਤੂੰ ਪ੍ਰਭੂ ਦੇ ਦਰਬਾਰ[63] ਅੰਦਰ ਆਰਾਮ[64] ਪਾਵੇਂਗਾ ।

ਸੰਤਹੁ ਐਸੀ[65] ਕਥਹੁ[66] ਕਹਾਣੀ[67] ॥ ਸੁਰ[68] ਪਵਿਤ੍ਰ[69] ਨਰ[70] ਦੇਵ ਪਵਿਤ੍ਰਾ[71] ਖਿਨੁ[72] ਬੋਲਹੁ[73] ਗੁਰਮੁਖਿ[74] ਬਾਣੀ[75] ॥੧॥ਰਹਾਉ॥

O saints, recite[66] to me such[65] gospel[67] of God and the word[75] of the Supreme Guru[74], uttering[73] which, even for an instant[72], the gods[68] are rendered immaculate[69] and thy godly-men[70] pure[71]. Pause.

ਹੇ ਸੰਤ ਜਨੋ, ਮੈਨੂੰ ਐਹੋ ਜੇਹੀ[65] ਵਾਹਿਗੁਰੂ ਦੀ ਵਾਰਤਾ[67] ਅਤੇ ਮੁਖੀ ਗੁਰਾਂ[74] ਦੀ ਬਾਣੀ[75] ਸੁਣਾਓ[66], ਜਿਸ ਦਾ ਇਕ ਮੁਹਤ[72] ਭਰ ਉਚਾਰਨ[73] ਕਰਨ ਦੁਆਰਾ, ਦੇਵਤੇ[68] ਪਾਵਨ[69] ਅਤੇ ਦੈਵੀ ਮਨੁਸ਼[70] ਪੁਨੀਤ[71] ਹੋ ਗਏ ਹਨ । ਠਹਿਰਾਉ !

ਪਰਪੰਚੁ[76] ਛੋਡਿ[77] ਸਹਜ[78] ਘਰਿ[79] ਬੈਸਹੁ[80] ਝੂਠਾ[81] ਕਹਹੁ[82] ਨ ਕੋਈ ॥

Shed[77] thy fraud[76], abide[80] in the Lord's[78] palace[79] and call[82] no one false[81].

ਆਪਣੇ ਵਲੋਂ ਛਲ[76] ਨੂੰ ਤਿਆਗ ਦੇ[77], ਮਾਲਕ[78] ਦੇ ਮੰਦਰ[79] ਅੰਦਰ ਵੱਸ[80] ਅਤੇ ਕਿਸੇ ਨੂੰ ਭੀ ਕੂੜਾ[81] ਨਾ ਆਖ[82] ।

ਸਤਿਗੁਰ ਮਿਲਹੁ ਨਵੈ[83] ਨਿਧਿ[84] ਪਾਵਹੁ[88] ਇਨ ਬਿਧਿ[85] ਤਤੁ[86] ਬਿਲੋਈ[87] ॥੨॥

Meet with the True Guru and be blessed[88] with the nine[83] treasures[84]. In this way[85] shalt thou find out[87] the Reality[86].

ਸੱਚੇ ਗੁਰਾਂ ਨਾਲ ਮਿਲ ਅਤੇ ਨੌਵਾਂ[83] ਖ਼ਜ਼ਾਨਿਆਂ[84] ਨੂੰ ਪ੍ਰਾਪਤ[88] ਕਰ । ਇਸ ਤਰੀਕੇ[85] ਨਾਲ ਤੂੰ ਅਸਲੀਅਤ[86] ਨੂੰ ਲੱਭ ਲਵੇਂਗਾ[87] ।

ਭਰਮੁ[89] ਚੁਕਾਵਹੁ[90] ਗੁਰਮੁਖਿ[91] ਲਿਵ[92] ਲਾਵਹੁ[93] ਆਤਮੁ[94] ਚੀਨਹੁ[95] ਭਾਈ[96] ॥

O brother[96], through the Guru's grace[91], still[90] thy doubt[89], enshrine[93] love[92] for the Lord and understand[95] thy ownself[94].

ਹੇ ਵੀਰ[96] ! ਗੁਰਾਂ ਦੀ ਦਇਆ[91] ਦੁਆਰਾ, ਆਪਣੇ ਸੰਦੇਹ[89] ਨੂੰ ਛੱਡ[90], ਪ੍ਰਭੂ ਨਾਲ ਪ੍ਰੀਤ[92] ਪਾ[93] ਅਤੇ ਆਪਣੇ ਆਪ[94] ਨੂੰ ਸਮਝ[95] ।

ਨਿਕਟਿ[97] ਕਰਿ ਜਾਣਹੁ[98] ਸਦਾ[99] ਪ੍ਰਭੁ ਹਾਜਰੁ[100] ਕਿਸੁ ਸਿਉ[3] ਕਰਹੁ ਬੁਰਾਈ[2] ॥੩॥

The Lord is ever[99] present[100]. Deem[98] thou Him near[97] at hand. Why doest thou ill[2] to[3] any one ?

ਸੁਆਮੀ ਸਦੀਵ[99] ਹੀ ਹਾਜ਼ਰ ਨਾਜ਼ਰ[100] ਹੈ । ਤੂੰ ਉਸ ਨੂੰ ਐਨ ਨੇੜੇ[97] ਹੀ ਸਮਝ[98] । ਤੂੰ ਕਿਸੇ ਨਾਲ[3] ਕਿਉਂ ਬਦੀ[2] ਕਰਦਾ ਹੈਂ ?

ਸਤਿਗੁਰਿ ਮਿਲਿਐ ਮਾਰਗੁ[4]

Meeting with the True Guru, thy

ਸੱਚੇ ਗੁਰਾਂ ਨਾਲ ਮਿਲਣ ਦੁਆਰਾ ਤੇਰਾ ਰਸਤਾ[4]

ਮੁਕਤਾ[5] ਸਹਜੇ[6] ਮਿਲੇ ਸੁਆਮੀ ॥

path[4] shall become wide[5] and thou shalt easily[6] meet thy Lord.

ਧਨੁ[7] ਧਨੁ ਸੇ[8] ਜਨ[9] ਜਿਨੀ ਕਲਿ[10] ਮਹਿ[12] ਹਰਿ ਪਾਇਆ ਜਨ[13] ਨਾਨਕ ਸਦ[14] ਕੁਰਬਾਨੀ[15]॥੪॥੨॥

Blessed[7], blessed are the[8] persons[9], who attain to their God in[12] the Darkage[10]. Slave[13] Nanak is ever[14] a sacrifice[15] unto them.

ਰਾਮਕਲੀ ਮਹਲਾ ੫ ॥

Ramkali 5th Guru.

ਆਵਤ[16] ਹਰਖ[17] ਨ ਜਾਵਤ[18] ਦੂਖਾ[19] ਨਹ ਬਿਆਪੈ[20] ਮਨ[21] ਰੋਗਨੀ[22]॥ ਸਦਾ[23] ਅਨੰਦੁ[24] ਗੁਰੁ ਪੂਰਾ[25] ਪਾਇਆ ਤਉ[26] ਉਤਰੀ[27] ਸਗਲ[28] ਬਿਓਗਨੀ[29] ॥੧॥

Neither coming[16] of wealth pleases[17], nor its going[18] pains[19] me and this malady[22] clings[20] not to my soul[21]. Obtaining the Perfect[25] Guru, I am ever[23] in bliss[24] and so[26] my separation[29] from the Lord is all[28] ended[27].

ਇਹ ਬਿਧਿ[30] ਹੈ ਮਨੁ[31] ਜੋਗਨੀ[32] ॥ ਮੋਹ[33] ਸੋਗੁ[34] ਰੋਗੁ[35] ਲੋਗੁ ਨ[36] ਬਿਆਪੈ[37] ਤਹ[38] ਹਰਿ ਹਰਿ ਹਰਿ[39] ਰਸ[40] ਭੋਗਨੀ[41] ॥੧॥ਰਹਾਉ॥

In this way[30], I have united[32] my mind[31] with the Lord. Worldly love[33], sorrow[34], ailment[35] and public opinion[36] affect[37] me not and then[38]alone enjoy[41]I the Nectar[40] of the Lord Master[39] God. Pause.

ਸੁਰਗ[42] ਪਵਿਤ੍ਰਾ[43] ਮਿਰਤ[44] ਪਵਿਤ੍ਰਾ ਪਇਆਲ[45] ਪਵਿਤ੍ਰ ਅਲੋਗਨੀ[46] ॥

I remain apart[46] from people and am immaculate[43] in heaven[42], immaculate in this world[44] and immaculate in the nether[45] one.

ਆਗਿਆਕਾਰੀ[47] ਸਦਾ[48] ਸੁਖੁ ਭੁੰਚੈ[49] ਜਤ ਕਤ[50] ਪੇਖਉ[51] ਹਰਿ ਗੁਨੀ[52] ॥੨॥ ਨਹ ਸਿਵ[53] ਸਕਤੀ[54] ਜਲੁ[55] ਨਹੀ ਪਵਨਾ[56]ਤਹ[57]ਅਕਾਰੁ[58] ਨਹੀ ਮੇਦਨੀ[59] ॥ ਸਤਿਗੁਰ ਜੋਗ[60] ਕਾ ਤਹਾ[61] ਨਿਵਾਸਾ[62] ਜਹ[63] ਅਵਿਗਤ[64] ਨਾਥੁ[65] ਅਗਮ[66] ਧਨੀ[67] ॥੩॥

I am obedient[47] to the Lord, ever[48] enjoy[42] peace and see[51] the meritorious Lord[52] everywhere[50]. No sensitiveness[53], no stupefaction[54], no water[55], no wind[56], no form[58] and no world[59] is there[57], where[61] the True Guru, united[60] with God and where[63] the Imperishable[64] Lord[65] and the Unapproachable[66] Master[67] abide[62].

ਤਨੁ[68] ਮਨੁ[69] ਹਰਿ ਕਾ ਧਨੁ[70] ਸਭੁ ਹਰਿ ਕਾ ਹਰਿ

My body[68] and soul[69] belong to God

ਮੋਕਲਾ[5] ਹੋ ਜਾਵੇਗਾ ਅਤੇ ਸੁਖੈਨ[6] ਹੀ ਤੂੰ ਆਪਣੇ ਸਾਹਿਬ ਨੂੰ ਮਿਲ ਪਵੇਂਗਾ ।

ਸੁਲੱਖਣੇ[7], ਸੁਲੱਖਣੇ ਹਨ ਉਹ[8] ਪੁਰਸ਼[9] ਜੋ ਕਲਜੁੱਗ[10] ਅੰਦਰ[12] ਆਪਣੇ ਵਾਹਿਗੁਰੂ ਨੂੰ ਪਾ ਲੈਂਦੇ ਹਨ । ਗੋਲਾ[13] ਨਾਨਕ ਹਮੇਸ਼ਾ[14] ਹੀ ਉਨ੍ਹਾਂ ਉੱਤੋਂ ਘੋਲੀ ਵੰਞਦਾ[15] ਹੈ ।

ਰਾਮਕਲੀ ਪੰਜਵੀਂ ਪਾਤਿਸ਼ਾਹੀ ।

ਨਾ ਧਨ ਦਾ ਆਉਣਾ[16] ਮੈਨੂੰ ਖੁਸ਼ੀ ਕਰਦਾ[17] ਹੈ, ਨਾ ਹੀ ਇਸ ਦਾ ਜਾਣਾ[18] ਦੁਖੀ[19]; ਮੇਰੀ ਆਤਮਾ[21] ਨੂੰ ਇਹ ਬੀਮਾਰੀ[22] ਨਹੀਂ ਚਿਮੜਦੀ[20] ।

ਪੂਰਨ[25] ਗੁਰਾਂ ਨੂੰ ਪ੍ਰਾਪਤ ਕਰਕੇ ਮੈਂ ਸਦੀਵ[23] ਹੀ ਪ੍ਰਸੰਨਤਾ[24] ਅੰਦਰ ਵਸਦਾ ਹਾਂ ਅਤੇ ਇਸ ਲਈ[26] ਮੇਰਾ ਸੁਆਮੀ ਨਾਲੋਂ ਵਿਛੋੜਾ[29] ਪੂਰਨ[28] ਤੌਰ ਤੇ ਮੁੱਕ ਗਿਆ[27] ਹੈ ।

ਇਸ ਰੀਤੀ[30] ਨਾਲ ਮੈਂ ਆਪਣੇ ਮਨ[31] ਨੂੰ ਪ੍ਰਭੂ ਨਾਲ ਜੋੜਿਆ[32] ਹੈ ।

ਸੰਸਾਰੀ ਮਮਤਾ[33], ਅਫ਼ਸੋਸ[34], ਜ਼ਹਿਮਤ[35] ਅਤੇ ਲੋਕ-ਲੋਜਿਆ[36] ਮੇਰੇ ਤੇ ਅਸਰਾ[37] ਨਹੀਂ ਕਰਦੇ ਅਤੇ ਐਸੀ ਦਸ਼ਾ ਵਿੱਚ[38] ਮੈਂ ਸੁਆਮੀ ਮਾਲਕ[39] ਵਾਹਿਗੁਰੂ ਦੇ ਅੰਮ੍ਰਿਤ[40] ਨੂੰ ਮਾਣਦਾ[41] ਹਾਂ । ਠਹਿਰਾਉ ।

ਮੈਂ ਲੋਕਾਂ ਨਾਲੋਂ ਅਲੱਗ-ਥਲੱਗ[46] ਰਹਿੰਦਾ ਹਾਂ ਅਤੇ ਪੁਨੀਤ[43] (ਪਵਿੱਤ੍ਰ) ਹਾਂ ਮੈਂ ਬਹਿਸ਼ਤ[42] ਵਿਚ, ਪੁਨੀਤ ਮਾਤਲੋਕ[44] ਵਿਚ ਅਤੇ ਪੁਨੀਤ ਹੀ ਹੇਠਲੇ ਲੋਕ[45] ਵਿੱਚ ।

ਮੈਂ ਸੁਆਮੀ ਦਾ ਫ਼ਰਮਾਬਰਦਾਰ[47] ਹਾਂ, ਹਮੇਸ਼ਾ[48] ਅਨੰਦ ਮਾਣਦਾ[49] ਹਾਂ ਅਤੇ ਹਰ ਥਾਂ[50] ਗੁਣਾਂ ਵਾਲੇ ਸਾਂਈਂ[52] ਨੂੰ ਵੇਖਦਾ[51] ਹਾਂ ।

ਨਾ ਚੇਤਨਤਾ[53], ਨਾ ਜੜ੍ਹਤਾ[54], ਨਾ ਪਾਣੀ[55], ਨਾ ਹਵਾ[56], ਨਾ ਸਰੂਪ[58] ਅਤੇ ਨਾ ਹੀ ਸੰਸਾਰ[59] ਹੈ ਓਥੇ[57], ਜਿੱਥੇ[61] ਵਾਹਿਗੁਰੂ ਨਾਲ ਜੁੜੇ ਹੋਏ[60] ਸੱਚੇ ਗੁਰੂ ਅਤੇ ਜਿੱਥੇ[63] ਅਬਿਨਾਸੀ[64] ਸੁਆਮੀ[65] ਅਤੇ ਪਹੁੰਚ ਤੋਂ ਪਰੇ[66] ਮਾਲਕ[67] ਵੱਸਦੇ[62] ਹਨ ।

ਮੇਰੀ ਦੇਹ[68] ਤੇ ਆਤਮਾ[69] ਵਾਹਿਗੁਰੂ ਦੀ ਮਲਕੀਅਤ

ਕੇ ਗੁਣ[71] ਹਉ ਕਿਆ[72] ਗਨੀ[73] ॥	and so belongs to God all my riches[70]. What[72] merits[71] of the Lord can count[73] I ?	ਹਨ ਅਤੇ ਏਸ ਤਰ੍ਹਾਂ ਹੀ ਮੇਰੀ ਸਾਰੀ ਦੌਲਤ[70] ਭੀ ਵਾਹਿਗੁਰੂ ਦੀ ਹੀ ਮਲਕੀਅਤ ਹੈ। ਮੈਂ ਪ੍ਰਭੂ ਦੀਆਂ ਕਿਹੜੀਆਂ ਕਿਹੜੀਆਂ[72] ਖ਼ੂਬੀਆਂ[71] ਗਿਣ ਸਕਦਾ[70] ਹਾਂ ?
ਕਹੁ ਨਾਨਕ ਹਮ ਤੁਮ[74] ਗੁਰਿ ਖੋਈ[75] ਹੈ ਅੰਤੈ[76] ਅੰਬੁ ਮਿਲੋਗਨੀ[77] ॥੪॥੩॥	Says Nanak, the Guru has obliterated[75] my myness and thyness[74], and like water[76] with water, I am now blended[77] with God.	ਗੁਰੂ ਜੀ ਆਖਦੇ ਹਨ, ਗੁਰਾਂ ਨੇ ਮੇਰੀ ਮੇਰ ਤੇਰ[74] ਗੁਆ ਦਿੱਤੀ[75] ਹੈ ਤੇ ਪਾਣੀ[76] ਨਾਲ ਪਾਣੀ ਮਿਲਣ ਦੀ ਤਰ੍ਹਾਂ, ਮੈਂ ਹਰੀ ਨਾਲ ਮਿਲ ਗਿਆ[77] ਹਾਂ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ।
ਤ੍ਰੈ[78] ਗੁਣ[79] ਰਹਤ ਰਹੈ[80] ਨਿਰਾਰੀ[81] ਸਾਧਿਕ[82] ਸਿਧ[83] ਨ ਜਾਨੈ[84] ॥	The Name commodity remains[80] apart[81] from the three[78] qualities[79]. Its worth the strivers[82] and adepts[83] know[84] not.	ਨਾਮ ਵਸਤੂ ਤਿੰਨਾਂ[78] ਲੱਛਣਾਂ[79] (ਰਜੋ, ਸਤੋ, ਤਮੋ) ਤੋਂ ਨਿਵੇਕਲੀ[81] ਰਹਿੰਦੀ[80] ਹੈ। ਇਸ ਦੀ ਕੀਮਤ ਨੂੰ ਅਭਿਆਸੀ[82] ਅਤੇ ਪੂਰਨ ਪੁਰਸ਼[83] ਨਹੀਂ ਜਾਣਦੇ[84]।
ਰਤਨ[85] ਕੋਠੜੀ[86] ਅੰਮ੍ਰਿਤ[87] ਸੰਪੂਰਨ[88] ਸਤਿਗੁਰ ਕੈ ਖਜਾਨੈ[89] ॥੧॥	In the True Guru's treasury[89] is the cabin[86] of jewels[85], brimful[88] with the Name-Nectar[87].	ਗੁਰਾਂ ਦੇ ਖ਼ਜ਼ਾਨੇ[89] ਵਿੱਚ ਨਾਮ-ਅੰਮ੍ਰਿਤ[87] ਨਾਲ ਪਰੀ-ਪੂਰਨ[88] ਇੱਕ ਨਾਮ-ਰਤਨਾਂ[85] ਦੀ ਕੁੱਟੀਆ[86] ਹੈ।
ਅਚਰਜੁ[90] ਕਿਛੁ[91] ਕਹਣੁ[92] ਨ ਜਾਈ ॥	Wondrous[90] is this commodity, which cannot at all[91] be described[92].	ਅਸਚਰਜ[90] ਹੈ ਇਹ ਵਸਤੂ, ਜੋ ਉੱਕੀ ਹੀ[91] ਵਰਣਨ ਕੀਤੀ[92] ਨਹੀਂ ਜਾ ਸਕਦੀ।
ਬਸਤੁ[93] ਅਗੋਚਰ[94] ਭਾਈ[95]॥ ੧॥ਰਹਾਉ॥	It is an incomprehensible[94] commodity[83], O brother[95]. Pause.	ਇਹ ਇੱਕ ਅਗਾਧ[94] ਵਸਤੂ[93] ਹੈ, ਹੇ ਵੀਰ[95] ! ਠਹਿਰਾਉ।
ਮੋਲੁ ਨਾਹੀ[96] ਕਛੁ[97] ਕਰਣੈ[98] ਜੋਗਾ ਕਿਆ[99] ਕੋ[100] ਕਹੈ[2] ਸੁਣਾਵੈ[3] ॥	Its price[96] cannot at all[97]be assessed[98]. What[99] can anyone[100] say[2] and utter[3] ?	ਇਸ ਦਾ ਮੁੱਲ[96] ਮੂਲੋਂ ਹੀ[97] ਨਹੀਂ ਪਾਇਆ[38] ਜਾ ਸਕਦਾ। ਕੋਈ ਵਿਰਲਾ[100] ਕੀ[99] ਆਖ[2] ਤੇ ਉਚਾਰ[3] ਸਕਦਾ ਹੈ ?
ਕਥਨ[4] ਕਹਣ[5] ਕਉ ਸੋਝੀ[6] ਨਾਹੀ ਜੋ[7] ਪੇਖੈ[8] ਤਿਸੁ[9] ਬਣਿ ਆਵੈ[10] ॥੨॥	By narrating[4] and describing[5], one can understand[6] it not. He[9], who[7] sees[8], realises it[10].	ਵਰਣਨ[4] ਤੇ ਬਿਆਨ ਕਰਨ ਦੁਆਰਾ[5], ਇਨਸਾਨ ਇਸ ਨੂੰ ਸਮਝ[6] ਨਹੀਂ ਸਕਦਾ। ਜਿਹੜਾ[7] ਵੇਖਦਾ[8] (ਮਾਣਦਾ) ਹੈ, ਉਹ[9] ਹੀ ਇਸ ਨੂੰ ਅਨੁਭਵ ਕਰਦਾ[10] ਹੈ।
ਸੋਈ[12] ਜਾਣੈ ਕਰਣੈਹਾਰਾ[13] ਕੀਤਾ[14] ਕਿਆ[15] ਬੇਚਾਰਾ[16]॥	He[12], the Creator[13], alone knows its worth. What[15] can the poor[16] creature[14] know ?	ਕੇਵਲ ਉਹ[12] ਸਿਰਜਣਹਾਰ[13] ਹੀ ਇਸ ਦੀ ਕੀਮਤ ਨੂੰ ਜਾਣਦਾ ਹੈ। ਰਚਿਆ ਹੋਇਆ[14] ਗ਼ਰੀਬ[16] ਜੀਵ ਕੀ[15] ਜਾਣ ਸਕਦਾ ਹੈ ?
ਆਪਣੀ ਗਤਿ[17] ਮਿਤਿ[18] ਆਪੇ ਜਾਣੈ ਹਰਿ ਆਪੇ[19] ਪੂਰ[20] ਭੰਡਾਰਾ[21] ॥੩॥	His condition[17] and measure[18] He Himself knows. God Himself[19] is the brimful[20] treasure[21].	ਆਪਣੀ ਅਵਸਥਾ[17] ਤੇ ਅੰਦਾਜ਼ੇ[18] ਨੂੰ ਉਹ ਆਪ ਹੀ ਜਾਣਦਾ ਹੈ। ਵਾਹਿਗੁਰੂ ਆਪੇ[19] ਹੀ ਪਰੀਪੂਰਨ[20] ਖ਼ਜ਼ਾਨਾ[21] ਹੈ।
੮੮੪		
ਐਸਾ[22] ਰਸੁ[23] ਅੰਮ੍ਰਿਤੁ[24] ਮਨਿ[25] ਚਾਖਿਆ[26] ਤ੍ਰਿਪਤਿ[27] ਰਹੇ ਆਘਾਈ[28] ॥	Quaffing[26] such[22] immortalising[32] Name-Nectar[24], my soul[25] remains sated[27] and satiated[28].	ਐਹੋ ਜੇਹੇ[22] ਸੁਰਜੀਤ ਕਰਨ ਵਾਲੇ[23] ਨਾਮ ਦੇ ਆਬਿ-ਹਿਯਾਤ[24] ਨੂੰ ਪਾਨ ਕਰਕੇ[26], ਮੇਰੀ ਜਿੰਦੜੀ[25] ਰੱਜੀ[27] ਪੁੱਜੀ ਰਹਿੰਦੀ[28] ਹੈ।

ਕਹੁ ਨਾਨਕ ਮੇਰੀ ਆਸਾ[29] ਪੂਰੀ[30] ਸਤਿਗੁਰ ਕੀ ਸਰਣਾਈ[31] ॥੪॥੪॥	Says Nanak, seeking the True Guru's protection[31], my desire[29] is fulfilled[30].	ਗੁਰੂ ਜੀ ਫ਼ੁਰਮਾਉਂਦੇ ਹਨ, ਸੱਚੇ ਗੁਰਾਂ ਦੀ ਪਨਾਹ[31] ਲੈਣ ਦੁਆਰਾ ਮੇਰੀ ਖ਼ਾਹਿਸ਼[29] ਪੂਰਨ ਹੋ ਗਈ[30] ਹੈ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ।
ਅੰਗੀਕਾਰੁ[32] ਕੀਆ ਪ੍ਰਭਿ ਅਪਨੈ ਬੈਰੀ[33]ਸਗਲੇ ਸਾਧੇ[34]॥	My Lord has owned[32] me and I have suppressed[34] all my adversaries[33].	ਮੇਰੇ ਸੁਆਮੀ ਨੇ ਮੈਨੂੰ ਅਪਣਾਅ ਲਿਆ[32] ਹੈ ਅਤੇ ਮੈਂ ਆਪਣੇ ਸਾਰੇ ਦੁਸ਼ਮਨ[33] ਸਿੱਧੇ ਕਰ ਲਏ[34] ਹਨ।
ਜਿਨਿ ਬੈਰੀ ਹੈ ਇਹੁ ਜਗੁ[35] ਲੂਟਿਆ[36] ਤੇ[37] ਬੈਰੀ ਲੈ ਬਾਧੇ[38] ॥੧॥	The foes, who have plundered[36] this world[35]; Those[37] foes I have chained.	ਜਿਨ੍ਹਾਂ ਵੈਰੀਆਂ ਨੇ ਇਸ ਸੰਸਾਰ[35] ਨੂੰ ਲੁੱਟ ਲਿਆ[36] ਹੈ; ਉਨ੍ਹਾਂ[37] ਵੈਰੀਆਂ ਨੂੰ ਮੈਂ ਨਰੜ ਲਿਆ[38] ਹੈ।
ਸਤਿਗੁਰੁ ਪਰਮੇਸਰੁ[39] ਮੇਰਾ ॥	The True Guru, is my Supreme Lord[39].	ਸੱਚੇ ਗੁਰੂ ਜੀ ਮੇਰੇ ਸ੍ਰੋਮਣੀ ਸਾਹਿਬ[39] ਹਨ।
ਅਨਕਿ[40] ਰਾਜ[41] ਭੋਗ[42] ਰਸ[43] ਮਾਣੀ[44] ਨਾਉ ਜਪੀ[45] ਭਰਵਾਸਾ[46] ਤੇਰਾ ॥੧॥ ਰਹਾਉ॥	Uttering[45] Thy Name and putting faith[46] in Thee, O Lord, I enjoy[44] the dainties[42] and pleasures[43] of many[40] empires[41]. Pause.	ਤੇਰਾ ਨਾਮ ਉਚਾਰਨ[45] ਤੇ ਤੇਰੇ ਵਿਚ ਨਿਸਚਾ[46] ਕਰਨ ਦੁਆਰਾ, ਹੇ ਸਾਂਈਂ, ਮੈਂ ਅਨੇਕਾਂ[40] ਪਾਤਿਸ਼ਾਹੀਆਂ[41] ਦੀਆਂ ਨਿਆਮਤਾਂ[42] ਤੇ ਅਨੰਦ[43] ਲੁਟਦਾ[44] ਹਾਂ। ਠਹਿਰਾਉ।
ਚੀਤਿ[47] ਨ ਆਵਸਿ ਦੂਜੀ ਬਾਤਾ[48] ਸਿਰ[49] ਊਪਰਿ[50] ਰਖਵਾਰਾ[51] ॥	My protector[51] watches over[50] my head[49] and I think[47] not of another[48].	ਮੇਰਾ ਰਖਿਅਕ[51] ਮੇਰੇ ਸੀਸ[49] ਉਤੇ[50] ਪਹਿਰਾ ਦਿੰਦਾ ਹੈ ਅਤੇ ਮੈਂ ਹੋਰਸ[48] ਕਿਸੇ ਦਾ ਖ਼ਿਆਲ ਹੀ ਨਹੀਂ ਕਰਦਾ।
ਬੇਪਰਵਾਹੁ[52] ਰਹਤ[53] ਹੈ ਸੁਆਮੀ ਇਕ ਨਾਮ[54] ਕੈ ਆਧਾਰਾ[55] ॥੨॥	With the support[55] of Thy Name alone[54], O Lord, I remain[53] carefree[52].	ਕੇਵਲ[54] ਤੇਰੇ ਨਾਮ ਦੇ ਆਸਰੇ[55] ਸਹਿਤ, ਹੇ ਸਾਹਿਬ! ਮੈਂ ਬੇਮੁਹਤਾਜ[52] ਵਿਚਰਦਾ[53] ਹਾਂ।
ਪੂਰਨ[56] ਹੋਇ ਮਿਲਿਓ ਸੁਖਦਾਈ[57] ਊਨ[58] ਨ ਕਾਈ ਬਾਤਾ[59] ॥	Meeting with the Giver of peace[57], I have become perfect[56] and am deficient[58] in nothing[59].	ਆਰਾਮ-ਦੇਣਹਾਰ[57] ਹਰੀ ਦੇ ਨਾਲ ਮਿਲਣ ਦੁਆਰਾ, ਮੈਂ ਮੁਕੰਮਲ[56] ਹੋ ਗਿਆ ਹਾਂ ਅਤੇ ਮੈਨੂੰ ਕਿਸੇ ਭੀ ਚੀਜ਼ ਦੀ[59] ਕਮੀ[58] ਨਹੀਂ।
ਤਤੁ[60] ਸਾਰੁ[61] ਪਰਮ[62] ਪਦ[63] ਪਾਇਆ ਛੋਡਿ[64] ਨ ਕਤਹੂ[65] ਜਾਤਾ[66] ॥	I have obtained the sublime[61] quintessence[60] of the supreme[62] status[63] and forsaking[64] it I go[66] no where else[65].	ਮੈਂ ਮਹਾਨ[62] ਮਰਤਬੇ[63] ਦੇ ਸ੍ਰੇਸ਼ਟ[61] ਜੌਹਰ[60] ਨੂੰ ਪਾ ਲਿਆ ਹੈ ਅਤੇ ਇਸ ਨੂੰ ਤਿਆਗ ਕੇ[64], ਮੈਂ ਹੋਰਸ ਕਿਧਰੇ[65] ਨਹੀਂ ਜਾਂਦਾ[66]।
ਬਰਨਿ[67] ਨ ਸਾਕਉ ਜੈਸਾ[68] ਤੂ ਹੈ ਸਾਚੇ ਅਲਖ[69] ਅਪਾਰਾ[70] ॥	O my True, Invisible[69] and Infinite[70] Lord, as[68] Thou art, so I can describe[67] Thee not.	ਹੇ ਮੇਰੇ ਸੱਚੇ, ਅਦ੍ਰਿਸ਼ਟ[69] ਅਤੇ ਬੇਅੰਤ[70] ਸੁਆਮੀ। ਜੇਹੋ ਜਿਹਾ[68] ਤੂੰ ਹੈਂ, ਉਹੋ ਜੇਹਾ ਮੈਂ ਤੈਨੂੰ ਬਿਆਨ[67] ਨਹੀਂ ਕਰ ਸਕਦਾ।
ਅਤੁਲ[71] ਅਥਾਹ[72] ਅਡੋਲ[73] ਸੁਆਮੀ[76] ਨਾਨਕ ਖਸਮੁ[74] ਹਮਾਰਾ[75] ॥੪॥੫॥	O Nanak, my[75] Master[74], is the Immeasurable[71], Unfathomable[72] and Immovable[73] Lord[76].	ਹੇ ਨਾਨਕ, ਮੇਰਾ[75] ਮਾਲਕ[74] ਅਮਾਪ[71], ਬੇਥਾਹ[72] ਅਤੇ ਅਹਿੱਲ[73] ਸਾਹਿਬ[76] ਹੈ।

ਰਾਮਕਲੀ ਮਹਲਾ ੫ ॥
ਤੂ ਦਾਨਾ[76] ਤੂ ਅਬਿਚਲੁ[77] ਤੂਹੀ ਤੂ ਜਾਤਿ[78] ਮੇਰੀ ਪਾਤੀ[79] ॥
ਤੂ ਅਡੋਲੁ[80] ਕਦੇ[81] ਡੋਲਹਿ ਨਾਹੀ ਤਾ[82] ਹਮ[83] ਕੈਸੀ[84] ਤਾਤੀ[85] ॥੧॥
ਏਕੈ[86] ਏਕੈ[87] ਏਕ[88] ਤੂਹੀ ॥
ਏਕੈ ਏਕੈ ਤੂ ਰਾਇਆ[89] ॥
ਤਉ[90] ਕਿਰਪਾ[91] ਤੇ[92] ਸੁਖੁ[93] ਪਾਇਆ ॥੧॥ਰਹਾਉ॥
ਤੂ ਸਾਗਰੁ[94] ਹਮ ਹੰਸ[95] ਤੁਮਾਰੇ ਤੁਮ ਮਹਿ[96] ਮਾਣਕ[97] ਲਾਲਾ[98] ॥
ਤੁਮ ਦੇਵਹੁ[99]ਤਿਲੁ ਸੰਕ[100]ਨ[2] ਮਾਨਹੁ ਹਮ ਭੁੰਚਹ[3] ਸਦਾ ਨਿਹਾਲਾ[4] ॥੨॥
ਹਮ ਬਾਰਿਕ[5] ਤੁਮ ਪਿਤਾ[6] ਹਮਾਰੇ ਤੁਮ ਮੁਖਿ[7] ਦੇਵਹੁ[8] ਖੀਰਾ[9] ॥
ਹਮ ਖੇਲਹ[10] ਸਭਿ[12] ਲਾਡ ਲਡਾਵਹ[13] ਤੁਮ ਸਦ[14] ਗੁਣੀ[15] ਗਹੀਰਾ[16] ॥੩॥
ਤੁਮ ਪੂਰਨ[17] ਪੂਰਿ[18] ਰਹੇ ਸੰਪੂਰਨ[19] ਹਮ ਭੀ ਸੰਗਿ[20] ਅਘਾਏ[21] ॥
ਮਿਲਤ[22] ਮਿਲਤ ਮਿਲਤ ਮਿਲਿ ਰਹਿਆ[23] ਨਾਨਕ ਕਹਣੁ[24] ਨ ਜਾਏ ॥੪॥੬॥
ਰਾਮਕਲੀ ਮਹਲਾ ੫ ॥
ਕਰ[25] ਕਰਿ[26] ਤਾਲ[27] ਪਖਾਵਜੁ[28] ਨੈਨਹੁ[29] ਮਾਥੈ[30] ਵਜਹਿ[31] ਰਬਾਬਾ[32] ॥

Ramkali 5th Guru.

Thou art wise[76], Thou art moveless[77] and Thou art my caste[78] and honour[79].
Thou art unwavering[80], and waverest not ever[81]. Then[82] how[84] can I[83] fell anxiety[85] ?
Thou alone[86] art my One[87] Unique Lord[88]. Thou alone art the One King[89].
By[92] Thine[90] grace[91], O Lord, I have obtained peace[93]. Pause.
Thou art the sea[94] and I am Thy swan[95]. In[96] Thee are pearls[97] and rubies[98].
Thou givest[99] and hesitatest[2] not even a little[100]. I eat[3] and am ever happy[4].
I am Thine child[5] and Thou art my Father[6]. Thou puttest[8] milk[9] into my mouth[7].
I play[10] and Thou fondlest[13] me in every way[12]. Thou art ever[14] an ocean[16] of excellences[15].
Thou art Perfect[17] and art filling[18] all. O Perfect Lord[19], I too am sated[21] in Thy company[20].
I am blended[22], blended and shall remain klended[23] with thee, O Lord. Nanak can describe[24] not this state.

Ramkali 5th Guru.

Make[26] thine hands[25] the cymbals[27], thine eyes[29] the kettle-drums[28] and thy for_head[30] the rebeck[32] to harp[31] upon God's goodness.

ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਤੂੰ ਸਿਆਣਾ[76*] ਹੈਂ, ਤੂੰ ਅਹਿੱਲ[77] ਹੈਂ, ਅਤੇ ਤੂੰ ਹੀ ਮੇਰੀ ਜ਼ਾਤ-ਗੋਤ[78] ਤੇ ਇੱਜ਼ਤ ਆਬਰੂ[79] ਹੈਂ ।
ਤੂੰ ਅਥਿੜਕ[80] ਹੈਂ ਅਤੇ ਕਦਾਚਿਤ[81] ਥਿੜਕਦਾ ਨਹੀਂ । ਤਦ[82] ਮੈਨੂੰ[83] ਕਾਹਦੀ[84] ਚਿੰਤਾ[85] ਹੈ ?
ਕੇਵਲ[86] ਤੂੰ ਹੀ ਮੇਰਾ ਇੱਕੋ ਇੱਕ[82] ਅਦੁੱਤੀ[88] ਸੁਆਮੀ ਹੈਂ । ਕੇਵਲ ਤੂੰ ਹੀ ਇੱਕੋ ਇੱਕ ਪਾਤਿਸ਼ਾਹ[89] ਹੈਂ ।
ਤੇਰੀ[90] ਰਹਿਮਤ[91] ਦੁਆਰਾ[92], ਹੇ ! ਪ੍ਰਭੂ ਮੈਨੂੰ ਅਨੰਦ[93] ਪ੍ਰਾਪਤ ਹੋਇਆ ਹੈ । ਠਹਿਰਾਉ ।
ਤੂੰ ਸਮੁੰਦਰ[94] ਹੈਂ ਅਤੇ ਮੈਂ ਤੇਰਾ ਰਾਜ ਹੰਸ[95] । ਤੇਰੇ ਵਿੱਚ[96] ਮੋਤੀ[97] ਤੇ ਮਣੀਆਂ[98] ਹਨ ।
ਤੂੰ ਦਿੰਦਾ[99] ਹੈਂ ਅਤੇ ਰਤਾ ਭਰ[100] ਭੀ ਜੱਕੋ ਤੱਕੋ[2] ਨਹੀਂ ਕਰਦਾ । ਮੈਂ ਖਾਂਦਾ[3] ਹਾਂ ਅਤੇ ਸਦੀਵ ਹੀ ਪ੍ਰਸੰਨ[4] ਹਾਂ ।
ਮੈਂ ਤੇਰਾ ਬਾਲ[5] ਹਾਂ ਅਤੇ ਤੂੰ ਮੇਰਾ ਪਿਤਾ[6] ਹੈਂ । ਤੂੰ ਮੇਰੇ ਮੂੰਹ[7] ਵਿਚ ਦੁੱਧ[9] ਪਾਉਂਦਾ[8] ਹੈਂ ।
ਮੈਂ ਖੇਡਦਾ ਮਲ੍ਹਦਾ[10] ਹਾਂ ਤੇ ਤੂੰ ਮੈਨੂੰ ਹਰ ਤਰ੍ਹਾਂ[12] ਪਿਆਰ ਮੁਹੱਬਤ ਕਰਦਾ[13] ਹੈਂ । ਤੂੰ ਸਦੀਵ[14] ਹੀ ਗੁਣਾਂ[15] ਦਾ ਸਮੁੰਦਰ[16] ਹੈਂ ।
ਤੂੰ ਮੁਕੰਮਲ[17] ਹੈਂ ਅਤੇ ਸਾਰਿਆਂ ਨੂੰ ਪਰੀਪੂਰਨ[18] ਕਰ ਰਿਹਾ ਹੈਂ । ਹੇ ਮੁਕੰਮਲ ਮਾਲਕ[19] ! ਤੇਰੀ ਸੰਗਤ[20] ਅੰਦਰ ਮੈਂ ਭੀ ਰੱਜ ਗਿਆ[21] ਹਾਂ ।
ਮੈਂ ਤੇਰੇ ਨਾਲ ਅਭੇਦ[22], ਅਭੇਦ ਹੋ ਗਿਆ ਹਾਂ ਅਤੇ ਅਭੇਦ ਹੋਇਆ ਰਹਾਂਗਾ[23], ਹੇ ਸੁਆਮੀ ! ਨਾਨਕ ਇਸ ਅਵਸਥਾ ਨੂੰ ਵਰਣਨ[24] ਨਹੀਂ ਕਰ ਸਕਦਾ ।

ਰਾਮਕਲੀ ਪੰਜਵੀਂ ਪਾਤਿਸ਼ਾਹੀ ।

ਆਪਣੇ ਹੱਥਾਂ[25] ਨੂੰ ਛੈਣੇ[27], ਆਪਣੀਆਂ ਅੱਖਾਂ[29] ਨੂੰ ਜੋੜੀ[28] ਅਤੇ ਆਪਣੇ ਮੱਥੇ[30] ਨੂੰ ਵਜਾਉਣ[31] ਲਈ ਸਰੰਦਾ[32] ਬਣਾ[26] ।

ਕਰਨਹੁ[33] ਮਧੁ[34] ਬਾਸੁਰੀ[35] ਬਾਜੈ[36] ਜਿਹਵਾ[37] ਧੁਨਿ[38] ਆਗਾਜਾ[39] ॥	Chime[36] thou the sweet[34] music of the flute[35] in thine ears[33] and with thy tongue[37] sing[39] thou the celestial strain[38].	ਆਪਣੇ ਕੰਨਾ[33] ਅੰਦਰ ਤੂੰ ਬਾਂਸਰੀ[35] ਦੀ ਮਿੱਠੀ[34] ਲੈਅ ਆਲਾਪ[36] ਅਤੇ ਆਪਣੀ ਜੀਭ੍ਹਾ[37] ਨਾਲ ਤੂੰ ਬੈਕੁੰਠੀ ਕੀਰਤਨ[38] ਗਾਇਨ[39] ਕਰ ।
ਨਿਰਤਿ ਕਰੇ[40] ਕਰਿ[41] ਮਨੂਆ[42] ਨਾਚੈ[43] ਆਣੈ[44] ਘੂਘਰ[45] ਸਾਜਾ[46] ॥੧॥	Bringing[44] the articles[46] like the anklets[45], dance[43] thou, O man[42], with the rhythmical movements[40] of thy hands[41].	ਪੈਰਾਂ ਦੀਆਂ ਝਾਂਜਰਾਂ[45] ਵਰਗੀਆਂ ਵਸਤੂਆਂ[46]ਲਿਆ ਕੇ[44], ਤੂੰ ਹੇ ਇਨਸਾਨ[42] ! ਆਪਣੇ ਹੱਥਾਂ[41] ਨੂੰ ਸੁਰਤਾਲ ਅੰਦਰ ਹਿਲਾ[40] ਕੇ ਨਾਚ ਕਰ[43] ।
ਰਾਮ[47] ਕੋ[48] ਨਿਰਤਿਕਾਰੀ[49]॥	This alone is the dance[49] of[48] the Lord[47].	ਕੇਵਲ ਇਹ ਹੀ ਸਾਹਿਬ[47] ਦਾ[48] ਨਾਚ[49] ਹੈ ।
ਪੇਖੈ[50] ਪੇਖਨਹਾਰੁ[51] ਦਇਆਲਾ[52] ਜੇਤਾ[53] ਸਾਜੁ[54] ਸੀਗਾਰੀ[55] ॥੧॥ ਰਹਾਉ॥	The compassionate[52] spectator[51] is beholding[50] all[53] thy make-up[54] and decoration[55]. Pause.	ਮਿਹਰਬਾਨ[52] ਵੇਖਣ ਵਾਲਾ[51] ਤੇਰੇ ਸਾਰੇ[53] ਸਾਜ ਸਮਾਨ[54] ਅਤੇ ਹਾਰਸ਼ਿੰਗਾਰ[55] ਨੂੰ ਵੇਖ ਰਿਹਾ[50] ਹੈ । ਠਹਿਰਾਉ ।
ਆਖਾਰ[56] ਮੰਡਲੀ[57] ਧਰਣਿ[58] ਸਬਾਈ[59] ਊਪਰਿ[60] ਗਗਨੁ[61] ਚੰਦੋਆ[62] ॥	The whole[59] earth[58] is the arena[56] site[57], over[60] which is stretched the canopy[62] of the sky[61].	ਸਾਰੀ[59] ਧਰਤੀ[58] ਅਖਾੜੇ[56] ਦਾ ਮੰਡਲ[57] ਹੈ, ਜਿਸ ਦੇ ਉੱਤੇ[60] ਅਸਮਾਨ[61] ਦੀ ਚਾਨਣੀ[62] ਤਾਣੀ ਹੋਈ ਹੈ ।
ਪਵਨੁ[63] ਵਿਚੋਲਾ[64] ਕਰਤ[65] ਇਕੇਲਾ[66] ਜਲ[67] ਤੇ[68] ਓਪਤਿ ਹੋਆ[69] ॥	The breath[63] acts[65] as the sole[66] manager[64] and all have sprung up[69] from[68] the watery[67] sperm.	ਸੁਆਸ[63] ਬਤੌਰ ਕੱਲਮਕੱਲੇ[66] ਵਿਚੋਲੇ[64] ਦੇ ਕੰਮ ਕਰਦਾ[65] ਹੈ ਅਤੇ ਸਾਰੇ ਹੀ ਪਾਣੀ ਜੇਹੇ[67] ਵੀਰਜ ਤੋਂ[68] ਉਤਪੰਨ ਹੋਏ[69] ਹਨ ।
ਪੰਚ ਤਤੁ[70] ਕਰਿ ਪੁਤਰਾ[71] ਕੀਨਾ[72] ਕਿਰਤ[73] ਮਿਲਾਵਾ[74] ਹੋਆ ॥੨॥	From the five elements[70], God has created[72] the puppet[71], to which are attached[74] its acts[73].	ਪੰਜਾਂ ਮੂਲ ਅੰਸ਼ਾਂ[70] ਤੋਂ ਵਾਹਿਗੁਰੂ ਨੇ ਕਠਪੁਤਲੀ[71] ਰਚੀ[72] ਹੈ, ਜਿਸ ਦੇ ਨਾਲ ਉਸ ਦੇ ਅਮਲ[73] ਜੁੜੇ ਹੋਏ[74] ਹਨ ।
ਚੰਦੁ[75] ਸੂਰਜੁ[76] ਦੁਇ[77]ਜਰੇ[78] ਚਰਾਗਾ[79] ਚਹੁ[80] ਕੁੰਟ[81] ਭੀਤਰਿ[82] ਰਾਖੇ[83] ॥	The Lord has lit up[78] the two[77] lamps[79] of the moon[75] and the sun[76] and has placed[83] them in[82] the four[80] corners[81] of the world.	ਸਾਹਿਬ ਨੇ ਚੰਦਰਮਾ[75] ਅਤੇ ਸੂਰਜ[76] ਦੇ ਦੋ[77] ਦੀਵੇ[79] ਜਲਾਏ[78] ਹਨ ਅਤੇ ਉਨ੍ਹਾਂ ਨੂੰ ਦੁਨੀਆ ਦੀਆਂ ਚਾਰ[80] ਨੁੱਕਰਾਂ[81] ਦੇ ਵਿੱਚ[82] ਟਿਕਾਇਆ[83] ਹੈ ।
ਦਸ[84] ਪਾਤਉ[85] ਪੰਚ[86] ਸੰਗੀਤਾ[87] ਏਕੈ[88] ਭੀਤਰਿ[89] ਸਾਥੇ[90] ॥	The ten[84], whore-like[85] sense faculties and the five[86] passions are the singers[87]. They are sitting as comrades[90] in[89] the one body[88].	ਦਸੇ[84] ਹੀ ਵੇਸਵਾਰੂਪ[85] ਬੋਧ-ਇੰਦਰੇ ਅਤੇ ਪੰਜੇ[86] ਵਿਸ਼ੇ ਗਾਵਣ ਵਾਲੇ[87] ਹਨ । ਇਕ ਸਰੀਰ[88] ਅੰਦਰ[89] ਉਹ ਸੰਗੀ ਸਾਥੀ[90] ਬਣੇ ਬੈਠੇ ਹਨ ।
ਭਿੰਨ ਭਿੰਨ[91] ਹੋਇ ਭਾਵ ਦਿਖਾਵਹਿ[92] ਸਭਹੁ[93] ਨਿਰਾਰੀ[94] ਭਾਖੇ[45] ॥੩॥	They are dallying[92] separately[91] and all[93] speak[95] different[94] tongues.	ਉਹ ਅਲਹਿਦਾ ਅਲਹਿਦਾ[91] ਨਾਜ਼-ਨਖਰੇ[72] ਕਰਦੇ ਹਨ ਅਤੇ ਸਾਰੇ[93] ਵਖਰੀਆਂ ਵਖਰੀਆਂ[94] ਬੋਲੀਆਂ ਬੋਲਦੇ[95] ਹਨ ।
ਘਰਿ ਘਰਿ[96] ਨਿਰਤਿ[97]	In every house[96] there is dancing[97]	ਹਰ ਇੱਕ ਗ੍ਰਹਿ[96] ਅੰਦਰ ਦਿਨ ਰਾਤ ਨਾਚ[97] ਹੁੰਦਾ ਹੈ ਅਤੇ

ਹੋਵੈ ਦਿਨੁ ਰਾਤੀ ਘਟਿ ਘਟਿ[98] ਵਾਜੈ[99] ਤੂਰਾ[100] ॥	day and night and in every heart[98] the bugles[100] sound[99].	ਹਰ ਦਿਲ[98] ਵਿਚ ਬਿਗਲ[100] ਵੱਜਦੇ[99] ਹਨ ।
ਏਕਿ ਨਚਾਵਹਿ[2] ਏਕਿ ਭਵਾਵਹਿ[3] ਇਕਿ ਆਇ[4] ਜਾਇ[5] ਹੋਇ[6] ਧੂਰਾ[7] ॥	Some He makes dance[2] in worldly pursuits, others He whirls[3] round in existences, and still others come[6] dust[7] in coming[4] and going[5].	ਇਕਨਾਂ ਨੂੰ ਉਹ ਸੰਸਾਰੀ ਵਿਹਾਰਾਂ ਵਿੱਚ ਨਚਾਉਂਦਾ[2] ਹੈ, ਇਕਨਾਂ ਨੂੰ ਉਹ ਜੂਨੀਆਂ ਅੰਦਰ ਭੁਆਉਂਦਾ[3] ਹੈ ਅਤੇ ਇਕ ਆਉਣ[4] ਤੇ ਜਾਣ[5] ਵਿਚ ਮਿੱਟੀ[7] ਹੋ ਜਾਂਦੇ[6] ਹਨ ।
੮੮੫		
ਕਹੁ ਨਾਨਕ ਸੋ[8] ਬਹੁਰਿ[9] ਨ ਨਾਚੈ ਜਿਸੁ ਗੁਰੁ ਭੇਟੈ[10] ਪੂਰਾ[12] ॥੪॥੭॥	Says Nanak, he[8] who meets[10] with the Perfect[12] Guru, dances not again[9].	ਗੁਰੂ ਜੀ ਫ਼ੁਰਮਾਉਂਦੇ ਹਨ ਜੋ ਪੂਰਨ[12] ਗੁਰਦੇਵ ਜੀ ਨੂੰ ਮਿਲ ਪੈਂਦਾ[10] ਹੈ, ਉਹ[8] ਮੁੜ ਕੇ[9] ਨੱਚਦਾ ਨਹੀਂ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਓਅੰਕਾਰਿ[13] ਏਕ ਧੁਨਿ[14] ਏਕੈ ਏਕੈ[15] ਰਾਗੁ[16] ਅਲਾਪੈ[17] ॥	The Lord's[13] eulogist imbibes love[14] for the One and sings[17] the melody[16] of but One[15] God.	ਸਾਹਿਬ[13] ਦਾ ਕੀਰਤਨੀਆ ਇੱਕ ਨਾਲ ਹੀ ਲਗਨ[14] ਲਾਉਂਦਾ ਹੈ ਅਤੇ ਕੇਵਲ ਇੱਕ[15] ਵਾਹਿਗੁਰੂ ਦਾ ਹੀ ਤਰਾਨਾ[16] ਗਾਉਂਦਾ[17] ਹੈ ।
ਏਕਾ ਦੇਸੀ[18] ਏਕੁ ਦਿਖਾਵੈ[19] ਏਕੋ ਰਹਿਆ ਬਿਆਪੈ[20] ॥	He abides in the country[18] of One God, shows[19] the way to One God and sees the One Lord pervading[20] all.	ਉਹ ਇੱਕ ਵਾਹਿਗੁਰੂ ਦੇ ਦੇਸ਼[18] ਅੰਦਰ ਵਸਦਾ ਹੈ, ਇਕ ਵਾਹਿਗੁਰੂ ਦਾ ਮਾਰਗ ਵਿਖਾਲਦਾ[19]ਹੈ ਅਤੇ ਇਕ ਸੁਆਮੀ ਨੂੰ ਹੀ ਸਾਰੇ ਵਿਆਪਕ[20] ਦੇਖਦਾ ਹੈ ।
ਏਕਾ ਸੁਰਤਿ[21] ਏਕਾ ਹੀ ਸੇਵਾ[22] ਏਕੋ ਗੁਰ ਤੇ[23] ਜਾਪੈ[24] ॥੧॥	He visualises[21] One God, serves[22] only the One Lord, who is known[24] through[23] the Guru.	ਉਹ ਇੱਕ ਹਰੀ ਦਾ ਧਿਆਨ ਧਾਰਦਾ[21] ਹੈ, ਕੇਵਲ ਇੱਕ ਪ੍ਰਭੂ ਦੀ ਹੀ ਘਾਲ ਕਮਾਉਂਦਾ[22] ਹੈ ਜੋ ਗੁਰਾਂ ਦੇ ਰਾਹੀਂ[23] ਜਾਣਿਆ ਜਾਂਦਾ[24] ਹੈ ।
ਭਲੋ[25] ਭਲੋ ਰੇ[26] ਕੀਰਤਨੀਆ[27] ॥	O[26] praise-worthy[25], praise-worthy is such an eulogist[27].	ਓ[26] ਸ਼ਲਾਘਾ-ਯੋਗ[25], ਸ਼ਲਾਘਾ-ਯੋਗ ਹੈ ਐਹੋ ਜੇਹਾ ਜੱਸ ਗਾਉਣ ਵਾਲਾ[27] ।
ਰਾਮ[28] ਰਮਾ[29] ਰਾਮਾ[30] ਗੁਨ[31] ਗਾਉ[32] ॥ ਛੋਡਿ[33] ਮਾਇਆ[34] ਕੇ ਧੰਧ[35] ਸੁਆਉ[36] ॥੧॥ਰਹਾਉ॥	He sings[32] the praise[31] of the Omnipresent[29] Lord[28] Master[30], shedding[33] all the relishes[36] of the worldly[34] pursuits[35]. Pause.	ਉਹ ਸੰਸਾਰੀ[34] ਪੁਆੜਿਆਂ[35] ਦੇ ਸਾਰੇ ਸੁਆਦਾਂ[36] ਨੂੰ ਤਿਆਗ ਕੇ[33], ਸਰਬ-ਵਿਆਪਕ[29] ਸੁਆਮੀ[28] ਮਾਲਕ[30] ਦਾ ਜੱਸ[31] ਗਾਇਨ ਕਰਦਾ[32] ਹੈ । ਠਹਿਰਾਉ ।
ਪੰਚ[37] ਬਜਿਤ੍ਰ[38] ਕਰੇ[39] ਸੰਤੋਖਾ[40] ਸਾਤ[41] ਸੁਰਾ[42] ਲੈ[43] ਚਾਲੈ[48] ॥	The five[27] virtues, like contentment[40], he makes[39] his musical instruments[38] and walking[48] in the Lord's love[43] his seven[41] notes[42].	ਸੰਤੁਸ਼ਟਤਾ[40] ਜੈਸੀਆਂ ਪੰਜ[37] ਨੇਕੀਆਂ ਨੂੰ, ਉਹ ਆਪਣੇ ਸੰਗੀਤਕ ਸਾਜ਼[38] ਬਣਾਉਂਦਾ[39] ਹੈ ਅਤੇ ਪ੍ਰਭੂ ਦੀ ਪ੍ਰੀਤ[43] ਅੰਦਰ ਟੁਰਨ[48] ਨੂੰ ਆਪਣੀਆਂ ਸਤ[41] ਸੁਰਾਂ[42] ।
ਬਾਜਾ[49] ਮਾਨੁ[50] ਤਾਨੁ[51] ਤਜਿ[53] ਤਾਨਾ[52] ਪਾਉ[54] ਨ	The forsaking[53] of pride[50] of his power[51], he makes the note[52] of his	ਆਪਣੇ ਬਲ[51] ਦੇ ਹੰਕਾਰ[50] ਤਿਆਗਣ[53]ਨੂੰ ਉਹ ਆਪਣੇ ਸੰਗੀਤਕ-ਯੰਤ੍ਰ[49] ਦੀ ਲੈਅ ਸੁਰ[52] ਬਣਾਉਂਦਾ ਹੈ ਅਤੇ

ਬੀਗਾ[55] ਘਾਲੈ[56] ॥	musical instrument[49] and places[56] not his foot[54] in the crooked[55] path.	ਆਪਣਾ ਪੈਰ[54] ਟੇਢੇ[55] ਮਾਰਗ ਅੰਦਰ ਨਹੀਂ ਰਖਦਾ[56]।
ਫੇਰੀ[57] ਫੇਰੁ[58] ਨ ਹੋਵੈ[60] ਕਬਹੀ[59] ਏਕੁ ਸਬਦੁ[61] ਬੰਧਿ[62] ਪਾਲੈ[63] ॥੨॥	He ties[62] the One Name[61] to his skirt[63] and enters[60] not the circuit[57] of coming and going ever[59] again[58].	ਉਹ ਇੱਕ ਨਾਮ[61] ਨੂੰ ਆਪਣੇ ਪੱਲੇ[63] ਨਾਲ ਬੰਨ੍ਹ ਲੈਂਦਾ[62] ਹੈ ਅਤੇ ਕਦਾਚਿੱਤ[59] ਮੁੜ ਕੇ[58] ਆਉਣ ਤੇ ਜਾਣ ਦੇ ਗੇੜੇ[57] ਵਿੱਚ ਨਹੀਂ ਪੈਂਦਾ[60]।
ਨਾਰਦੀ[64] ਨਰਹਰ[65] ਜਾਣਿ[66] ਹਦੂਰੇ[67] ॥	To play like Narad[64], is for him to realise[66] the Lord[65] to be just present[67].	ਨਾਰਦ ਦੀ ਤਰ੍ਹਾਂ[64] ਖੇਲਣਾ, ਉਸ ਲਈ ਪ੍ਰਭੂ[65] ਨੂੰ ਅੰਨ ਹਾਜ਼ਰ ਨਾਜ਼ਰ[67] ਅਨੁਭਵ[66] ਕਰਨਾ ਹੈ।
ਘੁੰਘਰ[68] ਖੜਕੁ[69] ਤਿਆਗਿ[70] ਵਿਸੂਰੇ[71] ॥	To shed[70] his sorrows[71] is for him the tinkling[69] of anklets[68].	ਆਪਣਿਆਂ ਗ਼ਮਾਂ[71] ਨੂੰ ਛੱਡਣਾ[70] ਉਸ ਲਈ ਘੁੰਗਰੂਆਂ[68] ਦੀ ਛਣਛਣਾਹਟ[69] ਹੈ।
ਸਹਜ ਅਨੰਦ[72] ਦਿਖਾਵੈ[73] ਭਾਵੈ[74] ॥	To abide in celestial beatitude[72] is exhibiting[73] his dalliance[74].	ਬੈਕੁੰਠੀ ਪ੍ਰਸੰਨਤਾ[72] ਅੰਦਰ ਵਸਣਾ ਉਸ ਦਾ ਆਪਣਾ ਹਾਵ-ਭਾਵ[74] ਵਿਖਾਲਣਾ[73] ਹੈ।
ਏਹੁ[74] ਨਿਰਤਿਕਾਰੀ[75] ਜਨਮਿ[76] ਨ ਆਵੈ ॥	Such[74*] a dancer[75] is born[76] not again.	ਐਹੋ ਜੇਹਾ[74] ਨੱਚਾਰ[75] ਮੁੜ ਕੇ ਜਨਮ[76] ਨਹੀਂ ਧਾਰਦਾ।
ਜੇ[77] ਕੋ[78] ਅਪਨੇ ਠਾਕੁਰ ਭਾਵੈ[79] ॥ ਕੋਟਿ[80] ਮਧਿ[81] ਏਹੁ ਕੀਰਤਨੁ[83] ਗਾਵੈ[84] ॥	If[77] any one[78] out of[81] millions[80] becomes pleasing[79] to his Lord ; that mortal alone thus[82] sings[48] the Lord's praise[83].	ਜੇਕਰ[77] ਕੋਈ ਜਣਾ[78] ਆਪਣੇ ਸਾਂਈਂ ਨੂੰ ਚੰਗਾ[79] ਲਗਣ ਲੱਗ ਜਾਵੇ; ਕ੍ਰੋੜਾਂ[80] ਵਿੱਚੋਂ[81] ਉਹ ਪ੍ਰਾਣੀ ਹੀ ਇਸ ਤਰ੍ਹਾਂ[82] ਸੁਆਮੀ ਦਾ ਜੱਸ[83] ਗਾਇਨ ਕਰਦਾ[84] ਹੈ।
ਸਾਧਸੰਗਤਿ ਕੀ ਜਾਵਉ[85] ਟੇਕ[86] ॥	Says Nanak, I repair[85] to the support[86] of the saints' society.	ਗੁਰੂ ਜੀ ਆਖਦੇ ਹਨ, ਮੈਂ ਸਾਧ ਸੰਗਤ ਦਾ ਆਸਰਾ[86] ਲੈਂਦਾ[85] ਹਾਂ।
ਕਹੁ ਨਾਨਕ ਤਿਸੁ[87] ਕੀਰਤਨੁ[88] ਏਕ[89] ॥੪॥੮॥	They sing there[87] the praise[88] of the One Lord[89] alone.	ਉਹ ਉੱਥੇ[87] ਕੇਵਲ ਇੱਕ ਪ੍ਰਭੂ[89] ਦੀ ਕੀਰਤੀ[88] ਗਾਇਨ ਕਰਦੇ ਹਨ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ।
ਕੋਈ[90] ਬੋਲੈ[91] ਰਾਮ ਰਾਮ ਕੋਈ ਖੁਦਾਇ ॥	Some[90] call[91] on the Lord, "Ram, Ram" and some "Khuda".	ਕਈ[90] ਸੁਆਮੀ ਨੂੰ 'ਰਾਮ, ਰਾਮ' ਆਖਦੇ[91] ਹਨ ਤੇ ਕਈ 'ਖ਼ੁਦਾ'।
ਕੋਈ ਸੇਵੈ[92] ਗੁਸਈਆ ਕੋਈ ਅਲਾਹਿ ॥੧॥	Some serve[92] Him as "Gosain", and some as "Allah".	ਕਈ ਉਸ ਨੂੰ 'ਗੁਸਾਈਂ' ਜਾਣ ਸੇਵਦੇ[92] ਹਨ ਤੇ ਕਈ 'ਅਲ੍ਹਾ' ਜਾਣ।
ਕਾਰਣ ਕਰਣ[93] ਕਰੀਮ[94] ॥	He is the Cause of causes[93] and is Bountiful[94].	ਉਹ ਸਬਬਾਂ ਦਾ ਸਬਬ[93] ਅਤੇ ਦਾਤਾਰ[94] ਹੈ।
ਕਿਰਪਾ ਧਾਰਿ[95] ਰਹੀਮ[96] ॥ ੧॥ਰਹਾਉ॥	Some talk of the Extender of mercy[95] and some of the Merciful[96]. Pause.	ਕਈ ਮਿਹਰ ਕਰਨ ਵਾਲੇ[95] ਦਾ ਜ਼ਿਕਰ ਕਰਦੇ ਹਨ ਅਤੇ ਕਈ ਮਿਹਰਬਾਨ[96] ਦਾ। ਠਹਿਰਾਉ।
ਕੋਈ ਨਾਵੈ[97] ਤੀਰਥਿ[98] ਕੋਈ ਹਜ[99] ਜਾਇ ॥੨॥	Some bathe[97] at the Hindus pilgrim stations[98] and some make the pilgrimage[99] to Mecca.	ਕਈ ਹਿੰਦੂ ਯਾਤ੍ਰਾ ਅਸਥਾਨਾਂ[98] ਤੇ ਇਸ਼ਨਾਨ[97] ਕਰਦੇ ਹਨ ਅਤੇ ਕਈ ਮੱਕੇ ਦੀ ਯਾਤ੍ਰਾ[99] ਕਰਦੇ ਹਨ।
ਕੋਈ ਕਰੈ ਪੂਜਾ[100] ਕੋਈ	Some perform Hindu worship[100] and	ਕਈ ਹਿੰਦੂਆਂ ਵਾਲੀ ਉਪਾਸ਼ਨਾ[100] ਕਰਦੇ ਹਨ ਅਤੇ ਕਈ

ਸਿਰੁ[2] ਨਿਵਾਇ[3] ॥੨॥	some bow[3] their heads[2] in the Muslim fashion.	ਮੁਸਲਮਾਨੀ ਤਰੀਕੇ ਨਾਲ ਸੀਸ[2] ਨਿਵਾਉਂਦੇ[3] ਹਨ।
ਕੋਈ ਪੜੈ[4] ਬੇਦ ਕੋਈ ਕਤੇਬ[5] ॥	Some read[4] the Vedas and some the Muslim religious[5] books.	ਕਈ ਵੇਦਾਂ ਨੂੰ ਵਾਚਦੇ[4] ਹਨ ਅਤੇ ਕਈ ਮੁਸਲਮਾਨੀ, ਈਸਾਈ, ਮੂਸਾਈ ਮਜ਼ਹਬੀ[5] ਕਿਤਾਬਾਂ ਨੂੰ।
ਕੋਈ ਓਢੈ[6] ਨੀਲ[7] ਕੋਈ ਸੁਪੇਦ[8] ॥੩॥	Some wear[6] blue[7] robes and some white[8].	ਕਈ ਨੀਲੇ[7] ਕਪੜੇ ਪਾਉਂਦੇ[6] ਹਨ ਤੇ ਕਈ ਚਿੱਟੇ[8]।
ਕੋਈ[9] ਕਹੈ[10] ਤੁਰਕੁ ਕੋਈ ਕਹੈ ਹਿੰਦੂ ॥	One[9] calls[10] himself Muslim and one calls himself Hindu.	ਇੱਕ[9] ਆਪਣੇ ਆਪ ਨੂੰ ਮੁਸਲਿਮ ਆਖਦਾ[10] ਹੈ ਅਤੇ ਇੱਕ ਆਪਣੇ ਆਪ ਨੂੰ ਹਿੰਦੂ ਆਖਦਾ ਹੈ।
ਕੋਈ ਬਾਛੈ[12] ਭਿਸਤੁ[13] ਕੋਈ ਸੁਰਗਿੰਦੂ[14] ॥੪॥	One desires[12] the paradise[13] of the Muslims and one the heaven[14] of Hindus.	ਇੱਕ ਮੁਸਲਮਾਨੀ ਬਹਿਸ਼ਤ[13] ਨੂੰ ਚਾਹੁੰਦਾ[11] ਹੈ ਅਤੇ ਇੱਕ ਹਿੰਦੂਆਂ ਦੇ ਸੁਰਗ[14] ਨੂੰ।
ਕਹੁ ਨਾਨਕ ਜਿਨਿ[19] ਹੁਕਮੁ[15] ਪਛਾਤਾ[16] ॥ ਪ੍ਰਭ ਸਾਹਿਬ ਕਾ ਤਿਨਿ[17] ਭੇਦੁ[18] ਜਾਤਾ[20]॥ ੫॥੯॥	Says Nanak, he[17] who[19] realises[16] God's will[15] know[20] the secret[18] of the Lord Master.	ਗੁਰੂ ਜੀ ਫ਼ੁਰਮਾਉਂਦੇ ਹਨ, ਜੋ[19] ਵਾਹਿਗੁਰੂ ਦੀ ਰਜ਼ਾ[15] ਨੂੰ ਅਨੁਭਵ ਕਰਦਾ[16] ਹੈ, ਉਹ[17] ਸੁਆਮੀ ਮਾਲਕ ਦੇ ਭੇਤ[18] ਨੂੰ ਜਾਣ ਲੈਂਦਾ[20] ਹੈ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ।
ਪਵਨੈ[21] ਮਹਿ[22] ਪਵਨੁ[23] ਸਮਾਇਆ[24] ॥	The breath[23] merges[24] in[22] the air[21].	ਸੁਆਸ[23] ਹਵਾ[21] ਵਿੱਚ[22] ਲੀਨ ਹੋ ਜਾਂਦਾ[24] ਹੈ।
ਜੋਤੀ[25] ਮਹਿ ਜੋਤਿ[26] ਰਲਿ ਜਾਇਆ[27] ॥	In fire[25], the fire[26] is mingled[27].	ਅੱਗ[25] ਵਿਚ ਅੱਗ[26] ਮਿਲ ਜਾਂਦੀ[27] ਹੈ।
ਮਾਟੀ[28] ਮਾਟੀ ਹੋਈ ਏਕ[29] ॥	The dust[28] becomes one[29] with dust.	ਮਿੱਟੀ[23] ਮਿੱਟੀ ਨਾਲ ਇੱਕ-ਮਿੱਕ[29] ਹੋ ਜਾਂਦੀ ਹੈ।
ਰੋਵਨਹਾਰੇ[30] ਕੀ ਕਵਨ[31] ਟੇਕ[32] ॥੧॥	What[31] support[32] the bewailer[30] has to stay stable here ?	ਵਿਰਲਾਪ ਕਰਨ ਵਾਲੇ[30] ਦਾ ਏਥੇ ਸਥਿਰ ਟਿਕੇ ਰਹਿਣ ਦਾ ਕਿਹੜਾ[31] ਆਸਰਾ[32] ਹੈ ?
ਕਉਨੁ ਮੂਆ[33] ਰੇ[34] ਕਉਨੁ ਮੂਆ ॥	Oh[34], who has died[33], who has died ?	ਹੇ[34] ! ਕੌਣ ਮਰ ਗਿਆ[33] ਹੈ, ਕੌਣ ਮਰ ਗਿਆ ਹੈ ?
ਬ੍ਰਹਮ ਗਿਆਨੀ[35] ਮਿਲਿ[36] ਕਰਹੁ ਬੀਚਾਰਾ[37] ਇਹੁ ਤਉ ਚਲਤੁ[38] ਭਇਆ ॥੧॥ ਰਹਾਉ॥	Meeting together[36], reflect over[37] this, O the discerner of God[35]. This is the wondrous[38] thing that has happened. Pause.	ਇਕੱਤਰ ਹੋ ਕੇ[36], ਇਸ ਨੂੰ ਸੋਚੋ, ਵੀਚਾਰੋ[37] ! ਹੇ ਵਾਹਿਗੁਰੂ ਦੇ ਗਿਆਤਿਓ[35] ! ਇਹ ਤਾਂ ਅਸਚਰਜ[38] ਗੱਲ ਹੋ ਗਈ ਹੈ। ਠਹਿਰਾਉ।
ਅਗਲੀ[39] ਕਿਛੁ ਖਬਰਿ[40] ਨ ਪਾਈ ॥	None knows[40] what is to happen to him, hereafter[39].	ਕੋਈ ਨਹੀਂ ਜਾਣਦਾ[40] ਕਿ ਅੱਗੇ[39] ਨੂੰ ਉਸ ਨਾਲ ਕੀ ਵਾਪਰਨਾ ਹੈ।
ਰੋਵਨਹਾਰੁ[41] ਭਿ[42] ਊਠਿ[43] ਸਿਧਾਈ[44] ॥	The bewailer[41], too[42], rises up[43] and depar's[44].	ਵਿਰਲਾਪ ਕਰਨ ਵਾਲਾ[41] ਭੀ[42] ਉੱਠ ਕੇ[43] ਟੁਰ ਜਾਂਦਾ[44] ਹੈ।
ਭਰਮ[45] ਮੋਹ ਕੇ[46] ਬਾਂਧੇ[47] ਬੰਧ[48] ॥	With the chains[48] of doubt[45] and worldly love[46],the mortals are bound[47].	ਸੰਦੇਹ[45] ਅਤੇ ਸੰਸਾਰੀ ਮਮਤਾ[46] ਦੀਆਂ ਜ਼ੰਜੀਰਾਂ[48] ਨਾਲ ਪ੍ਰਾਣੀ ਜਕੜੇ ਹੋਏ[47] ਹਨ।

ਸੁਪਨੁ[49]ਭਇਆ[50] ਭਖਲਾਏ[51] ਅੰਧ[52] ॥੨॥	When the life becomes[50] a dream[49], the blind man[52] grieves[51] in vain.	ਜਦ ਜੀਵਨ ਸੁਪਨਾ[49] ਹੋ ਜਾਂਦਾ[50] ਹੈ, ਅੰਨ੍ਹਾ ਆਦਮੀ[52] ਬੇਫਾਇਦਾ ਅਫ਼ਸੋਸ ਕਰਦਾ[51] ਹੈ।
ਇਹੁ ਤਉ ਰਚਨੁ[53] ਰਚਿਆ[54] ਕਰਤਾਰਿ[55] ॥	This creation[53], the Creator[55] has created[54].	ਇਹ ਖ਼ਲਕਤ[53], ਸਿਰਜਣਹਾਰ[55] ਨੇ ਸਾਜੀ[54] ਹੈ।
ਆਵਤ[56] ਜਾਵਤ[57] ਹੁਕਮਿ[58] ਅਪਾਰਿ[59] ॥	It comes[56] and goes[57] subject to the will[58] of the Infinite Lord[59].	ਬੇਅੰਤ ਸਾਹਿਬ[99] ਦੀ ਰਜ਼ਾ[58] ਤਾਬੇ ਇਹ ਆਉਂਦੀ[56] ਤੇ ਜਾਂਦੀ[57] ਹੈ।
ਨਹ ਕੋ ਮੂਆ ਨ ਮਰਣੈ ਜੋਗੁ[60] ॥	No one dies, nor is one capable[60] of dying.	ਨਾ ਕੋਈ ਮਰਦਾ ਹੈ, ਨਾ ਹੀ ਕੋਈ ਮਰਣ ਨੂੰ ਸਮਰਥ[60] ਹੈ।
ਨਹ ਬਿਨਸੈ[61] ਅਬਿਨਾਸੀ[62] ਹੋਗੁ[63] ॥੩॥	The soul perishes[61] not. It is[63] Imperishable[62].	ਆਤਮਾ ਨਾਸ[61] ਨਹੀਂ ਹੁੰਦੀ। ਇਹ ਨਾਸ-ਰਹਿਤ[62] ਹੈ[63]।
ਜੋ ਇਹੁ ਜਾਣਹੁ[64] ਸੋ ਇਹੁ[65] ਨਾਹਿ ॥	What it is thought[64] to be, that[65] it is not.	ਜੋ ਇਹ ਖ਼ਿਆਲ[64] ਕੀਤੀ ਜਾਂਦੀ ਹੈ, ਉਹ[65] ਇਹ ਨਹੀਂ ਹੈ।
ਜਾਨਣਹਾਰੇ[66] ਕਉ[67] ਬਲਿ[68] ਜਾਉ ॥	He who knows[66] this, unto[67] Him I am a sacrifice[68].	ਜੋ ਇਸ ਨੂੰ ਜਾਣਦਾ[66] ਹੈ, ਉਸ ਉਤੋਂ[67] ਮੈਂ ਵਾਰਣੇ ਜਾਂਦਾ[68] ਹਾਂ।
ਕਹੁ[69] ਨਾਨਕ ਗੁਰਿ ਭਰਮੁ[70] ਚੁਕਾਇਆ[71] ॥	Says[69] Nanak, the Guru has dispelled[71] my doubt[70].	ਗੁਰੂ ਜੀ ਫ਼ੁਰਮਾਉਂਦੇ[69] ਹਨ, ਗੁਰਦੇਵ ਜੀ ਨੇ ਮੇਰਾ ਸ਼ੱਕ ਸ਼ੁਬ੍ਹਾ[70] ਨਵਿਰਤ ਕਰ ਦਿੱਤਾ[71] ਹੈ।
ਨਾ ਕੋਈ ਮਰੈ ਨ ਆਵੈ ਜਾਇਆ[72] ॥੪॥੧੦॥	No one dies, nor any one comes or goes[72].	ਨਾ ਕੋਈ ਮਰਦਾ ਹੈ, ਨਾ ਹੀ ਕੋਈ ਆਉਂਦਾ ਜਾਂ ਜਾਂਦਾ[72] ਹੈ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ।
ਜਪਿ[73] ਗੋਬਿੰਦੁ[74] ਗੋਪਾਲ[75] ਲਾਲੁ[76] ॥	O man, meditate[73] thou on thy Beloved[76] Lord[74] Master[75].	ਹੇ ਬੰਦੇ! ਤੂੰ ਆਪਣੇ ਪ੍ਰੀਤਮ[76] ਸੁਆਮੀ[74] ਮਾਲਕ[75] ਦਾ ਸਿਮਰਨ[73] ਕਰ।
ਰਾਮ[77] ਨਾਮ ਸਿਮਰਿ[78] ਤੂ ਜੀਵਹਿ[79] ਫਿਰਿ[80] ਨ ਖਾਈ[81] ਮਹਾ[82] ਕਾਲੁ[83] ॥ ੧॥ਰਹਾਉ॥	Contemplating[78] the Lord's[77] Name, thou shalt remain alive[79] and the great[82] death[83] shall not again[80] devour[81] thee. Pause.	ਸਾਹਿਬ[77] ਦੇ ਨਾਮ ਦੇ ਆਰਾਧਨ[78] ਕਰਨ ਦੁਆਰਾ ਤੂੰ ਜੀਉਂਦਾ[79] ਰਹੇਂਗਾ ਅਤੇ ਵੱਡੀ[82] ਮੌਤ[83] ਤੈਨੂੰ ਮੁੜ[80] ਨਹੀਂ ਖਾਊਗੀ[81]। ਠਹਿਰਾਉ।
ਟਟੇ		
ਕੋਟਿ[84] ਜਨਮ[85] ਭ੍ਰਮਿ ਭ੍ਰਮਿ[86] ਭ੍ਰਮਿ ਆਇਓ ॥	Thou hast come, wandering[86], wandering, wandering in millions[84] of births[85].	ਤੂੰ ਕ੍ਰੋੜਾਂ[84] ਹੀ ਜਨਮਾਂ[85] ਅੰਦਰ ਭਟਕਦਾ[86], ਭਟਕਦਾ, ਭਟਕਦਾ ਹੋਇਆ ਆਇਆ ਹੈਂ।
ਬਡੈ[87] ਭਾਗਿ[88] ਸਾਧਸੰਗੁ ਪਾਇਓ ॥	Through the greatest[87] good destiny[88], the saints' society is obtained.	ਪਰਮ[87] ਚੰਗੀ ਪ੍ਰਾਲਬਧ[88] ਤਾਹੀਂ, ਸਤਿਸੰਗਤ ਪ੍ਰਾਪਤ ਹੁੰਦੀ ਹੈ।
ਬਿਨੁ ਗੁਰ ਪੂਰੇ[89] ਨਾਹੀ ਉਧਾਰੁ[90] ॥	Without the Perfect[89] Guru, the mortal is emancipated[90] not.	ਪੂਰਨ[89] ਗੁਰਾਂ ਦੇ ਬਾਝੋਂ ਪ੍ਰਾਣੀ ਦਾ ਪਾਰ ਉਤਾਰਾ[90] ਨਹੀਂ ਹੁੰਦਾ।
ਬਾਬਾ[91] ਨਾਨਕੁ ਆਖੈ[92] ਏਹੁ[93] ਬੀਚਾਰੁ[94] ॥੨॥੧੧॥	O man[91], this[93] is what Nanak says[92] after due deliberation[94].	ਹੇ ਬੰਦੇ[91]! ਪੂਰੀ ਸੋਚ ਵੀਚਾਰ[94] ਮਗਰੋਂ, ਨਾਨਕ ਇਹ[93] ਕੁਛ ਕਹਿੰਦਾ[92] ਹੈ।

ਰਾਗੁ ਰਾਮਕਲੀ ਮਹਲਾ ੫ ਘਰੁ ੨	Rag Ramkali 5th Guru	ਰਾਗ ਰਾਮਕਲੀ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One True God. By Guru's grace, He is obtained.	ਵਾਹਿਗੁਰੂ ਕੇਵਲ ਇੱਕ ਤੇ ਸਤਿ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਚਾਰਿ ਪੁਕਾਰਹਿ[95] ਨਾ ਤੂ ਮਾਨਹਿ[96] ॥	The four Vedas shout[95], but thou obeyest[96] them not.	ਚਾਰ ਵੇਦ ਕੂਕਦੇ[95] ਹਨ ਪਰ ਤੂੰ ਉਨ੍ਹਾਂ ਦਾ ਕਹਿਆ ਨਹੀਂ ਮੰਨਦਾ[96] ।
ਖਟੁ[97] ਭੀ ਏਕਾ ਬਾਤ[98] ਵਖਾਨਹਿ[99] ॥	The six Shashtras[97] too tell[99] of one thing[98].	ਛੇ ਸ਼ਾਸਤਰ[97] ਭੀ ਇੱਕੋ ਹੀ ਗੱਲ[98] ਆਖਦੇ[99] ਹਨ ।
ਦਸ ਅਸਟੀ[100] ਮਿਲਿ[2] ਏਕੋ[3] ਕਹਿਆ[4] ॥	The eighteen[100] Puranas combined[2], speak[4] of One God[3].	ਅਠਾਰਾਂ[100] ਪੁਰਾਣ ਮਿਲ ਕੇ[2] ਇੱਕ ਵਾਹਿਗੁਰੂ[3] ਨੂੰ ਹੀ ਆਖਦੇ[4] ਹਨ ।
ਤਾ[5] ਭੀ ਜੋਗੀ ਭੇਦੁ[6] ਨ ਲਹਿਆ[7] ॥੧॥	Even then[5], O Yogi, thou can know[7] not the secret[6].	ਤਦ[5] ਭੀ ਹੇ ਯੋਗੀ ! ਤੂੰ ਭੇਤ[6] ਨੂੰ ਨਹੀਂ ਜਾਣ ਸਕਦਾ[7] ।
ਕਿੰਕੁਰੀ[8] ਅਨੂਪ[9] ਵਾਜੈ[10] ॥ ਜੋਗੀਆ ਮਤਵਾਰੋ[12] ਰੇ[13] ॥ ੧॥ਰਹਾਉ॥	The Lord's lyre[8] plays[10] handsomely[9], O[13] inebriated[12] Yogi. Pause.	ਸਾਹਿਬ ਦੀ ਵੀਣਾ[8] ਸੁਹਣੀ ਤਰ੍ਹਾਂ[9] ਵੱਜਦੀ[10] ਹੈ, ਹੇ[13] ਮਤਵਾਲੇ[12] ਯੋਗੀ ! ਠਹਿਰਾਉ ।
ਪ੍ਰਥਮੇ[14] ਵਸਿਆ[15] ਸਤ[16] ਕਾ ਖੇੜਾ[17] ॥	In the first[14] Trueage, the town[17] of truth[16] was inhabited[15].	ਪਹਿਲੇ[14] ਸਤਿਯੁਗ ਵਿੱਚ ਸੱਚ[16] ਦਾ ਪਿੰਡ[17] ਆਬਾਦ ਹੋਇਆ[15] ।
ਤ੍ਰਿਤੀਏ ਮਹਿ[18] ਕਿਛੁ[19] ਭਇਆ ਦੁਤੇੜਾ[20] ॥	In[18] the Treta-age, there was some[19] falling off[20].	ਤ੍ਰੇਤੇ ਯੁੱਗ ਅੰਦਰ[18] ਕੁਝ ਕੁ[19] ਝੜ ਗਿਆ[20] ।
ਦੁਤੀਆ[21] ਅਰਧੋ ਅਰਧਿ[22] ਸਮਾਇਆ[23] ॥	In Duapar[21] only half[22] the truth remained[23].	ਦੁਆਪਰ[21] ਵਿੱਚ ਸੱਚ ਕੇਵਲ ਅੱਧਾ[22] ਹੀ ਰਹਿ ਗਿਆ[25] ।
ਏਕੁ[24] ਰਹਿਆ[25] ਤਾ[26] ਏਕੁ[27] ਦਿਖਾਇਆ[28] ॥੨॥	In the Darkage, only one foot[24] remained[25] and then[26] the One Lord[27] was revealed[28] by the Guru.	ਕਲਜੁੱਗ ਅੰਦਰ ਸਿਰਫ ਇੱਕ ਪੈਰ[24] ਰਹਿ ਗਿਆ[25], ਅਤੇ ਤਦ[26] ਗੁਰਾਂ ਨੇ ਇੱਕ ਪ੍ਰਭੂ[27] ਨੂੰ ਦਰਸਾ ਦਿੱਤਾ[28] ।
ਏਕੈ ਸੂਤਿ[29] ਪਰੋਏ[30] ਮਣੀਏ[31] ॥	On one string[29] the beads[31] are strung[30].	ਇਕ ਤਾਗੇ[29] ਵਿੱਚ ਮਣਕੇ[31] ਪਰੋਤੇ ਹੋਏ[30] ਹਨ ।
ਗਾਠੀ[32] ਭਿਨਿ[33] ਭਿਨਿ ਭਿਨਿ ਭਿਨਿ ਤਣੀਏ[34] ॥	By means of diverse[33], diverse, diverse, diverse knots[83], they are kept apart[34].	ਨਾਨਾ ਪਰਕਾਰ[33], ਨਾਨਾ ਪਰਕਾਰ, ਨਾਨਾ ਪਰਕਾਰ, ਨਾਨਾ ਪਰਕਾਰ (ਕਈ ਪਰਕਾਰ) ਦੀਆਂ ਗੰਢਾਂ[32] ਦੇ ਜ਼ਰੀਏ ਉਹ ਵਖਰੇ ਵਖਰੇ ਰਖੇ ਹੋਏ[33] ਹਨ ।
ਫਿਰਤੀ[35] ਮਾਲਾ[36] ਬਹੁ[37] ਬਿਧਿ[38] ਭਾਇ[39] ॥	The rosary beads[36] are lovingly[39] told[35] in many[37] ways[38].	ਤਸਬੀ[36] ਅਨੇਕਾਂ[37] ਤਰੀਕਿਆਂ[38] ਨਾਲ ਪਿਆਰ-ਸਹਿਤ[39] ਫੇਰੀ ਜਾਂਦੀ[35] ਹੈ ।
ਖਿੰਚਿਆ[40] ਸੂਤੁ[41] ਤ[42] ਆਈ ਥਾਇ[43] ॥੩॥	When the thread[41] is withdrawn[40], then[42] all the beads are gathered at one place[43].	ਜਦ ਧਾਗਾ[41] ਖਿੱਚ ਲਿਆ[40] ਜਾਂਦਾ ਹੈ ਤਦ[42] ਸਾਰੇ ਮਣਕੇ ਇਕ ਜਗ੍ਹਾ[43] ਤੇ ਇਕੱਠੇ ਹੋ ਜਾਂਦੇ ਹਨ ।

ਚਹੁ[44] ਮਹਿ[45] ਏਕੋ[46] ਮਟੁ[47] ਹੈ ਕੀਆ[48] ॥	Through[45] all the four[44] ages, the Lord has made[48] the one body[46] His dwelling place[47].	ਚਾਰੇ[44] ਹੀ ਯੁਗਾਂ ਅੰਦਰ[45] ਪ੍ਰਭੂ ਨੇ ਇੱਕ ਦੇਹ[46] ਨੂੰ ਆਪਣਾ ਨਿਵਾਸ ਅਸਥਾਨ[47] ਬਣਾਇਆ[48] ਹੈ ।
ਤਹ[49] ਬਿਖੜੇ[50] ਥਾਨ[51] ਅਨਿਕ[52] ਖਿੜਕੀਆ[53] ॥	In that[49] difficult[50] place[51] there are several[52] windows[53].	ਉਸ[49] ਔਖੀ[50] ਜਗ੍ਹਾ[51] ਅੰਦਰ ਅਨੇਕਾਂ[52] ਤਾਕੀਆਂ[53] ਹਨ ।
ਖੋਜਤ[54] ਖੋਜਤ ਦੁਆਰੇ[55] ਆਇਆ ॥ ਤਾ[56] ਨਾਨਕ ਜੋਗੀ ਮਹਲੁ[57] ਘਰੁ[58] ਪਾਇਆ ॥੪॥	Searching[64], searching, when the Yogi comes to the Lord's door[55], then[56], O Nanak, attains he an abode[58] in His mansion[57].	ਭਾਲਦਾ[54], ਭਾਲਦਾ ਜਦ ਯੋਗੀ ਪ੍ਰਭੂ ਦੇ ਬੂਹੇ[55] ਤੇ ਆ ਜਾਂਦਾ ਹੈ, ਤਦ[56] ਹੇ ਨਾਨਕ ! ਉਹ ਉਸ ਦੇ ਮੰਦਰ[57] ਅੰਦਰ ਵਸੇਬਾ[58] ਪਾ ਲੈਂਦਾ ਹੈ ।
ਇਉ[59] ਕਿੰਕੁਰੀ ਆਨੂਪ ਵਾਜੈ ॥	Thus[59] plays beautifully the lyre of the Lord.	ਇਸ ਤਰ੍ਹਾਂ[59] ਸੁਹਣੀ ਤਰ੍ਹਾਂ ਵੱਜਦੀ ਹੈ ਪ੍ਰਭੂ ਦੀ ਵੀਣਾ ।
ਸੁਣਿ[60] ਜੋਗੀ ਕੈ ਮਨਿ[61] ਮੀਠੀ[62] ਲਾਗੈ ॥੧॥ਰਹਾਉ ਦੂਜਾ॥੧॥੧੨॥	On hearing[60] it, the mind[61] of the Yogi is pleased[62]. Pause 2nd.	ਇਸ ਨੂੰ ਸ੍ਰਵਣ[60] ਕਰ ਕੇ, ਯੋਗੀ ਦਾ ਚਿੱਤ[61] ਪ੍ਰਸੰਨ ਹੋ ਜਾਂਦਾ[62] ਹੈ । ਠਹਿਰਾਉ ਦੂਜਾ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਤਾਗਾ[63] ਕਰਿ[64] ਕੈ ਲਾਈ[65] ਥਿਗਲੀ[66] ॥	This body patch[66] is stitched[65] with[64] threads[63].	ਇਹ ਦੇਹ ਦੀ ਟਾਕੀ[66] ਧਾਗਿਆਂ[63] ਨਾਲ[64] ਜੜੀ ਹੋਈ[65] ਹੈ ।
ਲਉ[67] ਨਾੜੀ[68] ਸੂਆ[69] ਹੈ ਅਸਤੀ[70] ॥	With the needle[69] of bones[70] the stitches[67] of muscles[68] are established.	ਹੱਡੀਆਂ[70] ਦੀ ਸੂਈ[69] ਨਾਲ ਪੱਠਿਆਂ[68] ਦੇ ਨਗੰਦੇ[67] ਲਾਏ ਗਏ ਹਨ ।
ਅੰਭੈ[71] ਕਾ ਕਰਿ[72] ਡੰਡਾ[73] ਧਰਿਆ ॥	The Lord has built[72] the pillar[73] of watery sperm[71].	ਪ੍ਰਭੂ ਨੇ ਪਾਣੀ ਜੇਹੇ ਵੀਰਜ[71] ਦਾ ਥਮਲਾ[73] ਬਣਾ ਧਰਿਆ[72] ਹੈ ।
ਕਿਆ[74] ਤੂ ਜੋਗੀ ਗਰਬਹਿ[75] ਪਰਿਆ[76] ॥੧॥	Then, why[74] art thou involved[76] in ego[75], O Yogi ?	ਤਦ ਤੂੰ ਕਿਉਂ[74] ਹੰਕਾਰ[75] ਅੰਦਰ ਫਾਥਾ ਹੋਇਆ[76] ਹੈਂ, ਹੇ ਯੋਗੀ ?
ਜਪਿ[77] ਨਾਥੁ[78] ਦਿਨੁ ਰੈਨਾਈ[79] ॥	Remember[77] thou thy Lord[78], day and night[79].	ਤੂੰ ਆਪਣੇ ਸੁਆਮੀ[78] ਦਾ ਦਿਨ ਤੇ ਰਾਤ[79] ਸਿਮਰਨ[77] ਕਰ ।
ਤੇਰੀ ਖਿੰਥਾ[80] ਦੋ ਦਿਹਾਈ[81] ੧॥ਰਹਾਉ॥	Thy body's patched coat[80] shall last but for two (a few) days[81]. Pause.	ਤੇਰੀ ਦੇਹ ਦੀ ਖ਼ਫ਼ਣੀ[80] ਕੇਵਲ ਦੋ ਦਿਹਾੜੇ[81] ਹੀ ਠਹਿਰੂਗੀ । ਠਹਿਰਾਉ ।
ਗਹਰੀ[82] ਬਿਭੂਤ[83] ਲਾਇ[84] ਬੈਠਾ ਤਾੜੀ[85] ॥	Thickly[82] besmearing[84] the body with ashes[83] thou sittest in trance[85].	ਆਪਣੀ ਦੇਹ ਨੂੰ ਸੰਘਣੀ[82] ਸੁਆਹ[83] ਮਲ ਕੇ[84], ਤੂੰ ਸਮਾਧੀ[85] ਲਾਈ ਬੈਠਾ ਹੈਂ ।
ਮੇਰੀ[86] ਤੇਰੀ[87] ਮੁੰਦ੍ਰਾ[88] ਧਾਰੀ[89] ॥	Thou art wearing[89] the ear-rings[88] of mine[86] and thine[87].	ਤੂੰ ਮੇਰ[86] ਤੇਰ[87] ਦੀਆਂ ਵਾਲੀਆਂ[88] ਪਾਈਆਂ[89] ਹੋਈਆਂ ਹਨ ।
ਮਾਗਹਿ[90] ਟੂਕਾ[91] ਤ੍ਰਿਪਤਿ[92] ਨ ਪਾਵੈ ॥	Thou asketh[90] for bread[91] and art satiated[92] not.	ਤੂੰ ਟੁੱਕਰ[91] ਮੰਗਦਾ[90] ਫਿਰਦਾ ਹੈਂ ਅਤੇ ਤੈਨੂੰ ਸੰਤੋਖ[92] ਨਹੀਂ ਆਉਂਦਾ ।
ਨਾਥੁ[93] ਛੋਡਿ[94] ਜਾਚਹਿ[95] ਲਾਜ[96] ਨ ਆਵੈ ॥੨॥	Forsaking[94] thy Lord[93], thou feelest not shame[96] in begging[95] others.	ਆਪਣੇ ਸੁਆਮੀ[93] ਨੂੰ ਤਿਆਗ[94] ਕੇ, ਤੈਨੂੰ ਹੋਰਨਾਂ ਕੋਲੋਂ ਮੰਗਦਿਆਂ[95] ਸ਼ਰਮ ਨਹੀਂ ਆਉਂਦੀ ।

ਚਲ[97] ਚਿਤ[98] ਜੋਗੀ ਆਸਣੁ[99] ਤੇਰਾ ॥	Mercurial[97] is thy mind[98], O Yogi, still thou sittest in trance[99].	ਚੰਚਲ[97] ਹੈ ਤੇਰਾ ਮਨ[98] ਹੇ ਯੋਗੀ ! ਤਾਂ ਭੀ ਤੂੰ ਤਾੜੀ ਲਾਈ ਬੈਠਾ[99] ਹੈਂ ।
ਸਿੰਙੀ[100] ਵਾਜੈ[2] ਨਿਤ[3] ਉਦਾਸੇਰਾ[4] ॥	Thou blowest[2] thy horn[100], but ever[3] feelest sad[4].	ਤੂੰ ਸਿੰਙੀ[100] ਵਜਾਉਂਦਾ[2] ਹੈਂ, ਪਰ ਸਦਾ[3] ਉਦਾਸ[4] ਰਹਿੰਦਾ ਹੈਂ ।
ਗੁਰ ਗੋਰਖ ਕੀ ਤੈ ਬੂਝ[5] ਨ ਪਾਈ ॥	Thou understandest[5] not Gorakh, thy Guru.	ਤੂੰ ਆਪਣੇ ਗੁਰੂ ਗੋਰਖ ਨੂੰ ਨਹੀਂ ਸਮਝਦਾ[5] ।
ਫਿਰਿ ਫਿਰਿ[6] ਜੋਗੀ ਆਵੈ ਜਾਈ ॥੩॥	O Yogi, thou shalt come and go again and again[6].	ਹੇ ਯੋਗੀ ! ਤੂੰ ਮੁੜ ਮੁੜ ਕੇ[6] ਮਰਦਾ ਤੇ ਜੰਮਦਾ ਰਹੇਂਗਾ ।
ਜਿਸ ਨੋ ਹੋਆ ਨਾਥੁ[7] ਕ੍ਰਿਪਾਲਾ[8] ॥ ਰਹਰਾਸਿ[9] ਹਮਾਰੀ[10] ਗੁਰ ਗੋਪਾਲਾ[12] ॥	He, to whom the Lord[7] Master[12], my Guru, is merciful[8]; before him is my[10] supplication[9].	ਜਿਸ ਉੱਤੇ ਸੁਆਮੀ[7] ਮਾਲਕ[12], ਮੇਰਾ ਗੁਰੂ ਮਿਹਰਬਾਨ[8] ਹੈ; ਉਸ ਅੱਗੇ ਮੇਰੀ[10] ਪ੍ਰਾਰਥਨਾ[9] ਹੈ ।
ਨਾਮੈ ਖਿੰਥਾ[13] ਨਾਮੈ ਬਸਤਰੁ[14] ॥ ਜਨ[15] ਨਾਨਕ ਜੋਗੀ ਹੋਆ[16] ਅਸਥਿਰੁ[17] ॥ ੪॥	He whose patched coat[13] is the Name and who wears the dress[14] of the Name; that Yogi, O slave[15] Nanak, becomes[16] ever stable[17].	ਜਿਸ ਦੀ ਖਫ਼ਣੀ[13] ਨਾਮ ਹੈ ਅਤੇ ਜੋ ਨਾਮ ਦੀ ਪੁਸ਼ਾਕ[14] ਪਹਿਨਦਾ ਹੈ, ਉਹ ਯੋਗੀ, ਹੇ ਦਾਸ[15] ਨਾਨਕ ! ਸਦੀਵੀ ਸਥਿਰ[17] ਹੋ ਜਾਂਦਾ[16] ਹੈ ।
ਇਉ[18] ਜਪਿਆ[19] ਨਾਥੁ[20] ਦਿਨੁ ਰੈਨਾਈ[21] ॥ ਹੁਣਿ[22] ਪਾਇਆ[23]ਗੁਰੁ[24] [25]ਗੋਸਾਈ[26] ॥੧॥ ਰਹਾਉ ਦੂਜਾ ॥੨॥ ੧੩॥	He, who, now[22] in this life, thus[18] contemplates[19] the Lord[20] day and night[21], attains[23] to the great[24] Master[26] of universe[25]. Pause 2nd.	ਜੋ ਹੁਣ[22] ਇਸ ਜੀਵਨ ਅੰਦਰ ਦਿਨ ਰਾਤ[21] ਇਸ ਤਰ੍ਹਾਂ[18] ਸਾਂਈਂ[20] ਦਾ ਆਰਾਧਨ ਕਰਦਾ[19] ਹੈ, ਉਹ ਵਿਸ਼ਾਲ[24] ਆਲਮ[25] ਦੇ ਮਾਲਕ[26] ਨੂੰ ਪਾ ਲੈਂਦਾ[23] ਹੈ । ਠਹਿਰਾਉ । ਦੂਜਾ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਕਰਨ[27] ਕਰਾਵਨ[28] ਸੋਈ[29]॥ ਆਨ[30] ਨ ਦੀਸੈ[31] ਕੋਈ ॥	He[28], the Lord, is the Doer[27] and Prompter[28] of deeds. I see[31] not any other[30].	ਉਹ[29] ਸੁਆਮੀ ਕੰਮਾਂ ਨੂੰ ਕਰਨ[27]ਅਤੇ ਕਰਾਉਣ ਵਾਲਾ[28] ਹੈ । ਮੈਨੂੰ ਹੋਰ ਕੋਈ[30] ਨਹੀਂ ਦਿਸਦਾ[31] (ਉਸ ਤੋਂ ਸਿਵਾ) ।
ਠਾਕੁਰੁ[32] ਮੇਰਾ ਸੁਘੜੁ[33] ਸੁਜਾਨਾ[34] ॥	Accomplished[33] and Omniscient[34] is my Lord[32].	ਸੁਚੱਜਾ[33] ਅਤੇ ਸਰੱਵਗ[34] ਹੈ ਮੇਰਾ ਸੁਆਮੀ[32] ।
ਗੁਰਮੁਖਿ[35] ਮਿਲਿਆ ਰੰਗੁ[36] ਮਾਨਾ[37] ॥੧॥	Meeting with the supreme Guru[35] enjoy[37] I His love[36].	ਮੁਖੀ ਗੁਰਾਂ[35] ਨਾਲ ਮਿਲ ਕੇ ਮੈਂ ਉਸ ਦੇ ਪ੍ਰੇਮ[36] ਦਾ ਰੱਸ ਲੈਂਦਾ[37] ਹਾਂ ।
ਐਸੋ[38] ਰੇ[39] ਹਰਿ ਰਸੁ[40] ਮੀਠਾ[41] ॥	O[39] man, so[38] sweet[41] is the Lord's elixir[40].	ਹੇ[39] ਬੰਦੇ ! ਐਹੋ ਜੇਹਾ[38] ਮਿੱਠੜਾ[41] ਹੈ ਪ੍ਰਭੂ ਦਾ ਅੰਮ੍ਰਿਤ[40] ।
ਗੁਰਮੁਖਿ[42] ਕਿਨੈ ਵਿਰਲੈ[43] ਡੀਠਾ[44] ॥੧॥ਰਹਾਉ॥	By Guru's grace[42], some rare one[43] tastes[44] it. Pause.	ਗੁਰਾਂ ਦੀ ਦਇਆ[42] ਦੁਆਰਾ ਕੋਈ ਟਾਂਵਾਂ ਟੱਲਾ[43] ਹੀ ਇਸ ਨੂੰ ਚੱਖਦਾ[44] ਹੈ । ਠਹਿਰਾਉ ।
ਨਿਰਮਲ[45] ਜੋਤਿ[46] ਅੰਮ੍ਰਿਤੁ[47] ਹਰਿ ਨਾਮ ॥	Immaculate[45] is the light[46] of the Lord's Nectar[47]-Name.	ਪਵਿੱਤ੍ਰ[45] ਹੈ ਪ੍ਰਕਾਸ਼[46] ਪ੍ਰਭੂ ਦੇ ਅੰਮ੍ਰਿਤ[47] ਨਾਮ ਦਾ ।

ਟਟ੍ਹ

ਪੀਵਤ[48] ਅਮਰ[49] ਭਏ[50] ਨਿਹਕਾਮ[51] ॥
Partaking[48] of it, one becomes[50] immortal[49] and desireless[51].
ਇਸ ਨੂੰ ਪੀਣ ਨਾਲ[48] ਬੰਦਾ ਅਬਿਨਾਸੀ[49] ਅਤੇ ਇੱਛਾ-ਰਹਿਤ[51] ਹੋ ਜਾਂਦਾ[50] ਹੈ ।

ਤਨੁ[52] ਮਨੁ[53] ਸੀਤਲੁ[54] ਅਗਨਿ[55] ਨਿਵਾਰੀ[56] ॥
The body[52] and soul[53] become cool[54] and the fire[55] is quenched[56].
ਦੇਹ[52] ਤੇ ਆਤਮਾ[53] ਠੰਢੇ[54] ਹੋ ਜਾਂਦੇ ਹਨ ਅਤੇ ਅੱਗ[55] ਬੁੱਝ ਜਾਂਦੀ[56] ਹੈ ।

ਅਨਦ[57] ਰੂਪ[58] ਪ੍ਰਗਟੇ[59] ਸੰਸਾਰੀ[60] ॥੨॥
Such persons are the embodiment[58] of bliss[57] and are renowned[59] in the world[60].
ਐਸੇ ਪੁਰਸ਼ ਪ੍ਰਸੰਨਤਾ[57] ਦਾ ਸਰੂਪ[58] ਹਨ ਅਤੇ ਜਗਤ[60] ਅੰਦਰ ਪ੍ਰਸਿੱਧ[59] ਹੋ ਜਾਂਦੇ ਹਨ ।

ਕਿਆ[61] ਦੇਵਉ[62] ਜਾ[63] ਸਭੁ ਕਿਛੁ[64] ਤੇਰਾ[65] ॥
What[61] should I offer[62] Thee, O my Lord, when[63] everything[64] is Thine[65] ?
ਮੈਂ ਤੈਨੂੰ ਕੀ[61] ਭੇਟਾ ਕਰਾਂ[62], ਹੇ ਮੇਰੇ ਸਾਹਿਬ ! ਜਦ[63] ਹਰ ਸੈ[64] ਤੈਂਡੀ[65] ਹੀ ਹੈ ?

ਸਦ[66] ਬਲਿਹਾਰਿ[67] ਜਾਉ ਲਖ[68] ਬੇਰਾ[69] ॥
A hundred thousand[68] times[69], I am ever[66] a sacrifice[67] unto Thee.
ਲਖੂਖਾਂ[68] ਵਾਰੀ[69] ਮੈਂ ਸਦੀਵ[66] ਹੀ ਤੇਰੇ ਉਤੋਂ ਘੱਲੀ ਵੰਞਦਾ[67] ਹਾਂ ।

ਤਨੁ[70] ਮਨੁ[71] ਜੀਉ[72] ਪਿੰਡੁ[73] ਦੇ[74] ਸਾਜਿਆ[75] ॥
Blessing[74] with mind[71] and soul[72], Thou hast built[75] my bodily[70] frame[73].
ਹਿਰਦੇ[71] ਅਤੇ ਆਤਮਾ[72] ਦੀ ਦਾਤ[74] ਦੇ ਕੇ, ਤੈਂ ਮੇਰੀ ਦੇਹ[70] ਦਾ ਢਾਂਚਾ[73] ਬਣਾਇਆ[75] ਹੈ ।

ਗੁਰ ਕਿਰਪਾ[76] ਤੇ[77] ਨੀਚੁ[78] ਨਿਵਾਜਿਆ[79] ॥੩॥
By[77] Guru's grace[76], Thou hast honoured[79] me, the menial[78].
ਗੁਰਾਂ ਦੀ ਦਇਆ[76] ਦੁਆਰਾ[77], ਤੂੰ ਮੈਂ ਕਮੀਣ[78] ਨੂੰ ਵਡਿਆਇਆ[79] ਹੈ ।

ਖੋਲਿ ਕਿਵਾਰਾ[80] ਮਹਲਿ[81] ਬੁਲਾਇਆ[82] ॥ ਜੈਸਾ[83] ਸਾ[84] ਤੈਸਾ[85] ਦਿਖਲਾਇਆ[86] ॥
Opening the shutters[80], thou hast summoned[82] me to Thine presence[81] and as [83] Thou art[84], so[85] Thou hast shown[86] Thyself to me.
ਤਖਤੇ[80] ਖੋਲ੍ਹ ਕੇ ਤੂੰ ਮੈਨੂੰ ਆਪਣੀ ਹਜ਼ੂਰੀ[81] ਵਿਚ ਸਦ ਘੱਲਿਆ[82] ਹੈ ਅਤੇ ਜੇਹੋ ਜੇਹਾ[83] ਤੂੰ ਹੈਂ[84], ਉਹੋ ਜੇਹਾ[85] ਹੀ ਤੂੰ ਮੈਨੂੰ ਆਪਣੇ ਆਪ ਨੂੰ ਵਿਖਾਲ ਦਿੱਤਾ[86] ਹੈ ।

ਕਹੁ ਨਾਨਕ ਸਭੁ ਪੜਦਾ[87] ਤੂਟਾ[88] ॥ ਹਉ ਤੇਰਾ ਤੂ ਮੈ ਮਨਿ[89] ਵੂਠਾ[90] ॥੪॥੩॥ ੧੪॥
Says Nanak, the entire screen[87] is rent[88] and I have become Thine and Thou art enshrined[90] within my mind[88].
ਗੁਰੂ ਜੀ ਫ਼ੁਰਮਾਉਂਦੇ ਹਨ, ਸਾਰਾ ਪਰਦਾ[87] ਪਾਟ[88] ਗਿਆ ਹੈ ਅਤੇ ਮੈਂ ਤੈਂਡਾ ਹੋ ਗਿਆ ਹਾਂ ਅਤੇ ਤੂੰ ਮੇਰੇ ਅੰਤਰ ਆਤਮੇ[89] ਵੱਸ ਗਿਆ[90] ਹੈਂ ।

ਰਾਮਕਲੀ ਮਹਲਾ ੫ ॥
Ramkali 5th Guru.
ਰਾਮਕਲੀ ਪੰਜਵੀਂ ਪਾਤਿਸ਼ਾਹੀ ।

ਸੇਵਕੁ[91] ਲਾਇਓ[92] ਅਪੁਨੀ ਸੇਵ[93] ॥
His servant[91], the Guru has yoked[92] to his service[93].
ਆਪਣੇ ਟਹਿਲੂਏ[91] ਨੂੰ ਗੁਰਾਂ ਨੇ ਆਪਣੀ ਟਹਿਲ[93] ਅੰਦਰ ਜੋੜ ਲਿਆ[92] ਹੈ ।

ਅੰਮ੍ਰਿਤੁ[94] ਨਾਮੁ ਦੀਓ[95] ਮੁਖਿ[96] ਦੇਵ[97] ॥
The Name-Nectar[94], the Guru[97] has poured[95] into his mouth[96].
ਨਾਮ-ਅੰਮ੍ਰਿਤ[94] ਗੁਰਦੇਵ[97] ਜੀ ਨੇ ਉਸ ਦੇ ਮੂੰਹ[96] ਵਿੱਚ ਪਾਇਆ[95] ਹੈ ।

ਸਗਲੀ ਚਿੰਤਾ[98] ਆਪਿ[99] ਨਿਵਾਰੀ[100] ॥
The Guru has himself[99] stilled[100] all his anxiety[98].
ਗੁਰਾਂ ਨੇ ਖੁਦ[99] ਉਸ ਦਾ ਸਾਰਾ ਫ਼ਿਕਰ ਅੰਦੇਸਾ[98] ਦੂਰ ਕਰ ਦਿੱਤਾ[100] ਹੈ ।

ਤਿਸੁ[2] ਗੁਰ ਕਉ[3] ਹਉ[4] ਸਦ[5] ਬਲਿਹਾਰੀ[6] ॥੧॥
Unto[3] that[2] Guru, I[4] am ever[5] a sacrifice[6].
ਉਸ[2] ਗੁਰਦੇਵ ਜੀ ਦੇ ਉੱਤੋਂ[3] ਮੈਂ[4] ਹਮੇਸ਼ਾ[5] ਹੀ ਕੁਰਬਾਨ[6] ਜਾਂਦਾ ਹੈ ।

ਕਾਜ[7] ਹਮਾਰੇ[8] ਪੂਰੇ[9] ਸਤਗੁਰ ॥
The True Guru has arranged[9] my[8] affairs[7].
ਸੱਚੇ ਗੁਰਾਂ ਨੇ ਮੇਰੇ[8] ਕਾਰਜ[7] ਰਾਸ ਕਰ ਦਿੱਤੇ[9] ਹਨ ।

ਬਾਜੇ[10] ਅਨਹਦ ਤੂਰੇ[12] ਸਤਗੁਰ ॥੧॥ਰਹਾਉ॥	By the True Guru's grace, the celestial strain[12] resounds[10] within my mind. Pause.	ਸੱਚੇ ਗੁਰਾਂ ਦੀ ਦਇਆ ਦੁਆਰਾ, ਬੈਕੁੰਠੀ ਕੀਰਤਨ[12] ਮੇਰੇ ਹਿਰਦੇ ਅੰਦਰ ਗੂੰਜਦਾ[10] ਹੈ। ਠਹਿਰਾਉ।
ਮਹਿਮਾ[13] ਜਾਕੀ[14] ਗਹਿਰ[15] ਗੰਭੀਰ[16] ॥ ਹੋਇ ਨਿਹਾਲੁ[17] ਦੇਇ[18] ਜਿਸੁ[19] ਧੀਰ[20] ॥	Such is the Lord, whose[14] praise[13] is profound[15] and unfathomable[16]. He, whom[19] He blesses[18] with contentedness[20], becomes blissful[17].	ਐਸਾ ਹੈ ਸੁਆਮੀ ਜਿਸ ਦਾ[14] ਜੱਸ[13] ਡੂੰਘਾ[15] ਅਤੇ ਅਥਾਹ[16] ਹੈ। ਜਿਸ[19] ਨੂੰ ਉਹ ਸੰਤੋਖ[20] ਬਖ਼ਸ਼ਦਾ[18] ਹੈ ਉਹ ਅਨੰਦ ਪ੍ਰਸੰਨ[17] ਥੀ ਵੰਞਦਾ ਹੈ।
ਜਾ[21] ਕੇ ਬੰਧਨ[22] ਕਾਟੇ[23] ਰਾਇ[24] ॥ ਸੋ[25] ਨਰੁ[26] ਬਹੁਰਿ[27] ਨ ਜੋਨੀ[28] ਪਾਇ[29]॥ ੨॥	He whose[21] shackles[22] are shattered[23] by God, the King[24]; that[25] man[26] is not cast[29] into existences[28] again[27].	ਜਿਸ ਦੀਆਂ[21] ਬੇੜੀਆਂ[22] ਵਾਹਿਗੁਰੂ ਪਾਤਿਸ਼ਾਹ[24] ਨੇ ਕੱਟ ਛੱਡੀਆਂ[23] ਹਨ; ਉਹ[25] ਇਨਸਾਨ[26] ਮੁੜ ਕੇ[27] ਜੂਨੀਆਂ[28] ਵਿਚ ਨਹੀਂ ਪਾਇਆ[29] ਜਾਂਦਾ।
ਜਾ ਕੈ ਅੰਤਰਿ[30] ਪ੍ਰਗਟਿਓ[31] ਆਪ[32] ॥ ਤਾਕਉ[33] ਨਾਹੀ ਦੂਖ[34] ਸੰਤਾਪ[35] ॥	He, within[30] whom the Lord Himself[32] becomes manifest[31]; Him[33] pain[34] and sorrow[35] touch not.	ਜਿਸ ਦੇ ਅੰਦਰ[30] ਪ੍ਰਭੂ ਆਪੇ[32] ਪ੍ਰਤੱਖ ਹੋ ਵੰਞਦਾ[31] ਹੈ; ਉਸ[33] ਨੂੰ ਪੀੜ[34] ਅਤੇ ਪਛਤਾਵਾ[35] ਛੂਹਦੇ ਭੀ ਨਹੀਂ।
ਲਾਲੁ[36] ਰਤਨੁ[37] ਤਿਸੁ[38] ਪਾਲੈ[39] ਪਰਿਆ[40] ॥	Gathers[40] he in his[38] skirt[38] the gem[36] and pearl[37] of the Name.	ਨਾਮ ਦਾ ਜਵੇਹਰ[36] ਤੇ ਮੋਤੀ[37] ਉਸ ਦੀ[38] ਝੋਲੀ[39] ਵਿੱਚ ਆ ਟਿਕਦਾ[40] ਹੈ।
ਸਗਲ[41] ਕੁਟੰਬ[42] ਓਹੁ[43] ਜਨੁ ਲੈ[44] ਤਰਿਆ[45] ॥੩॥	Tha[43] man[44] swims across[45] with his entire[41] lineage[42].	ਉਹ[43] ਜੀਵ[44] ਆਪਣੀ ਸਮੂਹ[41] ਵੰਸ[42] ਸਮੇਤ (ਸੰਸਾਰ ਸਾਗਰ ਤੋਂ) ਪਾਰ ਉੱਤਰ ਜਾਂਦਾ[45] ਹੈ।
ਨਾ ਕਿਛੁ ਭਰਮੁ[46] ਨ ਦੁਬਿਧਾ[47] ਦੂਜਾ[48] ॥	Within Him there is no doubt[46], nor double mindedness[47] and duality[48].	ਉਸ ਦੇ ਅੰਦਰ ਨਾ ਸ਼ੱਕ-ਸ਼ੁਬ੍ਹਾ[46] ਹੈ, ਨਾ ਹੀ ਦੁਚਿੱਤਾ-ਪਣ[47] ਅਤੇ ਦਵੈਤ-ਭਾਵ[48]।
ਏਕੋ[49] ਏਕੁ ਨਿਰੰਜਨ[50] ਪੂਜਾ[51] ॥	He adores[51] but One[49] Immaculate Lord[50].	ਉਹ ਕੇਵਲ ਇੱਕ[49] ਪਵਿੱਤਰ ਪ੍ਰਭੂ[50] ਦੀ ਉਪਾਸ਼ਨਾ ਕਰਦਾ[51] ਹੈ।
ਜਤ ਕਤ[52] ਦੇਖਉ[53] ਆਪਿ[54] ਦਇਆਲ[55] ॥	Wherever[52] I see[53], I see the Merciful Master[55] Himself[54].	ਜਿੱਥੇ ਕਿਤੇ[52] ਮੈਂ ਵੇਖਦਾ[53] ਹਾਂ, ਮੈਂ ਖ਼ੁਦ[54] ਮਿਹਰਬਾਨ ਮਾਲਕ[55] ਨੂੰ ਵੇਖਦਾ ਹਾਂ।
ਕਹੁ[56] ਨਾਨਕ ਪ੍ਰਭ ਮਿਲੇ[57] ਰਸਾਲ[58] ॥੪॥੪॥੧੫॥	Says[56] Nanak, I have met[57] with my Lord, the Home of elixir[58].	ਗੁਰੂ ਜੀ ਫ਼ੁਰਮਾਉਂਦੇ[56] ਹਨ, ਮੈਂ, ਅੰਮ੍ਰਿਤ[58] ਦੇ ਘਰ, ਆਪਣੇ ਪ੍ਰਭੂ ਨਾਲ ਮਿਲ ਪਿਆ[57] ਹਾਂ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ।
ਤਨ[59] ਤੇ ਛੁਟਕੀ[60] ਅਪਨੀ[61] ਧਾਰੀ[62] ॥	Self-imposed[62] egoism[61] has left[60] my body[59].	ਖ਼ੁਦ ਗ੍ਰਹਿਣ ਕੀਤੀ ਹੋਈ[62] ਅਪਣਤ[61] ਮੇਰੀ ਦੇਹਿ[59] ਤੋਂ ਦੂਰ ਹੋ ਗਈ[60] ਹੈ।
ਪ੍ਰਭ ਕੀ ਆਗਿਆ[62] ਲਗੀ[63] ਪਿਆਰੀ[64] ॥	The Lord's will[62]*seems[63] dear[64] unto me.	ਪ੍ਰਭੂ ਦੀ ਰਜ਼ਾ[62]* ਮੈਨੂੰ ਲਾਡਲੀ[64] ਲਗਦੀ[63] ਹੈ।
ਜੋ ਕਿਛੁ[65] ਕਰੈ ਸੁ[66] ਮਨਿ ਮੇਰੈ ਮੀਠਾ[68] ॥	Whatever[65] He does, that[66] seems sweet[58] unto my mind.	ਜਿਹੜਾ ਕੁੱਝ[65] ਭੀ ਉਹ ਕਰਦਾ ਹੈ, ਉਹ[66] ਮੇਰੇ ਚਿੱਤ ਨੂੰ ਮਿਠੜਾ[68] ਲਗਦਾ ਹੈ।
ਤਾ[69] ਇਹੁ[70] ਅਚਰਜੁ[71] ਨੈਨਹੁ[72] ਡੀਠਾ[73] ॥੧॥	Then[68] see[73] I, my Wondrous Lord[71] with these[70] eyes[72] of mine.	ਤਦ[69] ਮੈਂ ਆਪਣੀਆਂ ਇਨ੍ਹਾਂ[70] ਅੱਖਾਂ[72] ਨਾਲ ਆਪਣੇ ਅਦਭੁੱਤ ਸਾਹਿਬ[71] ਨੂੰ ਵੇਖ ਲੈਂਦਾ[73] ਹਾਂ।

ਅਬ[74] ਮੋਹਿ[75] ਜਾਨੀ[76] ਰੇ[77] ਮੇਰੀ ਗਈ[78] ਬਲਾਇ[79] ॥

O[77], I[75] have now[74] become wise[76] and the demon[78] within me, has hastened away[78].

ੳ[77] ! ਮੈਂ[75] ਹੁਣ[74] ਸਿਆਣਾ[76] ਹੋ ਗਿਆ ਹਾਂ ਅਤੇ ਮੇਰੇ ਅੰਦਰ ਦਾ ਭੂਤਨਾ[79] ਭੱਜ ਗਿਆ[78] ਹੈ ।

ਬੁਝਿ[80] ਗਈ[78] ਤ੍ਰਿਸਨ[81] ਨਿਵਾਰੀ[82] ਮਮਤਾ[83] ਗੁਰਿ ਪੂਰੈ[84] ਲੀਓ ਸਮਝਾਇ[85] ॥ ੧॥ਰਹਾਉ॥

The desire[81] within me is quenched[80], my worldly love[83] is dispelled[82] and the Perfect[84] Guru has instructed[85] me. Pause.

ਮੇਰੀ ਅੰਦਰਲੀ ਖਾਹਿਸ਼[81] ਬੁੱਝ ਗਈ[80] ਹੈ । ਮੈਂਡਾ ਸੰਸਾਰੀ ਮੋਹ[83] ਦੂਰ ਹੋ ਗਿਆ[82] ਹੈ ਅਤੇ ਪੂਰਨ[84] ਗੁਰਾਂ ਨੇ ਮੈਨੂੰ ਸਿੱਖਮਤ[85] ਦੇ ਦਿੱਤੀ ਹੈ । ਠਹਿਰਾਉ ।

ਕਰਿ ਕਿਰਪਾ[86] ਰਾਖਿਓ ਗੁਰਿ ਸਰਨਾ[87] ॥

The Guru has mercifully[86] kept me under his protection[87].

ਮਿਹਰ ਧਾਰ ਕੇ[86] ਗੁਰਾਂ ਨੇ ਮੈਨੂੰ ਆਪਣੀ ਪਨਾਹ[87] ਹੇਠਾਂ ਰੱਖਿਆ ਹੈ ।

ਗੁਰਿ ਪਕਰਾਏ[88] ਹਰਿ ਕੇ ਚਰਨਾ[89] ॥

The Guru has made me cling[88] to the Lord's feet[89].

ਗੁਰਾਂ ਨੇ ਮੈਨੂੰ ਪ੍ਰਭੂ ਦੇ ਪੈਰ[89] ਪਕੜਾ ਦਿੱਤੇ[88] ਹਨ ।

ਬੀਸ ਬਿਸੁਏ[90] ਜਾ[91] ਮਨ[92] ਠਹਰਾਨੇ[93] ॥ ਗੁਰ ਪਾਰਬ੍ਰਹਮ[94] ਏਕੈ[95] ਹੀ ਜਾਨੇ[96] ॥੨॥

When[91] this mind[92] is wholly[90] held[93] then mortal deems[96] Guru and God[94] as one and the same[95].

ਜਦ[91] ਮਨੂਆ[92] ਮੁਕੰਮਲ ਤੌਰ ਤੇ[90] ਸਥਿਰ ਹੋ ਜਾਂਦਾ[93] ਹੈ, ਤਾਂ ਪ੍ਰਾਣੀ ਗੁਰੂ ਤੇ ਵਾਹਿਗੁਰੂ[94] ਨੂੰ ਐਨ ਇੱਕ ਹੀ[95] ਜਾਣ ਲੈਂਦਾ[96] ਹੈ ।

ਜੋ ਜੋ[97] ਕੀਨੋ[98] ਹਮ ਤਿਸ[99] ਕੇ ਦਾਸ[100] ॥

Who-so-ever[97] Thou hast created[98], O Lord, I am his[99] slave[100].

ਜਿਹੜਾ ਕੋਈ ਭੀ[97] ਤੂੰ ਰੱਚਿਆ[98] ਹੈ, ਹੇ ਪ੍ਰਭੂ ! ਮੈਂ ਉਸ[99] ਦਾ ਗੋਲਾ[100] ਹਾਂ ।

ਪ੍ਰਭੁ ਮੇਰੇ ਕੋ ਸਗਲ[2] ਨਿਵਾਸ[3] ॥

My Master abides[3] amidst all[2].

ਮੈਂਡਾ ਮਾਲਕ ਸਾਰਿਆਂ[2] ਦੇ ਅੰਦਰ ਵਸਦਾ[3] ਹੈ ।

ਨਾ ਕੋ ਦੂਤੁ[4] ਨਹੀ ਬੈਰਾਈ[5] ॥

I have no enemy[4], nor an adversary[5].

ਮੇਰਾ ਕੋਈ ਦੁਸ਼ਮਨ[4] ਨਹੀਂ, ਨਾ ਹੀ ਕੋਈ ਵੈਰੀ[5] ਹੈ ।

ਗਲਿ ਮਿਲਿ[6] ਚਾਲੇ[7] ਏਕੈ ਭਾਈ[8] ॥੩॥

Locked in embrace[6] like brothers[8], I now walk[7] along with all.

ਭਰਾਵਾਂ[8] ਦੀ ਮਾਨੰਦ ਜੱਫੀ ਪਾ ਕੇ[6], ਮੈਂ ਹੁਣ ਸਾਰਿਆਂ ਦੇ ਨਾਲ ਤੁਰਦਾ[7] ਹਾਂ ।

ਜਾਕਉ ਗੁਰਿ ਹਰਿ[16] ਦੀਏ[9] ਸੂਖਾ[10] ॥ ਤਾਕਉ[12] ਬਹੁਰਿ[13] ਨ ਲਾਗਹਿ[14] ਦੂਖਾ[15] ॥

He, whom the Guru-God[16] biesses[9] with peace[10], Him[12] pain[15] touches[14] not again[13].

ਜਿਸ ਨੂੰ ਗੁਰੂ-ਪਰਮੇਸ਼ਰ[11] ਆਰਾਮ[10] ਬਖਸ਼ਦੇ[9] ਹਨ, ਉਸ[12] ਨੂੰ ਪੀੜ[15] ਮੁੜ ਕੇ[13] ਛੂੰਹਦੀ[14] ਨਹੀਂ ।

ਆਪੇ ਆਪਿ[17] ਸਰਬ[18] ਪ੍ਰਤਿਪਾਲ[19] ॥

The Lord Himself[10] cherishes[19] all[18].

ਸੁਆਮੀ ਖ਼ੁਦ-ਬ-ਖ਼ੁਦ[17] ਹੀ ਸਾਰਿਆਂ[18] ਦੀ ਪਰਵਰਸ਼ ਕਰਦਾ[19] ਹੈ ।

ਨਾਨਕ ਰਾਤਉ[20] ਰੰਗਿ[21] [22]ਗੋਪਾਲ[23] ॥੪॥੫॥੧੬॥

Nanak is imbued[20] with the love[21] of the World[22]-Cherisher[23].

ਨਾਨਕ, ਸੰਸਾਰ[22] ਦੇ ਪਾਲਣ ਪੋਸਣਹਾਰ[23] ਦੀ ਪ੍ਰੀਤ[21] ਨਾਲ ਰੰਗਿਆ ਹੋਇਆ[20] ਹੈ ।

ਰਾਮਕਲੀ ਮਹਲਾ ੫ ॥

Ramkali 5th Guru.

ਰਾਮਕਲੀ ਪੰਜਵੀਂ ਪਾਤਿਸ਼ਾਹੀ ।

ਮੁਖ[24] ਤੇ ਪੜਤਾ[25] ਟੀਕਾ[26] ਸਹਿਤ[27] ॥

With thy mouth[24], thou readest[25] the scriptures with[27] their commentaries[26].

ਆਪਣੇ ਮੂੰਹ[24] ਨਾਲ ਤੂੰ ਧਾਰਮਕ ਗ੍ਰੰਥਾਂ ਨੂੰ ਉਨ੍ਹਾਂ ਦੇ ਅਰਥਾਂ[26] ਸਮੇਤ[27] ਵਾਚਦਾ[25] ਹੈਂ ।

ਹਿਰਦੈ[28] ਰਾਮੁ[29] ਨਹੀ ਪੂਰਨ[30] ਰਹਤ[31] ॥

But the Omnipresent[30] Lord[29] abides[31] not in thy mind[28].

ਪ੍ਰੰਤੂ ਸਰਬ ਵਿਆਪਕ[30] ਸੁਆਮੀ[29] ਤੇਰੇ ਰਿਦੇ[28] ਅੰਦਰ ਨਿਵਾਸ[31] ਨਹੀਂ ਰਖਦਾ ।

ਉਪਦੇਸੁ ਕਰੇ[32] ਕਰਿ ਲੋਕ[33] ਦ੍ਰਿੜਾਵੈ[34] ॥	Thou instructest[32] men[33] to be firm[34] in their faith.	ਤੂੰ ਲੋਕਾਂ[33] ਨੂੰ ਆਪਣੇ ਧਰਮ ਅੰਦਰ ਪੱਕੇ[34] ਰਹਿਣ ਲਈ ਸਿਖਮਤ ਦਿੰਦਾ[32] ਹੈਂ।
ਅਪਨਾ ਕਹਿਆ[35] ਆਪਿ[36] ਨ ਕਮਾਵੈ[37] ॥੧॥	Thou Thyself[36] practisest[37] not what thou preachest[35].	ਜੋ ਉਪਦੇਸ਼[35] ਤੂੰ ਦਿੰਦਾ ਹੈਂ, ਤੂੰ ਖੁਦ[36] ਉਸ ਉੱਤੇ ਅਮਲ[37] ਨਹੀਂ ਕਰਦਾ।
ਪੰਡਿਤ[38] ਬੇਦੁ ਬੀਚਾਰਿ[39] ਪੰਡਿਤ ॥ ਮਨ[40] ਕਾ ਕ੍ਰੋਧੁ[41] ਨਿਵਾਰਿ[42] ਪੰਡਿਤ ॥੧॥ ਰਹਾਉ॥	O learned[38] Pandit, reflect[28] thou over the Vedas and banish[42] thy mind's[43] anger[41], O Pandit. Pause.	ਹੇ ਵਿਦਵਾਨ[38] ਪੰਡਤ ! ਤੂੰ ਵੇਦਾਂ ਨੂੰ ਸੋਚ ਸਮਝ[39] ਅਤੇ ਆਪਣੇ ਚਿੱਤ[10] ਦੇ ਗੁੱਸੇ[41] ਨੂੰ ਦੂਰ ਕਰ[42] ਦੇ, ਹੇ ਪੰਡਤ ! ਠਹਿਰਾਉ
ਟਟ		
ਆਗੈ[43] ਰਾਖਿਓ[44] ਸਾਲ ਗਿਰਾਮੁ[45] ॥ ਮਨੁ ਕੀਨੋ ਦਹ[46] ਦਿਸ[47] ਬਿਸ੍ਰਾਮੁ[48] ॥	In front[43] of thee, thou hast placed[44] the stone-god[45], but thy mind wanders[48] in ten[46] directions[47].	ਆਪਣੇ ਮੂਹਰੇ[43] ਤੂੰ ਪੱਥਰ ਦਾ ਦੇਵਤਾ[45] ਰੱਖਿਆ ਹੋਇਆ[44] ਹੈ ਪ੍ਰੰਤੂ ਤੇਰਾ ਮਨੂਆ ਦਸੀਂ[48] ਪਾਸੀਂ[47] ਭਟਕਦਾ[48] ਫਿਰਦਾ ਹੈ।
ਤਿਲਕੁ[49] ਚਰਾਵੈ[50] ਪਾਈ[51] ਪਾਇ[52] ॥	Thou puttest[50] a frontal mark[49] on the stone-god and fallest[52] at its feet[51].	ਤੂੰ ਪੱਥਰ ਦੇ ਦੇਵਤੇ ਨੂੰ ਟਿੱਕਾ[49] ਲਾਉਂਦਾ[50] ਹੈਂ ਅਤੇ ਇਸ ਦੇ ਪੈਰੀਂ[51] ਪੈਂਦਾ[52] ਹੈਂ।
ਲੋਕ[53] ਪਚਾਰਾ[54] ਅੰਧੁ[55] ਕਮਾਇ[56] ॥੨॥	Thou pleasest[54] the people[63] and actest[56] blindly[55].	ਤੂੰ ਲੋਕਾਂ[53] ਨੂੰ ਖੁਸ਼ ਕਰਦਾ[54] ਹੈਂ ਅਤੇ ਅੰਨ੍ਹੇ[55] ਕੰਮ ਕਰਦਾ[56] ਹੈਂ।
ਖਟੁ[57] ਕਰਮਾ[58] ਅਰੁ[59] ਆਸਣੁ[60] ਧੋਤੀ[61] ॥	Thou performest six[57] religious rites[58], spreadst the sitting cloth[60], and[59] wearest thy lion-cloth[61].	ਤੂੰ ਛੇ[57] ਧਾਰਮਕ ਸੰਸਕਾਰ[58] ਕਰਦਾ ਹੈਂ, ਆਪਣੇ ਬੈਠਣ ਵਾਲਾ ਕਪੜਾ[60] ਵਿਛਾਉਂਦਾ ਹੈਂ ਅਤੇ[59] ਆਪਣੇ ਤੇੜ ਚਾਦਰ[61] ਪਾਉਂਦਾ ਹੈਂ।
ਭਾਗਠਿ[62] ਗ੍ਰਿਹਿ[63] ਪੜੈ ਨਿਤ[64] ਪੋਥੀ[65] ॥	In the wealthy[62] homes[63], thou ever[64] readest sacred books[65].	ਅਮੀਰ[62] ਘਰਾਂ[63] ਵਿੱਚ ਤੂੰ ਸਦਾ[64] ਪਵਿੱਤਰ ਪੁਸਤਕਾਂ[65] ਵਾਚਦਾ ਹੈਂ।
ਮਾਲਾ[66] ਫੇਰੈ ਮੰਗੈ[67] ਬਿਭੂਤ[68] ॥	Thou tellest the rosary[66] and askest[67] for wealth[68].	ਤੂੰ ਜਪੁਨੀ[66] ਫੇਰਦਾ ਹੈਂ ਅਤੇ ਧਨ[68] ਦੀ ਜਾਚਨਾ ਕਰਦਾ[67] ਹੈਂ।
ਇਹ ਬਿਧਿ[69] ਕੋਇ ਨ ਤਰਿਓ[70] ਮੀਤ[71] ॥੩॥	In this way[69] none has ever been saved[70], O friend[71].	ਇਸ ਰਤੀ[69] ਨਾਲ ਕਦੇ ਭੀ ਕੋਈ ਪਾਰ[70] ਨਹੀਂ ਉੱਤਰਿਆ, ਹੇ ਮਿੱਤ੍ਰ[71] !
ਸੋ[72] ਪੰਡਿਤੁ[73] ਗੁਰ ਸਬਦੁ[74] ਕਮਾਇ[75] ॥ ਤ੍ਰੈ[76] ਗੁਣ[77] ਕੀ ਓਸੁ ਉਤਰੀ[78] ਮਾਇ[79] ॥	He[72] alone is the scholar[73], who practises[75] the Guru's instruction[74]. Mammon[79] of three[76] qualities[77] departs[78] from him.	ਕੇਵਲ ਉਹ[12] ਹੀ ਆਲਮ[73] ਹੈ, ਜੋ ਗੁਰਾਂ ਦੇ ਉਪਦੇਸ਼[74] ਤੇ ਅਮਲ ਕਰਦਾ[75] ਹੈ। ਤਿੰਨਾਂ[76] ਲੱਛਣਾਂ[77] ਵਾਲੀ ਮਾਇਆ[79] ਉਸ ਕੋਲੋਂ ਦੂਰ ਹੋ ਜਾਂਦੀ[78] ਹੈ।
ਚਤੁਰ[80] ਬੇਦ ਪੂਰਨ[81] ਹਰਿ ਨਾਇ ॥ ਨਾਨਕ ਤਿਸ[82] ਕੀ ਸਰਣੀ[83] ਪਾਇ[84] ॥੪॥੬॥ ੧੭॥	Nanak has sought[84] the protection[83] of that[82] Lord, within whose Name the four[80] Vedas are fully-contained[81].	ਨਾਨਕ ਨੇ ਉਸ[82] ਪ੍ਰਭੂ ਦੀ ਪਨਾਹ[83] ਲਈ[84] ਹੈ ਜਿਸ ਦੇ ਨਾਮ ਅੰਦਰ ਚਾਰੇ[80] ਵੇਦ ਪੂਰੀ ਤਰ੍ਹਾਂ ਸਮਾਏ ਹੋਏ[81] ਹਨ।

ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਕੋਟਿ[85] ਬਿਘਨ[86] ਨਹੀ ਆਵਹਿ ਨੇਰਿ[87] ॥ ਅਨਿਕ[88] ਮਾਇਆ[89] ਹੈ ਤਾ ਕੀ[90] ਚੇਰਿ[91] ॥ ਅਨਿਕ[92] ਪਾਪ[93] ਤਾ ਕੇ ਪਾਨੀਹਾਰ[94] ॥ ਜਾ ਕਉ[95] ਮਇਆ[96] ਭਈ ਕਰਤਾਰ[97] ॥੧॥	Millions[85] of tribulations[86] draw not near[87] him, the various[88] secular attachments[89] are his[90] hand-maidens[91], myriads[92] of sins[93] are his water-carriers[94]; he on whom[85] is the grace[86] of the Creator[87].	ਕ੍ਰੋੜਾਂ ਹੀ ਆਫ਼ਤਾਂ[86] ਉਸ ਦੇ ਨੇੜੇ[87] ਨਹੀਂ ਆਉਂਦੀਆਂ, ਅਨੇਕਾਂ[88] ਹੀ ਮਾਇਕ ਖਿੱਚਾਂ[89] ਉਸ ਦੀਆਂ[90] ਟਹਿਲਣਾਂ[91] ਹਨ, ਅਨੇਕਾਂ[92] ਹੀ ਪਾਪ[93] ਉਸ ਦੇ ਮਸ਼ਕੀ[94] ਹਨ; ਉਹ, ਜਿਸ[95] ਉੱਤੇ ਸਿਰਜਣਹਾਰ[97] ਦੀ ਮਿਹਰ[96] ਹੈ ।
ਜਿਸਹਿ ਸਹਾਈ[98] ਹੋਇ ਭਗਵਾਨ[99] ॥ ਅਨਿਕ[100] ਜਤਨ[2] ਉਆ[3] ਕੈ ਸਰੰਜਾਮ[4] ॥੧॥ਰਹਾਉ॥	He whose helper[98] is the Fortunate Lord[89]; his[3] various[100] efforts[2] bear fruit[4]. Pause.	ਜਿਸ ਦਾ ਮਦਦਗਾਰ[98] ਭਾਗਾ ਵਾਲਾ ਪ੍ਰਭੂ[99] ਹੈ; ਉਸ ਦੇ[3] ਅਨੇਕਾਂ[100] ਉਪਰਾਲੇ[2] ਸਫ਼ਲ ਹੋ ਜਾਂਦੇ[4] ਹਨ । ਠਹਿਰਾਉ ।
ਕਰਤਾ[5] ਰਾਖੈ[6] ਕੀਤਾ[7] ਕਉਨੁ[8] ॥	What[8] harm can the creature[7] do to him, whom the Creator-Lord preserves[6]?	ਰੱਬ ਦਾ ਸਾਜਿਆ[7] ਹੋਇਆ ਉਸ ਦਾ ਕੀ[8] ਨੁਕਸਾਨ ਕਰ ਸਕਦਾ ਹੈ, ਜਿਸ ਦੀ ਰੱਖਿਆ[6] ਸਿਰਜਣਹਾਰ[5] ਸੁਆਮੀ ਕਰਦਾ ਹੈ ?
ਕੀਰੀ[9] ਜੀਤੋ[10] ਸਗਲਾ[12] ਭਵਨੁ[13] ॥	Then even an ant[9] can conquer[10] the whole[12] world[13].	ਤਦ ਇੱਕ ਕੀੜੀ[9] ਭੀ ਸਾਰੇ[12] ਸੰਸਾਰ[13] ਨੂੰ ਜਿੱਤ[10] ਸਕਦੀ ਹੈ ।
ਬੇਅੰਤ[14] ਮਹਿਮਾ[15] ਤਾਕੀ[16] ਕੇਤਕ[17] ਬਰਨ[18] ॥	Infinite[14] is His[16] praise[15]. To what extent[17] can I narrate[18] it ?	ਅਨੰਤ[14] ਹੈ ਉਸ[16] ਦੀ ਕੀਰਤੀ[15] । ਮੈਂ ਉਸ ਨੂੰ ਕਿਸ ਹਦ ਤਾਂਈਂ[17] ਵਰਣਨ[18] ਕਰ ਸਕਦਾ ਹਾਂ ?
ਬਲਿ[19] ਬਲਿ ਜਾਈਐ ਤਾ ਕੇ[20] ਚਰਨ[21] ॥੨॥	I am a sacrifice[19], a sacrifice unto His[20] feet[21]	ਮੈਂ ਉਸ[20] ਦੇ ਪੈਰਾਂ[21] ਉਤੋਂ ਘੋਲੀ, ਘੋਲੀ[19] ਵੰਞਦਾ ਹਾਂ ।
ਤਿਨ[22] ਹੀ ਕੀਆ ਜਪੁ[23] ਤਪੁ[24] ਧਿਆਨੁ[25] ॥ ਅਨਿਕ[26] ਪ੍ਰਕਾਰ[27] ਕੀਆ ਤਿਨਿ ਦਾਨੁ[28] ॥ ਭਗਤੁ[29] ਸੋਈ ਕਲਿ[30] ਮਹਿ[31] ਪਰਵਾਨੁ[32] ॥ ਜਾ ਕਉ[33] ਠਾਕਰਿ ਦੀਆ[34]ਮਾਨੁ[35]॥੩॥	He[22] alone is the performer of worship[23], penance[24] and contemplation[25]; he alone is the giver of the various[26] sorts[27] of alms[28] and he alone is the approved[32] saint[29] in[31] the Darkage[30], whom[33] the Lord blesses[34] with honour[35].	ਕੇਵਲ ਉਹ[22] ਹੀ ਉਪਾਸ਼ਨਾ[23], ਤਪੱਸਿਆ[24] ਅਤੇ ਚਿੰਤਨ[25] ਕਰਨ ਵਾਲਾ ਹੈ; ਕੇਵਲ ਉਹ ਹੀ ਅਨੇਕਾਂ[26] ਕਿਸਮਾਂ[27] ਦੇ ਦਾਨ ਪੁੰਨ[28] ਦੇਣ ਵਾਲਾ ਹੈ ਅਤੇ ਕੇਵਲ ਉਹ ਹੀ ਕਲਜੁੱਗ[30] ਅੰਦਰ[31] ਪ੍ਰਮਾਣੀਕ[32] ਸੰਤ[29] ਹੈ, ਜਿਸ[33] ਨੂੰ ਪ੍ਰਭੂ ਇੱਜ਼ਤ-ਆਬਰੂ[35] ਪ੍ਰਦਾਨ ਕਰਦਾ[34] ਹੈ ।
ਸਾਧਸੰਗਿ[36] ਮਿਲਿ[37] ਭਏ ਪ੍ਰਗਾਸਿ[38] ॥ ਸਹਜ ਸੂਖ[39] ਆਸ[40] ਨਿਵਾਸ[41] ॥	Joining[37] the saints' society[36], I am illumined[38]. I have attained spiritual bliss[39] and my hopes[40] are fulfilled[41].	ਸਤਿ-ਸੰਗਤ[36]ਨਾਲ ਜੁੜ ਕੇ[37] ਮੈਂ ਪ੍ਰਕਾਸ਼ਵਾਨ ਹੋ ਗਿਆ[38] ਹਾਂ । ਮੈਨੂੰ ਆਤਮਕ ਆਨੰਦ[39] ਪ੍ਰਾਪਤ ਹੋ ਗਿਆ ਹੈ ਅਤੇ ਮੇਰੀਆਂ ਉਮੈਦਾਂ[40] ਪੂਰੀਆਂ ਹੋ ਗਈਆਂ[41] ਹਨ ।
ਪੂਰੈ[42] ਸਤਿਗੁਰਿ ਦੀਆ[43] ਬਿਸਾਸ[44] ॥	The Perfect[42] True Guru has blessed[43] me with faith[44].	ਪੂਰਨ[42] ਸੱਚੇ ਗੁਰਾਂ ਨੇ ਮੈਨੂੰ ਭਰੋਸਾ[44] ਬਖਸ਼ਿਆ[43] ਹੈ ।
ਨਾਨਕ ਹੋਏ ਦਾਸਨਿ ਦਾਸ[45] ੪॥੭॥੧੮॥	Nanak has become the slave[45] of the Lord's slaves.	ਨਾਨਕ, ਪ੍ਰਭੂ ਦੇ ਗੋਲਿਆਂ ਦਾ ਗੋਲਾ[45] ਹੋ ਗਿਆ ਹੈ ।

ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਦੋਸੁ[46] ਨ ਦੀਜੈ ਕਾਹੂ ਲੋਗ[47]॥	Find thou fault[46] with none, O man[47].	ਤੂੰ ਕਿਸੇ ਤੇ ਭੀ ਇਲਜ਼ਾਮ[46] ਨਾ ਲਾ, ਹੇ ਇਨਸਾਨ[47] !
ਜੋ[48] ਕਮਾਵਨੁ[49] ਸੋਈ[50] ਭੋਗ[51] ॥	What[48] thou sowest[49], that[50] alone thou reapest[51].	ਜਿਹੜਾ ਕੁੱਛ[48] ਤੂੰ ਬੀਜਦਾ[49] ਹੈਂ, ਕੇਵਲ ਉਹ[50] ਹੀ ਤੂੰ ਵੱਢਦਾ[51] ਹੈਂ ।
ਆਪਨ ਕਰਮ[52] ਆਪੇ[53] ਹੀ ਬੰਧ[54] ॥	By thine deeds[52], thou hast bound[54] thyself[53].	ਆਪਣੇ ਅਮਲਾਂ[52] ਦੁਆਰਾ ਤੂੰ ਆਪਣੇ ਆਪ[53] ਨੂੰ ਬੰਨ੍ਹ ਲਿਆ[54] ਹੈ ।
ਆਵਨੁ[55] ਜਾਵਨੁ[56] ਮਾਇਆ[57] ਧੰਧ[58] ॥੧॥	Involved in worldly[57] affairs[58], thou shalt continue coming[55] and going[56].	ਸੰਸਾਰੀ[57] ਵਿਹਾਰਾਂ[58] ਅੰਦਰ ਫਸ ਕੇ, ਤੂੰ ਜੰਮਦਾ[55] ਤੇ ਮਰਦਾ[56] ਰਹੇਂਗਾ ।
ਐਸੀ[59] ਜਾਨੀ[60] ਸੰਤ ਜਨੀ[61]॥	The pious persons[61] alone possess such[59] understanding[60].	ਕੇਵਲ ਪਵਿੱਤਰ ਪੁਰਸ਼ਾਂ[61] ਨੂੰ ਹੀ ਐਹੋ ਜੇਹੀ[59] ਗਿਆਤ[60] ਹੁੰਦੀ ਹੈ ।
ਪਰਗਾਸੁ[62] ਭਇਆ ਪੂਰੇ[63] ਗੁਰ ਬਚਨੀ[64] ॥੧॥ਰਹਾਉ॥	Through the hymns[64] of the Perfect[63] Guru, man's mind is illumined[62]. Pause.	ਪੂਰਨ[63] ਗੁਰਾਂ ਦੀ ਬਾਣੀ[64] ਰਾਹੀਂ ਇਨਸਾਨ ਦਾ ਮਨ ਰੌਸ਼ਨ[62] ਹੋ ਜਾਂਦਾ ਹੈ । ਠਹਿਰਾਉ ।
ਤਨੁ[65] ਧਨੁ[66] ਕਲਤੁ[67] ਮਿਥਿਆ[68] ਬਿਸਥਾਰ[69] ॥	The body[65], riches[66], wife[67] and other ostentations[69] are false[68].	ਦੇਹ[65], ਦੌਲਤ[66], ਪਤਨੀ[67] ਤੇ ਹੋਰ ਅਡੰਬਰ[69] ਕੂੜੇ[68] ਹਨ ।
ਹੈਵਰ[70] ਗੈਵਰ[71] ਚਾਲਨਹਾਰ[72] ॥	The horses[70] and elephants[71] are liable to depart[72].	ਘੋੜੇ[70] ਅਤੇ ਹਾਥੀ[71] ਟੁਰ ਜਾਣ ਵਾਲੇ[72] ਹਨ ।
ਰਾਜ[73] ਰੰਗ[74] ਰੂਪ[75] ਸਭਿ[77] ਕੂਰ[76] ॥	Kingdom[73], worldly love[74] and beauty[75] are all[77] false[76].	ਪਾਤਿਸ਼ਾਹੀ[73], ਸੰਸਾਰੀ ਮੋਹ[74] ਅਤੇ ਸੁੰਦਰਤਾ[75] ਸਮੂਹ[77] ਕੂੜੇ[76] ਹਨ ।
ਨਾਮ ਬਿਨਾ[78] ਹੋਇ ਜਾਸੀ ਧੂਰ[79] ॥੨॥	Without[78] the Name, everything is reduced to dust[79].	ਨਾਮ ਦੇ ਬਾਝੋਂ[78] ਹਰ ਵਸਤੂ ਘੱਟਾ ਮਿੱਟੀ[79] ਹੋ ਜਾਂਦੀ ਹੈ ।
ਭਰਮਿ[80] ਭੂਲੇ[81] ਬਾਦਿ[82] ਅਹੰਕਾਰੀ[83] ॥	The proud persons[83] stray[81] in useless[82] doubt[80].	ਅਭਿਮਾਨੀ ਪੁਰਸ਼[83] ਵਿਅਰਥ[82] ਸੰਦੇਹ[80] ਅੰਦਰ ਭੁੱਲੇ ਹੋਏ[81] ਹਨ ।
ਸੰਗਿ[84] ਨਾਹੀ ਰੇ[85] ਸਗਲ[86] ਪਸਾਰੀ[87] ॥	O[85], nothing out of the entire[86] display[87] shall go with[84] the man.	ਓ[85], ਸਾਰੇ[86] ਪਸਾਰੇ[87] ਵਿਚੋਂ ਕੁੱਛ ਭੀ ਬੰਦੇ ਦੇ ਨਾਲ[84] ਨਹੀਂ ਜਾਣਾ ।
ਸੋਗ[88] ਹਰਖ[89] ਮਹਿ[90] ਦੇਹ[91] ਬਿਰਧਾਨੀ[92] ॥	In[80] weal[89] and woe[88] the body[81] is aging[92].	ਖ਼ੁਸ਼ੀ[89] ਅਤੇ ਗ਼ਮੀ[88] ਅੰਦਰ[90] ਸਰੀਰ[91] ਬੁੱਢਾ ਹੋ ਰਿਹਾ[92] ਹੈ ।
ਸਾਕਤ[93] ਇਵ[94] ਹੀ ਕਰਤ[95] ਬਿਹਾਨੀ[96] ॥੩॥	Thus[94] doing[85], the life of the mammon-worshipper[83] is passing away[96].	ਇਸ ਤਰ੍ਹਾਂ[94] ਕਰਦਿਆਂ[95] ਹੋਇਆਂ ਮਾਇਆ ਦੇ ਉਪਾਸ਼ਕ[93] ਦੀ ਉਮਰ ਬੀਤਦੀ ਜਾ ਰਹੀ[96] ਹੈ ।
ਹਰਿ ਕਾ ਨਾਮੁ ਅੰਮ੍ਰਿਤੁ[97] ਕਲਿ[98] ਮਾਹਿ[99] ॥	God's Name is the only Nectar[97] in[88] the Darkage[98].	ਕੇਵਲ ਰੱਬ ਦਾ ਨਾਮ ਹੀ ਕਲਜੁਗ[98] ਵਿੱਚ[99] ਆਬਿ-ਹਯਾਤ[97] ਹੈ ।
ਏਹੁ ਨਿਧਾਨਾ[100] ਸਾਧੂ ਪਾਹਿ[2] ॥	This treasure[100] is obtained[2] from the Lord's saint.	ਇਹ ਖ਼ਜ਼ਾਨਾ[100] ਕਿਸੇ ਹਰੀ-ਭਗਤ ਪਾਸੋਂ ਪ੍ਰਾਪਤ[2] ਹੁੰਦਾ ਹੈ ।

ਨਾਨਕ ਗੁਰੁ ਗੋਵਿਦੁ[3] ਜਿਸੁ[4] ਤੂਠਾ[5] ॥ ਘਟਿ ਘਟਿ[6] ਰਮਈਆ[7] ਤਿਨ[8] ਹੀ ਡੀਠਾ[9] ॥੪॥੮॥੧੯॥

Nanak, he on whom[4] the Guru-God[3] is merciful[5]; he[8] sees[8] the Lord[7] contained amongst all the hearts[6].

ਨਾਨਕ, ਜਿਸ[4] ਦੇ ਉਤੇ ਗੁਰੂ-ਪ੍ਰਮੇਸ਼ਰ[3] ਮਿਹਰਬਾਨ[5] ਹੈ; ਉਹ[8] ਸੁਆਮੀ[7] ਨੂੰ ਸਾਰਿਆਂ[6] ਦਿਲਾਂ ਅੰਦਰ ਵਿਆਪਕ ਵੇਖਦਾ[9] ਹੈ ।

ਰਾਮਕਲੀ ਮਹਲਾ ੫ ॥

Ramkali 5th Guru.

ਰਾਮਕਲੀ ਪੰਜਵੀਂ ਪਾਤਿਸ਼ਾਹੀ ।

ਪੰਚ[10] ਸਬਦ[12] ਤਹ[13] ਪੂਰਨ[14] ਨਾਦ[15] ॥

There[13] in the saints' society are the full[14] sounds[15] of the melody[12] of the five[10] musical instruments.

ਓਥੇ[13] ਸਤਿਸੰਗਤ ਅੰਦਰ ਪੰਜ[10] ਸੰਗੀਤਕ ਸਾਜ਼ਾਂ ਦੀ ਧੁਨੀ[12] ਦੀਆਂ ਪੂਰੀਆਂ[14] ਆਵਾਜ਼ਾਂ[15] ਹਨ ।

ਅਨਹਦ[16] ਬਾਜੇ[17] ਅਚਰਜ[18] ਬਿਸਮਾਦ[19] ॥

Without being struck[16], they play[17] wondrously[18] and marvellously[19].

ਬਿਨਾ ਵਜਾਏ[16] ਦੇ, ਉਹ ਅਸਚਰਜ[18] ਅਤੇ ਅਦਭੁਤ ਤਰੀਕੇ ਨਾਲ[19] ਵਜਦੇ[17] ਹਨ ।

ਖੇਲ[20] ਕਰਹਿ ਸੰਤ ਹਰਿ ਲੋਗ[21] ॥

There the saints, God's people[21] play[20] with their Lord.

ਵਾਹਿਗੁਰੂ ਦੇ ਬੰਦੇ[21], ਸਾਧੂ ਓਥੇ ਆਪਣੇ ਸੁਆਮੀ ਨਾਲ ਖੇਡਦੇ[20] ਹਨ ।

ਪਾਰਬ੍ਰਹਮ[22] ਪੂਰਨ[23] ਨਿਰਜੋਗ[24] ॥੧॥

Remaining perfectly[23] detached[24], the saints contemplate their Supreme Lord[22].

ਪੂਰੀ ਤਰ੍ਹਾਂ[23] ਨਿਰਲੇਪ ਰਹਿੰਦੇ ਹੋਏ[24], ਸੰਤ ਆਪਣੇ ਸ੍ਰੇਸ਼ਟੀ ਸਾਹਿਬ[22] ਦਾ ਸਿਮਰਨ ਕਰਦੇ ਹਨ ।

ਸੂਖ[25] ਸਹਜ[26] ਆਨੰਦ[27] ਭਵਨ[28] ॥

Saints' conregation is the seat[28] of peace[25], poise[26] and pleasure[27].

ਸਾਧ ਸੰਗਤ ਆਰਾਮ[25], ਅਡੋਲਤਾ[26] ਅਤੇ ਪ੍ਰਸੰਨਤਾ[27] ਦਾ ਅਸਥਾਨ[28] ਹੈ ।

ਸਾਧਸੰਗਿ[37] ਬੈਸਿ[29] ਗੁਣ[30] ਗਾਵਹਿ[31] ਤਹ[32] ਰੋਗ[33] ਸੋਗ[34] ਨਹੀ ਜਨਮ[35] ਮਰਨ[36] ॥੧॥ਰਹਾਉ॥

The galaxy of the saints[37] sit[29] and sing[31] the Lord's praises[30]. There is no malady[33], sorrow[34], birth[35] and death[36] there[32]. Pause.

ਸਤਿਸੰਗਤ[37] ਬੈਠ ਕੇ[27] ਸੁਆਮੀ ਦੀਆਂ ਸਿਫਤਾਂ[30] ਗਾਇਨ[31] ਕਰਦੀ ਹੈ । ਉਥੇ[32] ਬੀਮਾਰੀ[33], ਅਫ਼ਸੋਸ[34], ਜੰਮਣਾ[35] ਅਤੇ ਮਰਨਾ[36] ਨਹੀਂ । ਠਹਿਰਾਉ ।

ਊਹਾ[38] ਸਿਮਰਹਿ[39] ਕੇਵਲ[40] ਨਾਮੁ ॥

There[38], only[40] the Lord's Name is meditated[39] upon.

ਓਥੇ[38] ਸਿਰਫ਼[40] ਸੁਆਮੀ ਦੇ ਨਾਮ ਦਾ ਹੀ ਆਰਾਧਨ[39] ਕੀਤਾ ਜਾਂਦਾ ਹੈ ।

ਬਿਰਲੇ[41] ਪਾਵਹਿ ਓਹੁ[42] ਬਿਸ੍ਰਾਮੁ[43] ॥

Rare[41] are they, who attain to that[42] seat of rest[43].

ਬਹੁਤ ਥੋੜ੍ਹੇ ਹਨ ਉਹ ਜੋ ਉਸ[42] ਆਰਾਮ ਦੇ ਅਸਥਾਨ[43] ਨੂੰ ਪਾਉਂਦੇ ਹਨ ।

ਟਟੇ

ਭੋਜਨੁ[44] ਭਾਉ[45] ਕੀਰਤਨ[46] ਆਧਾਰੁ[47] ॥

The Lord's love[45] is their food[44] and the singing of His praise[46] their support[47].

ਪ੍ਰਭੂ ਦਾ ਪ੍ਰੇਮ[45] ਉਨ੍ਹਾਂ ਦਾ ਆਹਾਰ[44] ਹੈ ਅਤੇ ਉਸ ਦੀ ਮਹਿਮਾ[46] ਗਾਇਨ ਕਰਨੀ ਉਨ੍ਹਾਂ ਦਾ ਆਸਰਾ[47] ।

ਨਿਹਚਲ[48] ਆਸਨੁ[49] ਬੇਸੁਮਾਰੁ[50] ॥੨॥

They acquire permanent[48] seat[49] in the Infinite[50] mansion.

ਉਹ ਬੇਅੰਤ[50] ਮੰਦਰ ਅੰਦਰ ਮੁਸਤਕਿਲ[43] ਟਿਕਾਣਾ[49] ਪਾ ਲੈਂਦੇ ਹਨ ।

ਡਿਗਿ[51] ਨ ਡੋਲੈ[52] ਕਤਹੂ[53] ਧਾਵੈ[54] ॥

From there no one falls[51], wavers[52] or goes[54] anywhere[53].

ਓਥੋਂ ਕੋਈ ਡਿਗਦਾ[51], ਥਿੜਕਦਾ[52] ਜਾਂ ਕਿਧਰੇ[53] ਨਹੀਂ ਜਾਂਦਾ[54] ਹੈ ।

ਗੁਰ ਪ੍ਰਸਾਦਿ[55] ਕੋ[56] ਇਹੁ ਮਹਲੁ ਪਾਵੈ ॥

By Guru's grace[55], a few[56] attain to this mansion.

ਗੁਰਾਂ ਦੀ ਦਇਆ[55] ਦੁਆਰਾ ਕੋਈ ਵਿਰਲੇ[56] ਹੀ ਇਸ ਟਿਕਾਣੇ (ਅਵਸਥਾ) ਨੂੰ ਪਾਉਂਦੇ ਹਨ ।

ਭ੍ਰਮ[57] ਭੈ[58] ਮੋਹ[59] ਨ ਮਾਇਆ[60] ਜਾਲ[61] ॥	They are affected not by doubt[57], dread[58], worldly love[58] and secular[60] entanglements[61].	ਸੰਦੇਹ[57], ਡਰ[58], ਦੁਨਿਆਵੀ ਮਮਤਾ[59] ਅਤੇ ਸੰਸਾਰੀ[60] ਜੰਜਾਲਾਂ[91] ਦਾ ਉਨ੍ਹਾਂ ਉੱਤੇ ਕੋਈ ਅਸਰ ਨਹੀਂ ਹੁੰਦਾ ।
ਸੁੰਨ ਸਮਾਧਿ[62] ਪ੍ਰਭੂ ਕਿਰਪਾਲ[63] ॥੩॥	Through the Lord's grace[63], they enter into seedless trance[62].	ਸਾਂਈਂ ਦੀ ਮਿਹਰ[63] ਰਾਹੀਂ ਉਹ ਅਫੁਰ ਤਾੜੀ[62] ਅੰਦਰ ਪ੍ਰਵੇਸ਼ ਕਰ ਜਾਂਦੇ ਹਨ ।
ਤਾ ਕਾ[64] ਅੰਤੁ[65] ਨ ਪਾਰਾਵਾਰੁ[66] ॥	He[64], the Lord, has no end[65] or limit[65].	ਉਸ[64] ਸਾਹਿਬ ਦਾ ਕੋਈ ਅੰਤ[65] ਜਾਂ ਓੜਕ[66] ਨਹੀਂ ।
ਆਪੇ[67] ਗੁਪਤੁ[68] ਆਪੇ ਪਾਸਾਰੁ[69] ॥	He Himself[67] is unmanifest[68] and Himself manifest[69].	ਉਹ ਖੁਦ[67] ਅਲੋਪ[68] ਹੈ ਅਤੇ ਖੁਦ ਹੀ ਪ੍ਰਗਟ[69] ।
ਜਾ ਕੈ ਅੰਤਰਿ[70] ਹਰਿ ਹਰਿ[71] ਸੁਆਦੁ[72] ॥ ਕਹਨੁ[73] ਨ ਜਾਈ ਨਾਨਕ ਬਿਸਮਾਦੁ[74] ॥ ੪॥੯॥੨੦॥	He, who within his mind[70] enjoys the relish[72] of the God's Name[71]; his wondrous state[74] can be described[72] not, O Nanak.	ਜੋ ਆਪਣੇ ਅੰਤਰ ਆਤਮੇ[70] ਵਾਹਿਗੁਰੂ ਦੇ ਨਾਮ[71] ਦੀ ਲੱਜਤ[72] ਨੂੰ ਮਾਣਦਾ ਹੈ, ਉਸ ਦੀ ਅਸਚਰਜ[74] ਅਵਸਥਾ ਵਰਣਨ[73] ਕੀਤੀ ਨਹੀਂ ਜਾ ਸਕਦੀ । ਹੇ ਨਾਨਕ !
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਭੇਟਤ[75] ਸੰਗਿ[76] ਪਾਰਬ੍ਰਹਮੁ[77] ਚਿਤਿ ਆਇਆ[78] ॥	Meeting[75] with the saints' society[76], I have meditated[78] on my Transcendent Lord[77].	ਸਤਿਸੰਗਤ[76] ਨਾਲ ਮਿਲ ਕੇ[75], ਮੈਂ ਆਪਣੇ ਪਰਮ ਪ੍ਰਭੂ[77] ਦਾ ਆਰਾਧਨ[78] ਕੀਤਾ ਹੈ ।
ਸੰਗਤਿ[79] ਕਰਤ ਸੰਤੋਖੁ[80] ਮਨਿ[81] ਪਾਇਆ[82] ॥	Associating[79] with the saints, my soul[81] has acquired[82] contentment[80].	ਸਾਧੂਆਂ ਨਾਲ ਮੇਲ-ਮਿਲਾਪ[79] ਕਰਨ ਦੁਆਰਾ ਮੇਰੀ ਆਤਮਾ[81] ਨੂੰ ਸਬਰ-ਸਿਦਕ[80] ਪ੍ਰਾਪਤ ਹੋ ਗਿਆ[82] ਹੈ ।
ਸੰਤਹ ਚਰਨ[83] ਮਾਥਾ[84] ਮੇਰੋ ਪਉਤ[85] ॥	My forehead[14] falls[85] at the saints' feet[83].	ਮੇਰਾ ਮਸਤਕ[84] ਸਾਧੂਆਂ ਦੇ ਪੈਰੀਂ[83] ਪੈਂਦਾ[85] ਹੈ ।
ਅਨਿਕ[86] ਬਾਰ[87] ਸੰਤਹ ਡੰਡਉਤ[88] ॥੧॥	Many[86] a time[87], I make prostration[88] before the saints.	ਅਨੇਕਾਂ[86] ਵਾਰੀ[87] ਮੈਂ ਸਾਧੂਆਂ ਅਗੇ ਲੰਮਾ ਪੈ ਬੰਦਨਾ[88] ਕਰਦਾ ਹਾਂ ।
ਇਹੁ ਮਨੁ[89] ਸੰਤਨ ਕੈ ਬਲਿਹਾਰੀ[90] ॥ ਜਾ[91] ਕੀ ਓਟ[92] ਗਹੀ[93] ਸੁਖੁ ਪਾਇਆ ਰਾਖੇ[94] ਕਿਰਪਾ[95] ਧਾਰੀ ॥ ੧॥ਰਹਾਉ॥	This soul[89] is a sacrifice[90] unto the saints, clinging[93] to whose[91] refuge[92], I have attained peace and who have mercifully[95] saved[94] me. Pause.	ਇਹ ਆਤਮਾ[89] ਸਾਧੂਆਂ ਉੱਤੋਂ ਕੁਰਬਾਨ[90] ਵੰਞਦੀ ਹੈ, ਜਿਨ੍ਹਾਂ[91] ਦੀ ਪਨਾਹ[92] ਪਕੜ ਕੇ[93], ਮੈਂ ਆਰਾਮ ਪ੍ਰਾਪਤ ਕੀਤਾ ਹੈ ਅਤੇ ਜਿਨ੍ਹਾਂ ਨੇ ਮਿਹਰਬਾਨੀ ਕਰਕੇ[95] ਮੇਰੀ ਰੱਖਿਆ ਕੀਤੀ[94] ਹੈ । ਠਹਿਰਾਉ ।
ਸੰਤਹ ਚਰਣ[96] ਧੋਇ[97] ਧੋਇ[98] ਪੀਵਾ[99] ॥	I wash[97] the saints' feet[96] and drink[99] that wash[98].	ਮੈਂ ਸਾਧੂਆਂ ਦੇ ਪੈਰ[96] ਧੋਂਦਾ[97] ਹਾਂ ਅਤੇ ਉਸ ਧੋਣ[98] ਨੂੰ ਪਾਨ ਕਰਦਾ[99] ਹਾਂ ।
ਸੰਤਹ ਦਰਸੁ[100] ਪੇਖਿ[2] ਪੇਖਿ ਜੀਵਾ[3] ॥	I live[3] by seeing[2], seeing the saints' sight[100].	ਮੈਂ ਸਾਧੂਆਂ ਦਾ ਦਰਸ਼ਨ[100] ਵੇਖ ਵੇਖ ਕੇ[2] ਜੀਉਂਦਾ[3] ਹਾਂ ।
ਸੰਤਹ ਕੀ ਮੇਰੈ ਮਨਿ ਆਸ[4] ॥	My mind's hope[4] rests on the saints.	ਮੇਰੇ ਮਨ ਵਿੱਚ (ਨੂੰ) ਸੰਤ ਜਨਾ ਦੀ ਆਸ ਹੈ ।

ਸੰਤ ਹਮਾਰੀ ਨਿਰਮਲ[5] ਰਾਸਿ[6] ॥੨॥	The saints are my immaculate[5] wealth[6].	ਸਾਧੂ ਮੇਰੀ ਪਵਿੱਤਰ[5] ਧਨ-ਦੌਲਤ[6] ਹਨ ।
ਸੰਤ ਹਮਾਰਾ ਰਾਖਿਆ[7] ਪੜਦਾ[8] ॥	The saints ever screen[7] my sins[8].	ਸਾਧੂ ਸਦਾ ਹੀ ਮੇਰੇ ਪਾਪਾਂ[8] ਨੂੰ ਕੱਜਦੇ[7] ਹਨ ।
ਸੰਤ ਪ੍ਰਸਾਦਿ[9] ਮੋਹਿ ਕਬਹੂ[10] ਨ ਕੜਦਾ[12] ॥	By saints' grace[9] I am tormented[12] not ever[10].	ਸਾਧੂਆਂ ਦੀ ਮਿਹਰ[9] ਸਦਕਾ, ਮੈਂ ਕਦੇ ਭੀ[10] ਦੁਖੀ[12] ਨਹੀਂ ਹੁੰਦਾ ।
ਸੰਤਹ ਸੰਗੁ[13] ਦੀਆ[14] ਕਿਰਪਾਲ[15] ॥	The Merciful Master[15] has blessed[14] me with the society[13] of the saints.	ਮਿਹਰਬਾਨ ਮਾਲਕ[15] ਨੇ ਮੈਨੂੰ ਸਾਧੂਆਂ ਦੀ ਸੰਗਤ[13] ਪ੍ਰਦਾਨ ਕੀਤੀ[14] ਹੈ ।
ਸੰਤ ਸਹਾਈ[16] ਭਏ[17] ਦਇਆਲ[18] ॥੩॥	The compassionate[18] saints have become[17] my succourers[16].	ਕ੍ਰਿਪਾਲੂ[18] ਸਾਧੂ ਮੇਰੇ ਸਹਾਇਕ[16] ਹੋ ਗਏ[17] ਹਨ ।
ਸੁਰਤਿ[19] ਮਤਿ[20] ਬੁਧਿ[21] ਪਰਗਾਸੁ[22] ॥ ਗਹਿਰ[23] ਗੰਭੀਰ[24] ਅਪਾਰ[25] ਗੁਣ[26] ਤਾਸੁ[27] ॥	The Profound[23], Unfathomable[24] and Infinite[25] Lord, the Treasure[27] of virtues[26], has illumined[22] my understanding[10], wisdom[23] and intellect[21].	ਨੇਕੀਆਂ[26] ਦੇ ਖ਼ਜ਼ਾਨੇ[27], ਅਗਾਧ[23], ਅਥਾਹ[24] ਅਤੇ ਅਨੰਤ[25] ਪ੍ਰਭੂ ਨੇ ਮੇਰੀ ਸਮਝ[19], ਸਿਆਣਪ[20] ਅਤੇ ਬੁੱਧੀ[21] ਨੂੰ ਰੋਸ਼ਨ[22] ਕਰ ਦਿੱਤਾ ਹੈ ।
ਜੀਅ ਜੰਤ[28] ਸਗਲੇ[29] ਪ੍ਰਤਿਪਾਲ[30] ॥	The Lord cherishes[30] all[29] the sentient beings[28].	ਪ੍ਰਭੂ ਸਾਰੇ[29] ਪ੍ਰਾਣਧਾਰੀ ਜੀਵਾਂ[28] ਨੂੰ ਪਾਲਦਾ-ਪੋਸਦਾ[30] ਹੈ ।
ਨਾਨਕ ਸੰਤਹ ਦੇਖਿ ਨਿਹਾਲ[31] ॥੪॥੧੦॥੨੧॥	Nanak is enraptured[31] by seeing the Lord's saints.	ਨਾਨਕ, ਸੁਆਮੀ ਦੇ ਸਾਧੂਆਂ ਦੇ ਦਰਸ਼ਨ ਦੁਆਰਾ ਪਰਮ ਪ੍ਰਸੰਨ[31] ਹੋ ਜਾਂਦਾ ਹੈ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਤੇਰੈ ਕਾਜਿ[32] ਨ ਗ੍ਰਿਹੁ[33] ਰਾਜੁ[34] ਮਾਲੁ[35] ॥	Thy home[33], kingdom[34] and riches[35] are of no avail[32] to thee.	ਤੇਰਾ ਘਰ[33], ਪਾਤਿਸ਼ਾਹੀ[34] ਅਤੇ ਧਨ ਪਦਾਰਥ[35] ਤੇਰੇ ਕਿਸੇ ਕੰਮ[32] ਨਹੀਂ ।
ਤੇਰੈ ਕਾਜਿ ਨ ਬਿਖੈ[36] ਜੰਜਾਲੁ[37] ॥	Of no avail are to thee thine mortal[36] and worldly entanglements[37].	ਤੇਰੇ ਕਿਸੇ ਕੰਮ ਨਹੀਂ ਤੇਰੇ ਦੁਖਦਾਈ[36] ਸੰਸਾਰੀ ਝਮੇਲੇ[37]।
ਇਸਟ[38] ਮੀਤ[39] ਜਾਣੁ[40] ਸਭ ਛਲੈ[41] ॥	Know[40] that all the dear[38] friends[39] are but a delusion[41].	ਸਮਝ[40] ਲੈ ਕਿ ਸਾਰੇ ਪਿਆਰੇ[38] ਮਿੱਤ੍ਰ[39] ਕੇਵਲ ਛਲ-ਛਰੇਬ[41] ਹੀ ਹਨ ।
ਹਰਿ ਹਰਿ[42] ਨਾਮੁ ਸੰਗਿ[43] ਤੇਰੈ ਚਲੈ[44] ॥੧॥	The Lord God's[42] Name alone shall go[44] with[43] thee.	ਕੇਵਲ ਸੁਆਮੀ ਵਾਹਿਗੁਰੂ[42] ਦਾ ਨਾਮ ਹੀ ਤੇਰੇ ਨਾਲ[43] ਜਾਵੇਗਾ[44] ।
ਰਾਮ[45] ਨਾਮ ਗੁਣ[46] ਗਾਇ ਲੇ ਮੀਤਾ[47] ਹਰਿ ਸਿਮਰਤ[48] ਤੇਰੀ ਲਾਜ[49] ਰਹੈ[50] ॥	Sing thou the Lord's[45] praise[46], O friend[47]. Remembering[48] God, thy honour[49] shall be saved[50].	ਤੂੰ ਸਾਂਈਂ[45] ਦੀ ਸਿਫ਼ਤ[46] ਗਾਇਨ ਕਰ, ਹੇ ਮਿੱਤ੍ਰ[47] ! ਵਾਹਿਗੁਰੂ ਦਾ ਆਰਾਧਨ[48] ਕਰਨ ਦੁਆਰਾ, ਤੇਰੀ ਪਤਿ-ਆਬਰੂ[49] ਬਚ ਜਾਵੇਗੀ[50] ।
ਹਰਿ ਸਿਮਰਤ[51] ਜਮੁ[52] ਕਛੁ ਨ ਕਹੈ[53]॥੧॥ਰਹਾਉ॥	Contemplating[51] God, Death's myrmidon[52] shall touch[53] thee not. Pause.	ਵਾਹਿਗੁਰੂ ਦਾ ਭਜਨ[51] ਕਰਨ ਦੁਆਰਾ, ਮੌਤ ਦਾ ਫ਼ਰੇਸ਼ਤਾ[52] ਤੈਨੂੰ ਕੁਝ ਨਹੀਂ ਆਖੇਗਾ[53] । ਠਹਿਰਾਉ ।

ਬਿਨੁ ਹਰਿ ਸਗਲ ਨਿਰਾਰਥ[54] ਕਾਮ[55] ॥
Without the Lord, vain[54] are all the pursuits[55].
ਪ੍ਰਭੂ ਦੇ ਬਾਝੋਂ, ਵਿਅਰਥ[54] ਹਨ ਸਾਰੇ ਕੰਮ ਕਾਜ[55] ।

ਸੁਇਨਾ[56] ਰੁਪਾ[57] ਮਾਟੀ[58] ਦਾਮ[59] ॥
Gold[56], silver[57] and riches[59] are but dust[58].
ਸੋਨਾ[56], ਚਾਂਦੀ[57] ਅਤੇ ਧਨ-ਦੌਲਤ[59] ਨਿਰੀ ਪੁਰੀ ਮਿੱਟੀ[58] ਹੀ ਹਨ ।

ਗੁਰ ਕਾ ਸਬਦੁ[60] ਜਾਪਿ[61] ਮਨੁ[62] ਸੁਖਾ[63] ॥
Uttering[61] the Guru's word[60] thy soul[62] shall be at peace[63].
ਗੁਰਾਂ ਦੀ ਬਾਣੀ[60] ਉਚਾਰਨ[61] ਕਰਨ ਦੁਆਰਾ ਤੇਰੀ ਜਿੰਦੜੀ[62] ਨੂੰ ਸੁਖ[63] ਹੋਵੇਗਾ ।

ਈਹਾ[64] ਊਹਾ[65] ਤੇਰੋ ਊਜਲ[66] ਮੁਖਾ[67] ॥੨॥
Here[64] and hereafter[65], bright[66] shall be thy face[67].
ਏਥੇ[64] ਤੇ ਅੱਗੇ ਨਿਰਮਲ[66] ਹੋਵੇਗਾ ਤੇਰਾ ਚਿਹਰਾ[67] ।

ਕਰਿ ਕਰਿ ਥਾਕੇ[68] ਵਡੇ ਵਡੇਰੇ[69] ॥
All thine forefathers[69] got tired[68] doing worldly tasks.
ਤੇਰੇ ਪਿਓ ਦਾਦੇ[69] ਸੰਸਾਰੀ ਵਿਹਾਰ ਕਾਰ ਕਰਦੇ ਹੰਭ ਗਏ[68] ਸਨ ।

ਕਿਨ ਹੀ ਨ ਕੀਏ ਕਾਜ[70] ਮਾਇਆ[71] ਪੂਰੇ[72] ॥
None of them ever accomplished[72] the mammon's[71] affairs[70].
ਉਨ੍ਹਾਂ ਵਿਚੋਂ ਕਿਸੇ ਕੋਲੋਂ ਭੀ ਧਨ-ਦੌਲਤ[71] ਦੇ ਕੰਮ[70] ਨੇਪਰੇ[72] ਨਾ ਚੜ੍ਹੇ ।

ਹਰਿ ਹਰਿ ਨਾਮੁ ਜਪੈ[73] ਜਨੁ ਕੋਇ[74] ॥ ਤਾ ਕੀ[75] ਆਸਾ[76] ਪੂਰਨ[77] ਹੋਇ ॥੩॥
Anyone[74], who utters[73] the Lord God's Name ; all his[75] aspirations[76] are fulfilled[77].
ਕੋਈ ਜਣਾ[74], ਜੋ ਸੁਆਮੀ ਵਾਹਿਗੁਰੂ ਦੇ ਨਾਮ ਨੂੰ ਉਚਾਰਦਾ[73] ਹੈ, ਉਸ ਦੀਆਂ[75] ਸਾਰੀਆਂ ਅਭਿਲਾਸ਼ਾਂ[76] ਪੂਰੀਆਂ ਹੋ ਜਾਂਦੀਆਂ[77] ਹਨ ।

ਹਰਿ ਭਗਤਨ[78] ਕੋ ਨਾਮੁ ਅਧਾਰੁ[79] ॥
The Name is the mainstay[79] of God's devoted slaves[78].
ਨਾਮ ਹੀ ਵਾਹਿਗੁਰੂ ਦੇ ਅਨਿੰਨ ਗੋਲਿਆਂ[78]ਦਾ ਆਸਰਾ[79] ਹੈ ।

ਸੰਤੀ ਜੀਤਾ[80] ਜਨਮੁ[81] ਅਪਾਰੁ[82] ॥
The saints make fruitful[80] their invaluable[82] human life[81].
ਸਾਧੂ ਆਪਣੇ ਅਮੋਲਕ[82] ਮਨੁੱਖੀ ਜੀਵਨ[81] ਨੂੰ ਸਫਲਾਂ[80] ਕਰ ਲੈਂਦੇ ਹਨ ।

ਹਰਿ ਸੰਤੁ ਕਰੇ ਸੋਈ[83] ਪਰਵਾਣੁ[84] ॥
Whatever the God's saint does, that[83] the Lord approves[84].
ਜੋ ਕੁਛ ਹਰੀ ਦਾ ਸਾਧੂ ਕਰਦਾ ਹੈ, ਸੁਆਮੀ ਉਸ[83] ਨੂੰ ਕਬੂਲ ਕਰ ਲੈਂਦਾ[84] ਹੈ ।

ਨਾਨਕ ਦਾਸੁ[85] ਤਾ ਕੈ[86] ਕੁਰਬਾਣੁ[87]॥੪॥੧੧॥੨੨॥
Slave[85] Nanak is a sacrifice[87] unto him[86].
ਗੋਲਾ[85] ਨਾਨਕ ਉਸ[86] ਉਤੋਂ ਵਾਰਨੇ[87] ਜਾਂਦਾ ਹੈ ।

ਰਾਮਕਲੀ ਮਹਲਾ ੫ ॥
Ramkali 5th Guru.
ਰਾਮਕਲੀ ਪੰਜਵੀਂ ਪਾਤਿਸ਼ਾਹੀ ।

ਸਿੰਚਹਿ[88] ਦਰਬੁ[89] ਦੇਹਿ ਦੁਖੁ[90] ਲੋਗ[91] ॥
Thou amasseth[88] wealth[89] by annoying[90] the people[91].
ਤੂੰ ਲੋਕਾਂ[91] ਨੂੰ ਦੁਖ ਦੇ ਕੇ[90] ਧਨ-ਦੌਲਤ[89] ਇਕੱਤਰ ਕਰਦਾ[88] ਹੈਂ ।

ਤੇਰੈ ਕਾਜਿ[92] ਨ ਅਵਰਾ[93] ਜੋਗ[94] ॥
It shall not avail[92] thee. It is meant for[94] others[93] only.
ਇਹ ਤੇਰੇ ਕਿਸੇ ਕੰਮ[92] ਨਹੀਂ ਆਉਣੀ । ਇਹ ਕੇਵਲ ਹੋਰਨਾਂ[93] ਲਈ[94] ਹੀ ਹੈ ।

ਕਰਿ ਅਹੰਕਾਰੁ[95] ਹੋਇ ਵਰਤਹਿ[96] ਅੰਧ[97] ॥
Thou practisest pride[95] and acts[95] like a blind man[97].
ਤੂੰ ਗ਼ਰੂਰ[95] ਕਰਦਾ ਹੈਂ ਤੇ ਅੰਨ੍ਹੇ ਆਦਮੀ[97] ਵਾਂਗੂੰ ਕੰਮ ਕਰਦਾ[96] ਹੈਂ ।

ਜਮ[98] ਕੀ ਜੇਵੜੀ[99] ਤੂ ਆਗੈ[100] ਬੰਧ[2] ॥੧॥
Hereafter[100], thou shalt be bound[2] by the halter[99] of the Death's courier[98].
ਪ੍ਰਲੋਕ[100] ਵਿੱਚ ਤੂੰ ਮੌਤ ਦੇ ਦੂਤ[98] ਦੇ ਰੱਸੇ[99] ਨਾਲ ਨਰੜਿਆ ਜਾਵੇਂਗਾ[2] ।

ਛਾਡਿ[6] ਵਿਡਾਣੀ[3] ਤਾਤਿ[4] ਮੂੜੇ[5] ॥
Dismiss[6] thou jealousy[4] of others[3], O fool[5].
ਤੂੰ ਹੋਰਨਾਂ[3] ਨਾਲ ਈਰਖਾ[4] ਕਰਨੀ ਤਿਆਗ ਦੇ[6], ਹੇ ਮੂਰਖ[5] !

ਈਹਾ[7] ਬਸਨਾ[8] ਰਾਤਿ[9] ਮੂੜੇ ॥	O fool, thou hast to abide[8] here[7] but for one night[9].	ਤੂੰ ਕੇਵਲ ਇੱਕ ਰਾਤ੍ਰੀ[9] ਲਈ ਹੀ ਏਥੇ[7] ਰਹਿਣਾ[8] ਹੈ, ਹੇ ਮੂਰਖ !
ਮਾਇਆ[10] ਕੇ ਮਾਤੇ[12] ਤੈ ਉਠਿ[13] ਚਲਨਾ[14] ॥	O thou, who art intoxicated[12] with wealth[10], shalt soon arise[13] and depart[14].	ਓ ਤੂੰ, ਜੋ ਧਨ-ਦੌਲਤ[10] ਨਾਲ ਨੱਸ਼ਈ ਹੋਇਆ ਹੋਇਆ[12] ਹੈਂ, ਤੈਂ ਛੇਤੀ ਹੀ ਏਥੋਂ[13] ਟੁਰ ਵੰਞਣਾ[14] ਹੈ ।
ਰਾਚਿ ਰਹਿਓ[15] ਤੂੰ ਸੰਗਿ[16] ਸੁਪਨਾ[17] ॥੧॥ਰਹਾਉ॥	Thou art hand and glove[15] with[16] the dream[17]. Pause.	ਤੂੰ ਸੁਪਨੇ[17] ਨਾਲ[16] ਘਿਓ-ਖਿਚੜੀ[15] ਹੋ ਰਿਹਾ ਹੈਂ । ਠਹਿਰਾਉ ।
ਬਾਲ[18] ਬਿਵਸਥਾ[19]ਬਾਰਿਕੁ[20] ਅੰਧ[21] ॥	In the age[19] of childhood[18], the child[20] is blind[21].	ਬਚਪਣੇ[18] ਦੀ ਉਮਰ[19] ਵਿਚ ਬੱਚਾ[20] ਅੰਨ੍ਹਾ[21] ਹੁੰਦਾ ਹੈ ।
ਤਰੁਣ		
ਭਰਿ[22] ਜੋਬਨਿ[23] ਲਾਗਾ[24] [25]ਦੁਰਗੰਧ[26] ॥	In the hey-day[22] of youth[23], he is attached[24] to the foul[25]-smelling[26] sins.	ਪੂਰੀ[22] ਜੁਆਨੀ[23] ਅੰਦਰ ਉਹ [25]ਘੋਰ[26] ਪਾਪਾਂ ਨਾਲ ਨਾਲ ਜੁੜ ਜਾਂਦਾ[24] ਹੈ ।
ਤ੍ਰਿਤੀਅ[27] ਬਿਵਸਥਾ[28] ਸਿੰਚੇ[29] ਮਾਇ[30] ॥	In the third[27] stage of life[28], he amasses[29] wealth[30].	ਅਵਸਥਾ[28] ਦੇ ਤੀਜੇ[27] ਹਿੱਸੇ ਵਿਚ ਉਹ ਧਨ-ਦੌਲਤ[30] ਇਕੱਤਰ ਕਰਦਾ[29] ਹੈ ।
ਬਿਰਧਿ[31] ਭਇਆ ਛੋਡਿ[32] ਚਲਿਓ[33] ਪਛੁਤਾਇ[34] ॥੨॥	When he grows old[31], he leaves[32] everything and departs[33] regretfully[34].	ਜਦ ਉਹ ਬੁੱਢਾ[31] ਹੋ ਜਾਂਦਾ ਹੈ, ਤਾਂ ਉਹ ਹਰ ਵਸਤੂ ਨੂੰ ਤਿਆਗ[32], ਅਫ਼ਸੋਸ[34] ਕਰਦਾ ਹੋਇਆ ਟੁਰ ਜਾਂਦਾ[33]ਹੈ ।
[35]ਚਿਰੰਕਾਲ[36] ਪਾਈ[39] ਦੁਲਭ[37] ਦੇਹ[38] ॥	After a long[35] time[36], one obtains[39]the human body[48] which is so difficult to obtain[37].	ਬੜੇ[35] ਚਿਰਾਂ ਮਗਰੋਂ[36], ਮੁਸ਼ਕਿਲ ਨਾਲ ਹੱਥ ਲਗਣ ਵਾਲੇ[37], ਮਨੁਖੀ ਸਰੀਰ[28] ਨੂੰ ਜੀਵ ਹਾਸਲ ਕਰਦਾ[39]ਹੈ ।
ਨਾਮ ਬਿਹੂਣੀ[40] ਹੋਈ ਖੇਹ[41] ॥	Without[40] the Name it is reduced to dust[41].	ਨਾਮ ਦੇ ਬਗੈਰ[40] ਇਹ ਘੱਟਾ ਮਿੱਟੀ ਹੋ ਜਾਂਦਾ[41] ਹੈ ।
ਪਸੂ[42] ਪਰੇਤ[43] ਮੁਗਧ[44] ਤੇ ਬੁਰੀ[45] ॥ ਤਿਸਹਿ ਨ ਬੂਝੈ[46] ਜਿਨਿ ਏਹ ਸਿਰੀ[47] ॥੩॥	The body which knows[46] not Him, who created[47] it, is worse[45] than a beast[42], a demon[43] and an idiot[44].	ਦੇਹ, ਜੋ ਉਸ ਨੂੰ ਨਹੀਂ ਜਾਣਦੀ[46], ਜਿਸ ਨੇ ਇਸ ਨੂੰ ਰਚਿਆ[47] ਹੈ, ਡੰਗਰ[42] ਜਿੰਨ-ਭੂਤ[43] ਅਤੇ ਇਕ ਬੁੱਧੂ[44] ਨਾਲੋਂ ਭੀ ਭੈੜੀ[45] ਹੈ ।
ਸੁਣਿ[48] ਕਰਤਾਰ[49] [50]ਗੋਵਿੰਦ[51] [52]ਗੋਪਾਲ[53] ॥	Hear[48] Thou, O Creator[49], Master[51] of the universe[50], Cherisher[53] of the world[52], Merciful[55] to the meek[54] and ever[56] compassionate[57] Lord.	ਤੂੰ ਸ੍ਰਵਣ ਕਰ[48], ਹੇ ਸਿਰਜਣਹਾਰ[49] ! ਆਲਮ[50] ਦੇ ਮਾਲਕ[51], ਸੰਸਾਰ[52] ਦੇ ਪਾਲਣ-ਪੋਸਣਹਾਰ[53],ਮਸਕੀਨਾ[54] ਤੇ ਮਿਹਰਬਾਨ[55] ਅਤੇ ਸਦੀਵ[56] ਹੀ ਦਇਆਲੂ[57] ਸੁਆਮੀ !
ਦੀਨ[54] ਦਇਆਲ[55] ਸਦਾ[56] ਕਿਰਪਾਲ[57] ॥		
ਤੁਮਹਿ ਛਡਾਵਹੁ[58] ਛੁਟਕਹਿ[59] ਬੰਧ[60] ॥ ਬਖਸਿ[61]ਮਿਲਾਵਹੁ[62] ਨਾਨਕ ਜਗ[63] ਅੰਧ[64] ॥੪॥ ੧੨॥੨੩॥	If Thou freest[58] the mortal, then alone can his bonds[60] be broken[59]. Nanak, the world[63] is blind[64]. O Lord, pardon[61] and unite[62] it with Thee.	ਜੇਕਰ ਤੂੰ ਪ੍ਰਾਣੀ ਨੂੰ ਰਿਹਾ ਕਰੇਂ[58], ਕੇਵਲ ਤਾਂ ਹੀ ਉਸ ਦੀਆਂ ਬੇੜੀਆਂ[60] ਕੱਟੀਆਂ[59] ਜਾ ਸਕਦੀਆਂ ਹਨ । ਨਾਨਕ, ਦੁਨੀਆਂ[63] ਅੰਨ੍ਹੀ[64] ਹੈ, ਹੇ ਪ੍ਰਭੂ ! ਇਸ ਨੂੰ ਬਖ਼ਸ਼ ਕੇ ਤੂੰ ਆਪਣੇ ਨਾਲ ਅਭੇਦ ਕਰ ਲੈ[62] ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਕਰਿ ਸੰਜੋਗੁ[65] ਬਨਾਈ[66] ਕਾਛਿ[67] ॥	By the union[65] of elements, the body, robe[67] is made[66].	ਤੱਤਾਂ ਦੇ ਮਿਲਾਪ[65] ਦੁਆਰਾ ਦੇਹ ਦੀ ਪੁਸ਼ਾਕ[67]ਬਣਾਈ[66] ਗਈ ਹੈ ।

ਤਿਸੁ[68] ਸੰਗਿ[69] ਰਹਿਓ ਇਆਨਾ[70] ਰਾਚਿ[71] ॥	The ignorant man[70] is engrossed[71], there[68]-with[69].	ਬੇਸਮਝ ਬੰਦਾ[70] ਉਸ[68] ਨਾਲ ਖੱਚਤ[71] ਹੋ ਰਿਹਾ ਹੈ ।
ਪ੍ਰਤਿਪਾਰੈ[72] ਨਿਤ[73] ਸਾਰਿ ਸਮਾਰੈ[74] ॥	He ever[73] pampers[72] and takes care[74] of it.	ਬੰਦਾ ਸਦਾ[73] ਹੀ ਇਸ ਨੂੰ ਪਾਲਦਾ-ਪੋਸਦਾ[72] ਤੇ ਇਸ ਦੀ ਰਖਵਾਲੀ ਕਰਦਾ[74] ਹੈ ।
ਅੰਤ[75] ਕੀ ਬਾਰ[76] ਊਠਿ[77] ਸਿਧਾਰੈ[78] ॥੧॥	At the last[75] moment[76], the soul arises[77] and departs[78] all alone.	ਅਖੀਰ[75] ਦੇ ਵੇਲੇ[76], ਜਿੰਦੜੀ ਕੱਲਮਕੱਲੀ ਤੁਰ ਜਾਂਦੀ[78] ਹੈ ।
ਨਾਮ ਬਿਨਾ[79] ਸਭੁ ਝੂਠੁ[80] ਪਰਾਨੀ[81] ॥	Without[79] the Name, all else is false[80], O mortal[81].	ਨਾਮ ਦੇ ਬਾਝੋਂ[79] ਹੋਰ ਸਾਰਾ ਕੁੱਛ ਕੂੜਾ[80] ਹੈ, ਹੇ ਫ਼ਾਨੀ[81] ਬੰਦੇ !
ਗੋਵਿਦ[82] ਭਜਨ[90] ਬਿਨੁ ਅਵਰ[83] ਸੰਗਿ[84] ਰਾਤੇ[85] ਤੇ[86] ਸਭਿ ਮਾਇਆ[87] ਮੂਠੁ[88] ਪਰਾਨੀ[89] ॥੧॥ਰਹਾਉ॥	All those[86] mortals[89]who are imbued[85] with[84] things, other[83] than Lord's[82] meditation[90]; are defrauded[88] by the worldly valuables[87]. Pause.	ਜੋ ਸਾਹਿਬ[82] ਦੇ ਸਿਮਰਨ[90] ਦੇ ਬਗੈਰ ਕਿਸੇ ਹੋਰ[83] ਸ਼ੈ ਨਾਲ[84] ਰੰਗੇ ਹੋਏ[85] ਹਨ; ਉਹ[86] ਸਮੂਹ ਜੀਵ[89] ਸੰਸਾਰੀ ਪਦਾਰਥਾਂ[87] ਨੇ ਠੱਗ ਲਏ[88] ਹਨ । ਠਹਿਰਾਉ ।
ਤੀਰਥ[91] ਨਾਇ[92] ਨ ਉਤਰਸਿ[93] ਮੈਲੁ[94] ॥ ਕਰਮ[95] ਧਰਮ[96] ਸਭਿ ਹਉਮੈ[97] ਫੈਲੁ[98] ॥	Bathing[92] at shrines[91], the filth[94] departs[93] not. The rituals[95] and religious rites[96] are all the ostentations[98] of self-conceit[97].	ਧਰਮ ਅਸਥਾਨਾਂ[91] ਤੇ ਨ੍ਹਾਉਣ[92] ਨਾਲ ਗੰਦਗੀ[94] ਲਹਿੰਦੀ[93] ਨਹੀਂ । ਸਾਰੇ ਕਰਮ ਕਾਂਡ[95] ਅਤੇ ਮਜ਼ਹਬੀ ਸੰਸਕਾਰ[96] ਸਵੈ-ਹੰਗਤਾ[97] ਦੇ ਅਡੰਬਰ[98] ਹਨ ।
ਲੋਕ[99] ਪਚਾਰੈ[100] ਗਤਿ[2] ਨਹੀ ਹੋਇ ॥	Pleasing[100] the people[99], one is emancipated[2] not.	ਲੋਗਾਂ[99] ਨੂੰ ਖ਼ੁਸ਼ ਕਰਨ ਨਾਲ[100], ਬੰਦਾ ਮੁਕਤ[2] ਨਹੀਂ ਹੁੰਦਾ ।
ਨਾਮ ਬਿਹੂਣੇ[3] ਚਲਸਹਿ[4] ਰੋਇ[5] ॥੨॥	Without[3] the Name, they shall depart[4] weeping[5].	ਨਾਮ ਦੇ ਬਾਝੋਂ, ਉਹ ਧਾਹਾਂ ਮਾਰਦੇ[5] ਟੁਰ ਜਾਣਗੇ[4] ।
ਬਿਨੁ ਹਰਿ ਨਾਮ ਨ ਟੂਟਸਿ[6] ਪਟਲ[7] ॥	Without the Lord's Name, the screen[7] is shattered[6] not.	ਸਾਂਈਂ ਦੇ ਨਾਮ ਦੇ ਬਾਝੋਂ ਭਰਮ ਦਾ ਪੜਦਾ[7] ਪਾਟਦਾ[6] ਨਹੀਂ ।
ਸੋਧੇ[8] ਸਾਸਤ੍ਰ ਸਿਮ੍ਰਿਤਿ ਸਗਲ[9] ॥	I have scrutinized[8] all[9] the Shashtras and Simirtis.	ਮੈਂ ਸਾਰੇ[9] ਸ਼ਾਸਤਰ ਅਤੇ ਸਿਮ੍ਰਤੀਆਂ ਪੜਤਾਲ ਲਈਆਂ[8] ਹਨ ।
ਸੋ[10] ਨਾਮੁ ਜਪੈ[12] ਜਿਸੁ ਆਪਿ[13] ਜਪਾਏ ॥	He[10] alone utters[12] the Name, whom the Lord Himself[13] makes utter.	ਕੇਵਲ ਉਹ[10] ਹੀ ਨਾਮ ਦਾ ਉਚਾਰਨ[12] ਕਰਦਾ ਹੈ, ਜਿਸ ਪਾਸੋਂ ਪ੍ਰਭੂ ਆਪੇ[13] ਉਚਾਰਨ ਕਰਵਾਉਂਦਾ ਹੈ ।
ਸਗਲ[14] ਫਲਾ[15] ਸੇ ਸੂਖਿ[16] ਸਮਾਏ[17] ॥੩॥	He obtains all[14] the fruits[15] and merges[17] in peace[16].	ਉਹ ਸਾਰੇ[14] ਮੇਵੇ[15] ਪਾ ਲੈਂਦਾ ਹੈ ਅਤੇ ਸੁਖ ਆਰਾਮ[16] ਅੰਦਰ ਲੀਨ ਹੋ ਜਾਂਦਾ[17] ਹੈ ।
ਰਾਖਨਹਾਰੇ[18] ਰਾਖਹੁ[19] ਆਪਿ[20] ॥	O my saviour[18] Lord, Thyself[20] save[19] Thou me.	ਹੇ ਮੇਰੇ ਰਖਿਆ ਕਰਨ ਵਾਲੇ[18] ਸੁਆਮੀ ! ਤੂੰ ਆਪੇ[20] ਹੀ ਮੇਰੀ ਰੱਖਿਆ ਕਰ[19] ।
ਸਗਲ ਸੁਖਾ[20] ਪ੍ਰਭ ਤੁਮਰੈ ਹਾਥਿ[21] ॥	All the comforts[20]* are in Thy hand[21], O Master.	ਸਾਰੇ ਸੁਖ[20]* ਤੇਰੇ ਹੱਥ[21] ਵਿੱਚ ਹਨ, ਹੇ ਮਾਲਕ !
ਜਿਤੁ[22] ਲਾਵਹਿ[23] ਤਿਤੁ[24] ਲਾਗਹ ਸੁਆਮੀ ॥	Whither-so-ever[22] Thou yokest[23] me, thither[24] I am yoked, O my Lord.	ਜਿੱਥੇ ਕਿਤੇ ਭੀ[22] ਤੂੰ ਮੈਨੂੰ ਲਾਉਂਦਾ[23] ਹੈਂ, ਓਥੇ[24] ਹੀ ਮੈਂ ਜੁੱਟ ਜਾਂਦਾ ਹਾਂ, ਹੇ ਮੇਰੇ ਸਾਹਿਬ !

ਨਾਨਕ ਸਾਹਿਬ ਅੰਤਰਜਾਮੀ[25] ॥੪॥੧੩॥੨੪॥	O Nanak, my Master is the searcher of hearts[25].	ਹੇ ਨਾਨਕ ! ਮੇਰਾ ਮਾਲਕ ਦਿਲਾਂ ਦੀਆਂ ਜਾਣਨਹਾਰ[25] ਹੈ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਜੋ ਕਿਛੁ[26] ਕਰੈ ਸੋਈ[27] ਸੁਖੁ[28] ਜਾਨਾ[29] ॥	Whatever[26] Thou doest, in that[27] I deem[29] my bliss[28].	ਜੋ ਕੁਝ ਭੀ[26] ਤੂੰ ਕਰਦਾ ਹੈਂ, ਉਸ[27] ਵਿਚ ਮੈਂ ਆਪਣੀ ਖ਼ੁਸ਼ੀ[28] ਜਾਣਦਾ[29] ਹਾਂ ।
ਮਨੁ[30] ਅਸਮਝੁ[31] ਸਾਧ ਸੰਗਿ ਪਤੀਆਨਾ[32] ॥	The ignorant[31] mind[30] is gladdened[32] in the society of the saints.	ਮੂਰਖ[31] ਮਨੂਆਂ[30], ਸਤਿ ਸੰਗਤ ਅੰਦਰ ਪ੍ਰਸੰਨ ਥੀ ਵੰਞਦਾ[32] ਹੈ ।
ਡੋਲਨ[33] ਤੇ ਚੂਕਾ[34] ਠਹਰਾਇਆ[35] ॥	My mind now wabbles[33] not[34] and has become stable[35].	ਮੇਰਾ ਮਨ ਹੁਣ ਡੋਲਦਾ[33] ਨਹੀਂ[34] ਅਤੇ ਸਥਿਰ[35] ਹੋ ਗਿਆ ਹੈ ।
ਸਤਿ[36] ਮਾਹਿ[37] ਲੇ[38] ਸਤਿ[39] ਸਮਾਇਆ[40] ॥੧॥	Receiving[38] truth[39], it has merged[40] in[37] the True Lord[36].	ਸੱਚ[39] ਨੂੰ ਲੈ ਕੇ[38] ਇਹ ਸੱਚੇ ਸੁਆਮੀ[36] ਅੰਦਰ[37] ਲੀਨ ਹੋ ਗਿਆ[40] ਹੈ ।
ਦੂਖੁ[41] ਗਇਆ[42] ਸਭੁ ਰੋਗੁ[43] ਗਇਆ[44] ॥	My pain[41] is past[42] and I am rid of[44] all the ailments[43].	ਮੇਰੀ ਪੀੜ[41] ਮਿੱਟ ਗਈ[42] ਹੈ ਅਤੇ ਮੈਂ ਸਮੂਹ ਬੀਮਾਰੀਆਂ[43] ਤੋਂ ਰਹਿਤ ਹੋ ਗਿਆ[44] ਹਾਂ ।
ਪ੍ਰਭ ਕੀ ਆਗਿਆ[45] ਮਨ[46] ਮਹਿ[47] ਮਾਨੀ[48] ਮਹਾ[49] ਪੁਰਖ[50] ਕਾ ਸੰਗੁ[51] ਭਇਆ ॥੧॥ਰਹਾਉ॥	Associating[41] with the great[49] man[50], I have, now, accepted[48] the Lord's will[45], within[47] my mind[46]..Pause.	ਵਿਸ਼ਾਲ[49] ਪੁਰਸ਼[50] ਦੀ ਸੰਗਤ ਕਰਨ ਦੁਆਰਾ[51], ਮੈਂ ਹੁਣ ਸੁਆਮੀ ਦੀ ਰਜ਼ਾ[45] ਆਪਣੇ ਹਿਰਦੇ[46] ਅੰਦਰ[47] ਸਵੀਕਾਰ ਕਰ ਲਈ[48] ਹੈ । ਠਹਿਰਾਉ ।
ਸਗਲ[52] ਪਵਿਤ੍ਰ[53] ਸਰਬ[54] ਨਿਰਮਲਾ[55] ॥	I am now all[52] pure[53] and all[54] immaculate[55].	ਮੈਂ ਹੁਣ ਪੂਰਨ[52] ਤੌਰ ਤੇ ਪਾਵਨ[53] ਅਤੇ ਪੁਨੀਤ[55] ਹਾਂ ।
ਜੋ[56] ਵਰਤਾਏ[57] ਸੋਈ[58] ਭਲਾ[59] ॥	Whatever[56] the Lord enforces[57] that[51] is good[59].	ਜਿਹੜਾ ਕੁਝ ਵੀ[56] ਸੁਆਮੀ ਵਰਤਾਉਂਦਾ[57] ਹੈ, ਉਹ[58] ਹੀ ਚੰਗਾ[59] ਹੈ ।
ਜਹ[60] ਰਾਖੈ[61] ਸੋਈ[62] ਮੁਕਤਿ[63] ਥਾਨੁ[64] ॥	Wherever[60] He keeps[61] me, that[62] is the abode[64] of emancipation[63] for me.	ਜਿੱਥੇ ਕਿਤੇ ਭੀ[60] ਉਹ ਮੈਨੂੰ ਰੱਖਦਾ[61] ਹੈ, ਮੇਰੇ ਲਈ ਉਹ[62] ਕਲਿਆਣ[63] ਦਾ ਟਿਕਾਣਾ[64] ਹੈ ।
ਜੋ[65] ਜਪਾਏ[66] ਸੋਈ[67] ਨਾਮੁ ॥੨॥	Whatever[65] He makes me utter[66], that[67] is His Name alone.	ਜਿਹੜਾ ਕੁੱਛ ਭੀ[65] ਉਹ ਮੇਰੇ ਪਾਸੋਂ ਉਚਾਰਨ ਕਰਵਾਉਂਦਾ[66]ਹੈ, ਉਹ[67] ਕੇਵਲ ਉਸ ਦਾ ਨਾਮ ਹੀ ਹੈ ।
ਅਠਸਠਿ[68] ਤੀਰਥ[69] ਜਹ ਸਾਧ ਪਗ[70] ਧਰਹਿ[71] ॥	The sixty-eight[68] pilgrim-stations[69] are there where the saints put[71] their feet[70], and heaven[73] is there[72], where[74] they utter[75] the Name.	ਅਠਾਹਟ[68] ਯਾਤ੍ਰਾ ਅਸਥਾਨ[69] ਉੱਥੇ ਹਨ ਜਿੱਥੇ ਸੰਤ ਆਪਣੇ ਪੈਰ[70] ਟੇਕਦੇ[71] ਹਨ ਅਤੇ ਸਵਰਗ[73] ਓਥੇ[72] ਹੈ, ਜਿੱਥੇ[74] ਉਹ ਨਾਮ ਦਾ ਉਚਾਰਨ[75] ਕਰਦੇ ਹਨ ।
ਤਹ[72] ਬੈਕੁੰਠੁ[73] ਜਹ[74] ਨਾਮੁ ਉਚਰਹਿ[75] ॥		
ਸਰਬ[76] ਅਨੰਦ[77] ਜਬ[78] ਦਰਸਨੁ[79] ਪਾਈਐ[80] ॥	All[7] the joys[77] are obtained, when[78] the Lord's sight[79] is attained[80].	ਜਦ[78] ਸਾਹਿਬ ਦਾ ਦੀਦਾਰ[79] ਪਾ ਲਿਆ ਜਾਂਦਾ[80] ਹੈ ਤਾਂ ਸਾਰੀਆਂ[76] ਖ਼ੁਸ਼ੀਆਂ[77] ਪ੍ਰਾਪਤ ਹੋ ਜਾਂਦੀਆਂ ਹਨ ।
ਰਾਮ ਗੁਣਾ[81] ਨਿਤ[82] ਨਿਤ ਹਰਿ ਗਾਈਐ[83] ॥੩॥	Ever[82], ever sing[83] I the praise[81] of the Lord-God.	ਸਦੀਵ[82], ਸਦੀਵ ਹੀ ਮੈਂ ਸੁਆਮੀ ਵਾਹਿਗੁਰੂ ਦਾ ਜੱਸ[81] ਗਾਇਨ ਕਰਦਾ[83] ਹਾਂ ।

ਆਪੇ[84] ਘਟਿ ਘਟਿ[85] ਰਹਿਆ ਬਿਆਪਿ[86] ॥

The Lord Himself[84] is pervading[86] all the hearts[85].

ਪ੍ਰਭੂ ਆਪ[84] ਹੀ ਸਾਰਿਆਂ ਦਿਲਾਂ[85] ਅੰਦਰ ਰਮ ਰਿਹਾ[86] ਹੈ ।

ਦਇਆਲ[87] ਪੁਰਖ[88] ਪਰਗਟ[89] ਪਰਤਾਪ[90] ॥

Manifest[90] is the glory[89] of the Merciful[87] Master[88].

ਜ਼ਾਹਰਾ ਜ਼ਹੂਰ[90] ਹੈ ਤੱਪ ਤੇਜ[89], ਮਿਹਰਬਾਨ[87] ਮਾਲਕ[88] ਦਾ ।

ਕਪਟ[91] ਖੁਲਾਨੇ[92] ਭ੍ਰਮ[93] ਨਾਠੇ[94] ਦੂਰੇ[95] ॥

The shutters[91] (of the mind) are opened[92] and my doubts[93] have hastened[94] away[95].

(ਮਨ ਦੇ) ਤਖ਼ਤੇ[91] ਖੁਲ੍ਹ ਗਏ[92] ਹਨ ਅਤੇ ਮੇਰੇ ਸੰਦੇਹ[93] ਦੁਰੇਡੇ[95] ਦੌੜ ਗਏ[94] ਹਨ ।

ਨਾਨਕ ਕਉ ਗੁਰ[96] ਭੇਟੇ ਪੂਰੇ[97] ॥੪॥੧੪॥੨੫॥

Nanak has met[96] with the Perfect[97] Guru.

ਨਾਨਕ ਪੂਰਨ[97] ਗੁਰਦੇਵ ਜੀ ਨੂੰ ਮਿਲ ਪਿਆ[96] ਹੈ ।

ਰਾਮਕਲੀ ਮਹਲਾ ੫ ॥

Ramkali 5th Guru.

ਰਾਮਕਲੀ ਪੰਜਵੀਂ ਪਾਤਿਸ਼ਾਹੀ ।

ਕੋਟਿ[98] ਜਾਪ[99] ਤਾਪ[100] ਬਿਸ੍ਰਾਮ[2] ॥ ਰਿਧਿ[3] ਬੁਧਿ[4] ਸਿਧਿ[5] ਸੁਰ[6] ਗਿਆਨ[7] ॥ ਅਨਿਕ[8] ਰੂਪ[9] ਰੰਗ[10] ਭੋਗ[12] ਰਸੈ[13] ॥ ਗੁਰਮੁਖਿ[14] ਨਾਮੁ ਨਿਮਖ[15] ਰਿਦੈ[16] ਵਸੈ[17] ॥ ੧॥

Millions[98] of adorations[99], austerities[100], secular powers[3], wisdoms[4], miracles[5] and angelic[6] insights[7], dwell[2] in him and he enjoys[13] various[8] spectacles[9], revelments and delicacies[12], within whose mind[16], by Guru's grace[14], the Name abides[17] even for a moment[15].

ਕ੍ਰੋੜਾਂ[98] ਹੀ ਪੂਜਾ ਪਾਠ[99], ਕਰੜੀਆਂ ਘਾਲਾਂ[100], ਸੰਸਾਰੀ ਤਾਕਤਾਂ[3], ਸਿਆਣਪਾਂ[4], ਕ਼ਰਾਮਾਤਾਂ[5] ਤੇ ਦੇਵੀ[6] ਗਿਆਤਾਂ[7] ਉਸ ਅੰਦਰ ਵਸਦੀਆਂ[2] ਹਨ ਅਤੇ ਉਹ ਅਨੇਕਾਂ[8] ਦ੍ਰਿਸ਼ਜ[9] ਰੰਗਰਲੀਆਂ[10] ਤੇ ਨਿਆਮ੍ਰਤਾਂ[12] ਮਾਣਦਾ[13] ਹੈ, ਜਿਸ ਦੇ ਮਨ[16] ਵਿਚ, ਗੁਰਾਂ ਦੀ ਦਇਆ ਦੁਆਰਾ[14], ਨਾਮ ਇਕ ਮੁਹਤ[15] ਭਰ ਲਈ ਭੀ ਨਿਵਾਸ ਕਰ ਲੈਂਦਾ[17] ਹੈ ।

ਹਰਿ ਕੇ ਨਾਮ ਕੀ ਵਡਿਆਈ[18] ॥ ਕੀਮਤਿ[19] ਕਹਣੁ[20] ਨ ਜਾਈ ॥੧॥ ਰਹਾਉ॥

Such is the celebrity[18] of the Lord's Name. Man can utter[20] not its worth[19]. Pause.

ਐਹੋ ਜੇਹੀ ਹੈ ਕੀਰਤੀ[18] ਪ੍ਰਭੂ ਦੇ ਨਾਮ ਦੀ । ਇਨਸਾਨ ਇਸ ਦਾ ਮੁੱਲ[19] ਦੱਸ ਨਹੀਂ ਸਕਦਾ[20] । ਠਹਿਰਾਉ ।

੮੯੧

ਸੂਰਬੀਰ[21] ਧੀਰਜ[22] ਮਤਿ[23] ਪੂਰਾ[24] ॥ ਸਹਜ ਸਮਾਧਿ[25] ਧੁਨਿ[26] ਗਹਿਰ[27] ਗੰਭੀਰਾ[28]॥ ਸਦਾ[29] ਮੁਕਤੁ[30] ਤਾਕੇ[31] ਪੂਰੇ[32] ਕਾਮ[33] ॥ ਜਾ ਕੈ[34] ਰਿਦੈ[35] ਵਸੈ[36] ਹਰਿ ਨਾਮ ॥ ੨॥

He alone is valiant[21] fortitudinous[22], perfectly[24] intelligent[23], attuned[26] to primordial trance[25], profound[27], unfathomable[28] and ever[29] emancipated[30] and his[31] affairs[33] are all adjusted[32], within whose[34] mind[35] abides[36] the God's Name

ਕੇਵਲ ਉਹ ਹੀ ਯੋਧਾ[24], ਧੀਰਜਵਾਨ[22], ਪੂਰਨ[24] ਅਕਲਮੰਦ[23], ਅਫੁਰ ਤਾੜੀ[25] ਦੀ ਲਗਨ[26] ਵਾਲਾ, ਡੂੰਘਾ[27], ਅਥਾਹ[28] ਤੇ ਹਮੇਸ਼ਾ[29] ਲਈ ਬੰਦਖ਼ਲਾਸ[30] ਹੈ ਅਤੇ ਉਸ[31] ਦੇ ਸਾਰੇ ਕਾਰਜ[33] ਹੀ ਰਾਸ ਹੋ ਜਾਂਦੇ[32] ਹਨ, ਜਿਸ[34] ਦੇ ਅੰਤਸ਼ਕਰਨ[35] ਅੰਦਰ ਵਾਹਿਗੁਰੂ ਦਾ ਨਾਮ ਨਿਵਾਸ ਰਖਦਾ[36] ਹੈ ।

ਸਗਲ[37] ਸੂਖ[38] ਆਨੰਦ[39] ਅਰੋਗ[40] ॥ ਸਮਦਰਸੀ[41] ਪੂਰਨ[42] ਨਿਰਜੋਗ[43] ॥ ਆਇ ਨ ਜਾਇ ਡੋਲੈ[44] ਕਤ[45] ਨਾਹੀ ॥ ਜਾ ਕੈ ਨਾਮੁ

He is blessed with all[37] peace[38], bliss[39] and disease-free[40] health, he sees all with an impartial eye[41], is perfectly[42] detached[43] and comes, goes and wabbles[44] not ever[45], in[48]

ਉਸ ਨੂੰ ਸਮੂਹ[37] ਆਰਾਮ[38], ਪ੍ਰਸੰਨਤਾ[39] ਤੇ ਬੀਮਾਰੀ-ਰਹਿਤ[40] ਤੰਦਰੁਸਤੀ ਪਰਦਾਨ ਹੁੰਦੀ ਹੈ, ਉਹ ਸਾਰਿਆਂ ਨੂੰ ਪੱਖਪਾਤ-ਰਹਿਤ ਅੱਖ[41] ਨਾਲ ਵੇਖਦਾ ਹੈ, ਪੂਰਾ[42] ਨਿਰਲੇਪ[43] ਹੈ ਅਤੇ ਕਦੇ[45] ਭੀ ਆਉਂਦਾ ਜਾਂਦਾ ਤੇ ਖਿੜਕਦਾ[44] ਨਹੀਂ, ਜਿਸ ਦੇ ਦਿਲ[47] ਅੰਦਰ[48] ਸਾਹਿਬ

ਬਸੈ[46] ਮਨ[47] ਮਾਹੀ[48] ॥੩॥	whose heart[47] the Lord's Name dwells[46].	ਦਾ ਨਾਮ ਵੱਸਦਾ[46] ਹੈ ।
ਦੀਨ[49] ਦਇਆਲ[50] [51]ਗੋਪਾਲ[52] [53]ਗੋਵਿੰਦ[54] ॥	God is merciful[40] to the meek[49], the sustainer[52] of the world[51] and the Lord[54] of the universe[53].	ਵਾਹਿਗੁਰੂ ਮਸਕੀਨਾਂ[49] ਉੱਤੇ ਮਇਆਵਾਨ[50], ਜਗਤ[51] ਦਾ ਪਾਲਣਹਾਰ[52]ਅਤੇ ਕੁਲ[53] ਜਗਤ ਦਾ ਸੁਆਮੀ[54] ਹੈ ।
ਗੁਰਮੁਖਿ[55] ਜਪੀਐ[56] ਉਤਰੈ[57] ਚਿੰਦ[58] ॥	Contemplating[56] Him by Guru's grace[55], worry[58] is worn off[57].	ਗੁਰਾਂ ਦੀ ਦਇਆ[55] ਦੁਆਰਾ ਉਸ ਦਾ ਭਜਨ ਕਰਨ[56] ਨਾਲ ਚਿੰਤਾ[58] ਮਿੱਟ ਜਾਂਦੀ[57] ਹੈ ।
ਨਾਨਕ ਕਉ ਗੁਰਿ ਦੀਆ[59] ਨਾਮੁ ॥ ਸੰਤਨ ਕੀ ਟਹਲ[60] ਸੰਤ ਕਾ ਕਾਮੁ[61] ॥੪॥੧੫॥ ੨੬॥	The Guru has blessed[59] Nanak with the Lord's Name and he waits upon[60] the saints and performs the saints' service[61].	ਗੁਰਾਂ ਨੇ ਨਾਨਕ ਨੂੰ ਪ੍ਰਭੂ ਦਾ ਨਾਮ ਬਖ਼ਸ਼ਿਆ[59] ਹੈ ਅਤੇ ਉਹ ਸਾਧੂਆਂ ਦੀ ਸੇਵਾ ਕਰਦਾ[60] ਹੈ ਤੇ ਸਾਧੂਆਂ ਦੀ ਹੀ ਘਾਲ[61] ਕਮਾਉਂਦਾ ਹੈ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਬੀਜ[62] ਮੰਤ੍ਰੁ[63] ਹਰਿ ਕੀਰਤਨੁ[64] ਗਾਉ[65] ॥	Sing[65] thou the Lord's praise[64], which is the basis[62] of all the spells[63].	ਤੂੰ ਪ੍ਰਭੂ ਦੀ ਕੀਰਤੀ[64] ਗਾਇਨ[65] ਕਰ, ਜੋ ਸਾਰਿਆਂ ਮੰਤ੍ਰਾਂ[63] ਦੀ ਬੁਨਿਆਦ[62] ਹੈ ।
ਆਗੈ[66] ਮਿਲੀ[67] ਨਿਥਾਵੇ[68] ਥਾਉ ॥	By it, the shelterless[68] obtains[67] shelter in the world beyond[66].	ਇਸ ਦੁਆਰਾ, ਟਿਕਾਣੇ-ਰਹਿਤ[68] ਨੂੰ ਪ੍ਰਲੋਕ[66] ਵਿਚ ਟਿਕਾਣਾ ਪਰਾਪਤ ਹੋ ਜਾਂਦਾ[67] ਹੈ ।
ਗੁਰ ਪੂਰੇ[69] ਕੀ ਚਰਣੀ[70] ਲਾਗੁ[71] ॥ ਜਨਮ ਜਨਮ[72] ਕਾ ਸੋਇਆ[73] ਜਾਗੁ[74] ॥੧॥	Repair[71] thou to the feet[70] of the Perfect[69] Guru and having slept[73] for many births[72], thou shalt be awakened[74].	ਤੂੰ ਪੂਰਨ[69] ਗੁਰਾਂ ਦੇ ਪੈਰੀਂ[70] ਪੈ ਜਾ[71], ਅਤੇ ਘਣੇਰਿਆਂ ਜਨਮਾਂ[72] ਦਾ ਸੁੱਤਾ ਹੋਇਆ[73] ਤੂੰ ਜਾਗ ਉਠੇਂਗਾ[74] ।
ਹਰਿ ਹਰਿ[75] ਜਾਪੁ[76] ਜਪਲਾ[77] ॥	The Lord God's[75] Name[76], remember[77] thou, O man.	ਸੁਆਮੀ ਵਾਹਿਗੁਰੂ[75] ਦੇ ਨਾਮ[76] ਦਾ ਸਿਮਰਨ ਕਰ[77] ਤੂੰ, ਹੇ ਬੰਦੇ !
ਖਿਨ[25] ਮਹਿ[28] ਥਾਪਿ[26] ਉਥਾਪਨਹਾਰਾ[27] ॥	He establishes[26] and disestablishes[27] in[28] a moment[25].	ਇੱਕ ਮੁਹਤ[25] ਵਿੱਚ[28] ਉਹ ਇਸਥਿਤ ਕਰਨ[26] ਅਤੇ ਉਖੇੜਨ ਯੋਗ[27] ਹੈ ।
ਤਿਸੁ[29] ਬਿਨੁ ਅਵਰੁ[30] ਨ ਕੋਈ ॥	Without Him[20] there is not another[30].	ਉਸ[29] ਦੇ ਬਗ਼ੈਰ ਹੋਰ ਕੋਈ[30] ਨਹੀਂ ।
ਜਨ[31] ਕਾ ਰਾਖਾ[32] ਸੋਈ[33]॥ ੩॥	He[33] alone is the Saviour[32] of His slave[31].	ਕੇਵਲ ਉਹ[33] ਹੀ ਆਪਣੇ ਗੋਲੇ[31] ਦੀ ਰੱਖਿਆ ਕਰਨ ਵਾਲਾ[32] ਹੈ ।

ਕਰਿ ਕਿਰਪਾ[34] ਅਰਦਾਸਿ[35] ਸੁਣੀਜੈ ॥ ਆਪਣੇ ਸੇਵਕ[36] ਕਉ ਦਰਸਨੁ[37] ਦੀਜੈ ॥	Take Thou pity[34] on me, O Lord and hearken to my prayer[35], that I, Thy slave[36] may see Thine vision[37].	ਤੂੰ ਮੇਰੇ ਉੱਤੇ ਮਿਹਰ[34] ਧਾਰ, ਹੇ ਸੁਆਮੀ ! ਅਤੇ ਮੇਰੀ ਬੇਨਤੀ[35] ਸੁਣ ਤਾਂ ਜੋ ਮੈਂ, ਤੇਰਾ ਗੋਲਾ[36], ਤੇਰਾ ਦੀਦਾਰ[37] ਵੇਖ ਲਵਾਂ ।
ਨਾਨਕ ਜਾਪੀ[38] ਜਪੁ[39] ਜਾਪੁ[40] ॥ ਸਭ ਤੇ ਊਚੁ[41] ਜਾਕਾ ਪਰਤਾਪੁ[42] ॥੪॥੩੨॥ ੪੩॥	Nanak, the worshipper[38], ever utters[39] the Name[40] of Him, whose splendour[42] is the greatest of all[41].	ਉਪਾਸ਼ਕ[38] ਨਾਨਕ ਸਦਾ ਉਸ ਦੇ ਨਾਮ[40] ਦਾ ਉਚਾਰਨ ਕਰਦਾ[39] ਹੈ, ਜਿਸ ਦੀ ਪ੍ਰਭਤਾ[42] ਸਾਰਿਆਂ ਨਾਲੋਂ ਵਿਸ਼ਾਲ[41] ਹੈ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਬਿਰਥਾ[43] ਭਰਵਾਸਾ[44] ਲੋਕ[45] ॥	Vain[48] is the mainstay[44] of man[45].	ਵਿਅਰਥ[43] ਹੈ ਆਦਮੀ[45] ਦਾ ਆਸਰਾ[44] ।
ਠਾਕੁਰ[46] ਪ੍ਰਭ ਤੇਰੀ ਟੇਕ[47] ॥	My Lord Master[46], Thou alone art my prop[47].	ਮੇਰੇ ਸੁਆਮੀ ਮਾਲਕ[46], ਕੇਵਲ ਤੂੰ ਹੀ ਮੇਰਾ ਸਹਾਰਾ[47] ਹੈਂ ।
ਅਵਰ[48] ਛੂਟੀ[49] ਸਭ[51] ਆਸ[50] ॥	I have forsaken[49] all[51] other[48] hopes[50].	ਮੈਂ ਹੋਰ[48] ਸਾਰੀਆਂ[51] ਆਸਾਂ ਉਮੈਦਾਂ[50] ਲਾਹ ਸੁੱਟੀਆਂ[49] ਹਨ ।
ਅਚਿੰਤ[52] ਠਾਕੁਰ[53] ਭੇਟੇ[54] [55]ਗੁਣਤਾਸ[56] ॥੧॥	I have, now, met[54] with the Unanxious[52] Lord[53], the Treasure[56] of virtues[55].	ਮੈਂ, ਹੁਣ ਨੇਕੀਆਂ[55] ਦੇ ਖ਼ਜ਼ਾਨੇ[56], ਚਿੰਤਾ-ਰਹਿਤ[52] ਸੁਆਮੀ[53] ਨੂੰ ਮਿਲ ਪਿਆ[54] ਹਾਂ ।
ਏਕੋ[57] ਨਾਮੁ ਧਿਆਇ[58] ਮਨ[59] ਮੇਰੇ ॥	O my soul[59], meditate[58] thou on the Lord's Name alone[57].	ਹੇ ਮੇਰੀ ਜਿੰਦੇ[59] ! ਤੂੰ ਕੇਵਲ[57] ਸੁਆਮੀ ਦੇ ਨਾਮ ਦਾ ਹੀ ਸਿਮਰਨ[58] ਕਰ ।
ਕਾਰਜੁ[60] ਤੇਰਾ ਹੋਵੈ ਪੂਰਾ[61] ਹਰਿ ਹਰਿ ਹਰਿ[62] ਗੁਣ[63] ਗਾਇ[64] ਮਨ[65] ਮੇਰੇ ॥੧॥ ਰਹਾਉ॥	O my mind[65], sing[64] thou the praise[63] of thy God, the Lord Master[62] and thy affair[60] shall be arranged[61]. Pause.	ਹੇ ਮੇਰੇ ਮਨ[65] ! ਤੂੰ ਆਪਣੇ ਵਾਹਿਗੁਰੂ ਸੁਆਮੀ[62] ਮਾਲਕ ਦਾ ਜੱਸ[63] ਗਾਇਨ ਕਰ[64] ਅਤੇ ਤੇਰਾ ਕੰਮ[60] ਨੇਪਰੇ ਚੜ੍ਹ ਜਾਵੇਗਾ[61] । ਠਹਿਰਾਉ ।
ਤੁਮ ਹੀ ਕਾਰਨ[66] ਕਰਨ[67] ॥	Thou, O Lord, art the Doer[67] of deeds[66],	ਤੂੰ, ਹੇ ਪ੍ਰਭੂ ! ਸਾਰੇ ਕੰਮਾਂ[66] ਦੇ ਕਰਨ ਵਾਲਾ[67] ਹੈਂ ।
ਚਰਨ[68] ਕਮਲ[69] ਹਰਿ ਸਰਨ[70] ॥	Of Thine lotus[68] feet[69], my God, I seek the protection[70].	ਤੇਰੇ ਕੰਵਲ[69] ਚਰਨਾਂ[68] ਦੀ ਮੈਂ ਪਨਾਹ[70] ਲੋੜਦਾ ਹਾਂ, ਮੇਰੇ ਵਾਹਿਗੁਰੂ ।
ਮਨਿ[71] ਤਨਿ[72] ਹਰਿ ਓਹੀ[73] ਧਿਆਇਆ[74] ॥	Within my mind[71] and body[72], I ponder over[74] that Lord[73].	ਆਪਣੇ ਹਿਰਦੇ[71] ਤੇ ਸਰੀਰ[72] ਅੰਦਰ ਮੈਂ ਉਸ ਸਾਂਈਂ[73] ਦਾ ਆਰਾਧਨ ਕਰਦਾ[74] ਹਾਂ ।
ਆਨੰਦ ਹਰਿ[75] ਰੂਪ[76] ਦਿਖਾਇਆ[77] ॥੨॥	The Joyous Lord[75] has shown[77] me His vision[76].	ਪ੍ਰਸੰਨ ਪ੍ਰਭੂ[75] ਨੇ ਮੈਨੂੰ ਆਪਣਾ ਦਰਸ਼ਨ[76] ਵਿਖਾਲ[77] ਦਿੱਤਾ ਹੈ ।
ਤਿਸ[78] ਹੀ ਕੀ ਓਟ[79] ਸਦੀਵ[80] ॥ ਜਾ ਕੇ ਕੀਨੇ[81] ਹੈ ਜੀਵ[82] ॥	Ever[80] seek I the support[79] of Him[78], who has created[81] all the creatures[82].	ਮੈਂ ਹਮੇਸ਼ਾ[80] ਉਸ ਦਾ[78] ਆਸਰਾ[79] ਲੋੜਦਾ ਹਾਂ, ਜਿਸ ਨੇ ਸਾਰੇ ਜੀਅ-ਜੰਤੂ[82] ਪੈਦਾ ਕੀਤੇ[81] ਹਨ ।
ਸਿਮਰਤ[83] ਹਰਿ ਕਰਤ[84]	Invokiug[83] and contemplating[84] God,	ਵਾਹਿਗੁਰੂ ਦਾ ਸਿਮਰਨ[83] ਤੇ ਆਰਾਧਨ ਕਰਨ ਦੁਆਰਾ[84],

ਨਿਧਾਨ[85] ॥ ਰਾਖਨਹਾਰ[86] ਨਿਦਾਨ[87] ॥੩॥	all the treasures[85] are obtained and the Saviour[86] Lord saves man at the last moment[87].	ਸਾਰੇ ਖ਼ਜ਼ਾਨੇ[85] ਪ੍ਰਾਪਤ ਹੋ ਜਾਂਦੇ ਹਨ ਅਤੇ ਰੱਖਣ ਵਾਲਾ[86] ਸੁਆਮੀ ਅਖੀਰ ਦੇ ਵੇਲੇ[87] ਇਨਸਾਨ ਦੀ ਰੱਖਿਆ ਕਰਦਾ ਹੈ ।
ਸਰਬ[88] ਕੀ ਰੇਣ[89] ਹੋਵੀਜੈ[90] ॥	Be[90] thou the dust[88] of all[88] men's feet.	ਤੂੰ ਸਾਰਿਆਂ[88] ਬੰਦਿਆਂ ਦੇ ਪੈਰਾਂ ਦੀ ਧੂੜ[89] ਹੋ ਜਾ[90] ।
ਆਪੁ[91] ਮਿਟਾਇ[92] ਮਿਲੀਜੈ[93] ॥	Obliterating[92] thy self-conceit[91] thou shalt merge[83] in God.	ਆਪਣੀ ਸਵੈ-ਹੰਗਤਾ[91] ਨੂੰ ਮੇਸ ਕੇ[92] ਤੂੰ ਹਰੀ ਵਿੱਚ ਲੀਨ[93] ਹੋ ਜਾਵੇਂਗਾ ।
ਅਨਦਿਨੁ[94] ਧਿਆਈਐ[95] ਨਾਮੁ ॥ ਸਫਲ[96] ਨਾਨਕ ਇਹੁ ਕਾਮੁ[97] ॥੪॥੩੩॥ ੪੪॥	Night and day[94] reflect[85] thou over the Name; for, this alone is the fruitful[96] deed[97], O Nanak.	ਰਾਤ ਦਿਨ[94] ਤੂੰ ਨਾਮ ਦਾ ਆਰਾਧਨ[95] ਕਰ ਕਿਉਂਕਿ ਕੇਵਲ ਇਹ ਹੀ ਫਲਦਾਇਕ[96] ਕੰਮ[97] ਹੈ, ਹੇ ਨਾਨਕ !
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਕਾਰਨ ਕਰਨ[98] ਕਰੀਮ[99] ॥	The Bounteous Lord[99] is the Cause of causes[98].	ਦਾਤਾਰ ਸੁਆਮੀ[99] ਸਬੱਬਾਂ ਦਾ ਸਬੱਬ[98] ਹੈ ।
ਸਰਬ[100] ਪ੍ਰਤਿਪਾਲ[2] ਰਹੀਮ[3] ॥	The Merciful Master[3] cherishes[2] all[100].	ਮਿਹਰਬਾਨ ਮਾਲਕ[3] ਸਾਰਿਆਂ[100] ਨੂੰ ਪਾਲਦਾ-ਪੋਸਦਾ[2] ਹੈ ।
ਅਲਹ[4] ਅਲਖ[5] ਅਪਾਰ[6] ॥	The Lord[4] is Invisible[3] and Infinite[6].	ਪ੍ਰਭੂ[4] ਅਦ੍ਰਿਸ਼ਟ[5] ਅਤੇ ਅਨੰਤ[6] ਹੈ ।
ਖੁਦਿ[7] ਖੁਦਾਇ[8] ਵਡ[9] ਬੇਸੁਮਾਰ[10] ॥੧॥	The Master[8] Himself[7] is great[9] and immeasurable[10].	ਮਾਲਕ[8] ਆਪ[7] ਵਿਸ਼ਾਲ[9] ਅਤੇ ਅਮਾਪ[10] ਹੈ ।
ਓਂ[12] ਨਮੋ[13] ਭਗਵੰਤ[14] [15]ਗੁਸਾਈ[16] ॥	I make obeisance[13] unto the Illustrious[14] God[12], the Lord[16] of earth[15].	ਮੈਂ ਧਰਤੀ[15] ਦੇ ਸੁਆਮੀ[16], ਕੀਰਤੀਮਾਨ[14] ਵਾਹਿਗੁਰੂ[12] ਨੂੰ ਨਿਮਸ਼ਕਾਰ[13] ਕਰਦਾ ਹਾਂ ।
੮੯੭		
ਖਾਲਕੁ[17] ਰਵਿ[18] ਰਹਿਆ ਸਰਬ[19] ਠਾਈ[20] ॥੧॥ ਰਹਾਉ॥	The Creator-Lord[17] is pervading[18] all[19] the places[20]. Pause.	ਸਿਰਜਣਹਾਰ ਸੁਆਮੀ[17] ਸਾਰਿਆਂ[18] ਥਾਵਾਂ[20] ਅੰਦਰ ਵਿਆਪਕ[18] ਹੋ ਰਿਹਾ ਹੈ । ਠਹਿਰਾਉ ।
[21]ਜਗੰਨਾਥ[22] [23]ਜਗਜੀਵਨ[24] [25]ਮਾਧੋ[26] ॥	God is the Lord[22] of the world[21], the Life[24] of the universe[23] and the Master[26] of wealth[35].	ਵਾਹਿਗੁਰੂ ਸ੍ਰਿਸ਼ਟੀ[21] ਦਾ ਸੁਆਮੀ[22], ਆਲਮ[23] ਦੀ ਜਿੰਦ-ਜਾਨ[24] ਅਤੇ ਮਾਇਆ[25] ਦਾ ਮਾਲਕ[26] ਹੈ ।
ਭਉ[27] ਭੰਜਨ[28] ਰਿਦ[29] ਮਾਹਿ[30] ਅਰਾਧੋ[31] ॥	Within[30] thy mind[29], meditate[31] thou on the Lord, the Destroyer[28] of dread[37].	ਆਪਣੇ ਹਿਰਦੇ[29] ਅੰਦਰ[30] ਤੂੰ ਡਰ[27] ਦੇ ਨਾਸ ਕਰਨ ਵਾਲੇ[28] ਸਾਹਿਬ ਦਾ ਸਿਮਰਨ[31] ਕਰ ।
[32]ਰਿਖੀਕੇਸ[33] [34]ਗੋਪਾਲ[35] [36]ਗੋਵਿੰਦ[37] ॥ ਪੂਰਨ[38]	God is the Lord[33] of faculties[32], the Cherisher[35] of the world[34], the	ਵਾਹਿਗੁਰੂ ਇੰਦਰੀਆਂ[32] ਦਾ ਸੁਆਮੀ[33] ਸੰਸਾਰ[34] ਦੀ ਪ੍ਰਵਰਸ਼ ਕਰਨ ਵਾਲਾ[35], ਆਲਮ[36] ਦਾ ਮਾਲਕ[37],

ਸਰਬਤ੍ਰ[39] ਮੁਕੰਦ[40] ॥੨॥	Master[37] of universe[36], Perfect[38], Omnipresent[39] and the Dispenser of emancipation[40].	ਮੁਕੰਮਲ[38], ਸਰਬ-ਵਿਆਪਕ[39] ਅਤੇ ਮੁਕਤੀ[40] ਦੇਣਹਾਰ ਹੈਂ ।
ਮਿਹਰਵਾਨ[41] ਮਉਲਾ[42] ਤੂਹੀ ਏਕ[43] ॥ ਪੀਰ[44] ਪੈਕਾਂਬਰ[45] ਸੇਖ[46] ॥	Thou alone[43], O Lord, art the Merciful[41] Master[42], Spiritual Guide[44], Prophet[45] and the Religious Instructor[46].	ਕੇਵਲ[43] ਤੂੰ ਹੀ, ਹੇ ਸਾਹਿਬ ! ਮਇਆਵਾਨ[41] ਮਾਲਕ[42], ਰੂਹਾਨੀ ਆਗੂ[44], ਪੈਗੰਬਰ[45] ਅਤੇ ਮਜ਼ਹਬੀ ਸਿੱਖਿਆ ਦੇਣ ਵਾਲਾ[46] ਹੈਂ ।
ਦਿਲਾ[47] ਕਾ ਮਾਲਕੁ[48] ਕਰੇ ਹਾਕੁ[49] ॥ ਕੁਰਾਨ ਕਤੇਬ[50] ਤੇ ਪਾਕੁ[51] ॥੩॥	Thou art the Master[48] of hearts[47], the Adjudicator of justice[49] and more sacred[51] than the Quran and other Semitic texts[50].	ਤੂੰ ਮਨਾਂ[47] ਦਾ ਸੁਆਮੀ[48] ਹੈਂ, ਨਿਆਂ[49] ਕਰਦਾ ਹੈਂ ਅਤੇ ਕੁਰਾਨ ਤੇ ਹੋਰ ਯਹੂਦੀਆਂ ਆਦਿ ਦੀਆਂ ਧਾਰਮਕ ਗ੍ਰੰਥਾਂ[50] ਨਾਲੋਂ ਪਵਿੱਤਰ[51] ਹੈਂ ।
ਨਾਰਾਇਣ[52] [53]ਨਰਹਰ[54] ਦਇਆਲ[55] ॥ ਰਮਤ[56] ਰਾਮ[57] ਘਟ ਘਟ[58] ਆਧਾਰ[59] ॥	The man[53]-lion[54] and the Merciful[55] Lord[52] is He. The Pervading[56] God[57] gives support[59] to all the hearts[59].	ਮਨੁਸ਼[53]-ਸ਼ੇਰ[54] ਸਰੂਪ ਅਤੇ ਮਿਹਰਬਾਨ[55] ਪ੍ਰਭੂ[52] ਹੈ ਉਹ । ਵਿਆਪਕ[56] ਵਾਹਿਗੁਰੂ[57] ਸਾਰਿਆਂ ਦਿਲਾਂ[58] ਨੂੰ ਆਸਰਾ[59] ਦਿੰਦਾ ਹੈ ।
ਬਾਸੁਦੇਵ ਬਸਤ[61] ਸਭ ਠਾਇ[62] ॥	The Luminous Lord[60] abides[61] in all the places[62].	ਪ੍ਰਕਾਸ਼ਵਾਨ ਪ੍ਰਭੂ[60] ਸਾਰੀਆਂ ਥਾਵਾਂ[62] ਤੇ ਵਸਦਾ[61] ਹੈ ।
ਲੀਲਾ[63] ਕਿਛੁ ਲਖੀ[64] ਨ ਜਾਇ ॥੪॥	His wondrous play[63] can be realised[64] not.	ਉਸ ਦੀ ਅਦਭੁਤ ਖੇਡ[63] ਅਨੁਭਵ ਕੀਤੀ[64] ਨਹੀਂ ਜਾ ਸਕਦੀ ।
ਮਿਹਰ[65] ਦਇਆ[66] ਕਰਿ[67] ਕਰਨੈਹਾਰ[68] ॥	O my Creator[68], extend[67] Thine kindness[65] and compassion[66] unto me.	ਹੇ ਮੇਰੇ ਕਰਤਾਰ[68] ! ਤੂੰ ਆਪਣੀ ਰਹਿਮਤ[65] ਅਤੇ ਮਿਹਰਬਾਨੀ[66] ਮੇਰੇ ਉੱਤੇ ਧਾਰ[67] ।
ਭਗਤਿ[69] ਬੰਦਗੀ[70] ਦੇਹਿ[71] ਸਿਰਜਣਹਾਰ[72] ॥	O the Maker-Lord[72], bless[71] me with Thine devotional service[69] and meditation[70].	ਹੇ ਮੇਰੇ ਰਚਣਹਾਰ ਸੁਆਮੀ[72] ! ਮੈਨੂੰ ਆਪਣੀ ਪ੍ਰੇਮਮਈ ਸੇਵਾ[69] ਅਤੇ ਸਿਮਰਨ[70] ਪ੍ਰਦਾਨ[71] ਕਰ ।
ਕਹੁ ਨਾਨਕ ਗੁਰਿ ਖੋਏ[73] ਭਰਮ[74] ॥	Says Nanak, the Guru has rid[73] me of my doubt[74].	ਗੁਰੂ ਜੀ ਆਖਦੇ ਹਨ, ਗੁਰਾ ਨੇ ਮੇਰੇ ਸੰਦੇਹ[74] ਮੇਟ ਦਿੱਤੇ[73] ਹਨ ।
ਏਕੋ[75] ਅਲਹੁ[76]ਪਾਰਬ੍ਰਹਮ[77]॥ ੫॥੩੪॥੪੫॥	The Muslim's God[76] and the Hindu's Transcendent Lord[77] are one and the same[75].	ਮੁਸਲਮਾਨਾਂ ਦਾ ਖ਼ੁਦਾ[76] ਅਤੇ ਹਿੰਦੂਆਂ ਦਾ ਪਰਮ ਪ੍ਰਭੂ[77] ਅੰਨ ਇੱਕੋ ਹੀ[75] ਹਨ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਕੋਟਿ[78] ਜਨਮ ਕੇ ਬਿਨਸੇ[79] ਪਾਪ[80] ॥	The sins[80] of millions[78] of births are eradicated[79].	ਕ੍ਰੋੜਾਂ[78] ਹੀ ਜਨਮਾਂ ਦੇ ਪਾਪ[80] ਨਾਸ ਹੋ ਜਾਂਦੇ[79] ਹਨ ।
ਹਰਿ ਹਰਿ[81] ਜਪਤ[82] ਨਾਹੀ ਸੰਤਾਪ[83] ॥	Remembering[82] the Lord Master[81], pain[83] touches man not.	ਸੁਆਮੀ ਮਾਲਕ[81] ਦਾ ਸਿਮਰਨ[82] ਕਰਨ ਦੁਆਰਾ ਦੁੱਖ-ਪੀੜ[83] ਇਨਸਾਨ ਨੂੰ ਪੋਂਹਦੀ ਨਹੀਂ ।

ਗੁਰ ਕੈ ਚਰਨ[84] ਕਮਲ[85] ਮਨਿ ਵਸੇ[86] ॥ ਮਹਾ[87] ਬਿਕਾਰ[88] ਤਨ[89] ਤੇ[91] ਸਭਿ ਨਸੇ[90] ॥੧॥	If the Guru's lotus[85] feet[84] are enshrined[86] in man's mind, all the arch[87] evils[88] hasten away[90] from[91] his body[89].	ਜੇਕਰ ਗੁਰਾਂ ਦੇ ਕੰਵਲ[85] ਚਰਨ[84] ਮਨੁੱਖ ਦੇ ਮਨ ਵਿੱਚ ਟਿੱਕ ਜਾਣ[86] ਤਾਂ ਸਾਰੇ ਘੋਰ[87] ਪਾਪ[88] ਉਸ ਦੀ ਦੇਹ[89] ਤੋਂ[91] ਦੌੜ ਜਾਂਦੇ[90] ਹਨ ।
[92]ਗੋਪਾਲ[93] ਕੋ ਜਸੁ[94] ਗਾਉ[96] ਪ੍ਰਾਣੀ[95] ॥	Sing[96] thou the praise[94] of the World[92]-Cherisher[93], O mortal[95].	ਤੂੰ ਸ੍ਰਿਸ਼ਟੀ[92] ਦੇ ਪਾਲਣਹਾਰ[93] ਦੀ ਮਹਿਮਾ[94] ਗਾਇਨ[96] ਕਰ, ਹੇ ਫ਼ਾਨੀ ਬੰਦੇ[95] ।
ਅਕਥ[97] ਕਥਾ[98] ਸਾਚੀ ਪ੍ਰਭ ਪੂਰਨ[99] ਜੋਤੀ[100] ਜੋਤਿ[2] ਸਮਾਣੀ[3] ॥੧॥ਰਹਾਉ॥	Ineffable[97] and true is the discourse[93] of the Perfect[99] Lord. The light[2] of the Luminous Lord[100] is pervading[3] all. Pause.	ਅਕਹਿ[97] ਅਤੇ ਸੱਚੀ ਹੈ ਕਥਾਵਾਰਤਾ[98] ਪੂਰੇ[99] ਪ੍ਰਮੇਸ਼ਰ ਦੀ । ਪ੍ਰਕਾਸ਼ਵਾਨ ਪ੍ਰਭੂ[100] ਦਾ ਪ੍ਰਕਾਸ਼[2] ਸਾਰੇ ਵਿਆਪਕ[3] ਹੋ ਰਿਹਾ ਹੈ । ਠਹਿਰਾਉ ।
ਤ੍ਰਿਸਨਾ[4] ਭੂਖ[5] ਸਭ ਨਾਸੀ[6] ॥ ਸੰਤ ਪ੍ਰਸਾਦਿ[7] ਜਪਿਆ[8] ਅਬਿਨਾਸੀ[9] ॥	Contemplating[8] the Immortal Lord[9], through the saints' grace[7], thirst[4] and hunger[5] are all stilled[6].	ਸਾਧੂਆਂ ਦੀ ਦਇਆ[7] ਰਾਹੀਂ ਅਮਰ ਸੁਆਮੀ[9] ਦਾ ਸਿਮਰਨ[8] ਕਰਨ ਦੁਆਰਾ ਸਭ ਤ੍ਰੇਹ[4] ਤੇ ਭੁੱਖਾਂ[5] ਦੂਰ ਹੋ ਜਾਂਦੀਆਂ[6] ਹਨ ।
ਰੈਨਿ[10] ਦਿਨਸੁ ਪ੍ਰਭ ਸੇਵ[12] ਕਮਾਨੀ[13] ॥	Perform[13] thou the Lord's service[12] night[10] and day.	ਰਾਤ[10] ਦਿਨ ਤੂੰ ਸੁਆਮੀ ਦੀ ਸੇਵਾ-ਟਹਿਲ[12] ਕਰ[13] ।
ਹਰਿ ਮਿਲਣੈ ਕੀ ਏਹ ਨੀਸਾਨੀ[14] ॥੨॥	This is the sign[14] to meet with thy God.	ਆਪਣੇ ਵਾਹਿਗੁਰੂ ਨਾਲ ਮਿਲਣ ਦਾ ਇਹ ਹੀ ਚਿੰਨ੍ਹ[14] ਹੈ ।
ਮਿਟੇ[15] ਜੰਜਾਲ[16] ਹੋਏ ਪ੍ਰਭ ਦਇਆਲ[17] ॥	When the Lord becomes compassionate[17], all the worldly involvements[16] are ended[15].	ਜਦ ਸਾਹਿਬ ਦਇਆਵਾਨ[17] ਹੋ ਜਾਂਦਾ ਹੈ ਤਾਂ ਸਾਰੇ ਸੰਸਾਰੀ ਝਮੇਲੇ[16] ਮੁੱਕ ਜਾਂਦੇ[15] ਹਨ ।
ਗੁਰ ਕਾ ਦਰਸਨੁ[18] ਦੇਖਿ ਨਿਹਾਲ[19] ॥	Seeing the Guru's sight[18], one is filled with bliss[19].	ਗੁਰਾਂ ਦਾ ਦੀਦਾਰ[18] ਵੇਖ ਕੇ ਬੰਦਾ ਪਰਮ ਪ੍ਰਸੰਨ[19] ਹੋ ਜਾਂਦਾ ਹੈ ।
ਪਰਾ ਪੂਰਬਲਾ[20] ਕਰਮੁ[21] ਬਣਿ ਆਇਆ[22] ॥	My primal and prenatal[20] destiny[21] has awakened[22].	ਮੇਰੀ ਆਦੀ ਤੇ ਪੁਰਾਤਨ[20] ਪ੍ਰਾਲਭਧ[21] ਜਾਗ ਉੱਠੀ[22]ਹੈ।
ਹਰਿ ਕੇ ਗੁਣ[23] ਨਿਤ[24] ਰਸਨਾ[25] ਗਾਇਆ ॥੩॥	God's praise[23], I ever[24] sing with my tongue[25].	ਵਾਹਿਗੁਰੂ ਦਾ ਜੱਸ[23], ਮੈਂ ਸਦਾ[24] ਆਪਣੀ ਜੀਭ[25] ਨਾਲ ਗਾਉਂਦਾ ਹਾਂ ।
ਹਰਿ ਕੇ ਸੰਤ ਸਦਾ[26] ਪਰਵਾਣੁ[27] ॥	Ever[26] approved[27] are the Lord's saints.	ਸਦੀਵ[26] ਹੀ ਪ੍ਰਮਾਣੀਕ[27] ਹਨ ਸੁਆਮੀ ਦੇ ਸਾਧੂ ।
ਸੰਤ ਜਨਾ[28] ਮਸਤਕਿ[29] ਨੀਸਾਣੁ[30] ॥	The Lord anoints[30] the forehead[29] of the pious persons[28].	ਪਵਿੱਤਰ ਪੁਰਸ਼ਾਂ[28] ਦੇ ਮੱਥੇ[29] ਤੇ ਸਾਹਿਬ ਰਾਜ-ਤਿਲਕ[30] ਲਾਉਂਦਾ ਹੈ ।
ਦਾਸ[31] ਕੀ ਰੇਣੁ[32] ਪਾਏ[33] ਜੇ[34]ਕੋਇ[35] ॥ ਨਾਨਕ ਤਿਸ[36] ਕੀ [37]ਪਰਮਗਤਿ[38] ਹੋਇ[39] ॥ ੪॥੩੫॥੪੬॥	If[34] any mortal[35] is blessed[33] with the dust[32] of the feet of God's slave[31]; he[36], then, obtains[39] the supreme[37] salvation[38], O Nanak.	ਜੇਕਰ[34] ਕਿਸੇ ਪ੍ਰਾਣੀ[35] ਨੂੰ ਵਾਹਿਗੁਰੂ ਦੇ ਗੋਲੇ[31] ਦੇ ਪੈਰਾਂ ਦੀ ਧੂੜ[32] ਪ੍ਰਾਪਤ ਹੋ ਜਾਵੇ; ਤਦ ਉਹ[36], ਹੇ ਨਾਨਕ ! ਮਹਾਨ[37] ਮੋਖ਼ਸ਼[38] ਨੂੰ ਪਾ ਲੈਂਦਾ[39] ਹੈ ।

ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਦਰਸਨ[40] ਕਉ ਜਾਈਐ ਕੁਰਬਾਨੁ[41] ॥	Unto the Lord's vision[40], be thou a sacrifice[41].	ਸਾਹਿਬ ਦੇ ਦੀਦਾਰ[40] ਉਤੋਂ ਤੂੰ ਬਲਿਹਾਰਨੇ[41] ਥੀ ਵੰਞ ।
ਚਰਨ[42] ਕਮਲ[43] ਹਿਰਦੈ[44] ਧਰਿ[45] ਧਿਆਨੁ[46] ॥	In thy mind[44], fix[45] thou thine attention[46] on the Lord's lotus[43] feet[42].	ਆਪਣੇ ਰਿਦੇ[44] ਅੰਦਰ ਤੂੰ ਆਪਣੀ ਬਿਰਤੀ[46] ਪ੍ਰਭੂ ਦੇ ਕੰਵਲ[43] ਚਰਨਾਂ[42] ਨਾਲ ਜੋੜ[45] ।
ਧੂਰਿ[47] ਸੰਤਨ ਕੀ ਮਸਤਕਿ[48] ਲਾਇ[49] ॥ ਜਨਮ ਜਨਮ[50] ਕੀ ਦੁਰਮਤਿ[51] ਮਲੁ[52] ਜਾਇ[53] ॥੧॥	Apply[49] thou the dust[47] of the saints' feet to thy forehead[48] and the filth[52] of evil-mindedness[51] of thine many births[50] shall be washed off[53].	ਸਾਧੂਆਂ ਦੇ ਪੈਰਾਂ ਦੀ ਧੂੜ[47] ਤੂੰ ਆਪਣੇ ਮੱਥੇ[48] ਨੂੰ ਮਲ[49] ਅਤੇ ਤੇਰੇ ਅਨੇਕਾਂ ਜਨਮਾਂ[50] ਦੀ ਖੋਟੀ ਬੁੱਧੀ[51] ਦੀ ਮਲੀਣਤਾ[52] ਧੋਤੀ ਜਾਵੇਗੀ[53] ।
ਜਿਸੁ[54] ਭੇਟਤ[55] ਮਿਟੈ[56] ਅਭਿਮਾਨੁ[57] ॥ ਪਾਰਬ੍ਰਹਮੁ[58] ਸਭੁ[59] ਨਦਰੀ[60] ਆਵੈ ਕਰਿ[61] ਕਿਰਪਾ[62] ਪੂਰਨ[63] ਭਗਵਾਨ[64] ॥੧॥ਰਹਾਉ॥	Such is the Guru, meeting[55] with whom[54], man's self-conceit[57] is stilled[56], the Transcendent Lord[58] is seen[60] pervading all over[59] and the Perfect[63] Illustrious Master[64] showers[61] His benediction[62] on the man. Pause.	ਐਸੇ ਹਨ ਗੁਰਦੇਵ ਜੀ, ਜਿਨ੍ਹਾਂ[54] ਨਾਲ ਮਿਲਣ[55]ਦੁਆਰਾ ਇਨਸਾਨ ਦੀ ਸਵੈ-ਹੰਗਤਾ[57] ਨਵਿਰਤ[56] ਹੋ ਜਾਂਦੀ ਹੈ, ਪਰਮ ਪ੍ਰਭੂ[58] ਸਾਰੇ[59] ਹੀ ਵਿਆਪਕ ਦਿਸ ਆਉਂਦਾ[60] ਹੈ ਅਤੇ ਮੁਕੰਮਲ[63] ਕੀਰਤੀਮਾਨ ਮਾਲਕ[64] ਬੰਦੇ ਉੱਤੇ ਆਪਣੀ ਰਹਿਮਤ[62] ਨਿਛਾਵਰ[61] ਕਰਦਾ ਹੈ । ਠਹਿਰਾਉ ।
ਗੁਰ ਕੀ ਕੀਰਤਿ[65] ਜਪੀਐ[66] ਹਰਿ ਨਾਉ ॥	This is the Guru's praise[65], that man utters[66] the Lord's Name.	ਇਹ ਹੀ ਹੈ ਗੁਰਾਂ ਦੀ ਉਸਤਤੀ[65] ਕਿ ਇਨਸਾਨ ਵਾਹਿਗੁਰੂ ਦੇ ਨਾਮ ਦਾ ਉਚਾਰਨ[66] ਕਰਦਾ ਹੈ ।
ਗੁਰ ਕੀ ਭਗਤਿ[67] ਸਦਾ[68] ਗੁਣ[69] ਗਾਉ[70] ॥	This alone is the Guru's adoration[67] that man ever[68] sings[70] the Lord's praise[69].	ਕੇਵਲ ਇਹ ਹੀ ਹੈ ਗੁਰਾਂ ਦੀ ਉਪਾਸ਼ਨਾ[67] ਕਿ ਇਨਸਾਨ ਸਦੀਵ[68] ਹੀ ਪ੍ਰਭੂ ਦੀ ਮਹਿਮਾਂ[69] ਗਾਇਨ ਕਰਦਾ[70] ਹੈ ।
ਗੁਰ ਕੀ ਸੁਰਤਿ[71] ਨਿਕਟਿ[72] ਕਰਿ[73] ਜਾਨੁ[74] ॥	This alone is the Guru's meditation[71], that the mortal deems[74] the Lord as[73] near[72].	ਕੇਵਲ ਇਹ ਹੀ ਹੈ ਗੁਰਾਂ ਦਾ ਸਿਮਰਨ[71] ਕਿ ਪ੍ਰਾਣੀ ਸੁਆਮੀ ਨੂੰ ਨੇੜੇ[72] ਕਰ ਕੇ[73] ਜਾਣਦਾ[74] ਹੈ ।
ਗੁਰ ਕਾ ਸਬਦੁ[75] ਸਤਿ[76] ਕਰਿ[77] ਮਾਨੁ[78] ॥੨॥	Believe[78] thou as[77] true[76] the Guru's word[75].	ਤੂੰ ਗੁਰਾਂ ਦੀ ਬਾਣੀ[75] ਨੂੰ ਸੱਚੀ[76] ਜਾਣ ਕੇ[77] ਭਰੋਸਾ[78] ਧਾਰ ।
ਗੁਰ ਬਚਨੀ[79] ਸਮਸਰਿ[80] ਸੁਖ[81] ਦੂਖ[82] ॥ ਕਦੇ[83] ਨ ਬਿਆਪੈ[84] ਤ੍ਰਿਸਨਾ[85] ਭੂਖ[86]॥	By Guru's instruction[79], weal[81] and woe[82] seem alike[80] and thirst[85] and hunger[86] cling[84] not to one, ever[83].	ਗੁਰਾਂ ਦੇ ਉਪਦੇਸ਼[79] ਦੁਆਰਾ, ਖੁਸ਼ੀ[81] ਤੇ ਗਮੀ[82] ਇਕਸਾਰ[80] ਭਾਸਦੇ ਹਨ, ਅਤੇ ਤ੍ਰੇਹ[85] ਤੇ ਭੁੱਖ[86] ਕਦਾਚਿੱਤ[83] ਬੰਦੇ ਨੂੰ ਨਹੀਂ ਚਿਮੜਦੀਆਂ[84] ।
ਮਨਿ[87] ਸੰਤੋਖੁ[88] ਸਬਦਿ ਗੁਰ[89] ਰਾਜੇ[90] ॥	By Guru's hymns[89] the mind[87] becomes content[81] and satiated[90].	ਗੁਰਾਂ ਦੀ ਬਾਣੀ[89] ਦੁਆਰਾ ਮਨੂਆ[87] ਸੰਤੁਸਟ[88] ਅਤੇ ਧ੍ਰਾਪਿਆ ਹੋਇਆ[90] ਥੀ ਵੰਞਦਾ ਹੈ ।
ਜਪਿ[91] [92]ਗੋਬਿੰਦੁ[93] ਪੜਦੇ[94] ਸਭਿ[95] ਕਾਜੇ[96] ॥੩॥	Contemplating[91] the Master[93] of the Universe[92], a veil[96] is cast over all[95] the sins[94] of the mortal.	ਆਲਮ[92] ਦੇ ਸੁਆਮੀ[93] ਦਾ ਸਿਮਰਨ[91] ਕਰਨ ਦੁਆਰਾ ਪ੍ਰਾਣੀ ਦੇ ਸਾਰੇ[95] ਐਬ[94] ਢੱਕੇ ਜਾਂਦੇ[96] ਹਨ ।

ਗੁਰੁ ਪਰਮੇਸਰੁ[97] ਗੁਰੁ [98]ਗੋਵਿੰਦੁ[99] ॥	The Guru is God[97], and Guru, the Lord[99] of the universe[98].	ਗੁਰੂ ਜੀ ਵਾਹਿਗੁਰੂ[97] ਹਨ ਅਤੇ ਗੁਰੂ ਜੀ ਹੀ ਕੁਲ ਆਲਮ[98] ਦੇ ਸੁਆਮੀ[99] ।
ਗੁਰੁ ਦਾਤਾ[100] ਦਇਆਲ[2] ਬਖਸਿੰਦੁ[3] ॥	The Guru is bounteous[100], compassionate[2] and forgiving[3].	ਗੁਰੂ ਜੀ ਦਾਤਾਰ[100], ਮਿਹਰਬਾਨ[2] ਤੇ ਮਾਫ਼ੀ ਦੇਣਹਾਰ[3] ਹਨ ।
ਗੁਰ ਚਰਨੀ[4] ਜਾ ਕਾ ਮਨੁ ਲਾਗਾ[5] ॥ ਨਾਨਕ ਦਾਸ[6] ਤਿਸੁ[7] ਪੂਰਨ[8] ਭਾਗਾ[9] ॥ ੪॥੩੬॥੪੭॥	He, whose mind is attached[5] to the Guru's feet[4], he[7], O slave[6] Nanak, has perfect[8] destiny[9].	ਜਿਸ ਦਾ ਚਿੱਤ ਗੁਰਾਂ ਦੇ ਪੈਰਾਂ[4] ਨਾਲ ਜੁੜ ਗਿਆ[5] ਹੈ, ਪੂਰੀ[8] ਹੈ ਉਸ[7] ਦੀ ਪ੍ਰਾਲਭਧ[9], ਹੇ ਗੋਲੇ[6] ਨਾਨਕ ! (ਉਹ ਸੁਭਾਗਾ ਹੈ) ।
੮੯੮		
ਰਾਮਕਲੀ ਮਹਲਾ ੫ ॥	Ramkali 5 Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਕਿਸੁ ਭਰਵਾਸੈ[10] ਬਿਚਰਹਿ[12] ਭਵਨ[13] ॥	On whose support[10] livest[12] thou in this world[13] ?	ਤੂੰ ਕਿਸ ਦੇ ਆਸਰੇ[10] ਇਸ ਸੰਸਾਰ[13] ਵਿੱਚ ਰਹਿੰਦਾ[12] ਹੈਂ ?
ਮੂੜ[14] ਮੁਗਧ[15] ਤੇਰਾ ਸੰਗੀ[16] ਕਵਨ[17] ॥	O ignorant[14] fool[15], who[17] is friend[16] of thine here ?	ਹੇ ਬੇਸਮਝ[14] ਮੂਰਖ[15] ! ਤੇਰਾ ਏਥੇ ਕਿਹੜਾ[17] ਦੋਸਤ[16] ਹੈ ।
ਰਾਮੁ[18] ਸੰਗੀ ਤਿਸੁ[19] ਗਤਿ[20] ਨਹੀ ਜਾਨਹਿ[21] ॥	The Lord[18] alone is thy Friend[16], whose[19] supreme dignity[20] thou realisest[21] not.	ਕੇਵਲ ਪ੍ਰਭੂ[18] ਹੀ ਤੇਰਾ ਦੋਸਤ ਹੈ ਜਿਸ[19] ਦੇ ਮਹਾਨ ਮਰਤਬੇ[20] ਨੂੰ ਤੂੰ ਅਨੁਭਵ[21] ਨਹੀਂ ਕਰਦਾ ।
ਪੰਚ[22] ਬਟਵਾਰੇ[23] ਸੇ[24] ਮੀਤ[25] ਕਰਿ[26] ਮਾਨਹਿ[27] ॥ ੧॥	The five[22] highway-men[23]; them[24] thou deemest[27] as[26] thy intimates[25].	ਪੰਜ[22], ਰਾਹ-ਮਾਰੂ ਧਾੜਵੀਂ[23]; (ਵਿਕਾਰ) ਉਨ੍ਹਾਂ ਨੂੰ ਤੂੰ ਆਪਣੇ ਯਾਰ[25] ਕਰ ਕੇ[26] ਜਾਣਦਾ[27] ਹੈਂ ।
ਸੋ[28] ਘਰੁ[29] ਸੇਵਿ[30] ਜਿਤੁ ਉਧਰਹਿ[31] ਮੀਤ ॥	Serve[30] thou the[28] Home[29], through which is thy emancipation[31], O friend.	ਤੂੰ ਉਸ[28] ਧਾਮ[29] ਦੀ ਟਹਿਲ ਕਮਾ[30] ਜਿਸ ਦੇ ਰਾਹੀਂ ਤੇਰੀ ਕਲਿਆਣ[31] ਹੈ, ਹੇ ਦੋਸਤ !
ਗੁਣ[32] ਗੋਵਿੰਦ[33] ਰਵੀਅਹਿ[34] ਦਿਨੁ ਰਾਤੀ ਸਾਧਸੰਗਿ ਕਰਿ[35] ਮਨ[36] ਕੀ ਪ੍ਰੀਤਿ[37] ॥ ੧॥ਰਹਾਉ॥	Day and night, utter[34] thou the Lord's[33] praise[32] and enshrine[35] hearty[36] affection[37] for the saints' society. Pause.	ਦਿਹੁੰ ਰੈਣ ਤੂੰ ਸਾਹਿਬ[33] ਦੀ ਸਿਫ਼ਤ ਸ਼ਲਾਘਾ[32] ਉਚਾਰਨ[34] ਕਰ ਅਤੇ ਸਤਿਸੰਗਤ ਨਾਲ ਦਿਲੀ[36] ਪਿਆਰ[37] ਪਾ[35] । ਠਹਿਰਾਉ ।
ਜਨਮੁ[38] ਬਿਹਾਨੋ[39] ਅਹੰਕਾਰਿ[40] ਅਰੁ[41] ਵਾਦਿ[42]॥ ਤ੍ਰਿਪਤਿ[43]ਨ ਆਵੈ ਬਿਖਿਆ[44] ਸਾਦਿ[45] ॥	Thy human life[38] is passing away[39] in self-conceit[40] and[41] strife[42] and thou art satiated[43] not. Such is the savour[45] of sins[44].	ਤੇਰਾ ਮਨੁੱਖੀ-ਜੀਵਨ[38] ਸਵੈ-ਹੰਗਤਾ[40] ਅਤੇ[41] ਲੜਾਈ ਝਗੜੇ[42] ਵਿਚ ਬੀਤਦਾ ਜਾ ਰਿਹਾ[39] ਹੈ ਅਤੇ ਤੈਨੂੰ ਰੱਜ[43] ਨਹੀਂ ਆਉਂਦਾ । ਐਹੋ ਜਿਹਾ ਹੈ ਚਸਕਾ[45] ਪਾਪਾਂ[44]ਦਾ ।
ਭਰਮਤ[46] ਭਰਮਤ ਮਹਾ[47] ਦੁਖੁ[48] ਪਾਇਆ[49] ॥ ਤਰੀ[50] ਨ ਜਾਈ ਦੁਤਰ[51] ਮਾਇਆ[52] ॥੨॥	In roaming[46] and rambling, thou hast suffered[49] great[47] anguish[48] and thou cannot cross[50] the terrible ocean of mammon[52].	ਭਟਕਣ[46] ਅਤੇ ਭੌਣ ਅੰਦਰ ਤੂੰ ਭਾਰੀ[47] ਕਸ਼ਟ[48] ਉਠਾਇਆ[49] ਹੈ ਅਤੇ ਤੂੰ ਮੋਹਨੀ[52] ਮਾਇਆ ਦੇ ਭਿਆਨਕ[51] ਸਮੁੰਦਰ ਨੂੰ ਪਾਰ[50] ਨਹੀਂ ਕਰ ਸਕਦਾ ।

ਕਾਮਿ[53] ਨ ਆਵੈ ਸੁ[54] ਕਾਰ[55] ਕਮਾਵੈ[56] ॥

Thou doest[56] the[54] deeds[55], tha shall avail[53] thee not.

ਤੂੰ ਉਹ[54] ਕਾਰਜ[55] ਕਰਦਾ[56] ਹੈਂ ਜਿਹੜਾ ਤੇਰੇ ਕਿਤੇ ਕੰਮ[53] ਨਹੀਂ ਆਉਣਾ ।

ਆਪਿ[57] ਬੀਜਿ[58] ਆਪੇ ਹੀ ਖਾਵੈ[59] ॥

As Thou[57] sowest[38], so shalt thou eat[59] (reap).

ਜਿਸ ਤਰ੍ਹਾਂ ਦਾ ਤੂੰ[57] ਬੀਜਦਾ[58] ਹੈਂ ਉਸੇ ਤਰ੍ਹਾਂ ਦਾ ਹੀ ਤੂੰ ਵੱਢਦਾ (ਖਾਂਦਾ[59]) ਹੈ ।

ਰਾਖਨ[60] ਕਉ ਦੂਸਰ[61] ਨਹੀ ਕੋਇ ॥

There is no other[61] than the Lord to save[60] thee.

ਪ੍ਰਭੂ ਦੇ ਬਗੈਰ ਤੈਨੂੰ ਬਚਾਉਣ ਵਾਲਾ[60] ਹੋਰ ਕੋਈ[61] ਨਹੀਂ ।

ਤਉ[62] ਨਿਸਤਰੈ[63] ਜਉ[64] ਕਿਰਪਾ[65] ਹੋਇ ॥੩॥

If[64] God's grace[66] be upon thee, then[62] alone canst thou swim across[63].

ਕੇਵਲ ਤਦ[62] ਹੀ ਤੂੰ ਪਾਰ ਉੱਤਰ ਸਕਦਾ[63] ਹੈਂ ਜੇਕਰ[64] ਵਾਹਿਗੁਰੂ ਦੀ ਤੇਰੇ ਉੱਤੇ ਮਿਹਰ[65] ਹੋਵੇ ।

ਪਤਿਤ[66] ਪੁਨੀਤ[67] ਪ੍ਰਭ ਤੇਰੋ ਨਾਮੁ ॥

The Purifier[67] of sinners[56] is Thy Name, O Lord.

ਪਾਪੀਆਂ[66] ਨੂੰ ਪਵਿੱਤਰ ਕਰਨ ਵਾਲਾ[67] ਹੈ ਤੇਰਾ ਨਾਮ, ਹੇ ਪ੍ਰਭੂ !

ਅਪਨੇ ਦਾਸ[68] ਕਉ ਕੀਜੈ[69] ਦਾਨੁ[70] ॥

Bless[69] Thou me, Thy slave[63], with the gift[70] of Thy Name.

ਤੂੰ, ਮੈਨੂੰ ਆਪਣੇ ਗੋਲੇ[68] ਨੂੰ, ਆਪਣੇ ਨਾਮ ਦੀ ਦਾਤ[70] ਪਰਦਾਨ[69] ਕਰ ।

ਕਰਿ[71] ਕਿਰਪਾ[72] ਪ੍ਰਭ ਗਤਿ[73] ਕਰਿ ਮੇਰੀ ॥

My Lord, extend[71] Thine mercy[72] and emancipate[73] me Thou.

ਮੇਰੇ ਸੁਆਮੀ, ਆਪਣੀ ਰਹਿਮਤ[72] ਧਾਰ[71] ਅਤੇ ਤੂੰ ਮੇਰੀ ਕਲਿਆਣ[73] ਕਰ ।

ਸਰਣਿ[74] ਗਹੀ[75] ਨਾਨਕ ਪ੍ਰਭ ਤੇਰੀ ॥੪॥੩੭॥੪੮॥

Nanak has grasped[75] Thy protection[74], O Lord.

ਨਾਨਕ ਨੇ ਤੇਰੀ ਪਨਾਹ[74] ਪਕੜੀ[75] ਹੈ, ਹੇ ਸੁਆਮੀ !

ਰਾਮਕਲੀ ਮਹਲਾ ੫ ॥

Ramkali 5th Guru.

ਰਾਮਕਲੀ ਪੰਜਵੀਂ ਪਾਤਿਸ਼ਾਹੀ !

ਇਹ ਲੋਕੇ[76] ਸੁਖੁ[77] ਪਾਇਆ ॥

I have procured peace[77] in this world[76].

ਇਸ ਜਹਾਨ[76] ਅੰਦਰ ਮੈਨੂੰ ਆਰਾਮ[77] ਪ੍ਰਾਪਤ ਹੋਇਆ ਹੈ ।

ਨਹੀ ਭੇਟਤ[78] ਧਰਮ ਰਾਇਆ[79] ॥

I am not to meet[78] the Righteous Judge[73] to render an account.

ਹਿਸਾਬ-ਕਿਤਾਬ ਦੇਣ ਲਈ ਮੈਂ ਧਰਮ ਰਾਜੇ[79] ਨੂੰ ਨਹੀਂ ਮਿਲਣਾ[78] ।

ਹਰਿ ਦਰਗਹ[80] ਸੋਭਾਵੰਤ[81] ॥ ਫੁਨਿ[82] ਗਰਭਿ[83] ਨਾਹੀ ਬਸੰਤ[84] ॥੧॥

I shall be illustrious[81] in the Lord's court[80] and shall abide[84] not in the womb[83] again[82].

ਪ੍ਰਭੂ ਦੇ ਦਰਬਾਰ[80] ਅੰਦਰ ਮੈਂ ਕੀਰਤੀਮਾਨ[81] ਹੋਵਾਂਗਾ ਅਤੇ ਮੁੜ ਕੇ[82] ਮਾਤਾ ਦੇ ਪੇਟ[83] ਵਿਚ ਨਹੀਂ ਵੱਸਾਂਗਾ[84], ਨਹੀਂ ਜੰਮਾਂਗਾ ।

ਜਾਨੀ[85] ਸੰਤ[86] ਕੀ ਮਿਤ੍ਰਾਈ[87] ॥

I have now realised[85] the worth of the Saint-Guru's[86] friendship[87].

ਮੈਂ ਹੁਣ ਸਾਧੂ-ਗੁਰਾਂ[86] ਦੀ ਮਿੱਤਰਤਾਈ[87] ਦੀ ਕਦਰ ਨੂੰ ਅਨੁਭਵ ਕਰ ਲਿਆ[85] ਹੈ ।

ਕਰਿ ਕਿਰਪਾ[88] ਦੀਨੋ[89] ਹਰਿ ਨਾਮਾ ਪੂਰਬਿ[90] ਸੰਜੋਗਿ[91] ਮਿਲਾਈ[92] ॥੧॥ ਰਹਾਉ॥

By virtue of the primal[90] destiny[91], I have met[32] with him and he has mercifully[88] blessed[89] me with the Lord's Name. Pause.

ਆਦੀ[90] (ਪਿਛਲੀ) ਪ੍ਰਾਲਭਧ[91] ਦੀ ਬਰਕਤ ਦੁਆਰਾ ਮੈਂ ਉਨ੍ਹਾਂ ਨੂੰ ਮਿਲ ਪਿਆ[92] ਹਾਂ ਅਤੇ ਮਿਹਰ[88] ਧਾਰ ਕੇ ਉਨ੍ਹਾਂ ਨੇ ਮੈਨੂੰ ਪ੍ਰਭੂ ਦੇ ਨਾਮ ਦੀ ਦਾਤ ਦਿੱਤੀ[89] ਹੈ । ਠਹਿਰਾਉ ।

ਗੁਰ ਕੈ ਚਰਣਿ[93] ਚਿਤੁ[94] ਲਾਗਾ[95] ॥ ਧੰਨਿ[96] ਧੰਨਿ ਸੰਜੋਗੁ[97] ਸਭਾਗਾ[98] ॥

Blest[96], blest is the fortunate[98] conjuncture[97], when my mind[94] is attached[95] to the Guru's feet[93].

ਸੁਲੱਖਣਾ[96], ਸੁਲੱਖਣਾ ਹੈ ਉਹ ਭਾਗਾਂ ਵਾਲਾ[98] ਅਵਸਰ[97], ਜਦ ਮੇਰਾ ਮਨ[94] ਗੁਰਾਂ ਦੇ ਚਰਨਾਂ[93] ਨਾਲ ਜੁੜਦਾ[95] ਹੈ ।

ਸੰਤ ਕੀ ਧੂਰਿ[99] ਲਾਗੀ[100]

The dust[99] of the saints' feet has

ਸਾਧੂਆਂ ਦੇ ਚਰਨਾਂ ਦੀ ਖ਼ਾਕ[99] ਮੇਰੇ ਮਸਤਕ[2]ਨੂੰ ਲੱਗੀ[100]

ਮੇਰੈ ਮਾਥੈ[2] ॥ ਕਿਲਵਿਖ[2*] ਦੁਖ[3] ਸਗਲੇ[5] ਮੇਰੇ ਲਾਥੇ[4] ॥ ੨॥

anointed[100] my forehead[2] and all[5] my sins[2*] and sufferings[3] are eradicated[4].

ਹੈ ਅਤੇ ਮੇਰੇ ਸਾਰੇ[5] ਪਾਪ[2*] ਤੇ ਦੁਖੜੇ[3] ਨਸ਼ਟ[4] ਹੋ ਗਏ ਹਨ ।

ਸਾਧ ਕੀ ਸਚੁ[5*] ਟਹਲ[6] ਕਮਾਨੀ[10] ॥ ਤਬ[7] ਹੋਏ ਮਨ ਸੁਧ[8] ਪਰਾਨੀ[9] ॥

When the mortal[9] performs[10] the saint Guru's hearty[5*] service[6], then[7] is his mind rendered pure[8].

ਜਦ ਜੀਵ[9] ਸੰਤ-ਗੁਰਾਂ ਦੀ ਦਿਲੋਂ[5*] ਸੇਵਾ[6] ਕਰਦਾ[10] ਹੈ, ਤਦ[7] ਉਸ ਦਾ ਚਿੱਤ ਨਿਰਮਲ ਹੋ ਜਾਂਦਾ[8] ਹੈ ।

ਜਨ[12] ਕਾ ਸਫਲ[13] ਦਰਸੁ[14] ਡੀਠਾ[15] ॥

I have seen[15] the fruitful[13] vision[14] of the Lord's slave[12].

ਮੈਂ ਪ੍ਰਭੂ ਦੇ ਗੋਲੇ[12] ਦਾ ਫਲਦਾਇਕ[13] ਦੀਦਾਰ[14] ਵੇਖ ਲਿਆ[15] ਹੈ ।

ਨਾਮੁ ਪ੍ਰਭੂ ਕਾ ਘਟਿ ਘਟਿ[16] ਵੂਠਾ[17] ॥੩॥

The Lord's Name abides[17] in all the hearts[16].

ਸੁਆਮੀ ਦਾ ਨਾਮ ਸਾਰਿਆਂ ਦਿਲਾਂ[16] ਅੰਦਰ ਵੱਸਦਾ[17] ਹੈ ।

ਮਿਟਾਨੇ[18] ਸਭਿ ਕਲਿ[19] ਕਲੇਸ[20] ॥ ਜਿਸ ਤੇ ਉਪਜੇ[21] ਤਿਸੁ[22] ਮਹਿ[23] ਪਰਵੇਸ[24] ॥ ਪ੍ਰਗਟੇ[25] ਆਨੂਪ[22] ਗੋਵਿੰਦ[27]॥

All my strifes[19] and sufferings[20] have ended[18] and I am merged[24] in[23] Him[22], from whom I had welled up[21]. The Lord[27] of matchless beauty[26] has become manifest[25] unto me.

ਮੇਰੇ ਸਾਰੇ ਝਗੜੇ[19] ਤੇ ਦੁੱਖੜੇ[20] ਮੁੱਕ ਗਏ[18] ਹਨ ਅਤੇ ਮੈਂ ਉਸ[22] ਅੰਦਰ[23] ਲੀਨ ਹੋ ਗਿਆ[24] ਹਾਂ ਜਿਸ ਤੋਂ ਮੈਂ ਉਤਪੰਨ ਹੋਇਆ[21] ਸਾਂ । ਲਾਸਾਨੀ ਸੁੰਦਰਤਾ[26] ਵਾਲਾ ਸੁਆਮੀ[27] ਮੇਰੇ ਉੱਤੇ ਪ੍ਰਕਾਸ਼ ਹੋ ਗਿਆ[25] ਹੈ ।

ਪ੍ਰਭ ਪੂਰੇ[28] ਨਾਨਕ ਬਖਸੰਦ[29] ॥੪॥੩੮॥੪੯॥

The Perfect[98] Lord of Nanak is ever forgiving[29].

ਨਾਨਕ ਦਾ ਪੂਰਨ[28] ਪ੍ਰਮੇਸ਼ਰ ਸਦਾ ਹੀ ਬਖਸ਼ਣਹਾਰ[29] ਹੈ ।

ਰਾਮਕਲੀ ਮਹਲਾ ੫ ॥

Ramkali 5th Guru.

ਰਾਮਕਲੀ ਪੰਜਵੀਂ ਪਾਤਿਸ਼ਾਹੀ ।

ਗਊ[30] ਕਉ ਚਾਰੈ[31] ਸਾਰਦੂਲੁ[32] ॥ ਕਉਡੀ[35] ਕਾ ਲਖ[33] ਹੂਆ ਮੂਲੁ[34] ॥ ਬਕਰੀ[36] ਕਉ ਹਸਤੀ[37] ਪ੍ਰਤਿਪਾਲੈ[38] ॥ ਅਪਨਾ[39] ਪ੍ਰਭੁ[40] ਨਦਰਿ[41] ਨਿਹਾਲੈ[42] ॥ ੧॥

The tiger[32] grazed[31] the cow[30], a shell[35] becomes worth[34] a hundred thousand[33] and the elephant[37] nurses[38] the she-goat[36], when his[39] Lord[40] looks upon[42] with His eye of grace[41].

ਸ਼ੇਰ[32], ਗਾਂ[30] ਨੂੰ ਚਾਰਦਾ[31] ਹੈ, ਇਕ ਕੌਡੀ[35] ਲੱਖਾਂ[33] ਦੀ ਕੀਮਤ[34] ਦੀ ਹੋ ਜਾਂਦੀ ਹੈ ਤੇ ਹਾਥੀ[37] ਛੇਲੀ[36] ਦੀ ਪਰਵਰਸ਼ ਕਰਦਾ[38] ਹੈ, ਜਦ[39] ਸੁਆਮੀ[40] ਆਪਣੀ ਮਿਹਰ ਦੀ ਅੱਖ[41] ਨਾਲ ਵੇਖਦਾ[42] ਹੈ ।

ਕ੍ਰਿਪਾ[43] ਨਿਧਾਨ[44] ਪ੍ਰੀਤਮ[45] ਪ੍ਰਭ ਮੇਰੇ ॥

O my Beloved[45] Lord, the Treasure[44] of mercy[43] !

ਹੇ ਰਹਿਮਤ[43] ਦੇ ਖ਼ਜ਼ਾਨੇ[44] ! ਮੇਰੇ ਪਿਆਰੇ[45] ਸਾਹਿਬ ।

ਬਰਨਿ[46] ਨ ਸਾਕਉ ਬਹੁ[47] ਗੁਨ[48] ਤੇਰੇ ॥੧॥ਰਹਾਉ॥

I can narrate[46] not Thine manifold[47] excellences[48]. Pause.

ਮੈਂ ਤੇਰਿਆਂ ਅਨੇਕਾਂ[47] ਗੁਣਾਂ[49] ਨੂੰ ਵਰਣਨ[46] ਨਹੀਂ ਕਰ ਸਕਦਾ । ਠਹਿਰਾਉ ।

ਦੀਸਤ[49] ਮਾਸੁ[50] ਨ ਖਾਇ[51] ਬਿਲਾਈ[52] ॥

Though it sees[49] the meat[53], but the cat[52] eats[51] it not.

ਭਾਵੇਂ ਇਹ ਗੋਸ਼ਤ[50] ਨੂੰ ਵੇਖਦੀ[49] ਹੈ ਪਰ ਬਿੱਲੀ[52] ਇਸ ਨੂੰ ਖਾਂਦੀ[51] ਨਹੀਂ ।

ਮਹਾ[53] ਕਸਾਬਿ[54] ਛੁਰੀ[55] ਸਟਿ ਪਾਈ[56] ॥ ਕਰਣਹਾਰ[57] ਪ੍ਰਭੁ ਹਿਰਦੈ[58] ਵੂਠਾ[59] ॥

The great[53] butcher[54] throws away[56] his knife[85] and the net[62] of the entangled[60] fish[61] breaks loose[63], when

ਵੱਡਾ[53] ਕਸਾਈ[54] ਆਪਣੀ ਕਰਦ[55] ਨੂੰ ਚਲਾ ਕੇ ਮਾਰਦਾ[56] ਹੈ ਅਤੇ ਫਸੀ ਹੋਈ[60] ਮੱਛੀ[61] ਦਾ ਜਾਲ[62] ਟੁੱਟ ਜਾਂਦਾ[63] ਹੈ, ਜਦ

ਫਾਥੀ[60] ਮਛੁਲੀ[61] ਕਾ ਜਾਲਾ[62] ਤੂਟਾ[63] ॥੨॥

the Creator[57]-Lord abides[59] in the mind[58].

ਸਿਰਜਣਹਾਰ-ਸੁਆਮੀ[57] ਅੰਤਰ ਆਤਮੇ[58] ਟਿੱਕ ਜਾਂਦਾ[59] ਹੈ।

ਸੂਕੇ[64] ਕਾਸਟ[65] ਹਰੇ[66] ਚਲੂਲ[67] ॥ ਊਚੈ[68] ਥਲਿ[69] ਫੂਲੇ[70] ਕਮਲ[71] ਅਨੂਪ[72] ॥

The dry[64] wood[65] becomes green[66] red[67], and the beauteous[72] lotus flower[71] blooms[70] on the high[68] desert[69].

ਸੁੱਕੀ[64] ਲੱਕੜ[65] ਹਰੀ[66], ਲਾਲ[67] ਹੋ ਜਾਂਦੀ ਹੈ ਅਤੇ ਉੱਚੇ[68] ਰੇਤਲੇ-ਮੈਦਾਨ[69] ਉੱਤੇ ਸੁੰਦਰ[72] ਕੰਵਲ ਫੁੱਲ[71] ਖਿੜ ਪੈ ਦਾ[70] ਹੈ।

ਅਗਨਿ[73] ਨਿਵਾਰੀ[74] ਸਤਿਗੁਰ ਦੇਵ[75] ॥ ਸੇਵਕੁ[76] ਅਪਨੀ ਲਾਇਓ[77] ਸੇਵ[78] ॥ ੩॥

The True Guru-God[75] quenchs[74] the fire[73] and yokes[77] his slave[76] to his service[78].

ਜਦ ਸੱਚਾ ਗੁਰੂ-ਪ੍ਰਮੇਸ਼ਰ[75] ਅੱਗ[73] ਬੁਝਾ ਦਿੰਦਾ[74] ਹੈ ਅਤੇ ਆਪਣੇ ਗੋਲੇ[76] ਨੂੰ ਆਪਣੀ ਟਹਿਲ ਸੇਵਾ[78] ਅੰਦਰ ਜੋੜ ਲੈਂਦਾ[77] ਹੈ।

ਅਕਿਰਤਘਣਾ[79] ਕਾ ਕਰੇ ਉਧਾਰੁ[80] ॥ ਪ੍ਰਭੁ ਮੇਰਾ ਹੈ ਸਦਾ[81] ਦਇਆਰੁ[82] ॥

My Lord is ever[81] merciful[82] and He redeems[80] even the ungrateful ones[79].

ਮੇਰਾ ਮਾਲਕ ਸਦੀਵ[81] ਹੀ ਮਇਆਵਾਨ[82] ਹੈ ਅਤੇ ਉਹ ਨਾਸ਼ੁਕਰਿਆਂ[79] ਦਾ ਭੀ ਪਾਰ ਉਤਾਰਾ[80] ਕਰ ਦਿੰਦਾ ਹੈ।

ਸੰਤ ਜਨਾ[83] ਕਾ ਸਦਾ ਸਹਾਈ[84] ॥

He is ever the succourer[84] of His saints[83].

ਉਹ ਆਪਣਿਆਂ ਸਾਧੂਆਂ[83] ਦਾ ਹਮੇਸ਼ਾ ਹੀ ਸਹਾਇਕ[84] ਹੈ।

ਚਰਨ[85] ਕਮਲ[86] ਨਾਨਕ ਸਰਣਾਈ[87] ॥੪॥੩੯॥ ੫੦॥

Nanak has sought the protection[87] of the Lord's lotus[86] feet[85].

ਨਾਨਕ ਨੇ ਪ੍ਰਭੂ ਦੇ ਕੰਵਲ[86] ਚਰਨਾਂ[85] ਦੀ ਓਟ[87] ਲਈ ਹੈ।

੮੯੯

ਰਾਮਕਲੀ ਮਹਲਾ ੫ ॥

Ramkali 5th Guru.

ਰਾਮਕਲੀ ਪੰਜਵੀਂ ਪਾਤਿਸ਼ਾਹੀ।

ਪੰਚ[88] ਸਿੰਘ[89] ਰਾਖੇ ਪ੍ਰਭਿ ਮਾਰਿ[90] ॥

The five[88] tigers[89] of evil desires, the Lord has slain[90].

ਮੰਦੀਆਂ ਖ਼ਾਹਿਸ਼ਾਂ ਦੇ ਪੰਜਾਂ[88] ਸ਼ੇਰਾਂ[89] ਨੂੰ ਸੁਆਮੀ ਨੇ ਮਾਰ ਸੁੱਟਿਆ[90] ਹੈ।

ਦਸ ਬਘਿਆੜੀ[91] ਲਈ ਨਿਵਾਰਿ[92] ॥

The ten she-wolves[91] of senses, He has driven away[92].

ਇੰਦ੍ਰੀਆਂ ਦੀਆਂ ਦਸਾਂ ਹੀ ਬਘਿਆੜੀਆਂ[91] ਨੂੰ ਉਸ ਨੇ ਦੂਰ ਕਰ ਦਿੱਤਾ[92] ਹੈ।

ਤੀਨਿ ਆਵਰਤ[93] ਕੀ ਚੂਕੀ[94] ਘੇਰ[95] ॥

The turning round[95] of the three whirl-pools[93] of modes has ended[94].

ਤਿੰਨਾਂ ਗੁਣਾਂ ਦੀਆਂ ਘੁੰਮਣ-ਘੇਰੀਆਂ[93] ਦਾ ਚੱਕਰ ਕੱਟਣਾ[95] ਮੁੱਕ ਗਿਆ[94] ਹੈ।

ਸਾਧਸੰਗਿ ਚੂਕੇ[96] ਭੈ[97] ਫੇਰ[98] ॥੧॥

Through the saint's society, ended[96] is the fear[97] of the circuit[98] of transmigration.

ਸਤਿਸੰਗਤ ਦੇ ਰਾਹੀਂ ਆਵਾਗਉਣ ਦੇ ਚੱਕਰ[98] ਦਾ ਡਰ[97] ਖ਼ਤਮ ਹੋ ਗਿਆ[96] ਹੈ।

ਸਿਮਰਿ ਸਿਮਰਿ[99] ਜੀਵਾ ਗੋਵਿੰਦ[100] ॥

I live by contemplating[99] and remembering my Lord[100].

ਮੈਂ ਆਪਣੇ ਸੁਆਮੀ[100] ਦਾ ਆਰਾਧਨ[99] ਤੇ ਚਿੰਤਨ ਕਰ ਕੇ ਜੀਉਂਦਾ ਹਾਂ।

ਕਰਿ ਕਿਰਪਾ[2] ਰਾਖਿਓ[3] ਦਾਸੁ[4] ਅਪਨਾ ਸਦਾ[5] ਸਦਾ ਸਾਚਾ[6] ਬਖਸਿੰਦ[7] ॥੧॥ ਰਹਾਉ॥

In His mercy[2], the Lord has protected[3] His slave[6]. The True Master[6] is ever[5], ever the Forgiver[7]. Pause;

ਆਪਣੀ ਰਹਿਮਤ[2] ਧਾਰ ਕੇ ਸਾਹਿਬ ਨੇ ਆਪਣੇ ਗੋਲੇ[4] ਦੀ ਰੱਖਿਆ ਕੀਤੀ[3] ਹੈ। ਸੱਚਾ ਮਾਲਕ[6], ਹਮੇਸ਼ਾ[5] ਹਮੇਸ਼ਾ ਹੀ ਬਖਸ਼ਣਹਾਰ[7] ਹੈ। ਠਹਿਰਾਉ।

ਦਾਝਿ[8] ਗਏ ਤ੍ਰਿਣ[9] ਪਾਪ[10] ਸੁਮੇਰ[12] ॥ ਜਪਿ[13] ਜਪਿ ਨਾਮੁ ਪੂਜੇ[14] ਪ੍ਰਭ ਪੈਰ[15] ॥	The mountain[12] of sins[10] is burnt off[8] like straw[9], by remembering[13] and contemplating the Name and worshipping[14] the Lord's Feet[15].	ਨਾਮ ਦਾ ਸਿਮਰਨ[13] ਤੇ ਆਰਾਧਨ ਅਤੇ ਸਾਹਿਬ ਦੇ ਚਰਨਾਂ[15] ਦੀ ਉਪਾਸ਼ਨਾ[14] ਕਰਨ ਦੁਆਰਾ, ਗੁਨਾਹਾਂ[10] ਦਾ ਪਹਾੜ[12] ਫੂਸ[9] ਦੀ ਤਰ੍ਹਾਂ ਸੜ ਮੱਚ ਗਿਆ[8] ਹੈ ।
ਅਨਦ[16] ਰੂਪ[17] ਪ੍ਰਗਟਿਓ[18] ਸਭ ਥਾਨਿ[19] ॥ ਪ੍ਰੇਮ ਭਗਤਿ[20] ਜੋਰੀ[21] ਸੁਖ[22] ਮਾਨਿ[23] ॥੨॥	The Lord, the embodiment[17] of bliss[16], then becomes manifest[18] in all the places[18] and yoked[21] to the Lord's devotional service[20], I enjoy[23] peace[22].	ਪ੍ਰਸੰਨਤਾ[16] ਦਾ ਸਰੂਪ[17] ਪ੍ਰਭੂ ਤਦ ਸਾਰੀਆਂ ਥਾਵਾਂ[19] ਤੇ ਪ੍ਰਕਾਸ਼ ਹੋ ਜਾਂਦਾ[18] ਹੈ ਅਤੇ ਸੁਆਮੀ ਦੀ ਪ੍ਰੇਮਮਈ ਸੇਵਾ[20] ਨਾਲ ਜੁੜ ਕੇ[21] ਮੈਂ ਅਨੰਦ[22] ਮਾਣਦਾ[23] ਹਾਂ ।
ਸਾਗਰੁ[24] ਤਰਿਓ[25] ਬਾਛਰ[26] ਖੋਜ[27] ॥	I have crossed[25] the world-ocean[24], as if it is the foot-print[27] of a calf[26], filled with water.	ਮੈਂ ਸੰਸਾਰ ਸਮੁੰਦਰ[24] ਨੂੰ ਐਸ ਤਰ੍ਹਾਂ ਪਾਰ ਕਰ ਲਿਆ[25] ਹੈ, ਜਿਸ ਤਰ੍ਹਾਂ ਕਿ ਇਹ ਪਾਣੀ ਨਾਲ ਭਰਿਆ ਹੋਇਆ ਇਕ ਵੱਛੇ[26] ਦਾ ਖੁਰਾ[27] ਹੁੰਦਾ ਹੈ ।
ਖੇਦੁ[28] ਨ ਪਾਇਓ[29] ਨਹ ਫੁਨਿ[30] ਰੋਜ[31] ॥	Now, I shall not suffer[29] agony[28], nor shall I again[30] be overtaken by grief[31].	ਹੁਣ ਮੈਂ ਤਕਲੀਫ਼[28] ਨਹੀਂ ਉਠਾਵਾਂਗਾ[29] ਨਾ ਹੀ ਮੈਨੂੰ ਮੁੜ ਕੇ[30] ਕੋਈ ਸ਼ੋਕ[31] ਵਾਪਰੇਗਾ ।
ਸਿੰਧੁ[32] ਸਮਾਇਓ[33]ਘਟੁਕੇ[36] ਮਾਹਿ[37] ॥	God, the ocean[32], is contained[33] in[37] the mind-pitcher[36].	ਵਾਹਿਗੁਰੂ, (ਸਮੁੰਦਰ[32]) ਹਿਰਦੇ ਦੇ ਘੜੇ[36] ਅੰਦਰ[37] ਰਮ ਗਿਆ[33] ਹੈ ।
ਕਰਣਹਾਰ[34] ਕਉ ਕਿਛੁ ਅਚਰਜੁ[35] ਨਾਹਿ ॥੩॥	It is no strange a thing[35] for the Lord-Creator[34] to do.	ਸਿਰਜਣਹਾਰ-ਸੁਆਮੀ[34] ਨੂੰ ਕਰਨ ਲਈ ਇਹ ਕੋਈ ਅਨੋਖੀ ਗੱਲ[35] ਨਹੀਂ ।
ਜਉ[38] ਛੂਟਉ[39] ਤਉ[40] ਜਾਇ[41] ਪਇਆਲ[42] ॥	When[38] I am separated[39] from the Lord, then[40] sink[41] I into the nether world[42].	ਜਦ[28] ਮੈਂ ਸੁਆਮੀ ਨਾਲੋਂ ਵਿਛੜ ਜਾਂਦਾ[39] ਹਾਂ, ਤਦ[40] ਮੈਂ ਪਤਾਲ[42] ਅੰਦਰ ਗਰਕ ਥੀ ਵੰਞਦਾ[41] ਹਾਂ ।
ਜਉ ਕਾਢਿਓ[43] ਤਉ ਨਦਰਿ[44] ਨਿਹਾਲ[45] ॥	When He pulls[43] me out, then am I enraptured[45] by His grace[44].	ਜਦ ਉਹ ਮੈਨੂੰ ਬਾਹਰ ਧੂਹ ਲੈਂਦਾ[43]ਹੈ, ਤਦ ਮੈਂ ਉਸ ਦੀ ਦਇਆ[44] ਦੁਆਰਾ ਪਰਮ ਪ੍ਰਸੰਨ ਹੋ ਜਾਂਦਾ[45] ਹਾਂ ।
ਪਾਪ[46] ਪੁੰਨ[47] ਹਮਰੈ[48] ਵਸਿ[49] ਨਾਹਿ ॥	Sin[46] and virtue[47] are not under my[48] control[49].	ਗੁਨਾਹ[46] ਤੇ ਨੇਕੀ[47] ਮੇਰੇ[48] ਇਖ਼ਤਿਆਰ[49] ਵਿੱਚ ਨਹੀਂ ।
ਰਸਕਿ[50] ਰਸਕਿ ਨਾਨਕ ਗੁਣ[51] ਗਾਹਿ[52] ॥੪॥੪੦॥ ੫੧॥	With love[50] and affection, Nanak sings[52] the Lord's praise[51].	ਪਿਆਰ[50] ਤੇ ਪ੍ਰੇਮ ਨਾਲ, ਨਾਨਕ ਪ੍ਰਭੂ ਦੀ ਕੀਰਤੀ[51] ਗਾਇਨ[52] ਕਰਦਾ ਹੈ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਨਾ ਤਨੁ[53] ਤੇਰਾ ਨਾ ਮਨੁ ਤੋਹਿ[54] ॥	Neither the body[53] belongs to thee, nor belongs to thee[54] the mind.	ਨਾ ਦੇਹ[53] ਤੇਰੀ ਹੈ, ਨਾ ਹੀ ਆਪਣਾ[54] ਹੈ ਤੇਰਾ ਮਨ ।
ਮਾਇਆ[55] ਮੋਹਿ[56] ਬਿਆਪਿਆ[57] ਧੋਹਿ[58] ॥	Because of mammon's[55] love[56], thou art entangled[57] in fraud[58].	ਧਨ-ਦੌਲਤ[55] ਦੀ ਮੁਹੱਬਤ[56] ਕਾਰਨ ਤੂੰ ਧੋਖੇ[58] ਅੰਦਰ ਫਾਥਾ ਹੋਇਆ[57] ਹੈਂ ।

ਕੁਦਮ[59] ਕਰੈ ਗਾਡਰ[60] ਜਿਉ[61] ਛੇਲ[62] ॥	Thou frisket[59] about like[61] a lamb[60] and a kid[62].	ਤੂੰ ਲੇਲੇ[60] ਅਤੇ ਮੇਮਣੇ[62] ਦੀ ਮਾਨੰਦ[61] ਖੇਡਦਾ ਕੁੱਦਦਾ[59] ਹੈਂ ।
ਅਚਿੰਤੁ[63] ਜਾਲੁ[64] ਕਾਲੁ[65] ਚਕ੍ਰੁ[66] ਪੇਲ[67] ॥੧॥	Unexpectedly[63], death[65] shall cast her noose[64] and hurl[66] her quoit[66] at thee.	ਅਚਣਚੇਤ[63] ਹੀ ਤੇਰੇ ਉੱਤੇ ਮੌਤ[65] ਆਪਣੀ ਫਾਹੀ[64] ਪਾ ਦੇਊਗੀ ਅਤੇ ਚੱਕਰ[66] ਚਲਾ ਦੇਵੇਗੀ[67] ।
ਹਰਿ ਚਰਨ[68] ਕਮਲ[69] ਸਰਨਾਇ[70] ਮਨਾ[71] ॥	O my soul[71], seek thou the refuge[70] of the Lord's lotus[69]-feet[68].	ਹੇ ਮੇਰੀ ਜਿੰਦੜੀਏ[71] ! ਤੂੰ ਪ੍ਰਭੂ ਦੇ ਕੰਵਲ[69] ਪੈਰਾਂ[68] ਦੀ ਪਨਾਹ[70] ਲੈ ।
ਰਾਮ[72] ਨਾਮੁ ਜਪਿ[73] ਸੰਗਿ[74] ਸਹਾਈ[75] ਗੁਰਮੁਖਿ[76] ਪਾਵਹਿ[77] ਸਾਚੁ ਧਨਾ[78] ॥ ੧॥ਰਹਾਉ॥	Utter[73] thou the Name of the Lord[72], thy accompanier[74] and succourer[75] and by the Guru's grace[76] thou shalt obtain[77] the true wealth[78]. Pause.	ਤੂੰ ਆਪਣੇ ਸਾਥੀ[74] ਅਤੇ ਸਹਾਇਕ[75] ਸੁਆਮੀ[72] ਦੇ ਨਾਮ ਦਾ ਉਚਾਰਨ[73] ਕਰ ਅਤੇ ਗੁਰਾਂ ਦੀ ਦਇਆ[76] ਦੁਆਰਾ ਤੂੰ ਸੱਚੀ ਦੌਲਤ[78] ਨੂੰ ਪ੍ਰਾਪਤ[77] ਕਰ ਲਵੇਂਗੀ । ਠਹਿਰਾਉ ।
ਊਨੇ[79] ਕਾਜ[80] ਨ ਹੋਵਤ ਪੂਰੇ[81] ॥	The unfinished[79] worldly affairs[80] are fulfilled[81] not ever.	ਅਧੂਰੇ[79] ਸੰਸਾਰੀ-ਧੰਦੇ[80] ਕਦਾਚਿੱਤ ਸੰਪੂਰਨ[81] ਨਹੀਂ ਹੁੰਦੇ ।
ਕਾਮਿ[82] ਕ੍ਰੋਧਿ[83] ਮਦਿ[84] ਸਦ[85] ਹੀ ਝੂਰੇ[86] ॥	On account of lust[82], wrath[83] and pride[84], thou shalt ever[85] regret[86].	ਵਿਸ਼ੇ-ਭੋਗ[82], ਗੁੱਸੇ[83] ਅਤੇ ਗਰੂਰ[84] ਦੇ ਸਬੱਬ ਤੂੰ ਸਦੀਵ[85] ਹੀ ਪਸਚਾਤਾਪ ਕਰੇਂਗਾ[86] ।
ਕਰੈ ਬਿਕਾਰ[87] ਜੀਅਰੇ[88] ਕੈ ਤਾਈ[89] ॥ ਗਾਫਲ[90] ਸੰਗਿ[91] ਨ ਤਸੂਆ[92] ਜਾਈ[93] ॥੨॥	Thou committest sins[87] in order[89] that thou mayest live[88], but not even an iota[92] shall go[93] with[91] thee, O thoughtless[90] man.	ਤੂੰ ਜੀਉਂਦੇ[88] ਰਹਿਣ ਦੀ ਖ਼ਾਤਰ[89] ਪਾਪ[87] ਕਮਾਉਂਦਾ ਹੈਂ ਪਰ ਤੇਰੇ ਨਾਲ[91] ਇਕ ਕਿਣਕਾ ਮਾਤ੍ਰ[92] ਭੀ ਨਹੀਂ ਜਾਣਾ[93], ਹੇ ਬੇਸਮਝ[90] ਬੰਦੇ !
ਧਰਤ[94] ਧੋਹ[95] ਅਨਿਕ[96] ਛਲ[97] ਜਾਨੈ[98] ॥ ਕਉਡੀ[99] ਕਉਡੀ ਕਉ[100] ਖਾਕੁ[2] ਸਿਰਿ[3] ਛਾਨੈ[4] ॥	Thou practisest[94] deceit[95], knowest[98] many[96] tricks[97] and for the sake of[100] mere shells[99], throwest[4] dust[2] on thy head[3],	ਤੂੰ ਧੋਹ[95] ਕਮਾਉਂਦਾ[94] ਹੈਂ, ਅਨੇਕਾਂ[96] ਵਲ ਛਲ[97] ਜਾਣਦਾ[98] ਹੈਂ ਅਤੇ ਨਿਰੀਆਂ ਕੌਡੀਆਂ[99] ਦੀ ਖ਼ਾਤਰ[100] ਤੂੰ ਆਪਣੇ ਸਿਰ[3] ਉੱਤੇ ਖੇਹ[2] ਪਾਉਂਦਾ[4] ਹੈਂ ।
ਜਿਨਿ ਦੀਆ[5] ਤਿਸੈ[6] ਨ ਚੇਤੈ[7] ਮੂਲਿ[8] ॥	Thou rememberest[7] Him[6] not ever[8], who has blessed[5] thee with everything.	ਤੂੰ ਉਸ[6] ਨੂੰ ਕਦੇ ਭੀ[8] ਨਹੀਂ ਸਿਮਰਦਾ[7] ਜਿਸ ਨੇ ਤੈਨੂੰ ਸਾਰਾ ਕੁੱਛ ਬਖ਼ਸ਼ਿਆ[5] ਹੈ ।
ਮਿਥਿਆ[9] ਲੋਭੁ[10] ਨ ਉਤਰੈ[12] ਸੂਲੁ[13] ॥੩॥	The pain[15] of false[9] avarice[10] leaves[13] thee not.	ਕੂੜੇ[9] ਲਾਲਚ[10] ਦੀ ਪੀੜ[13] ਤੇਰਾ ਖਹਿੜਾ ਨਹੀਂ ਛੱਡਦੀ[12] ।
ਪਾਰਬ੍ਰਹਮ[14] ਜਬ[15] ਭਏ ਦਇਆਲ[16] ॥ ਇਹੁ ਮਨੁ[17] ਹੋਆ[18] ਸਾਧ ਰਵਾਲ[19] ॥	When[15] the Supreme Lord[14] is merciful[16] this soul[17] then becomes[18] the dust[19] of the saints' feet.	ਜਦ[15] ਸ੍ਰੇਮਣੀ ਸਾਹਿਬ[14] ਮਿਹਰਬਾਨ[16] ਹੋ ਜਾਂਦਾ ਹੈ ਤਾਂ ਇਹ ਆਤਮਾ[17] ਸੰਤਾਂ ਦੇ ਪੈਰਾਂ ਦੀ ਧੂੜ[19] ਥੀ ਵੰਞਦੀ[18] ਹੈ ।
ਹਸਤ[20] ਕਮਲ[21] ਲੜਿ[22] ਲੀਨੋ ਲਾਇ[23] ॥	With His lotus[21] hands[20], the Lord has attached[23] me to His skirt[22].	ਆਪਣੇ ਕੰਵਲ[21] ਹੱਥਾਂ[20] ਨਾਲ ਪ੍ਰਭੂ ਨੇ ਮੈਨੂੰ ਆਪਣੇ ਪੱਲੇ[22] ਨਾਲ ਜੋੜ ਲਿਆ[23] ਹੈ ।
ਨਾਨਕ ਸਾਚੈ ਸਾਚਿ[24] ਸਮਾਇ[25] ॥੪॥੪੧॥੫੨॥	Nanak is absorbed[25] in the Truest of the true[24].	ਨਾਨਕ ਸਚਿਆਰਾਂ ਦੇ ਪਰਮ ਸਚਿਆਰ[24] ਅੰਦਰ ਲੀਨ ਹੋ ਗਿਆ[25] ਹੈ ।

ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਰਾਜਾ[26] ਰਾਮ[27] ਕੀ ਸਰਣਾਇ[28] ॥	I have sought the protection[28] of Lord[27], the King[26].	ਮੈਂ ਪ੍ਰਭੂ[27], ਪਾਤਿਸ਼ਾਹ[26] ਦੀ ਓਟ[28] ਲਈ ਹੈ ।
ਨਿਰਭਉ[29] ਭਏ [30]ਗੋਬਿੰਦ[31] ਗੁਨ[32] ਗਾਵਤ ਸਾਧਸੰਗਿ ਦੂਖੁ[33] ਜਾਇ[34] ॥੧॥ ਰਹਾਉ॥	I have become fear-free[29] by singing the praise[32] of the Master[31] of the Universe[30] and in the saints' society, my pain[83] is stilled[34]. Pause.	ਆਲਮ[30] ਦੇ ਮਾਲਕ[31] ਦੀ ਕੀਰਤੀ[32] ਗਾਇਨ ਕਰਨ ਦੁਆਰਾ ਮੈਂ ਨਿਡਰ[29] ਹੋ ਗਿਆ ਹਾਂ ਅਤੇ ਸਤਿਸੰਗਤ ਅੰਦਰ ਮੇਰੀ ਪੀੜ[33] ਨਵਿਰਤ ਹੋ ਗਈ[34] ਹੈ । ਠਹਿਰਾਉ ।
ਜਾ ਕੈ ਰਾਮੁ[35] ਬਸੈ[36] ਮਨ[37] ਮਾਹੀ[38] ॥ ਸੋ[39] ਜਨੁ[40] ਦੁਤਰੁ[41] ਪੇਖਤ[42] ਨਾਹੀ ॥	He, within[38] whose mind[37], the Lord[35] abides[36]; that[39] man[40] sees[42] no difficulty in crossing the untraversable[41] world-ocean.	ਜਿਸ ਦੇ ਅੰਤਰ[38] ਆਤਮੇ[37] ਪ੍ਰਭੂ[35] ਨਿਵਾਸ ਰਖਦਾ[36] ਹੈ; ਉਹ[39] ਇਨਸਾਨ[40] ਨਾ ਤਰੇ ਜਾਣ ਵਾਲੇ[41] ਸੰਸਾਰ ਸਮੁੰਦਰ ਨੂੰ ਪਾਰ ਕਰਨ ਵਿੱਚ ਕੋਈ ਔਖਿਆਈ ਨਹੀਂ ਵੇਖਦਾ[42] ।
ਸਗਲੇ[43] ਕਾਜ[44] ਸਵਾਰੇ[45] ਅਪਨੇ[46] ॥ ਹਰਿ ਹਰਿ[47] ਨਾਮੁ ਰਸਨ[48] ਨਿਤ[49] ਜਪਨੇ[50] ॥੧॥	He, who with his tongue[48] ever[49] utters[50] the Lord-God's[47] Name; all[43] his[46] affairs[44] are adjusted[45].	ਜੋ ਆਪਣੀ ਜੀਭ੍ਹਾ[48] ਨਾਲ ਸਦਾ[49] ਹੀ ਸੁਆਮੀ ਵਾਹਿਗੁਰੂ[47] ਦੇ ਨਾਮ ਦਾ ਉਚਾਰਨ ਕਰਦਾ[50]ਹੈ, ਉਸ[46] ਦੇ ਸਮੂਹ[43] ਕਾਰਜ[44] ਰਾਸ ਹੋ ਜਾਂਦੇ[45] ਹਨ ।
ਜਿਸ ਕੈ ਮਸਤਕਿ[51] ਹਾਥੁ ਗੁਰੁ ਧਰੈ[52] ॥ ਸੋ[53] ਦਾਸੁ[54] ਅਦੇਸਾ[55] ਕਾਹੇ[56] ਕਰੈ ॥	He, on whose forehead[51], the Guru places[52] his hand, why[56] should that[53] attendant[54] of the Lord feel any anxiety[53] ?	ਜਿਸ ਦੇ ਮੱਥੇ[51] ਉਤੇ ਗੁਰੂ ਜੀ ਆਪਣਾ ਹੱਥ ਰਖਦੇ[52] ਹਨ, ਉਹ[53] ਸੁਆਮੀ ਦਾ ਸੇਵਕ[54] ਕਿਉਂ[56] ਕਿਸੇ ਗੱਲ ਦਾ ਫ਼ਿਕਰ[55] ਕਰੇ ?
ਜਨਮ ਮਰਣ ਕੀ ਚੂਕੀ[57] ਕਾਣਿ[58] ॥ ਪੂਰੇ[59] ਗੁਰ ਊਪਰਿ[60] ਕੁਰਬਾਣਿ[61] ॥੨॥	His fear[58] of birth and death is dispelled[57], as he is a sacrifice[61] unto[60] his Perfect[59] Guru.	ਉਸ ਦਾ ਜੰਮਣ ਅਤੇ ਮਰਨ ਦਾ ਡਰ[58] ਦੂਰ ਹੋ ਜਾਂਦਾ[57] ਹੈ, ਕਿਉਂ ਜੋ ਉਹ ਆਪਣੇ ਪੂਰਨ[59] ਗੁਰਾਂ ਦੇ ਉੱਤੋਂ[60] ਸਦਕੇ[61] ਹੋਇਆ ਹੋਇਆ ਹੈ ।
ਗੁਰੁ ਪਰਮੇਸਰੁ[62] ਭੇਟਿ[63] ਨਿਹਾਲ[64] ॥	I am over-joyed[64], by meeting[63] with my Guru-God[62].	ਗੁਰੂ-ਗੋਵਿੰਦ[62] ਨਾਲ ਮਿਲਣ ਦੁਆਰਾ[63] ਮੈਂ ਪਰਮ ਪ੍ਰਸੰਨ ਹੋ ਗਿਆ[64] ਹਾਂ ।
ਸੋ[65] ਦਰਸਨੁ[66] ਪਾਏ ਜਿਸੁ ਹੋਇ ਦਇਆਲੁ[67] ॥	He[65] alone obtains the Lord's vision[66], unto whom the Guru is merciful[67].	ਕੇਵਲ ਉਹ[65] ਹੀ ਪ੍ਰਭੂ ਦੇ ਦੀਦਾਰ[66] ਨੂੰ ਪਾਉਂਦਾ ਹੈ, ਜਿਸ ਉੱਤੇ ਗੁਰੂ ਜੀ ਮਿਹਰਬਾਨ[67] ਹੁੰਦੇ ਹਨ ।
ਪਾਰਬ੍ਰਹਮੁ[68] ਜਿਸੁ ਕਿਰਪਾ[69] ਕਰੈ ॥ ਸਾਧਸੰਗਿ ਸੋ[70] [71]ਭਵਜਲੁ[72] ਤਰੈ[73] ॥੩॥	He, to whom the Transcendent[68] Lord shows mercy[69]; by virtue of the saints' society, he[70] crosses[73] the terrible[71] world ocean[72].	ਜਿਸ ਉੱਤੇ ਪਰਮ[68] ਪ੍ਰਭੂ ਮਿਹਰ[69] ਧਾਰਦਾ ਹੈ; ਸਤਿ-ਸੰਗਤ ਦੀ ਬਰਕਤ ਦੁਆਰਾ, ਉਹ[70] ਭਿਆਨਕ[71] ਸੰਸਾਰ ਸਮੁੰਦਰ[72] ਤੋਂ ਪਾਰ ਉੱਤਰ ਜਾਂਦਾ[73] ਹੈ ।
ਅੰਮ੍ਰਿਤੁ[74] ਪੀਵਹੁ[75] ਸਾਧ ਪਿਆਰੇ[76] ॥ ਮੁਖ[77] ਊਜਲ[78] ਸਾਚੈ ਦਰਬਾਰੇ[79] ॥	Drink[79] ye the Name-Nectar[74], O dear[76] saints, that your countenances[77] be sanctified[78] in the True Court[79].	ਤੁਸੀਂ ਨਾਮ ਦੇ ਸੁਧਾਰਸ[74] ਨੂੰ ਪਾਨ ਕਰੋ[75], ਹੇ ਸਨੇਹੀ[76] ਸੰਤੋ ! ਤਾਂ ਜੋ ਤੁਹਾਡੇ ਚਿਹਰੇ[77] ਸੱਚੀ ਦਰਗਾਹ[79] ਅੰਦਰ ਪਾਕ-ਪਵਿੱਤਰ[78] ਥੀ ਵੰਞਣ ।
ਅਨਦ[80] ਕਰਹੁ[81] ਤਜਿ[82]	Forsaking[82] all[83] your sins[84], make[81]	ਆਪਣੇ ਸਾਰੇ[83] ਪਾਪਾਂ[84] ਨੂੰ ਤਲਾਂਜਲੀ ਦੇ ਕੇ[82], ਤੁਸੀਂ

ਸਗਲ[83] ਬਿਕਾਰ[84] ॥ ਨਾਨਕ ਹਰਿ ਜਪਿ[85] ਉਤਰਹੁ ਪਾਰਿ[86] ॥੪॥੪੨॥੫੩॥	ye merry[80] and reflecting over[85] the Lord, swim across[86] the world ocean.	ਮੌਜਾਂ[80] ਮਾਣੋ[81] ਅਤੇ ਸੁਆਮੀ ਦਾ ਸਿਮਰਨ[85] ਕਰਨ ਦੁਆਰਾ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਓ[86] ।
੯੦੦		
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਈਧਨ[87] ਤੇ[88] ਬੈਸੰਤਰੁ[89] ਭਾਗੈ[90] ॥	The fire[89] instead of burning the fuel[87], runs awa y[90] from[88] it.	ਅੱਗ[89], ਬਾਲਣ[87]ਨੂੰ ਸਾੜਨ ਦੀ ਥਾਂ, ਸਗੋਂ ਇਸ ਕੋਲੋਂ[88] ਦੂਰ ਭੱਜ ਜਾਂਦੀ[90] ਹੈ ।
ਮਾਟੀ[91] ਕਉ ਜਲੁ[95] ਦਹ[92] ਦਿਸ[93] ਤਿਆਗੈ[94] ॥	Instead of dissolving the dust[91], the water[95] recedes away[94] from it in ten[92] directions[43].	ਮਿੱਟੀ[91] ਨੂੰ ਖੋਰ ਲੈਣ ਦੀ ਥਾਂ, ਪਾਣੀ[95] ਸਗੋਂ ਇਸ ਕੋਲੋਂ ਦਸੀਂ[92] ਪਾਸੀਂ[93] ਪਰੇ ਹੱਟ ਜਾਂਦਾ[94] ਹੈ ।
ਊਪਰਿ[96] ਚਰਨ[97] ਤਲੈ[98] ਆਕਾਸੁ[99] ॥	The feet[97] soar high[93] and the sky[99] sinks low[98].	ਪੈਰ[97] ਉੱਚੇ[96] ਚੜ੍ਹ ਜਾਂਦੇ ਹਨ ਅਤੇ ਅਸਮਾਨ[99] ਹੇਠਾਂ[98] ਉੱਤਰ ਆਉਂਦਾ ਹੈ ।
ਘਟ[100] ਮਹਿ[2] ਸਿੰਧੁ[3] ਕੀਓ ਪਰਗਾਸੁ[4] ॥੧॥	The ocean[3] becomes manifest[4] in[2] the pitcher[100].	ਸਮੁੰਦਰ[3] ਘੜੇ[100] ਵਿੱਚ[2] ਪ੍ਰਗਟ[4] ਹੋ ਜਾਂਦਾ ਹੈ ।
ਐਸਾ[5] ਸੰਮ੍ਰਥੁ[6] ਹਰਿ[7] ਜੀਉ[8] ਆਪਿ[9] ॥	So[5] powerful[6] is our[9] venerable[8] Lord[7].	ਐਹੋ ਜਿਹਾ[5] ਬਲਵਾਨ[6] ਹੈ ਆਪਣਾ[9] ਪੂਜਯ[8] ਪ੍ਰਭੂ[7] ।
ਨਿਮਖ[10] ਨ ਬਿਸਰੈ[12] ਜੀਅ[13] ਭਗਤਨ[14] ਕੈ ਆਠ ਪਹਰ ਮਨ[15] ਤਾ ਕਉ[16] ਜਾਪਿ[17] ॥ ੧॥ਰਹਾਉ॥	In their mind[18], the saints[14] forget[12] not God, even for an instant[10]. Throughout the eight watches of the day, O my soul[13], meditate[17] thou on Him[17]. Pause.	ਆਪਣੇ ਚਿੱਤ[13] ਅੰਦਰ ਸੰਤ[14] ਵਾਹਿਗੁਰੂ ਨੂੰ ਇਕ ਮੁਹਤ[10] ਭਰ ਲਈ ਭੀ ਨਹੀਂ ਭੁਲਾਉਂਦੇ[12] । ਦਿਨ ਦੇ ਅੱਠੇ ਪਹਿਰ ਹੀ, ਹੇ ਮੇਰੀ ਜਿੰਦੜੀਏ[15] ! ਤੂੰ ਉਸ ਦਾ[16] ਸਿਮਰਨ[17] ਕਰ । ਠਹਿਰਾਉ ।
ਪ੍ਰਥਮੇ[18] ਮਾਖਨੁ[19] ਪਾਛੈ[20] ਦੂਧੁ[21] ॥	First[18] is the butter[19] and afterwards[20] the milk[21].	ਪਹਿਲਾਂ[18] ਮੱਖਣ[19] ਹੈ ਅਤੇ ਮਗਰੋਂ[20] ਦੁੱਧ[21] ।
ਮੈਲੂ[22] ਕੀਨੋ ਸਾਬੁਨੁ[23] ਸੂਧੁ[24] ॥	The filth[22] purifies[24] the soap[23].	ਮੈਲ ਕੁਚੈਲ[22] ਸਾਬਣ[23] ਨੂੰ ਨਿਰਮਲ ਕਰ ਦਿੰਦੀ[24] ਹੈ ।
ਭੈ[25] ਤੇ[28] ਨਿਰਭਉ[26] ਡਰਤਾ[27] ਫਿਰੈ ॥	The fearless[36] are afraid[27] of[28] the fear[25].	ਨਿੱਡਰ[26], ਡਰ[25] ਪਾਸੋਂ[28], ਡਰਦੇ ਫਿਰਦੇ[27] ਹਨ ।
ਹੋਂਦੀ[29] ਕਉ ਅਣਹੋਂਦੀ[30] ਹਿਰੈ[31] ॥੨॥	The dead one[30] slays[31] the living one[29].	ਮਰਿਆ ਹੋਇਆ[30] ਜੀਉਂਦੇ[29] ਨੂੰ ਮਾਰ ਮੁਕਾਉਂਦਾ ਹੈ ।
ਦੇਹੀ[32] ਗੁਪਤ[33] ਬਦੇਹੀ[34] ਦੀਸੈ[35] ॥	The corporeal[32] is unmanifest[33] and the incorporeal[34] manifest[35],	ਦੇਹਧਾਰੀ[32] ਅਪ੍ਰਤੱਖ[33] ਹੈ ਅਤੇ ਦੇਹੀ-ਰਹਿਤ[34] ਪ੍ਰਤੱਖ[35]।
ਸਗਲੇ[36] ਸਾਜਿ[37] ਕਰਤ[38] [39]ਜਗਦੀਸੈ[40] ॥	All[36] these wondrous deeds[37] the Lord[40] of the world[39] does[38].	ਇਹ ਸਾਰੇ[36] ਅਸਚਰਜ ਕੰਮ[37] ਸੰਸਾਰ[39] ਦਾ ਸੁਆਮੀ[40] ਕਰਦਾ[38] ਹੈ ।
ਠਗਣਹਾਰ[41] ਅਣਠਗਦਾ[42] ਠਾਗੈ[43] ॥	He, who is cheated[42] not, is cheated[43] by the cheat[41].	ਨਾ ਠੱਗੇ ਜਾਣ ਵਾਲੇ[42] ਨੂੰ ਠੱਗ[41], ਠੱਗ ਲੈਂਦਾ[43] ਹੈ ।

ਬਿਨੁ[44] ਵਖਰ[45] ਫਿਰਿ[46] ਫਿਰਿ ਉਠਿ ਲਾਗੈ[47] ॥੩॥	Wlthout[44] the stock-in-trade[45], man takes[47] to trade again and again[46].	ਸੌਦੇ ਸੂਤ[45] ਦੇ ਬਗੈਰ[44], ਬੰਦਾ ਮੁੜ ਮੁੜ ਕੇ[46] ਵਣਜ ਵਾਪਾਰ ਕਰਦਾ[47] ਹੈ ।
ਸੰਤ ਸਭਾ[48] ਮਿਲਿ[49] ਕਰਹੁ ਬਖਿਆਣ[50] ॥	Joining[49] the saints' society[45], utter[50] thou the Lord's Name.	ਸਾਧ ਸੰਗਤ[48] ਨਾਲ ਜੁੜ ਕੇ[49], ਤੂੰ ਸੁਆਮੀ ਦੇ ਨਾਮ ਦਾ ਉਚਾਰਨ[50] ਕਰ ।
ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥	So say the Simirtis, the Shashtras, the Vedas and the Puranas.	ਸਿੰਮ੍ਰਤੀਆਂ, ਸ਼ਾਸਤਰ, ਵੇਦ ਅਤੇ ਪੁਰਾਣ ਇਸ ਤਰ੍ਹਾਂ ਆਖਦੇ ਹਨ ।
ਬ੍ਰਹਮ[51] ਬੀਚਾਰੁ[52] ਬੀਚਾਰੇ[53] ਕੋਇ[54] ॥	Rare[54] is the One, who deliberates[53]. over the Lord's[51] deliberation[62].	ਕੋਈ ਵਿਰਲਾ ਜਣਾ[54] ਹੀ ਸੁਆਮੀ[51] ਦੇ ਸਿਮਰਨ[62] ਦਾ ਸਿਮਰਨ ਕਰਦਾ[53] ਹੈ ।
ਨਾਨਕ ਤਾ ਕੀ[54*] ਪਰਮ[55] ਗਤਿ[56] ਹੋਇ ॥੪॥੪੩॥ ੫੪॥	Nanak, he[54*] attains to the supreme[55] salvation[56].	ਨਾਨਕ, ਉਹ[54*] ਮਹਾਨ[55] ਮੁਕਤੀ[56] ਨੂੰ ਪਾ ਲੈਂਦਾ ਹੈ ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਜੋ[57] ਤਿਸੁ[58] ਭਾਵੈ[59] ਸੋ[60] ਥੀਆ[61] ॥	Whatever[57] pleases[59] Him[58], that[60] alone happens[61].	ਜਿਹੜਾ ਕੁੱਛ[57] ਉਸ ਨੂੰ[58] ਚੰਗਾ ਲਗਦਾ[59] ਹੈ, ਕੇਵਲ ਉਹ[60] ਹੀ ਹੁੰਦਾ ਹੈ[61] ।
ਸਦਾ[62] ਸਦਾ ਹਰਿ ਕੀ ਸਰਣਾਈ[63] ਪ੍ਰਭ ਬਿਨੁ[66] ਨਾਹੀ ਆਨ[64] ਬੀਆ[65] ॥੧॥ ਰਹਾਉ॥	Ever[62], ever seek I God's protection[63]. Without[66] the Lord there is no other[64] second[65]. Pause.	ਹਮੇਸ਼ਾ[62], ਹਮੇਸ਼ਾ ਹੀ ਮੈਂ ਵਾਹਿਗੁਰੂ ਦੀ ਪਨਾਹ[63] ਲੋੜਦਾ ਹਾਂ । ਸੁਆਮੀ ਦੇ ਬਾਝੋਂ[66] ਹੋਰ ਕੋਈ[64] ਦੂਸਰਾ[65] ਨਹੀਂ । ਠਹਿਰਾਉ ।
ਪੁਤੁ[67] ਕਲਤ੍ਰੁ[68] ਲਖਿਮੀ[69] ਦੀਸੈ[70] ਇਨ[71] ਮਹਿ ਕਛੂ ਨ ਸੰਗਿ[72] ਲੀਆ ॥	The sons[67], wife[68] and wealth[69], that thou seest[70]; none of these[71] shall go with[72] thee.	ਪੁੱਤ੍ਰ[67], ਪਤਨੀ[68] ਅਤੇ ਧਨ-ਦੌਲਤ[69], ਜੋ ਤੂੰ ਵੇਖਦਾ[70] ਹੈ, ਇਨ੍ਹਾਂ[71] ਵਿੱਚੋਂ ਕਿਸੇ ਨੇ ਭੀ ਤੇਰੇ ਨਾਲ[72] ਨਹੀਂ ਜਾਣਾ ।
ਬਿਖੈ[73] ਠਗਉਰੀ[74] ਖਾਇ[75] ਭੁਲਾਨਾ[76]	Eating[75] the poisonous[78] potion[74], thou art gone astray[76].	ਜ਼ਹਿਰੀਲੀ[73] ਠੱਗ-ਬੂਟੀ[74] ਖਾ ਕੇ[75] ਤੂੰ ਕੁਰਾਹੇ ਪੈ ਗਿਆ[76] ਹੈਂ ।
ਮਾਇਆ[77] ਮੰਦਰੁ[78] ਤਿਆਗਿ[79] ਗਇਆ[80] ॥੧॥	Thou shalt, at last, depart[80] leaving[79] behind thine riches[77] and mansions[78].	ਮਾਲ-ਮੱਤਾ[77] ਅਤੇ ਮਹਿਲ ਮਾੜੀਆਂ[78] ਨੂੰ ਪਿੱਛੇ ਛੱਡ ਕੇ[79], ਤੂੰ ਟੁਰ ਵੰਞਣਾ[80] ਹੈ ।
ਨਿੰਦਾ[81] ਕਰਿ ਕਰਿ ਬਹੁਤੁ[82] ਵਿਗੂਤਾ[83] ਗਰਭ[84] ਜੋਨਿ[85] ਮਹਿ[86] ਕਿਰਤਿ ਪਇਆ[87] ॥	Calumniating[81] others, thou art greatly[82] ruined[83] and due to thine past deeds[87], thou shalt be cast in[86] the womb[84]-existences[85].	ਹੋਰਨਾਂ ਦੀ ਚੁਗਲੀ ਬਖੀਲੀ ਕਰਨ ਦੁਆਰਾ[81], ਤੂੰ ਖਰਾ[82] ਹੀ ਬਰਬਾਦ ਹੋ ਗਿਆ[83] ਹੈਂ ਅਤੇ ਆਪਣੇ ਪੂਰਬਲੇ ਕਰਮਾਂ[87] ਦੇ ਸਬੱਬ, ਤੂੰ ਪੇਟ[84] ਦੀਆਂ ਜੂਨੀਆਂ[85] ਵਿਚ[86] ਪਾਇਆ ਜਾਵੇਂਗਾ ।
ਪੁਰਬ ਕਮਾਣੇ[88] ਛੋਡਹਿ[89] ਨਾਹੀ[90] ਜਮਦੂਤਿ[91] ਗ੍ਰਾਸਿਓ[92] ਮਹਾ[93] ਭਇਆ[94] ॥੨॥	Thine past deeds[88] shall leave[89] thee not and the very[93] dreadful[94] death's[90] minister[91] shall seize[92] thee.	ਤੇਰੇ ਪਿਛਲੇ ਕਰਮ[88] ਤੇਰਾ ਖਹਿੜਾ ਨਹੀਂ ਛੱਡਣਗੇ[89] ਅਤੇ ਪਰਮ[93] ਭਿਆਨਕ[94] ਮੌਤ ਦਾ[90] ਫ਼ਰੇਸ਼ਤਾ[91] ਤੈਨੂੰ ਪਕੜ ਲਊਗਾ[92] ।
ਬੋਲੈ[95] ਝੂਠੁ[96] ਕਮਾਵੈ[97] ਅਵਰਾ[98] ਤ੍ਰਿਸਨ[99] ਨ	Thou tellest [95] lies[96], practisest[97] other than[98] what thou preachest and it is	ਤੂੰ ਕੂੜ[96] ਬਕਦਾ[95] ਹੈਂ, ਤੂੰ ਪ੍ਰਚਾਰਦਾ ਕੁੱਛ ਹੈਂ ਅਤੇ ਕਰਦਾ[97] ਕੁੱਝ ਹੋਰ ਹੀ[98] ਹੈਂ ਅਤੇ ਬੜੀ[2] ਸ਼ਰਮ[3] ਦੀ

ਬੂਝੈ[100] ਬਹੁਤੁ[2] ਹਇਆ[3] ॥	a thing of great[2] shame[3], that thy desire[98] is quenched[100] not.	ਗੱਲ ਹੈ ਕਿ ਤੇਰੀ ਖ਼ਾਹਿਸ਼[99] ਨਵਿਰਤ[100] ਨਹੀਂ ਹੁੰਦੀ ।
ਅਸਾਧ[4] ਰੋਗੁ[5] ਉਪਜਿਆ[6] ਸੰਤ ਦੂਖਨਿ[7] ਦੇਹ[8] ਬਿਨਾਸੀ[9] ਮਹਾ[10] ਖਇਆ[12]॥ ੩॥	Calumniating[7] the saints, thou art seized[6] by an incurable[4] ailment[5], thy body[8] perishes[9] and thou art utterly[10] ruined[12].	ਸਾਧੂਆਂ ਦੀ ਨਿੰਦਾ ਕਰਨ ਦੁਆਰਾ[7] ਤੈਨੂੰ ਲਾ-ਇਲਾਜ[4] ਬੀਮਾਰੀ[5] ਚਿਮੜ ਜਾਂਦੀ[6] ਹੈ, ਤੇਰਾ ਸਰੀਰ[8] ਨਸ਼ਟ ਹੋ ਜਾਂਦਾ[9] ਹੈ ਅਤੇ ਤੂੰ ਸੰਪੂਰਨ ਤੌਰ ਉੱਤੇ[10] ਤਬਾਹ ਹੋ ਜਾਂਦਾ[12] ਹੈਂ ।
ਜਿਨਹਿ[12*] ਨਿਵਾਜੇ[13] ਤਿਨ[14] ਹੀ ਸਾਜੇ[15] ਆਪੇ[17] ਕੀਨੇ[18] ਸੰਤ ਜਇਆ[16] ॥	He, who[12*] created[15] the saints; He alone[14] embellishes[13] them and Himself[17] makes[13] them victorious[16].	ਜਿਸ[12*] ਨੇ ਸਾਧੂਆਂ ਨੂੰ ਰਚਿਆ[15] ਹੈ, ਕੇਵਲ ਉਹ[14] ਹੀ ਉਨ੍ਹਾਂ ਨੂੰ ਸੁਭਾਇਮਾਨ ਬਣਾਉਂਦਾ[13] ਹੈ ਅਤੇ ਆਪ[17] ਹੀ ਉਨ੍ਹਾਂ ਨੂੰ ਜੇਤੂ[16] ਕਰਦਾ[18] ਹੈ ।
ਨਾਨਕ ਦਾਸ[19] ਕੰਠਿ[20] ਲਾਇ[21] ਰਾਖੇ ਕਰਿ[22] ਕਿਰਪਾ[23] ਪਾਰਬ੍ਰਹਮ[24] ਮਇਆ[25] ॥੪॥੪੪॥੫੫॥	His slaves[19], O Nanak, the Lord keeps clasped[21] to His bosom[20]. O my Transcendent Lord[24], show[22] Thou Thy mercy[23] and compassion[25] unto me, as well.	ਆਪਣੇ ਗੋਲਿਆਂ[19] ਨੂੰ ਹੇ ਨਾਨਕ ! ਸੁਆਮੀ ਆਪਣੀ ਛਾਤੀ[20] ਨਾਲ ਲਾਈ ਰੱਖਦਾ[21] ਹੈ । ਹੇ ਮੇਰੇ ਪਰਮ ਪ੍ਰਭੂ[24] ! ਤੂੰ ਆਪਣੀ ਮਿਹਰ[23] ਅਤੇ ਰਹਿਮਤ[25] ਮੇਰੇ ਉੱਤੇ ਭੀ ਨਿਛਾਵਰ[22] ਕਰ ।
ਰਾਮਕਲੀ ਮਹਲਾ ੫ ॥	Ramkali 5th Guru	ਰਾਮਕਲੀ ਪੰਜਵੀਂ ਪਾਤਿਸ਼ਾਹੀ ।
ਐਸਾ[26] ਪੂਰਾ[27] ਗੁਰਦੇਉ[27*] ਸਹਾਈ[28] ॥	Such[26] Perfect[27] Guru-God[27*] is now my succourer[28].	ਐਹੋ ਜੇਹਾ[26] ਪੂਰਨ[27] ਗੁਰੂ-ਗੋਵਿੰਦ[27*] ਹੁਣ ਮੇਰਾ ਸਹਾਇਕ[28] ਹੈ ;
ਜਾ[29] ਕਾ ਸਿਮਰਨੁ[30] ਬਿਰਥਾ[31] ਨ ਜਾਈ ॥੧॥ ਰਹਾਉ॥	His[29] meditation[30] goes not in vain[81]. Pause.	ਜਿਸ ਦਾ[29] ਸਿਮਰਨ ਭਜਨ[30] ਵਿਅਰਥ[31] ਨਹੀਂ ਜਾਂਦਾ । ਠਹਿਰਾਉ ।
ਦਰਸਨੁ[32] ਪੇਖਤ[33] ਹੋਇ ਨਿਹਾਲੁ[34] ॥	Seeing[33] the Lord's sight[32] one is ecstasied[34].	ਸਾਂਈਂ ਦਾ ਦੀਦਾਰ[32] ਦੇਖਣ ਦੁਆਰਾ[33] ਪ੍ਰਾਣੀ ਪਰਮ ਪ੍ਰਸੰਨ ਹੋ ਜਾਂਦਾ[34] ਹੈ ।
ਜਾ ਕੀ ਧੂਰਿ[35] ਕਾਟੈ[36] ਜਮ[37] ਜਾਲੁ[38] ॥	The dust[35] of His feet snaps[36] the Death's[37] noose[38].	ਉਸ ਦੇ ਪੈਰਾਂ ਦੀ ਧੂੜ[35] ਮੌਤ[37] ਦੀ ਫ਼ਾਹੀ[38] ਨੂੰ ਕੱਟ ਦਿੰਦੀ[36] ਹੈ ।
ਚਰਨ[39] ਕਮਲ[40] ਬਸੇ[41] ਮੇਰੇ ਮਨ[42] ਕੇ ॥ ਕਾਰਜ[43] ਸਵਾਰੇ[44] ਸਗਲੇ[45] ਤਨ[46] ਕੇ॥ ੧॥	When the Lord's lotus[40]-feet[39] abide[41] in my mind[42], all[45] the affairs[43] of my body[46] are arranged[46].	ਜਦ ਸੁਆਮੀ ਦੇ ਕੰਵਲ[40] ਪੈਰ[39] ਮੇਰੇ ਹਿਰਦੇ[42] ਅੰਦਰ ਟਿੱਕ ਜਾਂਦੇ[41] ਹਨ, ਤਾਂ ਮੇਰੇ ਸਰੀਰ[46] ਦੇ ਸਾਰੇ[45] ਕੰਮ ਕਾਰ[43] ਰਾਸ ਹੋ ਜਾਂਦੇ[44] ਹਨ ।
ਜਾ[49] ਕੈ ਮਸਤਕਿ[47] ਰਾਖੈ[50] ਹਾਥੁ[48] ॥	He, on whose[49] forehead[47], my Master places[50] his hand[48], is emancipated.	ਜਿਸ ਦੇ[49] ਮੱਥੇ[47] ਉਤੇ ਮੇਰਾ ਮਾਲਕ ਆਪਣਾ ਹੱਥ[48] ਟੇਕਦਾ[50] ਹੈ, ਉਹ ਮੁਕਤ ਹੋ ਜਾਂਦਾ ਹੈ ।
ਪ੍ਰਭੁ ਮੇਰੋ ਅਨਾਥ[51] ਕੋ ਨਾਥੁ[52] ॥ ਪਤਿਤ[53] ਉਧਾਰਣੁ[54] ਕ੍ਰਿਪਾ[55] ਨਿਧਾਨੁ[56] ॥	My Lord is the Master[52] of the Masterless[51]. He is the Saviour[54] of the sinners[53] and the Treasure[56] of mercy[55].	ਮੇਰਾ ਸੁਆਮੀ ਨਿਖ਼ਸਮਿਆਂ[51] ਦਾ ਖ਼ਸਮ[52] ਹੈ । ਉਹ ਪਾਪੀਆਂ[53] ਨੂੰ ਤਾਰਨ ਵਾਲਾ[54] ਅਤੇ ਰਹਿਮਤ[55] ਦਾ ਖ਼ਜ਼ਾਨਾ[56] ਹੈ ।

ਸਦਾ[57] ਸਦਾ ਜਾਈਐ ਕੁਰਬਾਨੁ[58] ॥੨॥	Ever[57], ever I am a sacrifiee[58] unto Him.	ਸਦੀਵ[57], ਸਦੀਵ ਹੀ ਮੈਂ ਉਸ ਉਤੋਂ ਘੋਲੀ[58] ਵੰਞਦਾ ਹਾਂ।
ਨਿਰਮਲ[59] ਮੰਤੁ[60] ਦੇਇ[61] ਜਿਸੁ ਦਾਨੁ[62] ॥ ਤਜਹਿ[63] ਬਿਕਾਰ[64] ਬਿਨਸੈ[65] ਅਭਿਮਾਨੁ[66] ॥	He; whom the Guru blesses[61] with the gift[62] of his immaculate[59] instrution[80]; He sheds[63] the sins[64] and his self-conceit[66] is dispelled[65].	ਜਿਸ ਨੂੰ ਗੁਰੂ ਜੀ ਆਪਣੇ ਪਵਿੱਤਰ[59] ਉਪਦੇਸ਼[60] ਦੀ ਦਾਤ[62] ਪ੍ਰਦਾਨ ਕਰਦੇ[61] ਹਨ; ਉਹ ਪਾਪਾਂ[64] ਨੂੰ ਤਿਆਗ ਦਿੰਦਾ[63]ਹੈ ਅਤੇ ਉਸ ਦੀ ਸਵੈ-ਹੰਗਤਾ[66] ਦੂਰ ਹੋ ਜਾਂਦੀ[65] ਹੈ।
ਏਕੁ[67] ਧਿਆਈਐ[68] ਸਾਧ ਕੈ[69] ਸੰਗਿ ॥	Invoke[68] thou the One[67] Lord in the saints' guild[69].	ਤੂੰ ਸਤਿਸੰਗਤ[69] ਅੰਦਰ ਇੱਕ ਸੁਆਮੀ[67] ਦਾ ਸਿਮਰਨ[68] ਕਰ।
ਪਾਪ[72] ਬਿਨਾਸੇ[70] ਨਾਮ ਕੈ ਰੰਗਿ[71] ॥੩॥	Professiag love[71] for the Name, the sins[72] are obliterated[70].	ਨਾਮ ਨਾਲ ਪ੍ਰੇਮ[71] ਪਾਉਣ ਦੁਆਰਾ ਗੁਨਾਹ[72] ਮਲੀਆਮੇਟ ਹੋ ਜਾਂਦੇ[70] ਹਨ।
ਗੁਰ[73] ਪਰਮੇਸੁਰ[74] ਸਗਲ ਨਿਵਾਸ[75] ॥	The great[73] Supreme Lord[74] abides[75] amongest all.	ਵਿਸ਼ਾਲ[73] ਸ੍ਰੇਮਣੀ ਸਾਹਿਬ[74] ਸਾਰਿਆਂ ਅੰਦਰ ਵਸਦਾ[75] ਹੈ।
ਘਟਿ ਘਟਿ[76] ਰਵਿ[77] ਰਹਿਆ[78]ਗੁਣਤਾਸ[79] ॥	God, the Treasure[79] of virtues[78] is pervading[77] all hearts[76].	ਨੇਕੀਆਂ[78] ਦਾ ਖ਼ਜ਼ਾਨਾ[79] ਵਾਹਿਗੁਰੂ ਸਾਰਿਆਂ ਦਿਲਾਂ[76] ਅੰਦਰ ਵਿਆਪਕ ਹੋ ਰਿਹਾ[77] ਹੈ।
ਦਰਸੁ[80] ਦੇਹਿ[81] ਧਾਰਉ[82] ਪ੍ਰਭ ਆਸ[83] ॥	My Lord! bless[81] me with Thine vision[80]. I cherish[82] Thy hope[83] alone.	ਮੈਂਡੇ ਸੁਆਮੀ, ਮੈਨੂੰ ਆਪਣੇ ਦਰਸ਼ਨ[80]ਦੀ ਦਾਤ ਬਖ਼ਸ਼[81]। ਮੈਨੂੰ ਕੇਵਲ ਤੇਰੀ ਹੀ ਉਮੈਦ[83] ਲੱਗੀ ਹੋਈ[82] ਹੈ।
ਨਿਤ[84] ਨਾਨਕੁ ਚਿਤਵੈ[85] ਸਚੁ ਅਰਦਾਸਿ[86] ॥੪॥੪੫॥ ੫੬॥	Nanak ever[84] makes[85] this true supplication[86] before Thee.	ਨਾਨਕ, ਸਦਾ[84] ਹੀ ਤੇਰੇ ਅਗੇ ਇਹ ਸੱਚੀ ਪ੍ਰਾਰਥਨਾ[86] ਕਰਦਾ[85] ਹੈ।

੯੦੧

ਰਾਗੁ ਰਾਮਕਲੀ ਮਹਲਾ ੫ ਘਰੁ ੨ ਦੁਪਦੇ	Rag Ramkali 5th Guru Dupdas	ਰਾਗੁ ਰਾਮਕਲੀ ਪੰਜਵੀਂ ਪਾਤਿਸ਼ਾਹੀ ਦੁਪਦੇ
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਗਾਵਹੁ[87] ਰਾਮ[88] ਕੇ ਗੁਣ[89] ਗੀਤ[90] ॥	Sing[87] thou the songs[90] of praise[89] of thy Omnipresent Lord[88].	ਤੂੰ ਆਪਣੇ ਸਰਬ-ਵਿਆਪਕ ਸੁਆਮੀ[88] ਦੀ ਕੀਰਤੀ[89] ਦੇ ਗਾਉਣ[90] ਗਾਇਨ[87] ਕਰ।
ਨਾਮੁ ਜਪਤ[41] ਪਰਮ ਸੁਖੁ[42] ਪਾਈਐ ਆਵਾ[43] ਗਉਣੁ[44] ਮਿਟੈ[45] ਮੇਰੇ ਮੀਤ[46] ॥੧॥ ਰਹਾਉ॥	Contemplating[41] the Name, supreme[41] bliss is attained and coming[43] and going[44] is ended[45], O my friend[46]. Pause.	ਨਾਮ ਦਾ ਸਿਮਰਨ[41] ਕਰਨ ਦੁਆਰਾ ਮਹਾਨ[42] ਪ੍ਰਸੰਨਤਾ ਪ੍ਰਾਪਤ ਹੁੰਦੀ ਹੈ ਅਤੇ ਆਉਣਾ[43] ਤੇ ਜਾਣਾ[44] ਮੁਕ ਜਾਂਦਾ[45] ਹੈ, ਹੇ ਮੈਂਡੇ ਮਿੱਤਰ[46]!
ਗੁਣ[47] ਗਾਵਤ[48] ਹੋਵਤ ਪਰਗਾਸੁ[49] ॥ ਚਰਨ[50] ਕਮਲ[51] ਮਹਿ[52] ਹੋਇ ਨਿਵਾਸੁ[53] ॥੧॥	Singing[48] the Lord's praise[47], the soul is illumined[49] and the mortal abides[53] in[52] the Lord's lotus[51]-feet[50].	ਸੁਆਮੀ ਦਾ ਜੱਸ[47] ਗਾਇਨ[48] ਕਰਨ ਦੁਆਰਾ ਆਤਮਾ ਪ੍ਰਕਾਸ਼ਵਾਨ ਥੀ ਵੰਞਦੀ[49] ਹੈ ਅਤੇ ਪ੍ਰਾਨੀ ਪ੍ਰਭੂ ਦੇ ਕੰਵਲ[51] ਪੈਰਾਂ[50] ਵਿੱਚ[52] ਵਸੇਬਾ[53] ਪਾ ਲੈਂਦਾ ਹੈ।

ਸੰਤਸੰਗਤਿ ਮਹਿ[54] ਹੋਇ ਉਧਾਰੁ[55] ॥ ਨਾਨਕ [56]ਭਵਜਲੁ[57] ਉਤਰਸਿ[58] ਪਾਰਿ ॥੨॥੧॥੫੭॥	In[54] the saints' society, one is emancipated[55], O Nanak, and he crosses[58] the terrible[56] world-ocean[57].	ਸਤਿਸੰਗਤ ਅੰਦਰ[54] ਇਨਸਾਨ ਬੰਦਖਲਾਸ[55] ਹੋ ਜਾਂਦਾ ਹੈ, ਹੇ ਨਾਨਕ ਅਤੇ ਉਹ ਭਿਆਨਕ[56] ਸੰਸਾਰ ਸਮੁੰਦਰ[57] ਤੋਂ ਪਾਰ ਉੱਤਰ ਜਾਂਦਾ[58] ਹੈ।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ।
ਗੁਰੁ ਪੂਰਾ[59] ਮੇਰਾ ਗੁਰੁ ਪੂਰਾ ॥	Perfect[59] is my Guru, my Guru is Perfect.	ਪੂਰਨ[59] ਹਨ ਮੇਰੇ ਗੁਰੂ ਜੀ, ਮੇਰੇ ਗੁਰੂ ਜੀ ਪੂਰਨ ਹਨ।
ਰਾਮ ਨਾਮ ਜਪਿ[60] ਸਦਾ[61] ਸੁਹੇਲੇ[62] ਸਗਲ[63] ਬਿਨਾਸੇ[64] ਰੋਗ[65] ਕੂਰਾ[66] ॥੧॥ਰਹਾਉ॥	Meditating[60] on the Lord's Name, I am ever[61] at peace[62] and all[63] my ailments[65] and falsehood[66] are eradicated[64]. Pause.	ਸਾਹਿਬ ਦੇ ਨਾਮ ਦਾ ਸਿਮਰਨ[60] ਕਰਨ ਦੁਆਰਾ ਮੈਂ ਸਦੀਵ[61] ਹੀ ਸੁਖੀ[62] ਹਾਂ ਅਤੇ ਮੇਰੀਆਂ ਸਾਰੀਆਂ[63] ਬੀਮਾਰੀਆਂ[65] ਅਤੇ ਝੂਠ[66] ਨਸ਼ਟ ਹੋ ਗਏ[64] ਹਨ। ਠਹਿਰਾਉ।
ਏਕੁ[67] ਅਰਾਧਹੁ[68] ਸਾਚਾ[69] ਸੋਇ[70] ॥	Meditate[68] thou on that[70] True Lord[69] alone[67].	ਤੂੰ ਕੇਵਲ[67] ਉਸ[70] ਸੱਚੇ ਸੁਆਮੀ[69] ਦਾ ਹੀ ਸਿਮਰਨ[68] ਕਰ।
ਜਾ ਕੀ[71] ਸਰਨਿ[72] ਸਦਾ[73] ਸੁਖੁ[74] ਹੋਇ ॥੧॥	In his[71] refuge[72], ever-lasting[73] peace[74] is obtained.	ਜਿਸ[71] ਦੀ ਸ਼ਰਣਾਗਤ[72] ਅੰਦਰ ਸਦੀਵੀ[73] ਆਰਾਮ[74] ਪ੍ਰਾਪਤ ਹੋ ਜਾਂਦਾ ਹੈ।
ਨੀਦ[75] ਸੁਹੇਲੀ[76] ਨਾਮ ਕੀ ਲਾਗੀ ਭੂਖ[77] ॥	When the mortal hungers[77] for the Lord's Name alone, he sleeps[75] in peace[76].	ਜਦ ਪ੍ਰਾਣੀ ਨੂੰ ਕੇਵਲ ਪ੍ਰਭੂ ਦੇ ਨਾਮ ਦੀ ਹੀ ਭੁੱਖ[77] ਲਗਦੀ ਹੈ ਤਾਂ ਉਹ ਆਰਾਮ[76] ਅੰਦਰ ਸੌਂਦਾ[75] ਹੈ।
ਹਰਿ ਸਿਮਰਤ[78] ਬਿਨਸੇ[79] ਸਭ[80] ਦੂਖ[81] ॥੨॥	Pondering[78] over the Lord, all[80] the agonies[81] are eradicated[79].	ਪ੍ਰਭੂ ਦਾ ਆਰਾਧਨ[78] ਕਰਨ ਦੁਆਰਾ, ਸਾਰੀਆਂ[80] ਪੀੜਾਂ[81] ਨਸ਼ਟ ਹੋ ਜਾਂਦੀਆਂ[79] ਹਨ।
ਸਹਜਿ ਅਨੰਦ[82] ਕਰਹੁ[83] ਮੇਰੇ ਭਾਈ[84] ॥	Enjoy[83] thou the celestial bliss[82], O my brother[84].	ਤੂੰ ਬੈਕੁੰਠੀ ਖ਼ੁਸ਼ੀ[82] ਮਾਣ[83], ਹੇ ਮੇਰੇ ਵੀਰ[84]!
ਗੁਰਿ ਪੂਰੈ[85] ਸਭ ਚਿੰਤ[86] ਮਿਟਾਈ[87] ॥੩॥	The Perfect[85] Guru shall rid[87] thee of all thy anxiety[86].	ਪੂਰਨ[85] ਗੁਰਦੇਵ ਜੀ ਤੇਰੇ ਸਾਰੇ ਫ਼ਿਕਰ ਅੰਦੇਸ਼ੇ[86] ਦੂਰ[87] ਕਰ ਦੇਣਗੇ।
ਆਠ ਪਹਰ ਪ੍ਰਭ ਕਾ ਜਪੁ[88] ਜਾਪਿ[89] ॥ ਨਾਨਕ ਰਾਖਾ[90] ਹੋਆ ਆਪਿ[91] ॥੪॥੨॥੫੮॥	All the eight watches through, utter[89] thou the Lord's Name[88], and He shall Himself[91] save[90] thee, O Nanak.	ਅੱਠੇ ਪਹਿਰ ਹੀ ਤੂੰ ਸਾਹਿਬ ਦੇ ਨਾਮ[88] ਦਾ ਉਚਾਰਨ[89] ਕਰ ਅਤੇ ਉਹ ਖ਼ੁਦ[91] ਹੀ ਤੇਰੀ ਰੱਖਿਆ[90] ਕਰੇਗਾ, ਹੇ ਨਾਨਕ!
ਰਾਗੁ ਰਾਮਕਲੀ ਮਹਲਾ ੫ ਪੜਤਾਲ ਘਰੁ ੩	Rag Ramkali 5th Guru Partal	ਰਾਗ ਰਾਮਕਲੀ ਪੰਜਵੀਂ ਪਾਤਿਸ਼ਾਹੀ ਪੜਤਾਲ
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਨਰਨਰਹ[92] ਨਮਸਕਾਰੰ[93] ॥	I make obeisance[93] unto the Omnipotent Lord[92].	ਮੈਂ ਸਰਬ-ਸ਼ਕਤੀਵਾਨ ਸੁਆਮੀ[92] ਨੂੰ ਬੰਦਨਾ[93] ਕਰਦਾ ਹਾਂ।
ਜਲਨ[94] ਥਲਨ[95] ਬਸੁਧ[96]	The One Lord[99] alone[98] is permeating	ਕੇਵਲ ਇੱਕ[98] ਸੁਆਮੀ[99] ਹੀ ਪਾਣੀ[94], ਮਾਰੂਥਲ[95],

ਗਗਨ[97] ਏਕ[98] ਏਕੰਕਾਰੰ[99] ॥੧॥ਰਹਾਉ॥	the water[94], the desert[95], the earth[96] and the sky[97]. Pause.	ਧਰਤੀ[96] ਅਤੇ ਅਕਾਸ਼[97] ਅੰਦਰ ਸਮਾ ਰਿਹਾ ਹੈ। ਠਹਿਰਾਉ।
ਹਰਨ[100] ਧਰਨ[2] ਪੁਨ ਪੁਨਹ[3] ਕਰਨ[4] ॥	Over and over again[6], the Creator creates[4] the Creation. He sustains[2] and also destroys[100] it,	ਬਾਰੰਬਾਰ[3] ਰਚਣਹਾਰ ਰਚਨਾ ਨੂੰ ਰਚਦਾ[4] ਹੈ। ਉਹ ਇਸ ਨੂੰ ਆਸਰਾ[2] ਦਿੰਦਾ ਹੈ ਅਤੇ ਨਾਸ[100] ਭੀ ਕਰਦਾ ਹੈ।
ਨਹ ਗਿਰਹ[5] ਨਿਰੰਹਾਰੰ[6] ॥ ੧॥	He has no home[5], nor takes He any food[6].	ਨਾ ਉਸ ਦਾ ਕੋਈ ਘਰ[5] ਹੈ ਨਾ ਹੀ ਉਹ ਭੋਜਨ ਛਕਦਾ[6] ਹੈ।
ਗੰਭੀਰ[7] ਧੀਰ[8] ਨਾਮ ਹੀਰ[9] ਊਚ[10] ਮੂਚ[12] ਅਪਾਰੰ[13] ॥	Unfathomable[7], Fortitudinous[8], Lofty[10], Grand[12] and Infinite[13] is the Lord, and His Name is precious like the jewel[9].	ਅਥਾਹ[7], ਧੀਰਜਵਾਨ[8], ਬੁਲੰਦ[10], ਵਿਸ਼ਾਲ[12] ਅਤੇ ਬੇਅੰਤ[13] ਹੈ ਸੁਆਮੀ ਅਤੇ ਜਵੇਹਰ[9] ਵਰਗਾ ਵਡਮੁੱਲਾ ਹੈ ਉਸ ਦਾ ਨਾਮ।
ਕਰਨ[14] ਕੇਲ[15] ਗੁਣ[16] ਅਮੋਲ[17] ਨਾਨਕ ਬਲਿਹਾਰੰ[18] ॥੨॥੧॥੫੬॥	Nanak is a sacrifice[18] unto Him, who enacts[14] wondrous plays[15] and invaluable[17] are whose merits[16].	ਨਾਨਕ ਉਸ ਉੱਤੋਂ ਕੁਰਬਾਨ[18] ਵੰਞਦਾ ਹੈ ਜੋ ਅਸਚਰਜ ਕੌਤਕ[15] ਕਰਦਾ[14] ਹੈ ਅਤੇ ਅਣਮੁੱਲੀਆਂ[17] ਹਨ ਜਿਸ ਦੀਆਂ ਖ਼ੂਬੀਆਂ[16]।
ਰਾਮਕਲੀ ਮਹਲਾ ੫ ॥	Ramkali 5th Guru.	ਰਾਮਕਲੀ ਪੰਜਵੀਂ ਪਾਤਿਸ਼ਾਹੀ।
ਰੂਪ[19] ਰੰਗ[20] ਸੁਗੰਧ[21] ਭੋਗ[22] ਤਿਆਗਿ[23] ਚਲੇ[24] ਮਾਇਆ[25] ਛਲੇ[26] ਕਨਿਕ[27] ਕਾਮਿਨੀ[28] ॥੧॥ਰਹਾਉ॥	Beguiled[26] by worldly valuables[25], gold[27] and wife[28], the mortal departs[24], leaving[23] behind beauty[19], revelments[20], fragrance[21] and pleasures of flesh[22]. Pause.	ਸੰਸਾਰੀ ਪਦਾਰਥਾਂ[25], ਸੋਨੇ[27] ਤੇ ਪਤਨੀ[28] ਦਾ ਠਗਿਆ ਹੋਇਆ[26] ਇਨਸਾਨ ਸੁੰਦਰਤਾ[19], ਰੰਗ ਰਲੀਆਂ[20], ਖ਼ੁਸ਼ਬੂਈਆਂ[21] ਅਤੇ ਭੋਗ-ਬਿਲਾਸ[22] ਦੇ ਸੁਆਦਾਂ ਨੂੰ ਪਿਛੇ ਛੱਡ ਕੇ[23] ਟੁਰ ਜਾਂਦਾ[24] ਹੈ। ਠਹਿਰਾਉ।
ਭੰਡਾਰ[29] ਦਰਬ[30] ਅਰਬ[31] ਖਰਬ[32] ਪੇਖਿ[33] ਲੀਲਾ[34] ਮਨੁ[35] ਸਧਾਰੈ[36] ਨਹ ਸੰਗਿ[37] ਗਾਮਨੀ[38] ॥੧॥	A thousand millions[31] and innumerable[32] treasures[29] of riches[30] and sights[33] of pomp and show[34], which comfort[36] the mind[35], go[38] not with[37] the mortal.	ਧਨ ਦੌਲਤ[30] ਦੇ ਹਜ਼ਾਰ ਕ੍ਰੋੜ[31] ਅਤੇ ਅਣਗਿਣਤ[32] ਖ਼ਜ਼ਾਨੇ[29] ਅਤੇ ਸ਼ਾਨ-ਸ਼ੌਕਤ[34] ਦੇ ਨਜ਼ਾਰੇ[33] ਜੋ ਚਿੱਤ[35] ਨੂੰ ਪ੍ਰਸੰਨ ਕਰਦੇ[36] ਹਨ, ਪ੍ਰਾਣੀ ਦੇ ਨਾਲ[37] ਨਹੀਂ ਜਾਂਦੇ[38]।
ਸੁਤ[39] ਕਲਤ੍ਰ[40] ਭ੍ਰਾਤ[41] ਮੀਤ[42] ਉਰਝਿ[43] ਪਰਿਓ ਭਰਮਿ[44] ਮੋਹਿਓ[45] ਇਹ ਬਿਰਖ[46] ਛਾਮਨੀ[47] ॥	Deluded[45] by doubt[44], he is involved[43] in his sons[39], wife[40]. brothers[41] and friends[42], but these are short-lived like the shade[47] of a tree[46].	ਸੰਦੇਹ[44] ਦਾ ਬਹਿਕਾਇਆ ਹੋਇਆ[45] ਉਹ ਆਪਣੇ ਪੁੱਤ੍ਰਾਂ[39], ਪਤਨੀ[40], ਭਾਈਆਂ[41] ਅਤੇ ਮਿੱਤਰਾਂ[42] ਅੰਦਰ ਉਲਝਿਆ[43] ਹੋਇਆ ਹੈ ਪਰ ਇਹ ਰੁੱਖ[46] ਦੀ ਛਾਂ[47] ਦੀ ਮਾਨੰਦ ਛਿਨ-ਭੰਗਰ ਹਨ।
ਚਰਨ[48] ਕਮਲ[49] ਸਰਨ[50] ਨਾਨਕ ਸੁਖੁ[51] ਸੰਤ[53] ਭਾਵਨੀ[52] ॥੨॥੨॥੬੦॥	Nanak seeks the protection[50] of the Lord's lotus[49]-feet[48] and through the saintly[53]faith[52],he has obtained peace[51].	ਨਾਨਕ ਪ੍ਰਭੂ ਦੇ ਕੰਵਲ[49] ਪੈਰਾਂ[48] ਦੀ ਪਨਾਹ[50] ਲੋੜਦਾ ਹੈ ਅਤੇ ਸਾਧੂਆਂ ਵਰਗੀ[53] ਸ਼ਰਧਾ[52] ਰਾਹੀਂ ਉਸ ਨੂੰ ਆਰਾਮ[51] ਪ੍ਰਾਪਤ ਹੋ ਗਿਆ ਹੈ।
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਰਾਗੁ ਰਾਮਕਲੀ
ਮਹਲਾ ੯ ਤਿਪਦੇ ॥

Rag Ramkali
9th Guru Tipadas.

ਰਾਗ ਰਾਮਕਲੀ
ਨੌਵੀਂ ਪਾਤਿਸ਼ਾਹੀ ਤਿਪਦੇ ।

ਰੇ[53]* ਮਨ ਓਟਿ[54] ਲੇਹੁ[55] ਹਰਿ ਨਾਮਾ ॥ ਜਾ[56] ਕੈ ਸਿਮਰਨਿ[57] [58]ਦੁਰਮਤਿ[59] ਨਾਸੈ[60] ਪਾਵਹਿ ਪਦੁ[61] ਨਿਰਬਾਨਾ[62] ॥੧॥ਰਹਾਉ॥

O[53]* my soul, seek[55] thou the shelter[54] of God's Name, remembering[57] which[56] thy evil[58] intellect[59] shall be dispelled[60] and thou shalt obtain the status[61] of supreme bliss[62]. Pause.

ਹੇ[53]* ਮੇਰੀ ਜਿੰਦੇ ! ਤੂੰ ਵਾਹਿਗੁਰੂ ਦੇ ਨਾਮ ਦੀ ਸ਼ਰਣਾਗਤ[54] ਸੰਭਾਲ[55], ਜਿਸ[56] ਦਾ ਆਰਾਧਨ[57] ਕਰਨ ਦੁਆਰਾ ਤੇਰੀ ਮੰਦੀ[58] ਅਕਲ[59] ਦੂਰ ਹੋ ਜਾਵੇਗੀ[60] ਅਤੇ ਤੂੰ ਪਰਮ ਪ੍ਰਸੰਨਤ[62] ਦੀ ਪਦਵੀ[61] ਨੂੰ ਪਾ ਲਵੇਂਗੀ । ਠਹਿਰਾਉ ।

ਬਡਭਾਗੀ[63] ਤਿਹ[64] ਜਨ[65] ਕਉ ਜਾਨਹੁ[66] ਜੋ ਹਰਿ ਕੇ ਗੁਨ[67] ਗਾਵੈ ॥

Deem[66] that[64] man[65] to be very fortunate[63], who sings God's praise[67].

ਉਸ[64] ਇਨਸਾਨ[65] ਨੂੰ ਪਰਮ ਚੰਗੇ ਕਰਮ ਵਾਲਾ[63] ਸਮਝ[66] ਜੋ ਵਾਹਿਗੁਰੂ ਦੀ ਮਹਿਮਾ[67] ਗਾਇਨ ਕਰਦਾ ਹੈ ।

੯੦੨

ਜਨਮ ਜਨਮ[68] ਕੇ ਪਾਪ[69] ਖੋਇ[70] ਕੈ ਫੁਨਿ[71] ਬੈਕੰਠਿ[72] ਸਿਧਾਵੈ[73] ॥੧॥

Washing off[70] the sins[69] of millions of births[68], he shall ultimately[71] go[78] to celestial elysium[72].

ਕ੍ਰੋੜਾਂ ਹੀ ਜਨਮਾਂ[68] ਦੇ ਪਾਪਾਂ[69] ਨੂੰ ਧੋ ਕੇ[70], ਅੰਤ[71] ਨੂੰ ਉਹ ਸੱਚਖੰਡ[72] ਨੂੰ ਜਾਵੇਗਾ[73] ।

ਅਜਾਮਲੁ ਕਉ ਅੰਤਿ ਕਾਲ[74] ਮਹਿ ਨਾਰਾਇਨ[75] ਸੁਧਿ[76] ਆਈ ॥

At the last moment[74], Ajamal, grew conscious[76] of the Omnipresent[75] Lord.

ਅਖੀਰ ਦੇ ਵੇਲੇ[74], ਅਜਾਮਲ ਨੂੰ ਸਰਬ-ਵਿਆਪਕ[75] ਸੁਆਮੀ ਦੀ ਸੋਝੀ ਸੁਰਤ[76] ਆ ਗਈ ।

ਜਾਂ[77]ਗਤਿ[78] ਕਉ ਜੋਗੀਸੁਰ[79] ਬਾਛਤ[80] ਸੋ[81] ਗਤਿ ਛਿਨ[82] ਮਹਿ[83] ਪਾਈ ॥੨॥

The state[78] which[77] the superior Yogis[79] desire[80]; that[81] state he obtained in[83] an instant[85].

ਜਿਸ[77] ਅਵਸਥਾ[77] ਨੂੰ ਵੱਡੇ ਯੋਗੀ[79] ਲੋਚਦੇ[80] ਹਨ; ਉਹ[81] ਅਵਸਥਾ ਉਸ ਨੂੰ ਇੱਕ ਨਿਮਖ[82] ਵਿੱਚ[83] ਪ੍ਰਾਪਤ ਹੋ ਗਈ ।

ਨਾਹਿਨ[84] ਗੁਨੁ[85] ਨਾਹਿਨ ਕਛੁ ਬਿਦਿਆ[85]* ਧਰਮੁ[86] ਕਉਨੁ[87] ਗਜਿ[88] ਕੀਨਾ[89] ॥

The elephant[88] had no[84] merits[85], no learning[85]* and what[87] religious ceremonies[86] had he performed[89] ?

ਹਾਥੀ[88] ਵਿਚ ਨਾ[84] ਕੋਈ ਖ਼ੂਬੀ[85]ਸੀ, ਨਾ ਹੀ ਇਲਮ[85]* ਅਤੇ ਉਸ ਨੇ ਕਿਹੜੇ[87] ਧਾਰਮਕ ਸੰਸਕਾਰ[86] ਕੀਤੇ[89] ਸਨ ?

ਨਾਨਕ ਬਿਰਦੁ[90] ਰਾਮ[91] ਕਾ ਦੇਖਹੁ ਅਭੈ[92] ਦਾਨੁ[93] ਤਿਹ[94] ਦੀਨਾ[95] ॥੩॥੧॥

Nanak, behold thou the daily practice[90] of the Lord[91], who blessed[95] him[94] with the gift[93] of fearlessness[92].

ਨਾਨਕ, ਤੂੰ ਸੁਆਮੀ[91] ਦਾ ਨਿਤਕ੍ਰਮ[90] ਵੇਖ, ਜਿਸ ਨੇ ਉਸ[94] ਨੂੰ ਨਿਰਭੈਤਾ[92] ਦੀ ਦਾਤ[93] ਬਖ਼ਸ਼ ਦਿੱਤੀ[95] ।

ਰਾਮਕਲੀ ਮਹਲਾ ੯ ॥

Ramkali 9th Guru.

ਰਾਮਕਲੀ ਨੌਵੀਂ ਪਾਤਿਸ਼ਾਹੀ ।

ਸਾਧੋ ਕਉਨੁ[96] ਜੁਗਤਿ[97] ਅਬਿ[98] ਕੀਜੈ[99] ॥ ਜਾ[100] ਤੇ [2]ਦੁਰਮਤਿ[3] ਸਗਲ ਬਿਨਾਸੈ[4] ਰਾਮ[5] ਭਗਤਿ[6] ਮਨੁ ਭੀਜੈ[7] ॥੧॥ਰਹਾਉ॥

O saints, what[96] way[97] should I now[98] adopt[99], by which[100] all evil[2] thoughts[3] may be dispelled[4] and mind be steeped[7] in the Lord's[3] meditation[6]. Pause.

ਹੇ ਸੰਤੋ ! ਮੈਂ ਹੁਣ[98] ਕਿਹੜਾ[96] ਤਰੀਕਾ[97] ਇਖ਼ਤਿਆਰ ਕਰਾਂ[99], ਜਿਸ ਦੁਆਰਾ[100] ਸਮੂਹ ਮੰਦੇ[2] ਖ਼ਿਆਲ[3] ਦੂਰ ਹੋ ਜਾਣ[4] ਅਤੇ ਹਿਰਦਾ ਸੁਆਮੀ[5] ਦੇ ਸਿਮਰਨ[6] ਵਿਚ ਗੱਚ ਹੋ ਜਾਵੇ[7] । ਠਹਿਰਾਉ ।

ਮਨੁ ਮਾਇਆ[8] ਮਹਿ ਉਰਝਿ[9]

My mind is entangled[9] in mammon[8]

ਮੇਰਾ ਮਨ ਮਾਇਆ-ਮੋਹ[8] ਅੰਦਰ ਉਲਝਿਆ ਹੋਇਆ[9]

ਰਹਿਓ ਹੈ ਬੂਝੈ[10] ਨਹ ਕਛੁ ਗਿਆਨਾ[12] ॥

and knows[10] not-any thing of Divine knowledge[12].

ਹੈ ਅਤੇ ਬ੍ਰਹਿਮ ਵੀਚਾਰ[12] ਨੂੰ ਉੱਕਾ ਹੀ ਨਹੀਂ ਜਾਣਦਾ[10] ।

ਕਉਨੁ[13] ਨਾਮੁ ਜਗੁ[14] ਜਾ ਕੈ[15] ਸਿਮਰੈ[16] ਪਾਵੈ ਪਦੁ[17] ਨਿਰਬਾਨਾ[18] ॥੧॥

What[13] Name is that in the world[14], contemplating[16] which[15] one can obtain the rank[17] of emancipation[18] ?

ਇਸ ਸੰਸਾਰ[14] ਅੰਦਰ ਉਹ ਕਿਹੜਾ[13] ਨਾਮ ਹੈ, ਜਿਸ[15] ਦਾ ਆਰਾਧਨ[16] ਕਰਨ ਦੁਆਰਾ, ਇਨਸਾਨ ਕਲਿਆਣ[18] ਦੇ ਮਰਤਬੇ[17] ਨੂੰ ਪਾ ਸਕਦਾ ਹੈ ?

ਭਏ[19] ਦਇਆਲ[20] ਕ੍ਰਿਪਾਲ[21] ਸੰਤ ਜਨ[22] ਤਬ[23] ਇਹ ਬਾਤ[24] ਬਤਾਈ[25] ॥

When the holy men[33] became[19] compassionate[20] and kind[21], then[23] did they tell[25] me this thing[24];

ਜਦ ਨੇਕ ਪੁਰਸ਼[22] ਮਇਆਵਾਨ[20] ਅਤੇ ਮਿਹਰਬਾਨ[21] ਹੋਏ[19] ਤਦ[23] ਉਨ੍ਹਾਂ ਨੇ ਮੈਨੂੰ ਇਹ ਗੱਲ[24] ਦੱਸੀ[25] :

ਸਰਬ[26] ਧਰਮ[27] ਮਾਨੋ[28] ਤਿਹ ਕੀਏ[29] ਜਿਹ ਪ੍ਰਭ ਕੀਰਤਿ[30] ਗਾਈ[21] ॥੨॥

Know[28] that who-so-ever sings[81] the Lord's praise[30] has performed[29] all[26] religious ceremonies[27].

ਜਾਣ ਲਓ[28] ਕਿ ਜੋ ਸੁਆਮੀ ਦੀ ਸਿਫਤ-ਸਨਾ[30] ਗਾਇਨ ਕਰਦਾ[31] ਹੈ ਉਸ ਨੇ ਸਾਰੇ[26] ਧਾਰਮਕ ਸੰਸਕਾਰ[27] ਕਰ ਲਏ[29] ਹਨ ।

ਰਾਮ[36] ਨਾਮੁ ਨਰੁ[32] ਨਿਸਿ[33] ਬਾਸੁਰ[34] ਮਹਿ[35] ਨਿਮਖ[37] ਏਕ [38]ਉਰਧਾਰੈ[39] ॥ ਜਮ[40] ਕੋ ਤ੍ਰਾਸੁ[41] ਮਿਟੈ[42] ਨਾਨਕ ਤਿਹ[43] ਅਪੁਨੋ ਜਨਮੁ[44] ਸਵਾਰੈ[45] ॥੩॥੨॥

The mortal[82], who, night[33] and day[34], clasps[39] the Lord[36]-Name to his heart[38] even for a trice[37]; his[43] fear[41] of death[40] is dispelled[62], O Nanak, and he makes his life[44] fruitful[45].

ਜਾਣ ਲਓ[28] ਕਿ ਜੋ ਸੁਆਮੀ ਦੀ ਸਿਫਤ-ਸਨਾ[30] ਗਾਇਨ ਕਰਦਾ[31] ਹੈ ਉਸ ਨੇ ਸਾਰੇ[26] ਧਾਰਮਕ ਸੰਸਕਾਰ[27] ਕਰ ਲਏ[29] ਹਨ ।

ਜੋ ਪ੍ਰਾਨੀ[32] ਰਾਤ[33] ਦਿਨ[33] ਅੰਦਰ[35] ਇੱਕ ਛਿੱਨ ਭਰ[37] ਲਈ ਭੀ ਪ੍ਰਭੂ[36] ਦੇ ਨਾਮ ਨੂੰ ਆਪਣੇ ਦਿਲ[38] ਵਿੱਚ ਧਾਰਦਾ[39] ਹੈ; ਉਸ ਦਾ[43] ਮੌਤ[40] ਦਾ ਡਰ[41] ਦੂਰ ਹੋ ਜਾਂਦਾ[42] ਹੈ, ਹੇ ਨਾਨਕ ਅਤੇ ਉਹ ਆਪਣੇ ਜੀਵਨ[44] ਨੂੰ ਸਫਲ[45] ਕਰ ਲੈਂਦਾ ਹੈ ।

ਰਾਮਕਲੀ ਮਹਲਾ ੯ ॥

Ramkali 9th Guru.

ਰਾਮਕਲੀ ਨੌਵੀਂ ਪਾਤਿਸ਼ਾਹੀ ।

ਪ੍ਰਾਨੀ[46] ਨਾਰਾਇਨਿ[47] ਸੁਧਿ[48] ਲੇਹਿ ॥

O mortal[46], think[48] thou of Pervading God[47].

ਹੇ ਫ਼ਾਨੀ ਬੰਦੇ[46] ! ਤੂੰ ਵਿਆਪਕ ਵਾਹਿਗੁਰੂ[47] ਦਾ ਧਿਆਨ[48] ਧਾਰ ।

ਛਿਨੁ ਛਿਨੁ[49] ਅਉਧ[50] ਘਟੈ[51] [52]ਨਿਸਿਬਾਸੁਰ[53] ਬ੍ਰਿਥਾ[54] ਜਾਤੁ[55] ਹੈ ਦੇਹ[56] ॥ ੧॥ਰਹਾਉ॥

Every moment[49], night[52] and day[5-] thy age[50] is decreasing[51] and thy body[56] (life) passes[55] in vain[54]. Pause.

ਹਰ ਮੁਹਤ[49], ਰੈਣ[52] ਅਤੇ ਦਿਹੁੰ[53] ਤੇਰੀ ਉਮਰ[58] ਘਟਦੀ[51] ਜਾ ਰਹੀ ਹੈ ਅਤੇ ਤੇਰਾ ਜੀਵਨ[56] ਵਿਅਰਥ[54] ਬੀਤ ਰਿਹਾ ਹੈ[55] । ਠਹਿਰਾਉ ।

ਤਰਨਾਪੋ[57] ਬਿਖਿਅਨ[58] ਸਿਉ ਖੋਇਓ[59] ਬਾਲਪਨੁ[60] ਅਗਿਆਨਾ[61] ॥

Thou hast wasted away[59] the youth[57] in sensual pleasures[58] and thy childhood[60] in ignorance[61].

ਤੂੰ ਆਪਣੀ ਜੁਆਨੀ[57] ਵਿਸ਼ੇ-ਵਿਕਾਰਾਂ[58] ਅੰਦਰ ਗਵਾ ਲਈ[59] ਹੈ ਅਤੇ ਆਪਣਾ ਬਚਪਨ[60] ਬੇਸਮਝੀ[61] ਵਿਚ ।

ਬਿਰਧ[62] ਭਇਓ ਅਜਹੂ[63] ਨਹੀ ਸਮਝੈ[64] ਕਉਨ[65] [66]ਕੁਮਤਿ[67] ਉਰਝਾਨਾ[68] ॥ ੧॥

Thou hast grown old[62] and even now[63] thou knowest[64] not in what[65] evil[66]-understanding[67] thou art entangled[68].

ਤੂੰ ਬੁੱਢਾ[62] ਹੋ ਗਿਆ ਹੈਂ ਅਤੇ ਅਜੇ ਭੀ[69] ਤੂੰ ਨਹੀਂ ਜਾਣਦਾ[64] ਕਿ ਤੂੰ ਕਿਹੜੀ[65] ਖੋਟੀ[66] ਸਮਝ[67] ਅੰਦਰ ਫਾਥਾ ਹੋਇਆ[68] ਹੈਂ ।

ਮਾਨਸ[69] ਜਨਮੁ[70] ਦੀਓ[71] ਜਿਹ ਠਾਕੁਰਿ[72] ਸੋ[73] ਤੈ ਕਿਉ[74] ਬਿਸਰਾਇਓ[75] ॥

The[72] Lord, who has blessed[71] thee with human[69] life[70]; why[74] hast thou forgotten[75] Him[73] ?

ਜਿਸ[72] ਸੁਆਮੀ ਨੇ ਤੈਨੂੰ ਮਨੁੱਖੀ[69] ਜੀਵਨ[70] ਬਖਸ਼ਿਆ[71] ਹੈ; ਤੂੰ ਉਸ[73] ਨੂੰ ਕਿਉਂ ਭੁਲਾਇਆ[75] ਹੈ ?

ਮੁਕਤਿ[76] ਹੋਤ ਨਰ[77] ਜਾ ਕੈ

By remembering[78] whom man[77] is

ਜਿਸ ਦਾ ਆਰਾਧਨ[78] ਕਰਨ ਦੁਆਰਾ ਬੰਦਾ[77] ਮੁਕਤ[76]

ਸਿਮਰੈ[78] ਨਿਮਖ[79] ਨ ਤਾ ਕਉ[80] ਗਾਇਓ[81] ॥੨॥

emancipated[76], His[80] praise thou singest[81] not even for a moment[76].

ਹੋ ਜਾਂਦਾ ਹੈ, ਉਸ[80] ਦਾ ਜੱਸ ਤੂੰ ਇੱਕ ਮੁਹਤ ਭਰ[79] ਲਈ ਭੀ ਗਾਇਨ ਨਹੀਂ ਕਰਦਾ[81] ।

ਮਾਇਆ[82] ਕੋ ਮਦੁ[83] ਕਹਾ[84] ਕਰਤੁ ਹੈ ਸੰਗਿ[85] ਨ ਕਾਹੂ[86] ਜਾਈ[87] ॥

Why[84] takest thou pride[83] on the worldly wealth[83] ? It goes[87] not with[85] anyone[86].

ਤੂੰ ਸੰਸਾਰੀ ਧਨ-ਦੌਲਤ[82] ਦਾ ਕਿਉਂ[84] ਹੰਕਾਰ[83] ਕਰਦਾ ਹੈਂ ? ਇਹ ਕਿਸੇ[86] ਦੇ ਭੀ ਨਾਲ[85] ਨਹੀਂ ਜਾਂਦੀ[87] ।

ਨਾਨਕੁ ਕਹਤੁ[88] ਚੇਤਿ[89] ਚਿੰਤਾਮਨਿ[90] ਹੋਇ ਹੈ ਅੰਤਿ[91] ਸਹਾਈ[92] ॥੩॥੩॥ ੮੧॥

Says[88] Nanak, meditate[89] thou on thy Lord, the wish-fulfilling jewel[90]. He shall be thy Helper[92] in the end[91]

ਗੁਰੂ ਜੀ ਫ਼ੁਰਮਾਉਂਦੇ[88]ਹਨ, ਤੂੰ ਮਨਸ਼ਾ-ਪੂਰਨ ਕਰਨਹਾਰ ਹੀਰੇ[90], (ਸੁਆਮੀ) ਦਾ ਸਿਮਰਨ ਕਰ[89] । ਅਖ਼ੀਰ ਦੇ ਵੇਲੇ[91] ਉਹ ਤੇਰਾ ਸਹਾਇਕ[72] ਹੋਵੇਗਾ ।

ਰਾਮਕਲੀ ਮਹਲਾ ੧ ਅਸਟਪਦੀਆ

Ramkali Ist Guru Ashtpadies.

ਰਾਮਕਲੀ ਪਹਿਲੀ ਪਾਤਿਸ਼ਾਹੀ ਅਸ਼ਟਪਦੀਆਂ ।

ੴ ਸਤਿਗੁਰ ਪ੍ਰਸਾਦਿ ॥

There is but One True God. By Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਸੋਈ[93] ਚੰਦੁ[94] ਚੜਹਿ[95] ਸੇ ਤਾਰੇ[96] ਸੋਈ ਦਿਨੀਅਰੁ[97] ਤਪਤ[98] ਰਹੈ ॥

The same[93] moon[94] and the same stars[96] rise[95] and the same sun[97] blazes[98] in the sky.

ਉਹੀ[93] ਚੰਦਰਮਾ[94] ਅਤੇ ਉਹੀ ਨਛੱਤਰ[96] ਚੜ੍ਹਦੇ[95] ਹਨ ਅਤੇ ਉਹ ਹੀ ਸੂਰਜ[97] ਅਸਮਾਨ ਵਿਚ ਚਮਕਦਾ[98] ਹੈ ।

ਸਾ ਧਰਤੀ[99] ਸੋ ਪਉਣੁ[100] ਝੁਲਾਰੇ[2] ਜੁਗ ਜੀਅ[3] ਖੇਲੇ[4] ਥਾਵ[5] ਕੈਸੇ[6] ॥੧॥

The same is the earth[99] and the same wind[100] blows[8]. The age abides[4] within the mortals[3]. How[6] can another place[5] be ascribed to it ?

ਉਹ ਹੀ ਜ਼ਮੀਨ[99] ਹੈ ਅਤੇ ਉਹ ਹੀ ਹਵਾ[100] ਵੱਗਦੀ[2] ਹੈ । ਯੁੱਗ ਪ੍ਰਾਣੀਆਂ[3] ਦੇ ਅੰਦਰ ਵਸਦਾ[4] ਹੈ । ਕੋਈ ਹੋਰ ਥਾਂ[5] ਇਸ ਲਈ ਕਿਸ ਤਰ੍ਹਾਂ[6] ਨਿਰੂਪਣ ਕੀਤੀ (ਮਿਥੀ) ਜਾ ਸਕਦੀ ਹੈ ?

ਜੀਵਨ[7] ਤਲਬ[8] ਨਿਵਾਰਿ[9] ॥ ਹੋਵੈ ਪਰਵਾਣਾ[10] ਕਰਹਿ ਧਿਙਾਣਾ[12] ਕਲਿ[13] ਲਖਣ[14] ਵੀਚਾਰਿ[15] ॥੧॥ ਰਹਾਉ॥

Shed[9] thou thy desire[8] to remain alive[7]. He who plays the tyrant[12] is approved[10]. Deem[15] this to be the surest sign[14] of the Darkage[13]. Pause.

ਤੂੰ ਜੀਉਂਦੇ[7] ਰਹਿਣ ਦੀ ਆਪਣੀ ਖ਼ਾਹਿਸ਼[9] ਨੂੰ ਤਿਆਗ ਦੇ[9] । ਜੋ ਜ਼ੁਲਮ ਕਰਦਾ[12] ਹੈ ਉਹ ਪ੍ਰਮਾਣੀਕ ਹੋ ਜਾਂਦਾ[10] ਹੈ । ਇਸ ਨੂੰ ਕਾਲੇ ਯੁਗ[13] ਦੀ ਪੱਕੀ ਨਿਸ਼ਾਨੀ[14] ਜਾਣ[15] । ਠਹਿਰਾਉ ।

ਕਿਤੈ[16] ਦੇਸਿ[17] ਨ ਆਇਆ ਸੁਣੀਐ[20] ਤੀਰਥ[18] ਪਾਸਿ ਨ ਬੈਠਾ[19] ॥

The Darkage is not heard[20] visiting any[16] country[17] or sitting[19] at any shrine[18].

ਕਲਜੁਗ ਕਿਸੇ[16] ਮੁਲਕ[17] ਵਿਚ ਆਇਆ ਜਾਂ ਕਿਸੇ ਧਰਮ ਅਸਥਾਨ[18] ਤੇ ਬੈਠਾ ਹੋਇਆ[19] ਸੁਣਿਆ ਨਹੀਂ ਜਾਂਦਾ[20] ।

ਦਾਤਾ[20*] ਦਾਨੁ[21] ਕਰੇ ਤਹ[22] ਨਾਹੀ ਮਹਲ[23] ਉਸਾਰਿ[24] ਨ ਬੈਠਾ ॥੨॥

It is not there[22], where the man of bounty[20*]practises charity[21], nor it is seated in the mansion[23], built[24] by it.

ਇਹ ਉੱਥੇ[22] ਨਹੀਂ ਜਿੱਥੇ ਦਾਨੀ ਪੁਰਸ਼[20*] ਪੁੰਨ ਦਾਨ[21] ਕਰਦਾ ਹੈ, ਨਾ ਹੀ ਇਹ ਮੰਦਰ[23] ਬਣਾ[24] ਕੇ ਉਸ ਅੰਦਰ ਬੈਠਾ ਹੈ ।

ਜੇ[25] ਕੋ[26] ਸਤੁ[27] ਕਰੇ[28] ਸੋ[29] ਛੀਜੈ[30] ਤਪੁ[31] ਘਰਿ[32] ਤਪੁ[33] ਨ ਹੋਈ ॥

If[25] anyone[26] practises[28] truth[27], he[29] is frustrated[30] and prosperity[33] visits not the home[32] of a penitent[31].

ਜੇਕਰ[25] ਕੋਈ ਜਣਾ[26] ਸੱਚ[27] ਕਮਾਉਂਦਾ[28] ਹੈ, ਉਹ[29] ਖੱਜਲ-ਖੁਆਰ ਹੁੰਦਾ[30] ਹੈ ਅਤੇ ਤਪੱਸਵੀ[31] ਦੇ ਧਾਮ[32] ਅੰਦਰ ਤਪਤੇਜ[33] ਨਹੀਂ ਹੁੰਦਾ ।

ਜੇ ਕੋ ਨਾਉ[34] ਲਏ[35] ਬਦਨਾਵੀ[36] ਕਲਿ ਕੇ ਲਖਣ[37] ਏਈ[38] ॥੩॥	If any one utters[35] the Lord's Name[34], he is disreputed[36]. These[38] are the characteristics[37] of the Darkage.	ਜੇਕਰ ਕੋਈ ਜਣਾ ਸੁਆਮੀ ਦੇ ਨਾਮ[34] ਦਾ ਉਚਾਰਨ ਕਰਦਾ[35] ਹੈ, ਉਹ ਬਦਨਾਮ ਹੋ ਜਾਂਦਾ[36] ਹੈ। ਇਹ[38] ਹਨ ਕੱਲਜੁਗ ਦੀਆਂ ਖ਼ਾਸੀਅਤਾਂ[37]।
ਜਿਸੁ ਸਿਕਦਾਰੀ[39] ਤਿਸਹਿ[40] ਖੁਆਰੀ[41] ਚਾਕਰ[42] ਕੇਹੇ[43] ਡਰਣਾ[44] ॥ ਜਾ[45]ਸਿਕਦਾਰੈ[46] ਪਵੈ ਜੰਜੀਰੀ[47] ਤਾ ਚਾਕਰ[48] ਹਥਹੁ ਮਰਣਾ[49] ॥੪॥	Who-so-ever possesses chieftainship[39], he[40] suffers humiliation[41], What[48] has the servant[42] to fear[44], when[45] the chief[46] is chained[47], then[48] dies[49] he at the hands of the servant.	ਜਿਸ ਦੇ ਪੱਲੇ ਸਰਦਾਰੀ[39] ਹੈ; ਖਜਲ ਖੁਆਰੀ[41] ਭੀ ਉਹ ਹੀ ਉਠਾਉਂਦਾ ਹੈ। ਨੌਕਰ[42] ਨੂੰ ਕਾਹਦਾ[43] ਡਰ[44] ਹੈ। ਜਦੋਂ[45] ਸਰਦਾਰ[46] ਨੂੰ ਬੇੜੀਆਂ ਪੈਂਦੀਆਂ[47] ਹਨ ਤਦ[48] ਨੌਕਰ ਦੇ ਹੱਥੋਂ ਉਸ ਦੀ ਮੌਤ ਹੁੰਦੀ[49] ਹੈ।
੯੦੩		
ਆਖੁ[50] ਗੁਣਾ[51] ਕਲਿ[52] ਆਈਐ[53] ॥	Utter[50] thou the Lord's praise[51]. The Kalage[52] is come[58].	ਤੂੰ ਸਾਂਈਂ ਦੇ ਜੱਸ[51] ਦਾ ਉਚਾਰਨ ਕਰ[50]। ਕਲਜੁਗ[52] ਆ ਗਿਆ[53] ਹੈ।
ਤਿਹੁ ਜੁਗ ਕੇਰਾ[54] ਰਹਿਆ[55] ਤਪਾਵਸੁ[56] ਜੇ[57] ਗੁਣ[58] ਦੇਹਿ[59] ਤ[60] ਪਾਈਐ[61] ॥੧॥ ਰਹਾਉ॥	The justice[56] of[54] the three ages has, now, ceased[55] to be administered. If[57] the Lord blesses[59] man with virtues[58], then[60] alone, he obtains[61] salvation. Pause.	ਤਿੰਨਾਂ ਯੁਗਾਂ ਦਾ[54] ਨਿਆਂ[56], ਹੁਣ ਹੋਣਾ ਬੰਦ ਹੋ ਗਿਆ[55] ਹੈ। ਜੇਕਰ[57] ਪ੍ਰਭੂ ਇਨਸਾਨ ਨੂੰ ਨੇਕੀਆਂ[58] ਪਰਦਾਨ ਕਰੇ[59], ਕੇਵਲ ਤਦ[60] ਹੀ ਉਹ ਮੋਖ਼ਸ਼ ਨੂੰ ਪ੍ਰਾਪਤ ਹੁੰਦਾ[61] ਹੈ। ਠਹਿਰਾਉ।
ਕਲਿ[62] ਕਲਵਾਲੀ[63] ਸਰਾ[64] ਨਿਬੇੜੀ[65] ਕਾਜੀ ਕ੍ਰਿਸਨਾ[66] ਹੋਆ[67] ॥	In the unpeaceful[63] Kalage[62]. Muslim Law[64] decides[65] the cases and the blue-robed[66] Qazi, is[67] the Judge.	ਅਸ਼ਾਂਤ[63] ਕਲਜੁਗ[62] ਅੰਦਰ ਮੁਸਲਮਾਨੀ ਕਾਨੂੰਨ[64] ਮੁਕੱਦਮਿਆਂ ਦੇ ਫ਼ੈਸਲੇ ਕਰਦਾ[65] ਹੈ ਅਤੇ ਨੀਲੇ ਬਸਤਰਾਂ[66] ਵਾਲਾ ਕਾਜ਼ੀ ਜੱਜ ਹੈ[67]।
ਬਾਣੀ[68] ਬ੍ਰਹਮਾ ਬੇਦੁ ਅਥਰਬਣੁ ਕਰਣੀ[69] ਕੀਰਤਿ[70] ਲਹਿਆ[71] ॥੫॥	It is through the Guru's hymns[68], in place of the Atharwan Veda of Brahma, and the good deeds[69], that glory[70] is obtained[7171] in this age.	ਬ੍ਰਹਮੇ ਦੇ ਅਥਰਵਣ ਵੇਦ ਦੀ ਥਾਂ ਤੇ ਗੁਰਾਂ ਦੀ ਬਾਣੀ[68] ਅਤੇ ਨੇਕ ਅਮਲਾਂ[69] ਦੇ ਰਾਹੀਂ ਇਸ ਯੁੱਗ ਅੰਦਰ ਪ੍ਰਭਤਾ[70] ਪ੍ਰਾਪਤ ਹੁੰਦੀ[71] ਹੈ।
ਪਤਿ[72] ਵਿਣੁ[73] ਪੂਜਾ[74] ਸਤ ਵਿਣੁ[75] ਸੰਜਮੁ[76] ਜਤ[77] ਵਿਣੁ ਕਾਹੇ[78] ਜਨੇਊ[79] ॥	Worship[74] without[73] faith, discipline[76] without truthfulness[75] and sacred thread[79] without chastity[77]; Of what[78] avail are they ?	ਨਿਸਚੇ ਬਗ਼ੈਰ[73] ਉਪਾਸ਼ਨਾ[74], ਸਚਾਈ[75] ਦੇ ਬਗ਼ੈਰ ਸਵੈ-ਜ਼ਬਤ[76] ਅਤੇ ਪ੍ਰਹੇਜ਼ਗਾਰੀ[77] ਦੇ ਬਗ਼ੈਰ ਜੰਞੂ[79]; ਇਹ ਕਿਹੜੇ[78] ਕੰਮ ਦੇ ਹਨ ?
ਨਾਵਹੁ[80] ਧੋਵਹੁ[81] ਤਿਲਕੁ[82] ਚੜਾਵਹੁ[83] ਸੁਚ[84] ਵਿਣੁ[85] ਸੋਚ[86] ਨ ਹੋਈ ॥੬॥	One may bathe[80], wash[81] his body and apply[85] sacrificial[82] mark to his forehead, but without[85] the Lord's meditation[86],there can be no piety[84],	ਬੰਦਾ ਇਸ਼ਨਾਨ ਕਰ ਲਵੇ[80], ਆਪਣੀ ਦੇਹ ਸਾਫ਼ ਕਰ ਲਵੇ[81] ਅਤੇ ਆਪਣੇ ਮੱਥੇ ਤੇ ਟਿੱਕਾ[82] ਲਾ ਲਵੇ[83], ਪ੍ਰੰਤੂ ਸਾਹਿਬ ਦੇ ਸਿਮਰਨ[86] ਦੇ ਬਗ਼ੈਰ[85] ਪਵਿੱਤਰਤਾ[84] ਨਹੀਂ ਹੋ ਸਕਦੀ।

ਕਲਿ[87] ਪਰਵਾਣੁ[88] ਕਤੇਬ[89] ਕੁਰਾਣੁ ॥	In the Kalage[87], Quran has become the approved[88] book[89].	ਕੱਲਜੁਗ[87] ਅੰਦਰ ਕੁਰਾਨ ਪ੍ਰਮਾਣੀਕ[88] ਪੁਸਤਕ[89] ਹੋ ਗਈ ਹੈ ।
ਪੋਥੀ[90] ਪੰਡਿਤ ਰਹੇ[91] ਪੁਰਾਣ ॥	The Brahmans, the Hindu religious books[90] and Puranas are esteemed[91] not.	ਬ੍ਰਹਮਣਾ, ਹਿੰਦੂਆਂ ਦੀਆਂ ਧਾਰਮਕ ਪੁਸਤਕਾਂ[90] ਅਤੇ ਪੁਰਾਣਾਂ ਦੀ ਕਦਰ[91] ਨਹੀਂ ਰਹੀ ।
ਨਾਨਕ ਨਾਉ[92] ਭਇਆ ਰਹਮਾਣੁ[93] ॥	The Merciful Khuda[93] is now the Lord's Name[92], O Nanak.	ਮਿਹਰਬਾਨ ਖ਼ੁਦਾ[93] ਹੁਣ ਪ੍ਰਭੂ ਦਾ ਨਾਮ[92] ਹੈ, ਹੇ ਨਾਨਕ !
ਕਰਿ[94] ਕਰਤਾ[95] ਤੂ ਏਕੋ[96] ਜਾਣੁ[97] ॥੭॥	Know[97] thou that there is but One[96] Creator[95] of the creation[94].	ਜਾਣ ਲੈ[97] ਕਿ ਰਚਨਾ[94] ਦਾ ਕੇਵਲ ਇੱਕ[96] ਹੀ ਰਚਣਹਾਰ[95] ਹੈ ।
ਨਾਨਕ ਨਾਮੁ ਮਿਲੈ[98] ਵਡਿਆਈ[99] ਏਦੂ ਊਪਰਿ[100] ਕਰਮੁ[2] ਨਹੀ ॥	Nanak seeks[98] the greatness[99] of the Lord's Name. For no other religious deed[2] is superior[100] to it	ਨਾਨਕ ਪ੍ਰਭੂ ਦੇ ਨਾਮ ਦੀ ਬਜ਼ੁਰਗੀ[99] ਨੂੰ ਲੋੜਦਾ[98] ਹੈ । ਕਿਉਂਜੋ ਇਸ ਤੋਂ ਸ੍ਰੇਸ਼ਟ[100] ਕੋਈ ਹੋਰ ਧਾਰਮਕ ਸੰਸਕਾਰ[2] ਨਹੀਂ ।
ਜੇ[9] ਘਰਿ[3] ਹੋਦੈ ਮੰਗਣਿ[4] ਜਾਈਐ[10] ਫਿਰਿ[5] ਓਲਾਮਾ[6] ਮਿਲੈ[7] ਤਹੀ[8] ॥੮॥੧॥	If[9] man goes[10] elsewhere to ask for[4] what he has at his home[3], he[8] meets[7] with reproach[6] then[5].	ਜੇਕਰ[9] ਬੰਦਾ ਹੋਰ ਕਿਧਰੇ ਉਹ ਕੁੱਛ ਮੰਗਣ[4] ਜਾਵੇ[10] ਜੋ ਉਸ ਦੇ ਆਪਣੇ ਗ੍ਰਹਿ ਵਿਚ ਹੈ, ਤਦ[5] ਉਸ[8] ਨੂੰ ਤਾਹਨਾ ਮਿਹਣਾ[6] ਮਿਲਦਾ[7] ਹੈ ।
ਰਾਮਕਲੀ ਮਹਲਾ ੧ ॥	Ramkali Ist Guru.	ਰਾਮਕਲੀ ਪਹਿਲੀ ਪਾਤਿਸ਼ਾਹੀ ।
ਜਗੁ[12] ਪਰਬੋਧਹਿ[13] ਮੜੀ[14] ਬਧਾਵਹਿ[15] ॥	O Yogi, thou preachest[13] to the world[12] and thyself buildest[15] a monastery[14].	ਹੇ ਯੋਗੀ ! ਤੂੰ ਜਗਤ[12] ਨੂੰ (ਤਿਆਗ ਦਾ) ਉਪਦੇਸ਼ ਦਿੰਦਾ[13] ਹੈਂ ਅਤੇ ਆਪ ਮੱਠ[14] ਬਣਾਉਂਦਾ[15] ਹੈਂ ।
ਆਸਣੁ[16] ਤਿਆਗਿ[17] ਕਾਹੇ[18] ਸਚੁ[19] ਪਾਵਹਿ ॥	Abandoning[17] thy devotional attitude[16], how[18] shalt thou obtain the True Lord[19] ?	ਆਪਣੀ ਧਿਆਨ ਅਵਸਥਾ[16] ਨੂੰ ਛੱਡ ਕੇ[17], ਤੂੰ ਕਿਸ ਤਰ੍ਹਾਂ[18] ਸੱਚੇ ਸੁਆਮੀ[19] ਨੂੰ ਪਾ ਲਵੇਂਗਾ ?
ਮਮਤਾ[20] ਮੋਹੁ[21] ਕਾਮਣਿ[22] ਹਿਤਕਾਰੀ[23] ॥	Thou art entangled in mineness[20], worldly attachment[21] and love[23] of woman[22].	ਤੂੰ ਅਪੱਣਤ[20], ਸੰਸਾਰੀ ਲਗਨ[21] ਅਤੇ ਇਸਤਰੀ[22] ਦੇ ਪਿਆਰ[23] ਅੰਦਰ ਫਾਥਾ ਹੋਇਆ ਹੈਂ ।
ਨਾ ਅਉਧੂਤੀ[24] ਨਾ ਸੰਸਾਰੀ[25] ॥੧॥	Thou art neither an anchoret[24], nor a family man[25].	ਤੂੰ ਨਾ ਤਿਆਗੀ[24] ਹੈਂ, ਨਾ ਹੀ ਘਰਬਾਰੀ[25] ।
ਜੋਗੀ ਬੈਸਿ ਰਹਹੁ[26] ਦੁਬਿਧਾ[27] ਦੁਖੁ[28] ਭਾਗੈ[29] ॥	O Yogi, remain thou seated[26] and thy pain[28] of duality[27] shall be dispelled[29].	ਹੇ ਯੋਗੀ ! ਤੂੰ (ਮਨ ਟਿਕਾ ਕੇ) ਬੈਠਾ[26] ਰਹੁ ਅਤੇ ਤੇਰੀ ਦਵੈਤ-ਭਾਵ[27] ਦੀ ਪੀੜ[28] ਦੂਰ ਹੋ ਜਾਊਗੀ[29] ।
ਘਰਿ ਘਰਿ[30] ਮਾਗਤ[31] ਲਾਜ[32] ਨ ਲਾਗੈ[33] ॥੧॥ ਰਹਾਉ॥	Thou feelest[83] not shame[32] in begging[31] from door to door[30]. Pause.	ਤੈਨੂੰ ਦਰ ਦਰ[30] ਮੰਗਦੇ[31] ਫਿਰਦਿਆਂ ਸ਼ਰਮ[32] ਨਹੀਂ ਆਉਂਦੀ[33] । ਠਹਿਰਾਉ ।
ਗਾਵਹਿ[34] ਗੀਤ[35] ਨ ਚੀਨਹਿ[36] ਆਪੁ[37] ॥	Thou singest[34] songs, but knowest[36] not thyself[37].	ਤੂੰ ਗਾਉਣ[35] ਗਾਉਂਦਾ[34] ਫਿਰਦਾ ਹੈ, ਪ੍ਰੰਤੂ ਆਪਣੇ ਆਪ[37] ਨੂੰ ਨਹੀਂ ਸਮਝਦਾ[36] ।

ਕਿਉ[38] ਲਾਗੀ[39] ਨਿਵਰੈ[40] [41]ਪਰਤਾਪੁ[42] ॥	How[38] can the great[41] fire[42], which is burning[39] thee, be extinguished[40] ?	ਭਾਰੀ[41] ਅੱਗ[42], ਜੋ ਤੈਨੂੰ ਸਾੜ ਰਹੀ[39] ਹੈ, ਕਿਸ ਤਰ੍ਹਾਂ[38] ਬੁਝਾਈ ਜਾ ਸਕਦੀ[40] ਹੈ ?
ਗੁਰ ਕੈ ਸਬਦਿ[43] ਰਚੈ[44] ਮਨ[45] ਭਾਇ[46] ॥ ਭਿਖਿਆ[47] ਸਹਜ[48] ਵੀਚਾਰੀ[49] ਖਾਇ[50] ॥੨॥	If by Guru's instruction[43], thy soul[45] is absorbed[44] in the Lord's love[46], then thou shalt easily[48] enjoy[50] the alms[47] of contemplation[49].	ਜੇਕਰ ਗੁਰਾਂ ਦੇ ਉਪਦੇਸ਼[43] ਦੁਆਰਾ, ਤੇਰੀ ਆਤਮਾ[45] ਪ੍ਰਭੂ ਦੇ ਪ੍ਰੇਮ[46] ਅੰਦਰ ਲੀਨ ਹੋ ਜਾਵੇ[44] ਤਾਂ ਤੂੰ ਸੁਖੈਨ ਹੀ[48] ਸਿਮਰਨ[49] ਦੀ ਭਿੱਛਿਆ[47] ਨੂੰ ਮਾਣ ਲਵੇਂਗਾ[50] ।
ਭਸਮ[51] ਚੜਾਇ[52] ਕਰਹਿ[53] ਪਾਖੰਡੁ[54] ॥	Thou appliest[52] ashes[51] to thy body and practiseth[53] hypocrisy[54].	ਤੂੰ ਆਪਣੀ ਦੇਹ ਨੂੰ ਸੁਆਹ[51] ਮਲਦਾ[52] ਹੈਂ ਅਤੇ ਦੰਭ[54] ਰਚਦਾ[53] ਹੈਂ ।
ਮਾਇਆ[55] ਮੋਹਿ[56] ਸਹਹਿ[57] ਜਮ[58] ਡੰਡੁ[59] ॥	On account of the love[56] of riches[55], thou shalt bear[57] the brunt of Death's[58] mace[59].	ਧਨ-ਦੌਲਤ[55] ਦੇ ਮੋਹ[56] ਦੇ ਕਾਰਣ, ਤੂੰ ਮੌਤ[58] ਦੇ ਡੰਡੇ[59] ਦੀ ਸੱਟ ਸਹਾਰੇਂਗਾ[57] ।
ਫੂਟੈ[60] ਖਾਪਰੁ[61] ਭੀਖ[62] ਨ ਪਾਇ[63] ॥	The broken[60] begging bowl[61] of thy mind can hold not the alms[62] of the Lord's love[63].	ਤੇਰੇ ਮਨ ਦੇ ਟੁੱਟੇ ਹੋਏ[60] ਠੂਠੇ[61] ਵਿਚ ਪ੍ਰਭੂ ਦੇ ਪ੍ਰੇਮ[63] ਦੀ ਖ਼ੈਰ[62] ਨਹੀਂ ਪੈ ਸਕਦੀ ।
ਬੰਧਨਿ[64] ਬਾਧਿਆ[65] ਆਵੈ[66] ਜਾਇ[67] ॥੩॥	Thou art bound[65] by bonds[64] and shalt continue coming[66] and going[67].	ਤੂੰ ਜ਼ੰਜੀਰਾਂ[64] ਨਾਲ ਜਕੜਿਆ ਹੋਇਆ[65] ਹੈਂ ਅਤੇ ਜੰਮਦਾ[66] ਤੇ ਮਰਦਾ[67] ਰਹੇਂਗਾ ।
ਬਿੰਦੁ[67] ਨ ਰਾਖਹਿ[68] ਜਤੀ[69] ਕਹਾਵਹਿ[70] ॥	Thou restrainest[68] not thy seed[67*], and callest[70] thyself continent[69].	ਤੂੰ ਆਪਣੇ ਵੀਰਜ[67*] ਨੂੰ ਰੋਕ ਕੇ[68] ਨਹੀਂ ਰਖਦਾ ਅਤੇ ਆਪਣੇ ਆਪ ਨੂੰ ਪ੍ਰਹੇਜ਼ਗਾਰ[69] ਅਖਵਾਉਂਦਾ[70] ਹੈਂ ।
ਮਾਈ[71] ਮਾਗਤ[72] ਤ੍ਰੈ[73] ਲੋਭਾਵਹਿ[74] ॥	While saying 'Mother[71]', thou beggest[72] and fallest in love[74] with that very woman[73].	ਮਾਤਾ[71] ਆਖ ਕੇ ਤੂੰ ਖ਼ੈਰ ਮੰਗਦਾ[72] ਹੈਂ ਅਤੇ ਉਸ ਹੀ ਤ੍ਰੀਮਤ[73] ਨਾਲ ਪਿਆਰ ਪਾ ਲੈਂਦਾ[74] ਹੈ ।
[75]ਨਿਰਦਇਆ[76] ਨਹੀ ਜੋਤਿ[77] ਉਜਾਲਾ[78] ॥	Thou art bereft[75] of compassion[76] and the Lord's Light[77] shines[78] not in thee.	ਤੂੰ ਦਯਾ ਤਰਸ[76] ਤੋਂ ਸੱਖਣਾ[75] ਹੈਂ ਅਤੇ ਤੇਰੇ ਅੰਦਰ ਪ੍ਰਭੂ ਦੇ ਪ੍ਰਕਾਸ਼[77] ਦਾ ਚਾਨਣ[78] ਨਹੀਂ ।
ਬੂਡਤ ਬੂਡੇ[79] ਸਰਬ[80] ਜੰਜਾਲਾ[81] ॥੪॥	Thou art completely drowned[79] in every species[80] of entanglements[81].	ਤੂੰ ਹਰ ਕਿਸਮ[80] ਦੇ ਝਮੇਲਿਆਂ[81] ਅੰਦਰ ਪੂਰੀ ਤਰ੍ਹਾਂ ਡੁੱਬਿਆ ਹੋਇਆ[79] ਹੈਂ ।
ਭੇਖ[82] ਕਰਹਿ[83] ਖਿੰਥਾ[84] ਬਹੁ[85] ਥਟੂਆ[86] ॥	Thou wearest[83] rellgious garbs[82] and with thy patched coat[84] assumest many[85] guises[86].	ਤੂੰ ਧਾਰਮਕ ਲਿਬਾਸ[82] ਪਹਿਰਦਾ[83] ਹੈਂ ਅਤੇ ਆਪਣੀ ਖ਼ਫ਼ਣੀ[84] ਨਾਲ ਅਨੇਕਾਂ[85] ਸਾਂਗ[86] ਬਣਾਉਂਦਾ ਹੈਂ ।
ਝੂਠੋ[90] ਖੇਲੁ[91] ਖੇਲੈ[87] ਬਹੁ[88] ਨਟੂਆ[89] ॥	Like a conjurer[89], thou playest[87] many[88] false[90] tricks[91].	ਮਦਾਰੀ[89] ਦੀ ਮਾਨੰਦ ਤੂੰ ਘਣੇਰੇ[88] ਕੂੜੇ[99] ਦਾਉ-ਪੇਚ[91] ਖੇਡਦਾ[87] ਹੈਂ ।
ਅੰਤਰਿ[92] ਅਗਨਿ[93] ਚਿੰਤਾ[94] ਬਹੁ[95] ਜਾਰੇ[96] ॥	The fire[93] of anxiety[94], greatly[95] burns[96] thy heart[92].	ਫ਼ਿਕਰ[94] ਦੀ ਅੱਗ[93] ਤੇਰੇ ਦਿਲ[92] ਨੂੰ ਬਹੁਤ ਹੀ[95] ਸਾੜਦੀ[96] ਹੈ ।
ਵਿਣੁ[97] ਕਰਮਾ[98] ਕੈਸੇ[99] ਉਤਰਸਿ[100] ਪਾਰੇ ॥੫॥	Without[97] good actions[98] how[99] shalt thou swim across[100] ?	ਚੰਗੇ ਨੇਕ ਅਮਲਾਂ[98] ਦੇ ਬਗ਼ੈਰ[97] ਤੂੰ ਕਿਸ ਤਰ੍ਹਾਂ[99] ਪਾਰ ਉਤਰੇਂਗਾ[100] ?

ਮੁੰਦ੍ਰਾ[2] ਫਟਕ[3] ਬਨਾਈ[4] ਕਾਨਿ[5] ॥	Thou makest[4] ear-rings[2] of glass[8] for thy ears[5].	ਤੂੰ ਆਪਣੇ ਕੰਨਾਂ[5] ਲਈ ਬਲੌਰ[3] ਦੇ ਬੁੰਦੇ[2] ਬਣਵਾਉਂਦਾ[4] ਹੈਂ ।
ਮੁਕਤਿ[6] ਨਹੀ ਬਿਦਿਆ[7] [8]ਬਿਗਿਆਨਿ[9] ॥	Through mere[8] learning[7] and gnosis[9] there is no emancipation[6].	ਕੇਵਲ ਇਲਮ[7] ਤੇ ਗਿਆਨ[9] ਰਾਹੀਂ[8] ਕਲਿਆਣ[6] ਪ੍ਰਾਪਤ ਨਹੀਂ ਹੁੰਦੀ ।
ਜਿਹਵਾ[10] ਇੰਦ੍ਰੀ[12] ਸਾਦਿ[13] ਲੁਭਾਨਾ[14] ॥	Thou art beguiled[14] by the relishes[15] of tongue[10] and sensual organs[12].	ਤੂੰ ਜੀਭ[10] ਅਤੇ ਵਿਸ਼ੇ ਭੋਗ ਦੇ ਅੰਗਾਂ[12] ਦੇ ਸੁਆਦਾਂ[13] ਰਾਹੀਂ ਠਗਿਆ ਗਿਆ[14] ਹੈਂ ।
ਪਸੂ[15] ਭਏ[16] ਨਹੀ ਮਿਟੈ[17] ਨੀਸਾਨਾ[18] ॥੬॥	Thou hast become[16] a beast,[15] and this mark[18] can be erased[17] not.	ਤੂੰ ਡੰਗਰ[15] ਬਣ ਗਿਆ[16] ਹੈਂ ਅਤੇ ਤੇਰਾ ਇਹ ਚਿੰਨ੍ਹ[18] ਮੇਸਿਆ[71] ਨਹੀਂ ਜਾ ਸਕਦਾ ।
[19]ਤ੍ਰਿਬਿਧਿ[20] ਲੋਗਾ[21] ਤ੍ਰਿਬਿਧਿ ਜੋਗਾ[22] ॥	In three[19] modes[20] the worldly men[21] are involved and in three modes the Yogis[22].	ਤਿੰਨਾਂ[19] ਹੀ ਦਸ਼ਾਂ[20] (ਹਾਲਤਾਂ) ਅੰਦਰ ਸੰਸਾਰੀ ਬੰਦੇ[21] ਫਾਥੇ ਹੋਏ ਹਨ, ਅਤੇ ਤਿੰਨਾਂ ਹੀ ਦਸ਼ਾਂ ਅੰਦਰ ਯੋਗੀ[22] ।
ਸਬਦੁ[23] ਵੀਚਾਰੈ[24] ਚੂਕਸਿ[25] ਸੋਗਾ[26] ॥	Meditatlng[24] on the Name[23], man's sorrows[26] are dispelled[25].	ਨਾਮ[23] ਦਾ ਸਿਮਰਨ[24] ਕਰਨ ਦੁਆਰਾ ਇਨਸਾਨ ਦੇ ਗ਼ਮ[26] ਦੂਰ ਹੋ ਜਾਂਦੇ[25] ਹਨ ।
ਊਜਲੁ[27] ਸਾਚੁ[28] ਸੁ[29] ਸਬਦੁ[30] ਹੋਇ[31] ॥	Through the Name[30], he[29] becomes[31] immaculate[27] and truthful[28].	ਨਾਮ[30] ਦੇ ਰਾਹੀਂ ਉਹ[29] ਨਿਰਮਲ[27] ਅਤੇ ਸਤਵਾਦੀ[28] ਥੀ ਵੰਞਦਾ[31] ।
ਜੋਗੀ ਜੁਗਤਿ[32] ਵੀਚਾਰੇ[33] ਸੋਇ[34] ॥੭॥	Yogi is he[34], who thinks[93] of the true way of life[32].	ਯੋਗੀ ਉਹ[34] ਹੈ ਜੋ ਸੱਚੀ ਜੀਵਨ ਰਹੁ ਰੀਤੀ[32] ਦਾ ਖ਼ਿਆਲ ਕਰਦਾ[33] ਹੈ ।
ਤੁਝ[35] ਪਹਿ[36] ਨਉ[37] ਨਿਧਿ[38] ਤੂ ਕਰਣੈ[39] ਜੋਗੁ[40] ॥ ਥਾਪਿ[41] ਉਥਾਪੇ[42] ਕਰੇ[42]*ਸੁ[43]ਹੋਗੁ[44]॥	With[36] Thee[35] are nine[37] treasures[38] and Thou art potent[40] to do[39] everythlng. Thou alone establishest[41] and disestablishest[42]. Whatever Thou doest[42]*, that[43] alone happens[44].	ਤੇਰੇ[35] ਕੋਲ[36], ਹੇ ਹਰੀ, ਨੌਂ[37] ਖ਼ਜ਼ਾਨੇ[38] ਹਨ ਅਤੇ ਤੂੰ ਹਰ ਸ਼ੈ ਕਰਨ[39] ਨੂੰ ਸਮਰਥ[40] ਹੈਂ । ਤੂੰ ਹੀ ਅਸਥਾਪਨ[41] ਕਰਦਾ ਤੇ ਉਖੇੜਦਾ[42] ਹੈਂ । ਜਿਹੜਾ ਕੁਛ ਤੂੰ ਕਰਦਾ[42]* ਹੈਂ ਕੇਵਲ ਉਹ[43] ਹੀ ਹੁੰਦਾ ਹੈ[44] ।
ਜਤੁ[45] ਸਤੁ[46] ਸੰਜਮੁ[47] ਸਚੁ[53] [48]ਸੁਚੀਤੁ[49] ॥ ਨਾਨਕ ਜੋਗੀ [50]ਤ੍ਰਿਭਵਣ[51] ਮੀਤੁ[52] ॥੮॥੨॥	The Yogi, who practises celibacy[45], chastity[46], sobriety[47] and righteousness[58] is blessed with immaculate[48] mind[49] and becomes the friend[52] of the three[50] worlds[51], O Nanak.	ਬ੍ਰਹਿਮਚਰਜ[45], ਪਾਕੀਜ਼ਗੀ[46], ਧੀਰਜ[47] ਅਤੇ ਸਚਾਈ[53] ਦੀ ਕਮਾਈ ਕਰਨ ਵਾਲੇ ਯੋਗੀ ਨੂੰ ਪਵਿੱਤਰ[48] ਮਨ[49] ਦੀ ਦਾਤ ਪ੍ਰਾਪਤ ਹੋ ਜਾਂਦੀ ਹੈ ਅਤੇ ਉਹ ਤਿੰਨਾਂ[50] ਹੀ ਜਹਾਨਾਂ[51] ਦਾ ਮਿੱਤਰ[52] ਬਣ ਜਾਂਦਾ ਹੈ, ਹੇ ਨਾਨਕ !
ਰਾਮਕਲੀ ਮਹਲਾ ੧ ॥	Ramkali Ist Guru.	ਰਾਮਕਲੀ ਪਹਿਲੀ ਪਾਤਿਸ਼ਾਹੀ ।
ਖਟੂ[54] ਮਟੂ[55] ਦੇਹੀ[56] ਮਨੁ[57] ਬੈਰਾਗੀ[58] ॥	In the six-ringed[54] abbey[55] of the human body[56] is the seat of the detached[58] mind[57].	ਛੇ ਚਕਰਾਂ ਵਾਲੇ[54] ਮਨੁੱਖੀ ਸਰੀਰ[56] ਦੀ ਖ਼ਾਨਗਾਹ[58] ਅੰਦਰ ਉਦਾਸੀਨ[58] ਮਨ[57] ਦਾ ਟਿਕਾਣਾ ਹੈ ।
ਸੁਰਤਿ[59] ਸਬਦੁ[60] ਧੁਨਿ[61] ਅੰਤਰਿ[62] ਜਾਗੀ[63] ॥	The love[61] for the Name's[60] meditation[59] has awakened[63] within[32] it.	ਨਾਮ[60] ਦੇ ਸਿਮਰਨ[59] ਦੀ ਪ੍ਰੀਤ[61] ਇਸ ਦੇ ਅੰਦਰ[62] ਜਾਗ ਉੱਠੀ[63] ਹੈ ।
ਵਾਜੈ[63] ਅਨਹਦੁ[64] ਮੇਰਾ	The celestial strain[64] rings[63]* within	ਬੈਕੁੰਠੀ ਕੀਰਤਨ[64] ਮੇਰੇ ਅੰਦਰ ਗੂੰਜਦਾ[63]* ਹੈ ਅਤੇ ਮੇਰੀ

ਮਨੁ[65] ਲੀਣਾ[66] ॥	me and my soul[65] is absorbed[66] therein.	ਆਤਮਾ[65] ਉਸ ਅੰਦਰ ਲੀਨ ਹੋ ਗਈ[66] ਹੈ ।
ਗੁਰ ਬਚਨੀ[67] ਸਚਿ ਨਾਮਿ[68] ਪਤੀਣਾ[69] ॥੧॥	By Guru's instruction[67], my soul is pleased[69] with the True Name[68].	ਗੁਰਾਂ ਦੇ ਉਪਦੇਸ਼[67] ਦੁਆਰਾ, ਮੇਰੀ ਜਿੰਦੜੀ ਸੱਚੇ ਨਾਮ[68] ਨਾਲ ਪ੍ਰਸੰਨ[69] ਹੋ ਗਈ ਹੈ ।
ਪ੍ਰਾਣੀ[70] ਰਾਮ[71] ਭਗਤਿ[72] ਸੁਖੁ ਪਾਈਐ ॥	O mortal[70], it is through the Lord's[71] devotional service[72] that peace is procured.	ਹੇ ਜੀਵ[70] ! ਸਾਹਿਬ[71] ਦੀ ਪ੍ਰੇਮਮਈ ਸੇਵਾ[72] ਰਾਹੀਂ ਹੀ ਸੁਖ ਪ੍ਰਾਪਤ ਹੁੰਦਾ ਹੈ ।
ਗੁਰਮੁਖਿ[73] ਹਰਿ ਹਰਿ[74] ਮੀਠਾ[75] ਲਾਗੈ ਹਰਿ ਹਰਿ ਨਾਮਿ ਸਮਾਈਐ[76] ॥੧॥ ਰਹਾਉ॥	By Guru's grace[73], the Lord Master[74] seems sweet[75] and in the Lord Master's Name, the mortal merges[76]. Pause.	ਗੁਰਾਂ ਦੀ ਦਇਆ[73] ਦੁਆਰਾ ਸੁਆਮੀ ਮਾਲਕ[74] ਮਿੱਠੜਾ[75] ਲੱਗਦਾ ਹੈ ਅਤੇ ਸੁਆਮੀ ਮਾਲਕ ਦੇ ਨਾਮ ਅੰਦਰ ਹੀ ਜੀਵ ਲੀਨ ਹੋ ਜਾਂਦਾ[76] ਹੈ । ਠਹਿਰਾਉ ।
੯੦੪		
ਮਾਇਆ[77] ਮੋਹੁ[78] ਬਿਵਰਜਿ[79] ਸਮਾਏ[80] ॥ ਸਤਿਗੁਰੁ ਭੇਟੈ[81] ਮੇਲਿ[82] ਮਿਲਾਏ[83] ॥	Banishing[79] the love[78] of worldly valuables[77], one merges[80] in the Lord and meeting[81] with the True Guru, he unitest[83] in His union[82].	ਸੰਸਾਰੀ ਪਦਾਰਥਾਂ[77] ਦੀ ਮੁਹੱਬਤ[78] ਨੂੰ ਤਿਆਗ ਕੇ[79] ਇਨਸਾਨ ਸਾਹਿਬ ਅੰਦਰ ਲੀਨ ਹੋ ਜਾਂਦਾ[80] ਹੈ ਅਤੇ ਸੱਚੇ ਗੁਰਾਂ ਨਾਲ ਮਿਲ ਕੇ[81] ਉਹ ਉਸ ਦੇ ਮਿਲਾਪ[82] ਅੰਦਰ ਮਿਲ ਜਾਂਦਾ[83] ਹੈ ।
ਨਾਮੁ[84] ਰਤਨੁ[85] ਨਿਰਮੋਲਕੁ[86] ਹੀਰਾ[87] ॥ ਤਿਤੁ[88] ਰਾਤਾ[89] ਮੇਰਾ ਮਨੁ ਧੀਰਾ[90] ॥੨॥	The Lord's Name[84] is an invaluab'e[86] jewel[55] and emerald[87]; Imbued[89] with that[88] my mind is rendered fortitudious[90].	ਸੁਆਮੀ ਦਾ ਨਾਮ[84] ਅਮੋਲਕ[86] ਜਵੇਹਰ[85] ਅਤੇ ਮਾਣਕ[87] ਹੈ । ਉਸ[88] ਨਾਲ ਰੰਗੀਜ[89] ਕੇ ਮੇਰਾ ਚਿੱਤ ਧੀਰਜਵਾਨ[90] ਹੋ ਗਿਆ ਹੈ ।
ਹਉਮੈ[91] ਮਮਤਾ[92] ਰੋਗੁ[93] ਨ ਲਾਗੈ[94] ॥ ਰਾਮ[95] ਭਗਤਿ[96] ਜਮ[97] ਕਾ ਭਉ[98] ਭਾਗੈ[99] ॥	By the Lord's[95] devotion[96], the mortal is afflicted[94] not with the ailment[93] of ego[91] and self-hood[92] and his fear[98] of death[97] flees[99].	ਪ੍ਰਭੂ[95] ਦੇ ਅਨੁਰਾਗ[96] ਦੁਆਰਾ, ਪ੍ਰਾਣੀ ਨੂੰ ਅਹੰਕਾਰ[91] ਅਤੇ ਅਪਣੱਤ[92] ਦੀ ਬੀਮਾਰੀ[93] ਨਹੀਂ ਲਗਦੀ[94] ਅਤੇ ਉਸ ਦਾ ਮੌਤ[97] ਦਾ ਡਰ[98] ਦੌੜ ਜਾਂਦਾ[99] ਹੈ ।
ਜਮੁ[100] [2]ਜੰਦਾਰੁ[3] ਨ ਲਾਗੈ[4] ਮੋਹਿ[5] ॥ ਨਿਰਮਲ[6] ਨਾਮੁ ਰਿਦੈ[7] ਹਰਿ ਸੋਹਿ[8] ॥੩॥	Death's courier[100], the enemy[3] of life[2], touches[4] me[5] not, as the God's Immaculate[6] Name sparkles[3] within my mind[7].	ਜਿੰਦ ਜਾਨ[2] ਦਾ ਵੈਰੀ[3], ਮੌਤ ਦਾ ਫ਼ਰੇਸ਼ਤਾ[100], ਮੈਨੂੰ[5] ਛੂੰਹਦਾ[4] ਨਹੀਂ ਕਿਉਂਜੋ ਵਾਹਿਗੁਰੂ ਦਾ ਪਵਿੱਤਰ[6] ਨਾਮ ਮੇਰੇ ਹਿਰਦੇ[7] ਅੰਦਰ ਸ਼ੋਭ ਰਿਹਾ[8] ਹੈ ।
ਸਬਦੁ[9] ਬੀਚਾਰਿ[10] ਭਏ[12] ਨਿਰੰਕਾਰੀ[13] ॥	Reflecting[10] on the Lord's Name[9], one comes[12] to belong to the Formless Lord[13].	ਸੁਆਮੀ ਦੇ ਨਾਮ[9] ਦਾ ਸਿਮਰਨ[10] ਕਰਨ ਦੁਆਰਾ ਇਨਸਾਨ ਸਰੂਪ-ਰਹਿਤ ਸੁਆਮੀ[13] ਦਾ ਹੀ ਹੋ ਜਾਂਦਾ[12] ਹੈ ।
ਗੁਰਮਤਿ[14] ਜਾਗੇ[15] [16]ਦੁਰਮਤਿ[17] ਪਰਹਾਰੀ[18] ॥	Awakening[15] to the Guru's instruction[14], one's evil[16]-intellect[17] is erased[18].	ਗੁਰਾਂ ਦੇ ਉਪਦੇਸ਼[14] ਦੁਆਰਾ ਜਾਗ ਪੈਣ ਨਾਲ[15] ਆਦਮੀ ਦੀ ਖੋਟੀ[16] ਬੁੱਧੀ[17] ਨਾਸ ਹੋ ਜਾਂਦੀ[18] ਹੈ ।
ਅਨਦਿਨੁ[19] ਜਾਗਿ[20] ਰਹੇ	By remaining wakeful[20] night[19] and	ਰੈਣ[19] ਦਿਹੁੰ ਖ਼ਬਰਦਾਰ[20] ਰਹਿਣ ਅਤੇ ਪ੍ਰਭੂ ਨਾਲ

ਲਿਵ[21] ਲਾਈ[22] ॥ ਜੀਵਨ[23] ਮੁਕਤਿ[24] ਗਤਿ[25] ਅੰਤਰਿ[26] ਪਾਈ[27] ॥੪॥

day, and professing[22] love[21] for the Lord, he is emancipated[24] in life[23] and finds[27] this state[25] from within[26] him.

ਪ੍ਰੀਤ[21] ਪਾਉਣ ਦੁਆਰਾ[22], ਉਹ ਜ਼ਿੰਦਗੀ[23] ਅੰਦਰ ਹੀ ਮੋਖ਼ਸ਼[24] ਨੂੰ ਪਾ ਲੈਂਦਾ ਹੈ ਅਤੇ ਆਪਣੇ ਅੰਦਰੋਂ[26] ਹੀ ਇਸ ਅਵਸਥਾ[25] ਨੂੰ ਪ੍ਰਾਪਤ ਕਰ ਲੈਂਦਾ[27] ਹੈ ।

ਅਲਿਪਤ[28] ਗੁਫਾ[29] ਮਹਿ[30] ਰਹਹਿ[32] ਨਿਰਾਰੇ[31] ॥

I live[32] detached[31] in[50] the secluded[28] body-cave[29].

ਸਰੀਰ ਦੀ ਅਟੰਕ[28] ਕੰਦਰਾ[29] ਅੰਦਰ[30] ਮੈਂ ਨਿਰਲੇਪ[31] ਵਿਚਰਦਾ[32] ਹਾਂ ।

ਤਸਕਰ[33] ਪੰਚ ਸਬਦਿ[34] ਸੰਘਾਰੇ[35] ॥

The five thieves[33], I have slain[35] with the Lord's Name[34].

(ਕਾਮ ਆਦਿ) ਪੰਜਾਂ ਚੋਰਾ[33] ਨੂੰ ਮੈਂ ਸਾਂਈ ਦੇ ਨਾਮ[34] ਨਾਲ ਮਾਰ ਸੁੱਟਿਆ[35] ਹੈ ।

ਪਰ[36] ਘਰ[37] ਜਾਇ[38] ਨ ਮਨੁ[39] ਡੋਲਾਏ[40] ॥

My soul[39] visits[38]. not another's[36] house[37], nor does it wabble[40] now.

ਮੇਰੀ ਆਤਮਾ[39] ਹੋਰਨਾਂ[36] ਦੇ ਗ੍ਰਹਿ[37] ਨਹੀਂ ਜਾਂਦੀ[38], ਨਾ ਹੀ ਇਹ ਹੁਣ ਡਿੱਕੋਡੋਲੇ[40] ਖਾਂਦੀ ਹੈ ।

ਸਹਜ[41] ਨਿਰੰਤਰਿ[42] ਰਹਉ ਸਮਾਏ[43] ॥੫॥

I now remain continually absorbed[43] in[42] God[41].

ਮੈਂ ਹੁਣ ਵਾਹਿਗੁਰੂ[41] ਅੰਦਰ[42] ਇਕਰਸ ਲੀਨ ਰਹਿੰਦਾ[43] ਹਾਂ ।

ਗੁਰਮੁਖਿ[44] ਜਾਗਿ[45] ਰਹੇ ਅਉਧੂਤਾ[46] ॥ ਸਦ[47] ਬੈਰਾਗੀ[48] ਤਤੁ[49] ਪਰੋਤਾ[50] ॥

By Guru's grace[44], I remain wakeful[45], immaculate[46], ever[47] detached[48] and weaved[50] into quintessence[49].

ਗੁਰਾਂ ਦੀ ਦਇਆ[44] ਦੁਆਰਾ, ਮੈਂ ਖ਼ਬਰਦਾਰ[45], ਪਵਿੱਤਰ[46], ਹਮੇਸ਼ਾ[47] ਨਿਰਲੇਪ[48] ਅਤੇ ਅਸਲੀਅਤ[49] ਅੰਦਰ ਪਰੋਤਾ[50] ਰਹਿੰਦਾ ਹਾਂ ।

ਜਗੁ[51] ਸੂਤਾ[52]ਮਰਿ[53] ਆਵੈ[54] ਜਾਇ[55] ॥

The world[51] is asleep[52], it dies[53] and continues coming[54] and going[55].

ਦੁਨੀਆ[51] ਸੁੱਤੀ ਪਈ[52] ਹੈ, ਇਹ ਮਰ ਵੰਞਦੀ[53] ਹੈ ਅਤੇ ਆਉਂਦੀ[54] ਤੇ ਜਾਂਦੀ[55] ਰਹਿੰਦੀ ਹੈ ।

ਬਿਨੁ[56] ਗੁਰ ਸਬਦ[57] ਨ ਸੋਝੀ[58] ਪਾਇ ॥੬॥

Without[66] the Guru's instruction[57], it obtains not understanding[58].

ਗੁਰਾਂ ਦੇ ਉਪਦੇਸ਼[57] ਦੇ ਬਗੈਰ[56] ਇਸ ਨੂੰ ਸਮਝ[58] ਪ੍ਰਾਪਤ ਨਹੀਂ ਹੁੰਦੀ ।

ਅਨਹਦ ਸਬਦੁ[59] ਵਜੈ[60] ਦਿਨੁ ਰਾਤੀ ॥ ਅਵਿਗਤ[61] ਕੀ ਗਤਿ[62] ਗੁਰਮੁਖਿ[63] ਜਾਤੀ[64] ॥

Day and night, the Divine music[59] resounds[60] within him, who, by Guru's grace[63], knows[64] the wondrous state[62] of the Deathless Lord[61].

ਦਿਹੁੰ ਰੈਣ ਈਸ਼ਵਰੀ ਕੀਰਤਨ[59] ਉਸ ਦੇ ਅੰਦਰ ਗੂੰਜਦਾ[60] ਹੈ ਜੋ ਗੁਰਾਂ ਦੀ ਦਇਆ[63] ਦੁਆਰਾ ਅਮਰ ਪ੍ਰਭੂ[61] ਦੀ ਅਦਭੁਤ ਦਸ਼ਾ[62] ਨੂੰ ਸਮਝਦਾ[64] ਹੈ ।

ਤਉ[65] ਜਾਨੀ[66]ਜਾ[67]ਸਬਦਿ[68] ਪਛਾਨੀ[69] ॥ ਏਕੋ[70] ਰਵਿ ਰਹਿਆ[71] ਨਿਰਬਾਨੀ[72] ॥੭॥

When[67] one knows[60] the Name[68], then[65] realises[66] he the One[70] Detached[72] Lord, pervading[71] all.

ਜਦ[67] ਬੰਦਾ ਨਾਮ[68] ਨੂੰ ਜਾਣ ਲੈਂਦਾ[69] ਹੈ, ਤਦ[65] ਉਹ ਇੱਕ[70] ਨਿਰਲੇਪ[72] ਸੁਆਮੀ ਨੂੰ ਸਾਰੇ ਵਿਆਪਕ[71] ਅਨੁਭਵ ਕਰ ਲੈਂਦਾ[66] ਹੈ ।

ਸੁੰਨ[73] ਸਮਾਧਿ ਸਹਜਿ[74] ਮਨੁ[75] ਰਾਤਾ[76] ॥ ਤਜਿ[77] ਹਉ[78] ਲੋਭਾ[79] ਏਕੋ[80] ਜਾਤਾ[81] ॥

My mind[75] is easily[74] absorbed[76] in seedless trance[73] and forsaking[77] self-conceit[78] and greed[79], I now know[81] but One Lord[80].

ਮੇਰਾ ਮਨੂਆ[75] ਸੁਖੈਨ[74] ਹੀ ਅਡੋਲ ਤਾੜੀ[73] ਅੰਦਰ ਲੀਨ ਹੋ ਗਿਆ[76] ਹੈ ਅਤੇ ਸਵੈ-ਹੰਗਤਾ[78] ਤੇ ਲਾਲਚ[79] ਨੂੰ ਛੱਡ ਕੇ[77] ਮੈਂ ਹੁਣ ਕੇਵਲ ਇੱਕ ਪ੍ਰਭੂ[80] ਨੂੰ ਹੀ ਜਾਣਦਾ[81] ਹਾਂ ।

ਗੁਰ ਚੇਲੇ[82] ਅਪਨਾ[83] ਮਨੁ[84] ਮਾਨਿਆ[85] ॥ ਨਾਨਕ ਦੂਜਾ[86] ਮੇਟਿ[87] ਸਮਾਨਿਆ[88] ॥੮॥੩॥

When the disciple's[82] own[83] soul[84] accepts[85] the lead of the Guru, then eradicating[87] his duality[86]. he merges[88] in the Lord, O Nanak.

ਜਦ ਮੁਰੀਦ[82] ਦੀ ਆਪਣੀ[83] ਆਤਮਾ[84] ਗੁਰਾਂ ਦੀ ਅਗਵਾਈ ਨੂੰ ਕਬੂਲ ਕਰ ਲੈਂਦੀ[85] ਹੈ, ਤਾਂ ਆਪਣੇ ਦਵੈਤ-ਭਾਵ[86] ਨੂੰ ਮਿਟਾ ਕੇ[87] ਉਹ ਸੁਆਮੀ ਅੰਦਰ ਸਮਾ ਜਾਂਦਾ[88] ਹੈ, ਹੇ ਨਾਨਕ !

ਰਾਮਕਲੀ ਮਹਲਾ ੧ ॥	Ramkali Ist Guru.	ਰਾਮਕਲੀ ਪਹਿਲੀ ਪਾਤਿਸ਼ਾਹੀ ।
ਸਾਹਾ[89] ਗਣਹਿ[90] ਨ ਕਰਹਿ ਬੀਚਾਰੁ[91] ॥ ਸਾਹੇ[92] ਊਪਰਿ[93] ਏਕੰਕਾਰੁ[94] ॥	Thou calculatest[90] auspicious [89]day for marriage, but thou reflectest[91] not that the One Formless Lord[94] is above and beyond[93] these days[92].	ਤੂੰ ਵਿਆਹ ਦਾ ਸੁਲੱਖਣਾ[89] (ਸ਼ੁਭ) ਦਿਹਾੜਾ ਗਿਣਦਾ[90] ਹੈ; ਪ੍ਰੰਤੂ, ਤੂੰ ਸੋਚਦਾ[91] ਨਹੀਂ ਕਿ ਇਕ ਸਰੂਪ-ਰਹਿਤ ਸੁਆਮੀ[94] ਇਨ੍ਹਾਂ ਦਿਹਾੜਿਆਂ[92] ਤੋਂ ਉੱਤੇ ਅਤੇ ਪਰੇਡੇ[93] ਹੈ ।
ਜਿਸੁ ਗੁਰੁ ਮਿਲੈ ਸੋਈ[95] ਬਿਧਿ[96] ਜਾਣੈ ॥	He[95] alone, who meets the Guru, knows the way[96].	ਜੋ ਗੁਰਾਂ ਨੂੰ ਮਿਲਦਾ ਹੈ, ਉਹ[95] ਹੀ ਮਾਰਗ[96]ਨੂੰ ਜਾਣਦਾ ਹੈ ।
ਗੁਰਮਤਿ[97] ਹੋਇ ਤ[98] ਹੁਕਮੁ[99] ਪਛਾਣੈ[100] ॥੧॥	When man obtains the Guru's instruction[97], then[98] realises[100] he the Lord's will[99].	ਜਦ ਬੰਦਾ ਗੁਰਾਂ ਦੇ ਉਪਦੇਸ਼[97] ਨੂੰ ਪਾ ਲੈਂਦਾ ਹੈ ਤਦ[98] ਹੀ ਉਹ ਸੁਆਮੀ ਦੀ ਰਜ਼ਾ[99]ਨੂੰ ਅਨੁਭਵ[100] ਕਰਦਾ ਹੈ ।
ਝੂਠੁ[2] ਨ ਬੋਲਿ[3] ਪਾਡੇ ਸਚੁ[4] ਕਹੀਐ[5] ॥	Speak[3] thou not falsehood[2], O Pandit and tell[5] the truth[4].	ਤੂੰ ਕੂੜ[2] ਨਾ ਬੋਲ[3], ਹੇ ਪੰਡਿਤ ! ਅਤੇ ਸੱਚੋ ਸੱਚ[4] ਆਖ[5] ।
ਹਉਮੈ[6] ਜਾਇ[7] ਸਬਦਿ[8] ਘਰੁ[9] ਲਹੀਐ[10] ॥੧॥ ਰਹਾਉ॥	When through the Name[8], one's ego[6] is stilled[7], then finds[10] he the Lord's mansion[9]. Pause.	ਜਦ ਨਾਮ[8] ਦੇ ਰਾਹੀਂ ਬੰਦੇ ਦਾ ਹੰਕਾਰ[6] ਨਵਿਰਤ ਹੋ ਜਾਂਦਾ[7] ਹੈ, ਤਦ ਉਹ ਮਾਲਕ ਦੇ ਮੰਦਰ[9] ਨੂੰ ਪਾ ਲੈਂਦਾ[10] ਹੈ । ਠਹਿਰਾਉ ।
ਗਣਿ ਗਣਿ[12] ਜੋਤਕੁ[13] ਕਾਂਡੀ[14] ਕੀਨੀ[15] ॥	Calculating and counting[12], the astrologer[13] draws out[15] a horoscope[14].	ਗਿਣ ਮਿਣ ਕੇ[12] ਜੋਤਸ਼ੀ[13] ਜਨਮ-ਕੁੰਡਲੀ[14] ਬਣਾਉਂਦਾ[15] ਹੈ ।
ਪੜੈ[16] ਸੁਣਾਵੈ[17] ਤਤੁ[18] ਨ ਚੀਨੀ[19] ॥	He peruses[16] and reads it out[17] to others, but realises[19] not the reality[18].	ਉਹ ਇਸ ਨੂੰ ਵਾਚਦਾ[16] ਅਤੇ ਹੋਰਨਾਂ ਨੂੰ ਸੁਣਾਉਂਦਾ[17]ਹੈ ਪ੍ਰੰਤੂ ਅਸਲੀਅਤ[18] ਨੂੰ ਅਨੁਭਵ[19] ਨਹੀਂ ਕਰਦਾ ।
ਸਭਸੈ[20] ਊਪਰਿ[21] ਗੁਰ ਸਬਦੁ[22] ਬੀਚਾਰੁ[23] ॥	Deem[23] thou the Guru's hymns[22] over and above[21] all[29],	ਤੂੰ ਗੁਰਾਂ ਦੀ ਬਾਣੀ[22] ਨੂੰ ਸਾਰਿਆਂ ਨਾਲੋਂ ਉਚੇਰੀ[21] ਤੇ ਉੱਤੋਂ ਦੀ ਸਮਝ[23] ।
ਹੋਰ ਕਥਨੀ[24] ਬਦਉ[25] ਨ ਸਗਲੀ[26] ਛਾਰੁ[27] ॥੨॥	Utter[25] thou not any other discourse[94], as all[26] else is but ashes[37].	ਤੂੰ ਹੋਰ ਕੋਈ ਕਥਾ-ਵਾਰਤਾ[24] ਉਚਾਰਨ[25] ਨਾ ਕਰ ਕਿਉਂਕਿ ਹੋਰ ਸਾਰਾ ਕੁੱਛ[26] ਸੁਆਹ[27] ਹੀ ਹੈ ।
ਨਾਵਹਿ[28] ਧੋਵਹਿ[29] ਪੂਜਹਿ[30] ਸੈਲਾ[31] ॥	Thou bathest[28], washest[29] and worshippest[30] stones[31].	ਤੂੰ ਨ੍ਹਾਉਂਦਾ[28], ਧੋਂਦਾ[29] ਹੈਂ ਅਤੇ ਪੱਥਰਾਂ[31] ਨੂੰ ਪੂਜਦਾ[30] ਹੈਂ ।
ਬਿਨੁ ਹਰਿ ਰਾਤੇ[32] ਮੈਲੋ ਮੈਲਾ[33] ॥	Without being imbued[32] with God, thou art the filthiest of the filthy[33].	ਵਾਹਿਗੁਰੂ ਦੇ ਨਾਲ ਰੰਗੀਜਣ[32] ਦੇ ਬਾਝੋਂ ਤੂੰ ਪਲੀਤਾਂ ਦਾ ਪਰਮ ਪਲੀਤ[33] ਹੈਂ ।
ਗਰਬੁ[34] ਨਿਵਾਰਿ[35] ਮਿਲੈ[36] ਪ੍ਰਭੁ ਸਾਰਥਿ[37] ॥	Stilling[35] thy self-conceit[34], thou shalt obtain[36] the Lord's supreme wealth[37].	ਆਪਣੀ ਸਵੈ-ਹੰਗਤਾ[34] ਨੂੰ ਮਾਰ ਕੇ[35] ਤੂੰ ਸੁਆਮੀ ਦੀ ਗੁਣਦਾਇਕ ਦੌਲਤ[37] ਨੂੰ ਪਾ ਲਵੇਂਗਾ[36] ।
ਮੁਕਤਿ[38] ਪ੍ਰਾਨ[39] ਜਪਿ[40] ਹਰਿ ਕਿਰਤਾਰਥਿ[41] ॥੩॥	Meditating[60] on the Lord, the mortal[39] is emancipated[38] and fulfilled[41].	ਸਾਹਿਬ ਦਾ ਸਿਮਰਨ[40] ਕਰਕੇ ਪ੍ਰਾਣੀ[39] ਮੋਖਸ਼[38] ਅਤੇ ਸੰਪੂਰਨ ਥੀ ਵੰਞਦਾ[41] ਹੈ ।
ਵਾਚੈ[42] ਵਾਦੁ[43] ਨ	Man readest[42] of strifes[43] and	ਆਦਮੀ ਝਗੜੇ ਬਖੇੜਿਆਂ[43] ਬਾਰੇ ਪੜ੍ਹਦਾ[42] ਹੈ ਅਤੇ

ਬੇਦੁ[44] ਬੀਚਾਰੈ[45] ॥	deliberates[45] not over Divine knowledge[44].	ਬ੍ਰਹਿਮ ਬੀਚਾਰ[44] ਨੂੰ ਸੋਚਦਾ ਸਮਝਦਾ[45] ਨਹੀਂ ।
ਆਪਿ[46] ਡੁਬੈ[47] ਕਿਉ[48] ਪਿਤਰਾ[49] ਤਾਰੈ[50] ॥	Drowned[47] himself[46], how[48] can he save[50] his ancestors[49] ?	ਉਹ ਖ਼ੁਦ[46] ਡੁੱਬ ਜਾਂਦਾ[47] ਹੈ, ਆਪਣੇ ਵੱਡੇ ਵਡੇਰਿਆਂ[49] ਦਾ ਉਹ ਕਿਸ ਤਰ੍ਹਾਂ[48] ਉਧਾਰ ਕਰ ਸਕਦਾ[50] ਹੈ ?
ਘਟਿ ਘਟਿ[51] ਬ੍ਰਹਮੁ[52] ਚੀਨੈ[53] ਜਨੁ[54] ਕੋਇ[55] ॥	Some rare[55] one[54] sees[53] the Lord[52] contained amongst all the hearts[51].	ਕੋਈ ਵਿਰਲਾ[55] ਜਣਾ[54] ਹੀ ਸੁਆਮੀ[52] ਨੂੰ ਸਾਰਿਆਂ ਦਿਲਾਂ[51] ਅੰਦਰ ਵਿਆਪਕ ਵੇਖਦਾ[53] ਹੈ ।
ਸਤਿਗੁਰੁ ਮਿਲੈ ਤ[56] ਸੋਝੀ[57] ਹੋਇ ॥੪॥	When man meets the True Guru, then[56] alone obtains he understanding[57].	ਜਦ ਬੰਦਾ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ, ਕੇਵਲ ਤਦ[56] ਹੀ ਉਸ ਨੂੰ ਗਿਆਤ[57] ਹੁੰਦੀ ਹੈ ।
ਗਣਤ[58] ਗਣੀਐ[59] ਸਹਸਾ[60] ਦੁਖੁ[61] ਜੀਐ[62] ॥	By making[59] calculations[58], doubt[60] and sorrow[61] enter the mind[62].	ਲੇਖਾ ਪੱਤਾ[58] ਕਰਨ ਦੁਆਰਾ[59], ਸੰਦੇਹ[60] ਅਤੇ ਸ਼ੱਕ[61], ਚਿੱਤ[62] ਅੰਦਰ, ਪ੍ਰਵੇਸ਼ ਕਰ ਜਾਂਦੇ ਹਨ ।
ਗੁਰ ਕੀ ਸਰਣਿ[63] ਪਵੈ[64] ਸੁਖੁ[65] ਥੀਐ[66] ॥	Seeking[64] the Guru's protection[63], peace[65] ensues[66].	ਗੁਰਾਂ ਦੀ ਪਨਾਹ[63] ਲੈਣ ਦੁਆਰਾ[64] ਆਰਾਮ[65] ਉਤਪੰਨ ਹੁੰਦਾ[66] ਹੈ ।
ਕਰਿ[67] ਅਪਰਾਧ[68] ਸਰਣਿ[69] ਹਮ[70] ਆਇਆ[71] ॥	Having committed[67] sins[68], O Lord, I[79] have now sought[71] Thine protection[69].	ਪਾਪ[68] ਕਮਾ ਕੇ[67], ਹੇ ਸੁਆਮੀ ! ਮੈਂ[70] ਹੁਣ ਤੇਰੀ ਪਨਾਹ[69] ਲਈ[71] ਹੈ ।
ਗੁਰ ਹਰਿ ਭੇਟੇ[72] ਪੁਰਬਿ[73] ਕਮਾਇਆ[74] ॥੫॥	According to my past[73] deed[74], the Guru has caused me to meet[72] my God.	ਮੇਰੇ ਪੂਰਬਲੇ[73] ਕਰਮਾਂ[74] ਅਨੁਸਾਰ, ਗੁਰਾਂ ਨੇ ਮੈਨੂੰ ਮੇਰੇ ਵਾਹਿਗੁਰੂ ਨਾਲ ਮਿਲਾ ਦਿੱਤਾ[72] ਹੈ ।
ਗੁਰ ਸਰਣਿ[78] ਨ ਆਈਐ[75] ਬ੍ਰਹਮੁ[76] ਨ ਪਾਈਐ[77] ॥	The Lord[76] can be obtained[77] not, unless man enters[75] the Guru's sanctuary[78].	ਜਦ ਤਾਂਈਂ ਇਨਸਾਨ ਗੁਰਾਂ ਦੀ ਸ਼ਰਣਾਗਤ[78] ਨਾ ਸੰਭਾਲੇ[75] ਪ੍ਰਭੂ[76] ਪ੍ਰਾਪਤ[77] ਨਹੀਂ ਕੀਤਾ ਜਾ ਸਕਦਾ ।
ਭਰਮਿ[79] ਭੁਲਾਈਐ[80] ਜਨਮਿ[81] ਮਰਿ[82] ਆਈਐ[83]॥	Otherwise he strays[80] in doubt[79] and is born[81] to die[82] and come[83] again.	ਨਹੀਂ ਤਾਂ ਉਹ ਵਹਿਮ[79] ਅੰਦਰ ਭਟਕਦਾ[80] ਹੈ ਅਤੇ ਮੁੜ ਕੇ ਆਉਣ[83] ਲਈ ਜੰਮ ਕੇ[81] ਮਰ ਜਾਂਦਾ[82] ਹੈ ।
ਜਮ[84] ਦਰਿ[85] ਬਾਧਉ[86] ਮਰੈ[87] ਬਿਕਾਰੁ[88] ॥	If man dies[87] in sins[88], he is bound[36] at the Death-courier's[84] door[85],	ਜੇਕਰ ਆਦਮੀ ਪਾਪਾਂ[88] ਅੰਦਰ ਮਰਦਾ[87] ਹੈ ਤਾਂ ਉਹ ਮੌਤ ਦੇ ਦੂਤ[84] ਦੇ ਬੂਹੇ[85] ਤੇ ਨਰੜ ਲਿਆ[86] ਜਾਂਦਾ ਹੈ ।
ਨ ਰਿਦੈ[89] ਨਾਮੁ ਨ ਸਬਦੁ[90] ਅਚਾਰੁ[91] ॥੬॥	Within his mind[89] is not the Lord's Name, nor is his conduct[91] according to the Guru's instruction[90].	ਉਸ ਦੇ ਮਨ[89] ਵਿਚ ਸਾਂਈਂ ਦਾ ਨਾਮ ਨਹੀਂ, ਨਾ ਹੀ ਉਸ ਦੀ ਜੀਵਨ ਰਹੁ ਰੀਤੀ[91] ਗੁਰਾਂ ਦੇ ਉਪਦੇਸ਼[90] ਅਨੁਸਾਰ ਹੈ ।
ਇਕਿ[92] ਪਾਧੇ[93] ਪੰਡਿਤ[94] ਮਿਸਰ[95] ਕਹਾਵਹਿ[96] ॥	Some[92] call[96] themselves teachers[93], scholars[94] and Brahmans[95].	ਕਈ[92] ਆਪਣੇ ਆਪ ਨੂੰ ਪ੍ਰਚਾਰਕ[93], ਵਿਦਵਾਨ[94] ਅਤੇ ਬ੍ਰਾਹਮਣ[95] ਅਖਵਾਉਂਦੇ[96] ਹਨ ।
ਦੁਬਿਧਾ[97] ਰਾਤੇ[98] ਮਹਲੁ[99] ਨ ਪਾਵਹਿ[100] ॥	They are imbued[98] with the love of another[97] and mount[100] not to the Master's mansion[99].	ਉਹ ਹੋਰਸ[97] ਦੀ ਮੁਹੱਬਤ ਨਾਲ ਰੰਗੇ ਹੋਏ[98] ਹਨ ਅਤੇ ਮਾਲਕ ਦੇ ਮੰਦਰ[99] ਨੂੰ ਪ੍ਰਾਪਤ[100] ਨਹੀਂ ਹੁੰਦੇ ।

੯੦੫

ਜਿਸੁ ਗੁਰ ਪਰਸਾਦੀ[2] ਨਾਮੁ ਅਧਾਰੁ[3] ॥ ਕੋਟਿ[4] ਮਧੇ[5] ਕੋ[6] ਜਨੁ[7] ਆਪਾਰੁ[8] ॥੭॥ ਏਕੁ[9] ਬੁਰਾ[10] ਭਲਾ[12] ਸਚੁ[13] ਏਕੈ[14] ॥

He, who by Guru's grace[2], has the Name's prop[3]; amongst[5] millions[4], rare[6] is that unequalled[8] person[7].
One[9] is evil[10] and another good[12], but the One[14] True Lord[13] is contained within all.

ਗੁਰੂ ਦੀ ਦਇਆ[2] ਦੁਆਰਾ ਜਿਸ ਨੂੰ ਨਾਮ ਦਾ ਆਸਰਾ[3] ਹੈ; ਕ੍ਰੋੜਾਂ[4] ਵਿਚੋਂ[5] ਐਸਾ ਕੋਈ ਵਿਰਲਾ[6] ਹੀ ਬੇਨਜ਼ੀਰ[8] ਪੁਰਸ਼[7] ਹੈ ।
ਇੱਕ[9] ਮੰਦਾ[10] ਹੈ ਅਤੇ ਇੱਕ ਚੰਗਾ[12], ਪ੍ਰੰਤੂ ਇੱਕ[14] ਸੱਚਾ ਸੁਆਮੀ[13] ਸਾਰਿਆਂ ਅੰਦਰ ਵਿਆਪਕ ਹੈ ।

ਬੂਝੁ[15] ਗਿਆਨੀ[16] ਸਤਿਗੁਰ ਕੀ ਟੇਕੈ[17] ॥

Understand[15] this, O Divine[16], through the support[17] of the True Guru.

ਇਸ ਨੂੰ ਸਮਝ[15], ਹੇ ਬ੍ਰਹਿਮਬੇਤੇ[16] ! ਸੱਚੇ ਗੁਰਾਂ ਦੇ ਆਸਰੇ[17] ਦੁਆਰਾ ।

ਗੁਰਮੁਖਿ[18] ਵਿਰਲੀ[19] ਏਕੋ[20] ਜਾਣਿਆ[21] ॥

Rare is the one[19], who by the Guru's grace[18], realises[21] the Unique Lord[20].

ਕੋਈ ਟਾਂਵਾਂ ਜਣਾ[19] ਹੀ, ਗੁਰਾਂ ਦੀ ਦਇਆ[18] ਦੁਆਰਾ ਅਦੁੱਤੀ ਸੁਆਮੀ[20] ਨੂੰ ਅਨੁਭਵ ਕਰਦਾ[21] ਹੈ ।

ਆਵਣੁ[22] ਜਾਣਾ[23] ਮੇਟਿ[24] ਸਮਾਣਿਆ[25] ॥੮॥

His comings[22] and goings[23] (Transmigration) cease[24] and he merges[25] in the Lord,

ਉਸ ਦੇ ਆਉਣੇ[22] ਤੇ ਜਾਣੇ[23] ਮੁੱਕ ਜਾਂਦੇ[24] ਹਨ ਤੇ ਉਹ ਸੁਆਮੀ ਵਿੱਚ ਲੀਨ ਹੋ ਜਾਂਦਾ[25] ਹੈ ।

ਜਿਨ ਕੈ ਹਿਰਦੈ[26] ਏਕੰਕਾਰੁ[27] ॥ ਸਰਬ[28]ਗੁਣੀ[29] ਸਾਚਾ[30] ਬੀਚਾਰੁ[31] ॥

They in whose mind[26] is the Unique Lord[27], possess all[28] the virtues[29] and meditate[31] on the True One[30].

ਜਿਨ੍ਹਾਂ ਦੇ ਅੰਤਰ ਆਤਮੇ[26] ਅਦਵੈਤ ਪ੍ਰਭੂ[27] ਹੈ, ਉਨ੍ਹਾਂ ਦੇ ਪੱਲੇ ਸਮੂਹ[28] ਨੇਕੀਆਂ[29] ਹਨ ਤੇ ਉਹ ਸਤਿਪੁਰਖ[30] ਦਾ ਸਿਮਰਨ ਕਰਦੇ[31] ਹਨ ।

ਗੁਰ ਕੈ ਭਾਣੈ[32] ਕਰਮ[33] ਕਮਾਵੈ[34] ॥ ਨਾਨਕ ਸਾਚੇ ਸਾਚਿ[35] ਸਮਾਵੈ[36]॥੯॥੪॥

He, who does[34] the deeds[33] in the Guru's will[32], O Nanak, is absorbed[36] in the Truest of the true[36].

ਜੋ ਗੁਰਾਂ ਦੀ ਰਜ਼ਾ[32] ਅੰਦਰ ਕੰਮ[33] ਕਰਦਾ[34] ਹੈ, ਹੇ ਨਾਨਕ ! ਉਹ ਸੱਚਿਆਰਾਂ ਦੇ ਪਰਮ ਸੱਚਿਆਰ[35] ਅੰਦਰ ਲੀਨ ਹੋ ਜਾਂਦਾ[36] ਹੈ ।

ਰਾਮਕਲੀ ਮਹਲਾ ੧ ॥

Ramkali Ist Guru.

ਰਾਮਕਲੀ ਪਹਿਲੀ ਪਾਤਿਸ਼ਾਹੀ ।

ਹਠੁ[37] ਨਿਗ੍ਰਹੁ[38] ਕਰਿ[39] ਕਾਇਆ[40] ਛੀਜੈ[41] ॥

By practising[39] stubborn[37] self-torture[38], the body[40] wears off[41].

ਹਠੀਲੀ[37] ਸਵੈ-ਰਿਆਜ਼ਤ[38] ਦੀ ਕਾਰ ਕਮਾਉਣ ਦੁਆਰਾ[39], ਦੇਹ[40] ਸੁਕ ਸੜ ਜਾਂਦੀ[41] ਹੈ ।

ਵਰਤੁ[42] ਤਪਨੁ[43] ਕਰਿ[44] ਮਨੁ[45] ਨਹੀ ਭੀਜੈ[46] ॥

Through[44] fasting[42] and penance[43], the soul[45] is softened[46] not.

ਵਰਤ[42] ਅਤੇ ਤਪੱਸਿਆ[43] ਰਾਹੀਂ[44] ਆਤਮਾ[45] ਨਰਮ[46] ਨਹੀਂ ਹੁੰਦੀ ।

ਰਾਮ[47] ਨਾਮ ਸਰਿ[48] ਅਵਰੁ[49] ਨ ਪੂਜੈ[50] ॥੧॥

Nothing else[49] becomes[50] equal[48] to the Lord's[47] Name.

ਹੋਰ ਕੁੱਝ[49] ਭੀ ਪ੍ਰਭੂ[47] ਦੇ ਨਾਮ ਦੇ ਤੁਲ[48] ਨਹੀਂ ਅੱਪੜਦਾ[50] ।

ਗੁਰੁ ਸੇਵਿ[51] ਮਨਾ[52] ਹਰਿ ਜਨ[53] ਸੰਗੁ ਕੀਜੈ[54] ॥

Serve[51] thou thy Guru, O my soul[52] and associate[54] with the Lord's slaves[55].

ਤੂੰ ਆਪਣੇ ਗੁਰਾਂ ਦੀ ਟਹਿਲ ਕਮਾ[51], ਹੇ ਮੇਰੀ ਜਿੰਦੜੀਏ[52] ! ਅਤੇ ਪ੍ਰਭੂ ਦੇ ਗੋਲਿਆਂ[53] ਦੀ ਸੰਗਤ[54] ਕਰ ।

ਜਮੁ[55] ਜੰਦਾਰੁ[56] ਜੋਹਿ[57] ਨਹੀ ਸਾਕੈ ਸਰਪਨਿ[58] ਡਸਿ[59] ਨ ਸਕੈ ਹਰਿ ਕਾ ਰਸੁ[60] ਪੀਜੈ[61] ॥੧॥ਰਹਾਉ॥

Quaffing[61] the Lord's elixir[60], the tyrant[56] Death's courier[55] can touch[57] thee not, nor can she-serpent[58] of mammon can sting[59] thee. Pause,

ਪ੍ਰਭੂ ਦਾ ਅੰਮ੍ਰਿਤ[60] ਪਾਨ ਕਰਨ ਦੁਆਰਾ[61], ਜ਼ਾਲਮ[56] ਮੌਤ ਦਾ ਦੂਤ[55] ਤੈਨੂੰ ਛੂਹ[57] ਨਹੀਂ ਸਕਦਾ, ਨਾ ਹੀ ਮਾਇਆ ਦੀ ਨਾਗਣ[58] ਤੈਨੂੰ ਡੰਗ[59] ਮਾਰ ਸਕਦੀ ਹੈ । ਠਹਿਰਾਉ ।

ਵਾਦੁ[62] ਪੜੈ[63]ਰਾਗੀ[64] ਜਗੁ[65] ਭੀਜੈ[66] ॥

The world[65] reads[63] of strifes[62] and is softened[66] by music[64].

ਸੰਸਾਰ[65] ਬਖੇੜਿਆਂ[62] ਬਾਰੇ ਪੜ੍ਹਦਾ[63] ਹੈ ਅਤੇ ਲੈਅ ਤਰਾਨੇ[64] ਨਾਲ ਦ੍ਰਵੱਦਾ[66] ਹੈ ।

ਤ੍ਰੈ[67] ਗੁਣ[68] ਬਿਖਿਆ[69] ਜਨਮਿ[70] ਮਰੀਜੈ[71] ॥	Engrossed in sin[69], the world of three[67] qualities[68] continues coming[70] and going[71],	ਪਾਪ[69] ਅੰਦਰ ਖੱਚਤ ਹੋ, ਤਿੰਨਾਂ[67] ਲੱਛਣਾਂ[68] ਵਾਲਾ ਸੰਸਾਰ ਆਉਂਦਾ[70] ਤੇ ਜਾਂਦਾ[71] ਰਹਿੰਦਾ ਹੈ।
ਰਾਮ ਨਾਮ ਬਿਨੁ ਦੂਖੁ[72] ਸਹੀਜੈ[73] ॥੨॥	Without the Lord's Name, man suffers[73] pain[72].	ਸੁਆਮੀ ਦੇ ਨਾਮ ਦੇ ਬਾਝੋਂ ਬੰਦਾ ਦੁੱਖ[72] ਸਹਾਰਦਾ[73] ਹੈ।
ਚਾੜਸਿ[74] ਪਵਨੁ[75] ਸਿੰਘਾਸਨੁ[76] ਭੀਜੈ[77] ॥	The Yogi mounts[74] the breath[75] into tenth-gate[76] and makes merry[77] there.	ਯੋਗੀ ਦਸਮ ਦੁਆਰ[76] ਅੰਦਰ ਸੁਆਸ[75] ਨੂੰ ਚੜ੍ਹਾ ਲੈਂਦਾ[74] ਹੈ ਅਤੇ ਉੱਥੇ ਅਨੰਦ[77] ਮਾਣਦਾ ਹੈ।
ਨਿਉਲੀ ਕਰਮ[78] ਖਟੁ[79] ਕਰਮ[80] ਕਰੀਜੈ[81] ॥	He practises[81] inly-washing[78] and six[79] religious[80] rites.	ਉਹ ਅੰਦਰ ਧੋਂਦਾ[78] ਹੈ ਤੇ ਛੇ[79] ਸੰਸਕਾਰ[80] ਕਰਦਾ[81] ਹੈ।
ਰਾਮ ਨਾਮ ਬਿਨੁ ਬਿਰਥਾ[82] ਸਾਸੁ[83] ਲੀਜੈ[84] ॥੩॥	Without the Lord's Name, vain[82] is the breath[83], he draws[84].	ਸੁਆਮੀ ਦੇ ਨਾਮ ਦੇ ਬਗੈਰ ਵਿਅਰਥ[82] ਹੈ ਸੁਆਸ[83], ਜਿਹੜਾ ਉਹ ਲੈਂਦਾ[84] ਹੈ।
ਅੰਤਰਿ[85] ਪੰਚ[86] ਅਗਨਿ[88] ਕਿਉ[89] ਧੀਰਜੁ[90] ਧੀਜੈ[91] ॥	Within[85] him is the fire[88] of five[86] evil passions. How[89] can he have[91] composure[90] ?	ਉਸ ਦੇ ਅੰਦਰ[85] ਪੰਜ[86] ਵਿਸ਼ੇ[86]-ਵੇਗਾਂ ਦੀ ਅੱਗ[88] ਹੈ। ਉਸ ਨੂੰ ਸਹਿਨ-ਸ਼ੀਲਤਾ[90] ਕਿਸ ਤਰ੍ਹਾਂ[89] ਆ ਸਕਦੀ[91] ਹੈ ?
ਅੰਤਰਿ ਚੋਰੁ[92] ਕਿਉ ਸਾਦੁ[93] ਲਹੀਜੈ[94] ॥	Within him is the thief[92]. How can he obtain[94] the Lord's relish[93] ?	ਉਸ ਦੇ ਅੰਦਰ ਚੋਰ[92] ਹੈ। ਉਹ ਸਾਹਿਬ ਦੇ ਸੁਆਦ[93] ਨੂੰ ਕਿਸ ਤਰ੍ਹਾਂ ਪਾ ਸਕਦਾ[94] ਹੈ ?
ਗੁਰਮੁਖਿ[95] ਹੋਇ ਕਾਇਆ[96] ਗੜੁ[97] ਲੀਜੈ[98] ॥੪॥	Getting resigned to Guru's will[85], one conquers[98] the body[96] fortress[07].	ਗੁਰੂ ਅਨੁਸਾਰੀ[95] ਹੋ ਕੇ, ਇਨਸਾਨ ਦੇਹ[96] ਦੇ ਕਿਲ੍ਹੇ[97] ਨੂੰ ਫ਼ਤਹ ਕਰ ਲੈਂਦਾ[98] ਹੈ।
ਅੰਤਰਿ[99] ਮੈਲੁ[100] ਤੀਰਥ[2] ਭਰਮੀਜੈ[3] ॥	With filth[100] in the mind[99], man wanders[3] at the places of pilgrimage[2].	ਹਿਰਦੇ[99] ਅੰਦਰ ਮਲੀਣਤਾ[100] ਹੈ ਅਤੇ ਇਨਸਾਨ ਯਾਤ੍ਰਾ-ਅਸਥਾਨਾਂ[2] ਤੇ ਭਟਕਦਾ[3] ਫਿਰਦਾ ਹੈ।
ਮਨੁ[4] ਨਹੀ ਸੂਚਾ[5] ਕਿਆ[6] ਸੋਚ[7] ਕਰੀਜੈ[8] ॥	When the mind[4] is not pure[5], what[6] is the good of practising[8] outward cleanliness[7].	ਜਦ ਅੰਤਸ਼ਕਰਨ[4] ਪਵਿੱਤਰ[5] ਨਹੀਂ, ਬਾਹਰਲੀ ਸਫ਼ਾਈ[7] ਕਰਨ[8] ਦਾ ਕੀ[6] ਲਾਭ ਹੈ।
ਕਿਰਤੁ[9] ਪਇਆ[10] ਦੋਸੁ[12] ਕਾ ਕਉ[13] ਦੀਜੈ ॥੫॥	When such are the mortal's past[10] actions[9], then whom[13] should he blame[12] but himself.	ਜਦ ਪ੍ਰਾਣੀ ਦੇ ਪੂਰਬਲੇ[10] ਕਰਮ[9] ਐਹੋ ਜੇਹੇ ਹਨ, ਤਦ ਉਹ ਸਿਵਾਏ ਆਪਣੇ ਆਪ ਦੇ, ਹੋਰ ਕੀਹਦੇ[13] ਉੱਤੇ ਇਲਜ਼ਾਮ[12] ਲਾਵੇ।
ਅੰਨੁ[14] ਨ ਖਾਹਿ ਦੇਹੀ[15] ਦੁਖੁ[16] ਦੀਜੈ ॥	Some one takes not food[14]. and tortures'[6] his body[15].	ਕੋਈ ਪ੍ਰਾਣੀ ਭੋਜਨ[14] ਨਹੀਂ ਖਾਂਦਾ ਅਤੇ ਆਪਣੇ ਸਰੀਰ[15] ਨੂੰ ਕਸ਼ਟ ਦਿੰਦਾ[16] ਹੈ।
ਬਿਨੁ ਗੁਰ ਗਿਆਨ[17] ਤ੍ਰਿਪਤਿ[18] ਨਹੀ ਥੀਜੈ[19] ॥	Without the Guru's wisdom[17] he becomes[19] not content[18].	ਗੁਰਾਂ ਦੀ ਗਿਆਤ[17] ਦੇ ਬਗੈਰ ਉਹ ਸੰਤੁਸ਼ਟ[18] ਨਹੀਂ ਹੁੰਦਾ[19]।
ਮਨਮੁਖਿ[20] ਜਨਮੈ[21] ਜਨਮਿ[22] ਮਰੀਜੈ[23] ॥੬॥	Such a perverse person[20] is born[21] only to die[23] and be born[22] again.	ਐਹੋ ਜੇਹਾ ਮਨਮੁਖ ਪੁਰਸ਼[20] ਕੇਵਲ ਮਰਨ[23] ਲਈ ਹੀ ਜੰਮਦਾ[21] ਹੈ ਅਤੇ ਫੇਰ ਮੁੜ ਕੇ ਜੰਮਦਾ[22] ਹੈ।
ਸਤਿਗੁਰ ਪੂਛਿ[24] ਸੰਗਤਿ[25] ਜਨ ਕੀਜੈ[26] ॥੭॥	Consult[24] thou the Guru and associate[25] the Lord's slaves[26].	ਤੂੰ ਸੱਚੇ ਗੁਰਾਂ ਪਾਸੋਂ ਸਿਖਮੱਤ ਲੈ[24] ਅਤੇ ਸੁਆਮੀ ਦੇ ਗੋਲਿਆਂ[26] ਨਾਲ ਮੇਲ ਮਿਲਾਪ[25] ਕਰ।

ਮਨੁ[27] ਹਰਿ ਰਾਚੈ[28] ਨਹੀ ਜਨਮਿ[29] ਮਰੀਜੈ[30] ॥

Thus shall thy soul[27] merge[28] in God and shall come[29] and go[30] not.

ਇਸ ਤਰ੍ਹਾਂ ਤੇਰੀ ਆਤਮਾ[27] ਵਾਹਿਗੁਰੂ ਅੰਦਰ ਲੀਨ[28] ਹੋ ਜਾਊਗੀ ਅਤੇ ਜੰਮੇ[29] ਤੇ ਮਰੇਗੀ[30] ਨਹੀਂ ।

ਰਾਮ ਨਾਮ ਬਿਨੁ[31] ਕਿਆ[32] ਕਰਮੁ[33] ਕੀਜੈ ॥੭॥

Sans[31] the Lord's Name, what[32] other deed[33] should one do.

ਸਾਂਈਂ ਦੇ ਨਾਮ ਦੇ ਬਾਝੋਂ[31] ਬੰਦਾ ਹੋਰ ਕਿਹੜਾ[32] ਕੰਮ[33] ਕਰੇ ।

ਊਂਦਰ[34] ਦੂਂਦਰ[35] ਪਾਸਿ ਧਰੀਜੈ[36] ॥

Still[36] thou, from within thee, the clamouring[35] of the mouse[34] of desire.

ਤੂੰ ਆਪਣੇ ਅੰਦਰੋਂ ਖ਼ਾਹਿਸ਼ ਦੇ ਚੂਹੇ[34] ਦਾ ਸ਼ੋਰ ਸ਼ਰਾਬਾ[35] ਬੰਦ ਕਰ ਦੇ[36] ।

ਧੁਰ[37] ਕੀ[38] ਸੇਵਾ ਰਾਮੁ[39] ਰਵੀਜੈ[40] ॥

Utter[40] thou the Lord's Name[39]. This alone is the service[38] of the Primal Being[37].

ਤੂੰ ਪ੍ਰਭੂ ਦੇ ਨਾਮ[39] ਦਾ ਉਚਾਰਨ[40] ਕਰ । ਕੇਵਲ ਇਹ ਹੀ ਆਦਿ ਪੁਰਖ[37] ਦੀ ਸੇਵਾ ਟਹਿਲ[38] ਹੈ ।

ਨਾਨਕ ਨਾਮੁ ਮਿਲੈ[41] ਕਿਰਪਾ[42] ਪ੍ਰਭ ਕੀਜੈ[43] ॥ ੮॥੫॥

When the Lord extends[43] His mercy[42], O Nanak, then He blesses[41] one with His Name.

ਜਦ ਸੁਆਮੀ ਆਪਣੀ ਮਿਹਰ[42] ਧਾਰਦਾ[43] ਹੈ, ਹੇ ਨਾਨਕ ! ਤਦ ਉਹ ਬੰਦੇ ਨੂੰ ਆਪਣੇ ਨਾਮ ਦੀ ਦਾਤ[41] ਦਿੰਦਾ ਹੈ ।

ਰਾਮਕਲੀ ਮਹਲਾ ੧ ॥

Ramkali Ist Guru.

ਰਾਮਕਲੀ ਪਹਿਲੀ ਪਾਤਿਸ਼ਾਹੀ ।

ਅੰਤਰਿ[44] ਉਤਭੁਜੁ[45] ਅਵਰੁ[46] ਨ ਕੋਈ ॥

The entire creation[46] is within[44] Thee, O Lord. There is no other[46] Creator,

ਸਮੂਹ ਉਤਪਤੀ[45] ਤੇਰੇ ਅੰਦਰ[44] ਹੀ ਹੈ, ਹੇ ਸੁਆਮੀ ! ਹੋਰ ਕੋਈ[46] ਭੀ ਸਿਰਜਣਹਾਰ ਨਹੀਂ ।

ਜੋ[47] ਕਹੀਐ[48] ਸੋ[49] ਪ੍ਰਭ ਤੇ ਹੋਈ[50] ॥

Whatever[47] is said to be[48], that[49] is[50] from Thee, O Lord.

ਜਿਹੜਾ ਕੁੱਛ[47] ਭੀ ਹੋਂਦ ਵਿਚ ਆਇਆ ਆਖਿਆ ਜਾਂਦਾ[48] ਹੈ, ਉਹ[49] ਤੇਰੇ ਤੋਂ ਹੀ ਹੈ[50], ਹੇ ਸੁਆਮੀ !

ਜੁਗਹ ਜੁਗੰਤਰਿ[51] ਸਾਹਿਬੁ ਸਚੁ ਸੋਈ[52] ॥

He[52], the True Lord pervades all the ages through[51].

ਉਹ[52] ਸੱਚਾ ਸਾਹਿਬ ਹੀ ਸਾਰਿਆਂ ਯੁੱਗਾਂ ਅੰਦਰ[51] ਵਿਆਪਕ ਹੈ ।

ਉਤਪਤਿ[53] ਪਰਲਉ[54] ਅਵਰੁ[55] ਨ ਕੋਈ ॥੧॥

Without God, there is no other[55] to bring about creation[53] and destruction[54].

ਵਾਹਿਗੁਰੂ ਦੇ ਬਗੈਰ ਹੋਰ ਕੋਈ[55] ਪੈਦਾਇਸ਼[53] ਤੇ ਖ਼ਾਤਮਾ[54] ਕਰਨ ਵਾਲਾ ਨਹੀਂ ।

ਐਸਾ[56] ਮੇਰਾ ਠਾਕੁਰੁ ਗਹਿਰ[57] ਗੰਭੀਰੁ[58] ॥

Such[56] is my profound[57] and Unfathomable[58] Lord.

ਐਹੋ ਜੇਹਾ[56] ਹੈ ਮੇਰਾ ਡੂੰਘਾ[57] ਅਤੇ ਅਥਾਹ[58] ਸੁਆਮੀ ।

ਜਿਨਿ ਜਪਿਆ[59] ਤਿਨ ਹੀ ਸੁਖੁ[63] ਪਾਇਆ ਹਰਿ ਕੈ ਨਾਮਿ ਨ ਲਗੈ[60] ਜਮ[61] ਤੀਰੁ[62] ॥੧॥ਰਹਾਉ॥

Who-so-ever meditates[59] on Him, obtains peace[63]. Death couries's[61] arrow[68] strikes[60] not him, who utters the Lord's Name. Pause.

ਜੋ ਕੋਈ ਭੀ ਉਸ ਦਾ ਸਿਮਰਨ[59] ਕਰਦਾ ਹੈ, ਉਹ ਅਨੰਦ[63] ਪਾ ਲੈਂਦਾ ਹੈ । ਮੌਤ ਦੇ ਦੂਤ[61] ਦਾ ਬਾਣ[62] ਉਸ ਨੂੰ ਨਹੀਂ ਲਗਦਾ[60], ਜੋ ਪ੍ਰਭੂ ਦੇ ਨਾਮ ਦਾ ਉਚਾਰਨ ਕਰਦਾ ਹੈ । ਠਹਿਰਾਉ ।

ਨਾਮੁ ਰਤਨੁ[64] ਹੀਰਾ[65] ਨਿਰਮੋਲੁ[66] ॥

The Lord's Name is an invaluable[66] pearl[64] and jewel[65].

ਸਾਂਈਂ ਦਾ ਨਾਮ ਅਣਮੁੱਲਾ[66] ਮੋਤੀ[64] ਅਤੇ ਜਵੇਹਰ[65] ਹੈ ।

ਸਾਚਾ ਸਾਹਿਬੁ[67] ਅਮਰੁ[68] ਅਤੋਲੁ[69] ॥

Imperishable[68] and Immeasureable[69] is the True Lord[67].

ਅਬਿਨਾਸੀ[68] ਅਤੇ ਅਮਾਪ[69] ਹੈ ਸੱਚਾ ਸੁਆਮੀ[67] ।

ਜਿਹਵਾ[70] ਸੂਚੀ[71] ਸਾਚਾ[72] ਬੋਲੁ[73] ॥

Immaculate[71] is the tongue[76] which utters[73] the True Name[72].

ਪਵਿੱਤਰ[71] ਹੈ ਉਹ ਜੀਭ[70] ਜੋ ਸੱਚੇ ਨਾਮ[72] ਦਾ ਉਚਾਰਨ ਕਰਦੀ[73] ਹੈ ।

ਘਰਿ ਦਰਿ[74] ਸਾਚਾ[75] ਨਾਹੀ ਰੋਲੁ[76] ॥੨॥	In one's own home[74] is the True Lord[75]. There is no doubt[76] about it,	ਬੰਦੇ ਦੇ ਆਪਣੇ ਗ੍ਰਹਿ[74] (ਹਿਰਦੇ) ਅੰਦਰ ਹੀ ਸੱਚਾ ਸੁਆਮੀ[75] ਹੈ; ਇਸ ਵਿੱਚ ਕੋਈ ਸੰਦੇਹ[76] ਨਹੀਂ।
ਇਕਿ[77] ਬਨ[78] ਮਹਿ[79] ਬੈਸਹਿ[80] ਡੂਗਰਿ[81] ਅਸਥਾਨੁ[82] ॥	Some[77] sit[80] in[79] the woods[78] and some make their habitation[82] in mountains[81].	ਕਈ[77] ਜੰਗਲਾ[78] ਵਿਚ[79] ਬੈਠਦੇ[80] ਹਨ ਅਤੇ ਕਈ ਪਹਾੜਾਂ[81] ਅੰਦਰ ਆਪਣਾ ਟਿਕਾਣਾ[82] ਬਣਾਉਂਦੇ ਹਨ।
ਨਾਮੁ ਬਿਸਾਰਿ[83] ਪਚਹਿ[84] ਅਭਿਮਾਨੁ[85] ॥	Forgetting[83] the Name, they putrefy[84] in pride[85],	ਨਾਮ ਨੂੰ ਭੁਲਾ ਕੇ[83] ਉਹ ਹੰਕਾਰ[85] ਅੰਦਰ ਗਲ ਸੜ ਜਾਂਦੇ[84] ਹਨ।
ਨਾਮੁ ਬਿਨਾ ਕਿਆ[86] ਗਿਆਨ[87] ਧਿਆਨੁ[88] ॥	Of what[86] avail are wisdom[87] and concentration[83] without tae Lord's Name ?	ਪ੍ਰਭੂ ਦੇ ਨਾਮ ਦੇ ਬਾਝੋਂ ਅਕਲਮੰਦੀ[87]ਅਤੇ ਇਕਾਗਰਤਾ[88] ਕਿਹੜੇ[86] ਕੰਮ ਹਨ ?
ਗੁਰਮੁਖਿ[89] ਪਾਵਹਿ ਦਰਗਹਿ[90] ਮਾਨੁ[91] ॥੩॥	The Guru-wards[89] obtain honour[91] in the Lord's court[90].	ਗੁਰੂ-ਅਨੁਸਾਰੀ[89] ਸਾਹਿਬ ਦੇ ਦਰਬਾਰ[90] ਵਿਚ ਇੱਜ਼ਤ[91] ਪਾਉਂਦੇ ਹਨ।
ਹਠੁ[92] ਅਹੰਕਾਰੁ[93] ਕਰੈ[94] ਨਹੀ ਪਾਵੈ[95] ॥	Practising[94] obstinacy[92] and self-conceit[93], the Lord is obtained[95] not.	ਜ਼ਿਦ[92] ਅਤੇ ਸਵੈ-ਹੰਗਤਾ[93] ਕਰਨ[94] ਦੁਆਰਾ ਪ੍ਰਭੂ ਪ੍ਰਾਪਤ[95] ਨਹੀਂ ਹੁੰਦਾ।
੯੦੬		
ਪਾਠ[97] ਪੜੈ[97] ਲੇ ਲੋਕ[98] ਸੁਣਾਵੈ[99] ॥ ਤੀਰਥਿ[100] ਭਰਮਸਿ[2] ਬਿਆਧਿ[3] ਨ ਜਾਵੈ[4] ॥	Studying[97] religious texts[96] and reading[99] them to people[98], and wandering[2] at shrines[100], the malady[3] is eradicated[4] not.	ਧਾਰਮਕ ਗ੍ਰੰਥ[96] ਵਾਚਣ[97] ਅਤੇ ਲੋਕਾਂ[98] ਨੂੰ ਸੁਣਾਉਣ[99] ਅਤੇ ਧਾਰਮਕ ਅਸਥਾਨਾਂ[100] ਤੇ ਰਟਨ ਕਰਨ[2] ਦੁਆਰਾ ਬੀਮਾਰੀ[3] ਦੂਰ ਨਹੀਂ ਹੁੰਦੀ[4]।
ਨਾਮ ਬਿਨਾ[7] ਕੈਸੇ[5] ਸੁਖੁ[6] ਪਾਵੈ ॥੪॥	Without[7] the Name, how[5] can the mortal obtain peace[6] ?	ਨਾਮ ਦੇ ਬਗੈਰ[7] ਪ੍ਰਾਣੀ ਕਿਸ ਤਰ੍ਹਾਂ[5] ਆਰਾਮ[6] ਪਾ ਸਕਦਾ ਹੈ ?
ਜਤਨ[8] ਕਰੈ ਬਿੰਦੁ[9] ਕਿਵੈ[10] ਨ ਰਹਾਈ[12] ॥	However much one may try[8], he can, in no way[10], control[12] his sex-desire[9].	ਜਿੰਨੀ ਮਰਜ਼ੀ ਬੰਦਾ ਕੋਸ਼ਿਸ਼[8]ਕਿਆ ਕਰੇ, ਉਹ ਕਿਸੇ ਤਰ੍ਹਾਂ[10] ਭੀ ਆਪਣੀ ਵਿਸ਼ੇ ਭੋਗ ਦੀ ਖਾਹਿਸ਼[9]ਨੂੰ ਰੋਕ[12]ਨਹੀਂ ਸਕਦਾ।
ਮਨੂਆ[13] ਡੋਲੈ[14] ਨਰਕੇ[15] ਪਾਈ[16] ॥ ਜਮ[17] ਪੁਰਿ[18] ਬਾਧੋ[19] ਲਹੈ[20] ਸਜਾਈ[21] ॥	His mind[13] wanders[14] and he falls[16] into hell[15]. Bound[19] at Yama's[17] city[18] he suffers[20] punishment[21].	ਉਸ ਦਾ ਮਨ[13] ਭਟਕਦਾ[14] ਹੈ ਤੇ ਉਹ ਦੋਜ਼ਕ[15] ਵਿੱਚ ਪੈਂਦਾ[16] ਹੈ। ਯਮ[17] ਦੇ ਸ਼ਹਿਰ[18] ਅੰਦਰ ਨਰੜਿਆ ਹੋਇਆ[19] ਉਹ ਦੰਡ[21] ਸਹਾਰਦਾ[20] ਹੈ।
ਬਿਨੁ ਨਾਵੈ ਜੀਉ[22] ਜਲਿ ਬਲਿ[23] ਜਾਈ ॥੫॥	Without the Name, the soul[22] writhes in pain[23].	ਨਾਮ ਦੇ ਬਗੈਰ, ਆਤਮਾ[22] ਸੜ[23] ਬਲ ਜਾਂਦੀ ਹੈ।
ਸਿਧ[24] ਸਾਧਿਕ[25] ਕੇਤੇ[26] ਮੁਨਿ[27] ਦੇਵਾ[28] ॥ ਹਠਿ[29] ਨਿਗ੍ਰਹਿ[30] ਨ ਤ੍ਰਿਪਤਾਵਹਿ[31] ਭੇਵਾ[32] ॥	None of the many[26] seekers[25], adepts[24], silent sages[27] and gods[28] can satisfy[31] his mind[32] through the stubborn[29] rituals[30].	ਘਣੇਰਿਆਂ[26] ਅਭਿਆਸੀਆਂ[25], ਸਿੱਧ ਪੁਰਸ਼ਾਂ[24], ਖਾਮੋਸ਼ ਰਿਸ਼ੀਆਂ[27] ਅਤੇ ਦੇਵਤਿਆਂ[28] ਵਿਚੋਂ ਕੋਈ ਭੀ ਹਠੀਲੇ[29] ਕਰਮ ਕਾਂਡਾਂ[30] ਰਾਹੀਂ ਆਪਣੇ ਮਨ[32] ਦੀ ਨਿਸ਼ਾ[31] ਨਹੀਂ ਕਰ ਸਕਦਾ।
ਸਬਦੁ[33] ਵੀਚਾਰਿ[34] ਗਹਹਿ[35] ਗੁਰ ਸੇਵਾ[36]॥ ਮਨਿ[37] ਤਨਿ[38]	He who reflects[34] over the Name[33]and takes to[35] Guru's service[36]; his mind[37]	ਜੋ ਨਾਮ[33]ਦਾ ਆਰਾਧਨ ਕਰਦਾ[34] ਅਤੇ ਗੁਰੂ ਦੀ ਟਹਿਲ ਸੇਵਾ[36] ਅੰਦਰ ਜੁੜਦਾ[35] ਹੈ; ਉਸ ਦੀ ਆਤਮਾ[37] ਅਤੇ

ਨਿਰਮਲ[39] ਅਭਿਮਾਨ[40] ਅਭੇਵਾ[41] ॥੬॥

and body[38] become immaculate[39] and his self-conceit[40] is obliterated[41].

ਦੇਹ[38] ਪਵਿੱਤਰ ਹੋ ਜਾਂਦੇ[39] ਹਨ ਅਤੇ ਉਸ ਦੀ ਸਵੈ-ਹੰਗਤਾ[40] ਨਾਸ ਹੋ ਜਾਂਦੀ[41] ਹੈ ।

ਕਰਮਿ[42] ਮਿਲੈ[43] ਪਾਵੈ ਸਚੁ ਨਾਉ[44] ॥ ਤੁਮ ਸਰਣਾਗਤਿ[45] ਰਹਉ[46] [47]ਸੁਭਾਉ[48] ॥

Blessed with[43] Thy grace[42]; O Lord, obtain I the True Name[44] and abide[46] in Thine sanctuary[45] with sublime[47] devotion[48].

ਤੇਰੀ ਰਹਿਮਤ[42] ਦਾ ਪਾਤ੍ਰ ਹੋ ਕੇ[43],ਹੇ ਸੁਆਮੀ! ਮੈਂ ਸੱਚੇ ਨਾਮ[44] ਨੂੰ ਪ੍ਰਾਪਤ ਕਰਦਾ ਹਾਂ ਅਤੇ ਸ੍ਰੇਸ਼ਟ[47] ਸ਼ਰਧਾ[48] ਨਾਲ ਤੇਰੀ ਛਤ੍ਰ ਛਾਇਆ[45] ਹੇਠ ਵੱਸਦਾ[46] ਹਾਂ ।

ਤੁਮ ਤੇ[49] ਉਪਜਿਓ[50] ਭਗਤੀ[51] ਭਾਉ[52] ॥

Through[49] Thy grace, the love[52] for Thine service[51] has welled up[50] in me.

ਤੇਰੀ ਮਿਹਰ ਰਾਹੀਂ[49] ਹੀ ਤੇਰੀ ਸੇਵਾ[51] ਦਾ ਪ੍ਰੇਮ[52] ਮੇਰੇ ਅੰਦਰ ਉਤਪੰਨ ਹੋਇਆ[50] ਹੈ ।

ਜਪੁ[53] ਜਾਪਉ[54] ਗੁਰਮੁਖਿ[55] ਹਰਿ ਨਾਉ[56] ॥੭॥

By Guru's grace[55] contemplate[53] and remember[54] I the Lord's Name[56].

ਗੁਰਾਂ ਦੀ ਦਇਆ ਦੁਆਰਾ[55], ਮੈਂ ਸਾਈਂ ਦੇ ਨਾਮ ਦਾ ਸਿਮਰਨ[53] ਤੇ ਆਰਾਧਨ ਕਰਦਾ[54] ਹਾਂ ।

ਹਉਮੈ[57] ਗਰਬੁ[58] ਜਾਇ[59] ਮਨ[60] ਭੀਨੈ[61] ॥

When the mortal is rid of[59] ego[57] and pride[58], then is his soul[60] bedewed[61] with the Lord's love.

ਜਦ ਪ੍ਰਾਨੀ ਦਾ ਹੰਕਾਰ[57] ਤੇ ਗ਼ਰੂਰ[58] ਦੂਰ ਹੋ ਜਾਂਦਾ[59] ਹੈ, ਤਦ ਉਸ ਦੀ ਆਤਮਾ[60] ਪ੍ਰਭੂ ਦੇ ਪ੍ਰੇਮ ਨਾਲ ਗੱਚ ਹੋ ਜਾਂਦੀ[61] ਹੈ ।

ਝੂਠਿ[62] ਨ ਪਾਵਸਿ[63] ਪਾਖੰਡਿ[64] ਕੀਨੈ[65] ॥ ਬਿਨੁ ਗੁਰ ਸਬਦ[66] ਨਹੀ ਘਰੁ[67] ਬਾਰੁ[68] ॥

Practising[65] falsehood[62] and hypocrisy[64], God is obtained[63] not. Without the Guru's word[66], the mortal obtains not the door[68] of the Lord's mansion[27].

ਕੂੜ[62] ਅਤੇ ਦੰਭ[64] ਦੀ ਕਮਾਈ ਕਰਨ[65] ਦੁਆਰਾ ਵਾਹਿਗੁਰੂ ਪਾਇਆ ਨਹੀਂ ਜਾਂਦਾ[63] । ਗੁਰਾਂ ਦੀ ਬਾਣੀ[66] ਦੇ ਬਾਝੋਂ ਪ੍ਰਾਨੀ ਪ੍ਰਭੂ ਦੇ ਮੰਦਰ[67] ਦੇ ਦਰਵਾਜ਼ੇ[68] ਨੂੰ ਨਹੀਂ ਪਾਉਂਦਾ ।

ਨਾਨਕ ਗੁਰਮੁਖਿ[69] ਤਤੁ[70] ਬੀਚਾਰੁ[71] ॥੮॥੬॥

The Guru-ward[69], O Nanak, reflects over[71] the quintessence[70].

ਗੁਰੂ-ਸਮਰਪਨ[69], ਹੇ ਨਾਨਕ ! ਅਸਲੀਅਤ[70] ਨੂੰ ਸੋਚਦਾ ਵੀਚਾਰਦਾ[71] ਹੈ ।

ਰਾਮਕਲੀ ਮਹਲਾ ੧ ॥

Ramkali Ist Guru.

ਰਾਮਕਲੀ ਪਹਿਲੀ ਪਾਤਿਸ਼ਾਹੀ ।

ਜਿਉ[72] ਆਇਆ[73] ਤਿਉ[74] ਜਾਵਹਿ[75] ਬਉਰੇ[76] ਜਿਉ ਜਨਮੇ[77] ਤਿਉ ਮਰਣੁ[78] ਭਇਆ ॥

O silly man[76], as[72] thou comest[72],so[74] shalt thou depart[75] and as thou wert born[77], so shalt thou die[78].

ਹੇ ਕਮਲੇ ਬੰਦੇ[76] ! ਜਿਸ ਤਰ੍ਹਾਂ[72] ਤੂੰ ਆਇਆ[73] ਹੈਂ ਉਸੇ ਤਰ੍ਹਾਂ[74] ਹੀ ਤੂੰ ਟੁਰ ਵੰਞੇਂਗਾ[75] ਅਤੇ ਜਿਸ ਤਰ੍ਹਾਂ ਤੂੰ ਜੰਮਿਆ[77] ਸੈਂ, ਉਸੇ ਤਰ੍ਹਾਂ ਹੀ ਤੂੰ ਮਰ ਜਾਵੇਂਗਾ[78] ।

ਜਿਉ ਰਸ[79] ਭੋਗ ਕੀਏ[80] ਤੇਤਾ ਦੁਖੁ[81] ਲਾਗੈ[82] ਨਾਮੁ ਵਿਸਾਰਿ[83] [84]ਭਵਜਲਿ[85] ਪਇਆ[86] ॥੧॥

As thou enjoyest[80] the revelments[79], so shalt thou suffer[82] agony[81]. Forgetting[83] the Name, thou shalt fall into[86] the terrible[84] ocean[85].

ਜੇਹੋ ਜੇਹੀਆਂ ਤੂੰ ਰੰਗਰਲੀਆਂ[79] ਮਾਣਦਾ[80] ਹੈਂ, ਉਹੋ ਜੇਹਾ ਹੀ ਤੈਨੂੰ ਕਸ਼ਟ[81] ਉਠਾਉਣਾ ਪਵੇਗਾ[82] । ਨਾਮ ਨੂੰ ਭੁਲਾ ਕੇ[83] ਤੂੰ ਭਿਆਨਕ[84] ਸਮੁੰਦਰ[85] ਵਿੱਚ ਡਿਗ ਪਵੇਂਗਾ[86] ।

ਤਨੁ[87] ਧਨੁ[88] ਦੇਖਤ[90] ਗਰਬਿ[89] ਗਇਆ ॥

Beholding[90] thy body[87] and wealth[88] thou hast become proud[89].

ਆਪਣੀ ਦੇਹ[87] ਅਤੇ ਦੌਲਤ[88]ਨੂੰ ਵੇਖ ਕੇ[90] ਤੂੰ ਹੰਕਾਰੀ[89] ਹੋ ਗਿਆ ਹੈਂ ।

ਕਨਿਕ[91] ਕਾਮਨੀ[92] ਸਿਉ ਹੇਤੁ[93] ਵਧਾਇਹਿ[94] ਕੀ[95] ਨਾਮੁ ਵਿਸਾਰਹਿ[96] ਭਰਮਿ[97] ਗਇਆ[98] ॥੧॥ਰਹਾਉ॥

Thou lovest[93] more and more[94] gold[91] and woman[92]. Why[95] hast thou forgotten[96] the Name and why strayest[98] thou in doubt[97] ? Pause.

ਤੂੰ ਸੋਨੇ[91] ਅਤੇ ਜ਼ਨਾਨੀ[92] ਨਾਲ ਆਪਣੀ ਮੁਹੱਬਤ[93] ਵਧੇਰੇ[94] ਕਰੀ ਜਾਂਦਾ ਹੈਂ । ਤੂੰ ਨਾਮ ਨੂੰ ਕਿਉਂ[95] ਭੁਲਾਇਆ[96] ਹੈ ਅਤੇ ਤੂੰ ਵਹਿਮ[97] ਅੰਦਰ ਕਿਉਂ ਭਟਕਦਾ[96] ਹੈਂ ? ਠਹਿਰਾਉ ।

ਜਤੁ[99] ਸਤੁ[100] ਸੰਜਮੁ[2] ਸੀਲੁ[3] ਨ ਰਾਖਿਆ[4] ਪ੍ਰੇਤ[5] ਪਿੰਜਰ[6] ਮਹਿ[7] ਕਾਸਟੁ[8] ਭਇਆ[9] ॥	Thou practisest[4] not continence[90], chastity[100], self-discipline[3] and humility[3] and the ghost[5] within[7] thy body-skeleton[6] has become[9] dry like wood[8].	ਤੂੰ ਬ੍ਰਹਿਮਚਰਜ[99], ਪ੍ਰਹੇਜ਼ਗਾਰੀ[100], ਸਵੈ-ਜ਼ਬਤ[2] ਅਤੇ ਨਿੰਮਰਤਾ[3] ਦੀ ਕਮਾਈ ਨਹੀਂ ਕਰਦਾ[4] ਅਤੇ ਤੇਰੀ ਦੇਹ ਦੇ ਕਰੰਗ[6] ਅੰਦਰਲਾ[7] ਭੂਤ[5] ਸੁੱਕ ਕੇ ਲੱਕੜ[8] ਵਰਗਾ ਹੋ ਗਿਆ[9] ਹੈ।
ਪੁੰਨੁ[10] ਦਾਨੁ[12] ਇਸਨਾਨੁ[13] ਨ ਸੰਜਮੁ[14] ਸਾਧਸੰਗਤਿ[15] ਬਿਨੁ[18] ਬਾਦਿ[16] ਜਇਆ[17] ॥ ੨॥	Alms[10], gifts[12], oblution[13] and austerities[14], thou hast none. Without[18] associating with the saints' society[15]. thou art born[17], in vain[16].	ਖ਼ੈਰਾਤ[10] ਇਨਾਮ ਇਕਰਾਮ[12], ਇਸ਼ਨਾਨ[13] ਅਤੇ ਕਰੜੀਆਂ ਘਾਲਾਂ[14], ਤੇਰੇ ਵਿੱਚ ਕੋਈ ਨਹੀਂ। ਸਤਿ ਸੰਗਤ[15] ਅੰਦਰ ਜੁੜਨ ਦੇ ਬਾਝੋਂ[18] ਤੂੰ ਵਿਅਰਥ[16] ਹੀ ਜੰਮਿਆ[17] ਹੈਂ।
ਲਾਲਚਿ[19] ਲਾਗੈ[20] ਨਾਮੁ ਬਿਸਾਰਿਓ[21] ਆਵਤ[22] ਜਾਵਤ[23]ਜਨਮੁ[24] ਗਇਆ[25]॥	Attached[20] to avarice[19], thou hast forgotten[21] the Name and in coming[22] and going[23], thy life[24] has been ruined[25].	ਲੋਭ[19] ਨਾਲ ਜੁੜ ਕੇ[20] ਤੂੰ ਨਾਮ ਨੂੰ ਭੁਲਾ ਦਿੱਤਾ[21] ਹੈ ਅਤੇ ਜੰਮਣ[22] ਤੇ ਮਰਨ[23] ਅੰਦਰ ਤੇਰਾ ਜੀਵਨ[24] ਬਰਬਾਦ ਹੋ ਗਿਆ[25] ਹੈ।
ਜਾ[26] ਜਮੁ[27] ਧਾਇ[28] ਕੇਸ[29] ਗਹਿ[30] ਮਾਰੈ[31] ਸੁਰਤਿ[32] ਨਹੀ ਮੁਖਿ[33] ਕਾਲ[34] ਗਇਆ[35] ॥੩॥	When[36] death's courier[27] seizes[30] thee by the hair[29], he hastens[28] to punish[31] thee. Then thou becomest unconscious[32] and fallest into[85] the mouth[33] of death[34].	ਜਦ[26] ਮੌਤ ਦਾ ਦੂਤ[27] ਤੈਨੂੰ ਵਾਲਾਂ[29] ਤੋਂ ਪਕੜ ਲੈਂਦਾ[30]ਹੈ ਤਾਂ ਉਹ ਛੇਤੀ[28] ਨਾਲ ਤੈਨੂੰ ਸਜ਼ਾ ਦਿੰਦਾ[31]ਹੈ। ਤਦ ਤੂੰ ਬੇਸੁਰਤ[32] ਹੋ ਜਾਂਦਾ ਹੈਂ ਅਤੇ ਮੌਤ[34] ਦੇ ਮੂੰਹ[33] ਵਿੱਚ ਜਾ ਡਿਗਦਾ[35] ਹੈਂ।
ਗੁਣ[21] ਰੰਗਿ[22] ਰਾਤੇ[23] ਧੰਨਿ[24] ਤੇ[25] ਜਨ[26] ਜਿਨੀ[27] ਇਕ ਮਨਿ[28] ਧਿਆਇਆ[29] ॥	Blessed[24] are those[25] persons[26], who ure imbued[23] with the love[22] of the Lord's praise[21] and who[27] meditate[29] on Him single-mindedly[28].	ਸੁਲੱਖਣੇ[24] ਹਨ ਉਹ[25] ਪੁਰਸ[26] ਜੋ ਸਾਹਿਬ ਦੀ ਸਿਫਤ ਸ਼ਲਾਘਾ[21] ਦੀ ਪ੍ਰੀਤ[22] ਨਾਲ ਰੰਗੇ ਹੋਏ[23] ਹਨ ਅਤੇ ਜੋ[27] ਇੱਕ ਚਿੱਤ[28] ਹੋ ਉਸ ਦਾ ਆਰਾਧਨ ਕਰਦੇ[29] ਹਨ ।
ਸਫਲ[30] ਜਨਮੁ[31] ਭਇਆ[32] ਤਿਨ ਕਾ[33] ਜਿਨੀ[34] ਸੋ[36] ਪ੍ਰਭੁ ਪਾਇਆ[35] ॥	Fruitful[33] becomes[33] the life[31] of those[33], who[34] attain[35] to that[36] Lord.	ਫਲਦਾਇਕ[30] ਵੰਝਦਾ[32] ਹੈ ਉਨ੍ਹਾਂ[33] ਦਾ ਜੀਵਨ[31] ਜੋ[34] ਉਸ[36] ਪ੍ਰਭੂ ਨੂੰ ਪ੍ਰਾਪਤ ਹੋ ਜਾਂਦੇ[35] ਹਨ ।
ਪੁੰਨ[37] ਦਾਨ[38] ਨ ਤੁਲਿ[39] ਕਿਰਿਆ[40] ਹਰਿ ਸਰਬ[41] ਪਾਪਾ[42] ਹੰਤ ਜੀਉ[43] ॥	Charities[37], alms[38] and religious rites[40] equal[39] not the God's Name, which destroys[43] all[41] the sins[43].	ਖ਼ੈਰਾਤਾਂ[37], ਸਖਾਵਤਾਂ[38] ਅਤੇ ਧਾਰਮਕ ਸੰਸਕਾਰ[40] ਵਾਹਿਗੁਰੂ ਦੇ ਨਾਮ ਦੇ ਬਰਾਬਰ[39] ਨਹੀਂ ਪੁੱਜਦੇ, ਜੋ ਸਾਰਿਆਂ[41] ਗੁਨਾਹਾਂ[42] ਨੂੰ ਨਸ਼ਟ ਕਰ ਦਿੰਦਾ[43] ਹੈ ।
ਬਿਨਵੰਤਿ[44] ਨਾਨਕ ਸਿਮਰਿ[45] ਜੀਵਾ[46] ਜਨਮ[47] ਮਰਣ[48] ਰਹੰਤ[49] ਜੀਉ ॥੧॥	Supplicates[44] Nanak, I llve[46] by meditating[45] on the Lord and my comings[47] and goings[48] have ended[49].	ਗੁਰੂ ਜੀ ਬਿਨੈ ਕਰਦੇ[44] ਹਨ ਮੈਂ ਸਾਂਈਂ ਨੂੰ ਆਰਾਧ[45] ਕੇ ਜੀਉਂਦਾ[46] ਹਾਂ ਅਤੇ ਮੇਰੇ ਜਨਮ[47] ਤੇ ਮਰਨ[48] ਮੁਕ ਗਏ[49] ਹਨ ।
ਸਲੋਕ ॥	Slok.	ਸਲੋਕ ।
ਉਦਮੁ[50] ਅਗਮੁ[51] ਅਗੋਚਰੋ[52] ਚਰਨ[53] ਕਮਲ[54] ਨਮਸਕਾਰ[55] ॥	Strive[50] thou to meet with thy Inaccessible[51] and Inapprenensible[52] Lord and pay homage[55] to His lotus[54]-feet[53].	ਤੂੰ ਪਹੁੰਚ ਤੋਂ ਪਰੇ[51] ਅਤੇ ਸੋਚ ਸਮਝ ਤੋਂ ਉਚੇਰੇ[52] ਆਪਣੇ ਮਾਲਕ ਨਾਲ ਮਿਲਣ ਦਾ ਉਪਰਾਲਾ[50] ਕਰ ਅਤੇ ਉਸ ਦੇ ਕੰਵਲ ਚਰਨਾਂ[53] ਨੂੰ ਪ੍ਰਣਾਮ[55] ਕਰ ।
ਕਥਨੀ[56] ਸਾ[57] ਤੁਧੁ ਭਾਵਸੀ[58] ਨਾਨਕ ਨਾਮ ਅਧਾਰ[59] ॥੧॥	Says Nanak, that[57] speech[56] alone is pleasing[58] to Thee, O Lord, which enjoins to seek the support[59] of Thy Name.	ਗੁਰੂ ਜੀ ਫ਼ੁਰਮਾਉਂਦੇ ਹਨ, ਕੇਵਲ ਉਹ[57] ਬੋਲ ਬਾਣੀ[56] ਹੀ ਤੈਨੂੰ ਚੰਗੀ ਲਗਦੀ[58] ਹੈ, ਹੇ ਸੁਆਮੀ ! ਜੋ ਤੇਰੇ ਨਾਮ ਦਾ ਆਸਰਾ[59] ਲੈਣ ਦੀ ਤਾਕੀਦ ਕਰਦੀ ਹੈ ।
ਸੰਤ ਸਰਣੀ[60] ਸਾਜਨ[61] ਪਰਹੁ[62] ਸੁਆਮੀ ਸਿਮਰਿ[63] ਅਨੰਤ[64] ॥	O friend[61], seek[62] thou the protection[60] of the saints and contemplate[63] thy Infinite[64] Lord.	ਹੇ ਮਿੱਤਰ[61] ! ਤੂੰ ਸਾਧੂਆਂ ਦੀ ਓਟ[60] ਲੈ[62] ਅਤੇ ਆਪਣੇ ਬੇਅੰਤ[64] ਪ੍ਰਭੂ ਦਾ ਭਜਨ[63] ਕਰ ।
ਸੂਕੇ[65] ਤੇ[66] ਹਰਿਆ[67] ਥੀਆ[68] ਨਾਨਕ ਜਪਿ[69] ਭਗਵੰਤ[70] ॥੨॥	Nanak, remembering[69] the Fortunate[79] Lord, thou shalt become[68] green[67] from[66] being withered[65],	ਨਾਨਕ, ਭਾਗਾਂ ਵਾਲੇ[70] ਸੁਆਮੀ ਦਾ ਸਿਮਰਨ[69] ਕਰਨ ਦੁਆਰਾ ਤੂੰ ਸੁੱਕੇ ਸਮੇ[65] ਤੋਂ ਹਰਾ ਭਰਾ[67] ਹੋ ਵੰਝੇਂਗਾ[68]।
ਛੰਤੁ ॥	Chhant.	ਛੰਤੁ ।
ਰੁਤਿ[71] ਸਰਸ[72] ਬਸੰਤ[73] ਮਾਹ[74] ਚੇਤੁ ਵੈਸਾਖ ਸੁਖ[75]	Delightfui[72] is the season[71] of spring[73]. The months[74] of Chet	ਆਨੰਦ-ਭਰਿਆ[72] ਹੈ, ਬਹਾਰ[73] ਦਾ ਮੌਸਮ[71] ਚੇਤ੍ਰ ਅਤੇ ਵਿਸਾਖ ਦੇ ਮਹੀਨੇ[74]

ਮਾਸੁ[76] ਜੀਉ ॥	and Baisakh are the pleasant[75] months[76].	ਖ਼ੁਸ਼ਗਵਾਰ[75] ਮਹੀਨੇ[76] ਹਨ ।
ਹਰਿ ਜੀਉ[77] ਨਾਹੁ[78] ਮਿਲਿਆ ਮਉਲਿਆ[79] ਮਨੁ[80] ਤਨੁ[81] ਸਾਸੁ[82] ਜੀਉ ॥	Obtaining Venerable[77] Lord as my spouse[78], my soul[89], body[81] and life[82] have bloomed[79].	ਪੂਜਯ[77] ਪ੍ਰਭੂ ਨੂੰ ਆਪਣੇ ਕੰਤ[78] ਵਜੋਂ ਪ੍ਰਾਪਤ ਕਰ ਕੇ, ਮੇਰੀ ਜਿੰਦੜੀ[80], ਦੇਹ[81] ਅਤੇ ਜੀਵਨ[82] ਪ੍ਰਫੁੱਲਤ ਹੋ ਗਏ[79] ਹਨ ।
੬੨੮		
ਘਰਿ[83] ਨਾਹੁ[84] ਨਿਹਚਲੁ[85] ਅਨਦੁ[86] ਸਖੀਏ[87] ਚਰਨ[88] ਕਮਲ[89] ਪ੍ਰਫੁਲਿਆ[90] ॥	When the lotus[89] feet[88] of my Imperishable[85] Groom[84] enter my heart-home[83], I am in bliss[86] and flower[90] afresh, O my mate[87].	ਜਦ ਮੇਰੇ ਅਬਿਨਾਸ਼ੀ[85] ਪਤੀ[84] ਦੇ ਕੰਵਲ[89] ਚਰਨ[88] ਮੇਰੇ ਦਿਲ ਦੇ ਗ੍ਰਹਿ[83] ਵਿੱਚ ਪ੍ਰਵੇਸ਼ ਕਰ ਜਾਂਦੇ ਹਨ ਤਾਂ ਮੈਂ ਖ਼ੁਸ਼[86] ਹੋ, ਨਵੇਂ ਸਿਰਿਉਂ, ਖਿੜ ਜਾਂਦਾ[90] ਹਾਂ, ਹੇ ਮੇਰੀ ਸਹੀਏ[87] !
ਸੁੰਦਰੁ[91] ਸੁਘੜੁ[92] ਸੁਜਾਣੁ[93] ਬੇਤਾ[94] ਗੁਣ[95] [96]ਗੋਵਿੰਦ[97] ਅਮੁਲਿਆ[98] ॥	The Lord[97] of the World[96] is Beauteous[91], Aecomplished[92], Omniscient[93] and All-knowing[94] and invaluable[98] are His virtues[95].	ਸ੍ਰਿਸ਼ਟੀ[96] ਦਾ ਸੁਆਮੀ[97] ਸੁਹਣਾ ਸੁਨੱਖਾ[91], ਕਾਮਲ[92], ਸਰਬੱਗ[93] ਅਤੇ ਸਾਰਾ ਕੁੱਛ ਜਾਣਨਹਾਰ[94] ਹੈ ਅਤੇ ਅਮੋਲਕ[98] ਹਨ, ਉਸ ਦੀਆਂ ਨੇਕੀਆਂ[95] ।
[99]ਵਡਭਾਗਿ[100] ਪਾਇਆ ਦੁਖੁ[2] ਗਵਾਇਆ[3] ਭਈ ਪੂਰਨ[4] ਆਸ[5] ਜੀਉ ॥	By great[99] good fortune[100], I have obtained my Lord. Dispelled[3] is mv grief[2] and fulfilled[4] are mine hopes[5].	ਭਾਰੇ[99] ਚੰਗੇ ਨਸੀਬਾਂ[100] ਦੁਆਰਾ ਮੈਂ ਆਪਣੇ ਪ੍ਰਭੂ ਨੂੰ ਪਾ ਲਿਆ ਹੈ । ਦੂਰ ਹੋ ਗਿਆ[3] ਹੈ ਮੇਰਾ ਰੰਜ, ਗਮ[2] ਤੇ ਪੂਰੀਆਂ[4] ਥੀ ਗਈਆਂ ਹਨ ਮੇਰੀਆਂ ਉਮੈਦਾਂ[5] ।
ਬਿਨਵੰਤਿ ਨਾਨਕ ਸਰਣਿ[6] ਤੇਰੀ ਮਿਟੀ[7] ਜਮ[8] ਕੀ ਤ੍ਰਾਸ[9] ਜੀਉ ॥੨॥	Prays Nanak, entering Thy sanctuary[6], O Lord, my fear[9] of death[8] is dispelled[7].	ਗੁਰੂ ਜੀ ਬਿਨੇ ਕਰਦੇ ਹਨ, ਤੈਂਡੀ ਪਨਾਹ[6] ਲੈਣ ਦੁਆਰਾ ਹੇ ਸਾਹਿਬ ! ਮੇਰਾ ਮੌਤ[8] ਦਾ ਡਰ[9] ਦੂਰ ਹੋ ਗਿਆ[7] ਹੈ ।
ਸਲੋਕ ॥	Slok.	ਸਲੋਕ ।
ਸਾਧਸੰਗਤਿ ਬਿਨੁ[10] ਭ੍ਰਮਿ[12] ਮੁਈ[13] ਕਰਤੀ[14] ਕਰਮ[15] ਅਨੇਕ[16] ॥	Without[10] the society of saints the woman (Sikh) dies[13] wandering[12] and performing[14] various[16] rituals[15].	ਸਤਿਸੰਗਤ ਦੇ ਬਾਝੋਂ[10] (ਜਗਿਆਸੂ ਰੂਪ) ਇਸਤਰੀ ਭਟਕ[12] ਅਤੇ ਅਨੇਕਾਂ[16] ਕਰਮਕਾਂਡ[15] ਕਰ[14] ਮਰ ਮੁਕ ਜਾਂਦੀ[13] ਹੈ ।
ਕੋਮਲ[17] ਬੰਧਨ[18] ਬਾਧੀਆ[19] ਨਾਨਕ ਕਰਮਹਿ[20] ਲੇਖ[21] ॥ ੧॥	She is bound[19] in the soft[17] bonds[18] of the record[21] of her past deeds[20], O Nanak.	ਉਹ ਆਪਣੇ ਪੂਰਬਲੇ ਅਮਲਾਂ[20] ਦੀ ਲਿਖਤਾਕਾਰ[21] ਦੇ ਨਰਮ[17] ਜ਼ੰਜੀਰਾਂ[18] ਅੰਦਰ ਜਕੜੀ ਹੋਈ[19] ਹੈ, ਹੇ ਨਾਨਕ !
ਜੋ[22] ਭਾਣੇ[23] ਸੇ[27] ਮੇਲਿਆ[24] ਵਿਛੋੜੇ[25] ਭੀ ਆਪਿ[26] ॥	They, who[22] art pleasing[23] to God; Them[27] He unites[24] with Himself. He Himself[26] separates[25] man from Him, too.	ਜਿਹੜੇ[22] ਹਰੀ ਨੂੰ ਚੰਗੇ ਲਗਦੇ[23] ਹਨ, ਉਨ੍ਹਾਂ[27] ਨੂੰ ਉਹ ਆਪਣੇ ਨਾਲ ਮਿਲਾ ਲੈਂਦਾ[24] ਹੈ । ਉਹ ਖ਼ੁਦ[26] ਹੀ ਬੰਦੇ ਨੂੰ ਆਪਣੇ ਨਾਲੋਂ ਵਿਛੋੜ ਭੀ ਦਿੰਦਾ[25] ਹੈ ।
ਨਾਨਕ ਪ੍ਰਭ ਸਰਣਾਗਤੀ[28] ਜਾ ਕਾ ਵਡ[29]ਪਰਤਾਪੁ[30]॥੨॥	Nanak has entered the sanctuary[28] of the Lord, great[39] is whose glory[30].	ਨਾਨਕ ਨੇ ਉਸ ਸਾਹਿਬ ਦੀ ਸ਼ਰਣ[28] ਲਈ ਹੈ, ਵਿਸ਼ਾਲ[29] ਹੈ ਜਿਸ ਦਾ ਤੱਪ ਤੇਜ[30] ।
ਛੰਤੁ ॥	Chhant.	ਛੰਤ ।

ਗ੍ਰੀਖਮ[31] ਰੁਤਿ ਅਤਿ[32] ਗਾਖੜੀ[33] ਜੇਠ ਅਖਾੜੈ[34] ਘਾਮ[35] ਜੀਉ ॥

In the months of Jeth and Har[34] of the summer season[31], the heat[35] is intensely[32] severe[33].

ਗਰਮੀ[31] ਦੇ ਮੌਸਮ ਦੇ ਜੇਠ ਅਤੇ ਹਾੜ[34]ਦੇ ਮਹੀਨਿਆ[31] ਵਿੱਚ ਗਰਮੀ[35] ਨਿਹਾਇਤ[32] ਹੀ ਸਖ਼ਤ[33] ਹੁੰਦੀ ਹੈ ।

ਪ੍ਰੇਮ[36] ਬਿਛੋਹੁ[37] ਦੁਹਾਗਣੀ[38] ਦ੍ਰਿਸਟਿ[39] ਨ ਕਰੀ ਰਾਮ[40] ਜੀਉ ॥

The discarded[28] bride is separated[37] from the love[36] of her Groom and the Lord[40] sees[39] her not.

ਛੁੱਟੜ[38] ਵਹੁਟੀ ਆਪਣੇ ਕੰਤ ਦੇ ਪਿਆਰ[36]ਤੋਂ ਵਿਛੁੜੀ[37] ਹੋਈ ਹੈ ਅਤੇ ਸੁਆਮੀ[40] ਉਸ ਨੂੰ ਵੇਖਦਾ[39] ਤਕ ਨਹੀਂ ।

ਨਹ ਦ੍ਰਿਸਟਿ ਆਵੈ ਮਰਤ ਹਾਵੈ[41] ਮਹਾ[42] ਗਾਰਬਿ[43] ਮੁਠੀਆ[44] ॥

She beholds her Lord not, dies in agony[41] and is defrauded[44] by great[42] pride[43].

ਉਹ ਆਪਣੇ ਸੁਆਮੀ ਨੂੰ ਨਹੀਂ ਵੇਖਦੀ, ਦੁਖ ਤਕਲੀਫ਼[41] ਅੰਦਰ ਮਰ ਜਾਂਦੀ ਹੈ, ਕਿਉਂਕਿ ਉਸ ਨੂੰ ਪਰਮ[42] ਹੰਕਾਰ[43] ਨੇ ਠੱਗ ਲਿਆ[44] ਹੈ ।

ਜਲ[45] ਬਾਝੁ[46] ਮਛੁਲੀ[47] ਤੜਫੜਾਵੈ[48] ਸੰਗਿ[49] ਮਾਇਆ[50] ਰੁਠੀਆ[51] ॥

Attached to[49] riches[50], she is estranged[51] with her Lord and flutters[48] like a fish[47] out[46] of water[45].

ਧਨ-ਦੌਲਤ[50] ਨਾਲ[49] ਜੁੜੀ ਹੋਈ ਉਹ ਆਪਣੇ ਸੁਆਮੀ ਨਾਲ ਰੁੱਸੀ ਹੋਈ[51] ਹੈ ਅਤੇ ਪਾਣੀ[45] ਦੇ ਬਗ਼ੈਰ[46] ਮੱਛੀ[47] ਦੀ ਮਾਨੰਦ ਤੜਫਦੀ[48] ਹੈ ।

ਕਰਿ[52] ਪਾਪ[53] ਜੋਨੀ[54] ਭੈ[58] ਭੀਤ[55] ਹੋਈ ਦੇਇ ਸਾਸਨ[56] ਜਾਮ[57] ਜੀਉ ॥

She commits[52] sins[53], and is therefore stricken[55] with the fear[58] of entering into existences[54] and death[57] shall punish[56] her.

ਉਹ ਪਾਪ[53] ਕਮਾਉਂਦੀ[52] ਹੈ, ਇਸ ਲਈ ਜੂਨੀਆਂ[54] ਦੇ ਅੰਦਰ ਪੈਣ ਦੇ ਡਰ[58] ਨਾਲ ਸਹਿਮੀ ਹੋਈ[55] ਹੈ । ਮੌਤ[57] ਉਸ ਤੂੰ ਸਜ਼ਾ[56] ਦੇਵੇਗੀ ।

ਬਿਨਵੰਤਿ ਨਾਨਕ ਓਟ[59] ਤੇਰੀ ਰਾਖੁ[60] ਪੂਰਨ[61] ਕਾਮ[62] ਜੀਉ ॥੩॥

Prays Nanak, preserve[60] me in Thine asylum[59], O Lord, the Fulfiller[61] of desires[62].

ਨਾਨਕ ਬੇਨਤੀ ਕਰਦਾ ਹੈ, ਹੇ ਕਾਮਨਾ[62] ਪੂਰੀਆਂ ਕਰਨ ਵਾਲੇ[61] ਸੁਆਮੀ ! ਮੈਨੂੰ ਆਪਣੀ ਛਤ੍ਰ ਛਾਇਆ[59] ਹੇਠ ਰਖ[60] ।

ਸਲੋਕ ॥

Slok.

ਸਲੋਕ ।

ਸਰਧਾ[63] ਲਾਗੀ[64] ਸੰਗਿ[65] ਪ੍ਰੀਤਮੈ[66] ਇਕੁ ਤਿਲੁ[67] ਰਹਣੁ[68] ਨ ਜਾਇ ॥

I am attached[64] in faithful love[63] to[65] my Beloved[66]. Without Him, I can abide[68] not even for an instant[67].

ਭਰੋਸੇ ਭਰੀ ਪ੍ਰੀਤ[63] ਅੰਦਰ, ਮੈਂ ਆਪਣੇ ਪਿਆਰੇ[66] ਨਾਲ[65] ਜੁੜ ਗਿਆ[64] ਹਾਂ । ਉਸ ਦੇ ਬਾਝੋਂ ਮੈਂ ਇਕ ਮੁਹਤ ਭਰ[67] ਭੀ ਰਹਿ[68] ਨਹੀਂ ਸਕਦਾ ।

ਮਨ[69] ਤਨ[70] ਅੰਤਰਿ ਰਵਿ[71] ਰਹੇ ਨਾਨਕ ਸਹਜਿ ਸੁਭਾਇ[72] ॥੧॥

Nanak, the Lord is permeating[71] my soul[69] and body[70] all-too-spontaneously[72].

ਨਾਨਕ, ਪ੍ਰਭੂ ਆਪਣੇ ਆਪ[72] ਹੀ ਮੇਰੀ ਆਤਮਾ[69] ਅਤੇ ਦੇਹ[70] ਅੰਦਰ ਰਮ ਰਿਹਾ[71] ਹੈ ।

ਕਰੁ[73] ਗਹਿ[74] ਲੀਨੀ ਸਾਜਨਹਿ[75] ਜਨਮ ਜਨਮ[76] ਕੇ ਮੀਤ[77] ॥

He, who has been my Friend[77] birth after birth[76]; That Intimate[75] has taken me[74] by my hand[73].

ਜੋ ਜਨਮਾਂ ਜਨਮਾਤਰਾਂ[76] ਤੋਂ ਮੇਰਾ ਮਿੱਤ੍ਰ[77] ਰਿਹਾ ਹੈ, ਉਸ ਯਾਰ[75] ਨੇ ਮੈਨੂੰ ਮੇਰੇ ਹੱਥ[73] ਤੋਂ ਪਕੜ ਲਿਆ[74]ਹੈ ।

ਚਰਨਹ[81] ਦਾਸੀ[78] ਕਰਿ ਲਈ[82] ਨਾਨਕ ਪ੍ਰਭ ਹਿਤ[79] ਚੀਤ[80] ॥੨॥

O Nanak, with hearty[80] love[79], the Lord has made[82] me the hand-maiden[78] of His feet[81].

ਹੇ ਨਾਨਕ ! ਦਿਲੀ[80] ਪ੍ਰੀਤ[79] ਨਾਲ ਸੁਆਮੀ ਨੇ ਮੈਨੂੰ ਆਪਣੇ ਚਰਨਾਂ[81] ਦੀ ਟਹਿਲਣ[78] ਬਣਾ ਲਿਆ[82] ਹੈ ।

ਛੰਤੁ ॥

Chhant.

ਛੰਤ ।

ਰੁਤਿ ਬਰਸੁ[83] ਸੁਹੇਲੀਆ[84]

The pleasant[84] rainy season[83] of

ਸਾਉਣ ਅਤੇ ਭਾਦੋਂ[85] ਦਾ ਖ਼ੁਸ਼ਗਵਾਰ[84] ਬਰਸਾਤ ਦਾ

ਸਾਵਣ ਭਾਦਵੇ[85] ਆਨੰਦ[86] ਜੀਉ ॥

Sawan and Bhadon[85], bestows bliss[86].

ਮੌਸਮ[83] ਖੁਸ਼ੀ[86] ਬਖਸ਼ਦਾ ਹੈ ।

ਘਣ[87] ਉਨਵਿ[88] ਵੂਠੇ[89] ਜਲ[90] ਥਲ[91] ਪੂਰਿਆ[92] ਮਕਰੰਦ[93] ਜੀਉ ॥

The low[88] clouds[37] rain[89] and sea[90] and land[91] are filled[92] with the water-honey[93].

ਨੀਵੇਂ ਬੱਦਲ[87] ਵਰ੍ਹਦੇ[89] ਹਨ ਅਤੇ ਸਮੁੰਦਰ[90] ਤੇ ਧਰਤੀ[91] ਪਾਣੀ ਦੇ ਸ਼ਹਿਦ[93] ਨਾਲ ਭਰ ਜਾਂਦੇ[92] ਹਨ ।

ਪ੍ਰਭ ਪੂਰਿ[94] ਰਹਿਆ ਸਰਬ[95] ਠਾਈ[96] ਹਰਿ ਨਾਮ [97]ਨਵਨਿਧਿ[98] ਗ੍ਰਿਹ[99] ਭਰੇ[100] ॥

The Lord is fully filling[94] all[95] the places[96] and with the nine[97] treasures[98] of God's Name all the heart-homes[99] are filled[100].

ਸੁਆਮੀ ਸਾਰਿਆਂ[95] ਥਾਵਾਂ[96] ਨੂੰ ਪੂਰੀ ਤਰ੍ਹਾਂ ਭਰ ਰਿਹਾ[94] ਹੈ ਅਤੇ ਵਾਹਿਗੁਰੂ ਦੇ ਨਾਮ ਦੇ ਨਵਾਂ[97] ਖ਼ਜਾਨਿਆਂ[98] ਨਾਲ ਸਮੂਹ ਦਿਲ ਘਰ[99] ਪਰੀਪੂਰਨ[100] ਹਨ ।

ਸਿਮਰਿ[2] ਸੁਆਮੀ ਅੰਤਰਜਾਮੀ[3] ਕੁਲ[4] ਸਮੂਹਾ[5] ਸਭਿ[6] ਤਰੇ[7] ॥

Contemplating[2] the Lord, the Searcher[3] of hearts, all[5] the generations[4] are wholly[6] saved[7].

ਦਿਲਾਂ ਦੀਆਂ ਜਾਣਨਹਾਰ[3] ਸਾਹਿਬ ਦਾ ਆਰਾਧ[2] ਕਰਨ ਦੁਆਰਾ ਸਾਰੀਆਂ[5] ਪੀੜ੍ਹੀਆਂ[4] ਮੁਕੰਮਲ[6] ਤੌਰ ਤੇ ਪਾਰ ਉੱਤਰ ਜਾਂਦੀਆਂ[7] ਹਨ ।

ਪ੍ਰਿਅ[8] ਰੰਗਿ[9] ਜਾਗੇ[10] ਨਹ ਛਿਦ੍ਰ[12] ਲਾਗੇ[13] ਕ੍ਰਿਪਾਲੁ[14] ਸਦ[15] ਬਖਸਿੰਦੁ[16] ਜੀਉ ॥

Those who are awake[10] in the love[9] of their Beloved[8]; To them no sin[12] attaches[13]. Ever[15]-forgiving[16] is my Merciful Master[14].

ਜੋ ਆਪਣੇ ਪ੍ਰੀਤਮ[8] ਦੇ ਪਿਆਰ[9] ਅੰਦਰ ਜਾਗਦੇ[10] ਹਨ; ਉਨ੍ਹਾਂ ਨੂੰ ਕੋਈ ਪਾਪ[12] ਨਹੀਂ ਚਿਮੜਦਾ[13] । ਸਦੀਵ[15] ਹੀ ਬਖਸ਼ਣਹਾਰ[16] ਹੈ ਮੇਰਾ ਮਿਹਰਬਾਨ ਮਾਲਕ[14] ।

ਬਿਨਵੰਤਿ ਨਾਨਕ ਹਰਿ ਕੰਤੁ[17] ਪਾਇਆ ਸਦਾ ਮਨਿ[18] ਭਾਵੰਦੁ[19] ਜੀਉ ॥੪॥

Prays Nanak, I have obtained God, who is ever pleasing[19] to my mind[18].

ਗੁਰੂ ਜੀ ਬਿਨੈ ਕਰਦੇ ਹਨ : ਮੈਂ ਵਾਹਿਗੁਰੂ ਨੂੰ ਆਪਣੇ ਭਰਤੇ[17] ਵਜੋਂ ਪ੍ਰਾਪਤ ਕਰ ਲਿਆ ਹੈ, ਜੋ ਹਮੇਸ਼ਾ ਹੀ ਮੇਰੇ ਚਿੱਤ[18] ਨੂੰ ਚੰਗਾ ਲਗਦਾ[19] ਹੈ ।

ਸਲੋਕ ॥

Slok

ਸਲੋਕ ।

ਆਸ[20] ਪਿਆਸੀ[21] ਮੈ ਫਿਰਉ[22] ਕਬ[23] ਪੇਖਉ[24] ਗੋਪਾਲ[25] ॥

Thirsty[21] with desire[20], I wander[22], thinking when[23] I shall behold[24] my Lord[25].

ਆਸ[20] ਨਾਲ ਤਿਹਾਈ[21] ਮੈਂ ਇਹ ਸੋਚਦੀ ਫਿਰਦੀ[22] ਹਾਂ ਕਿ ਮੈਂ ਆਪਣੇ ਸੁਆਮੀ[25] ਨੂੰ ਕਦ[23] ਵੇਖਾਂਗੀ ।

ਹੈ ਕੋਈ ਸਾਜਨੁ[26] ਸੰਤ ਜਨੁ[27] ਨਾਨਕ ਪ੍ਰਭ[29] ਮੇਲਣਹਾਰ[28] ॥੧॥

O Nanak, is there any friendly[26] holyman[27], who may unite[58] me with my Master[29] ?

ਹੇ ਨਾਨਕ ! ਕੀ ਕੋਈ ਮਿੱਤ੍ਰਭਾਵਨਾ ਵਾਲਾ[26] ਨੇਕ ਪੁਰਸ਼[27] ਹੈ, ਜੋ ਮੈਨੂੰ ਮੇਰੇ ਮਾਲਕ[29] ਨਾਲ ਮਿਲਾ ਦੇਵੇ[28] ?

ਬਿਨੁ ਮਿਲਬੇ[30] ਸਾਂਤਿ[31] ਨ ਊਪਜੈ ਤਿਲੁ[32] ਪਲੁ ਰਹਣੁ[33] ਨ ਜਾਇ ॥

Without meeting[30] Him, I am comforted[31] not. I can abide not even for a moment[32] and trice[33].

ਉਸ ਨੂੰ ਮਿਲਣ[30] ਦੇ ਬਗੈਰ ਮੈਨੂੰ ਠੰਢ ਚੈਨ[31] ਨਹੀਂ ਪੈਂਦੀ । ਇੱਕ ਮੁਹਤ[32] ਅਤੇ ਛਿਨ[33] ਭਰ ਲਈ ਭੀ ਮੈਂ ਰਹਿ ਨਹੀਂ ਸਕਦਾ ।

ਹਰਿ ਸਾਧਹ[34] ਸਰਣਾਗਤੀ[35] ਨਾਨਕ ਆਸ[36] ਪੁਜਾਇ[37] ॥੨॥

Entering the sanctuary[35] of God's saints[34], Nanak's desires[36] are fulfilled[37].

ਵਾਹਿਗੁਰੂ ਦੇ ਸੰਤਾਂ[34] ਦੀ ਓਟ[35] ਲੈਣ ਦੁਆਰਾ ਨਾਨਕ ਦੀਆਂ ਸੱਧਰਾਂ[36] ਪੂਰੀਆਂ ਹੋ ਗਈਆਂ[37] ਹਨ ।

ਛੰਤੁ ॥

Chhant.

ਛੰਤ ।

ਰੁਤਿ[38] ਸਰਦ[39] ਅਡੰਬਰੋ[40]

In the months of Assu and Katik,

ਸਿਆਲ[39] ਦੇ ਮੌਸਮ[38] ਤੋਂ ਪਹਿਲੇ ਆਉਣ ਵਾਲੇ, ਅੱਸੂ

ਅਸੂ ਕਤਕੇ ਹਰਿ ਪਿਆਸ[41] ਜੀਉ ॥

preceding the cold[33] season[28], I thirst[41] for God and make preparation[30] to meet Him.

ਅਤੇ ਕੱਤੇ ਦੇ ਮਹੀਨਿਆਂ ਵਿੱਚ ਮੈਨੂੰ ਵਾਹਿਗੁਰੂ ਦੀ ਤ੍ਰੇਹ[41] ਲੱਗੀ ਹੈ ਤੇ ਮੈਂ ਉਸ ਨੂੰ ਮਿਲਣ ਦੀ ਤਿਆਰੀ[40] ਕਰਦੀ ਹਾਂ ।

ਖੋਜੰਤੀ[42] ਦਰਸਨ[43] ਫਿਰਤ[44] ਕਬ[45] ਮਿਲੀਐ ਗੁਣ[46] ਤਾਸ[47] ਜੀਉ ॥

Searching[42]for His vision[43], I wander[44], thinking, when[45] I shall meet my Lord, the Treasure[47] of virtues[46].

ਇਹ ਸੋਚਦੀ ਹੋਈ ਕਿ ਮੈਂ ਨੇਕੀਆਂ[46] ਦੇ ਖ਼ਜ਼ਾਨੇ[47], ਆਪਣੇ ਮਾਲਕ, ਨੂੰ ਕਦ[45] ਮਿਲਾਂਗੀ, ਮੈਂ ਉਸ ਦੇ ਦੀਦਾਰ[43] ਨੂੰ ਭਾਲਦੀ[42] ਫਿਰਦੀ[44] ਹਾਂ ।

ਬਿਨੁ ਕੰਤ[48] ਪਿਆਰੇ[49] ਨਹ ਸੂਖ[50] ਸਾਰੇ ਹਾਰ[51] ਕੰਛਣ[52] ਧ੍ਰਿਗੁ[53] ਬਨਾ[54] ॥

Without my Beloved[49] Spouse[48], I obtain not all peace[50] and accursed[53] become[54] my necklaces[51] and bracelets[52].

ਆਪਣੇ ਪ੍ਰੀਤਮ[49] ਕਰਤੇ[48] ਦੇ ਬਗੈਰ ਮੈਨੂੰ ਸਮੂਹ ਸੁਖ[50] ਪ੍ਰਾਪਤ ਨਹੀਂ ਹੁੰਦੇ, ਅਤੇ ਧਿਕ੍ਕਾਰ[53] ਯੋਗ ਥੀ ਵੰਝਦੀਆਂ[54] ਹਨ ਮੇਰੀਆਂ ਮਾਲਾਂ[51] ਤੇ ਕੜੇ[52] ।

ਸੁੰਦਰਿ[55] ਸੁਜਾਣਿ[56] ਚਤੁਰਿ[57] ਬੇਤੀ[58] ਸਾਸ[59] ਬਿਨੁ[60] ਜੈਸੇ[61] ਤਨਾ[62] ॥

However beauteous[55], wise[56], accomplished[57] and all-knowing[58] I may be, my body[62] is, as[61] if, it is without[60] breath[59].

ਕਿੰਨੀ ਭੀ ਸੋਹਣੀ[55], ਸਿਆਣੀ[56], ਕਾਮਲ[57] ਅਤੇ ਸਾਰਾ ਕੁੱਛ ਜਾਨਣਹਾਰ[58] ਮੈਂ ਹੋਵਾਂ, ਮੇਰੀ ਦੇਹ[62] ਐਉਂ ਹੈ, ਜਿਸ ਤਰ੍ਹਾਂ[61] ਕਿ ਇਹ ਸਾਹ[59] ਦੇ ਬਗੈਰ[60] ਹੈ ।

ਈਤ[63] ਊਤ[64] [65]ਦਹਦਿਸ[66] ਅਲੋਕਨ[67] ਮਨਿ[68] ਮਿਲਨ ਕੀ ਪ੍ਰਭ ਪਿਆਸ[69] ਜੀਉ ॥

I look[67] here[63], there[64] and in ten[65] directions[66] for Him and my soul[68] thirsts[69] to meet my Lord.

ਏਥੇ[63], ਉੱਥੇ[64] ਅਤੇ ਦਸੀਂ[65] ਪਾਸੀਂ[66] ਮੈਂ ਉਸ ਨੂੰ ਦੇਖਦੀ[67] ਹਾਂ ਅਤੇ ਆਪਣੇ ਸੁਆਮੀ ਨੂੰ ਮਿਲਣ ਦੀ ਮੇਰੀ ਜਿੰਦੜੀ[68] ਨੂੰ ਤੇਹ[69] ਹੈ ।

ਬਿਨਵੰਤਿ ਨਾਨਕ ਧਾਰਿ[70] ਕਿਰਪਾ[71] ਮੇਲਹੁ ਪ੍ਰਭ ਗੁਣ[72] ਤਾਸ[73] ਜੀਉ ॥੫॥

Supplicates Nanak, O my Master, the Treasure[73] of virtues[72] show[70] mercy[71] and unite me with Thyself.

ਗੁਰੂ ਜੀ ਬਿਨੇ ਕਰਦੇ ਹਨ, ਹੇ ਨੇਕੀਆਂ[72] ਦੇ ਖ਼ਜ਼ਾਨੇ[73], ਮੇਰੇ ਮਾਲਕ ਰਹਿਮ[71] ਕਰ[70] ਤੇ ਮੈਨੂੰ ਆਪਣੇ ਨਾਲ ਮਿਲਾ ਲੈ ।

ਸਲੋਕ ॥

Slok.

ਸਲੋਕ ।

ਜਲਨਿ[74] ਬੁਝੀ[75] ਸੀਤਲ[76] ਭਏ ਮਨਿ[77]ਤਨਿ[78] ਉਪਜੀ[79] ਸਾਂਤਿ[80] ॥

My inner fire[74] is quenched[75], I am pacified[76] and within my soul[77] and body[78], peace[80] has welled up[79].

ਮੇਰੀ ਅੰਦਰਲੀ ਅੱਗ[74] ਬੁੱਝ ਗਈ[75] ਹੈ, ਮੈਂ ਠੰਢਾ ਠਾਰ ਹੋ ਗਿਆ[76] ਹਾਂ ਅਤੇ ਮੇਰੀ ਆਤਮਾ[77] ਤੇ ਦੇਹ[78] ਅੰਦਰ ਠੰਢ ਚੈਨ[80] ਉਤਪੰਨ ਹੋ ਗਈ[79] ਹੈ ।

੯੨੯

ਨਾਨਕ ਪ੍ਰਭੁ ਪੂਰਨ[81] ਮਿਲੇ ਦੁਤੀਆ[82] ਬਿਨਸੀ[83] ਭ੍ਰਾਂਤਿ[84] ॥੧॥

Nanak, I have met with my All-pervading[81] Lord and my duality[82] and doubt[84] are dispelled[83].

ਨਾਨਕ, ਮੈਂ ਆਪਣੇ ਸਰਬ-ਵਿਆਪਕ[81] ਸੁਆਮੀ ਨੂੰ ਮਿਲ ਪਿਆ ਹਾਂ ਅਤੇ ਮੇਰਾ ਦਵੈਤ-ਭਾਵ[82] ਤੇ ਸੰਦੇਹ[84] ਦੂਰ ਗਏ[83] ਹਨ ।

ਸਾਧ[85] ਪਠਾਏ[86] ਆਪਿ[87] ਹਰਿ ਹਮ[88] ਤੁਮ[79] ਤੇ[90] ਨਾਹੀ ਦੂਰਿ[91] ॥

God Himself[87] sends[86] the saints[85] to the world saying, "I[88] am not far[91] from[90] ye[89]".

ਵਾਹਿਗੁਰੂ ਖ਼ੁਦ[87] ਸੰਤਾਂ[85] ਨੂੰ ਇਹ ਕਹਿ ਕੇ ਸੰਸਾਰ ਵਿਚ ਭੇਜਦਾ[86] ਹੈ, "ਮੈਂ[88] ਤੁਹਾਡੇ[89] ਕੋਲੋਂ[90] ਦੂਰੇਡੇ[91] ਨਹੀਂ" ।

ਨਾਨਕੁ[92] ਭ੍ਰਮ ਭੈ[93] ਮਿਟਿ[94] ਗਏ ਰਮਣ[95] ਰਾਮ[96] ਭਰਪੂਰਿ[97] ॥੨॥

Nanak, uttering[95] the Name of the All-pervading[97] Lord[96], my doubt[92] and dread[93] are dispelled[94].

ਨਾਨਕ ਸਰਬ-ਵਿਆਪਕ[97] ਸੁਆਮੀ[96] ਦੇ ਨਾਮ ਦਾ ਸਿਮਰਨ[95] ਕਰਨ ਦੁਆਰਾ, ਮੇਰਾ ਵਹਿਮ[92] ਤੇ ਡਰ[93] ਨਾਸ ਹੋ ਗਏ[94] ਹਨ ।

ਛੰਤੁ ॥

Chhant.

ਛੰਤ ।

ਰੁਤਿ[98]ਸਿਸੀਅਰ[99] ਸੀਤਲ[100] ਹਰਿ ਪ੍ਰਗਟੇ[2] ਮੰਘਰ ਪੋਹਿ ਜੀਉ ॥

In the moon[99]-cool[100] season[98] of the months of Maghar and Poh, God hes become manifest[2] unto me.

ਚੰਦ[99] ਵਰਗੇ ਠੰਢੇ[100] ਮੱਘਰ ਅਤੇ ਪੋਹ ਦੇ ਮਹੀਨਿਆ ਦੇ ਮੌਸਮ[98] ਅੰਦਰ ਵਾਹਿਗੁਰੂ ਮੈਨੂੰ ਪ੍ਰਤੱਖ[2] ਦਿੱਸ ਪਿਆ ਹੈ ।

ਜਲਨਿ[3] ਬੁਝੀ[4] ਦਰਸੁ[5] ਪਾਇਆ ਬਿਨਸੇ[6] ਮਾਇਆ[7] ਧ੍ਰੋਹ[8] ਜੀਉ ॥

Seeing the Lord's wision[5] my heart-burning[3] is slaked[4] and the fraud[8] of mammon[7] is ended[6].

ਸਾਈਂ ਦਾ ਦੀਦਾਰ[5] ਦੇਖ ਕੇ, ਮੇਰੀ ਦਿਲ ਦੀ ਸੜਾਂਦ[3] (ਸੜਨ) ਬੰਦ ਹੋ ਗਈ[4] ਹੈ ਅਤੇ ਮੋਹਣੀ[7] ਮਾਇਆ ਦਾ ਛਲ ਫ਼ਰੇਬ[8] ਭੀ ਮਿੱਟ ਗਿਆ[8] ਹੈ ।

ਸਭਿ[9] ਕਾਮ[10] ਪੂਰੇ[12] ਮਿਲਿ ਹਜੂਰੇ[13] ਹਰਿ ਚਰਣ[14] ਸੇਵਕਿ[15] ਸੇਵਿਆ[16] ॥

Meeting with my God, face to face[13], all[9] my desires[10] are fulfilled[12] and I serve[16] His feet[14] Like a bond-slave[15].

ਆਪਣੇ ਵਾਹਿਗੁਰੂ ਨਾਲ ਐਨ ਪ੍ਰਤੱਖ[13] ਮਿਲ ਕੇ ਮੇਰੀਆਂ ਸਾਰੀਆਂ[9] ਕਾਮਨਾਵਾਂ[10] ਪੂਰੀਆਂ ਹੋ ਗਈਆਂ[12] ਹਨ, ਅਤੇ ਮੈਂ, ਗੁਮਾਸ਼ਤੇ[15] ਦੀ ਮਾਨੰਦ, ਉਸ ਦੇ ਚਰਨਾਂ[14] ਦੀ ਟਹਿਲ[16] ਕਮਾਉਂਦਾ ਹਾਂ ।

ਹਾਰ[17] ਡੋਰ[18] ਸੀਗਾਰ[19] ਸਭਿ ਰਸ[20] ਗੁਣ[21] ਗਾਉ[22] ਅਲਖ[23] ਅਭੇਵਿਆ[24] ॥

My necklace[17], hair-string[18] decorations[19] and all the dainties[20] consist in singing[22] the praise[21] of the Invisible[23] and Inscrutable[24] Lord.

ਮੇਰੀ ਮਾਲਾ[17], ਕੇਸਾਂ ਦੀ ਪਰਾਂਦੀ[18], ਹਾਰ ਸ਼ਿੰਗਾਰ[19] ਅਤੇ ਸਮੂਹ ਨਿਆਮਤਾਂ[20] ਅਦ੍ਰਿਸ਼ਟ[23] ਅਤੇ ਭੇਦ-ਰਹਿਤ[24] ਸੁਆਮੀ ਦੀ ਕੀਰਤੀ[21] ਗਾਇਨ[22] ਕਰਨਾ ਹੀ ਹੈ ।

ਭਾਉ[25] ਭਗਤਿ[26] [27]ਗੋਵਿੰਦ[28] ਬਾਂਛਤ[29] ਜਮੁ[30] ਨ ਸਾਕੈ ਜੋਹਿ[31] ਜੀਉ ॥

Death's courier[30] can spy[31] not those, who long[29] for the love[25] and service[26] of the World[27]-Lord[28].

ਮੌਤ ਦਾ ਦੂਤ[30] ਤਿਨ੍ਹਾਂ ਵਲ ਤੱਕ[31] ਨਹੀਂ ਸਕਦਾ ਜੋ ਸ੍ਰਿਸ਼ਟੀ[27] ਦੇ ਸੁਆਮੀ[28] ਦੀ ਪ੍ਰੀਤ[25] ਤੇ ਟਹਿਲ[26] ਸੇਵਾ ਨੂੰ ਲੋੜਦੇ[29] ਹਨ ।

ਬਿਨਵੰਤਿ ਨਾਨਕ ਪ੍ਰਭਿ ਆਪਿ[22] ਮੇਲੀ ਤਹ[33] ਨ ਪ੍ਰੇਮ[34] ਬਿਛੋਹ[35] ਜੀਉ ॥੬॥

Supplicates Nanak, she, whom the Lord has united with Himself[32] ; she[33] suffers not separation[35] of love[34] from her Beloved.

ਗੁਰੂ ਜੀ ਪ੍ਰਾਰਥਨਾ ਕਰਦੇ ਹਨ, ਜਿਸ ਨੂੰ ਸੁਆਮੀ ਨੇ ਆਪਣੇ[32] ਨਾਲ ਮਿਲਾ ਲਿਆ ਹੈ; ਉਸ[33] ਦਾ ਆਪਣੇ ਪ੍ਰੀਤਮ ਦੀ ਪ੍ਰੀਤ[34] ਨਾਲੋਂ ਵਿਛੋੜਾ[35] ਨਹੀਂ ਹੁੰਦਾ ।

ਸਲੋਕ ॥

Slok.

ਸਲੋਕ ।

ਹਰਿ ਧਨੁ[36] ਪਾਇਆ ਸੋਹਾਗਣੀ[37] ਡੋਲਤ[38] ਨਾਹੀ ਚੀਤ[39] ॥

The chaste bride[37] has obtained the wealth[36] of God's Name and her mind[39] now wavers[38] not.

ਪਾਕ ਪਤਨੀ[37] ਨੂੰ ਵਾਹਿਗੁਰੂ ਦੇ ਨਾਮ ਦਾ ਪਦਾਰਥ[36] ਪ੍ਰਾਪਤ ਹੋ ਗਿਆ ਹੈ ਅਤੇ ਹੁਣ ਉਸ ਦਾ ਮਨ[39] ਡਿੱਕੋਡੋਲੇ[38] ਨਹੀਂ ਖਾਂਦਾ ।

ਸੰਤ ਸੰਜੋਗੀ[40] ਨਾਨਕਾ ਗ੍ਰਿਹਿ[41] ਪ੍ਰਗਟੇ[42] ਪ੍ਰਭ ਮੀਤ[43] ॥੧॥

O Nanak, meeting[40] with the saints, the Lord, my Friend[43], has become manifest[49] in my very home[41].

ਸਾਧੂਆਂ ਨਾਲ ਮਿਲਣ[40] ਦੁਆਰਾ, ਹੇ ਨਾਨਕ ! ਸੁਆਮੀ ਮੇਰਾ ਮਿੱਤ੍ਰ[43], ਮੇਰੇ ਘਰ[41] (ਹਿਰਦੇ) ਵਿਚ ਹੀ ਪ੍ਰਤੱਖ ਹੋ ਗਿਆ[42] ਹੈ ।

ਨਾਦ[44] ਬਿਨੋਦ[45] ਅਨੰਦ[46] ਕੋਡ[47] ਪ੍ਰਿਅ[48] ਪ੍ਰੀਤਮ[49] ਸੰਗਿ[50] ਬਨੇ[51] ॥

With[50] her loved[49] spouse[48] the bride enjoys[51] millions[47] of melodies[44], merriments[45] and joys[46].

ਆਪਣੇ ਪਿਆਰੇ[49] ਪਤੀ[48] ਨਾਲ[50], ਪਤਨੀ ਕ੍ਰੋੜਾਂ[47] ਹੀ ਰਾਗ[44], ਹਾਸ ਬਿਲਾਸ[45] ਅਤੇ ਖ਼ੁਸ਼ੀਆਂ[46] ਮਾਣਦੀ[51] ਹੈ ।

ਮਨ[52] ਬਾਂਛਤ[53] ਫਲ[54]

Uttering[55] the Lord's Name, O

ਸਾਈਂ ਦਾ ਨਾਮ ਉਚਾਰਨ[55] ਕਰਨ ਦੁਆਰਾ, ਹੇ ਨਾਨਕ !

ਪਾਇਆ ਹਰਿ ਨਾਨਕ ਨਾਮ ਭਨੇ[55] ॥੨॥	Nanak, the mortal obtains the fruits[54] of his heart's[52] desire[53].	ਪ੍ਰਾਣੀ ਆਪਣੇ ਚਿੱਤ[52] ਚਾਹੁੰਦੇ[53] ਮੇਵੇ[54] ਪਾ ਲੈਂਦਾ ਹੈ ।
ਛੰਤੁ ॥	Chhant.	ਛੰਤ ।
ਹਿਮਕਰ[56] ਰੁਤਿ ਮਨਿ[57] ਭਾਵਤੀ[58] ਮਾਘੁ ਫਗਣੁ ਗੁਣਵੰਤ[59] ਜੀਉ ॥	The autumnal or snow-bound[56] season of the months of Magh and Phagan is pleasing[58] to my mind[57] and is very meritorious[59].	ਮਾਘ ਤੇ ਫੱਗਣ ਦੇ ਮਹੀਨਿਆਂ ਦੀ ਪਤਝੜ ਜਾਂ ਬਰਫ ਪੈਣ[56] ਵਾਲੀ ਮੌਸਮ ਮੇਰੇ ਚਿੱਤ[57] ਨੂੰ ਚੰਗੀ ਲਗਦੀ[58] ਹੈ ਅਤੇ ਬੜੀ ਹੀ ਗੁਣਦਾਇਕ[59] ਹੈ ।
ਸਖੀ[60] ਸਹੇਲੀ[61] ਗਾਉ[62] ਮੰਗਲੋ[63] ਗ੍ਰਿਹਿ[64] ਆਏ ਹਰਿ ਕੰਤ[65] ਜੀਉ ॥	O my mates[60] and companions[61], sing[62] ye the songs of rejoicing[63]. God, my Groom[65], has entered into my home[64].	ਹੇ ਮੇਰੀਓ ਸਹੀਓ[60] ਅਤੇ ਸਾਥਣੋ[61] ! ਤੁਸੀਂ ਖੁਸ਼ੀ ਦੇ ਗੀਤ[63] ਗਾਇਨ[62] ਕਰੋ । ਵਾਹਿਗੁਰੂ, ਮੇਰਾ ਪਤੀ[65], ਮੇਰੇ ਘਰ[64] ਵਿੱਚ ਆ ਗਿਆ ਹੈ ।
ਗ੍ਰਿਹਿ ਲਾਲ[66] ਆਏ ਮਨਿ[67] ਧਿਆਏ[68] ਸੇਜ[69] ਸੁੰਦਰਿ[70] ਸੋਹੀਆ[71] ॥	My Beloved[66] has come home, in my mind[67] meditate[68] I on Him and my hearty beauteous[70] couch[69] is bedecked[71].	ਮੈਂਡਾ ਦਿਲਜਾਨੀ[66] ਮੇਰੇ ਘਰ ਆ ਗਿਆ ਹੈ, ਮੈਂ ਆਪਣੇ ਚਿੱਤ[67] ਵਿੱਚ ਉਸ ਦਾ ਸਿਮਰਨ[68] ਕਰਦੀ ਹਾਂ ਅਤੇ ਮੈਂਡਾ ਹਿਰਦੇ-ਰੂਪੀ ਸੋਹਣਾ[70] ਪਲੰਘ[69] ਸ਼ਸ਼ੋਭਤ[71] ਹੋ ਗਿਆ ਹੈ ।
ਵਨੁ[72] ਤ੍ਰਿਣੁ[73] [74]ਤ੍ਰਿਭਵਣ[75] ਭਏ[78] ਹਰਿਆ[79] ਦੇਖਿ ਦਰਸਨ[76] ਮੋਹੀਆ[77] ॥	The woods[72], the grass-blades[73] and the three[74] worlds[75] have become[78] green[79] and on seeing my Love's vision[76], I am bewitched[77].	ਜੰਗਲ[72], ਘਾਹ ਦੀਆਂ ਤਿੜਾਂ[73] ਅਤੇ ਤਿੰਨੇ[74] ਜਹਾਨ[75] ਸਰਸਬਜ਼[79] ਹੋ ਗਏ[78] ਹਨ ਅਤੇ ਮੈਂ ਆਪਣੇ ਦਿਲਬਰ ਦਾ ਦੀਦਾਰ[76] ਵੇਖ ਮੋਹੀ[77] ਗਈ ਹਾਂ ।
ਮਿਲੇ ਸੁਆਮੀ ਇਛ[80] ਪੁੰਨੀ[81] ਮਨਿ ਜਪਿਆ[82] ਨਿਰਮਲ[83] ਮੰਤ[84] ਜੀਉ ॥	Meeting with my Master, my desire[80] is fulfilled[81] and my mind repeats[82] the Immaculate[83] Name-spell[84].	ਆਪਣੇ ਮਾਲਕ ਨਾਲ ਮਿਲ ਕੇ, ਮੇਰੀ ਖ਼ਾਹਿਸ਼[80] ਪੂਰੀ ਹੋ ਗਈ[81] ਹੈ ਅਤੇ ਮੈਂਡਾ ਮਨੂਆ ਪਵਿੱਤਰ[83] ਨਾਮ ਦੇ ਮੰਤ੍ਰ[84] ਦਾ ਉਚਾਰਨ ਕਰਦਾ[82] ਹੈ ।
ਬਿਨਵੰਤਿ ਨਾਨਕ ਨਿਤ[85] ਕਰਹੁ ਰਲੀਆ[86] ਹਰਿ ਮਿਲੇ [87]ਸ੍ਰੀਧਰ[88] ਕੰਤ[89] ਜੀਉ ॥੭॥	Prays Nanak. I have met God, my Groom[89], who is the Lord[88] of excellence[87] and I now ever[85] make merry[86].	ਗੁਰੂ ਜੀ ਬੇਨਤੀ ਕਰਦੇ ਹਨ ਮੈਂ ਵਾਹਿਗੁਰੂ, ਆਪਣੇ ਖ਼ਸਮ[89], ਨੂੰ ਮਿਲ ਪਈ ਹਾਂ, ਜੋ ਸ੍ਰੇਸ਼ਟਤਾ[87]ਦਾ ਸੁਆਮੀ[88] ਹੈ ਅਤੇ ਹੁਣ ਮੈਂ ਸਦਾ[85] ਹੀ ਮੌਜਾਂ[86] ਮਾਣਦੀ ਹਾਂ ।
ਸਲੋਕ ॥	Slok.	ਸਲੋਕ ।
ਸੰਤ ਸਹਾਈ[90] ਜੀਅ[91] ਕੇ ਭਵਜਲ[92] ਤਾਰਣ[93] ਹਾਰ[94]॥	The saints are the succourers[90] of the soul[91] and are the ferry-men[94] to cross the terrible[92] world-ocean[93].	ਸਾਧੂ ਜਿੰਦੜੀ[91] ਦੇ ਸਹਾਇਕ[90] ਹਨ ਅਤੇ ਭਿਆਨਕ[92] ਸੰਸਾਰ ਸਮੁੰਦਰ[93] ਤੋਂ ਪਾਰ ਕਰਨਹਾਰ[94] ਹਨ ।
ਸਭ ਤੇ ਊਚੇ[95] ਜਾਣੀਅਹਿ[94*] ਨਾਨਕ ਨਾਮ ਪਿਆਰ[95*] ॥ ੧॥	O Nanak, know[94*] them to be the highest[95*] of all, as they cherish love[95] for the Lord's Name.	ਹੇ ਨਾਨਕ ! ਤੂੰ ਉਨ੍ਹਾਂ ਨੂੰ ਸਾਰਿਆਂ ਨਾਲੋਂ ਬੁਲੰਦ[95*] ਸਮਝ[94*], ਕਿਉਂਜੋ ਉਨ੍ਹਾਂ ਦਾ ਪ੍ਰਭੂ ਦੇ ਨਾਮ ਨਾਲ ਪ੍ਰੇਮ[95] ਹੈ ।
ਜਿਨ[96] ਜਾਨਿਆ ਸੇਈ[67] ਤਰੇ[98] ਸੇ[99] ਸੂਰੇ[100] ਸੇ ਬੀਰ[2] ॥	They[97], who[96] know the Lord, swim across[98]. They[99] are the heroes[100] and they alone, the warriors[2].	ਜੋ[96] ਸਾਂਈਂ ਨੂੰ ਜਾਣਦੇ ਹਨ ਉਹ[97] ਪਾਰ ਉੱਤਰ ਜਾਂਦੇ[98] ਹਨ । ਉਹ[99] ਹੀ ਬਹਾਦਰ[100] ਹਨ ਅਤੇ ਕੇਵਲ ਉਹ ਹੀ ਯੋਧੇ[2] ।

ਨਾਨਕ ਤਿਨ[3] ਬਲਿਹਾਰਣੈ[4] ਹਰਿ ਜਪਿ[5] ਉਤਰੇ[6] ਤੀਰ[7] ॥੨॥

Nanak is a sacrifice[4] unto those[3], who by uttering[5] God's Name land[6] on the shore[7].

ਨਾਨਕ ਉਨ੍ਹਾਂ[3] ਉਤੋਂ ਕੁਰਬਾਨ ਵੰਞਦਾ[4] ਹੈ ਜੋ ਸਾਂਈਂ ਦੇ ਨਾਮ ਦਾ ਉਚਾਰਨ[5] ਕਰਕੇ ਕੰਢੇ[7] ਜਾ ਲੱਗੇ[6] ਹਨ ।

ਛੰਤੁ ॥

Chhant.

ਛੰਤ ।

ਚਰਣ[8] ਬਿਰਾਜਤਿ[9] ਸਭ ਊਪਰੇ[10] ਮਿਟਿਆ[12] ਸਗਲ[13] ਕਲੇਸੁ[14] ਜੀਉ ॥
ਆਵਣ[15] ਜਾਵਣ[16] ਦੁਖ[17] ਹਰੇ[18] ਹਰਿ ਭਗਤਿ[19] ਕੀਆ ਪਰਵੇਸੁ[20] ਜੀਉ ॥
ਹਰਿ ਰੰਗਿ[21] ਰਾਤੇ[22] ਸਹਜਿ[23] ਮਾਤੇ[24] ਤਿਲੁ[25] ਨ ਮਨ[26] ਤੇ ਬੀਸਰੈ[27] ॥

The Lord's feet[8] abide[9] over[10] the head of all. Enshrining them in the mind all[13] the woes[14] are erased[12]. They dispel[18] the agony[17] of coming[15] and going[16] and the Lord's meditation[19] enters[20] into the man's mind. Inebriated[24] with Divine knowledge[23], one is imbued[22] with God's love[21], and within his mind[26] forgets[27] not the Lord, even for an instant[25].

ਸਾਂਈਂ ਦੇ ਚਰਣ[8] ਸਾਰਿਆਂ ਦੇ ਸਿਰ ਉੱਤੇ[10] ਵੱਸਦੇ[9] ਹਨ । ਉਨ੍ਹਾਂ ਨੂੰ ਹਿਰਦੇ ਅੰਦਰ ਟਿਕਾਉਣ ਦੁਆਰਾ ਸਾਰੇ[13] ਰੰਜ ਗਮ[14] ਮਿੱਟ ਜਾਂਦੇ[12] ਹਨ ।
ਉਹ ਜੰਮਣ[15] ਤੇ ਮਰਨ[16] ਦੇ ਕਸ਼ਟ[17] ਨੂੰ ਨਵਿਰਤ[18] ਕਰ ਦਿੰਦੇ ਹਨ ਅਤੇ ਸੁਆਮੀ ਦਾ ਸਿਮਰਨ[19] ਮਨੁੱਖ ਦੇ ਮਨ ਅੰਦਰ ਦਾਖਲ[20] ਹੋ ਜਾਂਦਾ ਹੈ ।
ਬ੍ਰਹਮ ਗਿਆਨ[23] ਨਾਲ ਮਤਵਾਲਾ[24] ਹੋ, ਇਨਸਾਨ ਵਾਹਿਗੁਰੂ ਦੇ ਪ੍ਰੇਮ[21] ਨਾਲ ਰੰਗਿਆ ਜਾਂਦਾ[22] ਹੈ ਅਤੇ ਆਪਣੇ ਚਿੱਤ[26] ਵਿਚੋਂ ਸੁਆਮੀ ਨੂੰ ਇੱਕ ਮੁਹਤ[25] ਭਰ ਲਈ ਭੀ ਨਹੀਂ ਭੁਲਾਉਂਦਾ[27] ।

ਤਜਿ[28] ਆਪੁ[29] ਸਰਣੀ[30] ਪਰੇ[31] ਚਰਨੀ[32] ਸਰਬ[33] ਗੁਣ[34] [35]ਜਗਦੀਸਰੈ[36] ॥

Shedding[28] my self-conceit[29], I haue fallen[31] under the protection[30] of God's feet[32]. All[33] the virtues[34] abide in the Lord[36] of the Universe[35].

ਆਪਣੀ ਸਵੈ-ਹੰਗਤਾ[29] ਨੂੰ ਛੱਡ ਕੇ[28], ਮੈਂ ਵਾਹਿਗੁਰੂ ਦੇ ਚਰਣਾਂ[32] ਦੀ ਓਟ[30] ਹੇਠਾਂ ਆ ਡਿੱਗਾ[31] ਹਾਂ । ਸਾਰੀਆਂ[33] ਨੇਕੀਆਂ[34] ਕੁਲ ਆਲਮ[35] ਦੇ ਸੁਆਮੀ[36] ਅੰਦਰ ਨਿਵਾਸ ਰਖਦੀਆਂ ਹਨ ।

[37]ਗੋਵਿੰਦ[38] [39]ਗੁਣਨਿਧਿ[40] [41]ਸ੍ਰੀਰੰਗ[42] ਸੁਆਮੀ[43] ਆਦਿ[44] ਕਉ ਆਦੇਸੁ[45] ਜੀਉ ॥

I make obeisance[45] unto the Primal[44] Lord[43], the Lord[38] of the World[37], the Treasure[40] of virtues[39] and the Lover[42] of eminence[41].

ਮੈਂ ਸ੍ਰਿਸ਼ਟੀ[37] ਦੇ ਸੁਆਮੀ[38], ਨੇਕੀਆਂ[39] ਦੇ ਖ਼ਜ਼ਾਨੇ[40] ਅਤੇ ਉਤਕ੍ਰਿਸ਼ਟਤਾ[41] ਦੇ ਪਿਆਰੇ[42], ਪਰਾਪੂਰਬਲੇ[44] ਪ੍ਰਭੂ[43] ਨੂੰ ਨਮਸ਼ਕਾਰ[45] ਕਰਦਾ ਹਾਂ ।

ਬਿਨਵੰਤਿ[51] ਨਾਨਕ ਮਇਆ[46] ਧਾਰਹੁ[47] ਜੁਗੁ ਜੁਗੋ[48] ਇਕੁ[50] ਵੇਸੁ[49] ਜੀਉ ॥੮॥੧॥੬॥੮॥

Prays[51] Nanak, show[47] Thou mercy[46] unto me, O Lord. Thou art of the self-same[50] form[49] in every age[48].

ਗੁਰੂ ਜੀ ਬਿਨੈ[51] ਕਰਦੇ ਹਨ, ਤੂੰ ਮੇਰੇ ਉੱਤੇ ਕਿਰਪਾ[46] ਕਰ[47], ਹੇ ਸੁਆਮੀ ! ਹਰ ਯੁੱਗ[48] ਅੰਦਰ ਤੂੰ ਐਨ ਉਸੇ[50] ਹੀ ਸਰੂਪ[49] ਵਾਲਾ ਹੈਂ ।

ਰਾਮਕਲੀ ਮਹਲਾ ੧
ਦਖਣੀ ਓਅੰਕਾਰੁ

Ramkali Ist Guru
Dakhni Onkar

ਰਾਮਕਲੀ ਪਹਿਲੀ ਪਾਤਿਸ਼ਾਹੀ
ਦੱਖਣੀ ਓਅੰਕਾਰ

੧ ੴ ਸਤਿਗੁਰ ਪ੍ਰਸਾਦਿ ॥

There is but One True God. By Guru's grace, He is obtained.

ਵਾਹਿਗੁਰੂ ਕੇਵਲ ਇੱਕ ਤੇ ਸਤਿ ਸਰੂਪ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਓਅੰਕਾਰਿ[57] ਬ੍ਰਹਮਾ ਉਤਪਤਿ[53] ॥

Brahma was created[53] through the One Lord[52].

ਬ੍ਰਹਮਾ ਵੀ ਓਅੰਕਾਰ ਪ੍ਰਭੂ[52] ਰਾਹੀਂ ਹੀ ਰਚਿਆ ਗਿਆ[53] ।

ਓਅੰਕਾਰੁ ਕੀਆ[54] ਜਿਨਿ[55] ਚਿਤਿ[56] ॥

That Brahma cherished the One Lord in the mind[56].

ਅਤੇ ਉਸ ਬ੍ਰਹਮਾ ਨੇ ਵੀ ਵਾਹਿਗੁਰੂ ਨੂੰ ਹੀ ਆਪਣੇ[55] ਚਿੱਤ[56] ਵਿੱਚ ਧਾਰਿਆ[54] ।

ੴ ਸਤਿਗੁਰ ਪ੍ਰਸਾਦਿ ॥		
ੴ ਸਤਿਗੁਰ ਪ੍ਰਸਾਦਿ ॥		
ੴ ਸਤਿਗੁਰ ਪ੍ਰਸਾਦਿ ॥		
ਓਅੰਕਾਰਿ ਸੈਲ[57] ਜੁਗ[58] ਭਏ[59] ॥	It is from the One Lord, that mountains[57] and ages[58] have emanated[59].	ਇਕ ਪ੍ਰਭੂ ਤੋਂ ਹੀ ਪਹਾੜ[57] ਅਤੇ ਯੁਗ[58] ਉਤਪੰਨ[59] ਹੋਏ ਹਨ।
ਓਅੰਕਾਰਿ ਬੇਦ ਨਿਰਮਏ[60] ॥	It is the Lord who created[60] the Vedas.	ਇਕ ਪ੍ਰਭੂ ਨੇ ਹੀ ਵੇਦ ਰਚੇ[60] ਹਨ।
ਓਅੰਕਾਰਿ ਸਬਦਿ[6] ਉਧਰੇ[62]॥	It is through the One Lord, that the world[61] is saved[62].	ਇਕ ਪ੍ਰਭੂ ਦੇ ਰਾਹੀਂ ਹੀ ਜਗਤ[61] ਦਾ ਪਾਰ ਉਤਾਰਾ[62] ਹੁੰਦਾ ਹੈ।
ਓਅੰਕਾਰਿ ਗੁਰਮੁਖਿ[63] ਤਰੇ[64] ॥	It is through the Lord, that the God-conscious[63] beings are emancipated[64].	ਇਕ ਪ੍ਰਭੂ ਦੇ ਰਾਹੀਂ ਹੀ ਵਾਹਿਗੁਰੂ ਨੂੰ ਜਾਣਨ ਵਾਲੇ[63] ਜੀਵ ਮੋਖ਼ਸ਼[64] ਹੁੰਦੇ ਹਨ।
[65]ਓਨਮ[66] ਅਖਰ[67] ਸੁਣਹੁ[68] ਬੀਚਾਰੁ[69] ॥	Hear[68] thou the account[69] of the Imperishable[67] Lord[65], worthy of obeisance[66].	ਤੂੰ, ਨਮਸ਼ਕਾਰ[66] ਕਰਨਯੋਗ ਅਬਿਨਾਸੀ[67] ਸੁਆਮੀ[65] ਦੀ ਕਥਾਵਾਰਤਾ[69] ਸ੍ਰਵਣ[68] ਕਰ।
ਓਨਮ[70] ਅਖਰੁ[71] [72]ਤ੍ਰਿਭਵਣ[73] ਸਾਰੁ[74] ॥੧॥	The eternal[71] Lord[70] is the essence[74] of the three[72] worlds[73].	ਅਮਰ[71] ਸੁਆਮੀ[70], ਤਿੰਨਾਂ[72] ਹੀ ਜਹਾਨਾਂ[73] ਦਾ ਜੌਹਰ[74] ਹੈ।
ਸੁਣਿ ਪਾਡੇ ਕਿਆ[75] ਲਿਖਹੁ ਜੰਜਾਲਾ[76] ॥	Hear, O Pandit, why[75] writest thou the worldly puzzles[76] ?	ਸੁਣ ਹੇ ਪੰਡਤ ! ਤੂੰ ਸੰਸਾਰੀ ਪੁਆੜੇ[76] ਕਿਉਂ[75] ਲਿਖਦਾ ਹੈਂ ?
ਲਿਖੁ ਰਾਮ[77] ਨਾਮ ਗੁਰਮੁਖਿ[78] [79]ਗੋਪਾਲਾ[80] ॥ ੧॥ਰਹਾਉ॥	By Guru's grace[78], write thou only the Name of the Lord[77], the Cherisher[80] of the world[79]. Pause.	ਗੁਰਾਂ ਦੀ ਦਇਆ[78] ਦੁਆਰਾ ਤੂੰ ਸੰਸਾਰ[79] ਦੇ ਪਾਲਣਹਾਰ[80] ਸੁਆਮੀ[77] ਦਾ ਨਾਮ ਹੀ ਲਿਖ। ਠਹਿਰਾਉ।
ਸਸੈ ਸਭੁ ਜਗੁ ਸਹਜਿ[81] ਉਪਾਇਆ[82] ਤੀਨਿ ਭਵਨ[83] ਇਕ ਜੋਤੀ[84] ॥	S;—God created[82] the whole world with case[81]. In the three worlds[83] is the one Luminous Lord[84].	ਸ;- ਹਰੀ ਨੇ ਸਾਰੇ ਸੰਸਾਰ ਨੂੰ ਸੁਖੈਨ[81] ਹੀ ਸਾਜਿਆ[82] ਹੈ। ਤਿੰਨਾਂ ਜਹਾਨਾਂ[83] ਅੰਦਰ ਇਕ ਪ੍ਰਕਾਸ਼ਵਾਨ[84] ਪ੍ਰਭੂ ਹੀ ਹੈ।
ਗੁਰਮੁਖਿ[85] ਵਸਤੁ[86] ਪਰਾਪਤਿ[87] ਹੋਵੈ ਚੁਣਿ[88] ਲੈ ਮਾਣਕ[89] ਮੋਤੀ[90] ॥	Pick up[88] thou the gems[89] and pearls[90] of the Name and by the Guru's grace[85], thou shalt obtain[87] God, the Real commodity[86].	ਤੂੰ ਨਾਮ ਦੇ ਜਵਾਹਿਰਾਤ[89] ਅਤੇ ਹੀਰਿਆਂ[90] ਨੂੰ ਚੁੱਗ[88] ਅਤੇ ਗੁਰਾਂ ਦੀ ਦਇਆ ਦੁਆਰਾ[85] ਤੂੰ ਵਾਹਿਗੁਰੂ ਰੂਪੀ ਅਸਲ ਵੱਖਰ[86] ਨੂੰ ਪਾ ਲਵੇਂਗਾ[87]।
ਸਮਝੈ[91] ਸੂਝੈ[92] ਪੜਿ ਪੜਿ[93] ਬੂਝੈ[94] ਅੰਤਿ[95] ਨਿਰੰਤਰਿ[96] ਸਾਚਾ[97] ॥	If man, understands[91], reflects[92] and comprehends[94] what he reads and peruses[93], he ultimately[95] comes to realise that the True Lord[97] is within[96] all.	ਜੇਕਰ ਬੰਦਾ, ਜਿਹੜਾ ਕੁੱਛ ਉਹ ਪੜ੍ਹਦਾ ਤੇ ਵਾਚਦਾ[93] ਹੈ, ਉਸ ਨੂੰ ਜਾਣ[91], ਸੋਚ[92] ਅਤੇ ਸਮਝ ਲਵੇ[94], ਤਦ ਉਹ ਓੜਕ[95] ਨੂੰ ਅਨੁਭਵ ਕਰ ਲੈਂਦਾ ਹੈ ਕਿ ਸੱਚਾ ਸਾਂਈਂ[97] ਸਾਰਿਆਂ ਦੇ ਅੰਦਰ[96] ਹੈ।
ਗੁਰਮੁਖਿ[98] ਦੇਖੈ ਸਾਚੁ[99]	The pious person[98] perceives and	ਪਵਿੱਤਰ ਪੁਰਸ਼[98] ਸੱਚੇ ਸੁਆਮੀ[99] ਨੂੰ ਵੇਖਦਾ ਅਤੇ

ਸਮਾਲੇ[100] ਬਿਨੁ ਸਾਚੇ ਜਗੁ[2] ਕਾਚਾ[3] ॥੨॥	contemplates[100] the True Lord[99]. With thy True Lord, the world[2] is but false[3].	ਸਿਮਰਦਾ[100] ਹੈ। ਸੱਚੇ ਸੁਆਮੀ ਦੇ ਬਾਝੋਂ ਸੰਸਾਰ[2] ਨਿਰਾਪੁਰਾ ਕੂੜਾ[3] ਹੀ ਹੈ।
ਧਧੈ ਧਰਮੁ[4] ਧਰੇ[5] ਧਰਮਾ[6] ਪੁਰਿ[7] ਗੁਣਕਾਰੀ[8] ਮਨੁ[9] ਧੀਰਾ[10] ॥	Dh;—The meritorious men[8], with steadfast[10] mind[9], cherish[5] Lord's devotion[4] in this world, the city[7] of faith[6].	ਧ;-ਦ੍ਰਿੜ[10] ਚਿੱਤ[9] ਵਾਲੇ ਨੇਕ ਬੰਦੇ[8] ਇਸ ਜਗਤ, ਈਮਾਨ[6] ਦੇ ਸ਼ਹਿਰ[7], ਅੰਦਰ ਈਸ਼ਵਰ ਭਗਤੀ[4] ਨੂੰ ਇਖਤਿਆਰ[5] ਕਰਦੇ ਹਨ।
ਧਧੈ ਧੂਲਿ[12] ਪੜੈ[13] ਮੁਖਿ[14] ਮਸਤਕਿ[15] ਕੰਚਨ[16] ਭਏ[17] ਮਨੂਰਾ[18] ॥	Dh;— if the dust[12] of such saints' feet alights[13] on man's face[14] and forehead[15], from iron dross[18] he is transmuted[17] into gold[16].	ਧ;-ਜੇਕਰ ਐਸੇ ਸੰਤਾਂ ਦੇ ਪੈਰਾਂ ਦੀ ਧੂੜ[12] ਇਨਸਾਨ ਦੇ ਚਿਹਰੇ[14] ਅਤੇ ਮੱਥੇ[15] ਤੇ ਪੈ ਜਾਵੇ[13], ਤਦ ਉਹ ਲੋਹੇ ਦੀ ਮੈਲ[18] ਤੋਂ ਸੋਨਾ[16] ਬਣ ਜਾਂਦਾ[17] ਹੈ।
ਧਨੁ[19] [20]ਧਰਣੀਧਰੁ[21] ਆਪਿ[22] ਅਜੋਨੀ[23] ਤੋਲਿ[24] ਬੋਲਿ[25] ਸਚੁ ਪੂਰਾ[26] ॥	Blessed[19] is He, the supporter[21] of the earth[20], who Himself[22] is unborn[23] and whose decision[24] and speech[25] are true and perfect[26].	ਮੁਬਾਰਕ[19] ਹੈ ਉਹ, ਧਰਤੀ[20] ਨੂੰ ਆਸਰਾ[21] ਦੇਣਹਾਰ, ਜੋ ਖੁਦ[22] ਅਜਨਮਾ[23] ਹੈ ਅਤੇ ਜਿਸ ਦਾ ਫੈਸਲਾ[24] ਅਤੇ ਬਚਨ[25] ਸੱਚੇ ਅਤੇ ਮੁਕੰਮਲ[26] ਹਨ।
ਕਰਤੇ[27] ਕੀ ਮਿਤਿ[28] ਕਰਤਾ ਜਾਣੈ ਕੈ[29] ਜਾਣੈ ਗੁਰੁ ਸੂਰਾ[30] ॥੩॥	The Creator's[27] extent[28], only the Creator knows, or[29] knows the valiant[30] Guru.	ਸਿਰਜਣਹਾਰ[27] ਦੇ ਵਿਸਥਾਰ[28] ਨੂੰ ਸਿਰਜਣਹਾਰ ਹੀ ਜਾਣਦਾ ਹੈ, ਜਾਂ[29] ਜਾਣਦਾ ਹੈ ਸੂਰਬੀਰ[30] ਗੁਰੂ।
ਝਿਆਨੁ[31] ਗਵਾਇਆ[32] ਦੂਜਾ[33] ਭਾਇਆ[34] ਗਰਬਿ[35] ਗਲੇ[36] ਬਿਖੁ[37] ਖਾਇਆ ॥	Loving[34] another[33], man loses[32] Divine knowledge[51]. He putrefies[36] in pride[35] and eats poison[37].	ਹੋਰਸ[33] ਨਾਲ ਪਿਆਰ ਪਾ[34] ਕੇ, ਬੰਦਾ ਬ੍ਰਹਮ ਗਿਆਤ[31] ਨੂੰ ਵੰਞਾ ਲੈਂਦਾ[32] ਹੈ। ਉਹ ਹੰਕਾਰ[35] ਅੰਦਰ ਗਲ ਸੜ ਜਾਂਦਾ[36] ਹੈ ਤੇ ਜ਼ਹਿਰ[37] ਨੂੰ ਖਾਂਦਾ ਹੈ।
ਗੁਰ ਰਸੁ[38] ਗੀਤ[39] ਬਾਦ[40] ਨਹੀ ਭਾਵੈ[41] ਸੁਣੀਐ ਗਹਿਰ[42] ਗੰਭੀਰੁ[43] ਗਵਾਇਆ[44] ॥	The ambrosial[38] hymn[39] of the Guru, he deems vain[40] and likes[41] not to hear it. Thus loses[44] he, the Profound[42] and Unfathomable[43] Lord.	ਗੁਰਾ ਦੀ ਅੰਮ੍ਰਿਤਮਈ[38] ਬਾਣੀ[39] ਨੂੰ ਉਹ ਫਜ਼ੂਲ[40] ਜਾਣਦਾ ਹੈ ਅਤੇ ਇਸ ਨੂੰ ਸੁਣਨਾ ਪਸੰਦ[41] ਨਹੀਂ ਕਰਦਾ। ਐਕੁਰ ਉਹ ਡੂੰਘੇ[42] ਤੇ ਅਥਾਹ[43] ਸਾਂਈਂ ਨੂੰ ਗੁਆ ਲੈਂਦਾ[44] ਹੈ।
ਗੁਰਿ ਸਚੁ ਕਹਿਆ[45] ਅੰਮ੍ਰਿਤੁ[46] ਲਹਿਆ[47] ਮਨਿ[48] ਤਨਿ[49] ਸਾਚੁ[50] ਸੁਖਾਇਆ[51]॥	If the mortal believes, that the Guru tells[45] truth, he obtains[47] Nectar[46] and to his soul[48] and body[49], the True Lord[50] becomes pleasing[51].	ਜੇਕਰ ਪ੍ਰਾਣੀ ਯਕੀਨ ਕਰ ਲਵੇ ਕਿ ਗੁਰੂ ਜੀ ਸੱਚ ਆਖਦੇ[45] ਹਨ ਤਾਂ ਉਹ ਅੰਮ੍ਰਿਤ[46] ਨੂੰ ਪਾ ਲੈਂਦਾ[47] ਹੈ ਅਤੇ ਉਸ ਦੀ ਆਤਮਾ[48] ਤੇ ਦੇਹ[49] ਨੂੰ ਸੱਚਾ ਸੁਆਮੀ[50] ਚੰਗਾ ਲਗਦਾ[51] ਹੈ।
ਆਪੇ[52] ਗੁਰਮੁਖਿ[53] ਆਪੇ ਦੇਵੈ[54] ਆਪੇ ਅੰਮ੍ਰਿਤੁ[55] ਪੀਆਇਆ[56] ॥੪॥	The Lord Himself[52] is the Exalted Guru[33]. Himself He blesses[54] man with the Nectar-Name and Himself makes him quaff[56] this Nectar[55].	ਸੁਆਮੀ ਆਪ[52] ਮੁਖੀ ਗੁਰਦੇਵ[53] ਹੈ। ਆਪ ਹੀ ਉਹ ਆਦਮੀ ਨੂੰ ਅੰਮ੍ਰਿਤਮਈ ਨਾਮ ਬਖਸਦਾ[54] ਹੈ ਅਤੇ ਆਪ ਹੀ ਉਸ ਨੂੰ ਇਸ ਅੰਮ੍ਰਿਤ[55] ਨੂੰ ਛਕਾਉਂਦਾ[56] ਹੈ।
ਏਕੋ ਏਕੁ[57] ਕਹੈ ਸਭੁ ਕੋਈ[58]	Every one[58] says that the Lord is, but	ਹਰ ਕੋਈ[58] ਆਖਦਾ ਹੈ ਕਿ ਪ੍ਰਭੂ ਕੇਵਲ ਇੱਕ[57] ਹੈ

ਹਉਮੈ[59] ਗਰਬੁ[60] ਵਿਆਪੈ[61]॥	One[57], but each one is engrossed[61] in ego[58] and pride[60].	ਪ੍ਰੰਤੂ ਹਰ ਜਣਾ ਹੀ ਹੰਕਾਰ[59] ਤੇ ਹੰਗਤਾ[60] ਅੰਦਰ ਗਲਤਾਨ[61] ਹੈ।
ਅੰਤਰਿ ਬਾਹਰਿ ਏਕੁ ਪਛਾਣੈ[62] ਇਉ[63] ਘਰੁ[64] ਮਹਲੁ[65] ਸਿਞਾਪੈ[66] ॥	Let man know[62] the One Lord within and without; Like this[63] shall he realise[66] the Lord's presence[65] in his very home[64].	ਅੰਦਰ ਅਤੇ ਬਾਹਰ ਇਨਸਾਨ ਇੱਕ ਸੁਆਮੀ ਨੂੰ ਹੀ ਜਾਣੇ[62]; ਇਸ ਤਰ੍ਹਾਂ[63] ਉਹ ਸੁਆਮੀ ਦੀ ਹਜ਼ੂਰੀ[65] ਨੂੰ ਆਪਣੇ ਹਿਰਦੇ-ਘਰ[64] ਅੰਦਰ ਹੀ ਅਨੁਭਵ ਕਰ ਲਵੇਗਾ[66]।
ਪ੍ਰਭੁ ਨੇੜੈ[67] ਹਰਿ ਦੂਰਿ[68] ਨ ਜਾਣਹੁ[69] ਏਕੋ[70] ਸ੍ਰਿਸਟਿ[71] ਸਬਾਈ[72] ॥	The Lord is near[67]. Deem[69] not God afair[68]. He alone[70] is permeating the whole[72] world[71].	ਸੁਆਮੀ ਨਜ਼ਦੀਕ[67] ਹੈ। ਵਾਹਿਗੁਰੂ ਨੂੰ ਦੁਰੇਡੇ[68] ਖ਼ਿਆਲ[69] ਨਾ ਕਰ। ਕੇਵਲ[70] ਉਹ ਹੀ ਸਾਰੇ[72] ਸੰਸਾਰ[71] ਅੰਦਰ ਰਮ ਰਿਹਾ ਹੈ।
ਏਕੰਕਾਰੁ[73] ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ[74] ॥੫॥	There is but One Lord[73]. There is not another. Nanak, remains merged[74] in the One Lord.	ਪ੍ਰਭੂ ਕੇਵਲ ਇੱਕ[73] ਹੈ। ਕੋਈ ਹੋਰ ਹੈ ਹੀ ਨਹੀਂ। ਨਾਨਕ ਇੱਕ ਪ੍ਰਭੂ ਅੰਦਰ ਹੀ ਲੀਨ ਰਹਿੰਦਾ[74] ਹੈ।
ਇਸੁ ਕਰਤੇ[75] ਕਉ ਕਿਉ[76] ਗਹਿ[77] ਰਾਖਉ ਅਫਰਿਓ[78] ਤੁਲਿਓ[79] ਨ ਜਾਈ ॥	This mind-actor[75], how[76] canst thou keep under arrest[77]? It is unseizable[78] and immeasurable[79].	ਇਸ ਨੱਟ[75] ਮਨ ਨੂੰ ਤੂੰ ਕਿਸ ਤਰ੍ਹਾਂ[76] ਪਕੜ ਕੇ[77] ਰੱਖ ਸਕਦਾ ਹੈਂ? ਇਹ ਅਫੱੜ[78] ਅਤੇ ਅਮਾਪ[79] ਹੈ।
ਮਾਇਆ[80] ਕੇ ਦੇਵਾਨੇ[81] ਪ੍ਰਾਣੀ[82] ਝੂਠਿ[83] ਠਗਉਰੀ[84] ਪਾਈ[85] ॥	Giving[83] the intoxicating[84] herb of folsehood[83], mammon[80] has made the mortal[82] mad[81].	ਕੂੜ[83] ਦੀ ਨਸ਼ੀਲੀ ਬੂਟੀ[84] ਪਾ ਕੇ[85], ਧਨ ਦੌਲਤ[80] ਆਦਿ ਨੇ ਫਾਨੀ ਬੰਦੇ[82] ਨੂੰ ਕਮਲਾ[81] ਕੀਤਾ ਹੋਇਆ ਹੈ।
ਲਬਿ[86] ਲੋਭਿ[87] ਮੁਹਤਾਜਿ[88] ਵਿਗੂਤੇ[90] ਇਬ ਤਬ[91] ਫਿਰਿ[92] ਪਛੁਤਾਈ[93] ॥	Becoming indigent[88] through greed[86] and avarice[87], mortal is ruined[90] and ever[91] grieves[93] afterwards[92].	ਲਾਲਚ[86] ਤੇ ਤਮ੍ਹਾਂ[87] ਦਾ ਦੀਨ[88] ਹੋ ਪ੍ਰਾਣੀ ਬਰਬਾਦ[90] ਹੋ ਜਾਂਦਾ ਹੈ ਅਤੇ ਮਗਰੋਂ[92] ਸਦਾ[91] ਹੀ ਪਸਚਾਤਾਪ[93] ਕਰਦਾ ਹੈ।
ਏਕੁ[100] ਸਰੇਵੈ[94] ਤਾ[95] ਗਤਿ[96] ਮਿਤਿ[97] ਪਾਵੈ[98] ਆਵਣੁ ਜਾਣੁ ਰਹਾਈ[99] ॥੬॥	If man serves[94] the One Lord[100], then[95] realises[98] he the worth[97] of emancipation[96] and his comings and goings cease[99].	ਜੇਕਰ ਬੰਦਾ ਇੱਕ ਸੁਆਮੀ[100] ਦੀ ਸੇਵਾ ਕਮਾਵੇ[94], ਤਦ[95] ਉਹ ਕਲਿਆਨ[96] ਦੀ ਕਦਰ ਨੂੰ ਅਨੁਭਵ ਕਰ ਲੈਂਦਾ[98] ਹੈ ਅਤੇ ਉਸ ਦੇ ਆਉਣੇ ਤੇ ਜਾਣੇ ਮੁੱਕ ਜਾਂਦੇ[99] ਹਨ।
ਏਕੁ ਅਚਾਰੁ[2] ਰੰਗੁ[3] ਇਕੁ ਰੂਪੁ[4] ॥	The Unique Lord is in all deeds[2], colours[3] and forms[4].	ਇਕ ਅਦੁੱਤੀ ਸਾਂਈਂ ਦੀ ਸਮੂਹ ਕੰਮਾਂ[2], ਵਰਨਾਂ[3] ਤੇ ਸ਼ਕਲਾਂ-ਸੂਰਤਾਂ[4] ਅੰਦਰ ਹੈ।
ਪਉਣੁ[5] ਪਾਣੀ[6] ਅਗਨੀ[6] ਅਸਰੂਪੁ[8] ॥	He works through wind[5], water[6], fire[7] and various shapes[8].	ਉਹ ਹਵਾ[5], ਜਲ[6], ਅੱਗ[7] ਤੇ ਅਨੇਕਾਂ ਸਰੂਪਾਂ[8] ਰਾਹੀਂ ਕੰਮ ਕਰਦਾ ਹੈ।
ਏਕੋ ਭਵਰੁ[9] ਭਵੈ[10] ਤਿਹੁ ਲੋਇ[12] ॥	The One soul[9] wanders[10] through the three worlds[12].	ਇੱਕ ਆਤਮਾ[9] ਤਿੰਨਾਂ ਜਹਾਨਾਂ[12] ਅੰਦਰ ਭਟਕਦੀ[10] ਹੈ।
ਏਕੋ ਬੂਝੈ[13] ਸੂਝੈ[14] ਪਤਿ[15] ਹੋਇ ॥	If the mortal understands[13] and perceives[14] One God; He is blessed with honour[15], then.	ਜੇਕਰ ਪ੍ਰਾਣੀ ਇੱਕ ਵਾਹਿਗੁਰੂ ਨੂੰ ਸਮਝ[13] ਤੇ ਵੇਖ ਲਵੇ[14]; ਤਾਂ ਉਹ ਇੱਜ਼ਤ ਆਬਰੂ[15] ਪਾ ਲੈਂਦਾ ਹੈ।
ਗਿਆਨੁ[16] ਧਿਆਨੁ[17] ਲੇ[18]	He, who gathers[18] Divine wisdom[16]	ਜੋ ਈਸ਼ਵਰੀ ਗਿਆਤ[16] ਅਤੇ ਸਿਮਰਨ[17] ਨੂੰ ਪਾ ਲੈਂਦਾ[18]

ਸਮਸਰਿ[19] ਰਹੈ[20] ॥	and meditation[17]; abides[20] in a state of evenness[19].	ਹੈ, ਉਹ ਸਮਾਨਤਾ[19] (ਟਿਕਾਅ) ਦੀ ਅਵਸਥਾ ਅੰਦਰ ਵਸਦਾ[20] ਹੈ ।
ਗੁਰਮੁਖਿ[21] ਏਕੁ[22] ਵਿਰਲਾ[23] ਕੋ ਲਹੈ[24] ॥	Some rare one[23] attains[24] to the One Lord[22] by the Guru's grace[21].	ਕੋਈ ਵਿਰਲਾ ਜਣਾ[23] ਹੀ ਗੁਰਾਂ ਦੀ ਦਇਆ[21] ਦੁਆਰਾ ਇੱਕ ਪ੍ਰਭੂ[22] ਨੂੰ ਪ੍ਰਾਪਤ[24] ਹੁੰਦਾ ਹੈ ।
ਜਿਸ ਨੋ ਦੇਇ ਕਿਰਪਾ[25] ਤੇ[26] ਸੁਖੁ[27] ਪਾਏ ॥	He, whom the Lord gives through[26] His grace[25]; He alone obtains peace[27].	ਜਿਸ ਨੂੰ ਸੁਆਮੀ ਆਪਣੀ ਮਿਹਰ[25] ਰਾਹੀਂ[26] ਦਿੰਦਾ ਹੈ ਕੇਵਲ ਉਹ ਹੀ ਆਰਾਮ[27] ਪਾਉਂਦਾ ਹੈ ।
ਗੁਰੂ ਦੁਆਰੈ[28] ਆਖਿ[29] ਸੁਣਾਏ[30] ॥੭॥	He, then utters[29] and preaches[30] the True Name, through the Guru[28].	ਤਦ ਉਹ ਗੁਰਾਂ[28] ਦੇ ਰਾਹੀਂ ਸੱਚੇ ਨਾਮ ਦਾ ਉਚਾਰਨ[29] ਅਤੇ ਪ੍ਰਚਾਰ ਕਰਦਾ[30] ਹੈ ।
ਊਰਮ[31] ਧੂਰਮ[32] ਜੋਤਿ[33] ਉਜਾਲਾ[34] ॥	The Lord's Light[33], illumines[34] the ocean[31] and the earth[32].	ਪ੍ਰਭੂ ਦਾ ਪ੍ਰਕਾਸ਼[33], ਸਮੁੰਦਰ[31] ਅਤੇ ਧਰਤੀ[32] ਨੂੰ ਰੌਸਨ[34] ਕਰਦਾ ਹੈ ।
ਤੀਨਿ ਭਵਣ[35] ਮਹਿ[36] ਗੁਰ[37] [38]ਗੋਪਾਲਾ[39] ॥	The great[37] Cherisher[39] of the world[38] is contained in[36] the three worlds[35].	ਵਿਸ਼ਾਲ[37] ਸੰਸਾਰ[38] ਦਾ ਪਾਲਣ ਪੋਸਣਹਾਰ[39], ਤਿੰਨਾਂ ਪੁਰੀਆਂ[35] ਅੰਦਰ[36] ਰਮਿਆ ਹੋਇਆ ਹੈ ।
ਊਗਵਿਆ[40] ਅਸਰੂਪੁ[41] ਦਿਖਾਵੈ[42] ਕਰਿ ਕਿਰਪਾ[43] ਅਪੁਨੈ ਘਰਿ[44] ਆਵੈ ॥	When such Divine comprehension wells up[40], then God shows[42] His vision[41] and mercifully[43] enters into the mortal's own house[44].	ਜਦ ਐਹੋ ਜੇਹੀ ਬ੍ਰਹਮ ਗਿਆਤ ਉਤਪੰਨ ਹੋ ਜਾਂਦੀ[40] ਹੈ ਤਦ ਵਾਹਿਗੁਰੂ ਆਪਣਾ ਦਰਸ਼ਨ[41] ਵਿਖਾਲਦਾ[42]ਹੈ, ਅਤੇ ਮਿਹਰ ਧਾਰ ਕੇ[43] ਪ੍ਰਾਣੀ ਦੇ ਆਪਣੇ ਹਿਰਦੇ-ਘਰ[44] ਅੰਦਰ ਆ ਜਾਂਦਾ ਹੈ ।
ਊਨਵਿ[45] ਬਰਸੈ[46] ਨੀਝਰ[47] ਧਾਰਾ[48] ॥	Descending low[45], the ambrosial rain[49] is incessantly[47] falling[46].	ਨੀਵੀਂ ਝੁੱਕ[45], ਅੰਮ੍ਰਿਤਮਈ ਵਰਸ਼ਾ[48] ਇਕਰੱਸ[47] ਹੋ ਰਹੀ[46] ਹੈ ।
ਊਤਮ[49] ਸਬਦਿ[50] ਸਵਾਰਣ ਹਾਰਾ[51] ॥	The sublime[49] Gurbani[50], embellishes[51] the mortal.	ਸ੍ਰੇਸ਼ਟ[49] ਗੁਰਬਾਣੀ[50] ਪ੍ਰਾਣੀ ਨੂੰ ਸਸ਼ੋਭਤ[51] ਕਰ ਦਿੰਦੀ ਹੈ ।
ਇਸੁ ਏਕੇ ਕਾ ਜਾਣੈ ਭੇਉ[52] ॥ ਆਪੇ[53] ਕਰਤਾ[54] ਆਪੇ ਦੇਉ[55] ॥੮॥	He, who knows the secret[52] of this One God, is himself[53] the Creator[54] and Himself the Luminous Lord[55].	ਜੋ ਇਸ ਇੱਕ ਵਾਹਿਗੁਰੂ ਦੇ ਭੇਤ[52] ਨੂੰ ਜਾਣ ਲੈਂਦਾ ਹੈ, ਉਹ ਖ਼ੁਦ[53] ਸਿਰਜਣਹਾਰ[54] ਹੈ ਅਤੇ ਖ਼ੁਦ ਹੀ ਪ੍ਰਕਾਸ਼ਵਾਨ ਪ੍ਰਭੂ[55] ।
ਉਗਵੈ[56] ਸੂਰੁ[57] ਅਸੁਰ[58] ਸੰਘਾਰੈ[59] ॥ ਊਚਉ[60] ਦੇਖਿ[61] ਸਬਦਿ[62] ਬੀਚਾਰੈ[63] ॥	When the sun[57] of Divine comprehension rises[56], the mortal slays[59] the demons[58], looks[61] upwards[60] and deliberates[63] on the Name[62].	ਜਦ ਬ੍ਰਹਮ ਗਿਆਤ ਦਾ ਸੂਰਜ[57] ਚੜ੍ਹ ਪੈਂਦਾ[56]ਹੈ, ਪ੍ਰਾਣੀ ਨਾਮ ਆਦਿ ਭੂਤਨਿਆਂ[58] ਨੂੰ ਮਾਰ ਲੈਂਦਾ[59] ਹੈ, ਉੱਪਰ[60] ਨੂੰ ਵੇਖਦਾ[61] ਹੈ ਅਤੇ ਨਾਮ[62] ਦਾ ਆਰਾਧਨ ਕਰਦਾ[63] ਹੈ ।
ਊਪਰਿ[64] ਆਦਿ[65] ਅੰਤਿ[66] ਤਿਹੁ[67] ਲੋਇ[68] ॥	In the high[64] and low, beginning[65] and the end[66] and the three[67] worlds[68] he then sees the One Lord.	ਉੱਚਿਆਂ[64] ਤੇ ਨੀਵਿਆਂ ਥਾਵਾਂ, ਆਰੰਭ[65] ਅਤੇ ਅਖੀਰ[66] ਅਤੇ ਤਿੰਨਾਂ[67] ਜਹਾਨਾਂ[68] ਅੰਦਰ ਤਦ ਉਹ ਇੱਕ ਸਾਈਂ ਨੂੰ ਹੀ ਵੇਖਦਾ ਹੈ ।
ਆਪੇ[69] ਕਰੈ ਕਥੈ[70] ਸੁਣੈ ਸੋਇ[71] ॥	That[71] Lord Himself[69] does, utters[70] and hears all.	ਉਹ[71] ਸਾਈਂ ਆਪ[69] ਹੀ ਸਾਰਾ ਕੁੱਛ ਕਰਦਾ, ਉਚਾਰਦਾ[70] ਤੇ ਸੁਣਦਾ ਹੈ ।
੯੩੧		
ਓਹੁ ਬਿਧਾਤਾ[72] ਮਨੁ[73] ਤਨੁ[74] ਦੇਇ[75] ॥	He, the Destiny-scribe[72], blesses[75] us with soul[73] and body[74].	ਉਹ ਪ੍ਰਾਲਬਧ ਦਾ ਲਿਖਾਰੀ[72] ਸਾਨੂੰ ਮਨ[73] ਤੇ ਤਨ[74] ਬਖ਼ਸ਼ਦਾ[75] ਹੈ ।

ਓਹੁ[76] ਬਿਧਾਤਾ[77] ਮਨਿ[78] ਮੁਖਿ[79] ਸੋਇ[80] ॥

That[76] sublime[80] Creator[77], I keep within my mind[78] and mouth[79].

ਉਹ[76] ਸ੍ਰੇਸ਼ਟ[80] ਸਿਰਜਣਹਾਰ[77] ਨੂੰ ਮੈਂ ਆਪਣੇ ਚਿੱਤ[78] ਤੇ ਮੂੰਹੋਂ[79] ਵਿੱਚ ਰਖਦਾ ਹਾਂ ।

ਪ੍ਰਭੁ ਜਗ[81] ਜੀਵਨੁ[82] ਅਵਰੁ ਨ ਕੋਇ ॥

The Lord is the Life[82] of the world[81]. Without Him there is not another.

ਸੁਆਮੀ ਸੰਸਾਰ[81] ਦੀ ਜਿੰਦ ਜਾਨ[82] ਹੈ । ਉਸ ਦੇ ਬਗੈਰ ਹੋਰ ਕੋਈ ਨਹੀਂ ।

ਨਾਨਕ ਨਾਮਿ ਰਤੇ[83] ਪਤਿ[84] ਹੋਇ[85] ॥੯॥

Nanak, imbued[83] with God's Name, the mortal obtains[85] honour[84].

ਨਾਨਕ, ਵਾਹਿਗੁਰੂ ਦੇ ਨਾਮ ਨਾਲ ਰੰਗੀਜਣ[83] ਦੁਆਰਾ, ਪ੍ਰਾਨੀ ਇੱਜ਼ਤ ਆਬਰੂ[84] ਪਾ ਲੈਂਦਾ[85] ਹੈ ।

ਰਾਜਨ[86] ਰਾਮ ਰਵੈ[87] ਹਿਤਕਾਰਿ[88] ॥ ਰਣ[89] ਮਹਿ[90] ਲੂਝੈ[91] ਮਨੂਆ ਮਾਰਿ[92] ॥ ਰਾਤਿ ਦਿਨੰਤਿ[93] ਰਹੈ ਰੰਗਿ[94] ਰਾਤਾ[95] ॥

He, who lovingly[88] utters[87] the Name of God, the King[86], engaging[91] in[90] combat[89], overpowers[92] his mind, and night and day[93] remains imbued[95] with his Lord's love[94];

ਜੋ ਪ੍ਰੇਮ ਨਾਲ[88] ਪ੍ਰਭੂ ਪਾਤਿਸ਼ਾਹ[86] ਦੇ ਨਾਮ ਦਾ ਉਚਾਰਨ ਕਰਦਾ ਹੈ, ਯੁੱਧ[89] ਅੰਦਰ[90] ਜੂਝ[91] ਕੇ ਆਪਣੇ ਮਨ ਨੂੰ ਕਾਬੂ ਕਰ ਲੈਂਦਾ[92] ਹੈ ਅਤੇ ਰੈਣ ਦਿਹੁੰ[93] ਆਪਣੇ ਪ੍ਰਭੂ ਦੀ ਪ੍ਰੀਤ[94] ਅੰਦਰ ਰੰਗਿਆ ਰਹਿੰਦਾ[95] ਹੈ ;

ਤੀਨਿ ਭਵਨ[96] ਜੁਗ ਚਾਰੇ ਜਾਤਾ[97] ॥

He is renowned[97] in the three worlds[96] and the four ages.

ਉਹ ਤਿੰਨਾਂ ਜਹਾਨਾਂ[96] ਅਤੇ ਚਾਰੇ ਹੀ ਯੁੱਗਾਂ ਅੰਦਰ ਮਸ਼ਹੂਰ[97] ਹੋ ਜਾਂਦਾ ਹੈ ।

ਜਿਨਿ ਜਾਤਾ[98] ਸੋ[99] ਤਿਸ ਹੀ[100] ਜੇਹਾ[2] ॥

He[99], who knows[98] the Lord, becomes like[2] Him[100].

ਜੋ ਸੁਆਮੀ ਨੂੰ ਜਾਣਦਾ[98] ਹੈ, ਉਹ[99] ਉਸ[100] ਵਰਗਾ[2] ਹੀ ਥੀ ਵੰਞਦਾ ਹੈ ।

ਅਤਿ[3] ਨਿਰਮਾਇਲੁ[4] ਸੀਝਸਿ[5] ਦੇਹਾ[6] ॥

He is rendered very[3] pure[4] and his body[6] is sanctified[5].

ਉਹ ਪਰਮ[3] ਪਵਿੱਤਰ[4] ਹੋ ਜਾਂਦਾ ਹੈ ਅਤੇ ਉਸ ਦਾ ਸਰੀਰ[6] ਵੀ ਪਾਵਨ[5] ਥੀ ਵੰਞਦਾ ਹੈ ।

ਰਹਸੀ[7] ਰਾਮੁ[8] ਰਿਦੈ[9] ਇਕ ਭਾਇ[12] ॥

In the love[12] of One Lord[8], he remains happy[7], within his mind[9].

ਇਕ ਪ੍ਰਭੂ[8] ਦੇ ਪ੍ਰੇਮ[12] ਅੰਦਰ ਉਹ ਆਪਣੇ ਮਨ[9] ਵਿੱਚ ਪ੍ਰਸੰਨ[7] ਰਹਿੰਦਾ ਹੈ ।

ਅੰਤਰਿ[10] ਸਬਦੁ[13] ਸਾਚਿ ਲਿਵ[14] ਲਾਇ[15] ॥੧੦॥

In his mind[10], he enshrines[15] love[14] for the True Name[13].

ਆਪਣੇ ਮਨ[10] ਅੰਦਰ ਉਹ ਸਤਿਨਾਮ[13] ਨਾਲ ਪ੍ਰੀਤ[14] ਪਾਉਂਦਾ[15] ਹੈ ।

ਰੋਸੁ[16] ਨ ਕੀਜੈ ਅੰਮ੍ਰਿਤੁ[17] ਪੀਜੈ[18] ਰਹਣੁ[19] ਨਹੀ ਸੰਸਾਰੇ[20] ॥

Be thou not cross[16] with thy Lord and quaff[18] His elixir[17]. Thou art not to stay[19] long in this world[20].

ਤੂੰ ਆਪਣੇ ਸੁਆਮੀ ਨਾਲ ਗੁੱਸੇ[16] ਨਾ ਹੋ ਤੇ ਉਸ ਦੇ ਸੁਧਾਰਸ[17] ਨੂੰ ਪਾਨ[18] ਕਰ । ਇਸ ਜੱਗ[20] ਵਿੱਚ ਤੂੰ ਬਹੁਤ ਚਿਰ ਨਹੀਂ ਠਹਿਰਾਨਾ[19] ।

ਰਾਜੇ ਰਾਇ[21] ਰੰਕ[22] ਨਹੀ ਰਹਣਾ ਆਇ ਜਾਇ ਜੁਗ ਚਾਰੇ ॥

The kings, the emperors[21] and the paupers[22]. shall remain not. They continue coming and going, the four ages through.

ਪਾਤਿਸ਼ਾਹਾਂ, ਸ਼ਹਿਨਸ਼ਾਹਾਂ[21] ਅਤੇ ਕੰਗਾਲਾਂ[22] ਨੇ ਨਹੀਂ ਰਹਿਣਾ । ਚੌਂਹ ਯੁੱਗਾਂ ਅੰਦਰ ਇਹ ਆਉਂਦੇ ਤੇ ਜਾਂਦੇ ਰਹਿੰਦੇ ਹਨ ।

ਰਹਣ ਕਹਣ[23] ਤੇ[24] ਰਹੈ[25] ਨ ਕੋਈ ਕਿਸੁ ਪਹਿ[26] ਕਰਉ ਬਿਨੰਤੀ[27] ॥

Everyone says[23] he will remain here and[24] still none remains[25]. Then before[26] whom should I make a supplication[27] when no one is permanent ?

ਹਰ ਕੋਈ ਆਖਦਾ[23] ਹੈ, ਮੈਂ ਏਥੇ ਰਹਾਂਗਾ ਅਤੇ[24] ਫਿਰ ਭੀ ਕੋਈ ਨਹੀਂ ਰਹਿੰਦਾ[25] । ਤਾਂ ਮੈਂ ਕੀਹਦੇ ਅੱਗੇ[26] ਪ੍ਰਾਰਥਨਾ[27] ਕਰਾਂ, ਜਦ ਕੋਈ ਥਿਰ ਹੀ ਨਹੀਂ ?

ਏਕੁ ਸਬਦੁ ਰਾਮ[28] ਨਾਮ

The One Name of the Lord Master[28]

ਸੁਆਮੀ ਮਾਲਕ[28]ਦਾ ਕੇਵਲ ਨਾਮ ਸਦੀਵ ਹੀ ਗੁਣਕਾਰੀ[29]

ਨਿਰੋਧਰੁ[29] ਗੁਰੁ ਦੇਵੈ[30] ਪਤਿ[31] ਮਤੀ[32] ॥੧੧॥

is eternally efficacious[29]. The Guru alone blesses[30] the mortal with honour[31] and sound understanding[32].

ਹੈ। ਕੇਵਲ ਗੁਰੂ ਜੀ ਹੀ ਪ੍ਰਾਨੀ ਨੂੰ ਇੱਜ਼ਤ ਆਬਰੂ[31] ਤੇ ਯਥਾਰਥ ਸਮਝ[32] ਪ੍ਰਦਾਨ ਕਰਦੇ[30] ਹਨ।

ਲਾਜ[33] ਮਰੰਤੀ ਮਰਿ[34] ਗਈ ਘੂਘਟੁ[35] ਖੋਲਿ[36] ਚਲੀ[37] ॥

My shyness and hesitation[33] has died and perished away[34] and I now walk[37] [36]unveiling[35] my face.

ਮੇਰਾ ਸ਼ਰਮੀਲਾਪਣ ਤੇ ਝਿਜਕ[33] ਮਰ ਤੇ ਮਿੱਟ ਗਈ[34] ਹੈ ਅਤੇ ਮੈਂ ਹੁਣ ਮੂੰਹ ਤੋਂ ਪੱਲਾ[35] ਚੁਕ[36] ਕੇ ਤੁਰਦੀ[37] ਹਾਂ।

ਸਾਸੁ[38] ਦਿਵਾਨੀ[39] ਬਾਵਰੀ[40] ਸਿਰ[41] ਤੇ ਸੰਕ[42] ਟਲੀ[43] ॥

My crazy[39] mother-in-law[08](mammon) is gone mad[40] and her fear[42] is removed[43] off my head[41] now.

ਮੇਰੀ ਝੱਲੀ[39] ਸੱਸ[38] (ਮਾਇਆ) ਕਮਲੀ ਹੋ ਗਈ[40] ਹੈ ਅਤੇ ਉਸ ਦਾ ਡਰ[42] ਹੁਣ ਮੇਰੇ ਸੀਸ[41] ਤੋਂ ਲਹਿ ਗਿਆ[43] ਹੈ।

ਪ੍ਰੇਮਿ[44] ਬੁਲਾਈ[45] ਰਲੀ[46] ਸਿਉ[47] ਮਨ[48] ਮਹਿ[49] ਸਬਦੁ[50] ਅਨੰਦੁ[51] ॥

With[47] caressing[46] affection[44], my Beloved has summoned[45] me and in[43] my mind[48] is the joy[51] of His Name[50].

ਲਾਡਲੇ[46] ਪਿਆਰ[44] ਨਾਲ[47] ਮੇਰੇ ਪ੍ਰੀਤਮ ਨੇ ਮੈਨੂੰ ਸੱਦ ਘੱਲਿਆ[45] ਹੈ ਅਤੇ ਮੇਰੇ ਰਿਦੇ[48] ਅੰਦਰ[49] ਉਸ ਦੇ ਨਾਮ[50] ਦੀ ਖ਼ੁਸ਼ੀ[51] ਹੈ।

ਲਾਲਿ[52] ਰਤੀ[53] ਲਾਲੀ[54] ਭਈ[55] ਗੁਰਮੁਖਿ[56] ਭਈ ਨਿਚਿੰਦੁ[57] ॥੧੨॥

Imbued[53] with the love of my Beloved[52], I have become[55] His hand-maiden[54] and by Guru's grace[56] am rendered care-free[57].

ਆਪਣੇ ਦਿਲਜਾਨੀ[52] (ਪਿਆਰੇ) ਦੀ ਪ੍ਰੀਤ ਨਾਲ ਰੰਗੀਜ[53] ਮੈਂ ਉਸ ਦੀ ਟਹਿਲਣ[54] ਥੀ ਗਈ[55] ਹਾਂ, ਅਤੇ ਗੁਰਾਂ ਦੀ ਦਇਆ[56] ਦੁਆਰਾ ਮੈਂ ਬੇਫ਼ਿਕਰ[57] ਹੋ ਗਈ ਹਾਂ।

ਲਾਹਾ[58] ਨਾਮੁ ਰਤਨੁ[59] ਜਪਿ[60] ਸਾਰੁ[61] ॥

Reap thou the excellent[61] profit[58] of the meditation[60] of the Name-Jewel[59].

ਤੂੰ ਨਾਮ ਦੇ ਹੀਰੇ[59] ਦੇ ਸਿਮਰਨ[60] ਦਾ ਪਰਮ ਸ੍ਰੇਸ਼ਟ[61] ਨਫ਼ਾ[58] ਕਮਾ।

ਲਬੁ[62] ਲੋਭੁ[63] ਬੁਰਾ[64] ਅਹੰਕਾਰੁ[65] ॥

Evil[64] are avarice[62], covetousness[63] and egotism[65].

ਮੰਦੇ[64] ਹਨ ਲਾਲਚ[62], ਤਮ੍ਹਾ[63] ਅਤੇ ਤਕੱਬਰ[65]।

ਲਾੜੀ[66] ਚਾੜੀ[67] ਲਾਇਤਬਾਰੁ[58] ॥ ਮਨਮੁਖੁ[69] ਅੰਧਾ[70] ਮੁਗਧੁ[71] ਗਵਾਰੁ[72] ॥

Practising slander[66], commendation[67] and back-biting[68] the apostate[67] is gone blind[70], foolish[71] and ignorant[72].

ਨਿੰਦਾ[66], ਉਸਤਤ[67] ਅਤੇ ਚੁਗਲੀ[68] ਕਰਨ ਦੁਆਰਾ ਅਧਰਮੀ[67] ਅੰਨ੍ਹਾ[70], ਮੂਰਖ[71] ਅਤੇ ਬੇਸਮਝ[72] ਥੀ ਗਿਆ ਹੈ।

ਲਾਹੇ[73] ਕਾਰਣਿ[74] ਆਇਆ ਜਗਿ[75] ॥

The mor al comes into the world[75] for[74] earning some profit[73].

ਨਫ਼ਾ[73] ਕਮਾਉਣ ਲਈ[74], ਪ੍ਰਾਨੀ ਸੰਸਾਰ[75] ਵਿੱਚ ਆਉਂਦਾ ਹੈ।

ਹੋਇ ਮਜੂਰੁ[76] ਗਇਆ ਠਗਾਇ[77] ਠਗਿ[78] ॥

He becomes a cooly[76] and is cheated[77] by the mammon-cheat[78].

ਉਹ ਕੁੱਲੀ[76] ਬਣ ਜਾਂਦਾ ਹੈ ਅਤੇ ਛਲਨੀ[78] ਮਾਇਆ ਉਸ ਨੂੰ ਛੱਲ ਲੈਂਦੀ[77] ਹੈ।

ਲਾਹਾ[79] ਨਾਮੁ ਪੂੰਜੀ[80] ਵੇਸਾਹੁ[81] ॥ ਨਾਨਕ ਸਚੀ ਪਤਿ[82] ਸਚਾ ਪਾਤਿਸਾਹੁ[83] ॥੧੩॥

He, who with the capital[80] of faith[81], reaps the profit[79] of the Name, O Nanak, gathers true honour[82] and is the true King[83].

ਜੋ ਸਿਦੰਕ[81] ਦੀ ਰਾਸ[80] ਨਾਲ ਨਾਮ ਦਾ ਮੁਨਾਫ਼ਾ[79] ਕਮਾਉਂਦਾ ਹੈ, ਹੇ ਨਾਨਕ! ਉਹ ਸੱਚੀ ਇੱਜ਼ਤ ਆਬਰੂ[82] ਪਾ ਲੈਂਦਾ ਹੈ ਅਤੇ ਸੱਚਾ ਸ਼ਹਿਨਸ਼ਾਹ[83] ਹੈ।

ਆਇ[84] ਵਿਗੂਤਾ[85] ਜਗੁ[86] ਜਮ[87] ਪੰਥੁ[88] ॥

Adopting[84] the way[88] of death[87], the world[86] is ruined[85].

ਮੌਤ[87] ਦਾ ਰਸਤਾ ਇਖ਼ਤਿਆਰ[88] ਕਰਕੇ[84] ਦੁਨੀਆ[86] ਤਬਾਹ ਹੋ ਗਈ[85] ਹੈ।

ਆਈ[89] ਨ ਮੇਟਣ[90] ਕੋ ਸਮਰਥੁ[91] ॥	No one is potent[91] to undo[90] the influence of mammon[89].	ਮਾਇਆ[89] ਦਾ ਅਸਰ ਜ਼ਾਇਲ ਕਰਨ[90] ਨੂੰ ਕੋਈ ਭੀ ਬਲਵਾਨ[91] ਨਹੀਂ ।
ਆਥਿ[92] ਸੈਲ[93] ਨੀਚ[94] ਘਰਿ ਹੋਇ ॥ ਆਥਿ ਦੇਖਿ[98] ਨਿਵੈ[95] ਜਿਸੁ[96] ਦੋਇ[97] ॥	If wealth[92] visits the house of even a grovelling[94] clown[93], beholding[98] that[96] wealth, both[97] the rich and the poor, pay homage[95] to him.	ਜੇਕਰ ਧਨ ਦੌਲਤ[92] ਕਿਸੇ ਕਮੀਣ[94] ਮੂਰਖ[93] ਦੇ ਗ੍ਰਿਹ ਵਿਚ ਭੀ ਹੋਵੇ ਤਾਂ ਉਸ[96] ਧਨ-ਦੌਲਤ ਨੂੰ ਵੇਖ ਕੇ[98] ਦੋਨੋਂ[97], ਅਮੀਰ ਤੇ ਗ਼ਰੀਬ, ਉਸ ਨੂੰ ਸਲਾਮ ਕਰਦੇ[95] ਹਨ ।
ਆਥਿ ਹੋਇ ਤਾ[98*] ਮੁਗਧੁ[99] ਸਿਆਨਾ[100] ॥	If there be riches, then[98*] even an idiot[99] is looked upon as wise[100].	ਜੇਕਰ ਧਨ ਪਦਾਰਥ ਹੋਵੇ, ਤਦ[98*] ਇਕ ਬੁੱਧੂ[99] ਭੀ ਅਕਲਮੰਦ[100] ਜਾਣਿਆ ਜਾਂਦਾ ਹੈ ।
ਭਗਤਿ[2] ਬਿਹੂਨਾ[3] ਜਗੁ ਬਉਰਾਨਾ[4] ॥	Without[3] the Lord's devotional service[2], the world is stark mad[4].	ਪ੍ਰਭੂ ਦੀ ਪ੍ਰੇਮਮਈ[2] ਸੇਵਾ ਦੇ ਬਾਝੋਂ[3] ਸੰਸਾਰ ਸਰਾਸਰ ਕਮਲਾ[4] ਹੈ ।
ਸਭ ਮਹਿ[5] ਵਰਤੈ[6] ਏਕੋ ਸੋਇ[7] ॥	He[7], the One Lord, is contained[6] amongst[5] all.	ਉਹ[7] ਇੱਕ ਸੁਆਮੀ ਹੀ ਸਾਰਿਆਂ ਅੰਦਰ[5] ਵਿਆਪਕ[6] ਹੈ ।
ਜਿਸ ਨੋ ਕਿਰਪਾ[8] ਕਰੇ ਤਿਸੁ[9] ਪਰਗਟੁ[10] ਹੋਇ ॥ ੧੪॥	He manifests[10] Himself unto him[9], on whom is His grace[8].	ਉਹ ਆਪਣੇ ਆਪ ਨੂੰ ਉਸ[9] ਉੱਤੇ ਜ਼ਾਹਰ ਕਰਦਾ[10] ਹੈ ਜਿਸ ਉੱਤੇ ਉਸ ਦੀ ਰਹਿਮਤ[8] ਹੈ ।
ਜੁਗਿ ਜੁਗਿ[12] ਥਾਪਿ[13] ਸਦਾ[14] ਨਿਰਵੈਰੁ[15] ॥	The Uninimical[15] Lord is ever[14]-stable[13] all the ages[12] through.	ਦੁਸ਼ਮਨੀ-ਰਹਿਤ[15] ਸੁਆਮੀ ਸਾਰਿਆਂ ਯੁੱਗਾਂ[12] ਅੰਦਰ ਸਦੀਵੀ[14] ਸਥਿਰ[13] ਹੈ ।
ਜਨਮਿ[16] ਮਰਣਿ[17] ਨਹੀ ਧੰਧਾ[18] ਧੈਰੁ[19] ॥	He is involved[19] not in strifes[18], nor comes[16] and goes[17] He.	ਉਹ ਬਖੇੜਿਆਂ[18] ਵਿੱਚ ਨਹੀਂ ਉਲਝਦਾ[19], ਨਾ ਹੀ ਉਹ ਆਉਂਦਾ[16] ਤੇ ਜਾਂਦਾ[17] ਹੈ ।
ਜੋ[20] ਦੀਸੈ[22] ਸੋ[21] ਆਪੇ ਆਪਿ ॥	Whatever[20] is seen[22], that[21] is the Lord Himself.	ਜਿਹੜਾ ਕੁੱਛ[20] ਨਜ਼ਰੀਂ ਪੈਂਦਾ[22] ਹੈ, ਉਹ[21] ਸਾਹਿਬ ਖ਼ੁਦ-ਬ-ਖ਼ੁਦ ਹੀ ਹੈ ।
ਆਪਿ ਉਪਾਇ[23] ਆਪੇ ਘਟ[24] ਥਾਪਿ[25] ॥	Creating[23] Himself, the Lord Himself instals[25] the soul in the body[24].	ਖ਼ੁਦ ਪੈਦਾ ਕਰ ਕੇ[23] ਸੁਆਮੀ ਖ਼ੁਦ ਹੀ ਦੇਹ[24] ਅੰਦਰ ਆਤਮਾ ਨੂੰ ਅਸਥਾਪਨ ਕਰਦਾ[28] ਹੈ ।
ਆਪਿ ਅਗੋਚਰੁ[26] ਧੰਧੈ[27] ਲੋਈ[28] ॥	He Himself is beyond comprehension[26] and the men[28] are involved in worldly affairs[27].	ਉਹ ਆਪ ਸੋਚ ਵਿਚਾਰ[26] ਤੋਂ ਪਰੇ ਹੈ ਅਤੇ ਲੁਕਾਈ[28] ਸੰਸਾਰੀ ਵਿਹਾਰਾਂ[27] ਅੰਦਰ ਉਲਝੀ ਹੋਈ ਹੈ ।
ਜੋਗ[29] ਜੁਗਤਿ[30] ਜਗ[31] ਜੀਵਨੁ[32] ਸੋਈ[33] ॥	He[33], the Life[32] of the world[31] Himself shows the way[30] to union[29] with Himself.	ਉਹ ਜਗਤ[31] ਦੀ ਜਿੰਦ ਜਾਨ[32], ਖ਼ੁਦ ਹੀ ਆਪਣੇ ਨਾਲ ਮਿਲਾਪ[29] ਦਾ ਮਾਰਗ[30] ਵਿਖਾਲਦਾ ਹੈ ।
ਕਰਿ[34] ਆਚਾਰੁ[35] ਸਚੁ ਸੁਖੁ[36] ਹੋਈ[37] ॥	Practising[34] pious deeds[35], the mortal obtains[37] true peace[36].	ਪਵਿੱਤਰ ਕਰਮ[35] ਕਮਾਉਣ[34] ਦੁਆਰਾ ਪ੍ਰਾਨੀ ਸੱਚਾ ਆਰਾਮ[36] ਪਾ ਲੈਂਦਾ[37] ਹੈ ।
ਨਾਮ ਵਿਹੂਣਾ[38] ਮੁਕਤਿ[39] ਕਿਵ[40] ਹੋਈ ॥੧੫॥	Bereft[38] of the Lord's Name, how[40] can man be emancipated[39] ?	ਨਾਮ ਦੇ ਬਾਝੋਂ[38] ਇਨਸਾਨ ਦੀ ਕਲਿਆਣ[39] ਕਿਸ ਤਰ੍ਹਾਂ[40] ਹੋ ਸਕਦੀ ਹੈ ?

ਵਿਣੁ ਨਾਵੈ ਵੈਰੋਧੁ[41] ਸਰੀਰ[42] ॥	Without the Name, even the body[42] is an enemy[41].	ਨਾਮ ਦੇ ਬਾਝੋਂ ਦੇਹ[42] ਭੀ ਵੈਰੀ[41] ਹੈ ।
ਕਿਉ[43] ਨ ਮਿਲਹਿ ਕਾਟਹਿ[44] ਮਨ[46] ਪੀਰ[45] ॥	To still[44] thy soul's[46] pain[45], why[43] meetest thou not with thy Lord ?	ਆਪਣੀ ਆਤਮਾ[46] ਦੀ ਪੀੜ[45] ਨਵਿਰਤ ਕਰਨ[44] ਲਈ ਤੂੰ ਆਪਣੇ ਮਾਲਕ ਨਾਲ ਕਿਉਂ[43] ਨਹੀਂ ਮਿਲਦਾ ?
ਵਾਟ[48] ਵਟਾਊ[47] ਆਵੈ ਜਾਇ ॥	The way-farer[47] comes and goes along the high way[48].	ਰਾਹੀ[47], ਰਾਹੇ ਰਾਹ[48], ਆਉਂਦਾ ਤੇ ਜਾਂਦਾ ਹੈ ।
ਕਿਆ[49] ਲੇ ਆਇਆ[50] ਕਿਆ ਪਲੈ ਪਾਇ[51] ॥	What[49] did he bring[50] and what shall he take along[51] with himself ?	ਉਹ ਕੀ[49] ਲੈ ਕੇ ਆਇਆ[50] ਸੀ ਅਤੇ ਕੀ ਆਪਣੇ ਨਾਲ ਲੈ ਕੇ[51] ਜਾਵੇਗਾ ?
ਵਿਣੁ ਨਾਵੈ ਤੋਟਾ[52] ਸਭ ਥਾਇ[53] ॥	Withour the Name, one suffers loss[52] everywhere[53].	ਨਾਮ ਦੇ ਬਾਝੋਂ ਬੰਦਾ ਹਰ ਥਾਂ[53] ਨੁਕਸਾਨ[52] ਉਠਾਉਂਦਾ ਹੈ ।
ਲਾਹਾ[54] ਮਿਲੈ[55] ਜਾ[56] ਦੇਇ ਬੁਝਾਇ[57] ॥	When[56] the Lord makes man realise[57] Him, then earns[55] he the profit[54].	ਜਦ[56] ਸੁਆਮੀ ਬੰਦੇ ਪਾਸੋਂ ਆਪਣੇ ਆਪ ਨੂੰ ਅਨੁਭਵ ਕਰ ਲੈਂਦਾ[57] ਹੈ, ਤਦ ਉਹ ਬੰਦਾ ਮੁਨਾਫ਼ਾ[54] ਖਟ ਲੈਂਦਾ[55] ਹੈ ।
ਵਣਜੁ[58] ਵਾਪਾਰੁ[59] ਵਣਜੈ[60] ਵਾਪਾਰੀ[61] ॥	In trade[58] and traffic[59], the dealer[61] deals in[60].	ਸੁਦਾਗਰ[61], ਸੌਦੇ[58] ਅਤੇ ਤਜਾਰਤ[59] ਦੀ ਸੁਦਾਗਰੀ ਕਰਦਾ[60] ਹੈ ।
ਵਿਣੁ ਨਾਵੈ ਕੈਸੀ[62] ਪਤਿ[63] ਸਾਰੀ[64] ॥੧੬॥	Without the Name, how[62] can he have real[64] honour[63] ?	ਨਾਮ ਦੇ ਬਾਝੋਂ ਉਹ ਅਸਲੀ[64] ਇੱਜ਼ਤ[63] ਕਿਸ ਤਰ੍ਹਾਂ[62] ਪਾ ਸਕਦਾ ਹੈ ?
ਗੁਣ[65] ਵੀਚਾਰੇ[66] ਗਿਆਨੀ[67] ਸੋਇ[68] ॥	He[68] alone is a divine[67] who deliberates[66] over God's virtues[65].	ਕੇਵਲ ਉਹ[68] ਹੀ ਬ੍ਰਹਮਬੇਤਾ[67] ਹੈ ਜੋ ਵਾਹਿਗੁਰੂ ਦੀਆਂ ਨੇਕੀਆਂ[65] ਦਾ ਚਿੰਤਨ ਕਰਦਾ[66] ਹੈ ।
ਗੁਣ ਮਹਿ[69] ਗਿਆਨੁ[71] ਪਰਾਪਤਿ[70] ਹੋਇ ॥	Through[69] pondering over the Lord's merits, one is blessed[70] with Divine knowledge[71].	ਸੁਆਮੀ ਦੀਆਂ ਖ਼ੂਬੀਆਂ ਦਾ ਆਰਾਧਨ ਕਰਨ ਰਾਹੀਂ[69] ਬ੍ਰਹਮ ਵੀਚਾਰ[71] ਦੀ ਦਾਤ ਮਿਲਦੀ[70] ਹੈ ।
ਗੁਣਦਾਤਾ[72] ਵਿਰਲਾ[73] ਸੰਸਾਰਿ[74] ॥	Rare[73] is the person, who is the giver[72] of virtues in the world[74].	ਕੋਈ ਟਾਂਵਾਂ[73] ਪੁਰਸ਼ ਹੀ ਜਗਤ[74] ਅੰਦਰ ਨੇਕੀਆਂ ਦਾ ਦਾਤਾਰ[72] ਹੈ ।
ਸਾਚੀ ਕਰਣੀ[75] ਗੁਰ ਵੀਚਾਰਿ[76] ॥	The true way of life[75] is obtained by Guru's instruction[76].	ਸੱਚੀ ਜੀਵਨ-ਰਹੁ-ਰੀਤੀ[75] ਗੁਰਾਂ ਦੇ ਉਪਦੇਸ਼[76] ਦੁਆਰਾ ਪ੍ਰਾਪਤ ਹੁੰਦੀ ਹੈ ।
੯੩੨		
ਅਗਮ[77]ਅਗੋਚਰੁ[78] ਕੀਮਤਿ[79] ਨਹੀ ਪਾਇ ॥	The worth[79] of the Inaccessible[77] and Inapbrehensible[78] Lord can be assessed not.	ਪਹੁੰਚ ਤੋਂ ਪਰੇ[77] ਅਤੇ ਸੋਚ ਸਮਝ ਤੋਂ ਉਚੇਰੇ[78] ਪ੍ਰਭੂ ਦਾ ਮੁੱਲ[79] ਪਾਇਆ ਨਹੀਂ ਜਾ ਸਕਦਾ ।
ਤਾ[80] ਮਿਲੀਐ ਜਾ[81] ਲਏ ਮਿਲਾਇ ॥	Then[80] alone one meets with Him, if[81] He makes one meet Himself.	ਕੇਵਲ ਤਾਂ ਹੀ[80] ਇਨਸਾਨ ਉਸ (ਪ੍ਰਭੂ) ਨਾਲ ਮਿਲਦਾ ਹੈ ਜੇਕਰ[81] ਉਹ ਇਨਸਾਨ ਨੂੰ ਆਪਣੇ ਨਾਲ ਮਿਲਾਉਂਦਾ ਹੈ ।
ਗੁਣਵੰਤੀ[82] ਗੁਣ ਸਾਰੇ[83] ਨੀਤ[84] ॥	The virtuous[82] bride ever[84] reflects[83] on her Lord's virtues.	ਨੇਕ ਪਤਨੀ[82] ਸਦਾ[84] ਹੀ ਆਪਣੇ ਸੁਆਮੀ ਦੀਆਂ ਨੇਕੀਆਂ ਦਾ ਚਿੰਤਨ ਕਰਦੀ[83] ਹੈ ।
ਨਾਨਕ ਗੁਰਮਤਿ[85] ਮਿਲੀਐ	O Nanak, the mortal meets with	ਨਾਨਕ, ਗੁਰਾਂ ਦੀ ਸਿਖਮਤ[85] ਦੁਆਰਾ ਪ੍ਰਾਣੀ ਆਪਣੇ

ਮੀਤ[86] ॥੧੭॥	his Lord, the Friend[16] by Guru's instruction[85].	ਪ੍ਰਭੂ, ਮਿੱਤਰ[86] ਨਾਲ ਮਿਲ ਜਾਂਦਾ ਹੈ।
ਕਾਮੁ[87] ਕ੍ਰੋਧੁ[88] ਕਾਇਆ[89] ਕਉ ਗਾਲੈ[90] ॥ ਜਿਉ[91] ਕੰਚਨ[92] ਸੋਹਾਗਾ[93] ਢਾਲੈ[94] ॥	As[91] borax[93] melts[94] the gold[92], so lust[87] and wrath[88] waste[90] the body[89] away.	ਜਿਸ ਤਰ੍ਹਾਂ[91] ਸੋਹਾਗਾ[93] ਸੋਨੇ[92] ਨੂੰ ਪਿਘਲਾ ਦਿੰਦਾ[94] ਹੈ, ਉਸੇ ਤਰ੍ਹਾਂ ਹੀ ਵਿਸ਼ੇ ਭੋਗ[87] ਤੇ ਗੁੱਸਾ[88] ਦੇਹ[89] ਨੂੰ ਨਾਸ ਕਰ ਦਿੰਦੇ[90] ਹਨ।
ਕਸਿ[95] ਕਸਵਟੀ[96] ਸਹੈ[97] ਸੁ[98] ਤਾਉ[99] ॥	The gold is rubbed[95] over the touch-stone[96] and that[98] gold endures[97] the fire[99].	ਸੋਨਾ ਘਸੋਟੀ[96] ਤੇ ਰਗੜਿਆ ਜਾਂਦਾ[95] ਅਤੇ[98] ਅੱਗ[99] ਨੂੰ ਸਹਾਰਦਾ[97] ਹੈ।
ਨਦਰਿ[100] ਸਰਾਫ[2] ਵੰਨੀ[3] [4]ਸਚੜਾਉ[5] ॥	When it assumes[5] the beauteous[4] colour[3], it becomes acceptable to the assayer's[2] eye[100].	ਜਦ ਇਹ ਸੁੰਦਰ[4] ਰੰਗ[3] ਧਾਰਨ ਕਰ ਲੈਂਦਾ[5] ਹੈ, ਤਦ ਇਹ ਜੌਹਰੀ[2] ਦੀ ਅੱਖ[100] ਅੰਦਰ ਕਬੂਲ ਥੀ ਵੰਝਦਾ ਹੈ।
ਜਗਤੁ[6] ਪਸੂ[7] ਅਹੰ[8] ਕਾਲੁ[9] ਕਸਾਈ[10] ॥	The world[6] is an animal[7] and the arrogant[8] death[9] is the butcher[10].	ਸੰਸਾਰ[6] ਡੰਗਰ[7] ਸਮਾਨ ਹੈ ਅਤੇ ਮਗ਼ਰੂਰ[8] ਮੌਤ[9] ਬੁੱਚੜ[10] ਵਾਂਗ।
ਕਰਿ[12] ਕਰਤੈ[13] ਕਰਣੀ[14] ਕਰਿ[15] ਪਾਈ[16] ॥	The Creator's[13] created[12] being obtains[16] the recompense[15] of his deeds[14].	ਰਚਨਹਾਰ[13] ਦਾ ਰਚਿਆ ਹੋਇਆ[12] ਜੀਵ ਆਪਣੇ ਕਰਮਾਂ[14] ਦਾ ਫਲ[15] ਪਾਉਂਦਾ[16] ਹੈ।
ਜਿਨਿ ਕੀਤੀ[17] ਤਿਨਿ[18] ਕੀਮਤਿ[19] ਪਾਈ[20] ॥	He[18], who made[17] the world, knows[20] its worth[19].	ਜਿਸ ਨੇ ਸ੍ਰਿਸ਼ਟੀ ਸਾਜੀ[17] ਹੈ, ਉਹ[18] ਹੀ ਇਸ ਦਾ ਮੁੱਲ[19] ਜਾਣਦਾ[20] ਹੈ।
ਹੋਰ ਕਿਆ[21] ਕਹੀਐ[22] ਕਿਛੁ[23] ਕਹਣੁ ਨ ਜਾਈ ॥ ੧੮॥	What[21] else can one say[22]? One can say nothing[23].	ਹੋਰ ਇਨਸਾਨ ਕੀ[21] ਆਖ[22] ਸਕਦਾ ਹੈ? ਇਨਸਾਨ ਕੁਝ[23] ਭੀ ਆਖ ਨਹੀਂ ਸਕਦਾ।
ਖੋਜਤ[24] ਖੋਜਤ ਅੰਮ੍ਰਿਤੁ[25] ਪੀਆ[26] ॥	Searching[24] and searching, I have quaffed[26] the Name-Nectar[25].	ਭਾਲਦਿਆਂ[64] ਭਾਲਦਿਆਂ ਮੈਂ ਨਾਮ-ਅੰਮ੍ਰਿਤ[25] ਨੂੰ ਪਾਨ ਕੀਤਾ[26] ਹੈ।
ਖਿਮਾ[27] ਗਹੀ[28] ਮਨੁ[29] ਸਤਗੁਰਿ ਦੀਆ[30] ॥	I have adopted[28] the way of tolerance[27] and have surrendered[30] my soul[29] unto the True Guru.	ਮੈਂ ਸਹਿਨਸ਼ੀਲਤਾ[27] ਦਾ ਰਸਤਾ ਪਕੜ ਲਿਆ[28] ਹੈ ਅਤੇ ਆਪਣੀ ਜਿੰਦੜੀ[29] ਸੱਚੇ ਗੁਰਾਂ ਨੂੰ ਸਮਰਪਨ ਕਰ ਦਿੱਤੀ[30] ਹੈ।
ਖਰਾ[31] ਖਰਾ ਆਖੈ ਸਭੁ[32] ਕੋਇ ॥	True[31], true every one[32] calls himself.	ਹਰ ਕੋਈ ਆਪਣੇ ਆਪ ਨੂੰ ਸੱਚਾ[31], ਸੱਚਾ ਆਖਦਾ ਹੈ।
ਖਰਾ ਰਤਨੁ[33] ਜੁਗ ਚਾਰੇ ਹੋਇ ॥	But he alone is true, the four ages through, who contemplates the Name-Jewel[33].	ਪਰ ਕੇਵਲ ਉਹ ਹੀ ਚੌਹਾਂ ਜੁਗਾਂ ਅੰਦਰ ਸੱਚਾ ਹੈ, ਜੋ ਨਾਮ ਦੇ ਜਵੇਹਰ[33] ਦਾ ਆਰਾਧਨ ਕਰਦਾ ਹੈ।
ਖਾਤ ਪੀਅੰਤ[34] ਮੂਏ ਨਹੀ ਜਾਨਿਆ[35] ॥	Eating and drinking[34], the mortal dies, but he knows[35] not his Lord.	ਖਾਂਦਾ ਅਤੇ ਪੀਂਦਾ[34] ਹੋਇਆ ਪ੍ਰਾਣੀ ਮਰ ਜਾਂਦਾ ਹੈ, ਪ੍ਰੰਤੂ ਆਪਣੇ ਪ੍ਰਭੂ ਨੂੰ ਨਹੀਂ ਜਾਣਦਾ[35]।
ਖਿਨ[36] ਮਹਿ[37] ਮੂਏ ਜਾ[38]	He becomes dead in life in[37] an	ਉਹ ਇਕ ਮੁਹਤ[36] ਵਿੱਚ[37] ਜੀਉਂਦੇ ਜੀ ਮਰ ਜਾਂਦਾ ਹੈ,

ਸਬਦੁ[39] ਪਛਾਨਿਆ[40] ॥	instant[36], when[38] he realises[40] his Lord[39].	ਜਦ ਉਹ ਆਪਣੇ ਪ੍ਰਭੂ[39] ਨੂੰ ਅਨੁਭਵ[40] ਕਰ ਲੈਂਦਾ ਹੈ।
ਅਸਥਿਰੁ[41] ਚੀਤੁ[42] ਮਰਨਿ[43] ਮਨੁ[44] ਮਾਨਿਆ[45] ॥	Stable[41] becomes his mind[42] and his soul[44] likes[45] this death[43].	ਅਡੋਲ[41] ਹੋ ਜਾਂਦਾ ਹੈ ਉਸ ਦਾ ਮਨ[42] ਅਤੇ ਉਸ ਦੀ ਜਿੰਦੜੀ[44] ਨੂੰ ਇਹ ਮੌਤ[43] ਚੰਗੀ ਲਗਦੀ[45] ਹੈ।
ਗੁਰ ਕਿਰਪਾ[46] ਤੇ[47] ਨਾਮੁ ਪਛਾਨਿਆ[48] ॥੧੯॥	By[47] Guru's grace[46], man realises[48] the Name.	ਗੁਰਾਂ ਦੀ ਦਇਆ[46] ਦੁਆਰਾ[47], ਬੰਦਾ ਨਾਮ ਨੂੰ ਅਨੁਭਵ ਕਰ ਲੈਂਦਾ[48] ਹੈ।
ਗਗਨ[49] ਗੰਭੀਰੁ[50] [51]ਗਗਨੰਤਰਿ[52] ਵਾਸੁ[53] ॥	When the Infinite[50] Lord[49] abides[53] in the man's mind-firmament[51], he	ਜਦ ਅਨੰਤ[50] ਸੁਆਮੀ[49] ਮਨੁੱਖ ਦੇ ਮਨ ਦੇ ਆਕਾਸ਼[51] ਅੰਦਰ[52] ਟਿਕਾ[53] ਦਿੰਦਾ ਹੈ ਤਾਂ ਉਹ ਸਾਂਈਂ ਦੀ
ਗੁਣ[54] ਗਾਵੈ ਸੁਖ ਸਹਜਿ[55] ਨਿਵਾਸੁ[56] ॥	sings the Lord's praise[54] and dwells[56] in celestial peace[55].	ਕੀਰਤੀ[54] ਗਾਇਨ ਕਰਦਾ ਹੈ ਅਤੇ ਬੈਕੁੰਠੀ ਆਰਾਮ[55] ਅੰਦਰ ਵੱਸਦਾ[56] ਹੈ।
ਗਇਆ[57] ਨ ਆਵੈ ਆਇ ਨ ਜਾਇ ॥	Going[57] there, he comes not back, nor suffers he transmigration.	ਉੱਥੇ ਜਾ ਕੇ[58] ਉਹ ਮੁੜ ਕੇ ਨਹੀਂ ਆਉਂਦਾ ਅਤੇ ਨਾ ਹੀ ਉਹ ਆਵਾਗਉਣ ਵਿਚ ਪੈਂਦਾ ਹੈ।
ਗੁਰ ਪਰਸਾਦਿ[58] ਰਹੈ ਲਿਵ[59] ਲਾਇ[60] ॥	By Guru's grace[58], he remains merged[60] in the Lord's love[59].	ਗੁਰਾਂ ਦੀ ਮਿਹਰ[58] ਸਦਕਾ ਉਹ ਪ੍ਰਭੂ ਦੀ ਪ੍ਰੀਤ[50] ਅੰਦਰ ਲੀਨ[60] ਰਹਿੰਦਾ ਹੈ।
ਗਗਨੁ[61] ਅਗੰਮੁ[62] ਅਨਾਥੁ[63] ਅਜੋਨੀ[64] ॥	My Master[61] is Unapproachable[62], Self-dependent[63] and Unborn[64].	ਮੈਂਡਾ ਮਾਲਕ[61] ਪਹੁੰਚ ਤੋਂ ਪਰੇ[62], ਸੁਤੰਤਰ[63] ਅਤੇ ਅਜਨਮਾ[64] ਹੈ।
ਸੋ[25] ਸਾਹੁ[26] ਸਾਚਾ ਜਿਸੁ ਹਰਿ ਧਨੁ[27] ਰਾਸਿ[28] ॥	He[25] alone is the true banker[26], who possesses the capital[28] of God's wealth[27].	ਕੇਵਲ ਉਹ[25] ਹੀ ਸੱਚਾ ਸ਼ਾਹੂਕਰ[26] ਹੈ ਜਿਸ ਦੇ ਪੱਲੇ ਵਾਹਿਗੁਰੂ ਦੀ ਦੌਲਤ[27] ਦੀ ਪੂੰਜੀ[28] ਹੈ ।
ਗੁਰਮੁਖਿ[29] ਪੂਰਾ[30] ਤਿਸੁ[31] ਸਾਬਾਸਿ[32] ॥	By Guru's grace[29], he becomes perfect[30]. All-praiseworthy[32] is He[31].	ਗੁਰਾਂ ਦੀ ਦਇਆ[29] ਦੁਆਰਾ ਉਹ ਪੂਰਨ[30] ਹੋ ਜਾਂਦਾ ਹੈ ਅਤੇ ਸਮੂਹ-ਸ਼ਲਾਘਾ[32] ਯੋਗ ਹੈ ਉਹ[31] ।
ਰੂੜੀ[33] ਬਾਣੀ[34] ਹਰਿ ਪਾਇਆ[35] ਗੁਰ ਸਬਦੀ[37] ਬੀਚਾਰਿ[36] ॥	Beauteous[33] is tue Guru's word[34]. By reflecting[36] on the Guru's word[37], the Lord is obtained[35].	ਸੁੰਦਰ[33] ਹੈ ਗੁਰਾਂ ਦੀ ਬਾਣੀ[34] । ਗੁਰਾਂ ਦੀ ਬਾਣੀ[37] ਦਾ ਚਿੰਤਨ ਕਰਨ[36] ਦੁਆਰਾ ਪ੍ਰਭੂ ਪਰਾਪਤ ਹੋ ਜਾਂਦਾ[35] ਹੈ।
੯੩੭		
ਆਪੁ[38] ਗਇਆ[39] ਦੁਖੁ[40] ਕਟਿਆ[41] ਹਰਿ ਵਰੁ[42] ਪਾਇਆ ਨਾਰਿ[43] ॥੪੭॥	When self-conceit[38] is stilled[31], her pain[49] is eradicated[41] and the bride[43] attains to God, her Spouse[42].	ਜਦ ਸਵੈ-ਹੰਗਤਾ[38] ਨਵਿਰਤ ਹੋ ਜਾਂਦੀ[39] ਹੈ ਤਾਂ ਉਸ ਦੀ ਪੀੜ[40] ਦੂਰ ਹੋ ਜਾਂਦੀ[41] ਹੈ ਅਤੇ ਪਤਨੀ[43] ਆਪਣੇ ਪਤੀ[42] ਵਾਹਿਗੁਰੂ ਨੂੰ ਪਾ ਲੈਂਦੀ ਹੈ ।
ਸੁਇਨਾ[44] ਰੁਪਾ[45] ਸੰਚੀਐ[46] ਧਨੁ[47] ਕਾਚਾ[48] ਬਿਖੁ[49] ਛਾਰੁ[50] ॥	Man amasses[46] gold[44] and silver[45], but this false[48] and poisonous[49] wealth[47] is like ashes[50].	ਬੰਦਾ ਸੋਨੇ[44] ਅਤੇ ਚਾਂਦੀ[45] ਨੂੰ ਇਕੱਤਰ[46] ਕਰਦਾ ਹੈ ; ਪ੍ਰੰਤੂ, ਇਹ ਕੂੜੀ[48] ਅਤੇ ਜ਼ਹਿਰੀਲੀ[49] ਦੌਲਤ[47] ਸੁਆਹ[50] ਦੀ ਮਾਨੰਦ ਹੈ ।
ਸਾਹੁ[51] ਸਦਾਏ[52] ਸੰਚਿ ਧਨੁ ਦੁਬਿਧਾ[53] ਹੋਇ ਖੁਆਰੁ[54] ॥	Amassing wealth, man calls[52] himself a banker[51], but duality[53] wastes[54] him away.	ਧਨ-ਦੌਲਤ ਇਕੱਤਰ ਕਰਕੇ ਬੰਦਾ ਆਪਣੇ ਆਪ ਨੂੰ ਸ਼ਾਹੂਕਾਰ[51] ਅਖਵਾਉਂਦਾ[52] ਹੈ, ਪ੍ਰੰਤੂ ਦਵੈਤ-ਭਾਵ[53] ਉਸ ਨੂੰ ਬਰਬਾਦ ਕਰ ਦਿੰਦਾ[54] ਹੈ ।

ਸਚਿਆਰੀ[55] ਸਚੁ ਸੰਚਿਆ[58] ਸਾਚਉ[56] ਨਾਮੁ ਅਮੋਲੁ[57] ॥

The true ones[55] amass[58] truth, because invaluable[57] is the True[56] Name.

ਸੱਚੇ ਇਨਸਾਨ[55] ਸੱਚ ਨੂੰ ਇਕੱਤਰ ਕਰਦੇ[58] ਹਨ ਕਿਉਂਕਿ ਅਣਮੁੱਲਾ[57] ਹੈ ਸੱਚਾ[56] ਨਾਮ ।

ਹਰਿ ਨਿਰਮਾਇਲੁ[58*] ਊਜਲੋ[59] ਪਤਿ[60] ਸਾਚੀ ਸਚੁ ਬੋਲੁ[61] ॥

They remember the Immaculate[58*] and Pure[59] Lord. True is their honour[60] and true their speech[61].

ਉਹ ਪਵਿੱਤਰ[58*] ਅਤੇ ਪਾਵਨ[59] ਪ੍ਰਭੂ ਨੂੰ ਸਿਮਰਦੇ ਹਨ । ਸੱਚੀ ਹੈ ਉਨ੍ਹਾਂ ਦੀ ਇੱਜ਼ਤ ਆਬਰੂ[60] ਤੇ ਸੱਚੇ ਹਨ ਉਨ੍ਹਾਂ ਦੇ ਬਚਨ ਬਿਲਾਸ[61] ।

ਸਾਜਨੁ[62] ਮੀਤੁ[63] ਸੁਜਾਣੁ[64] ਤੂ ਤੂ ਸਰਵਰੁ[65] ਤੂ ਹੰਸੁ[66] ॥

O my Omniscient[64] Lord, Thou art my Friend[62] and Intimate[63]. Thou art my lake[65] and Thou the swan[66].

ਹੇ ਮੇਰੇ ਸਰਵੱਗ[64] ਸੁਆਮੀ ! ਤੂੰ ਮੇਰਾ ਮਿੱਤਰ[62] ਅਤੇ ਯਾਰ[63] ਹੈਂ । ਤੂੰ ਮੇਰਾ ਤਲਾਬ[65] ਹੈਂ ਅਤੇ ਤੂੰ ਹੀ ਮੇਰਾ ਰਾਜਹੰਸ[66] ।

ਸਾਚਉ[67] ਠਾਕੁਰੁ ਮਨਿ[71] ਵਸੈ[68] ਹਉ ਬਲਿਹਾਰੀ[69] ਤਿਸੁ[70] ॥

He, within whose mind[71], the True[67] Lord abides[68]; unto him[70] I am a sacrifice[69].

ਜਿਸ ਦੇ ਰਿਦੇ[71] ਅੰਦਰ ਸੱਚਾ[67] ਸੁਆਮੀ ਨਿਵਾਸ ਰੱਖਦਾ[68] ਹੈ, ਉਸ[70] ਉੱਤੋਂ ਮੈਂ ਕੁਰਬਾਨ ਵੰਞਦਾ[69] ਹਾਂ ।

ਮਾਇਆ[72] ਮਮਤਾ[73] ਮੋਹਣੀ[74] ਜਿਨਿ ਕੀਤੀ[75] ਸੋ[76] ਜਾਣੁ[77] ॥

Understand[77] thou Him[76], who has created[75] love[73] for the bewitching[74] mammon[72].

ਤੂੰ ਉਸ[76] ਨੂੰ ਸਮਝ ਸੋਚ[77], ਜਿਸ ਨੇ ਮੋਹ ਲੈਣ ਵਾਲੀ[74] ਦੌਲਤ[72] ਲਈ ਪਿਆਰ[73] ਪੈਦਾ ਕੀਤਾ ਹੈ ।

ਬਿਖਿਆ[78] ਅੰਮ੍ਰਿਤੁ[79] ਏਕੁ[80] ਹੈ ਬੂਝੈ[81] ਪੁਰਖੁ[82] ਸੁਜਾਣੁ[83] ॥੪੮॥

He, who realises[81] the wise[83] Lord[82], deems poison[78] and nectar[79] alike[80].

ਜੋ ਸਿਆਣੇ[83] ਸਾਹਿਬ[82] ਨੂੰ ਅਨੁਭਵ ਕਰਦਾ[81] ਹੈ, ਉਹ ਜ਼ਹਿਰ[78] ਅਤੇ ਆਬਿਹਿਯਾਤ[79] ਨੂੰ ਇੱਕੋ ਜੇਹਾ[80] ਜਾਣਦਾ ਹੈ ।

ਖਿਮਾ[84] ਵਿਹੂਣੇ[85] ਖਪਿ[86] ਗਏ ਖੂਹਣਿ[87] ਲਖ[88] ਅਸੰਖ[89] ॥

Without[85] forbearance[84], myriads[87], lakhs[88] and innumerable[39] number of person, have perished[96].

ਸਹਿਨਸ਼ੀਲਤਾ[84] ਦੇ ਬਿਨਾ[85] ਕ੍ਰੋੜਾ[87], ਲੱਖੂਖਾਂ[88] (ਲੱਖਾਂ) ਅਤੇ ਅਣਗਿਣਤ[89] ਪੁਰਸ਼ ਮਰ ਖੱਪ ਗਏ[86] ਹਨ ।

ਗਣਤ[99] ਨ ਆਵੈ ਕਿਉ[91] ਗਣੀ ਖਪਿ ਖਪਿ ਮੁਏ ਬਿਸੰਖ[93] ॥

Their count[90] can be known not. How[21] can I reckon them ? Being distressed and bothered[92] numberless[93] have died.

ਉਨ੍ਹਾਂ ਦੀ ਗਿਣਤੀ[90] ਜਾਣੀ ਨਹੀਂ ਜਾ ਸਕਦੀ । ਮੈਂ ਉਨ੍ਹਾਂ ਨੂੰ ਕਿਸ ਤਰ੍ਹਾਂ[91] ਗਿਣ ਸਕਦਾ ਹਾਂ । ਦੁਖੀ ਤੇ ਵਿਆਕੁਲ[92] ਹੋ ਅਣਗਿਣਤ[93] ਹੀ ਮਰ ਮੁੱਕ ਗਏ ਹਨ ।

ਖਸਮੁ[94] ਪਛਾਣੈ[95] ਆਪਣਾ ਖੂਲੈ[96] ਬੰਧੁ[97] ਨ ਪਾਇ[98] ॥

He, who knows[95] his Lord[94] is set free[96] and he is not loaded[98] with chains.

ਜੋ ਆਪਣੇ ਸੁਆਮੀ[94] ਨੂੰ ਜਾਣਦਾ[95] ਹੈ ਉਹ ਆਜ਼ਾਦ[96] ਹੋ ਜਾਂਦਾ ਹੈ ਅਤੇ ਉਸ ਦੇ ਬੇੜੀਆਂ[97] ਨਹੀਂ ਪੈਂਦੀਆਂ[98] ।

ਸਬਦਿ[99] ਮਹਲੀ[100] ਖਰਾ[2] ਤੂ ਖਿਮਾ[3] ਸਚੁ ਸੁਖ ਭਾਇ[4] ॥

Becoming immaculate[2] through the Name[99], thou shalt enter into the Lord's mansion[100] and shalt be spontaneously[4] blessed with forgiveness[3] and truth.

ਨਾਮ[99] ਦੇ ਰਾਹੀਂ ਪਵਿੱਤਰ[2] ਹੋ ਤੂੰ ਪ੍ਰਭੂ ਦੇ ਮੰਦਰ[100] ਅੰਦਰ ਦਾਖ਼ਲ ਹੋ ਜਾਵੇਗਾ ਅਤੇ ਤੈਨੂੰ ਮੁਆਫ਼ੀ[3] ਅਤੇ ਸੱਚ ਦੀ ਦਾਤ ਸੁਧੇ ਸਿੱਧ[4] ਹੀ ਮਿਲ ਜਾਵੇਗੀ ।

ਖਰਚੁ[5] ਖਰਾ[6] ਧਨੁ ਧਿਆਨੁ[7] ਤੂ ਆਪੇ[10]

If thou possessest the viaticum[5] of the true[6] riches of meditation[7], the

ਜੇਕਰ ਤੇਰੇ ਪੱਲੇ ਸਿਮਰਨ[7] ਦੀ ਸੱਚੀ[6] ਦੌਲਤ ਦਾ ਸਫ਼ਰਖ਼ਰਚ[5] ਹੈ ਤਾਂ ਸੁਆਮੀ ਖ਼ੁਦ ਹੀ ਤੇਰੀ

ਵਸਹਿ[8] ਸਰੀਰਿ[9] ॥	Lord, of Himself[10], shall abide[8] within thy body[9].	ਦੇਹ[9] ਅੰਦਰ ਟਿਕ ਜਾਵੇਗਾ[9] ।
ਮਨਿ[12] ਤਨਿ[13] ਮੁਖਿ[14] ਜਾਪੈ[15] ਸਦਾ[16] ਗੁਣ[17] ਅੰਤਰਿ[18] ਮਨਿ[19] ਧੀਰ[20] ॥	With thy soul[12], body[13] and mouth[14] utter[15] thou ever[16] the Lord's Name and virtue[17] and composure[20], shall then enter into[18] thy mind[19].	ਆਪਣੀ ਆਤਮਾ[12], ਦੇਹ[13] ਅਤੇ ਮੂੰਹ[14] ਨਾਲ ਤੂੰ ਸਦੀਵ[16] ਹੀ ਸੁਆਮੀ ਦੇ ਨਾਮ ਦਾ ਉਚਾਰਨ ਕਰ[15]; ਤਦ ਨੇਕੀ[17] ਅਤੇ ਧੀਰਜ[20] ਤੇਰੇ ਹਿਰਦੇ[19] ਅੰਦਰ ਪ੍ਰਵੇਸ਼ ਕਰ ਜਾਣਗੇ[18] ।
ਹਉਮੈ[21] ਖਪੈ[22] ਖਪਾਇਸੀ[23] ਬੀਜਉ[24] ਵਥੁ[25] ਵਿਕਾਰੁ[26] ॥	In self-conceit[21], the mortal is distracted[22] and ruined[23]. Without God, everything[25] else[24] is evil[26].	ਸਵੈ-ਹੰਗਤਾ[21] ਅੰਦਰ ਪ੍ਰਾਨੀ ਵਿਆਕੁਲ[22] ਤੇ ਤਬਾਹ[23] ਹੋ ਜਾਂਦਾ ਹੈ । ਵਾਹਿਗੁਰੂ ਦੇ ਬਾਝੋਂ, ਹੋਰ[24] ਹਰ ਸ਼ੈ[25] ਮੰਦੀ[26] ਹੈ ।
ਜੰਤੁ[27] ਉਪਾਇ[29] ਵਿਚਿ[28] ਪਾਇਅਨੁ[30] ਕਰਤਾ[31] ਅਲਗੁ[32] ਅਪਾਰੁ[33] ॥੪੯॥	Creating[29] the creatures[27], the Lord has placed[30] Himself within[28] them. The Creator[31]-Lord is Detached[32] and Illimitable[33].	ਜੀਵਾਂ[27] ਨੂੰ ਪੈਦਾ ਕਰ ਕੇ[29], ਪ੍ਰਭੂ ਨੇ ਆਪਣੇ ਆਪ ਨੂੰ ਉਨ੍ਹਾਂ ਦੇ ਅੰਦਰ[28] ਟਿਕਾਇਆ[30] ਹੈ । ਪ੍ਰੰਤੂ, ਸਿਰਜਣਹਾਰ[31] ਸੁਆਮੀ ਨਿਰਲੇਪ[32] ਅਤੇ ਬੇਅੰਤ[39] ਹੈ ।
ਸ੍ਰਿਸਟੇ[34] ਭੇਉ[35] ਨ ਜਾਣੈ ਕੋਇ ॥ ਸ੍ਰਿਸਟਾ ਕਰੈ ਸੁ[36] ਨਿਹਚਉ[37] ਹੋਇ[38] ॥	None knows the mystery[35] of the World-Lord[34]. Whatever the World-Lord does, that[36] assuredly[37] comes to pass[38].	ਸ੍ਰਿਸ਼ਟੀ ਦੇ ਸੁਆਮੀ[34] ਦੇ ਭੇਤ[35]ਨੂੰ ਕੋਈ ਨਹੀਂ ਜਾਣਦਾ । ਜੋ ਕੁੱਛ ਭੀ ਸ੍ਰਿਸ਼ਟੀ ਦਾ ਸੁਆਮੀ ਕਰਦਾ ਹੈ ਉਹ[36] ਨਿਸਚਿਤ ਹੀ[37] ਹੋ ਆਉਂਦਾ[38] ਹੈ ।
ਸੰਪੈ[39] ਕਉ[40] ਈਸਰੁ[41] ਧਿਆਈਐ[42] ॥	For[40] the riches[39], the mortals contemplate[42] the Lord[41].	ਧਨ-ਦੌਲਤ[39] ਵਾਸਤੇ[40] ਪ੍ਰਾਨੀ ਸਾਹਿਬ[41] ਨੂੰ ਸਿਮਰਦੇ[42] ਹਨ ।
ਸੰਪੈ ਪੁਰਬਿ[43] ਲਿਖੇ[44] ਕੀ ਪਾਈਐ[45] ॥	Wealth is obtained[45] according to the past[48] writ[44].	ਪੂਰਬਲੀ[43] ਲਿਖਤਾਕਾਰ[44] ਦੇ ਅਨੁਸਾਰ ਦੌਲਤ ਪ੍ਰਾਪਤ ਹੁੰਦੀ[45] ਹੈ ।
ਸੰਪੈ ਕਾਰਣਿ[46] ਚਾਕਰ[47] ਚੋਰ[48] ॥	For the sake[46] of wealth, the mortals become servants[47] and thieves[48].	ਧਨ ਦੌਲਤ ਦੀ ਖ਼ਾਤਰ[46], ਪ੍ਰਾਨੀ ਨੌਕਰ[47] ਅਤੇ ਚੋਰ[48] ਬਣ ਜਾਂਦੇ ਹਨ ।
ਸੰਪੈ ਸਾਥਿ[49] ਨ ਚਾਲੈ[50] ਹੋਰ[51] ॥	Wealth goes[50] not with[49] the mortal and comes to belong to another[51].	ਦੌਲਤ ਪ੍ਰਾਨੀ ਦੇ ਨਾਲ[49] ਨਹੀਂ ਜਾਂਦੀ[50] ਅਤੇ ਕਿਸੇ ਹੋਰਸ[51] ਦੀ ਮਲਕੀਅਤ ਬਣ ਜਾਂਦੀ ਹੈ ।
ਬਿਨੁ ਸਾਚੇ[52] ਨਹੀ ਦਰਗਹ[53] ਮਾਨੁ[54] ॥	Without the True Name[52], one obtains not honour[54] in the Lord's court[53].	ਸਤਿਨਾਮ[52] ਦੇ ਬਾਝੋਂ ਬੰਦੇ ਨੂੰ ਸਾਂਈਂ ਦੇ ਦਰਬਾਰ[52] ਵਿਚ ਇੱਜ਼ਤ[54] ਨਹੀਂ ਮਿਲਦੀ ।
ਹਰਿ ਰਸੁ[55] ਪੀਵੈ[56] ਛੁਟੈ[57] ਨਿਦਾਨਿ[58] ॥੫੦॥	He, who drinks[56] God's elixir[55], is emancipated[57] in the end[58].	ਜੋ ਵਾਹਿਗੁਰੂ ਦੇ ਅੰਮ੍ਰਿਤ[55] ਨੂੰ ਪਾਨ ਕਰਦਾ[56] ਹੈ, ਉਹ ਅੰਤ[58] ਨੂੰ ਮੁਕਤ ਹੋ ਜਾਂਦਾ[57] ਹੈ ।
ਹੇਰਤ[59] ਹੇਰਤ[60] ਹੇ ਸਖੀ[61] ਹੋਇ ਰਹੀ ਹੈਰਾਨ[62] ॥	Perceiving[58] and discerning[60], O my mate[61], I am wonder-struck[62].	ਵੇਖ[59] ਅਤੇ ਤੱਕ ਕੇ[60], ਹੇ ਮੇਰੀ ਸਹੇਲੀਏ[61] ! ਮੈਂ ਚਕ੍ਰਿਤ[62] ਹੋ ਗਈ ਹਾਂ ।
ਹਉ[63] ਹਉ[64] ਕਰਤੀ[65] ਮੈ[66] ਮੁਈ[67] ਸਬਦਿ[68] ਰਵੈ[69]	My self-conceit[66], which proclaimed[65] I-amness[63] and mineness[64], is now	ਮੇਰੀ ਸਵੈ-ਹੰਗਤਾ[66], ਜਿਹੜੀ ਮੈਂ[63] ਤੇ ਮੇਰੀ[64]ਪੁਕਾਰਦੀ[65] ਸੀ, ਹੁਣ ਮਰ ਮੁੱਕ[67] ਗਈ ਹੈ ਅਤੇ ਬ੍ਰਹਿਮਵੀਚਾਰ[71]

ਮਨਿ[70] ਗਿਆਨੁ[71] ॥	stilled[67] and illumined by gnosis[71], my mind[70] now utters[69] the Name[68].	ਰਾਹੀਂ ਪ੍ਰਕਾਸ਼ ਹੋ ਮੇਰਾ ਮਨ[70] ਹੁਣ ਨਾਮ[68] ਦਾ ਉਚਾਰਨ ਕਰਦਾ[69] ਹੈ ।
ਹਾਰ[72] ਡੋਰ[73] ਕੰਕਨ[74] ਘਣੇ[75] ਕਰਿ[76] ਥਾਕੀ[77] ਸੀਗਾਰੁ[78] ॥	I am grown weary[75] of wearing many[75] necklaces[72], hair-strings[73] and bracelets[74] and making[76] ornamentations[78].	ਮੈਂ ਅਨੇਕਾਂ[75] ਕੰਠ-ਮਾਲਾਂ[72], ਪਰਾਂਦੀਆਂ[73] ਅਤੇ ਕੜੇ[74] ਅਤੇ ਹਾਰ ਸ਼ਿੰਗਾਰ[78] ਲਾ ਕੇ[86] ਹਾਰ ਹੁੱਟ ਗਈ[77] ਹਾਂ ।
ਮਿਲਿ[79] ਪ੍ਰੀਤਮ[80] ਸੁਖੁ ਪਾਇਆ ਸਗਲ[31] ਗੁਣਾ[81]* ਗਲਿ ਹਾਰੁ[82] ॥	Meeting[79] my Beloved[80], I attain peace and wear the garland[82] of all[81] the virtues[81]*.	ਆਪਣੇ ਪਿਆਰੇ[80] ਨੂੰ ਭੇਟ ਕੇ[79] ਮੈਨੂੰ ਆਰਾਮ ਪ੍ਰਾਪਤ ਹੁੰਦਾ ਹੈ ਅਤੇ ਮੈਂ ਸਮੂਹ[81] ਨੇਕੀਆਂ[81]* ਦੀ ਫੂਲਮਾਲਾ[82] ਪਹਿਰਦੀ ਹਾਂ ।
ਨਾਨਕ ਗੁਰਮੁਖਿ[83] ਪਾਈਐ[84] ਹਰਿ ਸਿਉ[85] ਪ੍ਰੀਤਿ[86] ਪਿਆਰੁ[87] ॥	Nanak, by Guru's grace[83], the love[86] and affection[87] of the Lord is attained[84] to.	ਨਾਨਕ ਗੁਰਾਂ ਦੀ ਦਇਆ[83] ਦੁਆਰਾ ਪ੍ਰਭੂ ਦਾ[85] ਪ੍ਰੇਮ[86] ਅਤੇ ਸਨੇਹ[87] ਪ੍ਰਾਪਤ ਹੁੰਦਾ[84] ਹੈ ।
ਹਰਿ ਬਿਨੁ ਕਿਨਿ[88] ਸੁਖੁ[89] ਪਾਇਆ ਦੇਖਹੁ[90] ਮਨਿ[91] ਬੀਚਾਰਿ[92] ॥	Without God, who has obtained peace[89]? Reflect[92] thou on this in thy mind[91] and see[90].	ਹਰੀ ਦੇ ਬਗੈਰ ਕਿਸੇ[88] ਨੂੰ ਠੰਢ ਚੈਨ[89] ਪ੍ਰਾਪਤ ਹੋਈ ਹੈ? ਤੂੰ ਆਪਣੇ ਚਿੱਤ[91] ਅੰਦਰ ਸੋਚ ਸਮਝ[92] ਕੇ ਵੇਖ ਲੈ[90] ।
ਹਰਿ ਪੜਣਾ[93] ਹਰਿ ਬੁਝਣਾ[94] ਹਰਿ ਸਿਉ ਰਖਹੁ[95] ਪਿਆਰੁ[96] ॥	Read[93] thou of God alone, understand[94] thou Him and embrace[97] thou love[96] for thy God.	ਤੂੰ ਕੇਵਲ ਵਾਹਿਗੁਰੂ ਬਾਰੇ ਪੜ੍ਹ[93], ਤੂੰ ਉਸੇ ਨੂੰ ਹੀ ਸਮਝ[94] ਅਤੇ ਤੂੰ ਆਪਣੇ ਵਾਹਿਗੁਰੂ ਨਾਲ ਹੀ ਪ੍ਰੀਤੀ[96] ਪਾ[95] ।
ਹਰਿ ਜਪੀਐ[97] ਹਰਿ ਧਿਆਈਐ[98] ਹਰਿ ਕਾ ਨਾਮੁ ਅਧਾਰੁ[99] ॥੫੧॥	Contemplate[97] thou thy Lord God, remember[98] thou Him and have the support[99] of only the Lord's Name.	ਤੂੰ ਆਪਣੇ ਸੁਆਮੀ ਵਾਹਿਗੁਰੂ ਦਾ ਸਿਮਰਨ ਕਰ[97], ਤੂੰ ਉਸੇ ਨੂੰ ਹੀ ਯਾਦ ਕਰ[98] ਅਤੇ ਸਿਰਫ਼ ਸਾਂਈਂ ਦੇ ਨਾਮ ਦਾ ਹੀ ਆਸਰਾ[99] ਲੈ ।
ਲੇਖ[100] ਨ ਮਿਟਈ[2] ਹੇ ਸਖੀ[3] ਜੋ ਲਿਖਿਆ[4] ਕਰਤਾਰਿ[5] ॥	The writ[100], scribed[4] by the Creator[5], O my mate[3], can be erased[2] not.	ਸਿਰਜਣਹਾਰ[5] ਦੀ ਲਿਖੀ ਹੋਈ[4] ਲਿਖਤਾਕਾਰ[100], ਹੇ ਮੇਰੀ ਸਹੇਲੀਏ[3] ! ਮੇਸੀ[2] ਨਹੀਂ ਜਾ ਸਕਦੀ ।
ਆਪੇ[6] ਕਾਰਣੁ[7] ਜਿਨਿ ਕੀਆ[8] ਕਰਿ ਕਿਰਪਾ[9] ਪਗੁ[10] ਧਾਰਿ[12] ॥	The Creator, who Himself[6] has created[8] the universe[7], mercifully[9] places[12] His foot[10] (realization) in man's mind.	ਸਿਰਜਣਹਾਰ, ਜਿਸ ਨੇ ਖ਼ੁਦ[6] ਆਲਮ[7] ਸਿਰਜਿਆ[8] ਹੈ, ਮਿਹਰ ਧਾਰ ਕੇ[9] ਆਪਣਾ ਪੈਰ[10] (ਚਿੰਤਨ, ਸੂਝ) ਮਨੁਸ਼ ਦੇ ਮਨ ਅੰਦਰ ਟੇਕਦਾ[12] ।
ਕਰਤੇ[13]ਹਥਿ ਵਡਿਆਈਆ[14] ਬੂਝਹੁ[15] ਗੁਰ ਬੀਚਾਰਿ[16] ॥	The glories[14] are in the hand of the Creator[13]. Understand[15] thou this, reflecting[16] on the Guru's word.	ਬਜ਼ੁਰਗੀਆਂ[14] ਕਰਤਾਰ[13] ਦੇ ਹੱਥ ਵਿਚ ਹਨ । ਗੁਰਾਂ ਦੀ ਬਾਣੀ ਨੂੰ ਸੋਚਣ ਸਮਝਣ[16] ਦੁਆਰਾ, ਤੂੰ ਇਸ ਗਲ ਨੂੰ ਸਮਝ[15] ।
ਲਿਖਿਆ[17] ਫੇਰਿ[18] ਨ ਸਕੀਐ ਜਿਉ[19] ਭਾਵੀ[20] ਤਿਉ[21] ਸਾਰਿ[22] ॥	The Lord's writ[17] can be challenged[18] not. O Lord, as[19] it pleases[20] Thee, so[21] do Thou take care[22] of me.	ਪ੍ਰਭੂ ਦੀ ਲਿਖਤਾਕਾਰ[17] ਤੇ ਉਜ਼ਰ ਨਹੀਂ ਕੀਤਾ[18] ਜਾ ਸਕਦਾ । ਜਿਸ ਤਰ੍ਹਾਂ[19] ਤੈਨੂੰ ਭਾਉਂਦਾ[20] ਹੈ, ਉਸੇ ਤਰ੍ਹਾਂ[21] ਹੀ ਤੂੰ ਮੇਰੀ ਰੱਖਿਆ ਕਰ[22], ਹੇ ਸੁਆਮੀ !
ਨਦਰਿ[23] ਤੇਰੀ ਸੁਖੁ ਪਾਇਆ ਨਾਨਕ ਸਬਦੁ[24] ਵੀਚਾਰਿ[25] ॥	By Thine gracious glance[23], Nanak has obtained peace, reflecting[25] on Thy Name[24].	ਤੇਰੀ ਰਹਿਮਤ ਦੀ ਨਜ਼ਰ[23] ਦੁਆਰਾ ਤੇਰੇ ਨਾਮ ਦਾ ਸਿਮਰਨ ਕਰਕੇ[25] ਨਾਨਕ ਨੂੰ ਆਰਾਮ[24] ਪ੍ਰਾਪਤ ਹੋਇਆ ਹੈ ।

ਮਨਮੁਖ[26] ਭੂਲੇ[27] ਪਚਿ[28] ਮੁਏ[29] ਉਬਰੇ[30] ਗੁਰ ਬੀਚਾਰਿ[31] ॥	Through error[27], the apostates[26] putrefy[28] to death[29]. Reflecting[31] over the Guru's word, men are saved[30].	ਭੁਲੇਖੇ[27] ਰਾਹੀਂ ਅਧਰਮੀ[26] ਗਲ ਸੜ ਕੇ[28] ਮਰ ਜਾਂਦੇ[29] ਹਨ। ਗੁਰਾਂ ਦੀ ਬਾਣੀ ਨੂੰ ਵੀਚਾਰਨ[31] ਦੁਆਰਾ ਬੰਦਾ ਬਚ ਜਾਂਦਾ[30] ਹੈ।
ਜਿ ਪੁਰਖੁ[32] ਨਦਰਿ[36] ਨ ਆਵਈ ਤਿਸ[33] ਕਾ ਕਿਆ[34] ਕਰਿ ਕਹਿਆ[35] ਜਾਇ ॥	The Lord[32], whom man can see[36] not; what[34] can he say[35] of Him[33] ?	ਪ੍ਰਭੂ[32], ਜਿਸ ਨੂੰ ਇਨਸਾਨ ਵੇਖ[36] ਨਹੀਂ ਸਕਦਾ; ਉਸ[33] ਬਾਰੇ ਉਹ ਕੀ[34] ਆਖ ਸਕਦਾ[35] ਹੈ ?
ਬਲਿਹਾਰੀ[37] ਗੁਰ ਆਪਣੇ ਜਿਨਿ ਹਿਰਦੈ[38] ਦਿਤਾ ਦਿਖਾਇ[39] ॥੫੨॥	A sacrifice[37] am I unto my Guru, who has shown[39] me my Master within my mind[38].	ਕੁਰਬਾਨ[37] ਹਾਂ ਮੈਂ ਆਪਣੇ ਗੁਰਦੇਵ ਜੀ ਉੱਤੋਂ, ਜਿਨ੍ਹਾਂ ਨੇ ਮੈਨੂੰ ਮੇਰੇ ਮਨ[38] ਅੰਦਰ ਮੈਂਡੜਾ ਮਾਲਕ ਵਿਖਾਲ ਦਿੱਤਾ[39] ਹੈ।
ਪਾਧਾ[40] ਪੜਿਆ[41] ਆਖੀਐ[42] ਬਿਦਿਆ[43] ਬਿਚਰੈ[44] ਸਹਜਿ[45] ਸੁਭਾਇ[46] ॥	Then alone the Pandit[40] is said[42] to be educated[41], if he with calm[45] disposition[46] reflects[44] on the Lord's knowledge[43].	ਕੇਵਲ ਤਾਂ ਹੀ ਪੰਡਤ[40] ਵਿਦਵਾਨ[41] ਕਹਿਆ ਜਾਂਦਾ[42] ਹੈ, ਜੇਕਰ ਉਹ ਸ਼ਾਂਤ[45] ਸੁਭਾਅ[46] ਨਾਲ ਬ੍ਰਹਮ ਗਿਆਨ[43] ਦਾ ਵੀਚਾਰ ਕਰੇ[44]।
੯੩੮		
ਬਿਦਿਆ[47] ਸੋਧੈ[48] ਤਤੁ[49] ਲਹੈ[50] ਰਾਮ[51] ਨਾਮ ਲਿਵ[52] ਲਾਇ[53] ॥	He should deliberate over[48] the Lord's science[47], find[50] its quintessence[49] and enshrine[53] love[52] for the Lord's[51] Name.	ਉਸ ਨੂੰ ਸਾਹਿਬ ਦੇ ਇਲਮ[47] ਨੂੰ ਵੀਚਾਰਨਾ[48], ਇਸ ਦੀ ਅਸਲੀਅਤ[49] ਨੂੰ ਖੋਜਣਾ[50] ਅਤੇ ਸੁਆਮੀ[51] ਦੇ ਨਾਮ ਨਾਲ ਪ੍ਰਿਆਰ[52] ਪਾਉਣਾ[53] ਚਾਹੀਦਾ ਹੈ।
ਮਨਮੁਖੁ[54] ਬਿਦਿਆ[55] ਬਿਕ੍ਰਦਾ[56] ਬਿਖੁ[57] ਖਟੇ[58] ਬਿਖੁ ਖਾਇ[59] ॥	The wayward person[54] sells[56] his knowledge[55]. He earns[58] poison[57] and poison he eats[59].	ਆਪ ਹੁਦਰਾ ਪੁਰਸ਼[54] ਆਪਣੇ ਇਲਮ[55] ਨੂੰ ਵੇਚਦਾ[56] ਹੈ। ਉਹ ਜ਼ਹਿਰ[57] ਕਮਾਉਂਦਾ[58] ਹੈ ਅਤੇ ਜ਼ਹਿਰ ਹੀ ਖਾਂਦਾ[59] ਹੈ।
ਮੂਰਖੁ[60] ਸਬਦੁ[61] ਨ ਚੀਨਈ[62] ਸੂਝ[63] ਬੂਝ[64] ਨਹ ਕਾਇ ॥੫੩॥	The fool[60] contemplates[62] not the Name[61]. He has no understanding[63] and comprehension[64].	ਮੂੜ੍ਹ[60], ਨਾਮ[61] ਦਾ ਸਿਮਰਨ ਨਹੀਂ ਕਰਦਾ[62]। ਉਸ ਨੂੰ ਕੋਈ ਸਮਝ[63] ਅਤੇ ਗਿਆਤ[64] ਨਹੀਂ।
ਪਾਧਾ[65] ਗੁਰਮੁਖਿ[66] ਆਖੀਐ ਚਾਟੜਿਆ[67] ਮਤਿ ਦੇਇ[68] ॥	He is said to be saintly[66] teacher[65]; if he imparts true instruction[68] to his pupils[67].	ਉਹ ਪੁੰਨ-ਆਤਮਾ[66] ਉਸਤਾਦ[65] ਆਖਿਆ ਜਾਂਦਾ ਹੈ; ਜੇਕਰ ਉਹ ਆਪਣੇ ਸ਼ਗਿਰਦਾ[67] ਨੂੰ ਸੱਚੀ ਸਿੱਖਿਆ[68] ਦਿੰਦਾ ਹੈ।
ਨਾਮੁ ਸਮਾਲਹੁ[69] ਨਾਮੁ ਸੰਗਰਹੁ[70] ਲਾਹਾ[71] ਜਗ ਮਹਿ[72] ਲੇਇ[73] ॥	Contemplate[69] thou the Name, in-gather[70] thou the Name and thus earn[73] thou the profit[71] in[72] this world.	ਤੂੰ ਨਾਮ ਦਾ ਸਿਮਰਨ[69] ਕਰ, ਤੂੰ ਨਾਮ ਨੂੰ ਹੀ ਇਕੱਤਰ ਕਰ[70] ਅਤੇ ਇਸ ਤਰ੍ਹਾਂ ਤੂੰ ਇਸ ਜਹਾਨ ਅੰਦਰ[72] ਲਾਹਾ[71] ਖੱਟ[73]।
ਸਚੀ ਪਟੀ[74] ਸਚੁ ਮਨਿ[75] ਪੜੀਐ[76] ਸਬਦੁ[77] ਸੁ[78] ਸਾਰੁ[79] ॥	With the true wooden slate[74] of the true mind[75] read[76] thou the supremely[78] sublime[79] Gurbani[77].	ਸੱਚੇ ਚਿੱਤ[75] ਦੀ ਸੱਚੀ ਫਟੀ[74] ਨਾਲ ਤੂੰ ਪਰਮ[78] ਸ੍ਰੇਸ਼ਟ[79] ਗੁਰਬਾਣੀ[77] ਨੂੰ ਵਾਚ[76]।
ਨਾਨਕ ਸੋ[80] ਪੜਿਆ[81] ਸੋ	Nanak, he[80] alone is learned[81] and	ਨਾਨਕ, ਕੇਵਲ ਉਹ[80] ਹੀ ਪੜ੍ਹਿਆ[81] ਹੈ ਅਤੇ ਉਹ

ਪੰਡਿਤੁ[82] ਬੀਨਾ[83] ਜਿਸੁ ਰਾਮੁ[84] ਨਾਮ ਗਲਿ ਹਾਰੁ[85] ॥ ੫੪॥੧॥	he the wise[83] scholar[82], who wears the Necklace[85] of the Lord's[34] Name.	ਹੀ ਸਿਆਣਾ[83] ਵਿਦਵਾਨ[82] ਜੋ ਸੁਆਮੀ[84] ਦੇ ਨਾਮ ਦੀ ਗਲ-ਮਾਲਾ[85] ਪਹਿਰਦਾ ਹੈ।
ਰਾਮਕਲੀ ਮਹਲਾ ੧ ਸਿਧ ਗੋਸਟਿ	Ramkali Ist Guru Sidh Goshat	ਰਾਮਕਲੀ ਪਹਿਲੀ ਪਾਤਿਸ਼ਾਹੀ ਸਿੱਧ ਗੋਸ਼ਟ
੧ ੴ ਸਤਿਗੁਰ ਪ੍ਰਸਾਦਿ ॥	There is but One God. By the grace of the True Guru, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸਿਧ[86] ਸਭਾ[87] ਕਰਿ[88] ਆਸਣਿ[89] ਬੈਠੇ[90] ਸੰਤ[91] ਸਭਾ ਜੈਕਾਰੋ[93] ॥	The men of miracles[86] forming[88] an assembly[87] sat[90] on their seats[89] and said to the Guru, "Make thou salutation[93] to this assembly of saints[91]".	ਕਰਾਮਾਤੀ ਬੰਦੇ[86] ਮਜਲਸ[87] ਬਣਾ ਕੇ[88] ਆਪਣਿਆਂ ਅਸਥਾਨਾਂ[89] ਉੱਤੇ ਬਹਿ ਗਏ[90] ਅਤੇ ਗੁਰੂ ਜੀ ਨੂੰ ਆਖਿਆ, "ਤੂੰ ਇਸ ਸਾਧੂਆਂ[91] ਦੀ ਮਜਲਸ ਨੂੰ ਪ੍ਰਣਾਮ[93] ਕਰ"।
	Answers the Guru ;—	ਗੁਰੂ ਜੀ ਉੱਤਰ ਦਿੰਦੇ ਹਨ :—
ਤਿਸੁ[94] ਆਗੈ[95] ਰਹਰਾਸਿ[96] ਹਮਾਰੀ[97] ਸਾਚਾ ਅਪਰ[98] ਅਪਾਰੋ[99] ॥	My[97] salutation[96] is before[95] Him[94], who is True, Infinite[98] and extremely Exquisite[99].	"ਮੇਰੀ[97] ਪ੍ਰਣਾਮ[96] ਉਸ ਦੇ[94] ਮੂਹਰੇ[95] ਹੈ ਜੋ ਸੱਚਾ, ਬੇਅੰਤ[98] ਤੇ ਪਰਮ ਉਤਕ੍ਰਿਸ਼ਟ[99] ਹੈ।
ਮਸਤਕੁ[100] ਕਾਟਿ[2] ਧਰੀ[3] ਤਿਸੁ ਆਗੈ ਤਨੁ[4] ਮਨੁ[5] ਆਗੈ ਦੇਉ[6] ॥	I cut off[2] my head[100] and lay[3] it before Him and surrender[6] my body[4] and soul[5] unto Him.	ਮੈਂ ਆਪਣਾ ਸਿਰ[100] ਵੱਢ ਕੇ[2] ਉਸ ਦੇ ਮੂਹਰੇ ਰਖਦਾ[3] ਹਾਂ ਅਤੇ ਆਪਣੀ ਦੇਹ[4] ਤੇ ਆਤਮਾ[5] ਉਸ ਨੂੰ ਸਮਰਪਣ ਕਰਦਾ[6] ਹਾਂ।
ਨਾਨਕ ਸੰਤੁ[7] ਮਿਲੈ[8] ਸਚੁ[9] ਪਾਈਐ ਸਹਜ ਭਾਇ[10] ਜਸੁ[12] ਲੇਉ[13] ॥੧॥	Nanak, by meeting[8] the Saint Guru[7], the True Lord[9] is obtained and one is spontaneously[10] blessed with[13] glory[12].	ਨਾਨਕ, ਸਾਧੂ ਗੁਰਦੇਵ ਜੀ ਨੂੰ ਭੇਟਣ[8] ਦੁਆਰਾ, ਸੱਚਾ ਸੁਆਮੀ[8] ਪ੍ਰਾਪਤ ਹੋ ਜਾਂਦਾ ਹੈ ਅਤੇ ਜੀਵ ਨੂੰ ਸੁਤੇ ਸਿੱਧ[10] ਹੀ ਪ੍ਰਭਤਾ[12] ਦੀ ਦਾਤ ਮਿਲ ਜਾਂਦੀ[13] ਹੈ।
ਕਿਆ[14] ਭਵੀਐ[15] ਸਚਿ[16] ਸੂਚਾ[17] ਹੋਇ[18] ॥	What[14] is the good of wandering[15] about ? It is through the True Name[16], that the man is rendered[18] pure[17].	ਭਾਉਂਦੇ ਫਿਰਨ[15] ਦਾ ਕੀ[14] ਲਾਭ ਹੈ ? ਸੱਚੇ ਨਾਮ[16] ਦੇ ਰਾਹੀਂ ਹੀ ਇਨਸਾਨ ਪਵਿੱਤਰ[17] ਹੁੰਦਾ[18] ਹੈ।
ਸਾਚ ਸਬਦਿ[19] ਬਿਨੁ ਮੁਕਤਿ[20] ਨ ਕੋਇ ॥੧॥ਰਹਾਉ॥	Without the True Name[19], no one is emancipated[20].	ਸਤਿਨਾਮ[19] ਦੇ ਬਾਝੋਂ ਕਿਸੇ ਦੀ ਭੀ ਕਾਲਿਆਣ[20] ਨਹੀਂ ਹੁੰਦੀ।
	Say the Yogis :—	ਯੋਗੀ ਆਖਦੇ ਹਨ —
ਕਵਨ[21] ਤੁਮੇ[22] ਕਿਆ ਨਾਉ ਤੁਮਾਰਾ ਕਉਨੁ ਮਾਰਗੁ[23] ਕਉਨੁ ਸੁਆਉ[24] ॥	Q. 1. "Who[21] art thou[22] ? Q. 2. What is thy Name ? Q. 3. What is thy sect[23] ? Q. 4. What is thine life-object[24] ?	ਪ੍ਰ: ੧. "ਤੂੰ ਕਉਣ[21] ਹੈਂ ? ਪ੍ਰ: ੨. ਤੇਰਾ ਨਾਮ ਕੀ ਹੈ ? ਪ੍ਰ: ੩. ਤੇਰਾ ਮੱਤ[23] ਕੀ ਹੈ ? ਪ੍ਰ: ੪. ਤੇਰਾ ਜੀਵਨ ਮਨੋਰਥ[24] ਕੀ ਹੈ ?

ਸਾਚੁ ਕਹਉ ਅਰਦਾਸਿ[25] ਹਮਾਰੀ ਹਉ ਸੰਤ ਜਨਾ[26] ਬਲਿ ਜਾਉ[27] ॥	Our prayer[25] is that thou tell us the truth. We are a sacrifice[27] unto the pious persons[26].	ਸਾਡੀ ਬੇਨਤੀ[25] ਹੈ ਕਿ ਤੂੰ ਸਾਨੂੰ ਸੱਚੋ ਸੱਚ ਦੱਸ। ਅਸੀਂ ਨੇਕ ਪੁਰਸ਼ਾਂ[26] ਉੱਤੋਂ ਕੁਰਬਾਨ[27] ਜਾਂਦੇ ਹਾਂ।
ਕਹ[28] ਬੈਸਹੁ[29] ਕਹ ਰਹੀਐ[30] ਬਾਲੇ[31] ਕਹ ਆਵਹੁ ਕਹ ਜਾਹੋ ॥	Q. 5 Where[28] is thy seat[29] ? Q. 6. Where abidest[30] thou, O boy[31]?	ਪ੍ਰ: ੫. ਤੇਰਾ ਟਿਕਾਣਾ[29] ਕਿੱਥੇ[28] ਹੈ ? ਪ੍ਰ: ੬. ਤੂੰ ਕਿੱਥੇ ਵਸਦਾ[30] ਹੈਂ, ਹੇ ਬਾਲਕੋ[31] ?
ਨਾਨਕੁ ਬੋਲੈ[32] ਸੁਣਿ[33] ਬੈਰਾਗੀ[34] ਕਿਆ[35] ਤੁਮਾਰਾ ਰਾਹੋ[36] ॥੨॥	Q. 7. Whence hast thou come ? Q. 8. Whither goest thou ? The detached[34] Sidhs say[32], hear[33] thou, O Nanak. Q. 9. What[35] is the way[36]" ? Says the Guru :—	ਪ੍ਰ: ੭. ਤੂੰ ਕਿੱਥੋਂ ਆਇਆ ਹੈਂ ? ਪ੍ਰ: ੮. ਤੂੰ ਕਿਧਰ ਨੂੰ ਜਾਣਾ ਹੈ ? ਤਿਆਗੀ[34] ਸਿੱਧ ਆਖਦੇ[32] ਹਨ, ਤੂੰ ਸੁਣ[33] ਕਰ, ਹੇ ਨਾਨਕ ! ਪ੍ਰ: ੯. ਤੇਰਾ ਰਸਤਾ[36] ਕਿਹੜਾ[35] ਹੈ ?" ਗੁਰੂ ਜੀ ਆਖਦੇ ਹਨ :—
ਘਟਿ ਘਟਿ[37] ਬੈਸਿ[38] ਨਿਰੰਤਰਿ[39] ਰਹੀਐ[40] ਚਾਲਹਿ[41] ਸਤਿਗੁਰ ਭਾਏ[42] ॥	The Lord is within[39] all the hearts[37]. A. 5. In Him is my seat[38]. A. 6. In Him is my abode[40]. A. 3. I walk[41] in the True Guru's will[42] and this alone is my sect.	ਸਾਹਿਬ ਸਾਰਿਆਂ ਦਿਲਾਂ[37] ਅੰਦਰ[39] ਹੈ। ਉ: ੫. ਉਸ ਦੇ ਵਿਚ ਹੈ ਮੇਰਾ ਟਿਕਾਣਾ[38]। ਉ: ੬. ਉਸ ਦੇ ਅੰਦਰ ਹੈ ਮੇਰਾ ਵਾਸਾ[40]। ਉ: ੩. ਮੈਂ ਸੱਚੇ ਗੁਰਾਂ ਦੀ ਰਜ਼ਾ[42] ਅੰਦਰ ਟੁਰਦਾ[41] ਹਾਂ ਅਤੇ ਇਹ ਹੀ ਹੈ ਮੇਰਾ ਮੱਤ।
ਸਹਜੇ[43] ਆਏ[44] ਹੁਕਮਿ[45] ਸਿਧਾਏ[46] ਨਾਨਕ[47] ਸਦਾ[48] ਰਜਾਏ[49] ॥	A. 7. I have proceeded[44] from God[42]. A. 8. I shall go[46] whither He shall direct me in His will[45]. A, 2. My Name is Nanak[47]. A. 1. I am ever[11] an obeyer of God's order[49].	ਉ: ੭. ਮੈਂ ਵਾਹਿਗੁਰੂ[43] ਕੋਲੋਂ ਆਇਆ[44] ਹਾਂ। ਉ: ੮. ਮੈਂ ਓਥੇ ਨੂੰ ਜਾਵਾਂਗਾ[46] ਜਿਥੇ ਨੂੰ ਉਹ ਮੈਨੂੰ ਆਪਣੀ ਰਜ਼ਾ[45] ਅੰਦਰ ਟੋਰੇਗਾ। ਉ: ੨. ਮੇਰਾ ਨਾਮ ਨਾਨਕ[47] ਹੈ। ਉ: ੧. ਮੈਂ ਸਦੀਵ[48] ਹੀ ਹਰੀ ਦੇ ਹੁਕਮ[49] ਦਾ ਫ਼ਰਮਾਂਬਰਦਾਰ ਹਾਂ।
ਆਸਣਿ[50] ਬੈਸਣਿ[51] ਥਿਰੁ[52] ਨਾਰਾਇਣੁ[53] ਐਸੀ[54] [55]ਗੁਰਮਤਿ[56] ਪਾਏ[57] ॥	A. 9. To be seated[51] in the Imperishable[52] Lord's[53] contemplative mood[50] is my way. A. 4. The attainment[57] of such[54] a transcendent[55] comprehension[56] is my life object.	ਉ: ੩. ਅਬਿਨਾਸੀ[52] ਸੁਆਮੀ[53] ਦੀ ਧਿਆਨ ਅਵਸਥਾ[50] ਵਿਚ ਟਿਕੇ ਰਹਿਣਾ[51] ਹੀ ਮੇਰਾ ਰਸਤਾ ਹੈ। ਉ: ੪. ਐਹੋ ਜੇਹੀ[54] ਵਿਸ਼ਾਲ[55] ਗਿਆਤ[56] ਦੀ ਪ੍ਰਾਪਤੀ[57] ਮੇਰਾ ਜੀਵਨ ਮਨੋਰਥ ਹੈ।
ਗੁਰਮੁਖਿ[58] ਬੂਝੈ[59] ਆਪੁ[60] ਪਛਾਣੈ[61] ਸਚੇ ਸਚਿ[62] ਸਮਾਏ[63] ॥੩॥	Knowing[59] and recognising[61] myself[60] by Guru's grace[58], I have merged[63] in the Truest of the true[62]". The Yogis say :—	ਗੁਰਾਂ ਦੀ ਦਇਆ[58] ਦੁਆਰਾ ਆਪਣੇ ਆਪ[60]ਨੂੰ ਜਾਣ[59] ਅਤੇ ਸਿੰਞਾਣ ਕੇ[61], ਮੈਂ ਸੱਚਿਆਰਾਂ ਦੇ ਪਰਮ ਸੱਚਿਆਰ[62] ਵਿੱਚ ਲੀਨ ਹੋ ਗਿਆ[63] ਹਾਂ"। ਯੋਗੀ ਆਖਦੇ ਹਨ :—
ਦੁਨੀਆ[64] ਸਾਗਰੁ[65] ਦੁਤਰੁ[67] ਕਹੀਐ[67] ਕਿਉ ਕਰਿ[67]*	"The world[64]-ocean[65] is said[67] to be impassable[66].	"ਜਗਤ[64] ਇਕ ਪਾਰ ਨਾ ਕੀਤਾ ਜਾਣ ਵਾਲਾ[66] ਸਮੁੰਦਰ[65] ਆਖਿਆ ਜਾਂਦਾ[67] ਹੈ।

ਪਾਈਐ ਪਾਰੋ[68] ॥	Q. 10. How[67*] can one cross[68] it" ?	ਪ੍ਰ: ੧੦. ਬੰਦਾ ਇਸ ਤੋਂ ਕਿਸ ਤਰ੍ਹਾਂ[67*] ਪਾਰ ਹੋ ਸਕਦਾ[68] ਹੈ" ?
ਚਰਪਟ ਬੋਲੈ[69] ਅਉਧੂ[70] ਨਾਨਕ ਦੇਹੁ[71] ਸਚਾ ਬੀਚਾਰੋ[72] ॥	Charpat says[69] :—"O Nanak, the detached[70], give[71] thou a true reply after due deliberation[72]."	ਚਰਪਟ ਆਖਦਾ[69] ਹੈ : "ਹੇ ਨਿਰਲੇਪ[70] ਨਾਨਕ ! ਯੋਗ ਸੋਚ ਵਿਚਾਰ[72] ਮਗਰੋਂ ਤੂੰ ਇਸ ਦਾ ਸੱਚਾ ਉੱਤਰ ਦੇ[71]" ।
	Nanak answers :—	ਗੁਰੂ ਜੀ ਉੱਤਰ ਦਿੰਦੇ ਹਨ :—
ਆਪੇ ਆਖੈ[73] ਆਪੇ[74] ਸਮਝੈ[75] ਤਿਸੁ[76] ਕਿਆ[77] ਉਤਰੁ[78] ਦੀਜੈ ॥	"He who says[73] that he himself[74] understands[75]; what[77] answer[78] can I give him[76] ?	"ਜੋ ਕਹਿੰਦਾ[73] ਹੈ ਕਿ ਉਹ ਖੁਦ[74] ਹੀ ਸਮਝਦਾ[75] ਹੈ, ਉਸ[76] ਨੂੰ ਮੈਂ ਕੀ[77] ਜਵਾਬ[78] ਦੇ ਸਕਦਾ ਹਾਂ ?
ਸਾਚੁ ਕਹਹੁ[79] ਤੁਮ[80] ਪਾਰਗਰਾਮੀ[81] ਤੁਝੁ[82]ਕਿਆ[83] ਬੈਸਣੁ[84] ਦੀਜੈ ॥੪॥	Truly speak[79] I unto thee[80], that how[83] can I argue[84] with thee[82], when thou deemest that thou hast reached the yonder[81] shore.	ਮੈਂ ਤੈਨੂੰ[80] ਸੱਚ ਆਖਦਾ[79] ਹਾਂ ਕਿ ਮੈਂ ਤੇਰੇ[82] ਨਾਲ ਕਿਸ ਤਰ੍ਹਾਂ[83] ਬਹਿਸ[84] ਕਰ ਸਕਦਾ ਹਾਂ, ਜਦ ਤੂੰ ਸਮਝਦਾ ਹੈਂ ਕਿ ਤੂੰ ਪਰਲੇ[81] ਕਿਨਾਰੇ ਪੁੱਜ ਚੁੱਕਾ ਹੈਂ ।
ਜੈਸੇ[85] ਜਲ[86]ਮਹਿ[87] ਕਮਲੁ[88] ਨਿਰਾਲਮੁ[89] ਮੁਰਗਾਈ[90] ਨੈ[91] ਸਾਣੇ[92] ॥ ਸੁਰਤਿ[93] ਸਬਦਿ[94] ਭਵ[95] ਸਾਗਰੁ[96] ਤਰੀਐ[97] ਨਾਨਕ ਨਾਮੁ ਵਖਾਣੇ[98] ॥	A. 10. As[85] a lotus-flower[88] remains unaffected[89] in[87] water[86], as also a duck[90] swims against[92] the stream's[91] current and becomes not wet, so with fixed intent[93] on the Guru's word[94] and uttering[98] the Name, O Nanak, the dreadful[95] world-ocean[96] is crossed[97].	ਉ: ੧੦. ਜਿਸ ਤਰ੍ਹਾਂ[85] ਕੰਵਲ ਫੁੱਲ[88] ਪਾਣੀ[86] ਵਿੱਚ[87] ਨਿਰਲੇਪ[89] ਰਹਿੰਦਾ ਹੈ, ਜਿਸ ਤਰ੍ਹਾਂ ਮੁਰਗਾਬੀ[90] ਨਦੀ[91] ਦੇ ਬਹਾਉ ਦੇ ਸਾਮ੍ਹਣੇ[92] ਤਰਦੀ ਹੈ ਅਤੇ ਗਿੱਲੀ ਨਹੀਂ ਹੁੰਦੀ, ਏਸੇ ਤਰ੍ਹਾਂ ਗੁਰਾਂ ਦੀ ਬਾਣੀ[94] ਉੱਤੇ ਬਿਰਤੀ[93] ਜੋੜਨ ਅਤੇ ਨਾਮ ਦਾ ਉਚਾਰਨ[98] ਕਰਨ ਨਾਲ ਹੇ ਨਾਨਕ ! ਭਿਆਨਕ[95] ਸੰਸਾਰ ਸਮੁੰਦਰ[96] ਤੋਂ ਪਾਰ ਹੋ ਜਾਈਦਾ[97] ਹੈ ।
ਰਹਹਿ[99] ਇਕਾਂਤਿ[100] ਏਕੋ[2] ਮਨਿ[3] ਵਸਿਆ[4] ਆਸਾ[5] ਮਾਹਿ[6] ਨਿਰਾਸੋ[7] ॥ ਅਗਮੁ[8] ਅਗੋਚਰੁ[9] ਦੇਖਿ[10] ਦਿਖਾਏ[12] ਨਾਨਕੁ ਤਾਕਾ[13] ਦਾਸੋ[14] ॥੫॥	He who lives[99] in an aloneness[100], enshrining[4] the One Lord[2] in his mind[3], living without desire[7] in the midst[6] of desires[5] and sees[10] and shows[12] to others the Inaccessible[8] and Incomprehensible[9] Lord; of him[13] Nanak is a slave[14]".	ਜੋ ਇਕ ਸੁਆਮੀ[2] ਨੂੰ ਆਪਣੇ ਹਿਰਦੇ[3] ਅੰਦਰ ਟਿਕਾ[4], ਖਾਹਿਸ਼ਾਂ[5] ਅੰਦਰ[6] ਖਾਹਿਸ਼-ਰਹਿਤ[7] ਰਹਿ ਕੱਲਮਕੱਲਾ[100] ਵਿਚਰਦਾ[99] ਹੈ ਅਤੇ ਪਹੁੰਚ ਤੋਂ ਪਰੇ[8] ਤੇ ਸੋਚ ਸਮਝ ਤੋਂ ਉਚੇਰੇ[9] ਸੁਆਮੀ ਨੂੰ ਵੇਖਦਾ[10] ਅਤੇ ਹੋਰਨਾਂ ਨੂੰ ਵਿਖਾਲਦਾ[12] ਹੈ, ਉਸ ਦਾ[13] ਨਾਨਕ ਦਾਸ[14] (ਸੇਵਕ) ਹੈ" ।
	Say the Yogis :—	ਯੋਗੀ ਆਖਦੇ ਹਨ :—
ਸੁਣਿ ਸੁਆਮੀ[15] ਅਰਦਾਸਿ[16] ਹਮਾਰੀ ਪੂਛਉ ਸਾਚੁ ਬੀਚਾਰੋ[17] ॥	"O Lord[15],listen thou to our prayer[16]: we ask thee thy true opinion[17].	"ਹੇ ਸਾਈਂ[15] ! ਤੂੰ ਸਾਡੀ ਬੇਨਤੀ[16] ਸੁਣ, ਅਸੀਂ ਤੈਨੂੰ ਤੇਰੀ ਸੱਚੀ ਰਾਇ[17] ਪੁੱਛਦੇ ਹਾਂ ।
ਰੋਸੁ[18] ਨ ਕੀਜੈ ਉਤਰੁ[19]	Take it not ill[18], and give a suitable reply[18].	ਇਸ ਨੂੰ ਬੁਰਾ[18] ਨਾ ਮਨਾਉਣਾ ਤੇ ਯੋਗ ਜਵਾਬ[19] ਦਣਾ ।

ਦੀਜੈ ਕਿਉ[20] ਪਾਈਐ[21] ਗੁਰ[22] ਦੁਆਰੋ[23] ॥

Q. 11. How[20] can one arrive[21] at the Great[22] God's door[23]'' ?

ਪ੍ਰ: ੧੧. ਇਨਸਾਨ ਕਿਸ ਤਰ੍ਹਾਂ[20] ਵਿਸ਼ਾਲ[22] ਵਾਹਿਗੁਰੂ ਦੇ ਦਰ[23] ਉੱਤੇ ਪੁੱਜ ਸਕਦਾ[21] ਹੈ'' ?

Says the Guru :—

ਗੁਰੂ ਜੀ ਆਖਦੇ ਹਨ :—

ਇਹੁ ਮਨੁ ਚਲਤਉ[24] ਸਚ ਘਰਿ[25] ਬੈਸੈ[26] ਨਾਨਕ ਨਾਮੁ ਅਧਾਰੋ[27] ॥ ਆਪੇ[28] ਮੇਲਿ[29] ਮਿਲਾਏ[30] ਕਰਤਾ[31] ਲਾਗੈ[32] ਸਾਚਿ[33] ਪਿਆਰੋ[34] ॥੬॥

A. 11. "Through the Name's support[27], O Nanak, this mercurial[24] mind sits[26] in its true home[25] and enshrines[32] love[34] for the True Lord[33] and then the Creator[31], of Himself[28] unites[30] One in His union[29]".

ਉ: ੧੧. "ਨਾਮ ਦੇ ਆਸਰੇ[27] ਰਾਹੀਂ, ਹੇ ਨਾਨਕ ! ਇਹ ਚੰਚਲ[24] ਮਨੂਆ ਆਪਣੇ ਸੱਚੇ ਧਾਮ[25] (ਟਿਕਾਣੇ) ਅੰਦਰ ਬੈਠ ਜਾਂਦਾ[26] ਹੈ ਅਤੇ ਸੱਚੇ ਸਾਂਈਂ[33] ਨਾਲ ਪ੍ਰੇਮ[34] ਪਾ ਲੈਂਦਾ[32] ਹੈ ਅਤੇ ਤਾਂ ਸਿਰਜਣਹਾਰ[31] ਖੁਦ[28] ਹੀ ਬੰਦੇ ਨੂੰ ਆਪਣੇ ਮਿਲਾਪ[29] ਅੰਦਰ ਮਿਲਾ ਲੈਂਦਾ[30] ਹੈ" ।

Say the Yogis : —

ਯੋਗੀ ਆਖਦੇ ਹਨ :—

ਹਾਟੀ[35] ਬਾਟੀ[36] ਰਹਹਿ[37] ਨਿਰਾਲੇ[38] ਰੂਖਿ[39] ਬਿਰਖਿ[40] ਉਦਿਆਨੇ[41] ॥

"Detached[38] from shops[35] and highways[36], we abide[37] in woods[41] under the trees[39] and plants[40].

"ਦੁਕਾਨਾਂ[35] ਅਤੇ ਰਸਤਿਆਂ[36] ਤੋਂ ਨਿਵੇਕਲੇ[38] ਅਸੀਂ ਜੰਗਲਾਂ[41] ਵਿਚ, ਦਰਖਤਾਂ[39] ਤੇ ਪੌਦਿਆਂ[40] ਦੇ ਹੇਠਾਂ ਵਸਦੇ[37] ਹਾਂ ।

ਕੰਦ[42] ਮੂਲੁ[43] ਅਹਾਰੋ[44] ਖਾਈਐ[45] ਅਉਧੂ[46] ਬੋਲੈ[47] ਗਿਆਨੇ[48] ॥

We take[45] fruits[42] and roots[43] as our food[44]. This is the gnosis[48], which the Yogis[46] utter[47].

ਅਸੀਂ ਫਲ[42] ਅਤੇ ਜੜ੍ਹਾਂ[43] ਆਪਣੇ ਭੋਜਨ[44] ਵਜੋਂ ਛਕਦੇ[45] ਹਾਂ । ਇਹ ਹੈ ਬ੍ਰਹਮ ਵੀਚਾਰ[48], ਜੋ ਯੋਗੀ[46] ਉਚਾਰਨ[47] ਕਰਦੇ ਹਨ ।

੯੩੯

ਤੀਰਥਿ[49] ਨਾਈਐ[50] ਸੁਖੁ[50*] ਫਲੁ[51] ਪਾਈਐ ਮੈਲੁ[52] ਨ ਲਾਗੈ[53] ਕਾਈ[54] ॥

We bathe[50] at holies[49] obtain the fruit[51] of peace[50*] and not even an iota[54] of filth[52] attaches[53] to us".

ਅਸੀਂ ਧਰਮ ਅਸਥਾਨਾਂ[49] ਤੇ ਇਸ਼ਨਾਨ ਕਰਦੇ[50] ਹਾਂ, ਆਰਾਮ ਚੈਨ[50*]ਦਾ ਮੇਵਾ[51] ਹਾਸਲ ਕਰਦੇ ਹਾਂ ਅਤੇ ਸਾਨੂੰ ਇਕ ਭੋਰਾ ਭਰ ਭੀ[54] ਮਲੀਣਤਾ[52] ਨਹੀਂ ਚਿਮੜਦੀ[53]'' ।

ਗੋਰਖ ਪੂਤੁ[55] ਲੁਹਾਰੀਪਾ ਬੋਲੈ[56] ਜੋਗ[57] ਜੁਗਤਿ[58] ਬਿਧਿ[59] ਸਾਈ[60] ॥੭॥

Says Lorharipa :—

"Loharipa, the disciple[55] of Gorakh says[56], this[60] alone is the way[59] of uniting[58] in the union[57] of the Lord".

ਲੁਹਾਰੀਪਾ ਆਖਦਾ ਹੈ :—

"ਗੋਰਖ ਦਾ ਚੇਲਾ[55] ਲੁਹਾਰੀਪਾ ਕਹਿੰਦਾ[56] ਹੈ, ਕੇਵਲ ਇਹ[60] ਹੀ ਹੈ ਤੁੀਕਾ[59] ਸੁਆਮੀ ਦੇ ਮਿਲਾਪ[57] ਅੰਦਰ ਮਿਲਣ[58] ਦਾ" ।

Says the Guru :—

ਗੁਰੂ ਜੀ ਆਖਦੇ ਹਨ :—

ਹਾਟੀ[61] ਬਾਟੀ[62] ਨੀਦ[63] ਨ ਆਵੈ ਪਰ[64] ਘਰਿ[65] ਚਿਤੁ[66] ਨ ਡੁਲਾਈ[67] ॥

"At home[61] and abroad[62], lie thou not asleep[63] and let not thy mind[66] covet[67] another's[64] home[65].

"ਘਰ[61] ਅਤੇ ਬਾਹਰ[62] ਤੂੰ ਸੁੱਤਾ[63] ਨਾ ਰਹੁ ਅਤੇ ਆਪਣੇ ਮਨ[66] ਨੂੰ ਹੋਰਸ[64]ਦੇ ਗ੍ਰਹਿ ਦੀ ਹਿਰਸ[67] ਨਾ ਕਰਨ ਦੇ ।

ਬਿਨੁ ਨਾਵੈ ਮਨੁ ਟੇਕ[68] ਨ ਟਿਕਈ[69] ਨਾਨਕ ਭੂਖ[70] ਨ ਜਾਈ[71] ॥

Without the Name, the mind is comforted[68] and held[69] not and its hunger[70] O Nanak, departs[71] not.

ਨਾਮ ਦੇ ਬਾਝੋਂ ਮਨੂਆ ਪ੍ਰਸੰਨ[68] ਅਤੇ ਨਿਹਚਲ[69] ਨਹੀਂ ਹੁੰਦਾ ਅਤੇ ਹੇ ਨਾਨਕ, ਨਾ ਹੀ ਇਸ ਦੀ ਭੁੱਖ[70] ਦੂਰ[71] ਹੁੰਦੀ ਹੈ ।

ਹਾਟੁ[72] ਪਟਣੁ[73] ਘਰੁ ਗੁਰੂ ਦਿਖਾਇਆ[74] ਸਹਜੇ[25] ਸਚੁ

The Guru has shown[24] me the shop[72] and the city[73] within my very home,

ਗੁਰਾਂ ਨੇ ਮੈਨੂੰ ਦੁਕਾਨ[72]ਅਤੇ ਸ਼ਹਿਰ[73] ਮੇਰੇ ਹਿਰਦੇ ਅੰਦਰ ਹੀ ਵਿਖਾਲ[24] ਦਿੱਤੇ ਹਨ ਜਿੱਥੇ ਮੈਂ ਸੁਖੈਨ[25] ਹੀ

ਵਾਪਾਰੋ[26] ॥	where I easily[25] deal in the true business[26].	ਸੱਚਾ ਵਣਜ[26] ਕਰਦਾ ਹਾਂ ।
ਖੰਡਿਤ[27] ਨਿਦ੍ਰਾ[28] ਅਲਪ[29] ਅਹਾਰੰ[30] ਨਾਨਕ ਤਤੁ[31] ਬੀਚਾਰੋ[32] ॥੮॥	I sleep[28] little[27] and eat[30] little[29]. This O Nanak, is the quintessence[31] of the idea[32] of 'Yoga'.	ਮੈਂ ਥੋੜਾ[27] ਸੌਂਦਾ[28] ਹਾਂ ਅਤੇ ਥੋੜਾ[29] ਹੀ ਖਾਂਦਾ[30] ਹਾਂ, ਇਹ ਹੈ, ਹੇ ਨਾਨਕ; 'ਯੋਗ' ਦੇ ਖਿਆਲ[32] ਦਾ ਨਿਚੋੜ[3] ।'
	Say the Yogis :—	ਯੋਗੀ ਆਖਦੇ ਹਨ :—
ਦਰਸਨੁ[33] ਭੇਖ[34] ਕਰਹੁ[35] [36]ਜੋਗਿੰਦ੍ਰਾ[37] ਮੁੰਦ੍ਰਾ[38] ਝੋਲੀ[39] ਖਿੰਥਾ[40] ॥	"Wear[35] thou the religious garb[34] of the sect[33] of Gorakh, the Lord[37] of the Yogis[36] and take up the ear-rings[38]; begging, wallet[39] and the patched-coat[40]	"ਤੂੰ ਯੋਗੀਆਂ[36] ਦੇ ਸੁਆਮੀ[37] ਗੋਰਖ ਦੇ ਮੱਤ[33] ਦਾ ਧਾਰਮਕ ਲਿਬਾਸ[34] ਪਹਿਰ[35] ਅਤੇ ਕੰਨਾਂ ਦੀਆਂ ਮੁਰਕੀਆਂ[38], ਮੰਗਣ ਵਾਲੀ ਚਿੱਪੀ[39] ਅਤੇ ਖੱਡਣੀ[40] ਧਾਰਨ ਕਰ ।
ਬਾਰਹ[41] ਅੰਤਰਿ[42] ਏਕੁ[43] ਸਰੇਵਹੁ[44] ਖਟੁ[45] ਦਰਸਨ[46] ਇਕ ਪੰਥਾ[47] ॥	Out of the six[45] school of philosophy[46], ours is the one sect[47] of Yoga. From amongst[42] its twelve[41] sects, adopt[44] thou the one[43] 'Ai' sect.	ਛੇ[45] ਫਲਸਫੇ ਦੇ ਮਾਰਗਾਂ[46] ਵਿਚੋਂ ਸਾਡਾ ਇਕ ਯੋਗ ਮੱਤ[47] ਹੈ । ਇਸ ਦੇ ਬਾਰਾਂ[41] ਮਤਾਂ ਵਿਚੋਂ[42] ਤੂੰ ਇਕ[43] 'ਆਈ' ਮੱਤ ਨੂੰ ਇਖਤਿਆਰ[44] ਕਰ ।
ਇਨ ਬਿਧਿ[48] ਮਨੁ[49] ਸਮਝਾਈਐ[50] ਪੁਰਖਾ[51] ਬਾਹੁੜਿ[52] ਚੋਟ[53] ਨ ਖਾਈਐ[54] ॥	In this way[48] the mind[49] is instructed[50], O man[51], and then the mortal suffers[54] not strokes[53] again[52]".	ਇਸ ਤਰੀਕੇ[48] ਨਾਲ ਮਨ[49] ਸੁਧਰ ਜਾਂਦਾ[50] ਹੈ, ਹੇ ਪੁਰਸ਼[51] ! ਅਤੇ ਪ੍ਰਾਨੀ ਮੁੜ[52] ਕੇ ਸੱਟਾਂ[53] ਨਹੀਂ ਸਹਾਰਦਾ[54]" ।
	Says the Guru ;—	ਗੁਰੂ ਜੀ ਆਖਦੇ ਹਨ :—
ਨਾਨਕੁ ਬੋਲੈ[55] ਗੁਰਮੁਖਿ[56] ਬੂਝੈ[57] ਜੋਗ[58] ਜੁਗਤਿ[59] ਇਵ[60] ਪਾਈਐ[61] ॥੯॥	"Nanak asserts[55], that by Guru's grace[56], the Lord is realised[57] and only in the following[60] way[59] the 'Real Yoga[58]' is attained[61] to.	"ਨਾਨਕ ਕਹਿੰਦਾ[55] ਹੈ ਕਿ ਗੁਰਾਂ ਦੀ ਦਇਆ[56] ਦੁਆਰਾ ਸੁਆਮੀ ਅਨੁਭਵ[57] ਕੀਤਾ ਜਾਂਦਾ ਹੈ ਅਤੇ ਕੇਵਲ ਹੇਠਲੀ[60] ਵਿਧੀ[59] ਅਨੁਸਾਰ ਹੀ 'ਅਸਲ ਯੋਗ[58]' ਪਾਇਆ[61] ਜਾਂਦਾ ਹੈ ।
ਅੰਤਰਿ[62] ਸਬਦੁ[62] ਨਿਰੰਤਰਿ[64] ਮੁਦ੍ਰਾ[65] ਹਉਮੈ[66] ਮਮਤਾ[67] ਦੂਰਿ ਕਰੀ[68] ॥	Make thou the incessant[64] enshrining of the Name[63] in thy mind[62] and the renunciation[68] of ego[66] and attachment[67], thine ear-rings[65].	ਆਪਣੇ ਹਿਰਦੇ[62] ਅੰਦਰ ਇਕਰੱਸ[64] ਨਾਮ[63] ਨੂੰ ਟਿਕਾਉਣ ਅਤੇ ਹੰਕਾਰ[66] ਤੇ ਲਗਨ[67] ਦੇ ਤਿਆਗ[68] ਨੂੰ, ਤੂੰ ਆਪਣੇ ਕੰਨਾਂ ਦੀਆਂ ਵਾਲੀਆਂ[65] ਬਣਾ ।
ਕਾਮੁ[69] ਕ੍ਰੋਧੁ[70] ਅਹੰਕਾਰੁ[71] ਨਿਵਾਰੈ[72] ਗੁਰ ਕੈ ਸਬਦਿ[73] ਸੁ[74] ਸਮਝ[75] ਪਰੀ[76] ॥	Discard[72] thou thy lust[69], wrath[70] and self-conceit[71] and by Guru's instruction[73], thou shalt be blessed[76] with sublime[74] understanding[75].	ਤੂੰ ਆਪਣੀ ਵਿਸ਼ੇ ਭੋਗ ਲਾਲਸਾ[69], ਗੁਸੇ[70] ਅਤੇ ਸਵੈ-ਹੰਗਤਾ[71] ਨੂੰ ਛੱਡ[72] ਦੇ ਅਤੇ ਗੁਰਾਂ ਦੇ ਉਪਦੇਸ਼[73] ਦੁਆਰਾ ਤੈਨੂੰ ਸ੍ਰੇਸ਼ਟ[74] ਗਿਆਨ[75] ਪ੍ਰਾਪਤ[76] ਹੋ ਜਾਵੇਗਾ ।
ਖਿੰਥਾ[77] ਝੋਲੀ[78] ਭਰਿਪੁਰਿ[79] ਰਹਿਆ ਨਾਨਕ ਤਾਰੈ[80] ਏਕੁ ਹਰੀ ॥ ਸਾਚਾ	See thou the Lord fully pervading[79] everywhere. Make thou this thy patched-coat[77] and begging-bowl[78].	ਤੂੰ ਸੁਆਮੀ ਨੂੰ ਹਰ ਥਾਂ ਹੀ ਪਰੀਪੂਰਨ[79] ਵੇਖ । ਇਸ ਨੂੰ ਤੂੰ ਆਪਣੀ ਖਫਣੀ[77] ਅਤੇ ਮੰਗਣ ਵਾਲਾ ਠੂਠਾ[78] ਬਣਾ । ਇਸ ਤਰ੍ਹਾਂ, ਹੇ ਨਾਨਕ ! ਇੱਕ ਸਾਹਿਬ ਤੇਰਾ ਪਾਰ ਉਤਾਰਾ

ਸਾਹਿਬੁ ਸਾਚੀ ਨਾਈ[81] ਪਰਖੈ[82] ਗੁਰ ਕੀ ਬਾਤ[83] ਖਰੀ[84] ॥੧੦॥	Thus, O Nanak, the One Lord shall ferry[80] thee across. True is the Lord, true is His Name[81] and on assaying[82], true[84] thou shalt find the Guru's word[83] as well.	ਕਰ ਦੇਵੇਗਾ[80]। ਸੱਚਾ ਹੈ ਸੁਆਮੀ, ਸੱਚਾ ਹੈ ਉਸ ਦਾ ਨਾਮ[81] ਅਤੇ ਪਰਖਣ[82] ਤੇ ਸੱਚੀ[84] ਹੀ ਤੂੰ ਪਾਵੇਂਗਾ ਗੁਰਾਂ ਦੀ ਬਾਣੀ[83] ਨੂੰ ਭੀ।
ਉਂਧਉ[85] ਖਪਰੁ[86] ਪੰਚ[87] ਭੂ[88] ਟੋਪੀ[89] ॥	Make thou turning away[85] from the world, thy beggar's wallet[86] and the essence[88] of the five[87] elements thy cap[89].	ਦੁਨੀਆਂ ਵਲੋਂ ਮੋੜਾ ਪਾ ਲੈਣ[85] ਨੂੰ, ਤੂੰ ਆਪਣਾ ਭਿਖਾਰੀ ਦਾ ਪਿਆਲਾ[86] ਬਣਾ ਅਤੇ ਪੰਜਾਂ[87] ਤੱਤਾਂ ਦੇ ਸਾਰ[88] ਅੰਸ਼ ਨੂੰ ਆਪਣੀ ਟੋਪੀ[89]।
ਕਾਇਆ[90] ਕੜਾਸਣੁ[91] ਮਨੁ[92] ਜਾਗੋਟੀ[93] ॥	Let keeping the body[90] alert be thy grass-matting[91] and the mind's[92] control thy loin-cloth[93].	ਸਰੀਰ[90] ਨੂੰ ਸੁਚੇਤ ਰੱਖਣ ਦੀ ਤੇਰੀ ਘਾਅ ਦੀ ਫੂੜੀ[91] ਹੋਵੇ ਅਤੇ ਮਨੂਏ[92] ਨੂੰ ਕਾਬੂ ਰੱਖਣ ਦਾ ਤੇਰਾ ਲੰਗੋਟਾ[93]।
ਸਤੁ[94] ਸੰਤੋਖੁ[95] ਸੰਜਮੁ[96] ਹੈ ਨਾਲਿ[97] ॥	Let chastity[94], contentment[95] and self-discipline[96] be thine disciples or companions[97].	ਪਵਿੱਤਰਤਾ[94], ਸੰਤੁਸ਼ਟਤਾ[95] ਅਤੇ ਸਵੈ-ਜ਼ਬਤ[96], ਤੇਰੇ ਸਾਥੀ[97] ਹੋਣ।
ਨਾਨਕ ਗੁਰਮੁਖਿ[98] ਨਾਮੁ ਸਮਾਲਿ[99] ॥੧੧॥	Becoming God conscious[98] like this, O Nanak, the mortal contemplates[99] the Name".	ਇਸ ਤਰ੍ਹਾਂ ਬ੍ਰਹਮ-ਬੇਤਾ[98] ਹੋ, ਹੇ ਨਾਨਕ ! ਪ੍ਰਾਣੀ ਨਾਮ ਦਾ ਸਿਮਰਨ ਕਰਦਾ[99] ਹੈ।
	Say the Yogis :—	ਯੋਗੀ ਆਖਦੇ ਹਨ :—
ਕਵਨੁ ਸੁ ਗੁਪਤਾ[100] ਕਵਨੁ ਸੁ ਮੁਕਤਾ[2] ॥	Q. 12. Who is unmanifest[100] ?	ਪ੍ਰ: ੧੨. ਕੌਣ ਅਦ੍ਰਿਸ਼ਟ[100] ਹੈ ?
	Q. 13. Who is emancipated[2] ?	ਪ੍ਰ: ੧੩ ਕੌਣ ਬੰਦਖਲਾਸ[2] ਹੈ ?
ਕਵਨੁ ਸੁ[4] ਅੰਤਰਿ[5] ਬਾਹਰਿ[6] ਜੁਗਤਾ[7] ॥	Q. 14. Who is that[4] who is united[7] from within[5] and without[6] ?	ਪ੍ਰ: ੧੪. ਉਹ[4] ਕੌਣ ਹੈ ਜੋ ਅੰਦਰੋਂ[5] ਅਤੇ ਬਾਹਰੋਂ[6] ਜੁੜਿਆ ਹੋਇਆ[7] ਹੈ ?
ਕਵਨੁ ਸੁ ਆਵੈ[8] ਕਵਨੁ ਸੁ ਜਾਇ[9] ॥	Q. 15. Who is he that comes[8] ?	ਪ੍ਰ: ੧੫. ਉਹ ਕੌਣ ਹੈ ਜੋ ਆਉਂਦਾ[8] ਹੈ ?
	Q. 16. Who is he, who goes[9] ?	ਪ੍ਰ: ੧੬. ਉਹ ਕੌਣ ਹੈ ਜੋ ਜਾਂਦਾ[9] ਹੈ ?
ਕਵਨੁ ਸੁ [10]ਤ੍ਰਿਭਵਣਿ[12] ਰਹਿਆ ਸਮਾਇ[13] ॥੧੨॥	Q. 17. Who is He, that is pervading[13] the three[10] worlds[12]" ?	ਪ੍ਰ. ੧੭. ਉਹ ਕੌਣ ਹੈ ਜੋ ਤਿੰਨਾਂ[10] ਜਹਾਨਾਂ[12] ਅੰਦਰ ਵਿਆਪਕ[13] ਹੋ ਰਿਹਾ ਹੈ" ?
	Says the Guru :—	ਗੁਰੂ ਜੀ ਆਖਦੇ ਹਨ :—
ਘਟਿ ਘਟਿ[14] ਗੁਪਤਾ ਗੁਰਮੁਖਿ[15] ਮੁਕਤਾ ॥	A. 12. "He who permeates all the hearts[14] is Unmanifest.	ਉ: ੧੨. "ਜੋ ਸਾਰਿਆਂ ਦਿਲਾਂ[14] ਅੰਦਰ ਰਮ ਰਿਹਾ ਹੈ, ਉਹ ਹੀ ਅਦ੍ਰਿਸ਼ਟ ਹੈ।
	A. 13. The Guru-ward[15] is emancipated.	ਉ: ੧੩. ਗੁਰੂ ਅਨੁਸਾਰੀ[15] ਬੰਦਖਲਾਸ ਹੈ।
ਅੰਤਰਿ ਬਾਹਰਿ ਸਬਦਿ[16*] ਸੁ[16] ਜੁਗਤਾ ॥	A. 14. He[16], the Guru-ward is united with the Name[16*], from within and without.	ਉ: ੧੪. ਉਹ[16] ਗੁਰੂ ਅਨੁਸਾਰੀ ਹੀ ਅੰਦਰੋਂ ਅਤੇ ਬਾਹਰੋਂ ਨਾਮ[16*] ਨਾਲ ਜੁੜਿਆ ਹੋਇਆ ਹੈ।

ਮਨਮੁਖਿ[17] ਬਿਨਸੈ[18] ਆਵੈ ਜਾਇ ॥

A. 15. The egocentric[17] perishes[18], and comes and goes.

ਉ: ੧੫. ਆਪ ਹੁਦਰਾ[17] ਨਾਸ ਹੁੰਦਾ[17] ਤੇ ਜੰਮਦਾ ਮਰਦਾ ਹੈ ।

A. 16. It is the egocentric, who goes.

ਉ: ੧੬. ਆਪ ਹੁਦਰਾ ਹੀ ਹੈ ਜੋ ਜਾਂਦਾ ਹੈ ।

ਨਾਨਕ ਗੁਰਮੁਖਿ[18*] ਸਾਚਿ[19] ਸਮਾਇ[20] ॥੧੩॥

A. 17. Nanak, the Guru-ward[18*] knows that the True Lord[19] is pervading[20] the three worlds".

ਉ: ੧੭. ਨਾਨਕ, ਗੁਰੂ-ਅਨੁਸਾਰੀ[18*] ਜਾਣਦਾ ਹੈ ਕਿ ਸੱਚਾ ਸੁਆਮੀ[19] ਤਿੰਨਾਂ ਜਹਾਨਾਂ ਅੰਦਰ ਵਿਆਪਕ ਹੋ ਰਿਹਾ[20] ਹੈ ।

The Yogis say :—

ਯੋਗੀ ਆਖਦੇ ਹਨ :—

ਕਿਉ[21] ਕਰਿ ਬਾਧਾ[22] ਸਰਪਨਿ[23] ਖਾਧਾ[24] ॥

Q. 18. "How[21] is one bound[22] and eaten up[24] by mammon, the she-serpent[23] ?

ਪ੍ਰ: ੧੮. "ਬੰਦਾ ਕਿਸ ਤਰ੍ਹਾਂ[21] ਜਕੜਿਆ ਹੋਇਆ[22] ਹੈ ਅਤੇ ਮਾਇਆ ਨਾਗਣ[23] ਉਸ ਨੂੰ ਕਿਵੇਂ ਖਾ ਜਾਂਦੀ[24] ਹੈ ?

ਕਿਉ ਕਰਿ ਖੋਇਆ[25] ਕਿਉ ਕਰਿ ਲਾਧਾ[26] ॥

Q. 19. How does one lose[25] ?

ਪ੍ਰ: ੧੯. ਇਨਸਾਨ ਕਿਸ ਤਰ੍ਹਾਂ ਗੁਆ ਲੈਂਦਾ[25] ਹੈ ?

Q. 20. How does one gain[26] ?

ਪ੍ਰ: ੨੦. ਉਹ ਕਿਸ ਤਰ੍ਹਾਂ ਲਾਭ ਉਠਾਉਂਦਾ[25] ਹੈ ?

ਕਿਉ ਕਰਿ ਨਿਰਮਲੁ[27] ਕਿਉ ਕਰਿ ਅੰਧਿਆਰਾ[28] ॥

Q. 21. How does one become pure[27] ?

ਪ੍ਰ: ੨੧. ਇਨਸਾਨ ਕਿਸ ਤਰ੍ਹਾਂ ਪਵਿੱਤਰ[27] ਹੁੰਦਾ ਹੈ ?

Q. 22. How is one's darkness[28] removed?

ਪ੍ਰ: ੨੨. ਕਿਸ ਤਰ੍ਹਾਂ ਉਸ ਦਾ ਅਨ੍ਹੇਰਾ[28] ਦੂਰ ਹੁੰਦਾ ਹੈ ?

ਇਹੁ ਤਤੁ[29] ਬੀਚਾਰੈ[30] ਸੁ[31] ਗੁਰੂ[32] ਹਮਾਰਾ[33] ॥੧੪॥

He who understands[30] this reality[29] ; He[31] is our[33] Religious Preceptor[32]."

ਜੋ ਇਸ ਅਸਲੀਅਤ[29] ਨੂੰ ਸਮਝਦਾ[30] ਹੈ, ਉਹ[31] ਸਾਡਾ ਧਾਰਮਕ[32] ਉਸਤਾਦ (ਗੁਰੂ) ਹੈ" ।

Says the Guru :—

ਗੁਰੂ ਜੀ ਫ਼ਰਮਾਉਂਦੇ ਹਨ :—

[34]ਦੁਰਮਤਿ[35] ਬਾਧਾ ਸਰਪਨਿ ਖਾਧਾ ॥

A. 18. "The evil[34] intellect[35] binds one, then is he eaten up by the snake.

ਉ: ੧੮. "ਖੋਟੀ[31] ਬੁੱਧੀ[35] ਬੰਦੇ ਨੂੰ ਜੱਕੜ ਲੈਂਦੀ ਹੈ ਤਦ ਨਾਗਣ ਉਸ ਨੂੰ ਖਾ ਜਾਂਦੀ ਹੈ ।

ਮਨਮੁਖਿ[36] ਖੋਇਆ ਗੁਰਮੁਖਿ[37] ਲਾਧਾ ॥

A. 19. An apostate[36] loses.

ਉ: ੧੯. ਅਧਰਮੀ[36] ਗੁਆ ਲੈਂਦਾ ਹੈ ।

A. 20. The pious person[37] gains.

ਉ: ੨੦. ਪਵਿੱਤਰ ਪੁਰਸ਼[37] ਲਾਭ ਉਠਾਉਂਦਾ ਹੈ ।

ਸਤਿਗੁਰੁ ਮਿਲੈ[38] ਅੰਧੇਰਾ ਜਾਇ[39] ॥

A. 22. Meeting[38] the True Guru, man's darkness is dispelled[39].

ਉ: ੨੨. ਸੱਚੇ ਗੁਰਾਂ ਨੂੰ ਭੇਟਣ[38] ਦੁਆਰਾ ਬੰਦੇ ਦਾ ਅਨ੍ਹੇਰਾ ਦੂਰ ਹੋ ਜਾਂਦਾ[39] ਹੈ ।

ਨਾਨਕ ਹਉਮੈ[40] ਮੇਟਿ[41] ਸਮਾਇ[42] ॥੧੫॥

A. 21. Nanak, stilling[41] his ego[40], the mortal becomes pure and merges[42] in the Lord.

ਉ: ੨੧. ਨਾਨਕ, ਆਪਣਾ ਹੰਕਾਰ[40] ਮੇਸ ਕੇ[41] ਪ੍ਰਾਨੀ ਪਵਿੱਤਰ ਹੋ, ਸਾਈਂ ਅੰਦਰ ਲੀਨ ਹੋ ਜਾਂਦਾ[42] ਹੈ ।

ਸੁੰਨ[43] ਨਿਰੰਤਰਿ[44] ਦੀਜੈ ਬੰਧੁ[45] ॥ ਉਡੈ[46] ਨ ਹੰਸਾ[47] ਪੜੈ[48] ਨ ਕੰਧੁ[49] ॥

If man fixes[45] his soul in[44] the Lord[43], his minds-wan[47] flies[46] not, nor his body-wall[49] falls[48].

ਜੇਕਰ ਬੰਦਾ ਆਪਣੀ ਆਤਮਾ ਨੂੰ ਸੁਆਮੀ[43] ਅੰਦਰ[44] ਜੋੜ ਲਵੇ[45], ਤਦ ਉਸ ਦਾ ਰਾਜਹੰਸ[47] ਮਨ ਉਡਦਾ[46] ਨਹੀਂ, ਨਾ ਹੀ ਉਸ ਦੀ ਦੇਹ ਦੀ ਦੀਵਾਰ[49] ਡਿਗਦੀ[48] ਹੈ ।

ਸਹਜ[50] ਗੁਫਾ[51] ਘਰੁ[52] ਜਾਣੈ[53] ਸਾਚਾ[54] ॥

He, then deems[53] the cave[51] of equipoise[50] his Real Home[52].

ਤਦ ਉਹ ਅਡੋਲਤਾ[50] ਦੀ ਕੰਦਰਾ[51] ਨੂੰ ਆਪਣਾ ਅਸਲੀ[54] ਗ੍ਰਹਿ[52] ਖ਼ਿਆਲ ਕਰਦਾ[53] ਹੈ ।

ਨਾਨਕ ਸਾਚੇ[55] ਭਾਵੈ[56] ਸਾਚਾ[57] ॥੧੬॥

Nanak, the True Lord[55] Loves[56] the true person[57]".

ਨਾਨਕ ਸੱਚਾ ਸੁਆਮੀ[55] ਸੱਚੇ ਪੁਰਸ਼[57] ਨੂੰ ਪਿਆਰ ਕਰਦਾ[56] ਹੈ" ।

Say the Yogis :—

ਯੋਗੀ ਆਖਦੇ ਹਨ :—

ਕਿਸੁ[58] ਕਾਰਣਿ[59] ਗ੍ਰਿਹਿ[60] ਤਜਿਓ[61] ਉਦਾਸੀ[62] ॥	Q. 23. "What[58] is the reason[59] that forsaking[61] thy home[60] thou hast become a hermit[62] ?	ਪ੍ਰ: ੨੩. "ਕੀ[58] ਸਬੱਬ[59] ਹੈ ਕਿ ਆਪਣੇ ਘਰ[60] ਨੂੰ ਛੱਡ ਕੇ[61] ਤੂੰ ਵੈਰਾਗੀ[62] ਹੋ ਗਿਆ ਹੈਂ ?
ਕਿਸੁ ਕਾਰਣਿ ਇਹੁ ਭੇਖੁ[63] ਨਿਵਾਸੀ[64] ॥	Q. 24. What is the reason that thou hast adopted[64] this dress[63] ?	ਪ੍ਰ: ੨੪. ਕੀ ਸਬੱਬ ਹੈ ਕਿ ਤੂੰ ਇਹ ਲਿਬਾਸ[63] ਧਾਰਨ ਕੀਤਾ[64] ਹੈ ?
ਕਿਸੁ[67] ਵਖਰ[65] ਕੇ ਤੁਮ ਵਣਜਾਰੇ[66] ॥	Q. 25. Of what[67] merchandise[65] art thou the customer[66] ?	ਪ੍ਰ: ੨੫. ਤੂੰ ਕਿਹੜੇ[67] ਸੌਦੇ ਸੂਤ[65] ਦਾ ਗਾਹਕ[66] ਹੈਂ ?
ਕਿਉ[67*] ਕਰਿ ਸਾਥੁ[68] ਲੰਘਾਵਹੁ[69] ਪਾਰੇ ॥੧੭॥	Q. 26. How[67*] shalt thou ferry across[69] thy sect[68] ?"	ਪ੍ਰ: ੨੬. ਤੂੰ ਆਪਣੇ ਪੰਥ[68] ਦਾ ਕਿਸ ਤਰ੍ਹਾਂ[67*] ਪਾਰ ਉਤਾਰਾ[69] ਕਰੇਂਗਾ ?"
	Says the Guru :—	ਗੁਰੂ ਜੀ ਆਖਦੇ ਹਨ :—
ਗੁਰਮੁਖਿ[70] ਖੋਜਤ[71] ਭਏ ਉਦਾਸੀ ॥	A. 23. "In search[71] of the saints[79] I have become a hermit.	ਉ: ੨੩. "ਸੰਤਾਂ[70] ਦੀ ਤਲਾਸ਼[71] ਵਿਚ ਮੈਂ ਵੈਰਾਗੀ ਹੋ ਗਿਆ ਹਾਂ ।
ਦਰਸਨ[72] ਕੈ ਤਾਈ[73] ਭੇਖ ਨਿਵਾਸੀ ॥	A. 24. For the sake of[73] the Lord's vision[72], I have adopted this costume.	ਉ: ੨੪. ਸਾਹਿਬ ਦੇ ਦੀਦਾਰ[72] ਦੀ ਖ਼ਾਤਰ[73] ਮੈਂ ਇਹ ਭੇਸ ਧਾਰਨ ਕੀਤਾ ਹੈ ।
ਸਾਚ[74] ਵਖਰ ਕੇ ਹਮ ਵਣਜਾਰੇ ॥	A. 25. I am the trader of the true[74] merchandise.	ਉ: ੨੫. ਮੈਂ ਸੱਚੇ[74] ਸੌਦੇ ਸੂਤ ਦਾ ਵਾਪਾਰੀ ਹਾਂ ।
ਨਾਨਕ ਗੁਰਮੁਖਿ[75] ਉਤਰਸਿ ਪਾਰੇ[76] ॥੧੮॥	A. 26. Nanak, through the Guru's grace[75] I shall ferry across[76] my sect".	ਉ: ੨੬. ਗੁਰਾਂ ਦੀ ਦਇਆ[75] ਰਾਹੀਂ ਮੈਂ ਆਪਣੇ ਪੰਥ ਦਾ ਪਾਰ ਉਤਾਰਾ[76] ਕਰ ਦਿਆਂਗਾ" ।
	Say the Yogis :—	ਯੋਗੀ ਆਖਦੇ ਹਨ : —
ਕਿਤੁ[77] ਬਿਧਿ[78] ਪੁਰਖਾ[79] ਜਨਮੁ[80] ਵਟਾਇਆ[81] ॥	Q. 27. "By what[77] device[78], O man[79] ! hast thou changed[81] thy life's[80] course ?	ਪ੍ਰ: ੨੭. "ਕਿਸ ਤਰੀਕੇ ਦੁਆਰਾ[78], ਹੇ ਪੁਰਸ਼[79] ! ਤੂੰ ਆਪਣੇ ਜੀਵਨ[80] ਦਾ ਰੁਖ ਬਦਲਿਆ[81] ਹੈ ?
ਕਾਹੇ[82] ਕਉ[84] ਤੁਝੁ ਇਹੁ ਮਨੁ ਲਾਇਆ[83] ॥	Q. 28. With[84] what[82] hast thou attached[83] this mind of thine ?	ਪ੍ਰ: ੨੮. ਤੂੰ ਆਪਣੇ ਇਸ ਮਨ ਨੂੰ ਕਿਸ[82] ਦੇ ਨਾਲ[84] ਜੋੜਿਆ[83] ਹੈ ?
੯੪੦		
ਕਿਤੁ ਬਿਧਿ ਆਸਾ[85] ਮਨਸਾ[86] ਖਾਈ[87] ॥	Q. 29. By what device hast thou stilled[87] thy hope[85] and desire[86] ?	ਪ੍ਰ: ੨੯. ਕਿਸ ਤਰੀਕੇ ਦੁਆਰਾ ਤੂੰ ਆਪਣੀ ਉਮੈਦ[85] ਅਤੇ ਖ਼ਾਹਿਸ਼[86] ਨੂੰ ਮੇਟਿਆ[87] ਹੈ ?
ਕਿਤੁ ਬਿਧਿ ਜੋਤਿ[88] ਨਿਰੰਤਰਿ[89] ਪਾਈ[90] ॥	Q. 30. With what device hast thou found[90] the Light[88] within[89] thee ?	ਪ੍ਰ: ੩੦. ਕਿਸ ਤਰੀਕੇ ਨਾਲ ਤੂੰ ਪ੍ਰਭੂ-ਪ੍ਰਕਾਸ਼[88] ਨੂੰ ਆਪਣੇ ਅੰਦਰੋਂ[89] ਪਾਇਆ[90] ਹੈ ?
ਬਿਨੁ ਦੰਤਾ[91] ਕਿਉ[92] ਖਾਈਐ[93] ਸਾਰੁ[94] ॥	Q. 31. How[92] can man eat[93] iron[94] without the teeth[91] ?	ਪ੍ਰ: ੩੧. ਦੰਦਾਂ[91] ਦੇ ਬਗ਼ੈਰ ਬੰਦਾ ਲੋਹੇ[94] ਨੂੰ ਕਿਸ ਤਰ੍ਹਾਂ[92] ਖਾ ਸਕਦਾ[93] ਹੈ ?

ਨਾਨਕ ਸਾਚਾ ਕਰਹੁ ਬੀਚਾਰੁ[95] ॥੧੯॥	O Nanak, give thou thy true opinion[95]."	ਹੇ ਨਾਨਕ ! ਤੂੰ ਆਪਣੀ ਸੱਚੀ ਸੁਚੀ ਰਾਏ[95] ਦੱਸ" ।
	Answers the Guru :—	ਗੁਰੂ ਜੀ ਉੱਤਰ ਦਿੰਦੇ ਹਨ :—
ਸਤਿਗੁਰ ਕੈ ਜਨਮੇ[96] ਗਵਨੁ[97] ਮਿਟਾਇਆ[98] ॥	A. 27. "Being born[96] in the True Guru's home, I have changed my life's course and ended[98] is my wandering[97].	ਉ: ੨੭. "ਸੱਚੇ ਗੁਰਾਂ ਦੇ ਘਰ ਪੈਦਾ ਹੋ[96], ਮੈਂ ਆਪਣਾ ਜੀਵਨ ਰੁਖ ਬਦਲ ਲਿਆ ਹੈ ਤੇ ਮੁੱਕ ਗਈ[98] ਹੈ ਮੇਰੀ ਭਟਕਣਾ[97] ।
ਅਨਹਤਿ[99] ਰਾਤੇ[100] ਇਹੁ ਮਨੁ ਲਾਇਆ ॥	A. 28. This mind of mine I have tinged[100] with and attached to the celestial strain[99].	ਉ: ੨੮. ਇਸ ਆਪਣੇ ਮਨੂਏ ਨੂੰ ਮੈਂ ਬੈਕੁੰਠੀ ਕੀਰਤਨ[99] ਨਾਲ ਰੰਗਿਆ[100] ਅਤੇ ਜੋੜਿਆ ਹੈ ।
ਮਨਸਾ ਆਸਾ ਸਬਦਿ[2] ਜਲਾਈ[3] ॥	A. 29. My desire and hope I have burnt[3] with the Name[2].	ਉ: ੨੯. ਆਪਣੀ ਖ਼ਾਹਿਸ਼ ਅਤੇ ਉਮੇਦ ਨੂੰ ਮੈਂ ਨਾਮ[2] ਨਾਲ ਸਾੜ ਸੁੱਟਿਆ[3] ਹੈ ।
ਗੁਰਮੁਖਿ[4] ਜੋਤਿ ਨਿਰੰਤਰਿ ਪਾਈ ॥	A. 30. By the Guru's grace[2], I have found the Light within me.	ਉ: ੩੦. ਗੁਰਾਂ ਦੀ ਦਇਆ ਦੁਆਰਾ, ਮੈਂ ਪ੍ਰਭੂ-ਪ੍ਰਕਾਸ਼ ਨੂੰ ਆਪਣੇ ਅੰਦਰੋਂ ਹੀ ਪਾ ਲਿਆ ਹੈ ।
ਤ੍ਰੈ[5] ਗੁਣ[6] ਮੇਟੇ[7] ਖਾਈਐ ਸਾਰੁ ॥	A. 31. Effacing[7] the three[5] modes[6], man can eat iron without the teeth.	ਉ: ੩੧. ਤਿੰਨਾਂ[5] ਹੀ ਅਵਸਥਾਵਾਂ[6] ਨੂੰ ਮਿਟਾ ਕੇ[7] ਬੰਦਾ ਦੰਦਾਂ ਦੇ ਬਗੈਰ ਲੋਹੇ ਨੂੰ ਖਾ ਸਕਦਾ ਹੈ ।
ਨਾਨਕ ਤਾਰੇ[8] ਤਾਰਣਹਾਰੁ[9] ॥੨੦॥	Thus, O Nanak, the Emancipator[9], of Himself emancipates[8] the mortal."	ਇਸ ਤਰ੍ਹਾਂ, ਹੇ ਨਾਨਕ ! ਕਲਿਆਨ ਕਰਨਹਾਰ[9] ਖ਼ੁਦ ਹੀ ਜੀਵ ਦੀ ਕਲਿਆਨ ਕਰ ਦਿੰਦਾ[8] ਹੈ ।"
	Say the Yogis :—	ਯੋਗੀ ਆਖਦੇ ਹਨ :—
ਆਦਿ[10] ਕਉ ਕਵਨੁ[12] ਬੀਚਾਰੁ[13] ਕਥੀਆਲੇ[14] ਸੁੰਨ[15] ਕਹਾ[16] ਘਰ[17] ਵਾਸੋ[18] ॥	Q 32. "Regarding the beginning[10] what[12] view[13] of thine doest thou give[14] ?	ਪ੍ਰ. ੩੨. "ਆਰੰਭ[10] ਦੇ ਮੁਤਅਲਕ ਤੂੰ ਆਪ੍ਣੀ ਕੀ[12] ਰਾਏ[13] ਦਿੰਦਾ[14] ਹੈਂ ?
	Q. 33. In which[16] home[17] the Profound Lord[15] did abide[18] then ?	ਪ੍ਰ: ੩੩. ਤਦ, ਅਫ਼ੂਰ ਸੁਆਮੀ[15] ਕਿਸ[16] ਟਿਕਾਣੇ[17] ਅੰਦਰ ਵਸਦਾ[18] ਸੀ ?
ਗਿਆਨ[19] ਕੀ ਮੁਦ੍ਰਾ[20] ਕਵਨ ਕਥੀਅਲੇ ਘਟਿ ਘਟਿ[21]	Q. 34. What are said to be the ear-rings[20] of gnosis[19] ?	ਪ੍ਰ: ੩੪. ਬ੍ਰਹਮ ਗਿਆਤ[19]ਦੀਆਂ ਕੰਨਾਂ ਦੀਆਂ ਵਾਲੀਆਂ[20] ਕਿਹੜੀਆਂ ਆਖੀਆਂ ਜਾਂਦੀਆਂ ਹਨ ।
ਕਵਨ ਨਿਵਾਸੋ[22] ॥	Q. 35. Who is it, that abides[22] in all the hearts[21] ?	ਪ੍ਰ: ੩੫. ਉਹ ਕੌਣ ਹੈ ਜੋ ਸਾਰਿਆਂ ਦਿਲਾਂ[21] ਅੰਦਰ ਵੱਸਦਾ[22] ਹੈ ?
ਕਾਲ[23] ਕਾ ਠੀਗਾ[24] ਕਿਉ[25] ਜਲਾਈਅਲੇ[26]	Q. 36. How[25] can death's[23] stroke[24] be fended[26] off ?	ਪ੍ਰ: ੩੬. ਮੌਤ[73] ਦੀ ਸੱਟ[24] ਕਿਕੂੰ ਦੂਰ ਕੀਤੀ ਜਾ ਸਕਦੀ[26] ਹੈ ?
ਕਿਉ ਨਿਰਭਉ[27] ਘਰਿ[28] ਜਾਈਐ[29] ॥	Q. 37. How can one enter into[29] the home[28] of fearlessness[27] ?	ਪ੍ਰ: ੩੭. ਬੰਦਾ ਨਿੱਡਰਤਾ[27] ਦੇ ਧਾਮ[28] ਅੰਦਰ ਕਿਸ ਤਰ੍ਹਾਂ ਦਾਖ਼ਲ ਹੋ ਸਕਦਾ[29] ਹੈ ?

ਸਹਜ[33] ਸੰਤੋਖ[34]ਕਾ ਆਸਣੁ[35] ਜਾਣੈ[36] ਕਿਉ[30] ਛੇਦੇ[31] ਬੈਰਾਈਐ[32] ॥ ਗੁਰ ਕੈ ਸਬਦਿ[37] ਹਉਮੈ[38] ਬਿਖੁ[39] ਮਾਰੈ[40] ਤਾ[41] ਨਿਜ[42] ਘਰਿ[43] ਹੋਵੈ ਵਾਸੋ[44] ॥

Q. 38. How[30] can the adversaries[32] (ego,anger, lust etc.)be slain[31]"?

Says the Guru :—

A. 37. "If man knows[36] God, the seat[35] of bliss[33] and contentment[34] and through Guru's word[37] effaces[40] his ego[38] and sin[39], then[41] he abides[44] in his own[42] home[43] of fearlessness.

ਪ੍ਰ: ੩੮. ਕਾਮ, ਕ੍ਰੋਧ ਆਦਿ ਦੁਸ਼ਮਨ[32] ਕਿਸ ਤਰ੍ਹਾਂ ਮਾਰੇ[31] ਜਾ ਸਕਦੇ ਹਨ" ?

ਗੁਰੂ ਜੀ ਆਖਦੇ ਹਨ :—

ਉ: ੩੭. "ਜੇਕਰ ਬੰਦਾ ਪ੍ਰਸੰਨਤਾ[33] ਤੇ ਸੰਤੁਸ਼ਟਤਾ[34] ਦੇ ਟਿਕਾਣੇ[35] ਹਰੀ ਨੂੰ ਜਾਣ ਲਵੇ[36] ਅਤੇ ਗੁਰਬਾਣੀ[37] ਦੇ ਰਾਹੀਂ ਆਪਣੀ ਹੰਗਤਾ[38] ਤੇ ਪਾਪ[39] ਨੂੰ ਮੇਟ ਦੇਵੇ[40], ਤਦ[41] ਉਹ ਆਪਣੇ ਨਿੱਜ[42] ਦੇ ਨਿਰਭੈਤਾ ਦੇ ਘਰ[43] ਅੰਦਰ ਵਸਦਾ[44] ਹੈ ।

ਜਿਨਿ[45] ਰਚਿ[46] ਰਚਿਆ[47] ਤਿਸੁ[48] ਸਬਦਿ[49] ਪਛਾਣੈ[50] ਨਾਨਕੁ ਤਾਕਾ[51] ਦਾਸੋ[52] ॥ ੨੧॥

A. 36. If one realises[50] the Name[49] of Him[48], who[45] has created[47] the creation[46], Nanak, then, becomes his[51] slave[32]".

ਉ: ੩੬. ਜੇਕਰ ਇਨਸਾਨ ਉਸ ਦੇ[48] ਨਾਮ[49] ਨੂੰ ਅਨੁਭਵ ਕਰ ਲਵੇ[50], ਜਿਸ[45] ਨੇ ਰਚਨਾ[46] ਰਚੀ[47] ਹੈ, ਤਾਂ ਨਾਨਕ ! ਉਸ ਦਾ[51]ਗੁਮਾਸ਼ਤਾ[52] (ਸੇਵਕ) ਬਣ ਜਾਂਦਾ ਹੈ" ।

Say the Yogis :—

ਯੋਗੀ ਆਖਦੇ ਹਨ :—

ਕਹਾ[53] ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ[54] ॥

Q. 39. Wherefrom[53] has the man come ?

Q. 40. Whither does he go ?

Q. 41. Wherein remains he merged[54] ?

ਪ੍ਰ: ੩੯. "ਇਨਸਾਨ ਕਿਥੋਂ[53] ਆਇਆ ਹੈ ?

ਪ੍ਰ: ੪੦. ਉਹ ਕਿਥੇ ਚੱਲਿਆ ਜਾਂਦਾ ਹੈ ?

ਪ੍ਰ: ੪੧. ਉਹ ਕਿਥੇ ਲੀਨ[54] ਹੋਇਆ ਰਹਿੰਦਾ ਹੈ ?

ਏਸੁ ਸਬਦ[55] ਕਉ ਜੋ ਅਰਥਾਵੈ[56] ਤਿਸੁ[57] ਗੁਰ ਤਿਲੁ[58] ਨ ਤਮਾਈ[59] ॥

He who understands the meaning[56] of this Divine Discourse[55]; Him[57] we call the Guru, who has not even iota[58] of avarice[59].

ਜੋ ਇਸ ਈਸ਼ਵਰੀ ਚਰਚਾ[55] ਦਾ ਅਰਥ[56] ਸਮਝਦਾ ਹੈ; ਉਸ ਨੂੰ[57] ਅਸੀਂ ਗੁਰੂ ਆਖਦੇ ਹਾਂ; ਜਿਸ ਨੂੰ ਕਿ ਇਕ ਭੋਰਾ ਭਰ[58] ਲਾਲਚ[59] ਨਹੀਂ ।

ਕਿਉ[61] ਤਤੋ[60] ਅਵਿਗਤੋ[62] ਪਾਵੈ ਗੁਰਮੁਖਿ[63] ਲਗੈ[64] ਪਿਆਰੋ[65] ॥

Q. 42. How[61] can man obtain the Formless[62] Reality[60] ?

Q. 43. How can he enshrine[64] love[65] for God, through the Guru[63] ?

ਪ੍ਰ: ੪੨. ਆਦਮੀ ਸਰੂਪ-ਰਹਿਤ[63] ਅਸਲੀਅਤ[60] ਨੂੰ ਕਿਸ ਤਰ੍ਹਾਂ[61] ਪ੍ਰਾਪਤ ਕਰ ਸਕਦਾ ਹੈ ?

ਪ੍ਰ: ੪੩. ਗੁਰਾਂ ਦੇ[63] ਰਾਹੀਂ ਉਸ ਦੀ ਹਰੀ ਨਾਲ ਪ੍ਰੀਤ[65] ਕਿਸ ਤਰ੍ਹਾਂ ਪੈ ਸਕਦੀ[64] ਹੈ ?

ਆਪੇ[66] ਸੁਰਤਾ[67] ਆਪੇ ਕਰਤਾ[68] ਕਹੁ[69] ਨਾਨਕ ਬੀਚਾਰੋ[70] ॥

Q. 44. He who Himself[66] is the Hearer[67] and Himself the Creator[68]; O Nanak, what sayest[69] thou regarding His explanation[70]" ?

ਪ੍ਰ: ੪੪. ਜੋ ਆਪ[96] ਸੁਣਨ ਵਾਲਾ[67] ਅਤੇ ਆਪ ਹੀ ਰਚਨਹਾਰ[68] ਹੈ; ਹੇ ਨਾਨਕ ! ਤੂੰ ਉਸ ਦੀ ਵਿਆਖਿਆ[70] ਬਾਰੇ ਕੀ ਆਖਦਾ[69] ਹੈ" ?

Says the Guru :—

ਗੁਰੂ ਜੀ ਆਖਦੇ ਹਨ —

ਹੁਕਮੇ[72] ਆਵੈ[71] ਹੁਕਮੇ[73] ਜਾਵੈ ਹੁਕਮੇ ਰਹੈ ਸਮਾਈ[74]॥

A. 39. "The man originates[71] from the Lord's command[72].

ਉ: ੩੯. "ਇਨਸਾਨ ਪ੍ਰਭੂ ਦੇ ਫ਼ੁਰਮਾਨ[72] ਤੋਂ ਉਤਪੰਨ[71] ਹੁੰਦਾ ਹੈ ।

A. 40. He goes back to where is His will[73].

ਉ: ੪੦. ਜਿੱਥੇ ਉਸ ਦੀ ਰਜ਼ਾ[73] ਹੈ, ਉੱਥੇ ਉਹ ਚੱਲਿਆ ਜਾਂਦਾ ਹੈ ।

ਪੂਰੇ[75] ਗੁਰ ਤੇ ਸਾਚੁ[76] ਕਮਾਵੈ[77] ਗਤਿ[78] ਮਿਤਿ[79] ਸਬਦੇ[80] ਪਾਈ[81] ॥੨੨॥

A. 41. He remains merged[75] in the Lord's will.

ਉ: ੪੧. ਉਹ ਸਾਹਿਬ ਦੀ ਰਜ਼ਾ ਅੰਦਰ ਲੀਨ[74] ਰਹਿੰਦਾ ਹੈ ।

A. 43. By practising[77] truth[76] and realising the Lord's dignity[78] and worth[79], he is blessed with[81] the Lord's love by the Perfect[75] Guru.

ਉ: ੪੩. ਸੱਚ[76] ਦੀ ਕਮਾਈ ਕਰਨ[77] ਉੱਤੇ ਸਾਂਈਂ[80] ਦੇ ਰੁਤਬੇ[78] ਤੇ ਕਦਰ[79] ਨੂੰ ਅਨੁਭਵ ਕਰਨ ਦੁਆਰਾ ਉਸ ਨੂੰ ਪੂਰਨ[75] ਗੁਰਾਂ ਪਾਸੋਂ ਪ੍ਰਭੂ ਦੀ ਪ੍ਰੀਤ ਦੀ ਦਾਤ ਮਿਲਦੀ[81] ਹੈ ।

ਆਦਿ[82] ਕਉ ਬਿਸਮਾਦੁ[83] ਬੀਚਾਰੁ[84] ਕਥੀਅਲੇ[85] ਸੁੰਨ[96] ਨਿਰੰਤਰਿ[97] ਵਾਸੁ[98] ਲੀਆ ॥

A. 32. As for the beginning[82], one can only think[84] and talk[85] in terms of wonder[88].

ਉ: ੩੨. ਆਰੰਭ[82] ਦੇ ਬਾਰੇ ਬੰਦਾ ਕੇਵਲ ਅਸਚਰਜਤਾ[83] ਵਿਚ ਹੀ ਖ਼ਿਆਲ[84] ਤੇ ਕਥਨ[85] ਕਰ ਸਕਦਾ ਹੈ ।

A. 33. The Profonnd Lord[96], then did dwell[98] within Hisownself[97].

ਉ ੩੩. ਅਫੁਰ ਸੁਆਮੀ[96] ਓਦੋਂ ਆਪਣੇ ਆਪ[98] ਵਿੱਚ ਹੀ ਵਸਦਾ[98] ਸੀ ।

ਅਕਲਪਤ[99] ਮੁਦ੍ਰਾ ਗੁਰ ਗਿਆਨੁ[100] ਬੀਚਾਰੀਅਲੇ[2] ਘਟਿ ਘਟਿ[3] ਸਾਚਾ[4] ਸਰਬ[5] ਜੀਆ ॥

A. 34. Desirelessness[99] is deemed[2] to be the ear-rings of Guru's gnosis[100].

ਉ: ੩੪. ਨਿਰਇੱਛਤਾਂ[99] ਗੁਰਾਂ ਦੀ ਗਿਆਤ[100] ਦੀਆਂ ਕੰਨਾਂ ਦੀਆਂ ਵਾਲੀਆਂ ਜਾਣੀ ਜਾਂਦੀ[2] ਹੈ ।

A. 35. The True Lord[4], the Life[6] of all[5], abides within all the hearts[5].

ਉ: ੩੫. ਸਾਰਿਆਂ[5] ਦੀ ਜਿੰਦਜਾਨ[6] ਸੱਚਾ ਸੁਆਮੀ[4] ਸਾਰਿਆਂ ਦਿਲਾਂ[3] ਅੰਦਰ ਵਸਦਾ ਹੈ ।

ਗੁਰ ਬਚਨੀ[7] ਅਵਿਗਤਿ[8] ਸਮਾਈਐ[9] ਤਤੁ[10] ਨਿਰੰਜਨੁ[12] ਸਹਜਿ[13] ਲਹੈ[14] ॥

A. 42. By means of Gurbani[7], man easily[13] obtains[14] and merges[9] in the pure[12] Formless[8] Reality[10].

ਉ: ੪੨. ਗੁਰਾਂ ਦੀ ਬਾਣੀ[7] ਦੁਆਰਾ, ਬੰਦਾ ਸੁਖੈਨ[13] ਹੀ ਪਵਿੱਤ੍ਰ[12] ਤੇ ਸਰੂਪ-ਰਹਿਤ[8] ਅਸਲੀਅਤ[10] (ਹਰੀ) ਨੂੰ ਪਾ ਲੈਂਦਾ[14] ਤੇ ਉਸ ਵਿਚ ਲੀਨ ਹੋ ਜਾਂਦਾ[9] ਹੈ ।

ਨਾਨਕ ਦੂਜੀ[15] ਕਾਰ[16] ਨ ਕਰਣੀ ਸੇਵੈ[17] ਸਿਖੁ ਸੁ[18] ਖੋਜਿ[19] ਲਹੈ[20] ॥

A. 38. The sikh who works[17] for the Guru and serves[16] not another[15]; He[18] finds[23] way[21] to slay his adversaries, O Nanak.

ਉ: ੩੮. ਜੋ ਸਿੱਖ ਗੁਰਾਂ ਦੀ ਘਾਲ ਕਮਾਉਂਦਾ[17] ਹੈ ਅਤੇ ਹੋਰ[15] ਕਿਸੇ ਨੂੰ ਨਹੀਂ ਸੇਂਵਦਾ[16]; ਉਹ[18] ਆਪਣੇ ਦੁਸ਼ਮਨਾਂ (ਭਰਮ ਆਦਿ) ਨੂੰ ਮਾਰ ਲੈਣ ਦਾ ਰਾਹ[21] ਲੱਭ ਲੈਂਦਾ[20] ਹੈ, ਹੇ ਨਾਨਕ !

ਹੁਕਮੁ[21] ਬਿਸਮਾਦੁ[22] ਹੁਕਮਿ[23] ਪਛਾਣੈ[24] ਜੀਅ[25] ਜੁਗਤਿ[26]

A. 44. Wondrous[22] is the will[21] of Him, who Himself is the

ਉ: ੪੪. ਅਦੱਭੁਤ[22] ਹੈ ਓਸ ਦੀ ਰਜ਼ਾ[21], ਜੋ ਖ਼ੁਦ ਹੀ ਸ੍ਰੋਤਾ ਅਤੇ ਸਿਰਜਣਹਾਰ ਹੈ । ਕੇਵਲ ਉਹ[26]

ਸਚੁ[27] ਜਾਣੈ[28] ਸੋਈ[29] ॥

Hearer and Creator. He[29] alone knows[24] His command[23] and truly[37] understands[28] the way of life[36] of the beings[55].

ਹੀ ਆਪਣੇ ਫੁਰਮਾਨ[23] ਨੂੰ ਜਾਣਦਾ[24] ਹੈ ਅਤੇ ਜੀਵਾਂ[25] ਦੀ ਜੀਵਨ ਰਹੁ-ਰੀਤੀ[26] ਨੂੰ ਐਨ ਸੱਚੀ ਤਰ੍ਹਾਂ[27] ਸਮਝਦਾ[28] ਹੈ ।

ਆਪੁ[30] ਮੇਟਿ[31] ਨਿਰਾਲਮੁ[32] ਹੋਵੈ ਅੰਤਰਿ[33] ਸਾਚੁ[34] ਜੋਗੀ ਕਹੀਐ[35] ਸੋਈ[36] ॥੨੩॥

He[86], who effaces[31] his self-conceit[30], becomes detached[92] and enshrines the True Lord[34] in his mind[33], is said to be[35] a Yogi.

ਜੋ ਆਪਣੀ ਸਵੈ-ਹੰਗਤਾ[30] ਨੂੰ ਮੇਟ ਦਿੰਦਾ[31] ਹੈ, ਅਟੰਕ[32] ਹੋ ਵੰਝਦਾ ਹੈ ਅਤੇ ਆਪਣੇ ਹਿਰਦੇ[33] ਅੰਦਰ ਸੱਚੇ ਸੁਆਮੀ[34] ਨੂੰ ਟਿਕਾਉਂਦਾ ਹੈ, ਉਹ[36] ਹੀ ਯੋਗੀ ਆਖਿਆ ਜਾਂਦਾ[35] ਹੈ ।

ਅਵਿਗਤੋ[37] ਨਿਰਮਾਇਲੁ[38] ਉਪਜੇ[39] ਨਿਰਗੁਣ[40] ਤੇ[41] ਸਰਗੁਣੁ[42] ਥੀਆ[43] ॥

From formless[37], the Lord assumed[39] the Immaculate[38] Form and from[41] attributelessness[40], He became[43] with attributes[42].

ਸਰੂਪ-ਰਹਿਤ[37] ਤੋਂ ਸੁਆਮੀ ਨੇ ਪਵਿੱਤ੍ਰ[38] ਸਰੂਪ ਧਾਰਨ ਕਰ ਲਿਆ[39] ਅਤੇ ਲੱਛਣ-ਰਹਿਤ[40] ਤੋਂ[41] ਉਹ ਲੱਛਣਾ-ਸੰਯੁਕਤ[42] ਹੋ ਗਿਆ[43] ।

ਸਤਿਗੁਰ ਪਰਚੈ[44]ਪਰਮ ਪਦੁ[45] ਪਾਈਐ[46] ਸਾਚੈ ਸਬਦਿ[47] ਸਮਾਇ ਲੀਆ[48] ॥

By pleasing[44] the True Guru, the mortal attains the supreme[45] status[46] and merges[48] in the True Name[47].

ਸੱਚੇ ਗੁਰਾਂ ਨੂੰ ਪ੍ਰਸੰਨ[44] ਕਰਨ ਦੁਆਰਾ, ਪ੍ਰਾਨੀ ਮਹਾਨ[45] ਮਰਤਬੇ[46] ਨੂੰ ਪਾ ਲੈਂਦਾ ਹੈ ਅਤੇ ਸੱਚੇ ਨਾਮ[47] ਅੰਦਰ ਲੀਨ ਹੋ ਜਾਂਦਾ[48] ਹੈ ।

ਏਕੋ ਕਉ ਸਚੁ[49] ਏਕਾ ਜਾਣੈ ਹਉਮੈ[50] ਦੂਜਾ[51] ਦੂਰਿ[52] ਕੀਆ ॥

The One Lord, he knows as the only True One[49] and obliterates[52] his ego[50] and duality[51].

ਇੱਕ ਸੁਆਮੀ ਨੂੰ ਹੀ ਕੇਵਲ ਸਤਿਪੁਰਖ[49] ਹੀ ਜਾਣਦਾ ਹੈ ਅਤੇ ਆਪਣੀ ਹੰਗਤਾ[50] ਤੇ ਦਵੈਤ-ਭਾਵ[51] ਨੂੰ ਮੇਟ ਸੁੱਟਦਾ[52] ਹੈ ।

ਸੋ[53] ਜੋਗੀ ਗੁਰ ਸਬਦੁ[54] ਪਛਾਣੈ[55] ਅੰਤਰਿ[56] ਕਮਲੁ[57] ਪ੍ਰਗਾਸੁ[58] ਥੀਆ ॥

He[54] alone is a Yogi, who understands[55] the Guru's instruction[54] and whose heart[56]-lotus[57] has bloomed[58].

ਕੇਵਲ ਉਹ[53] ਹੀ ਯੋਗੀ ਹੈ ਜੋ ਗੁਰਾਂ ਦੇ ਉਪਦੇਸ਼[54] ਨੂੰ ਸਮਝਦਾ[55] ਹੈ ਅਤੇ ਜਿਸ ਦਾ ਦਿਲ[56] ਕੰਵਲ[57] ਖਿੜਿਆ ਹੋਇਆ[58] ਹੈ ।

ਜੀਵਤੁ ਮਰੈ ਤਾ[59] ਸਭੁ ਕਿਛੁ ਸੂਝੈ[60] ਅੰਤਰਿ[61] ਜਾਣੈ[62] ਸਰਬ[63] ਦਇਆ[64] ॥

If one remains dead in life, then[59] understands[60] he everything and within his mind[61] realises[62] the presence of the Lord, who is merciful[64] to all[65].

ਜੇਕਰ ਬੰਦਾ ਜੀਉਂਦੇ ਜੀ ਮਰਿਆ ਰਹੇ ਤਦ[59] ਉਹ ਸਾਰਾ ਕੁਝ ਸਮਝ ਲੈਂਦਾ[60] ਹੈ ਅਤੇ ਆਪਣੇ ਹਿਰਦੇ[61] ਅੰਦਰ ਉਸ ਸਾਂਈਂ ਦੀ ਹਜ਼ੂਰੀ ਨੂੰ ਅਨੁਭਵ ਕਰਦਾ[62] ਹੈ ਜੋ ਸਾਰਿਆਂ[63] ਉੱਤੇ ਮਿਹਰਬਾਨ[64] ਹੈ ।

ਨਾਨਕ ਤਾ ਕਉ[65] ਮਿਲੈ ਵਡਾਈ[66] ਆਪੁ ਪਛਾਣੈ[67] ਸਰਬ[68] ਜੀਆ[69] ॥੨੪॥

Nanak, he[65] alone obtains honour[66], who realises[67] himself amongst all[68] the being[69].

ਨਾਨਕ, ਕੇਵਲ ਉਹ ਹੀ[85] ਇੱਜ਼ਤ ਆਬਰੂ[66] ਪਾਉਂਦਾ ਹੈ ਜੋ ਅ ਪਣੇ ਆਪ ਨੂੰ ਸਾਰਿਆਂ[68] ਜੀਵਾਂ[69] ਅੰਦਰ ਅਨੁਭਵ ਕਰਦਾ[67] ਹੈ ।

ਸਾਚੌ[70] ਉਪਜੈ[71] ਸਾਚਿ ਸਮਾਵੈ[72] ਸਾਚੇ[73] ਸੂਚੇ[74] ਏਕ ਮਇਆ[75] ॥

The true person emerges[71] from truth[70] and merges[72] in truth as well. The pure one[74] becomes one and the same[75] with the True Lord[73].

ਸੱਚਾ ਪੁਰਸ਼ ਸੱਚ[70] ਤੋਂ ਉਤਪੰਨ ਹੁੰਦਾ[71] ਹੈ ਅਤੇ ਸੱਚ ਅੰਦਰ ਹੀ ਲੀਨ ਹੋ ਜਾਂਦਾ[72] ਹੈ । ਪਵਿੱਤਰ ਪੁਰਸ਼[74] ਸੱਚੇ ਸੁਆਮੀ[73] ਨਾਲ ਇੱਕ ਮਿੱਕ[75] ਥੀ ਵੰਞਦਾ ਹੈ ।

ਝੂਠੇ[76] ਆਵਹਿ ਠਵਰ[77] ਨ ਪਾਵਹਿ ਦੂਜੈ[78] ਆਵਾ[79] ਗਉਣੁ[80] ਭਇਆ ॥

The false ones[76] come and find no place[77] of rest. Through duality[78] they continue coming[79] and going[80].

ਕੂੜੇ[76] (ਲੋਕ) ਆਉਂਦੇ ਹਨ ਤੇ ਉਸ ਨੂੰ ਕੋਈ ਆਰਾਮ ਦੀ ਜਗ੍ਹਾ[27] ਨਹੀਂ ਮਿਲਦੀ। ਦਵੈਤ-ਭਾਵ[78] ਰਾਹੀਂ ਉਹ ਆਉਂਦੇ[79] ਤੇ ਜਾਂਦੇ[80] ਰਹਿੰਦੇ ਹਨ।

ਆਵਾ ਗਉਣੁ[81] ਮਿਟੈ[82] ਗੁਰ ਸਬਦੀ[83] ਆਪੇ ਪਰਖੈ[84] ਬਖਸਿ[85] ਲਇਆ ॥

By Guru's instruction[83], transmigration[81] comes to an end[82]. The Lord Himself assays[84] and grants pardon[85].

ਗੁਰਾਂ ਦੇ ਉਪਦੇਸ਼[83] ਦੁਆਰਾ ਆਉਣਾ ਤੇ ਜਾਣਾ[81] ਮੁੱਕ ਜਾਂਦਾ[82] ਹੈ। ਸੁਆਮੀ ਖ਼ੁਦ ਹੀ ਪਰਖਦਾ[84] ਅਤੇ ਮੁਆਫ਼ੀ[85] ਬਖ਼ਸ਼ਦਾ ਹੈ।

੯੪੧

ਏਕਾ ਬੇਦਨ[86] ਦੂਜੈ[87] ਬਿਆਪੀ[88] ਨਾਮੁ[89] ਰਸਾਇਣੁ[90] ਵੀਸਰਿਆ[91] ॥

He, who is afflicted[88] with the malady[86] of another's love[87], forgets[91] Name, the home[90] of elixir[89].

ਜੋ ਹੋਰਸ (ਮਾਇਆ) ਦੇ ਪਿਆਰ[87] ਦੀ ਬੀਮਾਰੀ[86] ਨਾਲ ਦੁਖੀ ਹੋਏ ਹੋਏ[88] ਹਨ; ਉਹ ਅੰਮ੍ਰਿਤ[89] ਦੇ ਘਰ[90], ਨਾਮ, ਨੂੰ ਭੁਲਾ[91] ਦਿੰਦੇ ਹਨ।

ਸੋ ਬੂਝੈ[92] ਜਿਸੁ ਆਪਿ ਬੁਝਾਏ ਗੁਰ ਕੈ ਸਬਦਿ[93] ਸੁ[94] ਮੁਕਤੁ[95] ਭਇਆ ॥

He alone understands[92], whom the Lord Himself makes understand. By Guru's instruction[93] he[94] is emancipated[95].

ਕੇਵਲ ਉਹ ਹੀ ਸਮਝਦਾ[92] ਹੈ ਜਿਸ ਨੂੰ ਸੁਆਮੀ ਖ਼ੁਦ ਸਮਝਾਉਂਦਾ ਹੈ। ਗੁਰਾਂ ਦੇ ਉਪਦੇਸ਼[93] ਦੁਆਰਾ ਉਹ[94] ਮੁਕਤ ਹੋ ਜਾਂਦਾ[95] ਹੈ।

ਨਾਨਕ ਤਾਰੇ[96] ਤਾਰਣਹਾਰਾ[97] ਹਉਮੈ[98] ਦੂਜਾ[99] ਪਰਹਰਿਆ[100] ॥੨੫॥

Nanak, the Floater[97] (God) floats[96] the mortal, who stills[100] his ego[98] and duality[99].

ਨਾਨਕ, ਪਾਰ ਉਤਾਰਨ ਵਾਲਾ[97] (ਪ੍ਰਭੂ) ਉਸ ਦਾ ਪਾਰ ਉਤਾਰਾ ਕਰ ਦਿੰਦਾ[96] ਹੈ ਜੋ ਆਪਣੀ ਹੰਗਤਾ[98] ਤੇ ਦਵੈਤ-ਭਾਵ[99] ਨੂੰ ਮੇਟ ਦਿੰਦਾ[100] ਹੈ।

ਮਨਮੁਖਿ[2] ਭੂਲੈ[3] ਜਮ[4] ਕੀ ਕਾਣਿ[5] ॥

The perverse[2] are gone astray[3] and are under the sway[5] of death[4].

ਮਨਮੁੱਖ ਪੁਰਸ਼[2] ਕੁਰਾਹੇ ਪਏ[3] ਹਨ ਅਤੇ ਮੌਤ[4] ਦੀ ਹਕੂਮਤ[5] ਥੱਲੇ ਹਨ।

ਪਰ[6] ਘਰੁ ਜੋਹੈ[7] ਹਾਣੇ ਹਾਣਿ[8] ॥

They have an eye[7] on another's[6] home and suffer a great loss[8].

ਉਹ ਪਰਾਏ[6] ਝੁੱਗੇ ਤੇ ਅੱਖ ਰਖਦੇ[7] ਹਨ ਅਤੇ ਬਹੁਤ ਨੁਕਸਾਨ[8] ਉਠਾਉਂਦੇ ਹਨ।

ਮਨਮੁਖਿ ਭਰਮਿ[9] ਭਵੈ[10] ਬੇਬਾਣਿ[12] ॥

An apostate is strayed by doubt[9] and wanders[10] in wilderness[12].

ਅਧਰਮੀ ਨੂੰ ਸੰਦੇਹ[9] ਨੇ ਗੁਮਰਾਹ ਕੀਤਾ ਹੋਇਆ ਹੈ ਅਤੇ ਉਹ ਉਜਾੜ ਬੀਆਬਾਨ[12] ਅੰਦਰ ਭਟਕਦਾ[10] ਹੈ।

[13]ਵੇਮਾਰਗਿ[14] ਮੂਸੈ[15] ਮੰਤ੍ਰਿ[16] ਮਸਾਣਿ[17] ॥

He who recites incantations[16] in the cremation ground[17], is following the evil[13] path[14] and is plundered[15].

ਜੋ ਸ਼ਮਸ਼ਾਨਭੂਮੀ[17] ਅੰਦਰ ਜਾਦੂ ਟੂਣੇ[16] ਪੜ੍ਹਦਾ ਹੈ, ਉਹ ਮੰਦੇ[13] ਰਾਹੇ[14] ਟੁਰ ਰਿਹਾ ਹੈ ਅਤੇ ਆਖਿਰ ਲੁੱਟਿਆ ਪੁੱਟਿਆ ਜਾਂਦਾ[15] ਹੈ।

ਸਬਦੁ[18] ਨ ਚੀਨੈ[19] ਲਵੈ[20] [21]ਕੁਬਾਣਿ[22] ॥

He reflects[19] not on the Name[18] and utters[20] obscene[21] words[22].

ਉਹ ਨਾਮ[18] ਨੂੰ ਨਹੀਂ ਵਿਚਾਰਦਾ[19] ਅਤੇ ਗੰਦੇ[21] ਬਚਨ[22] ਬੋਲਦਾ[20] ਹੈ।

ਨਾਨਕ ਸਾਚਿ[23] ਰਤੇ[24] ਸੁਖੁ[25] ਜਾਣਿ[26] ॥੨੬॥

He alone who is imbued[24] with the True Name[23] knows[26], what peace[25] is, O Nanak.

ਜੋ ਸੱਚੇ ਨਾਮ[23] ਨਾਲ ਰੰਗੀਜਿਆ[24] ਹੈ, ਕੇਵਲ ਉਹ ਹੀ ਜਾਣਦਾ[26] ਹੈ ਕਿ ਸੁਖ ਅਨੰਦ[25] ਕੀ ਹੈ, ਹੇ ਨਾਨਕ!

ਗੁਰਮੁਖਿ[27] ਸਾਚੇ[28] ਕਾ ਭਉ[29] ਪਾਵੈ[30] ॥

The Guru-ward[27] enshrines[30] the True Lord's[28] fear[29].

ਗੁਰੂ-ਸਮਰਪਨ[27] ਸੱਚੇ ਸਾਂਈਂ[28] ਦੇ ਡਰ[29] ਨੂੰ ਧਾਰਨ ਕਰਦਾ[30] ਹੈ।

ਗੁਰਮੁਖਿ ਬਾਣੀ[30*] ਅਘੜੁ[31] ਘੜਾਵੈ[32] ॥	The Guru-ward makes sweet[32] his unrefined[31] speech[30*].	ਗੁਰੂ-ਸਮਰਪਣ ਆਪਣੀ ਰੁੱਖੀ[31] ਬੋਲੀ[30*] ਨੂੰ ਰਸੀਲੀ ਬਣਾ ਲੈਂਦਾ[32] ਹੈ।
ਗੁਰਮੁਖਿ ਨਿਰਮਲ[33] ਹਰਿ ਗੁਣ[34] ਗਾਵੈ[35] ॥	The Guru-ward hymns[35] the Lord's Immaculate[33] praise[34].	ਗੁਰੂ-ਸਮਰਪਨ ਪ੍ਰਭੂ ਦਾ ਪਵਿੱਤਰ[33] ਜੱਸ[34] ਗਾਇਨ ਕਰਦਾ[35] ਹੈ।
ਗੁਰਮੁਖਿ ਪਵਿਤ੍ਰ[36] ਪਰਮ ਪਦੁ[37] ਪਾਵੈ[38] ॥	The Guru-ward, attains the pure[36] supreme[37] status[38].	ਗੁਰੂ-ਸਮਰਪਨ ਪਾਵਨ[36] ਮਹਾਨ[37] ਮਰਤਬੇ[38] ਨੂੰ ਪਾ ਲੈਂਦਾ ਹੈ।
ਗੁਰਮੁਖਿ[41] ਰੋਮਿ[39] ਰੋਮਿ ਹਰਿ ਧਿਆਵੈ[40] ॥	The God-conscious[41] being remembers[40] God through every hair[39] of his.	ਵਾਹਿਗੁਰੂ-ਬੇਤਾ[41], ਆਪਣੇ ਹਰ ਵਾਲ ਦੁਆਰਾ[39] ਵਾਹਿਗੁਰੂ ਨੂੰ ਸਿਮਰਦਾ[40] ਹੈ।
ਨਾਨਕ ਗੁਰਮੁਖਿ ਸਾਚਿ[42] ਸਮਾਵੈ[43] ॥੨੭॥	Nanak, the God-conscious being merges[43] in the True Lord[42].	ਨਾਨਕ, ਵਾਹਿਗੁਰੂ ਨੂੰ ਜਾਣਨ ਵਾਲਾ ਸੱਚੇ ਸੁਆਮੀ[42] ਅੰਦਰ ਲੀਨ ਹੋ ਜਾਂਦਾ[43] ਹੈ।
ਗੁਰਮੁਖਿ[47] ਪਰਚੈ[44] ਬੇਦ[45] ਬੀਚਾਰੀ[46] ॥	The pious person[47] remains busy[44] in reflecting[46] on the gnosis[45].	ਪਵਿੱਤ੍ਰ ਪੁਰਸ਼[47] ਗਿਆਨ[45] ਵਿਚਾਰਨ[46] ਵਿੱਚ ਰੁੱਝਿਆ[44] ਰਹਿੰਦਾ ਹੈ।
ਗੁਰਮੁਖਿ[48] ਪਰਚੈ[49] ਤਰੀਐ[50] ਤਾਰੀ[51] ॥	Being satisfied[49] through the Guru[48] one crosses[50] the world-rivulet[51].	ਗੁਰਾਂ ਦੇ ਰਾਹੀਂ[48] ਪਤੀਜਣ[49] ਦੁਆਰਾ, ਇਨਸਾਨ ਸੰਸਾਰ-ਨਦੀ[51] ਤੋਂ ਪਾਰ ਹੋ ਜਾਂਦਾ[50] ਹੈ।
ਗੁਰਮੁਖਿ[55] ਪਰਚੈ ਸੁ[52] ਸਬਦਿ[53] ਗਿਆਨੀ[54] ॥	He[52], who is satfiised by Guru's grace[53], becomes the discerner[54] of the Guru's word[53].	ਜਿਸ ਦੀ ਗੁਰਾਂ ਦੀ ਦਇਆ[55] ਦੁਆਰਾ ਨਿਸ਼ਾ ਹੋ ਜਾਂਦੀ ਹੈ, ਉਹ[52] ਗੁਰਬਾਣੀ[53] ਦਾ ਗਿਆਨੀ[54] ਥੀ ਵੰਞਦਾ ਹੈ।
ਗੁਰਮੁਖਿ ਪਰਚੈ ਅੰਤਰ[56] ਬਿਧਿ[57] ਜਾਨੀ[58] ॥	Being satisfied by Guru's grace, the mortal comes to know[58] the inner[56] way of life[67].	ਗੁਰਾਂ ਦੀ ਦਇਆ ਦੁਆਰਾ ਪਤੀਜ ਕੇ, ਪ੍ਰਾਨੀ ਅੰਦਰਲੀ[56] ਜੀਵਨ-ਰਹੁ-ਰੀਤੀ[57] ਨੂੰ ਜਾਣ ਲੈਂਦਾ[58] ਹੈ।
ਗੁਰਮੁਖਿ ਪਾਈਐ ਅਲਖ[59] ਅਪਾਰੁ[60] ॥	By Guru's grace one attains to the Invisible[59] and Infinite[60] Lord.	ਗੁਰਾਂ ਦੀ ਦਇਆ ਦੁਆਰਾ, ਇਨਸਾਨ ਅਦ੍ਰਿਸ਼ਟ[59] ਅਤੇ ਅਨੰਤ[60] ਪ੍ਰਭੂ ਨੂੰ ਪਾ ਲੈਂਦਾ ਹੈ।
ਸੱਚੇ ਸਾਹਿਬ[39] ਦੀ ਭੂਖ[38], ਦੁਖ[37]* ਨੂੰ ਖਾ ਜਾਂਦੀ[36]* ਹੈ ਅਤੇ ਇਨਸਾਨ ਸੱਚ[40] ਦੇ ਰਾਹੀਂ ਰੱਜਿਆ ਰਹਿੰਦਾ[41] ਹੈ ।

ਅਨਹਦ ਬਾਣੀ[42] ਗੁਰਮੁਖਿ[43] ਜਾਣੀ ਬਿਰਲੋ[44] ਕੋ ਅਰਥਾਵੈ[45] ॥

The unstruck music[42] is known through the Guru[43] and rare[44] is the one who realises its import[45].

ਸੁਤੇ ਸਿੱਧ ਹੋਣ ਵਾਲਾ ਕੀਰਤਨ[42] ਗੁਰਾਂ ਦੇ ਰਾਹੀਂ[43] ਜਾਣਿਆ ਜਾਂਦਾ ਹੈ ਅਤੇ ਕੋਈ ਟਾਂਵਾਂ ਟੱਲਾ[44] ਹੀ ਇਸ ਦੇ ਭਾਵ[45] ਨੂੰ ਅਨੁਭਵ ਕਰਦਾ ਹੈ ।

ਨਾਨਕੁ ਆਖੈ ਸਚੁ[46] ਸੁਭਾਗੋ[47] ਸਚਿ ਰਪੈ[48] ਰੰਗੁ[49] ਕਬਹੂੰ[50] ਨ ਜਾਵੈ[51] ॥੬੫॥

Says Nanak, the dye[49] of him, who[46] tells[47] the truth and who is imbued[48] with truth, departs[51] not ever[50]".

ਗੁਰੂ ਜੀ ਫ਼ੁਰਮਾਉਂਦੇ ਹਨ ਜੋ[46] ਸੱਚ ਬੋਲਦਾ[47] ਹੈ ਅਤੇ ਜੋ ਸੱਚ ਨਾਲ ਰੰਗੀਜਿਆ[48] ਹੈ, ਉਸ ਦੀ ਰੰਗਤ[49] ਕਦੇ ਭੀ[50] ਨਹੀਂ ਉਤਰਦੀ[51]" ।

Say the Yogis :—

ਯੋਗੀ ਆਖਦੇ ਹਨ :—

ਜਾ[52] ਇਹੁ ਹਿਰਦਾ[53] ਦੇਹ[54] ਨ ਹੋਤੀ ਤਉ[55] ਮਨੁ ਕੈਠੈ[56] ਰਹਤਾ[57] ॥

Q. 83. "When[52] this heart[53] and body[54] were not, where[56] did the mind abide[57] then[55] ?

ਪ੍ਰ: ੮੩. ਜਦ[52] ਇਹ ਦਿਲ[53] ਤੇ ਸਰੀਰ[54] ਨਹੀਂ ਸਨ ਹੁੰਦੇ, ਤਦ[55] ਮਨੂਆ ਕਿਥੇ[56] ਵਸਦਾ[57] ਸੀ ?

ਨਾਭਿ[58] ਕਮਲ[59] ਅਸਥੰਭੁ[60] ਨ ਹੋਤੋ ਤਾ[61] ਪਵਨੁ[62]

Q. 84. When there was no support[60] of the navel[58] lotus[59], in

ਪ੍ਰ: ੮੪. ਜਦ ਧੁੰਨੀ[58] ਦੇ ਕੰਵਲ[59] ਦਾ ਆਸਰਾ[60] ਨਹੀਂ ਸੀ, ਤਦ[61] ਸੁਆਸ[62] ਕਿਹੜੇ[63] ਗ੍ਰਹਿ[64]

ਕਵਨ[63] ਘਰਿ[64] ਸਹਤਾ[65] ॥

which[63] home[64], the breath[62] did stay[65] then[61] ?

(ਟਿਕਾਣੇ) ਵਿੱਚ ਟਿਕਦਾ[65] ਸੀ ?

ਰੂਪੁ[66] ਨ ਹੋਤੋ[68] ਰੇਖ[67] ਨ ਕਾਈ[69] ਤਾ ਸਬਦਿ[70] ਕਹਾ[71] ਲਿਵ[72] ਲਾਈ[73] ॥

Q. 85. When there was[68] no form[66] or outline[67] either[69], then how[71] was love[72] enshrined[73] through the Name[70] ?

ਪ੍ਰ: ੮੫. ਜਦ ਕੋਈ[69] ਸਰੂਪ[66] ਜਾਂ ਨੁਹਾਰ[67] ਨਹੀਂ ਸੀ[68] ਤਦ ਨਾਮ[70] ਦੇ ਰਾਹੀਂ ਪ੍ਰੀਤ[72] ਕਿਸ ਤਰ੍ਹਾਂ[71] ਲਗਦੀ[73] ਸੀ ?

ਰਕਤੁ[74] ਬਿੰਦੁ[75] ਕੀ ਮੜੀ[76] ਨ ਹੋਤੀ ਮਿਤਿ[77] ਕੀਮਤਿ[78] ਨਹੀ ਪਾਈ[79] ॥

Q. 86. When there was no body-tomb[76], fashioned from ovum[74] and sperm[75], could not the Lord's extent[77] and worth[78] be evalueted[79] then ?

ਪ੍ਰ: ੮੬. ਜਦ ਅੰਡੇ[74] ਤੇ ਵੀਰਜ[75] ਤੋਂ ਸਾਜਿਆ ਹੋਇਆ ਸਰੀਰ ਦਾ ਮੱਠ[76] ਨਹੀਂ ਸੀ, ਕੀ ਤਦ ਪ੍ਰਭੂ ਦੇ ਵਿਸਥਾਰ[77] ਤੇ ਮੁੱਲ[78] ਦਾ ਅੰਦਾਜ਼ਾ ਨਹੀਂ ਸੀ ਲਾਇਆ ਜਾ ਸਕਦਾ[79] ?

ਵਰਨੁ[80] ਭੇਖੁ[81] ਅਸਰੂਪੁ[82] ਨ ਜਾਪੀ[83] ਕਿਉ ਕਰਿ[84] ਜਾਪਸਿ[85] ਸਾਚਾ[86] ॥

Q. 87. When the Lord's colour[80], garb[81] and form[92] were not seen[83], how[84] could then the True Lord[86] be known[85]" ?

ਪ੍ਰ: ੮੭. ਜਦ ਸੁਆਮੀ ਦਾ ਰੰਗ[80], ਭੇਸ[81] ਤੇ ਸਰੂਪ[82] ਵੇਖੇ ਨਹੀਂ ਸਨ ਜਾਂਦੇ[83], ਤਾਂ ਸੱਚਾ ਸੁਆਮੀ[86] ਕਿਸ ਤਰ੍ਹਾਂ[84] ਜਾਣਿਆ[85] ਜਾ ਸਕਦਾ ਸੀ" ?

Says the Guru !—

ਗੁਰੂ ਜੀ ਫੁਰਮਾਉਂਦੇ ਹਨ :—

ਨਾਨਕ ਨਾਮਿ ਰਤੇ[87] ਬੈਰਾਗੀ[88] ਇਬ[89] ਤਬ[90] ਸਾਚੋ ਸਾਚਾ[91] ॥੬੬॥

"Nanak, they alone are detached[88], who are imbued[87] with the Name. Now[89], then[90] and ever, see they the Truest of the true[91].

"ਨਾਨਕ ਕੇਵਲ ਉਹ ਹੀ ਨਿਰਲੇਪ[88] ਹਨ ਜੋ ਨਾਮ ਨਾਲ ਰੰਗੀਜੇ[87] ਹਨ। ਹੁਣ[89], ਤਦ[90] ਅਤੇ ਸਦਾ ਉਹ ਸਚਿਆਰਾਂ ਦੇ ਪਰਮ ਸਚਿਆਰ[91] (ਹਰੀ) ਨੂੰ ਵੇਖਦੇ ਹਨ।

ਹਿਰਦਾ[92] ਦੇਹ[93] ਨ ਹੋਤੀ[94] ਅਉਧੂ[95] ਤਉ[96] ਮਨੁ[100] ਸੁੰਨਿ[97] ਰਹੈ[98] ਬੈਰਾਗੀ[99] ॥

A. 83. When the heart[92] and body[93], O Yogi[95] were[94] not, then[96] the mind[100] abided[98] in the Detached[99] Lord[97]

ਉ: ੮੩. ਜਦ ਦਿਲ[92] ਤੇ ਸਰੀਰ[93] ਨਹੀਂ ਸਨ[94], ਹੇ ਯੋਗੀ[95] ! ਤਦ[96] ਮਨ[100] ਨਿਰਲੇਪ[99] ਸੁਆਮੀ[97] ਅੰਦਰ ਵਸਦਾ[98] ਸੀ।

ਨਾਭਿ[2] ਕਮਲੁ[3] ਅਸਥੰਭੁ[4] ਨ ਹੋਤੋ ਤਾ ਨਿਜ[5] ਘਰਿ[6] ਬਸਤਉ[7] ਪਵਨੁ[8] ਅਨਰਾਗੀ[9] ॥

A. 84. When there was no support[4] of the navel[2]-lotus[8], the breath[8] then stayed[7] in its own[5] home[6] imbued with the Lord's love[9].

ਉ: ੮੪. ਜਦ ਧੁੰਨੀ[2] ਦੇ ਕੰਵਲ[3] ਦਾ ਆਸਰਾ[4] ਨਹੀਂ ਸੀ, ਪ੍ਰਭੂ ਦੀ ਪ੍ਰੀਤ[9] ਨਾਲ ਰੰਗਿਆ ਹੋਇਆ, ਸੁਆਸ[8] ਤਦ ਆਪਣੇ ਨਿਜ[5] ਦੇ ਗ੍ਰਹਿ[6] ਅੰਦਰ ਟਿਕਦਾ[7] ਸੀ।

ਰੂਪੁ[10] ਨ ਰੇਖਿਆ[12]ਜਾਤਿ[13] ਨ ਹੋਤੀ ਤਉ ਅਕੁਲੀਣਿ[14] ਰਹਤਉ[15] ਸਬਦੁ[16] ਸੁ ਸਾਰੁ[17] ॥

A. 85. When there was no form[10], no sign[12] and no caste[13], then in its quintessence[17] form, the Name[16] dwelt[15] in the Unlineal[14] Lord.

ਉ: ੮੫. ਜਦ ਨਾ ਕੋਈ ਸਰੂਪ[10], ਨਾ ਚਿੰਨ੍ਹ[12] ਅਤੇ ਨ ਹੀ ਜਾਤੀ[13] ਸੀ, ਤਦ ਆਪਣਾ ਤਤ[17], ਸੂਰਤ ਅੰਦਰ ਨਾਮ, ਵੰਸ-ਰਹਿਤ[14] ਸਾਂਈਂ, ਅੰਦਰ ਵਸਦਾ[15] ਸੀ।

ਗਉਨੁ[18] ਗਗਨੁ[19] ਜਬ[20] ਤਬਹਿ[21] ਨ ਹੋਤਉ[22] [23]ਤ੍ਰਿਭਵਣ[24] ਜੋਤਿ[25] ਆਪੇ[26] ਨਿਰੰਕਾਰੁ[27] ॥

A. 86. When[20] there was[22] no body tomb, no world[18] and no firmament[19], then[21] the light[25] of the Formless[27] Lord alone[26], pervaded the three[23] worlds[24].

ੳ: ੮੬. ਜਦ[20] ਨਾ ਦੇਹ-ਮੜ੍ਹੀ, ਨਾ ਸੰਸਾਰ[18] ਅਤੇ ਨਾ ਹੀ ਅਸਮਾਨ[19] ਸੀ[22], ਤਦ[21] ਕੇਵਲ[26] ਸਰੂਪ-ਰਹਿਤ[27] ਸਾਂਈਂ ਦਾ ਪ੍ਰਕਾਸ਼[25] ਹੀ ਤਿੰਨਾਂ[23] ਜਹਾਨਾਂ[24] ਵਿੱਚ ਵਿਆਪਕ ਸੀ।

੯੪੬

ਵਰਨੁ[28] ਭੇਖੁ[29] ਅਸਰੂਪੁ[30] ਸੁ ਏਕੋ ਏਕੋ ਸਬਦੁ[31] ਵਿਡਾਣੀ[32] ॥

A. 87. When the colour[28], garb[29] and form[30] of the One Lord were not seen, then all these resided in the One Wondrous[32] Lord[31].

ੳ: ੮੭. ਜਦ ਇਕ ਸੁਆਮੀ ਦਾ ਰੰਗ[28], ਲਿਬਾਸ[29] ਅਤੇ ਸਰੂਪ[30] ਦਿਸ ਨਹੀਂ ਸਨ ਆਉਂਦੇ, ਤਦ ਇਹ ਸਾਰੇ ਇੱਕ ਅਸਚਰਜ[32] ਸੁਆਮੀ[31] ਅੰਦਰ ਹੀ ਵੱਸਦੇ ਸਨ।

ਸਾਚ[33] ਬਿਨਾ[34] ਸੂਚਾ[35] ਕੋ ਨਾਹੀ ਨਾਨਕ ਅਕਥ[36] ਕਹਾਣੀ[37] ॥੬੭॥

Without[34] the True Name[33], no one can become immaculate[35]. Nanak, Ineffable[36] is the Lord's anecdote[37]".

ਸੱਚੇ ਨਾਮ[33] ਦੇ ਬਾਝੋਂ[34] ਕੋਈ ਭੀ ਪਵਿੱਤਰ[35] ਨਹੀਂ ਹੋ ਸਕਦਾ। ਨਾਨਕ, ਵਰਣਨ-ਰਹਿਤ[36] ਹੈ, ਸਾਹਿਬ ਦੀ ਕਥਾ ਵਾਰਤਾ[37]"।

Say the Yogis :—

ਯੋਗੀ ਆਖਦੇ ਹਨ :—

ਕਿਤੁ[38] ਕਿਤੁ ਬਿਧਿ[39] ਜਗੁ[40] ਉਪਜੈ[41] ਪੁਰਖਾ[42] ਕਿਤੁ ਕਿਤੁ ਦੂਖਿ[43] ਬਿਨਸਿ[44] ਜਾਈ ॥

Q. 88. "In what[38], what way[39] the world[40] comes into being[41], O man[42] ?

Q. 89. By what, what ills[43] does it perish[44] ?

ਪ੍ਰ: ੮੮. "ਕਿਸ[38], ਕਿਸ ਤਰੀਕੇ[39] ਨਾਲ ਸੰਸਾਰ[40] ਉਤਪੰਨ ਹੁੰਦਾ[41] ਹੈ, ਹੇ ਪੁਰਸ਼[42] ?

ਪ੍ਰ: ੮੯. ਕਿਹੜੀਆਂ, ਕਿਹੜੀਆਂ ਬੁਰਿਆਈਆਂ[43] ਦੁਆਰਾ ਇਹ ਨਾਸ[44] ਹੋ ਜਾਂਦਾ ਹੈ" ?

Says the Guru :—

ਗੁਰੂ ਜੀ ਫ਼ਰਮਾਉਂਦੇ ਹਨ :—

ਹਉਮੈ[45] ਵਿਚਿ[46] ਜਗੁ ਉਪਜੈ ਪੁਰਖਾ[47] ਨਾਮਿ ਵਿਸਰਿਐ[48] ਦੂਖੁ[49] ਪਾਈ[50] ॥

A. 88. "Through[46] self-conceit[45] the world comes into being, O Sire[47].

A. 89. Forgetting[48] the Name, it suffers[50] pain[49] and perishes.

ੳ: ੮੮. "ਸਵੈ-ਹੰਗਤਾ[45] ਦੇ ਰਾਹੀਂ[46] ਸੰਸਾਰ ਉਤਪੰਨ ਹੁੰਦਾ ਹੈ, ਹੇ ਸਾਂਈਂ[47] !

ੳ: ੮੯. ਨਾਮ ਨੂੰ ਭੁਲਾ[48] ਕੇ ਇਹ ਦੁਖ[49] ਉਠਾਉਂਦਾ[50] ਹੈ ਅਤੇ ਨਾਸ ਹੋ ਜਾਂਦਾ ਹੈ।

ਗੁਰਮੁਖਿ[51] ਹੋਵੈ ਸੁ[52] ਗਿਆਨੁ[53] ਤਤੁ[54] ਬੀਚਾਰੈ[55] ਹਉਮੈ[56] ਸਬਦਿ[57] ਜਲਾਏ[58] ॥

He[52], who gets resigned to Guru's will[51] reflects[55] on the quintessence[54] of the Divine knowledge[53] and through the Name[57] burns[58] his ego[56].

ਜੋ ਗੁਰੂ ਅਨੁਸਾਰੀ[51] ਬੀ ਵੰਝਦਾ ਹੈ, ਉਹ[52] ਬ੍ਰਹਮ ਗਿਆਤ[53] ਦੇ ਸਾਰ ਅੰਸ਼[54] ਸੋਚਦਾ, ਸਮਝਦਾ[55] ਹੈ ਅਤੇ ਨਾਮ[57] ਦੇ ਰਾਹੀਂ ਆਪਣੀ ਹੰਗਤਾ[56] ਨੂੰ ਸਾੜ ਸੁੱਟਦਾ[58] ਹੈ।

ਤਨੁ[59] ਮਨੁ[60] ਨਿਰਮਲੁ[61] ਨਿਰਮਲ ਬਾਣੀ[62] ਸਾਚੈ[63]

His body[59] and mind[60] become immaculate[61] and immaculate is his

ਉਸ ਦਾ ਸਰੀਰ[59] ਤੇ ਮਨੂਆ[60] ਪਵਿੱਤਰ[61] ਹੋ ਜਾਂਦੇ ਹਨ ਅਤੇ ਪਵਿੱਤਰ ਹੈ ਉਸ ਦੀ ਬੋਲ ਬਾਣੀ[62], ਅਤੇ ਉਹ ਸੱਚੇ

ਰਹੈ ਸਮਾਏ[64] ॥	speech[62] and he remains merged[64] in the True Lord[63].	ਸਾਂਈਂ[63] ਅੰਦਰ ਲੀਨ ਰਹਿੰਦਾ[64] ਹੈ ।
ਨਾਮੇ[65] ਨਾਮਿ ਰਹੈ ਬੈਰਾਗੀ[66] ਸਾਚੁ[67] ਰਖਿਆ[68] ਉਰਿ ਧਾਰੇ[69] ॥	Through the Nameable Lord's[65] Name, he remains dispassionate[66] and keeps the True Name[67] enshrined[69] in his mind[68].	ਨਾਮੀ ਸੁਆਮੀ[65] ਦੇ ਨਾਮ ਰਾਹੀਂ ਉਹ ਉਪਰਾਮਤਾ[66] ਵਿੱਚ ਰਹਿੰਦਾ ਹੈ ਅਤੇ ਸੱਚੇ ਨਾਮ[67] ਨੂੰ ਆਪਣੇ ਹਿਰਦੇ[68] ਵਿੱਚ ਟਿਕਾਈ ਰਖਦਾ[69] ਹੈ ।
ਨਾਨਕ ਬਿਨੁ ਨਾਵੈ ਜੋਗੁ ਕਦੇ[70] ਨ ਹੋਵੈ[71] ਦੇਖਹੁ[72] ਰਿਦੈ[73] ਬੀਚਾਰੇ[74] ॥੬੮॥	Nanak, without the Name, Yoga is attained[71] not ever[70]. Reflect[74] thou in thy mind[73] and see[72].	ਨਾਨਕ, ਨਾਮ ਦੇ ਬਾਝੋਂ ਯੋਗ ਕਦਾਚਿੱਤ[70] ਪ੍ਰਾਪਤ[71] ਨਹੀਂ ਹੁੰਦਾ । ਤੂੰ ਆਪਣੇ ਹਿਰਦੇ[73] ਵਿੱਚ ਸੋਚ ਸਮਝ[74]ਕੇ ਵੇਖ ਲੈ[72] ।
ਗੁਰਮੁਖਿ[75] ਸਾਚੁ ਸਬਦੁ[78] ਬੀਚਾਰੈ[76] ਕੋਇ[77] ॥	Rare[77] is the One, who by Guru's grace[75] reflects[76] on the True Name[78].	ਕੋਈ ਵਿਰਲਾ[77] ਜਣਾ ਹੀ ਗੁਰਾਂ ਦੀ ਰਹਿਮਤ[75] ਦੁਆਰਾ, ਸਤਿਨਾਮ[78] ਦਾ ਚਿੰਤਨ[76] ਕਰਦਾ ਹੈ ।
ਗੁਰਮੁਖਿ ਸਚੁ ਬਾਣੀ[79] ਪਰਗਟੁ[80] ਹੋਇ ॥	By the Guru's grace, the True Gurbani[79] becomes manifest[80].	ਗੁਰਾਂ ਦੀ ਦਇਆ ਦੁਆਰਾ, ਸੱਚੀ-ਗੁਰਬਾਣੀ[79] ਪ੍ਰਕਾਸ਼[80] ਹੋ ਜਾਂਦੀ ਹੈ ।
ਗੁਰਮੁਖਿ ਮਨੁ ਭੀਜੈ[81] ਵਿਰਲਾ[83] ਬੂਝੈ[82] ਕੋਇ ॥	By Guru's grace, the mind is steeped[81] with Lord's love but rare[83] is the one who understands[82] this.	ਗੁਰਾਂ ਦੀ ਦਇਆ ਦੁਆਰਾ, ਚਿੱਤ, ਪ੍ਰਭੂ ਦੀ ਪ੍ਰੀਤ ਨਾਲ ਤਰੋ ਤਰ[81] ਹੋ ਜਾਂਦਾ ਹੈ, ਪਰ ਕੋਈ ਟਾਂਵਾਂ[83] ਹੀ ਇਸ ਨੂੰ ਸਮਝਦਾ[82] ਹੈ ।
ਗੁਰਮੁਖਿ ਨਿਜ[84] ਘਰਿ[85] ਵਾਸਾ[86] ਹੋਇ ॥	By Guru's grace one abides[86] in his own[84] home[85] (self).	ਗੁਰਾਂ ਦੀ ਦਇਆ ਦੁਆਰਾ ਬੰਦਾ ਆਪਣੇ ਨਿੱਜ[84] ਅਸਥਾਨ[85] ਵਿਚ ਵਸਦਾ[86] ਹੈ ।
ਗੁਰਮੁਖਿ[87] ਜੋਗੀ ਜੁਗਤਿ[88] ਪਛਾਣੈ[89] ਗੁਰਮੁਖਿ[90] ਨਾਨਕ ਏਕੋ ਜਾਣੈ ॥੬੯॥	It is through the Guru[87], that Yogi knows[89] the way[88] of Yoga. The Guru-ward[90] knows the One Lord alone, O Nanak.	ਗੁਰਾਂ ਦੇ ਰਾਹੀਂ[87] ਯੋਗੀ, ਯੋਗ ਦੇ ਮਾਰਗ[88] ਨੂੰ ਜਾਣ ਲੈਂਦਾ[89] ਹੈ । ਗੁਰੂ-ਅਨੁਸਾਰੀ[90] ਕੇਵਲ ਇੱਕ ਪ੍ਰਭੂ ਨੂੰ ਹੀ ਜਾਣਦਾ ਹੈ ।
ਬਿਨੁ ਸਤਿਗੁਰ ਸੇਵੇ[91] ਜੋਗੁ ਨ ਹੋਈ[92] ॥ ਬਿਨੁ ਸਤਿਗੁਰ ਭੇਟੇ[93] ਮੁਕਤਿ[94] ਨ ਕੋਈ ॥	Without serving[51] the True Guru, Yoga is obtained[92] not. Without meeting[93] the True Guru, no one is emancipated[94].	ਸੱਚੇ ਗੁਰਾਂ ਦੀ ਸੇਵਾ[91] ਬਾਝੋਂ ਯੋਗ ਪ੍ਰਾਪਤ[92] ਨਹੀਂ ਹੁੰਦਾ । ਸੱਚੇ ਗੁਰਾਂ ਨੂੰ ਮਿਲਣ[93] ਦੇ ਬਾਝੋਂ ਕੋਈ ਭੀ ਬੰਦਖਲਾਸ[94] ਨਹੀਂ ਹੁੰਦਾ ।
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ[95] ਨ ਜਾਇ ॥ ਬਿਨੁ ਸਤਿਗੁਰ ਭੇਟੇ ਮਹਾ[96] ਦੁਖੁ[97] ਪਾਇ[98] ॥	Without meeting the True Guru, the Name is attained[95] not. Without meeting the True Guru, one suffers[98] immense[96] pain[97].	ਸੱਚੇ ਗੁਰਾਂ ਨੂੰ ਮਿਲਣ ਬਗੈਰ ਨਾਮ ਪ੍ਰਾਪਤ[95] ਨਹੀਂ ਹੁੰਦਾ । ਸੱਚੇ ਗੁਰਾਂ ਦੇ ਮਿਲਣ ਬਾਝੋਂ, ਇਨਸਾਨ ਪਰਮ[96] ਕਸ਼ਟ[97] ਉਠਾਉਂਦਾ[98] ਹੈ ।
ਬਿਨੁ ਸਤਿਗੁਰ ਭੇਟੇ ਮਹਾ ਗਰਬਿ[99] ਗੁਬਾਰਿ[100] ॥	Without meeting with the True Guru the mortal abides in the supreme darkness[100] of ego[99].	ਸੱਚੇ ਗੁਰਾਂ ਨਾਲ ਮਿਲਣ ਦੇ ਬਗੈਰ, ਪ੍ਰਾਣੀ ਹੰਗਤਾ[99] ਦੇ ਅਤਿਅੰਤ ਅਨ੍ਹੇਰੇ[100] ਅੰਦਰ ਵਸਦਾ ਹੈ ।
ਨਾਨਕ ਬਿਨੁ ਗੁਰ ਮੁਆ ਜਨਮੁ[2] ਹਾਰਿ[3] ॥੭੦॥	Nanak, without the Guru, one loses[3] his life[2] and ultimately dies.	ਨਾਨਕ, ਗੁਰੂ ਮਹਾਰਾਜ ਦੇ ਬਗੈਰ ਇਨਸਾਨ ਆਪਣਾ ਜੀਵਨ[3] ਗੁਆ[3], ਅੰਤ ਨੂੰ ਮਰ ਜਾਂਦਾ ਹੈ ।

ਗੁਰਮੁਖਿ[4] ਮਨੁ ਜੀਤਾ[5] ਹਉਮੈ[6] ਮਾਰਿ[7] ॥	Stilling[7] his ego[6], the Guru-ward[4] conquers[5] his mind.	ਆਪਣੀ ਹੰਗਤਾ[6] ਨੂੰ ਮੇਟ ਕੇ[7] ਗੁਰੂ-ਅਨੁਸਾਰੀ[4] ਆਪਣੇ ਮਨ ਨੂੰ ਜਿੱਤ ਲੈਂਦਾ[5] ਹੈ।
ਗੁਰਮੁਖਿ ਸਾਚੁ[8] ਰਖਿਆ [9]ਉਰਧਾਰਿ[10] ॥	The Guru-ward keeps the True Name[8] enshrined[10] within his mind[8].	ਗੁਰੂ-ਅਨੁਸਾਰੀ ਸੱਚੇ ਨਾਮ[8] ਨੂੰ ਆਪਣੇ ਹਿਰਦੇ[9] ਅੰਦਰ ਟਿਕਾਈ ਰਖਦਾ[10] ਹੈ।
ਗੁਰਮੁਖਿ ਜਗੁ ਜੀਤਾ [12]ਜਮਕਾਲੁ[13] ਮਾਰਿ[14] ਬਿਦਾਰਿ[15] ॥	The Guru-ward conquers the world and knocks down[15] and slays[14] the Death's[13] myrmidon[12].	ਗੁਰੂ-ਅਨੁਸਾਰੀ ਜਗਤ ਨੂੰ ਜਿੱਤ ਲੈਂਦਾ ਹੈ ਅਤੇ ਮੌਤ[13] ਦੇ ਫ਼ਰੇਸ਼ਤੇ[12] ਨੂੰ ਢਾਹ ਕੇ[15] ਮਾਰ ਸੁੱਟਦਾ[14] ਹੈ।
ਗੁਰਮੁਖਿ ਦਰਗਹ[16] ਨ ਆਵੈ ਹਾਰਿ[17] ॥	The Guru-ward loses[17] not in the Lord's court[16].	ਗੁਰੂ-ਅਨੁਸਾਰੀ ਸਾਂਈਂ ਦੇ ਦਰਬਾਰ[16] ਵਿਚ ਹਾਰ[17] ਨਹੀਂ ਖਾਂਦਾ।
ਗੁਰਮੁਖਿ ਮੇਲਿ[18] ਮਿਲਾਏ[19] ਸੁ[20] ਜਾਣੈ ॥	He[20] alone, whom the Lord unites[19] in His union[18], through the Guru, knows the worth thereof.	ਕੇਵਲ ਉਹ[20] ਹੀ, ਜਿਸ ਨੂੰ ਸਾਂਈਂ ਆਪਣੇ ਮਿਲਾਪ[18] ਵਿਚ ਮਿਲਾਉਂਦਾ[19] ਹੈ, ਉਸ ਦੀ ਕਦਰ ਨੂੰ ਜਾਣਦਾ ਹੈ।
ਨਾਨਕ ਗੁਰਮੁਖਿ[22] ਸਬਦਿ[21] ਪਛਾਣੈ[23] ॥੭੧॥	Nanak, it is through the Guru[22], that one realises[23] the Lord[21].	ਨਾਨਕ, ਗੁਰਾਂ ਦੇ ਰਾਹੀਂ[22] ਹੀ ਇਨਸਾਨ, ਸੁਆਮੀ[21] ਨੂੰ ਅਨੁਭਵ ਕਰਦਾ[23] ਹੈ।
ਸਬਦੈ[24] ਕਾ ਨਿਬੇੜਾ[25] ਸੁਣਿ ਜੂ ਅਉਧੂ[26] ਬਿਨੁ ਨਾਵੈ ਜੋਗੁ ਨ ਹੋਈ[27] ॥	This is the quintessence[25] of the Divine discourse[24], hear thou O Yogi[26], that without the Name Yog is practised[27] not.	ਇਹ ਹੈ ਧਰਮ ਵਾਰਤਾ[24] ਦਾ ਨਿਚੋੜ[25], ਤੂੰ ਸ੍ਰਵਣ ਕਰ, ਹੇ ਯੋਗੀ[26]! ਕਿ ਨਾਮ ਦੇ ਬਾਝੋਂ ਯੋਗ ਕਮਾਇਆ[27] ਨਹੀਂ ਜਾ ਸਕਦਾ।
ਨਾਮੇ ਰਾਤੇ[28] ਅਨਦਿਨੁ[29] ਮਾਤੇ[30] ਨਾਮੈ ਤੇ[31] ਸੁਖੁ ਹੋਈ ॥	They who are imbued[28] with the Name, remain inebriated[30] night[29] and day. Through the Name[31] attein they the peace.	ਜੋ ਨਾਮ ਨਾਲ ਰੰਗੀਜੇ[28] ਹਨ, ਉਹ ਰੈਣ[29] ਦਿਹੁੰ ਮਤਵਾਲੇ[30] ਵਿਚਰਦੇ ਹਨ। ਨਾਮ ਦੇ ਰਾਹੀਂ[31] ਉਹ ਆਰਾਮ ਚੈਨ ਪਾਉਂਦੇ ਹਨ।
ਨਾਮੈ ਹੀ ਤੇ ਸਭੁ ਪਰਗਟੁ[32] ਹੋਵੈ ਨਾਮੇ ਸੋਝੀ[33] ਪਾਈ ॥	All become renowned[32] through the Name. It is through the Name, that understanding[33] is attained.	ਨਾਮ ਦੇ ਰਾਹੀਂ ਸਾਰੇ ਪ੍ਰਸਿੱਧ[32] ਹੁੰਦੇ ਹਨ। ਨਾਮ ਦੇ ਰਾਹੀਂ ਹੀ ਸਮਝ[33] ਪ੍ਰਾਪਤ ਹੁੰਦੀ ਹੈ।
ਬਿਨੁ ਨਾਵੈ ਭੇਖ[34] ਕਰਹਿ[35] ਬਹੁਤੇਰੇ[36] ਸਚੈ[37] ਆਪਿ[38] ਖੁਆਈ[39] ॥	Without the Name, men wear[35] many[36] religious garbs[34] and them the True Lord[37] has Himself[38] strayed[39].	ਨਾਮ ਦੇ ਬਾਝੋਂ ਇਨਸਾਨ ਘਣੇਰੇ[36] ਧਾਰਮਕ ਬਾਣੇ[34] ਪਹਿਰਦੇ[35] ਹਨ ਅਤੇ ਸੱਚੇ ਸੁਆਮੀ[37] ਨੇ ਖ਼ੁਦ[38] ਹੀ ਉਨ੍ਹਾਂ ਨੂੰ ਕੁਰਾਹੇ ਪਾਇਆ ਹੋਇਆ[39] ਹੈ।
ਸਤਿਗੁਰ ਤੇ[40] ਨਾਮੁ ਪਾਈਐ ਅਉਧੂ[41] ਜੋਗ ਜੁਗਤਿ[43] ਤਾ[44] ਹੋਈ[45] ॥	From[40] the True Gnru, the Name is attained, O Yogi[41] and then[44] one comes to know[45] the way[43] of Yoga.	ਸੱਚੇ ਗੁਰਾਂ ਪਾਸੋਂ[40] ਨਾਮ ਪ੍ਰਾਪਤ ਹੁੰਦਾ ਹੈ, ਹੇ ਯੋਗੀ[41]! ਅਤੇ ਤਦ[44] ਇਨਸਾਨ ਯੋਗ ਦੇ ਮਾਰਗ[43] ਨੂੰ ਜਾਣ[45] ਲੈਂਦਾ ਹੈ।
ਕਰਿ ਬੀਚਾਰੁ[46] ਮਨਿ[47] ਦੇਖਹੁ ਨਾਨਕ[48] ਬਿਨੁ ਨਾਵੈ ਮੁਕਤਿ[49] ਨ ਹੋਈ ॥੭੨॥	Reflect[46] thou in thy mind[47] and see[48] that without the Name, one is emancipated[49] not, O Nanak.	ਤੂੰ ਆਪਣੇ ਚਿੱਤ[47] ਅੰਦਰ ਸੋਚ[46] ਸਮਝ ਕੇ ਵੇਖ[48] ਲੈ ਕਿ ਨਾਮ ਦੇ ਬਾਝੋਂ ਆਦਮੀ ਮੁਕਤ[49] ਨਹੀਂ ਹੁੰਦਾ, ਹੇ ਨਾਨਕ!

ਤੇਰੀ ਗਤਿ[50] ਮਿਤਿ[51] ਤੂਹੈ[52] ਜਾਣਹਿ ਕਿਆ ਕੋ[53] ਆਖਿ[54] ਵਖਾਣੈ[55] ॥

Thine state[50] and estimation[51], Thou alone[52] knowest, O Lord. What can any one else[53] say[54] and narrate[55] ?

ਤੇਰੀ ਅਵਸਥਾ[50] ਅਤੇ ਅੰਦਾਜ਼ੇ[51] ਨੂੰ ਕੇਵਲ[52] ਤੂੰ ਹੀ ਜਾਣਦਾ ਹੈਂ ਹੇ ਪ੍ਰਭੂ ! ਹੋਰ ਕੋਈ ਜਣਾ[53] ਕੀ ਕਹਿ ਅਤੇ ਵਰਨਣ[55] ਕਰ ਸਕਦਾ ਹੈ ?

ਤੂ ਆਪੇ[56] ਗੁਪਤਾ[57] ਆਪੇ ਪਰਗਟੁ[58*] ਆਪੇ ਸਭਿ ਰੰਗ[58] ਮਾਣੈ[59] ॥

Thou Thyself[56] art unmanifest[57], Thyself manifest[58] and Thyself enjoyest[59] all the pleasures[58].

ਤੂੰ ਆਪ[56] ਪੋਸ਼ੀਦਾ[57] ਹੈਂ, ਆਪ ਹੀ ਪਰਤੱਖ[58*] ਅਤੇ ਆਪ ਹੀ ਸਾਰੀਆਂ ਖ਼ੁਸ਼ੀਆਂ[58] ਨੂੰ ਭੋਗਦਾ[59] ਹੈਂ ।

ਸਾਧਿਕ[60] ਸਿਧ[61] ਗੁਰੂ[62] ਬਹੁ[63] ਚੇਲੇ[64] ਖੋਜਤ[65] ਫਿਰਹਿ[66] ਫੁਰਮਾਣੈ[67] ॥

Good many[63] strivers[60], adepts[61], spiritual guides[62] and disciples[94] wander[66] seeking[65] Thee out, in Thy will[67].

ਬਹੁਤ ਸਾਰੇ[63] ਅਭਿਆਸੀ[60], ਪੂਰਨ ਪੁਰਸ਼[61], ਰੂਹਾਨੀ ਰਹਿਬਰ[62] ਤੇ ਮੁਰੀਦ[64] ਤੇਰੀ ਰਜ਼ਾ[67] ਅੰਦਰ ਤੈਨੂੰ ਲੱਭਦੇ[65] ਫਿਰਦੇ[66] ਹਨ ।

ਮਾਗਹਿ[68] ਨਾਮੁ ਪਾਇ[69] ਇਹ ਭਿਖਿਆ[70] ਤੇਰੇ ਦਰਸਨ[71] ਕਉ ਕੁਰਬਾਣੈ[72]॥

They beg[68] Thee for thy Name and Thou blessest[69] them with this alms[70]. Unto Thine vision[71], O my Lord, I am a sacrifice[72].

ਉਹ ਤੇਰੇ ਕੋਲੋਂ ਤੇਰੇ ਨਾਮ ਦੀ ਜਾਚਨਾ ਕਰਦੇ[68] ਹਨ ਅਤੇ ਤੂੰ ਉਨ੍ਹਾਂ ਨੂੰ ਇਹ ਖ਼ੈਰ[70] ਪਾਉਂਦਾ[69] ਹੈਂ । ਤੇਰੇ ਦੀਦਾਰ[71] ਉੱਤੋਂ, ਹੇ ਮੇਰੇ ਸੁਆਮੀ ! ਮੈਂ ਸਦਕੇ[72] ਜਾਂਦਾ ਹਾਂ ।

ਅਬਿਨਾਸੀ[73] ਪ੍ਰਭਿ ਖੇਲੁ[74] ਰਚਾਇਆ[75] ਗੁਰਮੁਖਿ[76] ਸੋਝੀ[77] ਹੋਈ ॥ ਨਾਨਕ ਸਭਿ ਜੁਗ ਆਪੇ ਵਰਤੈ[78] ਦੂਜਾ[79] ਅਵਰੁ[80] ਨ ਕੋਈ ॥੭੩॥੧॥

The Imperishable[73] Lord has staged[75] this play[74]. It is through the Guru[76], that one understands[77] it. Nanak, the Lord Himself pervades[78] all the ages. Without Him there is no any other[80] second[79].

ਨਾਸ-ਰਹਿਤ[73] ਸੁਆਮੀ ਨੇ ਇਹ ਖੇਡ[74] ਬਣਾਈ[75] ਹੈ । ਗੁਰਾਂ ਦੇ ਰਾਹੀਂ[76] ਹੀ ਇਨਸਾਨ ਇਸ ਨੂੰ ਸਮਝਦਾ[77] ਹੈ । ਨਾਨਕ, ਸਾਹਿਬ ਖ਼ੁਦ ਸਾਰਿਆਂ ਜੁੱਗਾਂ ਅੰਦਰ ਵਿਆਪਕ[78] ਹੈ । ਉਸ ਦੇ ਬਿਨਾ ਹੋਰ ਕੋਈ[80] ਦੂਸਰਾ[79] ਹੈ ਹੀ ਨਹੀਂ ।

NB :—Q—Question.
A—Answer.

ਨੋਟ :—ਪ੍ਰ—ਪ੍ਰਸ਼ਨ ।
ਉ—ਉਤਰ ।

੯੪੭

੧ ਓ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਰਾਮਕਲੀ ਕੀ ਵਾਰ
ਮਹਲਾ ੩ ॥
ਜੋਧੈ ਵੀਰੈ ਪੂਰਬਾਣੀ
ਕੀ ਧੁਨੀ[81] ॥
ਸਲੋਕੁ ਮ: ੩ ॥

Var of Ramkali
3rd Guru
To be sung to the tune[81] of
Jodha and Veera Purbani.
Slok 3rd Guru.

ਰਾਮਕਲੀ ਦੀ ਵਾਰ
ਤੀਜੀ ਪਾਤਿਸ਼ਾਹੀ
ਜੋਧੈ ਅਤੇ ਵੀਰੈ ਪੂਰਬਾਣੀ ਦੀ ਸੁਰ[81]
ਤੇ ਗਾਇਨ ਕਰਨਾ ।
ਸਲੋਕ ਤੀਜੀ ਪਾਤਿਸ਼ਾਹੀ ।

ਸਤਿਗੁਰੁ ਸਹਜੈ[82] ਦਾ ਖੇਤੁ[83] ਹੈ ਜਿਸ ਨੋ ਲਾਏ ਭਾਉ[84] ॥ ਨਾਉ ਬੀਜੈ[85] ਨਾਉ ਉਗਵੈ[86] ਨਾਮੇ ਰਹੈ ਸਮਾਇ[87] ॥

The True Guru is the field[83] of balanced[82] life. He, whom the Lord makes love[84] it ; sow[85] the Name therein; the Name springs up[88] and in the Name he remains merged[87].

ਸੱਚੇ ਗੁਰੂ ਜੀ ਸੰਤੁਲਿਤ[82] ਜੀਵਨ ਦੀ ਪੈਲੀ[83] ਹਨ । ਜਿਸ ਦੀ ਪ੍ਰੀਤ[84], ਪ੍ਰਭੂ ਇਸ ਨਾਲ ਪਾਉਂਦਾ ਹੈ; ਉਹ ਉਸ ਵਿਚ ਨਾਮ ਬੀਜਦਾ[85] ਹੈ, ਨਾਮ ਪੁੰਗਰ ਆਉਂਦਾ[86] ਹੈ ਅਤੇ ਨਾਮ ਅੰਦਰ ਹੀ ਉਹ ਲੀਨ ਹੋਇਆ ਰਹਿੰਦਾ[87] ਹੈ ।

ਹਉਮੈ[88] ਏਹੋ[89] ਬੀਜੁ[90] ਹੈ ਸਹਸਾ[91] ਗਇਆ ਵਿਲਾਇ[92] ॥

This[89] pride[88] is the seed[90] of birth and death. The fear[91] of this pride flees away[92] from him.

ਇਹ[89] ਹੰਕਾਰ[88] ਜੰਮਣ ਤੇ ਮਰਨ ਦਾ ਬੀਜ[90] ਹੈ। ਇਸ ਹੰਕਾਰ ਦਾ ਡਰ[91] ਉਸ ਕੋਲੋਂ ਦੂਰ ਭੱਜ ਜਾਂਦਾ[92] ਹੈ।

ਨਾ ਕਿਛੁ ਬੀਜੇ[93] ਨ ਉਗਵੈ[94] ਜੋ[95] ਬਖਸੇ[96] ਸੋ[97] ਖਾਇ[98] ॥

He sows[93] not the seed of pride and it no longer springs[94] up. He lives in the Lord's will and he eats[98] that[97] what[95] the Lord gives[96] him.

ਉਹ ਹੰਕਾਰ ਦਾ ਬੀਜ ਨਹੀਂ ਬੀਜਦਾ[93] ਅਤੇ ਇਹ ਪੁੰਗਰਦਾ[94] ਨਹੀਂ। ਉਹ ਸਾਈਂ ਦੀ ਰਜ਼ਾ ਅੰਦਰ ਰਹਿੰਦਾ ਹੈ ਅਤੇ ਉਹੀ ਕੁੱਛ[97] ਖਾਂਦਾ[98] ਹੈ ਜਿਹੜਾ ਕੁੱਛ[95] ਸਾਈਂ ਉਸ ਨੂੰ ਦਿੰਦਾ[96] ਹੈ।

ਅੰਭੈ[99] ਸੇਤੀ[100] ਅੰਭੁ ਰਲਿਆ[2] ਬਹੁੜਿ[3] ਨ ਨਿਕਸਿਆ[4] ਜਾਇ ॥

When water blends[9] with[100] water[99], it cannot again[3] be separated[4].

ਜਦ ਪਾਣੀ[99] ਨਾਲ[100] ਪਾਣੀ ਮਿਲ ਜਾਂਦਾ[2] ਹੈ, ਇਹ ਮੁੜ ਕੇ[3] ਵੱਖਰਾ[4] ਕੀਤਾ ਨਹੀਂ ਜਾ ਸਕਦਾ।

ਨਾਨਕ ਗੁਰਮੁਖਿ[5] ਚਲਤੁ[6] ਹੈ ਵੇਖਹੁ[7] ਲੋਕਾ ਆਇ ॥

Such is the wonder[6] of the life of the Guru-ward[5], O people, come and see[7].

ਐਹੋ ਜੇਹਾ ਹੈ ਅਚੰਭਾ[6] ਗੁਰੂ-ਸਮਰਪਨ[5] ਦੇ ਜੀਵਨ ਦਾ, ਹੇ ਲੋਕੋ! ਆ ਕੇ ਤੱਕ ਲਓ[7]।

ਲੋਕ ਕਿ ਵੇਖੈ ਬਪੁੜਾ[8] ਜਿਸ ਨੋ ਸੋਝੀ[9] ਨਾਹਿ ॥

But what can wretched[8] people see, who themselves have no understanding[9]?

ਪ੍ਰੰਤੂ, ਬਦਬਖਤ[8] ਬੰਦੇ ਕੀ ਦੇਖ ਸਕਦੇ ਹਨ, ਜਿਨ੍ਹਾਂ ਨੂੰ ਖੁਦ ਕੋਈ ਸੋਚ ਸਮਝ[9] ਨਹੀਂ?

ਜਿਸੁ ਵੇਖਾਲੇ[10] ਸੋ[12] ਵੇਖੈ ਜਿਸੁ ਵਸਿਆ[13] ਮਨ ਮਾਹਿ[14] ॥੧॥

He alone[12], in[14] whose mind the Lord abides[13] and to whom He shows[10], beholds Him.

ਕੇਵਲ ਉਹ ਹੀ[12], ਜਿਸ ਦੇ ਹਿਰਦੇ ਵਿੱਚ[14] ਸੁਆਮੀ ਵਸਦਾ[13] ਹੈ ਅਤੇ ਜਿਸ ਨੂੰ ਉਹ ਵਿਖਾਲਦਾ[10] ਹੈ, ਉਸ ਨੂੰ ਦੇਖਦਾ ਹੈ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ।

ਮਨਮੁਖੁ[15] ਦੁਖ[16] ਕਾ ਖੇਤੁ[17] ਹੈ ਦੁਖੁ ਬੀਜੇ[18] ਦੁਖੁ ਖਾਇ[19] ॥

The perverse person[15] is the field[17] of sorrow[16]. He sows[18] sorrow and eats[19] sorrow.

ਮਨਮੁਖ ਪੁਰਸ਼[15] ਦੁਖ ਤਕਲੀਫ[16] ਦੀ ਪੈਲੀ[17] ਹੈ। ਉਹ ਦੁਖ ਤਕਲੀਫ ਬੀਜਦਾ[18] ਹੈ ਅਤੇ ਦੁਖ ਤਕਲੀਫ ਹੀ ਖਾਂਦਾ[19] ਹੈ।

ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ[20] ਕਰਤ[21] ਵਿਹਾਇ[22] ॥

In pain he is born, in pain he dies and in taking[21] pride[20], his life passes away[22].

ਕਸ਼ਟ ਅੰਦਰ ਉਹ ਜੰਮਦਾ ਹੈ, ਕਸ਼ਟ ਅੰਦਰ ਉਹ ਮਰ ਜਾਂਦਾ ਹੈ ਅਤੇ ਹੰਕਾਰ[20] ਕਰਨ[21] ਵਿਚ ਹੀ ਉਸ ਦੀ ਉਮਰ ਬੀਤ ਜਾਂਦੀ[22] ਹੈ।

ਆਵਣੁ[23] ਜਾਣੁ[24] ਨ ਸੁਝਈ[25] ਅੰਧਾ[26] ਅੰਧੁ[27] ਕਮਾਇ[28] ॥

He realises[25] not the pain of birth[23] nnd death[24]. The blind man[26] does[28] blind[27] deeds.

ਉਹ ਜੰਮਣ[23] ਤੇ ਮਰਨ[24] ਦੀ ਪੀੜ ਨੂੰ ਅਨੁਭਵ ਨਹੀਂ ਕਰਦਾ[25]। ਅੰਨ੍ਹਾ ਇਨਸਾਨ[26] ਅੰਨ੍ਹੇ[27] ਕੰਮ ਕਰਦਾ[28] ਹੈ।

ਜੋ[29] ਦੇਵੈ ਤਿਸੈ[30] ਨ ਜਾਣਈ ਦਿਤੇ[21] ਕਉ ਲਪਟਾਇ[32] ॥

He, who[29] gives; Him[30] he knows not, but clings[32] to that which has been given[31].

ਉਹ ਜਿਹੜਾ[29] ਦਿੰਦਾ ਹੈ; ਉਸ[30] ਨੂੰ ਉਹ ਜਾਣਦਾ ਨਹੀਂ, ਪ੍ਰੰਤੂ ਦਿੱਤੇ ਹੋਏ[31] ਨੂੰ ਚਿੰਮੜ[32] ਬਹਿੰਦਾ ਹੈ।

ਨਾਨਕ ਪੂਰਬਿ[33] ਲਿਖਿਆ[34] ਕਮਾਵਣਾ[35] ਅਵਰੁ[36] ਨ ਕਰਣਾ ਜਾਇ ॥੨॥

Nanak, he acts[35] as is pre[33]-ordained[34] for him. He can act not otherwise[33].

ਨਾਨਕ, ਉਹ ਪੁਰਾਤਨ[33] ਲਿਖਤਾਕਾਰ[34] ਅਨੁਸਾਰ ਕਰਮ ਕਰਦਾ[35] ਹੈ। ਉਹ ਹੋਰਸ[36] ਕੁਛ ਕਰ ਹੀ ਨਹੀਂ ਸਕਦਾ।

ਮ: ੩ ॥	3rd Guru	ਤੀਜੀ ਪਾਤਿਸ਼ਾਹੀ ।
ਸਤਿਗੁਰਿ ਮਿਲਿਐ ਸਦਾ[37] ਸੁਖੁ[38] ਜਿਸ[40] ਨੋ ਆਪੇ[41] ਮੇਲੇ[42] ਸੋਇ[39] ॥	Meeting with the True Guru, everlasting[37] peace[33] is attained, but he alone meets with him, whom[40] he[39] himself[41] unites[42].	ਸੱਚੇ ਗੁਰਾਂ ਨਾਲ ਮਿਲਣ ਦੁਆਰਾ ਸਦੀਵੀ[37] ਆਰਾਮ[35] ਪ੍ਰਾਪਤ ਹੁੰਦਾ ਹੈ ਪਰ ਕੇਵਲ ਉਹ ਹੀ ਉਨ੍ਹਾਂ ਨਾਲ ਮਿਲਦਾ ਹੈ, ਜਿਸ[40] ਨੂੰ ਉਹ[39] ਖ਼ੁਦ[41] ਮਿਲਾਉਂਦੇ[42] ਹਨ ।
ਸੁਖੈ[43] ਏਹੁ ਬਿਬੇਕੁ[44] ਹੈ ਅੰਤਰੁ[45] ਨਿਰਮਲੁ[46] ਹੋਇ ॥	The sign[44] of everlasting[48] peace is this, that the mind[45] becomes immaculate[46].	ਸਦੀਵੀ[43] ਆਰਾਮ ਦੀ ਇਹ ਨਿਸ਼ਾਨੀ[44] ਹੈ ਕਿ ਮਨ[45] ਪਵਿੱਤਰ[46] ਹੋ ਵੰਞਦਾ ਹੈ ।
ਅਗਿਆਨ[47] ਕਾ ਭ੍ਰਮੁ[48] ਕਟੀਐ[49] ਗਿਆਨੁ[50] ਪਰਾਪਤਿ ਹੋਇ ॥	The doubt[49] of ignorance[47] is effaced[49] and one obtains the Divine knowledge[50].	ਬੇਸਮਝੀ[43] ਦਾ ਵਹਿਮ[48] ਮਿੱਟ ਜਾਂਦਾ[49]ਹੈ ਅਤੇ ਇਨਸਾਨ ਨੂੰ ਬ੍ਰਹਮਬੋਧ[50] ਹਾਸਲ ਹੋ ਜਾਂਦਾ ਹੈ ।
ਨਾਨਕ ਏਕੋ[51] ਨਦਰੀ[52] ਆਇਆ ਜਹ[53] ਦੇਖਾ ਤਹ[54] ਸੋਇ[55] ॥੩॥	Nanak sees[52] but One[51] Lord. Wherever[53] he sees, there[54] he finds that[55] Lord.	ਨਾਨਕ ਕੇਵਲ ਇੱਕ[51] ਪ੍ਰਭੂ ਨੂੰ ਹੀ ਵੇਖਦਾ[52] ਹੈ । ਜਿੱਥੇ ਕਿਤੇ ਭੀ ਉਹ ਵੇਖਦਾ ਹੈ ਉੱਥੇ ਹੀ[54] ਉਸ[53] ਪ੍ਰਭੂ ਨੂੰ ਪਾਉਂਦਾ ਹੈ ।
ਪਉੜੀ ॥	Pauri	ਪਉੜੀ ।
ਸਚੈ[56] ਤਖਤੁ[57] ਰਚਾਇਆ[58] ਬੈਸਣ[59] ਕਉ ਜਾਈ[60] ॥	The True Lord[56] has created[58] this world-throne[57], as a place[60], to seat[59] Himself.	ਸੱਚੇ ਸੁਆਮੀ[56]ਨੇ ਇਹ ਸੰਸਾਰ ਰਾਜਸਿੰਘਾਸਣ[57] ਆਪਣੇ ਬਹਿਣ ਲਈ[59] ਇਕ ਅਸਥਾਨ[60] ਰੱਚਿਆ[58] ਹੈ ।
ਸਭੁ[61] ਕਿਛੁ ਆਪੇ ਆਪਿ[62] ਹੈ ਗੁਰ ਸਬਦਿ[63] ਸੁਣਾਈ[64] ॥	The Lord is all[61] by Himself[62]. Thus preaches[64] the Guru's word[63].	ਸੁਆਮੀ ਸਾਰਾ[61] ਕੁਝ ਆਪਣੇ ਆਪ[62] ਹੀ ਹੈ । ਇਸ ਤਰ੍ਹਾਂ ਪ੍ਰਚਾਰਦੀ[64] ਹੈ ਗੁਰਾਂ ਦੀ ਬਾਣੀ[63] ।
ਆਪੇ[65] ਕੁਦਰਤਿ[66] ਸਾਜੀਅਨੁ[67] ਕਰਿ[68] ਮਹਲ[69] ਸਰਾਈ[70] ॥	Through His Omnipotence[66], the Lord has Himself[65] created[67] and fashioned[68] mansions[69] and inns[70].	ਆਪਣੀ ਅਪਾਰ[66] ਸ਼ਕਤੀ ਰਾਹੀਂ ਸਾਂਈਂ ਨੇ ਖ਼ੁਦ[65] ਹੀ ਮੰਦਰ[69] ਅਤੇ ਸਰਾਵਾਂ[70] ਰੱਚੀਆਂ[67] ਤੇ ਬਣਾਈਆਂ[68] ਹਨ ।
ਚੰਦੁ ਸੂਰਜੁ ਦੁਇ ਚਾਨਣੇ[74] ਪੂਰੀ[71] ਬਣਤ[72] ਬਣਾਈ[73] ॥	He has made[73] the perfect[71] make[72] of the two lights[74] of the moon and the sun.	ਉਸ ਨੇ ਸੂਰ ਅਤੇ ਚੰਨ ਦੀਆਂ ਦੋ ਰੋਸ਼ਨੀਆਂ[74] ਦੀ ਪੂਰਨ[71] ਘਾੜਤ[72] ਘੜੀ[73] ਹੈ ।
ਆਪੇ[75] ਵੇਖੈ ਸੁਣੇ ਆਪਿ ਗੁਰ ਸਬਦਿ[76] ਧਿਆਈ[77] ॥ ੧॥	Of Himself[75] the Lord sees and of Himself He hears. Through the Guru's instruction[76] alone, He is contemplated[77].	ਖ਼ੁਦ[75] ਸੁਆਮੀ ਵੇਖਦਾ ਹੈ ਤੇ ਖ਼ੁਦ ਹੀ ਸੁਣਦਾ ਹੈ । ਕੇਵਲ ਗੁਰਾਂ ਦੇ ਉਪਦੇਸ਼[76] ਰਾਹੀਂ ਹੀ ਉਹ ਸਿਮਰਿਆ ਜਾਂਦਾ[77] ਹੈ ।
ਵਾਹੁ[78] ਵਾਹੁ ਸਚੇ ਪਾਤਿਸਾਹ[79] ਤੂ ਸਚੀ[81] ਨਾਈ[80] ॥੧॥ਰਹਾਉ॥	Hail[78], hail to thee, O True King[79]. True[11], ever true, is Thy Name[80]. Pause.	ਸ਼ਾਬਾਸ਼[78] ! ਸ਼ਾਬਾਸ਼ ! ਹੈ ਤੈਨੂੰ, ਹੇ ਸੱਚੇ ਸੁਲਤਾਨ[79] ! ਸੱਚਾ[81], ਸਦਾ ਸੱਚਾ ਹੈ ਤੇਰਾ ਨਾਮ[80] । ਠਹਿਰਾਉ ।
ਸਲੋਕੁ ॥	Slok.	ਸਲੋਕ ।
ਕਬੀਰ ਮਹਿਦੀ[82] ਕਰਿ ਕੈ	Kabir. grinding[85], grinding, I have	ਕਬੀਰ ਪੀਹ[85], ਪੀਹ ਕੇ, ਮੈਂ ਆਪਣੇ ਆਪ[84]ਨੂੰ ਮਹਿੰਦੀ[82]

ਘਾਲਿਆ[83] ਆਪੁ[84] ਪੀਸਾਇ[85] ਪੀਸਾਇ ॥
ਤੈ[86] ਸਹ[87] ਬਾਤ[88] ਨ ਪੁਛੀਆ ਕਬਹੂ[90] ਨ ਲਾਈ[89] ਪਾਇ[91] ॥੧॥

ਮ: ੩ ॥
ਨਾਨਕ ਮਹਿਦੀ ਕਰਿ ਕੈ ਰਖਿਆ ਸੋ[92] ਸਹੁ[93] ਨਦਰਿ[94] ਕਰੇਇ[95] ॥
ਆਪੇ ਪੀਸੈ ਆਪੇ ਘਸੈ[96] ਆਪੇ ਹੀ ਲਾਇ ਲਏਇ ॥
ਇਹੁ ਪਿਰਮ[97] ਪਿਆਲਾ[98] ਖਸਮ[99] ਕਾ ਜੈ[100] ਭਾਵੈ[2] ਤੈ[3] ਦੇਇ[4] ॥੨॥

ਪਉੜੀ ॥
ਵੇਕੀ[5] ਸ੍ਰਿਸਟਿ[6] ਉਪਾਇਅਨੁ[7] ਸਭ[8] ਹੁਕਮਿ[9] ਆਵੈ[10] ਜਾਇ[12] ਸਮਾਹੀ[13] ॥
ਆਪੇ ਵੇਖਿ ਵਿਗਸਦਾ[14] ਦੂਜਾ ਕੋ[15] ਨਾਹੀ ॥
ਜਿਉ[16] ਭਾਵੈ[17] ਤਿਉ[18] ਰਖੁ ਤੂ ਗੁਰ ਸਬਦਿ[19] ਬੁਝਾਹੀ[20] ॥
ਸਭਨਾ ਤੇਰਾ ਜੋਰੁ[21] ਹੈ ਜਿਉ ਭਾਵੈ[22] ਤਿਵੈ ਚਲਾਹੀ[23] ॥
ਤੁਧੁ ਜੇਵਡੁ[24] ਮੈ ਨਾਹਿ ਕੋ ਕਿਸੁ[27] ਆਖਿ[25] ਸੁਣਾਈ[26] ॥੨॥

ਸਲੋਕੁ ਮ: ੩ ॥
ਭਰਮਿ[28] ਭੁਲਾਈ[29] ਸਭੁ ਜਗੁ ਫਿਰੀ ਫਾਵੀ[30] ਹੋਈ ਭਾਲਿ[31] ॥

made[83] myself[84] into the henna[82]-paste.
But thou[86], O my Spouse[87] took no heed[88] of me and applied[89] me not ever[90] to Thine feet[91].

3rd Guru.
He[92], the Groom[93], has taken[95] pity[94] on me and keeps me, O Nanak, like the henna.
He Himself grinds, Himself rubs[96] and Himself applies me to His feet.
This is the Lord's[99] cup[98] of love[97].
He gives[4] it to him[3], whomsoever[100], He wills[2].

Pauri.
Of various varieties[5], Thou O Lord, hast created[7] the world[6]. In Thy will[9] everyone[8], comes[10], goes[12] and merges[83] in thee.
Thou Thyself seest and bloomest[14].
There is not another[15], but Thee.
As[16] it pleases[17] Thee, so[16] doest Thou keep me, O Lord. It is through the Guru's instruction[19] that I realise[20] Thee.
All derive strength[21] from Thee. As Thou willest[22], so drives[23] Thou the mortals.
As great as[24] Thee, I see none. To whom[27] else should I say[25] and narrate[26] my state ?

Slok 3rd Guru.
Strayed[29] by doubt[28], I have roamed the whole world and have gone crazy[30] by searching[31].

ਦੀ ਲੇਵੀ ਬਣਾ ਲਿਆ[83] ਹੈ ।
ਪਰੰਤੂ ਤੂੰ[86] ਹੇ ਮੇਰੇ ਕੰਤ[87] ! ਮੇਰੀ ਕੋਈ ਪਰਵਾਹ[88] ਨਾ ਕੀਤੀ ਅਤੇ ਕਦੇ ਭੀ[90] ਮੈਨੂੰ ਆਪਣੇ ਚਰਨੀਂ ਨਾ ਲਾਇਆ[89] ।

ਤੀਜੀ ਪਾਤਿਸ਼ਾਹੀ ।
ਉਸ[92] ਪਤੀ[93] ਨੇ ਮੇਰੇ ਤੇ ਤਰਸ[94] ਕੀਤਾ[95] ਹੈ ਅਤੇ ਮੈਨੂੰ, ਹੇ ਨਾਨਕ ! ਮਹਿੰਦੀ ਕਰ ਕੇ ਰੱਖਿਆ ਹੈ ।
ਉਹ ਆਪ ਹੀ ਪੀਂਹਦਾ ਹੈ ਆਪ ਹੀ ਘਸਾਉਂਦਾ[96] ਹੈ ਅਤੇ ਆਪ ਹੀ ਮੈਨੂੰ ਆਪਣੇ ਚਰਨਾਂ ਨੂੰ ਲਾਉਂਦਾ ਹੈ ।
ਇਹ ਪ੍ਰਭੂ[99] ਦੀ ਪ੍ਰੀਤ[97] ਦਾ ਕਟੋਰਾ[98] ਹੈ । ਜਿਸ ਕਿਸੇ[100] ਨੂੰ ਉਹ ਚਾਹੁੰਦਾ[2] ਹੈ, ਉਸ[3] ਨੂੰ ਇਹ ਦੇ ਦਿੰਦਾ[4] ਹੈ ।

ਪਉੜੀ ।
ਅਨੇਕਾਂ ਵਨਗੀਆਂ[5] ਦੀ ਤੈਂ, ਹੇ ਸੁਆਮੀ ! ਦੁਨੀਆ[6] ਰਚੀ[7] ਹੈ । ਤੇਰੀ ਰਜ਼ਾ[9] ਅੰਦਰ ਹਰ ਕੋਈ[8] ਆਉਂਦਾ[10] ਜਾਂਦਾ[12] ਅਤੇ ਤੇਰੇ ਅੰਤਰ ਲੀਨ ਹੁੰਦਾ[13] ਹੈ ।
ਤੂੰ ਆਪ ਹੀ ਵੇਖਦਾ ਅਤੇ ਪ੍ਰਫੁੱਲਤ ਹੁੰਦਾ[14] ਹੈਂ । ਤੇਰੇ ਬਗੈਰ ਹੋਰ ਕੋਈ[15] ਨਹੀਂ ।
ਜਿਸ ਤਰ੍ਹਾਂ[16] ਤੈਨੂੰ ਚੰਗਾ ਲਗਦਾ[17] ਹੈ, ਉਸੇ ਤਰ੍ਹਾਂ[18] ਹੀ ਤੂੰ ਮੈਨੂੰ ਰੱਖ, ਹੇ ਸੁਆਮੀ । ਗੁਰਾ ਦੇ ਉਪਦੇਸ਼[19] ਰਾਹੀਂ ਮੈਂ ਤੈਨੂੰ ਅਨੁਭਵ ਕਰਦਾ[20] ਹਾਂ ।
ਸਾਰੇ ਤੇਰੇ ਪਾਸੋਂ ਸੱਤਿਆ[21] ਹਾਸਲ ਕਰਦੇ ਹਨ । ਜਿਵੇਂ ਤੂੰ ਚਾਹੁੰਦਾ[22] ਹੈਂ ਉਦਾਂ ਹੀ ਤੂੰ ਪ੍ਰਾਣੀਆਂ ਨੂੰ ਤੋਰਦਾ[23] ਹੈਂ ।
ਤੇਰੇ ਜਿੱਡਾ ਵੱਡਾ[24] ਮੈਨੂੰ ਕੋਈ ਨਹੀਂ ਦਿਸਦਾ । ਮੈਂ ਆਪਣੀ ਵਿੱਥਿਆ ਹੋਰ ਕੀਹਨੂੰ[27] ਦੱਸਾਂ[25] ਤੇ ਵਰਨਣ[26] ਕਰਾਂ ?

ਸਲੋਕ ਤੀਜੀ ਪਾਤਿਸ਼ਾਹੀ ।
ਸੰਦੇਹ[28] ਦੀ ਘੁਸਾਈ ਹੋਈ[29] ਨੇ ਮੈਂ ਸਾਰਾ ਸੰਸਾਰ ਫਿਰ ਲਿਆ ਹੈ ਅਤੇ ਢੂੰਢਦੀ[31] ਹੋਈ ਮੈਂ ਸੁਦਾਈਣ[30] ਥੀ ਗਈ ਹਾਂ ।

ਸੋ[32] ਸਹੁ[33] ਸਾਂਤਿ[34] ਨ ਦੇਵਈ[35] ਕਿਆ[36] ਚਲੈ[37] ਤਿਸੁ[38] ਨਾਲਿ ॥

ਗੁਰ ਪਰਸਾਦੀ[39] ਹਰਿ ਧਿਆਈਐ[40] ਅੰਤਰਿ ਰਖੀਐ[43] [41]ਉਰਧਾਰਿ[42] ॥

ਨਾਨਕ ਘਰਿ[44] ਬੈਠਿਆ[45] ਸਹੁ[46] ਪਾਇਆ[47] ਜਾ ਕਿਰਪਾ[48]ਕੀਤੀ[49] ਕਰਤਾਰਿ[50] ॥੧॥

He[22], my spouse[33], blesses[35] me not, with peace[34]. What[36] can avail[37] with Him[35]?

By Guru's grace[39], meditate[40] thou on God and keep Him enshrined[43] in[41] thy mind[42].

Nanak, when the Creator[50] shows[49] mercy[48], seated[45] in his very home[44], one finds[47] his Lord[46].

ਉਹ[32], ਮੇਰਾ ਕੰਤ[33], ਮੈਨੂੰ ਠੰਢ ਚੈਨ[34] ਪ੍ਰਦਾਨ[35] ਨਹੀਂ ਕਰਦਾ। ਉਸ[38] ਦੇ ਨਾਲ ਕਿਹੜੀ[36] ਸ਼ੈ ਕਾਰਗਰ[37] ਹੋ ਸਕਦੀ ਹੈ?

ਗੁਰਾਂ ਦੀ ਦਇਆ[39] ਦੁਆਰਾ ਤੂੰ ਵਾਹਿਗੁਰੂ ਦਾ ਆਰਾਧਨ ਕਰ[40] ਅਤੇ ਉਸ ਨੂੰ ਆਪਣੇ ਹਿਰਦੇ[42] ਅੰਦਰ[41] ਟਿਕਾਈ[43] ਰੱਖ।

ਨਾਨਕ, ਜਦ ਸਿਰਜਣਹਾਰ[50] ਮਿਹਰ[48] ਧਾਰਦਾ[49] ਹੈ, ਆਪਣੇ ਘਰ[44] ਅੰਦਰ ਬੈਠਿਆਂ[45] ਹੋਇਆਂ ਹੀ ਇਨਸਾਨ ਆਪਣੇ ਸਾਂਈਂ[46] ਨੂੰ ਪਾ ਲੈਂਦਾ[47] ਹੈ।

੯੪੮

ਮ: ੩ ॥

ਧੰਧਾ[51] ਧਾਵਤ ਦਿਨੁ[52] ਗਇਆ[53] ਰੈਣਿ[54] ਗਵਾਈ[55] ਸੋਇ[56] ॥

ਕੂੜੁ[57] ਬੋਲਿ[58] ਬਿਖੁ[59] ਖਾਇਆ ਮਨਮੁਖਿ[60] ਚਲਿਆ[61] ਰੋਇ[62] ॥

ਸਿਰੈ[63] ਉਪਰਿ ਜਮ[64] ਡੰਡੁ[65] ਹੈ ਦੂਜੈ ਭਾਇ[66] ਪਤਿ[67] ਖੋਇ[68] ॥

ਹਰਿ ਨਾਮੁ ਕਦੇ[69] ਨ ਚੇਤਿਓ[71] ਫਿਰਿ[70] ਆਵਣ ਜਾਣਾ ਹੋਇ ॥

ਗੁਰ ਪਰਸਾਦੀ[72] ਹਰਿ ਮਨਿ[73] ਵਸੈ[74] ਜਮ ਡੰਡੁ ਨ ਲਾਗੈ ਕੋਇ ॥

ਨਾਨਕ ਸਹਜੇ[75] ਮਿਲਿ[76] ਰਹੈ ਕਰਮਿ[77] ਪਰਾਪਤਿ[78] ਹੋਇ ॥੨॥

3rd Guru.

Running[52] after worldly affairs[51], man passes[53] his day and the night[54] he loses[55] in sleep[56].

Uttering[58] untruth[57], he eats poison[59]. Like this the egocentric[60] departs[61] bewailing[62].

Over his head[73] is the D ath's[64] mace[65] and through duality[66], he loses[63] his honour[67].

He contemplates[71] not God's Name ever[69], so he continues coming and going again[70] and again.

If by Guru's grace[72], God's Name abides[74] in his mind[73], death's mace strikes him not.

Nanak, he becomes the recipient[78] of the Lord's grace[77] and easily[75] remains merged[76] in Him.

ਤੀਜੀ ਪਾਤਿਸ਼ਾਹੀ।

ਸੰਸਾਰੀ ਵਿਹਾਰਾਂ[51] ਮਗਰ ਭੱਜਿਆ ਫਿਰਦਾ[52] ਬੰਦਾ ਆਪਣਾ ਦਿਹੁੰ ਬਿਤਾ ਲੈਂਦਾ[53] ਅਤੇ ਰਾਤ[54] ਉਹ ਸੌਂ[56] ਕੇ ਗੁਆ ਬਹਿੰਦਾ[55] ਹੈ।

ਝੂਠ[57] ਬੱਕ ਕੇ[58] ਉਹ ਜ਼ਹਿਰ[59] ਖਾਂਦਾ ਹੈ। ਇਸ ਤਰ੍ਹਾਂ ਆਪ ਹੁੰਦਰਾ[60] ਬੰਦਾ ਰੋਂਦਾ ਪਿੱਟਦਾ[62] ਟੁਰ ਜਾਂਦਾ[61] ਹੈ।

ਉਸ ਦੇ ਸਿਰ[63] ਉੱਤੇ ਮੌਤ[64] ਦਾ ਸੋਟਾ[65] ਹੈ ਅਤੇ ਦਵੈਤ-ਭਾਵ[66] ਦੇ ਰਾਹੀਂ ਉਹ ਆਪਣੀ ਇੱਜ਼ਤ[67] ਆਬਰੂ ਗੁਆ ਲੈਂਦਾ[68] ਹੈ।

ਉਹ ਕਦਾਚਿੱਤ[69] ਵਾਹਿਗੁਰੂ ਦੇ ਨਾਮ ਦਾ ਸਿਮਰਨ[71] ਨਹੀਂ ਕਰਦਾ, ਇਸ ਲਈ ਮੁੜ[70] ਮੁੜ ਕੇ ਆਉਂਦਾ ਤੇ ਜਾਂਦਾ ਰਹਿੰਦਾ ਹੈ।

ਜੇਕਰ ਗੁਰਾਂ ਦੀ ਦਇਆ[72] ਦੁਆਰਾ ਵਾਹਿਗੁਰੂ ਦਾ ਨਾਮ ਉਸ ਦੇ ਰਿਦੇ[73] ਵਿੱਚ ਟਿੱਕ ਜਾਵੇ[74] ਤਾਂ ਮੌਤ ਦਾ ਸੋਟਾ ਉਸ ਨੂੰ ਨਹੀਂ ਲੱਗਦਾ।

ਨਾਨਕ, ਉਹ ਮਾਲਕ ਦੀ ਮਿਹਰ[77] ਦਾ ਪਾਤ੍ਰ[78] ਥੀ ਵੰਞਦਾ ਹੈ ਅਤੇ ਸੁਖੈਨ[75] ਹੀ ਉਸ ਵਿਚ ਸਮਾਇਆ ਰਹਿੰਦਾ[76] ਹੈ।

ਪਉੜੀ ॥

ਇਕਿ[79] ਆਪਣੀ ਸਿਫਤੀ[70] ਲਾਇਅਨੁ[71] ਦੇ[72] ਸਤਿਗੁਰ ਮਤੀ[73] ॥

ਇਕਨਾ ਨੋ ਨਾਉ

Pauri.

Blessing[79] them with the True Guru's instruction[73], some[79] the Lord yokes[71] to the hymning of His praise[70].

The Ever-stable[75] True[76] Lord

ਪਉੜੀ।

ਸੱਚੇ ਗੁਰਦੇਵ ਜੀ ਦੇ ਉਪਦੇਸ਼[73] ਦੀ ਦਾਤ ਦੇ ਕੇ[72], ਕਈਆਂ[79] ਨੂੰ ਸੁਆਮੀ ਆਪਣੀ ਕੀਰਤੀ[70] ਗਾਇਨ ਕਰਨ ਵਿਚ ਜੋੜ ਲੈਂਦਾ[71] ਹੈ।

ਸਦੀਵ ਸਥਿਰ[75] ਸੱਚਾ[76] ਸੁਆਮੀ ਕਈਆਂ ਨੂੰ ਆਪਣਾ

ਬਖਸਿਓਨੁ[74] ਅਸਥਿਰੁ[75] ਹਰਿ ਸਤੀ[76] ॥

blesses[74] some with His Name.

ਨਾਮ ਪ੍ਰਦਾਨ[74] ਕਰ ਦਿੰਦਾ ਹੈ ।

ਪਉਣੁ[77] ਪਾਣੀ[78] ਬੈਸੰਤਰੋ[79] ਹੁਕਮਿ[80] ਕਰਹਿ[81] ਭਗਤੀ[82]॥

The air[77], water[78] aud the fire[79] perform[81] His service[82] in His will[80].

ਹਵਾ[77] ਜਲ[78] ਅਤੇ ਅੱਗ[79] ਉਸ ਦੀ ਰਜ਼ਾ[80] ਅੰਦਰ ਉਸ ਦੀ ਟਹਿਲ[82] ਕਮਾਉਂਦੇ[82] ਹਨ ।

ਏਨਾ ਨੋ ਭਉ[83] ਅਗਲਾ[84] ਪੂਰੀ[85] ਬਣਤ[86] ਬਣਤੀ[87] ॥

They are in the great[84] fear[83] of the Lord, such is the perfect[85] make[86] that the Lord has made[87].

ਇਨ੍ਹਾਂ ਨੂੰ ਪ੍ਰਭੂ ਦਾ ਬਹੁਤਾ[84] ਹੀ ਡਰ[83] ਹੈ, ਐਹੋ ਜੇਹੀ ਪੂਰਨ[85] ਘਾੜਤ[86] ਪ੍ਰਭੂ ਨੇ ਘੜੀ[87] ਹੈ ।

ਸਭੁ[88] ਇਕੋ[89] ਹੁਕਮੁ[90] ਵਰਤਦਾ[91] ਮੰਨਿਐ[92] ਸੁਖੁ[93] ਪਾਈ ॥੩॥

The One Lord's[89] will[90] governs[91] all[88]. One attains peace[93] by accepting[92] His will.

ਇੱਕ ਸੁਆਮੀ[89] ਦੀ ਰਜ਼ਾ[90] ਸਰਿਆਂ[88] ਤੇ ਹਾਵੀ[91] ਹੈ । ਉਸ ਦੀ ਰਜ਼ਾ ਨੂੰ ਕਬੂਲ[92] ਕਰ ਇਨਸਾਨ ਆਰਾਮ[93] ਪਾਉਂਦਾ ਹੈ ।

ਸਲੋਕੁ ॥

Slok.

ਸਲੋਕ ।

ਕਬੀਰ ਕਸਉਟੀ[94] ਰਾਮ[95] ਕੀ ਝੂਠਾ[96] ਟਿਕੈ[97] ਨ ਕੋਇ ॥

Such is the touchstone[94] of the Lord[95] O Kabir, that no false[96] one can stand[97] it.

ਐਹੋ ਜੇਹੀ ਹੈ ਘਸਵੱਟੀ[94] ਪ੍ਰਭੂ[95] ਦੀ, ਹੇ ਕਬੀਰ ! ਕਿ ਕੋਈ ਕੂੜਾ[96] ਇਨਸਾਨ ਇਸ ਦੇ ਅੱਗੇ ਟਿਕ[97] ਨਹੀਂ ਸਕਦਾ ।

ਰਾਮ ਕਸਉਟੀ[98] ਸੋ ਸਹੈ[99] ਜੋ ਮਰਜੀਵਾ[100] ਹੋਇ ॥੧॥

He[98] alone passes[99] the Lord's test, who remains dead while yet alive[100].

ਕੇਵਲ ਉਹ[98] ਹੀ ਪ੍ਰਭੂ ਦੀ ਪ੍ਰੀਖਿਆ ਵਿਚ ਪਾਸ ਹੁੰਦਾ[99] ਹੈ, ਜੋ ਜੀਉਂਦੇ ਜੀ ਮਰਿਆ ਰਹਿੰਦਾ[100] ਹੈ ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਕਿਉ ਕਰਿ ਇਹੁ ਮਨੁ ਮਾਰੀਐ[2] ਕਿਉ ਕਰਿ ਮਿਰਤਕੁ[3] ਹੋਇ ॥

How can this mind be overpowered[2] ? How can it die[3] while yet alive ?

ਇਹ ਮਨੂਆ ਕਿਸ ਤਰ੍ਹਾਂ ਕਾਬੂ ਕੀਤਾ[2] ਜਾ ਸਕਦਾ ਹੈ ? ਜੀਉਂਦੇ ਜੀ ਇਹ ਕਿਸ ਤਰ੍ਹਾਂ ਮਰ[3] ਸਕਦਾ ਹੈ ?

ਕਹਿਆ ਸਬਦੁ[4] ਨ ਮਾਨਈ[5] ਹਉਮੈ[6] ਛਡੈ[7] ਨ ਕੋਇ ॥

One accepts[5] not the Guru's instruction[4] and no one leaves[7] his self-conceit[6].

ਇਨਸਾਨ ਗੁਰਾਂ ਦੇ ਉਪਦੇਸ਼[4]ਨੂੰ ਸਵੀਕਾਰ[5] ਨਹੀਂ ਕਰਦਾ ਅਤੇ ਕੋਈ ਭੀ ਆਪਣੀ ਸਵੈ-ਹੰਗਤਾ[66] ਨੂੰ ਨਹੀਂ ਤਿਆਗਦਾ[7] ।

ਗੁਰ ਪਰਸਾਦੀ[8] ਹਉਮੈ[9] ਛੁਟੈ[10] ਜੀਵਨ[12] ਮੁਕਤੁ[13] ਸੋ[14] ਹੋਇ ॥

By Guru's grace[8], man is rid of[10] the pride[9] and then he[14] is emancipated[13] whilst alive[12].

ਗੁਰਾਂ ਦੀ ਦਇਆ[8] ਦੁਆਰਾ ਬੰਦਾ ਹੰਕਾਰ[9]ਤੋਂ ਖ਼ਲਾਸੀ[10] ਪਾ ਜਾਂਦਾ ਹੈ ਤੇ ਤਾਂ ਉਹ[14] ਜੀਉਂਦਾ ਹੋਇਆ[12] ਹੀ ਬੰਦ ਖ਼ਲਾਸ[13] ਹੋ ਜਾਂਦਾ ਹੈ ।

ਨਾਨਕ ਜਿਸ ਨੋ ਬਖਸੇ[15] ਤਿਸੁ[16] ਮਿਲੈ ਤਿਸੁ ਬਿਘਨੁ[17] ਨ ਲਾਗੈ[18] ਕੋਇ ॥੨॥

Nanak, he whom the Lord forgives[15]; him[16] He meets and then no pain[17] overtakes[18] him.

ਨਾਨਕ, ਜਿਸ ਨੂੰ ਸਾਂਈਂ ਬਖਸ਼ ਦਿੰਦਾ[15] ਹੈ; ਉਸ[16] ਨੂੰ ਉਹ ਮਿਲ ਪੈਂਦਾ ਹੈ ਅਤੇ ਤਦ ਉਸ ਨੂੰ ਕੋਈ ਦੁਖ[17] ਨਹੀਂ ਵਾਪਰਦਾ[18] ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਜੀਵਤ[19] ਮਰਣਾ ਸਭੁ[20] ਕੋ ਕਹੈ ਜੀਵਨ[23] ਮੁਕਤਿ[21] ਕਿਉ[22] ਹੋਇ ॥

Every one[20] says that he is dead while alive[19], but how[23] can he be emancipated[21] whilst yet alive[23] ?

ਹਰ ਕੋਈ[20] ਆਖਦਾ ਹੈ ਕਿ ਉਹ ਆਪਾ ਭਾਵ[19] ਤੋਂ ਜੀਉਂਦਾ ਮਰ ਗਿਆ ਹੈ; ਪ੍ਰੰਤੂ, ਆਪਣੀ ਹਿਯਾਤੀ[23] ਵਿੱਚ ਉਹ ਕਿਸ ਤਰ੍ਹਾਂ[22] ਮੋਖ਼ਸ਼[21] ਹੋ ਸਕਦਾ ਹੈ ?

ਭੈ[24] ਕਾ ਸੰਜਮੁ[25] ਜੇ[26] ਕਰੇ[27]

If[26] one takes[50] the medicine[28] of the

ਜੇਕਰ[26] ਉਹ ਪ੍ਰਭੂ ਦੇ ਪ੍ਰੇਮ[29] ਦੀ ਦਵਾਈ[28] ਲਵੇ[30]

ਦਾਰੂ[28] ਭਾਉ[29] ਲਾਏਇ[30] ॥

Lord's love[29] and observes[27] the restraint[25] of His fear[24], then is he emancipated while yet alive.

ਅਨਦਿਨੁ[31] ਗੁਣ[32] ਗਾਵੈ[33] ਸੁਖ ਸਹਜੇ[34] ਬਿਖੁ[35] [36]ਭਵਜਲੁ[37]ਨਾਮਿ ਤਰੇਇ[38]॥

Night[31] and day, he peacefully[34] hymns[33] the Lord's praise[32] and through His Name, ferries across[38] the poisonous[35] and dreadful[36] world-ocean[37].

ਨਾਨਕ ਗੁਰਮੁਖਿ[39] ਪਾਈਐ[40] ਜਾਕਉ[41] ਨਦਰਿ[42] ਕਰੇਇ ॥ ੩॥

Nanak, he, on whom[41] is the Lord's grace[42]; He attains[40] to Him through the Guru[39].

ਪਉੜੀ ॥

Pauri.

ਦੂਜਾ ਭਾਉ[43] ਰਚਾਇਓਨੁ[44] ਤ੍ਰੈ[45] ਗੁਣ[46] ਵਰਤਾਰਾ[47] ॥

The Lord has created[44] duality[43] and the mortals are engrossed[47] in the three[44] modes[46].

ਬ੍ਰਹਮਾ[48] ਬਿਸਨੁ[49] ਮਹੇਸੁ[50] ਉਪਾਇਅਨੁ[51] ਹੁਕਮਿ[52] ਕਮਾਵਨਿ[53] ਕਾਰਾ[54] ॥

He created[51] god of creation[48], god of nutrition[49] and god of death[50], who perform[53] their functions[54] in His will[52].

ਪੰਡਿਤ[55] ਪੜਦੇ[56] ਜੋਤਕੀ[57] ਨਾ ਬੂਝਹਿ[58] ਬੀਚਾਰਾ[59] ॥

The scholars[55] and astrologers[57] read[56] their books, but realise[58] not the Lord's meditation[59].

ਸਭੁ ਕਿਛੁ[62] ਤੇਰਾ ਖੇਲੁ[60] ਹੈ ਸਚੁ ਸਿਰਜਣਹਾਰਾ[61] ॥

All[62] is thine own play[60], O my True Creator[61].

ਜਿਸੁ[62*] ਭਾਵੈ[63] ਤਿਸੁ[64] ਬਖਸਿ[65] ਲੈਹਿ ਸਚਿ ਸਬਦਿ[66] ਸਮਾਈ[67] ॥੪॥

He, whom[62*] Thou willest[63]; him[64] Thou forgivest[65] and he merges[67] in Thy True Name[66].

ਸਲੋਕੁ ਮ: ੩ ॥

Slok 3rd Guru.

ਮਨ ਕਾ ਝੂਠਾ[68] ਝੂਠੁ ਕਮਾਵੈ[69] ॥

The false[68] of mind practiscs[69] falsehood.

ਮਾਇਆ[70] ਨੋ ਫਿਰੈ[71] ਤਪਾ[72] ਸਦਾਵੈ[73] ॥

He runs after[71] wealth[70] and calls[73] himself a penitent[72].

ਭਰਮੇ[74] ਭੂਲਾ[75] ਸਭਿ ਤੀਰਥ[76] ਗਹੈ[77] ॥

Deluded[75] by doubt[74], he wanders[77] at all the pilgrim-stations[76].

ਓਹੁ[78] ਤਪਾ ਕੈਸੇ[79] [80]ਪਰਮ

How[79] can such[78] a patient attain[82]

ਅਤੇ ਉਸ ਦੇ ਡਰ[24] ਦਾ ਪੱਥ[25] ਰੱਖੇ[27] ਤਾਂ ਉਹ ਜੀਉਂਦੇ ਜੀ ਮੋਖਸ਼ ਹੋ ਜਾਂਦਾ ਹੈ।

ਰਾਤ[31] ਦਿਨ ਉਹ ਆਰਾਮ[34] ਨਾਲ ਸਾਹਿਬ ਦੀ ਮਹਿਮਾ[32] ਗਾਇਨ ਕਰਦਾ[33] ਹੈ ਅਤੇ ਉਸ ਦੇ ਨਾਮ ਦੇ ਰਾਹੀਂ ਜ਼ਹਿਰੀਲੇ[35] ਤੇ ਭਿਆਨਕ[36] ਸੰਸਾਰ ਸਮੁੰਦਰ[37] ਤੋਂ ਪਾਰ ਹੋ ਜਾਂਦਾ[38] ਹੈ।

ਨਾਨਕ, ਜਿਸ ਉੱਤੇ[41] ਪ੍ਰਭੂ ਰਹਿਮਤ[42] ਧਾਰਦਾ ਹੈ; ਉਹ ਗੁਰਾਂ ਦੇ ਰਾਹੀਂ[39] ਉਸ ਨੂੰ ਪਾ ਲੈਂਦਾ[40] ਹੈ।

ਪਉੜੀ।

ਸੁਆਮੀ ਨੇ ਦਵੈਤ ਭਾਵ[43] ਪੈਦਾ ਕੀਤਾ[44] ਹੈ ਅਤੇ ਪ੍ਰਾਨੀ ਤਿੰਨਾਂ[45] ਅਵਸਥਾਵਾਂ[46] ਅੰਦਰ ਖੱਚਤ ਹੋਏ ਹੋਏ[47] ਹਨ।

ਉਸ ਨੇ ਉਤਪਤੀ ਦਾ ਦੇਵਤਾ[48], ਪਾਲਣਪੋਸਣ ਦਾ ਦੇਵਤਾ[49], ਤੇ ਮੌਤ ਦਾ ਦੇਵਤਾ[50] ਪੈਦਾ ਕੀਤੇ[51], ਜੋ ਉਸ ਦੀ ਰਜ਼ਾ[52] ਅੰਦਰ ਕੰਮ[54] ਕਰਦੇ[53] ਹਨ।

ਵਿਦਵਾਨ[55] ਅਤੇ ਜੋਤਸ਼ੀ[37] ਆਪਣੀਆਂ ਪੁਸਤਕਾਂ ਵਾਚਦੇ[56] ਹਨ, ਪ੍ਰੰਤੂ ਉਹ ਸਾਹਿਬ ਦੇ ਸਿਮਰਨ[59] ਨੂੰ ਅਨੁਭਵ[58] ਨਹੀਂ ਕਰਦੇ।

ਸਮੂਹ[62] ਤੇਰੀ ਨਿੱਜ ਦੀ ਖੇਡ[60] ਹੀ ਹੈ, ਹੇ ਮੇਰੇ ਸੱਚੇ ਕਰਤਾਰ[61]!

ਜਿਸ[62*] ਨੂੰ ਤੂੰ ਚਾਹੁੰਦਾ[63] ਹੈਂ ਉਸ ਨੂੰ[64] ਤੂੰ ਮਾਫ਼ ਕਰ ਦਿੰਦਾ[65] ਹੈਂ ਅਤੇ ਉਹ ਤੇਰੇ ਸੱਚੇ ਨਾਮ[66] ਅੰਦਰ ਲੀਨ ਹੋ ਜਾਂਦਾ[67] ਹੈ।

ਸਲੋਕ ਤੀਜੀ ਪਾਤਿਸ਼ਾਹੀ।

ਚਿੱਤ ਦਾ ਕੂੜ[68], ਕੂੜ ਦੀ ਕਮਾਈ ਕਰਦਾ[69] ਹੈ।

ਉਹ ਧਨ ਦੌਲਤ[70] ਪਿੱਛੇ ਦੌੜਦਾ ਫਿਰਦਾ[71] ਹੈ ਅਤੇ ਆਪਣੇ ਆਪ ਨੂੰ ਤਪੱਸਵੀ[72] ਅਖਵਾਉਂਦਾ[73] ਹੈ।

ਸੰਦੇਹ[74] ਦਾ ਬਹਿਕਾਇਆ ਹੋਇਆ[75] ਉਹ ਸਾਰਿਆਂ ਧਰਮ-ਅਸਥਾਨਾਂ[76] ਤੇ ਰਟਨ ਕਰਦਾ[77] ਹੈ।

ਐਸਾ[78] ਤਪੱਸਵੀ ਮਹਾਨ[80] ਮਰਤਬੇ[81]ਨੂੰ ਕਿਸ ਤਰ੍ਹਾਂ[79] ਪਾ

ਗਤਿ[81] ਲਹੈ[82] ॥
ਗੁਰ ਪਰਸਾਦੀ[83] ਕੋ[84] ਸਚੁ ਕਮਾਵੈ[85] ॥
ਨਾਨਕ ਸੋ ਤਪਾ ਮੋਖੰਤਰੁ[86] ਪਾਵੈ ॥੧॥

the supreme[80] status[81] ?
By Guru's grace[83], some rare[84] penitent practises[85] truth.
Nanak, such a penitent obtains salvation[86].

ਗੁਰਾਂ ਦੀ ਦਇਆ[83] ਦੁਆਰਾ, ਕੋਈ ਵਿਰਲਾ[84] ਤਪੱਸਵੀ ਹੀ ਸੱਚ ਦੀ ਕਮਾਈ ਕਰਦਾ[85] ਹੈ ।
ਨਾਨਕ, ਐਸਾ ਤਪੱਸਵੀ ਮੁਕਤੀ[86] ਪ੍ਰਾਪਤ ਕਰ ਲੈਂਦਾ ਹੈ ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਸੋ[87] ਤਪਾ ਜਿ ਇਹ ਤਪੁ ਘਾਲੇ[88] ॥
ਸਤਿਗੁਰ ਨੋ ਮਿਲੈ ਸਬਦੁ[89] ਸਮਾਲੇ[90] ॥
ਸਤਿਗੁਰ ਕੀ ਸੇਵਾ[90]* ਇਹੁ ਤਪੁ ਪਰਵਾਣੁ[91] ॥
ਨਾਨਕ ਸੋ ਤਪਾ ਦਰਗਹਿ[92] ਪਾਵੈ ਮਾਣੁ[93] ॥੨॥

He[87] alone is an ascetic, who practises[88] this penitence.
Meeting the True Guru, he contemplates[90] the Name[89].
The penitence of the, service[90]* of the True Guru; alone is acceptable[91].
Nanak, such an ascetic obtains honour[93] in the Lord's court[92].

ਕੇਵਲ ਉਹ[87] ਹੀ ਤਪੱਸਵੀ ਹੈ ਜੋ ਇਹ ਤਪੱਸਿਆ ਕਮਾਉਂਦਾ[88] ਹੈ ।
ਸੱਚੇ ਗੁਰਾਂ ਨੂੰ ਮਿਲ ਕੇ ਉਹ ਨਾਮ[89] ਦਾ ਸਿਮਰਨ[90] ਕਰਦਾ ਹੈ ।
ਸੱਚੇ ਗੁਰਾਂ ਦੀ ਟਹਿਲ ਸੇਵਾ[90]*; ਕੇਵਲ ਇਹ ਤਪੱਸਿਆ ਹੀ ਕਬੂਲ ਪੈਂਦੀ[91] ਹੈ ।
ਨਾਨਕ ਐਹੋ ਜੇਹਾ ਤਪੱਸਵੀ, ਸਾਂਈਂ ਦੇ ਦਰਬਾਰ[92] ਅੰਦਰ ਪਤਿ ਆਬਰੂ[93] ਪਾਉਂਦਾ ਹੈ ।

ਪਉੜੀ ॥

Pauri.

ਪਉੜੀ ।

ਰਾਤਿ[94] ਦਿਨਸੁ[95] ਉਪਾਇਅਨੁ[96] ਸੰਸਾਰ[97] ਕੀ ਵਰਤਣਿ[98] ॥
ਗੁਰਮਤੀ[99] ਘਟਿ[100] ਚਾਨਣਾ[2] ਆਨੇਰੁ[3] ਬਿਨਾਸਣਿ[4] ॥

The night[94] and day[95], the Lord created[96], for the world[97] to do the deeds[98].
Through the Guru's instruction[99], the mind[100] is illumined[2] and the darkness[3] is dispelled[4].

ਦੁਨੀਆ[97] ਦੇ ਅਮਲ[98] ਕਮਾਉਣ ਲਈ ਸੁਆਮੀ ਨੇ ਰਾਤ[94] ਅਤੇ ਦਿਨ[95] ਰਚੇ[96] ਹਨ ।
ਗੁਰਾ ਦੇ ਉਪਦੇਸ਼[99] ਰਾਹੀਂ ਹਿਰਦਾ[100] ਪ੍ਰਕਾਸ਼ ਹੋ ਜਾਂਦਾ[2] ਹੈ ਅਤੇ ਅਨ੍ਹੇਰਾ[3] ਦੂਰ ਥੀ ਵੰਞਦਾ[4] ਹੈ ।

ਹੁਕਮੇ[5] ਹੀ ਸਭ ਸਾਜੀਅਨੁ[6] ਰਵਿਆ[7] ਸਭ ਵਣਿ[8] ਤ੍ਰਿਣਿ[9] ॥

In His will[5], He creates[6] all and pervades[7] all the woods[8] and grass-glades[9].

ਆਪਣੀ ਰਜ਼ਾ[5] ਅੰਦਰ ਉਹ ਸਾਰਿਆਂ ਨੂੰ ਰਚਦਾ[6] ਅਤੇ ਸਮੂਹ ਜੰਗਲਾਂ[8] ਤੇ ਘਾਅ ਦੀਆਂ ਵਾਦੀਆਂ[9] ਵਿੱਚ ਵਿਆਪਕ[7] ਹੋ ਰਿਹਾ ਹੈ ।

੯੪੯

ਸਭੁ ਕਿਛੁ ਆਪੇ ਆਪਿ ਹੈ ਗੁਰਮੁਖਿ[10] ਸਦਾ[12] ਹਰਿ ਭਣਿ[13] ॥
ਸਬਦੇ[14] ਹੀ ਸੋਝੀ[15] ਪਈ ਸਚੈ[16] ਆਪਿ[17] ਬੁਝਾਈ[18] ॥ ੫॥

The Lord Himself is [all-in-all. By the Guru's grace[10], so, ever[12] utter[13] thou the Lord's Name.
It is through the Name[14], that one understands[15] everything. The True Lord[16] of Himself[17], has revealed[18] this to me.

ਪ੍ਰਭੂ ਆਪ ਹੀ ਸਾਰਾ ਕੁੱਛ ਹੈ । ਗੁਰਾਂ ਦੀ ਦਇਆ[10] ਦੁਆਰਾ ਇਸ ਲਈ, ਤੂੰ ਸਦੀਵ[12] ਹੀ ਸਾਂਈਂ ਦੇ ਨਾਮ ਨੂੰ ਉਚਾਰ[13] ।
ਨਾਮ[14] ਦੇ ਰਾਹੀਂ ਹੀ ਇਨਸਾਨ ਸਾਰਾ ਕੁੱਛ ਸਮਝਦਾ[15] ਹੈ । ਸੱਚੇ ਸੁਆਮੀ[16] ਨੇ ਖ਼ੁਦ[17] ਹੀ ਮੈਨੂੰ ਇਹ ਗੱਲ ਦਰਸਾਈ[18] ਹੈ ।

ਸਲੋਕੁ ਮ: ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਅਭਿਆਗਤ[19] ਏਹਿ ਨ

He is not called[20] the world-

ਉਹ ਜਗਤ ਦਾ ਤਿਆਗੀ[19] ਨਹੀਂ ਕਹਿਆ[20] ਜਾ ਸਕਦਾ

ਆਖੀਅਨਿ[20] ਜਿਨ ਕੇ ਚਿਤ[21] ਮਹਿ[22] ਭਰਮੁ[23] ॥

renouncer[19], within[22] whose mind[21] there is doubt[23].

ਜਿਸ ਦੇ ਮਨ[21] ਅੰਦਰ[22] ਸ਼ੱਕ[23] ਹੈ ।

ਤਿਸ[27] ਦੈ ਦਿਤੈ[24] ਨਾਨਕਾ ਤੇਹੋ[25] ਜੇਹਾ ਧਰਮੁ[26] ॥

Alms[24] given to him[27], O Nanak, earns a like[25] reward[26].

ਉਸ[27] ਨੂੰ ਦਿੱਤੀ ਹੋਈ ਖ਼ੈਰਾਤ[24]; ਹੇ ਨਾਨਕ ! ਉਹੋ ਜੇਹਾ[25] ਹੀ ਫਲ[26] ਲਿਆਉਂਦੀ ਹੈ ।

ਅਭੈ[28] ਨਿਰੰਜਨੁ[29] ਪਰਮ[30] ਪਦੁ[31] ਤਾ ਕਾ ਭੂਖਾ[32] ਹੋਇ ॥ ਤਿਸ[33] ਕਾ ਭੋਜਨੁ[34] ਨਾਨਕਾ ਵਿਰਲਾ[35] ਪਾਏ[36] ਕੋਇ ॥ ੧॥

He, who is hungry[32] for the supreme[30] status[31] of the Fear-free[28] and Immaculate[29] Lord is rare[35], O Nanak. He gets[36] a chance to offer him[33] food[34].

ਜੋ ਭੈ-ਰਹਿਤ[28] ਅਤੇ ਪਵਿੱਤਰ[29] ਪ੍ਰਭੂ ਦੇ ਮਹਾਨ[30] ਮਰਤਬੇ[31] ਦਾ ਚਾਹਵਾਨ[32] (ਭੁੱਖਾ) ਹੈ;—ਕਿਸੇ ਟਾਂਵੇ ਟੱਲੇ[35] ਆਦਮੀ ਨੂੰ ਹੀ, ਹੇ ਨਾਨਕ ! ਉਸ ਨੂੰ[33] ਪ੍ਰਸ਼ਾਦ[34] ਛਕਾਉਣ ਦਾ ਅਵਸਰ ਮਿਲਦਾ[36] ਹੈ ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਅਭਿਆਗਤ ਏਹਿ ਨ ਆਖੀਅਨਿ ਜਿ[37] ਪਰ[38] ਘਰਿ[39] ਭੋਜਨੁ ਕਰੇਨਿ[40] ॥ ਉਦਰੈ[41] ਕਾਰਣਿ[42] ਆਪਣੇ ਬਹਲੇ[43] ਭੇਖ[44] ਕਰੇਨਿ[45] ॥

They are not called the world-renouncers, who[37] take[60] food in other's houses[39] and who for the sake of[42] their belly[41] adopt[45] many[43] religious garbs[44].

ਉਹ ਜਗਤ ਦੇ ਤਿਆਗੀ ਨਹੀਂ ਆਖੇ ਜਾਂਦੇ ਜੋ[37] ਹੋਰਨਾਂ[38] ਦੇ ਘਰਾਂ[39] ਵਿੱਚ ਪ੍ਰਸ਼ਾਦ ਛੱਕਦੇ[40] ਹਨ ਅਤੇ ਜੋ ਆਪਣੇ ਪੇਟ[41] ਦੀ ਖ਼ਾਤਰ[42] ਬਹੁਤੇ[43] ਧਾਰਮਕ ਬਾਣੇ[44] ਧਾਰਨ ਕਰਦੇ[45] ਹਨ ।

ਅਭਿਆਗਤ ਸੇਈ[46] ਨਾਨਕਾ ਜਿ ਆਤਮ[47] ਗਉਣੁ[48] ਕਰੇਨਿ ॥

They[46] alone are the saints, O Nanak, who enter[48] into inner being[47].

ਕੇਵਲ ਉਹ[46] ਹੀ ਸਾਧੂ ਹਨ ਹੇ ਨਾਨਕ ! ਜੋ ਆਪਣੇ ਅੰਤਰੀਵ ਆਤਮੇ[47] ਪ੍ਰਵੇਸ਼[48] ਕਰਦੇ ਹਨ ।

ਭਾਲਿ[49] ਲਹਨਿ[50] ਸਹੁ[51] ਆਪਣਾ ਨਿਜ[52] ਘਰਿ[53] ਰਹਣੁ ਕਰੇਨਿ[54] ॥੨॥

They search[49] and find[50] their Lord[51] and abide[54] in their own[52] homes[53].

ਉਹ ਆਪਣੇ ਸੁਆਮੀ[51] ਨੂੰ ਖੋਜ ਕੇ[49] ਪ੍ਰਾਪਤ[50] ਕਰ ਲੈਂਦੇ ਹਨ ਅਤੇ ਆਪਣੇ ਨਿੱਜ[52] ਆਤਮਾ[53] ਵਿੱਚ ਵੱਸਦੇ[54] ਹਨ ।

ਪਉੜੀ ॥

Pauri.

ਪਉੜੀ ।

ਅੰਬਰੁ[55] ਧਰਤਿ[56] ਵਿਛੋੜਿਅਨੁ[57] ਵਿਚਿ[58] ਸਚਾ ਅਸਰਾਉ[59] ॥

The sky[55] and the earth[56] are separated[57] from each other, and from within[58] the Lord has given both His true support[59].

ਅਕਾਸ਼[55] ਅਤੇ ਜ਼ਮੀਨ[56] ਨੂੰ ਇਕ ਦੂਜੇ ਨਾਲੋਂ ਵੱਖਰਾ ਕੀਤਾ ਹੋਇਆ[57] ਹੈ ਅਤੇ ਅੰਦਰੋਂ[58] ਉਨ੍ਹਾਂ ਦੋਹਾਂ ਨੂੰ ਸੁਆਮੀ ਨੇ ਆਪਣਾ ਸੱਚਾ ਆਸਰਾ[59] ਦਿੱਤਾ ਹੋਇਆ ਹੈ ।

ਘਰੁ[60] ਦਰੁ[61] ਸਭੋ ਸਚੁ ਹੈ ਜਿਸੁ ਵਿਚਿ ਸਚਾ ਨਾਉ[62] ॥

True are all the homes[60] and gates[61], within is enshrined the True Name[62].

ਸੱਚੇ ਹਨ ਸਾਰੇ ਗ੍ਰਹਿ[60] ਅਤੇ ਦਰਵਾਜ਼ੇ[61], ਜਿਨ੍ਹਾਂ ਵਿੱਚ ਸੱਚਾ ਨਾਮ[62] ਨਿਵਾਸ ਰਖਦਾ ਹੈ ।

ਸਭੁ[63] ਸਚਾ[64] ਹੁਕਮੁ[65] ਵਰਤਦਾ[66] ਗੁਰਮੁਖਿ[67] ਸਚਿ ਸਮਾਉ[68] ॥

The will[65] of the True Lord works[66] everywhere[63] and by the Guru's grace[67] one merges[68] in the True Lord.

ਹਰ ਥਾਂ[63] ਸੱਚੇ ਸੁਆਮੀ[64] ਦੀ ਰਜ਼ਾ[65] ਕੰਮ ਕਰ ਰਹੀ[66] ਹੈ ਅਤੇ ਗੁਰਾਂ ਦੀ ਦਇਆ[67] ਦੁਆਰਾ, ਇਨਸਾਨ ਸੱਚੇ ਸੁਆਮੀ ਅੰਦਰ ਲੀਨ ਹੋ ਜਾਂਦਾ[68] ਹੈ ।

ਸਚਾ ਆਪਿ[69] ਤਖਤੁ[70] ਸਚਾ ਬਹਿ[71] ਸਚਾ ਕਰੇ[72] ਨਿਆਉ[73] ॥

True is the Lord Himself[69], true is His throne[70]. seated[71] whereon, He administers[72] true justice[73].

ਸੱਚਾ ਹੈ ਸੁਆਮੀ ਖ਼ੁਦ[69], ਸੱਚਾ ਹੈ ਉਸ ਦਾ ਰਾਜ ਸਿੰਘਾਸਣ[70], ਜਿਸ ਉੱਤੇ ਬੈਠ ਕੇ[71] ਉਹ ਸੱਚਾ ਇਨਸਾਫ਼[73] ਕਰਦਾ[72] ਹੈ ।

ਸਭੁ ਸਚੋ[74] ਸਚੁ ਵਰਤਦਾ[75] ਗੁਰਮੁਖਿ[76]ਅਲਖੁ[77]ਲਖਾਈ[78] ॥੬॥

The Truest of the true[74] pervades[75] all and it is through the Guru[76], that the Unseeable[77] Lord is seen[78].

ਸਚੋ[74] ਸਚੁ ਵਰਤਦਾ[75] ਸਾਰੇ ਵਿਆਪਕ ਹੋ ਰਿਹਾ[75] ਹੈ ਅਤੇ ਗੁਰਾਂ ਦੇ ਰਾਹੀਂ[76] ਹੀ ਅਦ੍ਰਿਸ਼ਟ[77] ਸਾਂਈਂ ਦੇਖਿਆ ਜਾਂਦਾ[78] ਹੈ ।

ਸਲੋਕੁ ਮ: ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਰੈਣਾਇਰ[79] ਮਾਹਿ[80] ਅਨੰਤੁ[81] ਹੈ ਕੂੜੀ[82] ਆਵੈ ਜਾਇ ॥

The Infinite[81] Lord abides in[80] the world-ocean[79]. The false[82] continue coming and going.

ਬੇਅੰਤ[81] ਪ੍ਰਭੂ ਸੰਸਾਰ-ਸਮੁੰਦਰ[79] ਵਿੱਚ[80] ਵਸਦਾ ਹੈ । ਝੂਠੇ ਪ੍ਰਾਨੀ[82] ਆਉਂਦੇ ਤੇ ਜਾਂਦੇ ਰਹਿੰਦੇ ਹਨ ।

ਭਾਣੈ[83] ਚਲੈ[84] ਆਪਣੈ ਬਹੁਤੀ[85] ਲਹੈ[86] ਸਜਾਇ[82] ॥

He, who walks[84] according to his own will[83], suffers[86] great[85] punishment[87].

ਜੋ ਆਪਣੀ ਨਿੱਜ ਦੀ ਮਰਜ਼ੀ[83] ਅਨੁਸਾਰ ਟੁਰਦਾ[84] ਹੈ, ਉਸ ਨੂੰ ਘਣੇਰਾ[85] ਡੰਡ[87] ਮਿਲਦਾ[86] ਹੈ ।

ਰੈਣਾਇਰ[88] ਮਹਿ ਸਭੁ ਕਿਛੁ ਹੈ ਕਰਮੀ[89] ਪਲੈ ਪਾਇ[90] ॥

In God, the mine of jewels[88], are all the things, but one attains[90] them by good deeds[89] alone.

ਵਾਹਿਗੁਰੂ ਰੂਪੀ ਰਤਨਾਂ ਦੀ ਖਾਣ[88] ਵਿਚ ਸਮੂਹ ਵਸਤੂਆਂ ਹਨ; ਪ੍ਰੰਤੂ ਚੰਗੇ ਅਮਲਾਂ[89] ਦੁਆਰਾ ਹੀ ਬੰਦਾ ਉਨ੍ਹਾਂ ਨੂੰ ਪਾਉਂਦਾ[90] ਹੈ ।

ਨਾਨਕ ਨਉ ਨਿਧਿ[91] ਪਾਈਐ ਜੇ[92] ਚਲੈ[94] ਤਿਸੈ[93] ਰਜਾਇ[95] ॥੧॥

Nanak, if[92] one walks[94] in the will[95] of that[93] Lord, he obtains the nine treasures[91].

ਨਾਨਕ, ਜੇਕਰ[92] ਬੰਦਾ ਉਸ[93] ਸੁਆਮੀ ਦੀ ਰਜ਼ਾ[95] ਅੰਦਰ ਟੁਰੇ[94] ਤਾਂ ਉਹ ਨੌ ਖ਼ਜ਼ਾਨੇ[91] ਪ੍ਰਾਪਤ ਕਰ ਲੈਂਦਾ ਹੈ ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਸਹਜੇ[96] ਸਤਿਗੁਰੁ ਨ ਸੇਵਿਓ[97] ਵਿਚਿ ਹਉਮੈ[98] ਜਨਮਿ[99] ਬਿਨਾਸੁ[100] ॥

He, who serves[97] not his True Guru in equipoise[96], loses[100] his life[99] in pride[98].

ਜੋ ਆਪਣੇ ਸੱਚੇ ਗੁਰਾਂ ਦੀ ਅਡੋਲਤਾ[96] ਨਾਲ ਸੇਵਾ ਨਹੀਂ ਕਰਦਾ[97], ਉਹ ਆਪਣਾ ਜੀਵਨ[99] ਹੰਗਤਾ[98] ਅੰਦਰ ਗੁਆ ਲੈਂਦਾ[100] ਹੈ ।

ਰਸਨਾ[2] ਹਰਿ ਰਸੁ[3] ਨ ਚਖਿਓ[4] ਕਮਲੁ[5] ਨ ਹੋਇਓ ਪਰਗਾਸੁ[6] ॥

His tongue[2] tastes[4] not the Lord's elixir[3] and his heart-lotus[5] flowers[6] not.

ਉਸ ਦੀ ਜੀਭ[2] ਪ੍ਰਭੂ ਦੇ ਅੰਮ੍ਰਿਤ[3] ਨੂੰ ਨਹੀਂ ਚਖਦੀ[4] ਅਤੇ ਉਸ ਦਾ ਦਿਲ-ਕੰਵਲ[5] ਪ੍ਰਫੁੱਲਤ ਨਹੀਂ ਹੁੰਦਾ[6] ।

ਬਿਖੁ[7] ਖਾਧੀ ਮਨਮੁਖੁ[8] ਮੁਆ ਮਾਇਆ[9] ਮੋਹਿ[10] ਵਿਣਾਸੁ[12]॥

The egocentric[8] dies by eating poison[7] and is ruined[12] by the love[10] of wealth[9].

ਆਪ ਹੁਦਰਾ[8], ਜ਼ਹਿਰ[7] ਖਾ ਕੇ ਮਰ ਜਾਂਦਾ ਹੈ । ਦੌਲਤ[9] ਦੇ ਪਿਆਰ[10] ਨੇ ਉਸ ਨੂੰ ਬਰਬਾਦ ਕਰ ਦਿੱਤਾ[12] ਹੈ ।

ਇਕਸੁ[13] ਹਰਿ ਕੇ ਨਾਮ ਵਿਣੁ ਧ੍ਰਿਗੁ[14] ਜੀਵਣੁ[15] ਧ੍ਰਿਗੁ ਵਾਸੁ[16] ॥

Without the Name of One[13] God, accursed[14] is his life[15] and accursed his habitation[16].

ਇੱਕ[13] ਵਾਹਿਗੁਰੂ ਦੇ ਨਾਮ ਦੇ ਬਗੈਰ, ਲਾਣ੍ਹਤ[14] ਮਾਰੀ ਹੈ ਉਸ ਦੀ ਜ਼ਿੰਦਗੀ[15] ਅਤੇ ਲਾਣ੍ਹਤ[14] ਮਾਰਿਆ ਉਸ ਦਾ ਰਹਿਣ ਦਾ ਥਾਂ[16] ।

ਜਾ[17] ਆਪੇ[18] ਨਦਰਿ[19] ਕਰੇ[20] ਪ੍ਰਭੁ ਸਚਾ ਤਾ[21] ਹੋਵੈ ਦਾਸਨਿ ਦਾਸੁ[22] ॥

When[17] the True Lord of Himself[18] shows[20] mercy[19], then[21] becomes he the slave[22] of the Lord's slaves.

ਜਦ[17] ਸੱਚਾ ਸੁਆਮੀ ਆਪ[18] ਮਿਹਰ[19] ਧਾਰਦਾ[20] ਹੈ ਤਦ[21] ਉਹ ਸਾਂਈਂ ਦੇ ਗੋਲਿਆਂ ਦਾ ਗੋਲਾ[22] ਹੋ ਜਾਂਦਾ ਹੈ ।

ਤਾ ਅਨਦਿਨੁ[23] ਸੇਵਾ[24] ਕਰੇ ਸਤਿਗੁਰੂ ਕੀ ਕਬਹਿ[25] ਨ ਛੋਡੈ ਪਾਸੁ[26] ॥

Then night[23] and day, he serves[24] the True Guru and leaves not his side[26] ever[25].

ਤਦ, ਰੈਣ[23] ਦਿਹੁੰ ਉਹ ਸੱਚੇ ਗੁਰਾਂ ਦੀ ਟਹਿਲ ਕਮਾਉਂਦਾ[24] ਹੈ ਅਤੇ ਕਦੇ[25] ਭੀ ਉਨ੍ਹਾਂ ਦੀ ਨੇੜਤਾ[26] ਨਹੀਂ ਛੱਡਦਾ ।

ਜਿਉ[27] ਜਲ[28] ਮਹਿ[29] ਕਮਲੁ[30] ਅਲਿਪਤੋ[31] ਵਰਤੈ[32] ਤਿਉ[34] ਵਿਚੇ ਗਿਰਹ[35] ਉਦਾਸੁ[36] ॥

As[27] the lotus[30] remains[32] un-affected[31] in[29] water[28], so[34] remains he detached[36] in his household[35].

ਜਿਸ ਤਰ੍ਹਾਂ[27] ਕੰਵਲ[30] ਪਾਣੀ[28] ਵਿਚ[29] ਨਿਰਲੇਪ[31] ਰਹਿੰਦਾ[32] ਹੈ, ਏਸੇ ਤਰ੍ਹਾਂ[34] ਹੀ ਉਹ ਘਰਬਾਰੀ ਜੀਵਨ[35] ਵਿਚ ਅਟੰਕ[36] ਰਹਿੰਦਾ ਹੈ ।

ਜਨ[37] ਨਾਨਕ ਕਰੇ[38] ਕਰਾਇਆ[44] ਸਭੁ[45] ਕੋ ਜਿਉ[39] ਭਾਵੈ[40] ਤਿਵ[41] ਹਰਿ [42]ਗੁਣਤਾਸੁ[43] ॥੨॥

O slave[37] Nanak, God, the Treasure[43] of virtues[42], so[41] acts[38] and makes all[45] others act[44] as[40] He wills[40].

ਹੇ ਗੋਲੇ ਨਾਨਕ ! ਵਾਹਿਗੁਰੂ ਨੇਕੀਆਂ[42] ਦਾ ਖ਼ਜ਼ਾਨਾ[43], ਹੈ; ਜਿਸ ਤਰ੍ਹਾਂ[39] ਉਸ ਨੂੰ ਭਾਉਂਦਾ[40] ਹੈ, ਉਸੇ ਤਰ੍ਹਾਂ[41] ਹੀ ਕਰਦਾ[38] ਅਤੇ ਹੋਰ ਸਾਰਿਆਂ[45] ਕੋਲੋਂ ਕਰਾਉਂਦਾ[44] ਹੈ ।

ਪਉੜੀ ॥

Pauri.

ਛਤੀਹ ਜੁਗ ਗੁਬਾਰੁ[46] ਸਾ[47] ਆਪੇ[48] ਗਣਤ[49] ਕੀਨੀ ॥

For thirtysix ages, there was[47] utter darkness[46] Then the Lord, of Himself[48], manifested[49] Himself.

ਛੱਤੀ ਯੁੱਗ ਅਨ੍ਹੇਰ[42] ਘੁੱਪ ਸੀ[47] । ਤਦ ਪ੍ਰਭੂ ਨੇ ਖ਼ੁਦ[48] ਹੀ ਆਪਣੇ ਆਪ ਨੂੰ ਪ੍ਰਗਟ[49] ਕੀਤਾ ।

ਆਪੇ ਸ੍ਰਿਸਟਿ[50] ਸਭ ਸਾਜੀਅਨੁ[51] ਆਪਿ ਮਤਿ[52] ਦੀਨੀ[53] ॥

He Himself created[51] the entire creation[50] and Himself blessed[55] it with understanding[52].

ਉਸ ਨੇ ਆਪ ਹੀ ਸਾਰੀ ਰਚਨਾ[50] ਰਚੀ[51] ਹੈ ਅਤੇ ਆਪੇ ਹੀ ਇਸ ਨੂੰ ਸੋਚ ਸਮਝ[52] ਬਖ਼ਸ਼ੀ[53] ਹੈ ।

ਸਿਮ੍ਰਿਤਿ ਸਾਸਤ ਸਾਜਿਅਨੁ[54] ਪਾਪ[55] ਪੁੰਨ[56] ਗਣਤ[57] ਗਣੀਨੀ[58] ॥

He created[54] the Shashtras and Simirtis and made[58] the inventory[57] of vice[55] and virtue[56].

ਉਸ ਨੇ ਸ਼ਾਸ਼ਤਰ ਅਤੇ ਸਿਮ੍ਰਿਤੀਆਂ ਬਣਾਈਆਂ[54] ਅਤੇ ਬਦੀ[55] ਤੇ ਨੇਕੀ[56] ਦੀ ਫ਼ਹਿਰਿਸਤ[57] ਤਿਆਰ[58] ਕੀਤੀ ।

ਜਿਸੁ ਬੁਝਾਏ[59] ਸੋ[60] ਬੁਝਸੀ ਸਚੈ ਸਬਦਿ[61] ਪਤੀਨੀ[62] ॥

He, whom the Lord instructs[59], he[60] is instructed and pleased[62] with His True Name[61].

ਜਿਸ ਨੂੰ ਸੁਆਮੀ ਸਮਝਾਉਂਦਾ[59] ਹੈ, ਉਹ[60] ਸਮਝ ਜਾਂਦਾ ਹੈ ਅਤੇ ਉਸ ਦੇ ਸੱਚੇ ਨਾਮ[61] ਨਾਲ ਪ੍ਰਸੰਨ ਹੋ ਜਾਂਦਾ[62] ਹੈ ।

ਸਭਿ[63] ਆਪੇ ਆਪਿ[64] ਵਰਤਦਾ[65] ਆਪੇ ਬਖਸਿ[66] ਮਿਲਾਈ[67] ॥੭॥

By Himself[64] the Lord is pervading[65] all[63]. Of Himself, He forgives[66] and unites[67] one with Himself.

ਖ਼ੁਦ-ਬ-ਖ਼ੁਦ[64] ਹੀ ਸਾਂਈਂ ਸਾਰਿਆਂ[63] ਅੰਦਰ ਵਿਆਪਕ ਹੋ ਰਿਹਾ[65] ਹੈ । ਆਪੇ ਹੀ ਉਹ ਮੁਆਫ਼ ਕਰਦਾ[66] ਹੈ ਅਤੇ ਜੀਵ ਨੂੰ ਆਪਣੇ ਨਾਲ ਮਿਲਾ ਲੈਂਦਾ[67] ਹੈ ।

ਸਲੋਕ ਮ: ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਇਹੁ ਤਨੁ[68] ਸਭੋ ਰਤੁ[69] ਹੈ ਰਤੁ ਬਿਨੁ ਤੰਨੁ ਨ ਹੋਇ[70] ॥

This body[68] is all blood[69]. Without blood, the body can exist[70] not.

ਇਹ ਸਰੀਰ[68] ਸਾਰਾ ਲਹੂ[69] ਹੀ ਹੈ । ਲਹੂ ਦੇ ਬਾਝੋਂ ਸਰੀਰ ਬਚ ਨਹੀਂ ਸਕਦਾ ।

ਜੋ ਸਹਿ[71] ਰਤੇ[72] ਆਪਣੈ ਤਿਨ ਤਨਿ ਲੋਭ[73] ਰਤੁ ਨ ਹੋਇ ॥

They, who are imbued[72] with their Lord[71]; their body contains not the blood of avarice[73].

ਜਿਹੜੇ ਆਪਣੇ ਸੁਆਮੀ[71] ਦੇ ਨਾਲ ਰੰਗੀਜੇ[72] ਹਨ; ਉਨ੍ਹਾਂ ਦੇ ਸਰੀਰ ਦੇ ਅੰਦਰ ਲਾਲਚ[73] ਦਾ ਲਹੂ ਨਹੀਂ ਹੁੰਦਾ ।

ਭੈ[74] ਪਇਐ[75] ਤਨੁ ਖੀਣੁ[76] ਹੋਇ ਲੋਭ ਰਤੁ ਵਿਚਹੁ[77] ਜਾਇ[78] ॥

Entertaining[75] the Lord's Fear[74], the body becomes lean[76] and the blood of greed passes out[78] from within[77].

ਸਾਂਈਂ ਦਾ ਡਰ[74] ਧਾਰਨ ਕਰਨ[75] ਦੁਆਰਾ ਦੇਹ ਦੁਬਲੀ[76] ਪਤਲੀ ਹੋ ਜਾਂਦੀ ਹੈ ਅਤੇ ਲੋਭ ਦਾ ਲਹੂ ਅੰਦਰੋਂ[77] ਨਿਕਲ ਜਾਂਦਾ[78] ਹੈ ।

ਜਿਉ[79] ਬੈਸੰਤਰਿ[80] ਧਾਤੁ[81] ਸੁਧੁ[82] ਹੋਇ ਤਿਉ[83] ਹਰਿ ਕਾ ਭਉ[84] [85]ਦੁਰਮਤਿ[86] ਮੈਲੁ[87] ਗਵਾਇ[88] ॥

As[79] the metal[81] is purified[82] with fire[80], so[83] does the fear[34] of God destroy[88] the filth[87] of the evil[85] mind[86].

ਜਿਸ ਤਰ੍ਹਾਂ[79] ਧਾਤੂ[81] ਅੱਗ[80] ਨਾਲ ਸਾਫ਼ ਸੁਥਰੀ ਹੋ ਜਾਂਦੀ[82]ਹੈ, ਏਸੇ ਤਰ੍ਹਾਂ[83] ਹੀ ਵਾਹਿਗੁਰੂ ਦਾ ਡਰ[84] ਮੈਲੇ[85] ਮਨ[86] ਦੀ ਮਲੀਣਤਾ[87] ਨੂੰ ਨਾਸ ਕਰ ਦਿੰਦਾ[88] ਹੈ ।

ਨਾਨਕ ਤੇ[89] ਜਨ[90] ਸੋਹਣੇ[91] ਜੋ ਰਤੇ[92] ਹਰਿ ਰੰਗੁ[93] ਲਾਇ[94] ॥੧॥

Nanak, handsome[91] are the[89] persons[90], who are imbued[92] by enshrining[94] the Lord's love[93].

ਨਾਨਕ, ਸੁਨੱਖੇ[91] ਹਨ ਉਹ[89] ਪੁਰਸ਼[90] ਜੋ ਪ੍ਰਭੂ ਦੀ ਪ੍ਰੀਤ[93] ਧਾਰਨ ਕਰਨ[94] ਦੁਆਰਾ ਰੰਗੇ ਗਏ[92] ਹਨ ।

੯੫੦

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਰਾਮਕਲੀ ਰਾਮੁ[95] ਮਨਿ[96] ਵਸਿਆ[97] ਤਾ[98] ਬਨਿਆ ਸੀਗਾਰੁ[99] ॥

Through Ram Kali measure, I have enshrined[97] the Lord[95] in my mind[96]. Then[98] alone am I deemed to have been embellished[99].

ਰਾਮਕਲੀ ਰਾਗ ਰਾਹੀਂ ਮੈਂ ਸੁਆਮੀ[95] ਨੂੰ ਆਪਣੇ ਹਿਰਦੇ[96] ਅੰਦਰ ਟਿਕਾਇਆ[96] ਹੈ । ਤਾਂ[98] ਹੀ ਮੈਂ ਸ਼ਸ਼ੋਭਤ ਹੋਈ[99] ਜਾਣੀ ਜਾਂਦੀ ਹਾਂ ।

ਗੁਰ ਕੈ ਸਬਦਿ[100] ਕਮਲੁ[2] ਬਿਗਸਿਆ[3] ਤਾ ਸਉਪਿਆ[4] ਭਗਤਿ[5] ਭੰਡਾਰੁ[6] ॥

When by Guru's instruction[100], my heart-lotus[2] bloomed[3], then the Lord blessed[4] me with the treasure[6] of His devotion[5].

ਜਦੋਂ ਗੁਰਾਂ ਦੇ ਉਪਦੇਸ਼[100] ਦੁਆਰਾ ਮੇਰਾ ਦਿਲ ਕੰਵਲ[2] ਖਿੜ ਗਿਆ[3], ਤਦ ਪ੍ਰਭੂ ਨੇ ਮੈਨੂੰ ਆਪਣੀ ਸ਼ਰਧਾ[5], ਪ੍ਰੇਮ ਦਾ ਖ਼ਜ਼ਾਨਾ[5] ਬਖ਼ਸ਼ ਦਿੱਤਾ[4] ।

ਭਰਮੁ[7] ਗਇਆ[8] ਤਾ ਜਾਗਿਆ[9] ਚੂਕਾ[10] ਅਗਿਆਨ[12] ਅੰਧਾਰੁ[13] ॥

When my doubt[7] was dispelled[8], then did I wake up[9] and the darkness[13] of my ignorance[12] was removed[10].

ਜਦ ਮੇਰਾ ਵਹਿਮ[7] ਦੂਰ ਹੋ ਗਿਆ[8], ਤਦ ਮੈਂ ਜਾਗ ਉੱਠਿਆ[9] ਅਤੇ ਮੇਰੀ ਬੇਸਮਝੀ[12] ਦਾ ਅਨ੍ਹੇਰਾ[13] ਮਿਟ ਗਿਆ[10] ।

ਤਿਸ ਨੋ ਰੂਪੁ[12] ਅਤਿ[15] ਅਗਲਾ[16] ਜਿਸੁ ਹਰਿ ਨਾਲਿ ਪਿਆਰੁ[17] ॥

She who loves[17] his Lord, is endowed with infinitely[15] plentiful[16] beauty[14].

ਜੋ ਆਪਣੇ ਪ੍ਰਭੂ ਨਾਲ ਪ੍ਰੇਮ ਕਰਦੀ[17] ਹੈ ਉਸ ਨੂੰ ਅਤਿਅੰਤ[15] ਸੁੰਦਰਤਾ[14] ਦੀ ਦਾਤ ਮਿਲਦੀ ਹੈ ।

ਸਦਾ[18] ਰਵੈ[19]ਪਿਰੁ[20] ਆਪਣਾ ਸੋਭਾਵੰਤੀ[21] ਨਾਰਿ[22] ॥

Such an illustrious[21] bride[22] ever[18] enjoys[19] her Groom[20].

ਐਹੋ ਜਿਹੀ ਸੁਭਾਇਮਾਨ[21] ਪਤਨੀ[22] ਸਦੀਵ[18] ਹੀ ਆਪਣੇ ਪਤੀ[20] ਨੂੰ ਮਾਣਦੀ[19] ਹੈ ।

ਮਨਮੁਖਿ[23] ਸੀਗਾਰੁ[24] ਨ ਜਾਣਨੀ ਜਾਸਨਿ[28] ਜਨਮੁ[25] ਸਭੁ[27] ਹਾਰਿ[26] ॥

The way-ward[23] brides know not how to decorate[24] themselves with the Name, so they depart[28] after losing[26] their entire[27] life[25].

ਆਪ ਹੁਦਰੀਆਂ[23] ਪਤਨੀਆਂ ਆਪਣੇ ਆਪ ਨੂੰ ਨਾਮ ਨਾਲ ਸ਼ਿੰਗਾਰਨਾ[24] ਨਹੀਂ ਜਾਣਦੀਆਂ, ਇਸ ਲਈ ਉਹ ਆਪਣਾ ਸਮੂਹ[27] ਜੀਵਨ[25] ਗੁਆ ਕੇ[26] ਟੁਰ ਜਾਂਦੀਆਂ[28] ਹਨ ।

ਬਿਨੁ ਹਰਿ ਭਗਤੀ[29] ਸੀਗਾਰੁ[30] ਕਰਹਿ ਨਿਤ[31] ਜੰਮਹਿ[32] ਹੋਇ ਖੁਆਰੁ[33] ॥

They who embellish[30] themselves with something other than the Lord's meditation[29], are ever[31] born[32] and bathered[33].

ਜੋ ਸੁਆਮੀ ਦੇ ਸਿਮਰਨ[29] ਦੇ ਬਗ਼ੈਰ ਹੋਰ ਕਿਸੇ ਸ਼ੈ ਨਾਲ ਆਪਣੇ ਆਪ ਨੂੰ ਸ਼ਸ਼ੋਭਤ ਕਰਦੇ[30] ਹਨ ਉਹ ਸਦਾ[31] ਹੀ ਜੰਮਦੇ[32] ਅਤੇ ਖ਼ੱਜਲ-ਖ਼ੁਆਰ ਹੁੰਦੇ[33] ਹਨ ।

ਸੰਸਾਰੈ[34] ਵਿਚਿ ਸੋਭ[35] ਨ

They obtain not honour[35] in this

ਉਹ ਇਸ ਜਹਾਨ[34] ਅੰਦਰ ਇੱਜ਼ਤ ਆਬਰੂ[35] ਨਹੀਂ

ਪਾਇਨੀ ਅਗੈ[36] ਜਿ ਕਰੇ[37] ਸੁ[38] ਜਾਣੈ ਕਰਤਾਰੁ[39] ॥

world[34] and how the Creator[39] treats[37] them hereafter[36], that He[38] alone knows.

ਪਾਉਂਦੇ ਅਤੇ ਏਦੂੰ ਮਗਰੋਂ[36] ਸਿਰਜਣਹਾਰ[39] ਉਨ੍ਹਾਂ ਨਾਲ ਕਿਹੋ ਜਿਹਾ ਸਲੂਕ[37] ਕਰੂਗਾ, ਉਸ ਨੂੰ ਕੇਵਲ ਉਹ[38] ਹੀ ਜਾਣਦਾ ਹੈ ।

ਨਾਨਕ ਸਾਚਾ[40] ਏਕੁ[41] ਹੈ ਦੁਹੁ[42] ਵਿਚਿ ਹੈ ਸੰਸਾਰੁ ॥

Nanak, the True Lord[40] alone[41] is ever alive, while the world is in the power of birth and death, both[42].

ਨਾਨਕ, ਕੇਵਲ[41] ਸੱਚਾ ਸਾਂਈਂ[40] ਹੀ ਹਮੇਸ਼ਾ ਲਈ ਜੀਉਂਦਾ ਜਾਗਦਾ ਹੈ, ਜਦ ਕਿ ਦੁਨੀਆ ਮਰਨ ਤੇ ਜੰਮਣ ਦੋਹਾਂ[42] ਦੇ ਵਸ ਵਿੱਚ ਹੈ ।

ਚੰਗੈ[43] ਮੰਦੈ[44] ਆਪਿ ਲਾਇਅਨੁ[45] ਸੋ[46] ਕਰਨਿ ਜਿ[47] ਆਪਿ ਕਰਾਏ ਕਰਤਾਰੁ[48] ॥੨॥

God Himself yokes[45] mortals to virtue[43] and vice[44]. They do only that[46], which[47] the Creator[48] Himself makes them do.

ਵਾਹਿਗੁਰੂ ਆਪੇ ਹੀ ਪ੍ਰਾਨੀਆਂ ਨੂੰ ਨੇਕੀ[43] ਤੇ ਬਦੀ[44] ਨਾਲ ਜੋੜਦਾ[45] ਹੈ । ਉਹ, ਕੇਵਲ ਉਹ[46] ਹੀ ਕਰਦੇ ਹਨ, ਜੋ[47] ਸਿਰਜਣਹਾਰ[48] ਉਨ੍ਹਾਂ ਕੋਲੋਂ ਕਰਵਾਉਂਦਾ ਹੈ ।

ਮ: ੩ ॥

3rd Gutu.

ਤੀਜੀ ਪਾਤਿਸ਼ਾਹੀ ।

ਬਿਨੁ ਸਤਿਗੁਰ ਸੇਵੇ[49] ਸਾਂਤਿ[50] ਨ ਆਵਈ ਦੂਜੀ[51] ਨਾਹੀ ਜਾਇ[52] ॥

Without serving[49] the True Guru, peace[50] is attained not. Save the True Guru, there is no other[51] place[52] to obtain it.

ਸੱਚੇ ਗੁਰਾਂ ਦੀ ਘਾਲ ਕਮਾਉਣ[49] ਦੇ ਬਗੈਰ ਠੰਢ ਚੈਨ[50] ਪ੍ਰਾਪਤ ਨਹੀਂ ਹੁੰਦੀ । ਸੱਚੇ ਗੁਰਾਂ ਦੇ ਬਾਝੋਂ ਇਸ ਦੀ ਪ੍ਰਾਪਤੀ ਦੀ ਹੋਰ[51] ਕੋਈ ਥਾਂ[52] ਨਹੀਂ ।

ਜੇ ਬਹੁਤੇਰਾ[53] ਲੋਚੀਐ[54] ਵਿਣੁ ਕਰਮਾ[55] ਪਾਇਆ[56] ਨ ਜਾਇ ॥

However much[53] man may wish[54], he attains[56] not to the Guru, unless he is so destined[55].

ਆਦਮੀ ਜਿੰਨੀ ਬਹੁਤੀ[53] ਚਾਹਨਾ[54] ਪਿਆ ਕਰੇ, ਐਹੋ ਜੇਹੀ ਲਿਖੀ ਹੋਈ ਪ੍ਰਾਲਬਦ[55] ਦੇ ਬਾਝੋਂ ਗੁਰੂ ਜੀ ਉਸ ਨੂੰ ਪ੍ਰਾਪਤ[56] ਨਹੀਂ ਹੁੰਦੇ ।

ਅੰਤਰਿ[57] ਲੋਭੁ[58] ਵਿਕਾਰੁ[59] ਹੈ ਦੂਜੈ[60] ਭਾਇ[61] ਖੁਆਇ[62] ॥

He, within whose mind[57] is the sin[59] of avarice[58], is ruined[62] through the love[61] of another[60].

ਜਿਸ ਦੇ ਹਿਰਦੇ[57] ਅੰਦਰ ਲਾਲਚ[58] ਦਾ ਪਾਪ[59] ਹੈ ਉਹ ਹੋਰਸ[60] ਦੇ ਪਿਆਰ[61] ਰਾਹੀਂ ਬਰਬਾਦ ਹੋ ਜਾਂਦਾ[62] ਹੈ ।

ਤਿਨ ਜੰਮਣੁ ਮਰਣੁ ਨ ਚੁਕਈ[63] ਹਉਮੈ[64] ਵਿਚਿ ਦੁਖੁ[65] ਪਾਇ[66] ॥

His births and deaths end[63] not and engrossed in ego[64], he suffers[66] pain[65].

ਉਸ ਦੇ ਜੰਮਣੇ ਅਤੇ ਮਰਣੇ ਮੁਕਦੇ[63] ਨਹੀਂ ਅਤੇ ਹੰਕਾਰ[64] ਅੰਦਰ ਖੱਚਤ ਹੋਇਆ ਹੋਇਆ ਉਹ ਦੁਖ[65] ਉਠਾਉਂਦਾ[66] ਹੈ ।

ਜਿਨੀ ਸਤਿਗੁਰ ਸਿਉ ਚਿਤੁ ਲਾਇਆ[67] ਸੋ ਖਾਲੀ[68] ਕੋਇ ਨਾਹਿ ॥

They, who attach[67] their mind to the True Guru; None of them remains empty-handed[68].

ਜੋ ਆਪਣੇ ਮਨ ਨੂੰ ਸੱਚੇ ਗੁਰਾਂ ਨਾਲ ਜੋੜਦੇ[67] ਹਨ; ਉਨ੍ਹਾਂ ਵਿਚੋਂ ਕੋਈ ਭੀ ਸਖਣੇ-ਹੱਥ[68] ਨਹੀਂ ਰਹਿੰਦਾ ।

ਤਿਨ ਜਮ[69] ਕੀ ਤਲਬ[70] ਨ ਹੋਵਈ ਨਾ ਓਇ ਦੁਖ ਸਹਾਹਿ[71] ॥

They are summoned[70] not by death's courier[69], nor do they suffer[71] pain.

ਉਨ੍ਹਾਂ ਨੂੰ ਮੌਤ ਦਾ ਦੂਤ[69] ਪੁਛ[70] ਨਹੀਂ ਕਰਦਾ, ਨਾ ਹੀ ਉਹ ਕਸ਼ਟ ਸਹਾਰਦੇ[71] ਹਨ ।

ਨਾਨਕ ਗੁਰਮੁਖਿ[72] ਉਬਰੇ[73] ਸਚੈ ਸਬਦਿ[74] ਸਮਾਹਿ[75]॥੩॥

Nanak, by Guru's grace[72], they are emancipated[73] and they merge[75] in the True Lord[74].

ਨਾਨਕ ਗੁਰਾਂ ਦੀ ਰਹਿਮਤ[72] ਸਦਕਾ ਉਹ ਮੁਕਤ ਹੋ ਜਾਂਦੇ[73] ਹਨ ਅਤੇ ਸੱਚੇ ਸੁਆਮੀ[74] ਅੰਦਰ ਲੀਨ ਥੀ ਵੰਞਦੇ[75] ਹਨ ।

ਪਉੜੀ ॥

Pauri.

ਪਉੜੀ ।

ਆਪਿ[80] ਅਲਿਪਤੁ[76] ਸਦਾ[77]

Of Himself[80], the Lord ever[77] remains

ਆਪ[80] ਸੁਆਮੀ ਸਦੀਵ[77] ਹੀ ਨਿਰਲੇਪ[76] ਵਿਚਰਦਾ ਹੈ;

ਰਹੈ ਹੋਰਿ ਧੰਧੈ[78] ਸਭਿ ਧਾਵਹਿ[79] ॥

detached[76]. All others run after[79] worldly affairs[78].

ਹੋਰ ਸਾਰੇ ਸੰਸਾਰੀ ਵਿਹਾਰਾਂ[78] ਅੰਦਰ ਭੱਜੇ ਫਿਰਦੇ[79] ਹਨ ।

ਆਪਿ ਨਿਹਚਲੁ[80*] ਅਚਲੁ[81] ਹੈ ਹੋਰਿ ਆਵਹਿ ਜਾਵਹਿ ॥

Himself the Lord is ever-stable[80*] and moveless[81]. Others continue coming and going.

ਆਪ ਹਰੀ ਸਦੀਵੀ[80*] ਸਥਿਰ ਅਤੇ ਅਹਿੱਲ[81] ਹੈ । ਹੋਰ ਆਉਂਦੇ ਤੇ ਜਾਂਦੇ ਰਹਿੰਦੇ ਹਨ ।

ਸਦਾ[82] ਸਦਾ ਹਰਿ ਧਿਆਈਐ[83] ਗੁਰਮੁਖਿ[84] ਸੁਖੁ ਪਾਵਹਿ ॥

Ever[83], ever contemplating[83] the Lord, the pious persons[84] attain to peace.

ਸਦੀਵ[82], ਸਦੀਵ ਹੀ ਸੁਆਮੀ ਦਾ ਸਿਮਰਨ ਕਰਨ[83] ਦੁਆਰਾ ਪਵਿੱਤਰ ਪੁਰਸ਼[84] ਸੁਖ ਪਾਉਂਦੇ ਹਨ ।

ਨਿਜ[85] ਘਰਿ[86] ਵਾਸਾ[87] ਪਾਈਐ ਸਚਿ[88] ਸਿਫਤਿ[99] ਸਮਾਵਹਿ[90] ॥

They abide[87] in their own[85] home[86] and get merged[90] in the True[88] Lord's praise[89].

ਉਹ ਆਪਣੇ ਨਿੱਜ[85] ਘਰ[86] ਅੰਦਰ ਵਸਦੇ[87] ਹਨ ਅਤੇ ਸੱਚੇ ਸਾਹਿਬ[88] ਦੀ ਸਿਫਤ-ਸਲਾਹ[89] ਅੰਦਰ ਲੀਨ[90] ਬੀ ਵੰਝਦੇ ਹਨ ।

ਸਚਾ[91] ਗਹਿਰ[92] ਗੰਭੀਰੁ[83] ਹੈ ਗੁਰ ਸਬਦਿ[94] ਬੁਝਾਈ[95]॥੮॥

Profound[92] and Unfathomable[93] is the True[91] Lord. It is through the Guru's word[94], that He is realised[95].

ਡੂੰਘਾ[92] ਅਤੇ ਅਥਾਹ[93] ਹੈ ਸੱਚਾ[91] ਸੁਆਮੀ । ਗੁਰਾਂ ਦੀ ਬਾਣੀ[94] ਰਾਹੀਂ ਉਹ ਅਨੁਭਵ ਕੀਤਾ ਜਾਂਦਾ[95] ਹੈ ।

ਸਲੋਕ ਮ: ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਸਚਾ ਨਾਮੁ ਧਿਆਇ[96] ਤੂ ਸਭੋ[97] ਵਰਤੈ[98] ਸਚੁ[99] ॥

Meditate[96] thou on the True Name. The True Lord[100] is pervading[98] everywhere[97].

ਤੂੰ ਸੱਚੇ ਨਾਮ ਦਾ ਆਰਾਧਨ ਕਰ[96] । ਸੱਚਾ ਸਾਂਈਂ[99] ਸਾਰੀ ਥਾਂਈ[97] ਵਿਆਪਕ ਹੋ ਰਿਹਾ[98] ਹੈ ।

ਨਾਨਕ ਹੁਕਮੈ[100] ਜੋ ਬੁਝੈ[2] ਸੋ[3] ਫਲੁ[4] ਪਾਏ ਸਚੁ ॥

Nanak, he[3], who realises[2] the Lord's will[100], obtains the fruit[4] of truth.

ਨਾਨਕ, ਜਿਹੜਾ ਸਾਹਿਬ ਦੀ ਰਜ਼ਾ[100] ਨੂੰ ਸਮਝਦਾ[2] ਹੈ, ਉਹ[3] ਸੱਚ ਦੇ ਮੇਵੇ[4] ਨੂੰ ਪਾ ਲੈਂਦਾ ਹੈ ।

ਕਥਨੀ[5] ਬਦਨੀ[6] ਕਰਤਾ[7] ਫਿਰੈ ਹੁਕਮੁ[8] ਨ ਬੂਝੈ[9] ਸਚੁ ॥

He, who indulges[7] in the mere words[5] of mouth[6], understands[9] not the True Lord's command[8].

ਜੋ ਕੇਵਲ ਮੂੰਹ-ਜ਼ਬਾਨੀ[6] ਹੀ ਗੱਲਾਂ ਬਾਤਾਂ[5] ਕਰਦਾ ਫਿਰਦਾ[7] ਹੈ, ਉਹ ਸੱਚੇ ਸਾਹਿਬ ਦੇ ਫ਼ਰਮਾਨ[8] ਨੂੰ ਨਹੀਂ ਸਮਝਦਾ[9] ।

ਨਾਨਕ ਹਰਿ ਕਾ ਭਾਣਾ[10] ਮੰਨੇ[12] ਸੋ ਭਗਤੁ[13] ਹੋਇ ਵਿਣੁ ਮੰਨੇ ਕਚੁ ਨਿਕਚੁ[14] ॥ ੧॥

Nanak, he who accepts[12] God's will[10], is His devotee[13]. Without accepting it, one is the falsest of the false[14].

ਨਾਨਕ, ਜੋ ਵਾਹਿਗੁਰੂ ਦੀ ਰਜ਼ਾ[10] ਨੂੰ ਕਬੂਲ ਕਰਦਾ[12] ਹੈ, ਉਹ ਹੀ ਉਸ ਦਾ ਸਰਧਾਲੂ[13] ਹੈ । ਇਸ ਨੂੰ ਕਬੂਲ ਕਰਨ ਦੇ ਬਾਝੋਂ ਇਨਸਾਨ ਕੂੜਿਆਂ ਦਾ ਪਰਮ ਕੂੜਾ[14] ਹੈ ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਮਨਮੁਖ[19] ਬੋਲਿ[15] ਨ ਜਾਣਨੀ ਓਨਾ ਅੰਦਰਿ ਕਾਮੁ[16] ਕ੍ਰੋਧੁ[17] ਅਹੰਕਾਰੁ[18] ॥

The apostates[19] know not what the sweet speech[15] is. Within them is lust[16], wrath[12] and ego[18].

ਅਧਰਮੀ[19] ਨਹੀਂ ਜਾਣਦੇ ਕਿ ਮਿੱਠੀ ਬੋਲ ਬਾਣੀ[15] ਕੀ ਹੈ । ਉਨ੍ਹਾਂ ਦੇ ਅੰਦਰ ਵਿਸ਼ੇ ਭੋਗ[16], ਗੁੱਸਾ[17] ਅਤੇ ਹੰਗਤਾ[18] ਹੈ ।

ਓਇ ਥਾਉ ਕੁਥਾਉ[20] ਨ ਜਾਣਨੀ ਉਨਾ ਅੰਤਰਿ[22] ਲੋਭੁ[23] ਵਿਕਾਰੁ[24] ॥

Place and improper[20] place[21] they know not. Within their heart[22] is avarice[23] and vice[24].

ਉਹ ਮੁਨਾਸਬ ਜਗ੍ਹਾ, ਤੇ ਨਾ-ਮੁਨਾਸਬ[20] ਜਗ੍ਹਾ[21], ਨੂੰ ਨਹੀਂ ਜਾਣਦੇ । ਉਨ੍ਹਾਂ ਦੇ ਦਿਲ[22] ਵਿਚ ਲਾਲਚ[23] ਅਤੇ ਪਾਪ[24] ਹੈ ।

ਓਇ ਆਪਣੈ ਸੁਆਇ[25]

They come, sit[26] and talk for their

ਉਹ ਆਪਣੇ ਮਤਲਬ[25] ਲਈ ਆ ਕੇ ਬੈਠਦੇ[26] ਤੇ

ਆਇ ਬਹਿ[26] ਗਲਾ ਕਰਹਿ ਓਨਾ ਮਾਰੇ[27] ਜਮੁ[28] ਜੰਦਾਰੁ[29]॥

self-interest[25]. Them smites[27] the Death's[28] courier[29].

ਗੱਲਾਂ ਕਰਦੇ ਹਨ। ਮੌਤ[28] ਦਾ ਦੂਤ[29] ਉਨ੍ਹਾਂ ਨੂੰ ਸਜ਼ਾ ਦਿੰਦਾ[27] ਹੈ।

ਅਗੈ[30] ਦਰਗਹ[31] ਲੇਖੈ[32] ਮੰਗਿਐ[33] ਮਾਰਿ[34] ਖੁਆਰੁ[35] ਕੀਚਹਿ ਕੂੜਿਆਰ[36] ॥

Hereafter[30], the mortrls are called[33] to account[32] in the Lord's court[31]. The false[36] ones are thrashed[34] and humiliated[35].

ਏਦੂੰ ਮਗਰੋਂ[30] ਪ੍ਰਾਣੀਆਂ ਪਾਸੋਂ ਪ੍ਰਭੂ ਦੇ ਦਰਬਾਰ[31] ਅੰਦਰ ਹਿਸਾਬ ਕਿਤਾਬ[32] ਤਲਬ ਕੀਤਾ ਜਾਂਦਾ[33] ਹੈ। ਕੂੜੇ ਬੰਦੇ[36] ਕੁੱਟ ਫਾਟ ਕੇ[34] ਬੇਇੱਜ਼ਤ ਕੀਤੇ ਜਾਂਦੇ[75] ਹਨ।

ਏਹ ਕੂੜੈ[37] ਕੀ ਮਲੁ[38] ਕਿਉ[39] ਉਤਰੈ[40] ਕੋਈ ਕਢਹੁ[41] ਇਹੁ[42] ਵੀਚਾਰੁ[43] ॥

How[39] can the filth[38] of this falsehood[37] be washed off[40]? Let someone think[43] and find out[41] its[42] way.

ਇਸ ਝੂਠ[37] ਦੀ ਮਲੀਣਤਾ[38] ਕਿਸ ਤਰ੍ਹਾਂ[39] ਧੋਤੀ[40] ਜਾ ਸਕਦੀ ਹੈ? ਕੋਈ ਜਣਾ ਸੋਚ ਵਿਚਾਰ[43] ਕੇ ਇਸ[42] ਦਾ ਰਸਤਾ ਲੱਭੇ[41]।

ਸਤਿਗੁਰ ਮਿਲੈ ਤਾ[44] ਨਾਮੁ ਦਿੜਾਏ[45] ਸਭਿ ਕਿਲਵਿਖ[46] ਕਟਣਹਾਰੁ[47] ॥

If one meets with the True Guru, then[43] implants[45] he the Name within him, which destroys[47] all his sins[46].

ਜੇਕਰ ਸੱਚੇ ਗੁਰੂ ਜੀ ਇਨਸਾਨ ਨੂੰ ਮਿਲ ਪੈਣ, ਤਦ[44] ਉਹ ਉਸ ਦੇ ਅੰਦਰ ਨਾਮ ਪੱਕਾ ਕਰਦੇ[45] ਹਨ ਜੋ ਉਸ ਦੇ ਸਮੂਹ ਪਾਪਾਂ[46] ਨੂੰ ਨਾਸ ਕਰ ਦਿੰਦਾ[47] ਹੈ।

ਨਾਮੁ ਜਪੈ[48] ਨਾਮੋ ਆਰਾਧੈ[49] ਤਿਸੁ[50] ਜਨ[51] ਕਉ ਕਰਹੁ ਸਭਿ ਨਮਸਕਾਰੁ[52] ॥

Let all the men make obeisance[52] unto that[50] mortal[51], who utters[48] the Name and meditates[49] on the Name.

ਸਾਰੇ ਜਣੇ ਉਸ[50] ਪ੍ਰਾਣੀ[51] ਨੂੰ ਪ੍ਰਣਾਮ ਕਰੋ[52] ਜੋ ਨਾਮ ਦਾ ਉਚਾਰਨ ਕਰਦਾ[48] ਹੈ ਅਤੇ ਨਾਮ ਨੂੰ ਹੀ ਸਿਮਰਦਾ[49] ਹੈ।

ਮਲੁ[53] ਕੂੜੀ[54] ਨਾਮਿ ਉਤਾਰੀਅਨੁ[55] ਜਪਿ[56] ਨਾਮੁ ਹੋਆ ਸਚਿਆਰੁ[57] ॥

The filth[53] of falsehood[54] is washed off[55] with the Lord's Name, Uttering[56] the Name one becomes truthful[57].

ਝੂਠ[54] ਦੀ ਗੰਦਗੀ[53] ਸੁਆਮੀ ਦੇ ਨਾਮ ਨਾਲ ਧੋਤੀ ਜਾਂਦੀ[55] ਹੈ। ਨਾਮ ਦੇ ਉਚਾਰਨ[56] ਰਾਹੀਂ ਬੰਦਾ ਸਤਵਾਦੀ[57] ਹੋ ਜਾਂਦਾ ਹੈ।

੯੫੧

ਜਨ[58] ਨਾਨਕ ਜਿਸ ਦੇ ਏਹਿ[59] ਚਲਤ[60] ਹਹਿ[63] ਸੋ ਜੀਵਉ[61] ਦੇਵਣਹਾਰੁ[62] ॥੨॥

Ever-stable[61] and life giver is the Beneficent Lord[62], O slave[58] Nanak, such[59] are[63] whose wondrous plays[60]

ਸਦੀਵੀ ਸਥਿਰ[61] ਹੈ ਉਹ ਜੀਉ ਦੇਣਹਾਰ ਦਾਤਾਰ[62] ਸੁਆਮੀ। ਹੇ ਗੋਲ੍ਹੇ[58] ਨਾਨਕ! ਐਹੋ ਜੇਹੇ[59] ਅਦਭੁਤ ਕੌਤਕ[60] ਹਨ[63] ਜਿਸ ਦੇ।

ਪਉੜੀ ॥

Pauri.

ਪਉੜੀ।

ਤੁਧੁ ਜੇਵਡੁ[63*] ਦਾਤਾ[64] ਨਾਹਿ ਕਿਸੁ[65] ਆਖਿ[66] ਸੁਣਾਈਐ[67] ॥

No other Bestower[64] is so great[63*] as Thee. Before whom[65] else should I say[66] and narrate[67] my woes.

ਤੇਰੇ ਜਿੱਡਾ ਵੱਡਾ[63*] ਹੋਰ ਕੋਈ ਦਾਤਾਰ[64] ਨਹੀਂ। ਮੈਂ ਹੋਰ ਕੀਹਦੇ[65] ਮੂਹਰੇ ਆਪਣੇ ਦੁੱਖੜੇ ਦੱਸਾਂ[66] ਤੇ ਵਰਨਣ[67] ਕਰਾਂ।

ਗੁਰ ਪਰਸਾਦੀ[68] ਪਾਇ ਜਿਥਹੁ[69] ਹਉਮੈ[70] ਜਾਈਐ[71] ॥

Thou art obtained by the grace[68] of the Guru, through whom[69] self-conceit[70] is stilled[71].

ਤੂੰ ਐਸੇ ਗੁਰਾਂ ਦੀ ਦਇਆ[68] ਦੁਆਰਾ ਪਾਇਆ ਜਾਂਦਾ ਹੈਂ, ਜਿਨ੍ਹਾਂ ਦੀ ਰਾਹੀਂ[69] ਸਵੈ-ਹੰਗਤਾ[70] ਦੂਰ ਹੋ ਜਾਂਦੀ[71] ਹੈ।

ਰਸ[72] ਕਸ ਸਾਦਾ[73] ਬਾਹਰਾ[74] ਸਚੀ ਵਡਿਆਈਐ[75] ॥

True is Thine glory[75], O Lord. Thou art above[74] sweet and saltish[72] dishes and savour[73].

ਸੱਚੀ ਹੈ ਤੇਰੀ ਬਜ਼ੁਰਗੀ[75], ਹੇ ਪ੍ਰਭੂ! ਤੂੰ ਮਿੱਠਿਆ ਤੇ ਸਲੂਣਿਆ[72] ਭੋਜਨਾਂ ਅਤੇ ਸੁਆਦਾਂ[73] ਤੋਂ ਉਚੇਰਾ[74] ਹੈਂ।

ਜਿਸ ਨੋ ਬਖਸੇ[76] ਤਿਸੁ

He, whom Thou forgivest[76]: Him

ਜਿਸ ਨੂੰ ਤੂੰ ਮਾਫ ਕਰ ਦਿੰਦਾ[76] ਹੈਂ ਉਸ ਨੂੰ ਤੂੰ ਆਪਣਾ

ਦੇਇ[77] ਆਪਿ[78] ਲਏ ਮਿਲਾਈਐ[79] ॥
ਘਟ[80] ਅੰਤਰਿ[81] ਅੰਮ੍ਰਿਤੁ[82] ਰਖਿਓਨੁ[83] ਗੁਰਮੁਖਿ[84] ਕਿਸੈ[85] ਪਿਆਈ[86] ॥੯॥

Thou blessest[77] with Thine vision and unitest[79] with Thyself[78].
In[81] every heart[80], the Lord has placed[83] the Nectar[82]. Rare[85] is the one, whom He makes drink[86] it through the Guru[81].

ਦਰਸ਼ਨ ਦਿੰਦਾ[77] ਹੈਂ ਅਤੇ ਆਪਣੇ[78] ਨਾਲ ਮਿਲਾ ਲੈਂਦਾ[79] ਹੈਂ ।
ਹਰ ਦਿਲ[80] ਅੰਦਰ[81] ਸੁਆਮੀ ਨੇ ਸੁਧਾਰੱਸ[82] ਟਿਕਾ-ਇਆ[83] ਹੋਇਆ ਹੈ । ਕਿਸੇ ਵਿਰਲੇ ਜਣੇ[85] ਨੂੰ ਹੀ ਉਹ ਇਸ ਨੂੰ ਗੁਰਾਂ ਦੇ ਰਾਹੀਂ[84] ਪਾਨ ਕਰਾਉਂਦਾ[86] ਹੈ ।

ਸਲੋਕ ਮ: ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਬਾਬਾਣੀਆ[87] ਕਹਾਣੀਆ[88] ਪੁਤ[89] ਸਪੁਤ[90] ਕਰੇਨਿ[91] ॥

The narratives[88] of the fore-fathers[87] make[91] their descendants[89] good children[90].

ਵੱਡਿਆਂ ਵਡੇਰਿਆਂ[87] ਦੀਆਂ ਵਾਰਤਾਵਾਂ[88] ਉਨ੍ਹਾਂ ਦੀ ਆਲ ਔਲਾਦ[89] ਨੂੰ ਚੰਗੇ ਬੱਚੇ[90] ਬਣਾਉਂਦੀਆਂ[91] ਹਨ ।

ਜਿ ਸਤਿਗੁਰ ਭਾਵੈ[92] ਸੁ[93] ਮੰਨਿ ਲੈਨਿ[94] ਸੇਈ[95] ਕਰਮ[96] ਕਰੇਨਿ[97] ॥

They accept[94] that[93] which is pleasing[92] to the Guru and perform the deeds[96] accordingly[95].

ਉਨ੍ਹਾਂ ਵਿਚੋਂ ਜੋ ਸੱਚੇ ਗੁਰਾਂ ਨੂੰ ਚੰਗਾ ਲਗਦਾ[92] ਹੈ ਉਸ[93] ਨੂੰ ਉਹ ਸਵੀਕਾਰ ਕਰ ਲੈਂਦੇ[94] ਹਨ, ਅਤੇ ਖੁਦ ਭੀ ਉਹੋ ਜੇਹੇ[95] ਹੀ ਕੰਮ[96] ਕਰਦੇ[97] ਹਨ ।

ਜਾਇ[98] ਪੁਛਹੁ[99] ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ ਬਚਨ[100] ਸਭ[2] ਸ੍ਰਿਸਟਿ[3] ਕਰੇਨਿ[4] ॥

Go[98] and consult[99] thou the Simirtis, the Shashtras, Vyas, Sukhdev, Narad and all[2] those who utter[4] the sublime[3] words[100].

ਤੂੰ ਜਾ ਕੇ[98] ਸਿਮਰਤੀਆਂ, ਸ਼ਾਸ਼ਤਰਾਂ, ਵਿਆਸ, ਸੁਖਦੇਵ, ਨਾਰਦ ਅਤੇ ਸਮੂਹ[2] ਗੁਣ[3]-ਗੱਲਬਾਤ[100] ਕਰਨ[4] ਵਾਲਿਆਂ ਪਾਸੋਂ ਸਲਾਹ ਮਸ਼ਵਰਾ ਲੈ ਲੈ[99] ।

ਸਚੈ[5] ਲਾਏ[6] ਸਚਿ[7] ਲਗੇ ਸਦਾ[8] ਸਚੁ ਸਮਾਲੇਨਿ[9] ॥

They, whom the True Lord[5] attaches[6], remain attached to the True Name[7] and remember[9] ever[8] the True Name.

ਜਿਨ੍ਹਾਂ ਨੂੰ ਸੱਚਾ ਸੁਆਮੀ[5] ਜੋੜਦਾ[6] ਹੈ ਉਹ ਸੱਚੇ ਨਾਮ[7] ਨਾਲ ਜੁੜੇ ਰਹਿੰਦੇ ਹਨ ਅਤੇ ਹਮੇਸ਼ਾ[8] ਸੱਚੇ ਨਾਮ ਦਾ ਹੀ ਸਿਮਰਨ[9] ਕਰਦੇ ਹਨ ।

ਨਾਨਕ ਆਏ[10] ਸੇ[12] ਪਰਵਾਣੁ[13] ਭਏ[14] ਜਿ ਸਗਲੇ[15] ਕੁਲ[16] ਤਾਰੇਨਿ[17] ॥ ੧॥

Nanak, approved[13] becomes[14] the advent[10] of those[12] in this world, who save[17] all[15] their generations[16].

ਨਾਨਕ, ਪ੍ਰਮਾਣੀਕ[13] ਹੋ ਜਾਂਦਾ[14] ਹੈ ਇਸ ਜਹਾਨ ਵਿਚ ਉਨ੍ਹਾਂ[12] ਦਾ ਆਗਮਨ[10], ਜੋ ਆਪਣੀਆਂ ਸਾਰੀਆਂ[16] ਪੀੜ੍ਹੀਆਂ[15] ਦਾ ਪਾਰ ਉਤਾਰਾ ਕਰ ਦਿੰਦੇ[17] ਹਨ ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਗੁਰੂ[18] ਜਿਨਾ ਕਾ ਅੰਧੁਲਾ[19] ਸਿਖ[20] ਭੀ ਅੰਧੇ ਕਰਮ[21] ਕਰੇਨਿ[22] ॥

The disciples[20], whose spiritual preceptor[18] is blind[19]; too, do[22] the hlind deeds[21].

ਚੇਲੇ[20], ਜਿਨ੍ਹਾਂ ਦਾ ਰੂਹਾਨੀ ਰਹਿਬਰ[18] ਅੰਨ੍ਹਾ[19] ਹੈ; ਉਹ ਭੀ ਅੰਨ੍ਹੇ ਹੀ ਕੰਮ[21] ਕਰਦੇ[22] ਹਨ ।

ਓਇ ਭਾਣੈ[23] ਚਲਨਿ[24] ਆਪਣੈ ਨਿਤ[25] ਝੂਠੋ ਝੂਠੁ[26] ਬੋਲੇਨਿ[27] ॥

They walk[24] in their own will[23] and ever[25] utter[27] the grossest falsehood[26].

ਉਹ ਆਪਣੀ ਨਿੱਜ ਦੀ ਰਜ਼ਾ ਮਰਜ਼ੀ[23] ਅੰਦਰ ਟੁਰਦੇ[24] ਹਨ ਅਤੇ ਸਦੀਵ[25] ਕੋਰਾ ਕੂੜ[26] ਹੀ ਬਕਦੇ[27] ਹਨ ।

ਕੂੜੁ[28] ਕੁਸਤੁ[29] ਕਮਾਵਦੇ[30]

They practise[30] falsehood[28] and

ਉਹ ਝੂਠ[28] ਅਤੇ ਛਲਫਰੇਬ[29] ਦੀ ਕਿਰਤ ਕਰਦੇ[30] ਹਨ,

[31]ਪਰਨਿੰਦਾ[32] ਸਦਾ[33] ਕਰੇਨਿ ॥	deception[29] and ever[33] slander[32] others[31].	ਅਤੇ ਹਮੇਸ਼ਾ[33] ਹੋਰਨਾਂ[31] ਤੇ ਦੂਸ਼ਨ ਲਾਉਂਦੇ[32] ਹਨ ।
ਓਇ ਆਪਿ ਡੁਬੇ[34] ਪਰ[35] ਨਿੰਦਕਾ[36] ਸਗਲੇ ਕੁਲ[37] ਡੋਬੇਨਿ[38] ॥	Those great[35] slanderers[36] are themselves drowned[34] and they ruin[38] all their families[37].	ਉਹ ਵੱਡੇ[35] ਨਿੰਦਕ[36] ਖ਼ੁਦ ਡੁੱਬ ਜਾਂਦੇ[34] ਹਨ ਅਤੇ ਆਪਣੇ ਸਾਰੇ ਖ਼ਾਨਦਾਨਾਂ[37] ਨੂੰ ਭੀ ਤਬਾਹ ਕਰ ਛੱਡਦੇ[38] ਹਨ ।
ਨਾਨਕ ਜਿਤੁ[39] ਓਇ ਲਾਏ[40] ਤਿਤੁ[41] ਲਗੇ ਉਇ ਬਪੁੜੇ[42] ਕਿਆ[43] ਕਰੇਨਿ[44] ॥੨॥	To whatsoever[39] the Lord yokes[40] them, to that[41] they remain yoked. What[43] can those poor[42] creatures do[44] ?	ਜਿਸ ਕਿਸੇ[39] ਨਾਲ ਸੁਆਮੀ ਉਨ੍ਹਾਂ ਨੂੰ ਜੋੜਦਾ[40] ਹੈ ਉਸ[41] ਨਾਲ ਹੀ ਉਹ ਜੁੜੇ ਰਹਿੰਦੇ ਹਨ । ਉਹ ਗਰੀਬ[42] ਜੀਵ ਕੀ[43] ਕਰ[44] ਸਕਦੇ ਹਨ ?
ਪਉੜੀ ॥	Pauri.	ਪਉੜੀ ।
ਸਭ[45] ਨਦਰੀ[49] ਅੰਦਰਿ ਰਖਦਾ ਜੇਤੀ ਸਿਸਟਿ[46] ਸਭ[47] ਕੀਤੀ[48] ॥	The entire[47] creation[46], that He has created[48]; The Lord keeps all[45] that in His eye[49].	ਸਮੂਹ[47] ਰਚਨਾ[46] ਜੋ ਉਸ ਨੇ ਰਚੀ[48] ਹੈ; ਸੁਆਮੀ ਉਸ ਸਾਰੀ[45] ਨੂੰ ਆਪਣੀ ਅੱਖ[49] ਹੇਠਾਂ ਰਖਦਾ ਹੈ ।
ਇਕਿ[50] ਕੂੜਿ ਕੁਸਤਿ[51] ਲਾਇਅਨੁ[52] ਮਨਮੁਖਿ[53] ਵਿਗੂਤੀ[54] ॥	Some[50] He has yoked[52] to falsehood and deception[51]. Such apostates[53] are ruined[54].	ਕਈਆਂ[50] ਨੂੰ ਉਸ ਨੇ ਝੂਠ ਅਤੇ ਛਲਫ਼ਰੇਬ[51] ਨਾਲ ਜੋੜ ਛੱਡਿਆ[52] ਹੈ । ਐਹੋ ਜੇਹੇ ਅਧਰਮੀ[53] ਬਰਬਾਦ ਹੋ ਜਾਂਦੇ[54] ਹਨ ।
ਗੁਰਮੁਖਿ[55] ਸਦਾ[56] ਧਿਆਇਐ[57] ਅੰਦਰਿ[58] ਹਰਿ ਪ੍ਰੀਤੀ[59] ॥	With love[59] in their heart[58], the Guru-wards[55] ever[56] meditate[57] on God.	ਆਪਣੇ ਦਿਲੀ[58] ਪ੍ਰੇਮ[59] ਨਾਲ ਗੁਰੂ-ਸਮਰਪਨ[55], ਸਦੀਵ[56] ਹੀ ਵਾਹਿਗੁਰੂ ਦਾ ਸਿਮਰਨ[57] ਹਨ ।
ਜਿਨ ਕਤੁ ਪੋਤੈ[60] ਪੁੰਨੁ[61] ਹੈ ਤਿਨੁ[62] ਵਾਤਿ[63] ਸਿਪੀਤੀ[64] ॥	They, who have virtue[61] in their treasure[60]; in their[62] mouth[63] is the Lord's praise[64].	ਜਿਨ੍ਹਾਂ ਦੇ ਖ਼ਜ਼ਾਨੇ[60] ਵਿਚ ਨੇਕੀ[61] ਹੈ; ਉਨ੍ਹਾਂ[62] ਦੇ ਮੂੰਹ[63] ਵਿਚ ਸਾਹਿਬ ਦੀ ਸਿਫ਼ਤ-ਸਲਾਹ[64] ਹੈ ।
ਨਾਨਕ ਨਾਮੁ ਧਿਆਈਐ[65] ਸਚੁ[66] ਸਿਫਤਿ[67] ਸਨਾਈ[68]॥ ੧੦॥	Nanak, reflect[65] thou on the Name and hymn the True Lord's[66] glory[67] and praise[68].	ਨਾਨਕ, ਤੂੰ ਨਾਮ ਦਾ ਚਿੰਤਨ ਕਰ[65]ਅਤੇ ਸੱਚੇ ਸੁਆਮੀ[66] ਦੀ ਕੀਰਤੀ[67] ਅਤੇ ਮਹਿਮਾ[68] ਆਲਾਪ ।
ਸਲੋਕੁ ਮ: ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ ।
ਸਤੀ[69] ਪਾਪੁ[70] ਕਰਿ[71] ਸਤੁ[72] ਕਮਾਹਿ[73] ॥	The men of charity[69], give[73] in charity[72] the wealth, amassed by committing[71] sins[70].	ਦਾਨੀ ਪੁਰਸ਼[69], ਗੁਨਾਹ[70] ਕਰ ਕੇ[71] ਇਕੱਤਰ ਕੀਤੀ ਹੋਈ ਦੌਲਤ, ਦਾਨ[72] ਵਿਚ ਦਿੰਦੇ[73] ਹਨ ।
ਗੁਰ ਦੀਖਿਆ[74] ਘਰਿ[75] ਦੇਵਣ ਜਾਹਿ[76] ॥	Their Guru goes[76] to their home[75] to impart instruction[74].	ਉਨ੍ਹਾਂ ਦਾ ਗੁਰੂ ਉਨ੍ਹਾਂ ਦੇ ਗ੍ਰਹਿ[75] ਵਿਚ ਸਿੱਖਿਆ[74] ਦੇਣ ਨੂੰ ਜਾਂਦਾ ਹੈ ।
ਇਸਤਰੀ[77] ਪੁਰਖੈ[78]ਖਟਿਐ[79] ਭਾਉ[80] ॥ ਭਾਵੈ ਆਵਉ[81] ਭਾਵੈ ਜਾਉ[82] ॥	The woman[77] loves[80] the man[78] for his money[79], otherwise she cares not, where from he comes[81] and whereto he goes[82].	ਜ਼ਨਾਨੀ[77] ਆਦਮੀ[78] ਨੂੰ ਉਸ ਦੇ ਪੈਸੇ ਟੁੱਕਰ[79] ਦੀ ਖ਼ਾਤਰ ਪਿਆਰ ਕਰਦੀ[80] ਹੈ, ਨਹੀਂ ਤਾਂ ਉਹ ਪਰਵਾਹ ਨਹੀਂ ਕਰਦੀ ਕਿ ਉਹ ਕਿਧਰੋਂ ਆਉਂਦਾ[81]ਹੈ ਤੇ ਕਿੱਧਰ ਨੂੰ ਜਾਂਦਾ[82] ਹੈ ।

ਸਾਸਤ ਬੇਦੁ ਨ ਮਾਨੈ[83] ਕੋਇ[84] ॥	No body[84] obeys[83] the Shashtras and the Vedas.	ਕੋਈ ਜਣਾ[84] ਭੀ ਸ਼ਾਸਤਰਾਂ ਤੇ ਵੇਦਾਂ ਨੂੰ ਨਹੀਂ ਮੰਨਦਾ[83] ।
ਆਪੇ ਆਪੈ[85] ਪੂਜਾ[86] ਹੋਇ ॥	Everyone worships[86] but himself[85].	ਹਰ ਕੋਈ ਕੇਵਲ ਆਪਣੇ ਆਪ[85] ਨੂੰ ਹੀ ਪੂਜਦਾ[86] ਹੈ ।
ਕਾਜੀ[87] ਹੋਇ[88] ਕੈ ਬਹੈ[89] ਨਿਆਇ[90] ॥	Becoming[88] a judge[87], he sits[89] to administer justice[90].	ਜੱਜ[87] ਬਣ ਕੇ[88] ਉਹ ਇਨਸਾਫ਼[90] ਕਰਨ ਨੂੰ ਬੈਠਦਾ[89] ਹੈ ।
ਫੇਰੇ[91] ਤਸਬੀ[92] ਕਰੇ[93] ਖੁਦਾਇ[94] ॥	He tells[91] the rosary[92] and mutters[93] God's Name[94].	ਉਹ ਮਾਲਾ[92] ਫੇਰਦਾ[91] ਹੈ ਅਤੇ ਅੱਲਾ ਅੱਲਾ[94] ਆਖਦਾ[93] ਹੈ ।
ਵਢੀ[95] ਲੈ ਕੈ[96] ਹਕੁ ਗਵਾਏ[97] ॥	Taking[96] bribe[95], he does injustice[97].	ਰਿਸ਼ਵਤ[95] ਲੈ ਕੇ[96] ਉਹ ਬੇਇਨਸਾਫੀ[97] ਕਰਦਾ ਹੈ ।
ਜੇ[98] ਕੋ[99] ਪੁਛੈ ਤਾ[100] ਪੜਿ ਸੁਣਾਏ[2] ॥	If[98] someone[99] asks him, then[100] he quotes and reads out[2] some aphorism.	ਜੇਕਰ[98] ਕੋਈ ਜਣਾ[99] ਪੁੱਛੇ, ਤਦ[100] ਉਹ ਕੋਈ ਨਾ ਕੋਈ ਹਵਾਲਾ ਪੜ੍ਹ ਸੁਣਾਉਂਦਾ[2] ਹੈ ।
ਤੁਰਕ[3] ਮੰਤ੍ਰੁ[4] ਕਨਿ[5] ਰਿਦੈ[6] ਸਮਾਹਿ[7] ॥	The Muslim[3] creed[4] permeates[7] the ears[5] and the hearts[6] of the Hindus.	ਮੁਸਲਮਾਨੀ[2] ਕਲਮਾ[4] ਹਿੰਦੂਆਂ ਦੇ ਕੰਨਾਂ[5] ਅਤੇ ਦਿਲਾਂ[6] ਵਿਚ ਰਮ ਰਿਹਾ[7] ਹੈ ।
ਲੋਕ ਮੁਹਾਵਹਿ[8] ਚਾੜੀ[9] ਖਾਹਿ[10] ॥	They plunder[8] people and indulge[10] in back-biting[9].	ਉਹ ਲੋਕਾਂ ਨੂੰ ਲੁੱਟਦੇ[8] ਹਨ ਅਤੇ ਚੁਗਲੀ[9] ਕਰਦੇ[10] ਹਨ ।
ਚਉਕਾ[12] ਦੇ ਕੈ[13] ਸੁਚਾ[14] ਹੋਇ ॥	They plaster[13] their cooking-square[12] to become pure[14].	ਪਵਿੱਤਰ[14] ਲਈ ਉਹ ਆਪਣੇ ਚੌਕੇ[12] ਨੂੰ ਲਿੱਪਦੇ[13] ਹਨ ।
ਐਸਾ[15] ਹਿੰਦੂ ਵੇਖਹੁ[16] ਕੋਇ[17] ॥	Such[15] is the Hindu. Let anyone see it.	ਐਹੋ ਜੇਹਾ[15] ਹੈ ਹਿੰਦੂ । ਕੋਈ ਜਣਾ ਇਸ ਨੂੰ ਦੇਖ ਭਾਲ ਲਵੇ ।
ਜੋਗੀ ਗਿਰਹੀ[18] ਜਟਾ[19] ਬਿਭੂਤ[20] ॥	The Yogi, with matted hair[19] and ashes[20] on his body is like a householder[18].	ਜਟਾ-ਸੰਯੁਕਤ[19] ਅਤੇ ਦੇਹ ਤੇ ਸੁਆਹ[20] ਮਲੀ ਹੋਈ ਸੁਆਹ ਵਾਲਾ ਯੋਗੀ ਇਕ ਗ੍ਰਹਿਸਤੀ ਵਰਗਾ ਹੈ ।
ਆਗੈ ਪਾਛੈ ਰੋਵਹਿ[21] ਪੂਤ[22]॥	The children[22] weep[21] before and after him.	ਬੱਚੇ[22] ਉਸ ਦੇ ਅਗਾੜੀ ਤੇ ਪਛਾੜੀ ਰੋਂਦੇ[21] ਹਨ ।
ਜੋਗੁ ਨ ਪਾਇਆ[24] ਜੁਗਤਿ[25] ਗਵਾਈ[26] ॥	He obtains[24] not Yoga, for he has missed[26] the way[25].	ਉਸ ਨੂੰ ਯੋਗ ਪ੍ਰਾਪਤ ਨਹੀਂ ਹੁੰਦਾ[24] ਕਿਉਂਕਿ ਉਹ ਰਾਹੋਂ[25] ਉੱਕ ਗਿਆ[26] ਹੈ ।
ਕਿਤੁ[27] ਕਾਰਣਿ[28] ਸਿਰਿ[29] ਛਾਈ[30] ਪਾਈ ॥	What[27] for[28] has he put ashes[30] on his head[29] ?	ਕਿਸ[27] ਵਾਸਤੇ[28] ਉਸ ਨੇ ਆਪਣੇ ਸਿਰ[29] ਵਿੱਚ ਸੁਆਹ[30] ਪਾਈ ਹੈ ?
ਨਾਨਕ ਕਲਿ[31] ਕਾ ਏਹੁ ਪਰਵਾਣੁ[32] ॥ ਆਪੇ ਆਖਣੁ[33] ਆਪੇ[34] ਜਾਣੁ[35] ॥੧॥	Nanak, this is the sign[32] of the Darkage[31], that everyone says[33] that he himself[34] knows[35] everything.	ਨਾਨਕ, ਕਲਜੁੱਗ[31] ਦੀ ਇਹ ਨਿਸ਼ਾਨੀ[32] ਹੈ ਕਿ ਹਰ ਕੋਈ ਆਖਦਾ[33] ਹੈ ਕਿ ਉਹ ਖੁਦ[34] ਹੀ ਸਾਰਾ ਕੁਛ ਜਾਣਦਾ[35] ਹੈ ।
ਮ: ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਹਿੰਦੂ ਕੈ ਘਰਿ[36] ਹਿੰਦੂ ਆਵੈ ॥	The Hindu comes to the house[36] of the Hindu.	ਹਿੰਦੂ ਦੇ ਗ੍ਰਹਿ[36] ਵਿਚ ਹਿੰਦੂ ਆਉਂਦਾ ਹੈ ।

ਸੂਤੁ[37] ਜਨੇਊ[38] ਪੜਿ[39] ਗਲਿ[40] ਪਾਵੈ ॥	Chanting[39] the sermon, he puts on the yarn[37]-sacred thread[38] on the boy's neck[40].	ਮੰਤ੍ਰ ਪੜ੍ਹ ਕੇ[39] ਉਹ ਧਾਗੇ[37] ਦਾ ਜੰਞੂ[38] ਮੁੰਡੇ ਦੀ ਗਰਦਨ[40] ਦੁਆਲੇ ਪਾ ਦਿੰਦਾ ਹੈ ।
ਸੂਤੁ[41] ਪਾਇ ਕਰੇ[42] ਬੁਹਿਆਈ[43] ॥	Putting on the thread[41], he commits[42] sins[43].	ਜੰਞੂ[41] ਪਾ ਕੇ ਉਹ ਪਾਪ[43] ਕਮਾਉਂਦਾ[42] ਹੈ ।
ਨਾਤਾ[44] ਧੋਤਾ[45] ਥਾਇ[46] ਨ ਪਾਈ ॥	For his ablutions[44] and washings[45], he is approved[46] not.	ਆਪਣੇ ਨ੍ਹਾਉਣ[44] ਅਤੇ ਧੋਣ[45] ਦੇ ਬਾਵਜੂਦ ਉਹ ਸਾਂਈ ਦੇ ਦਰ ਕਬੂਲ[46] ਨਹੀਂ ਪੈਂਦਾ ।
ਮੁਸਲਮਾਨੁ ਕਰੇ ਵਡਿਆਈ[47] ॥	The Muslim praises his faith[47].	ਮੁਸਲਿਮ ਆਪਣੇ ਦੀਨ ਦੀ ਤਰੀਫ਼[47] ਕਰਦਾ ਹੈ ।
ਵਿਣੁ ਗੁਰ ਪੀਰੈ[48] ਕੋ ਥਾਇ[49] ਨ ਪਾਈ ॥	Without the Guru and the Divine teacher[48], none is accepted[49].	ਗੁਰੂ ਤੇ ਰੂਹਾਨੀ ਰਹਿਬਰ[48] ਬਾਝੋਂ ਕੋਈ ਭੀ ਪਰਵਾਨ[49] ਨਹੀਂ ਹੁੰਦਾ ।
ਰਾਹੁ[50] ਦਸਾਇ[51] ਓਥੈ[52] ਕੋ[53] ਜਾਇ ॥	Even when the way[50] is pointed[51] out, rare[53] is the one who reaches there[52].	ਜੇਕਰ ਮਾਰਗ[50] ਦੱਸ ਭੀ ਦਿੱਤਾ ਜਾਵੇ[51] ਤਾਂ ਭੀ ਉੱਥੇ[52] ਕੋਈ ਵਿਰਲਾ[53] ਹੀ ਪੁੱਜਦਾ ਹੈ ।
੯੫੨		
ਕਰਣੀ[56] ਬਾਝਹੁ[54] ਭਿਸਤਿ[55] ਨ ਪਾਇ ॥	Without[54] good deeds[56], heaven[55] is attained not.	ਚੰਗੇ ਅਮਲਾਂ[56] ਦੇ ਬਗ਼ੈਰ[54] ਸਵਰਗ[55] ਪਰਾਪਤ ਨਹੀਂ ਹੁੰਦਾ ।
ਜੋਗੀ ਕੈ ਘਰਿ[57] ਜੁਗਤਿ[58] ਦਸਾਈ[59] ॥	One goes to the Yogi's monastry[57] to ask[59] the way[58] to God.	ਰੱਬ ਦਾ ਰਸਤਾ[58] ਪੁੱਛਣ[59] ਲਈ ਇਨਸਾਨ ਯੋਗੀ ਦੇ ਆਸ਼ਰਮ[57] ਨੂੰ ਜਾਂਦਾ ਹੈ ।
ਤਿਤੁ[60] ਕਾਰਣਿ[61] ਕਨਿ[62] ਮੁੰਦ੍ਰਾ[63] ਪਾਈ ॥	For that[60] purpose[61], he puts rings[63] in his ears[62].	ਉਸ[69] ਮਨੋਰਥ[61] ਲਈ ਉਹ ਉਸ ਦੇ ਕੰਨਾਂ[62] ਵਿਚ ਕੁੰਡਲ[63] ਪਾ ਦਿੰਦਾ ਹੈ ।
ਮੁੰਦ੍ਰਾ ਪਾਇ[65] ਫਿਰੈ[64] ਸੰਸਾਰਿ[66] ॥	With ear-rings on[65], he wanders about[64] the world[66].	ਕੰਨਾਂ ਦੇ ਕੁੰਡਲ ਪਹਿਨ ਕੇ[65], ਉਹ ਜੱਗ[66] ਅੰਦਰ ਭਉਂਦਾ[64] ਹੈ ।
ਜਿਥੈ ਕਿਥੈ[67] ਸਿਰਜਣਹਾਰੁ[68] ਜੇਤੇ[69] ਜੀਅ[70] ਤੇਤੇ[71] ਵਾਟਾਊ[72] ॥	He realises not, the Creator-Lord[68] is everywhere[67]. As many as[69] are the beings[70], so many[71] are the travellers[72].	ਉਹ ਅਨੁਭਵ ਨਹੀਂ ਕਰਦਾ ਕਿ ਰਚਨਹਾਰ ਸੁਆਮੀ ਹਰ ਥਾਂ[67] ਉੱਤੇ ਹੈ । ਜਿੰਨੇ ਭੀ[69] ਜੀਵ[70] ਹਨ ਉਹ[71] ਸਾਰੇ ਹੀ ਰਾਹੀ[72] ਹਨ ।
ਚੀਰੀ[73] ਆਈ ਢਿਲ[74] ਨ ਕਾਊ ॥	When the death warrant[73] comes, none can make any delay[74].	ਜਦ ਮੌਤ ਦਾ ਪਰਵਾਨਾ[73] ਆ ਜਾਂਦਾ ਹੈ, ਕੋਈ ਜਣਾ ਭੀ ਕੋਈ ਦੇਰੀ[74] ਨਹੀਂ ਕਰ ਸਕਦਾ ।
ਏਥੈ[75] ਜਾਣੈ[76] ਸੁ[77] ਜਾਇ[78] ਸਿਞਾਣੈ[79] ॥	He[77], who knows[76] the Lord here[75], recognises[70] Him in that place[78].	ਜੋ ਸੁਆਮੀ ਨੂੰ ਏਥੇ[75] ਜਾਣਦਾ[76] ਹੈ, ਉਹ[77] ਉਸ ਨੂੰ ਉਸ ਜਗ੍ਹਾ[78] ਉੱਤੇ ਪਛਾਣ[79] ਲੈਂਦਾ ਹੈ ।
ਹੋਰੁ ਫਕੜੁ[80] ਹਿੰਦੂ ਮੁਸਲਮਾਣੈ ॥	Others, whether Hindus or Muslims, are but praters[80].	ਹੋਰ ਭਾਵੇਂ ਹਿੰਦੂ ਜਾਂ ਮੁਸਲਮਾਨ, ਕੇਵਲ ਬਕਵਾਦੀ[80] ਹੀ ਹਨ ।
ਸਭਨਾ ਕਾ ਦਰਿ[81] ਲੇਖਾ[82] ਹੋਇ[86] ॥ ਕਰਣੀ[83] ਬਾਝਹੁ[84] ਤਰੈ[85] ਨ ਕੋਇ ॥	All mortals' accounts[82] are taken[86] in the Lord's court[81] and none is saved[85] without[84] good deeds[83].	ਸਾਰੇ ਪ੍ਰਾਨੀਆਂ ਦਾ ਹਿਸਾਬ ਕਿਤਾਬ[82] ਸਾਂਈਂ ਦੇ ਦਰਬਾਰ[81] ਅੰਦਰ ਲਿਆ ਜਾਂਦਾ[86] ਹੈ ਤੇ ਚੰਗੇ ਅਮਲਾਂ[83] ਦੇ ਬਿਨਾਂ[84] ਕੋਈ ਭੀ ਪਾਰ ਨਹੀਂ ਉੱਤਰਦਾ[85] ।

ਸਚੋ ਸਚੁ[88] ਵਖਾਣੈ[87] ਕੋਇ ॥ ਨਾਨਕ ਅਗੈ[89] ਪੁਛ[90] ਨ ਹੋਇ ॥੨॥

He, who utters[87] the Name of the Truest of the true[88], O Nanak, is not called to account[90], hereafter[89].

ਜੋ ਸਚਿਆਰਾਂ ਦੇ ਪਰਮ ਸਚਿਆਰ[88] ਦੇ ਨਾਮ ਨੂੰ ਉਚਾਰਦਾ[87] ਹੈ, ਹੇ ਨਾਨਕ ! ਉਸ ਪਾਸੋਂ ਏਦੂੰ ਮਗਰੋਂ[89] ਲੇਖਾ-ਪੱਤਾ[90] ਨਹੀਂ ਮੰਗਿਆ ਜਾਂਦਾ ।

ਪਉੜੀ ॥

Pauri.

ਪਉੜੀ ।

ਹਰਿ ਕਾ ਮੰਦਰੁ[91] ਆਖੀਐ[92] ਕਾਇਆ[93] ਕੋਟੁ[94] ਗੜੁ[95] ॥

The ramparted[94] castle[95] of the body[93] is called[22] the mansion[91] of the Master.

ਫ਼ਸੀਲ ਵਾਲਾ[94] ਦੇਹ[93] ਦਾ ਕਿਲ੍ਹਾ[95], ਮਾਲਕ ਦਾ ਮਹਿਲ[91] ਕਿਹਾ ਜਾਂਦਾ[92] ਹੈ ।

ਅੰਦਰਿ[96] ਲਾਲ[97] ਜਵੇਹਰੀ[98] ਗੁਰਮੁਖਿ[99] ਹਰਿ ਨਾਮੁ ਪੜੁ[100] ॥

Within[96] it, the mortal finds the rubies[97] and gems[98], by uttering[100] the God's Name, through the Guru's grace[99].

ਗੁਰਾਂ ਦੀ ਦਇਆ[99] ਰਾਹੀਂ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰਨ[100] ਦੁਆਰਾ ਇਸ ਦੇ ਅੰਦਰੋਂ[96], ਪ੍ਰਾਨੀ, ਰਤਨ[97] ਅਤੇ ਜਵਾਹਿਰਾਤ[98] ਲੱਭ ਲੈਂਦਾ ਹੈ ।

ਹਰਿ ਕਾ ਮੰਦਰੁ[5] ਸਰੀਰੁ[2] ਅਤਿ[3] ਸੋਹਣਾ[4] ਹਰਿ ਹਰਿ[6] ਨਾਮੁ ਦਿੜੁ[7] ॥

Implant[7] thou the Lord Master's Name[6] in thy body[2], which is the immensely[3] comely[4] palace[5] of God.

ਤੂੰ ਆਪਣੀ ਦੇਹ[2] ਦੇ ਵਿਚ ਸੁਆਮੀ ਮਾਲਕ ਦੇ ਨਾਮ[6] ਨੂੰ ਅਸਥਾਪਨ ਕਰ[7], ਜੋਕਿ ਵਾਹਿਗੁਰੂ ਦਾ ਇੱਕ ਪਰਮ[3] ਸੁੰਦਰ[4] ਮਹਿਲ[5] ਹੈ ।

ਮਨਮੁਖ[8] ਆਪਿ[9] ਖੁਆਇਅਨੁ[10] ਮਾਇਆ[12] ਮੋਹ[13] ਨਿਤ[14] ਕੜੁ[15] ॥

The egocentrics[8] ever[14] boil[15] in the love[13] of riches[12] and ruin[10] themselves[9].

ਆਪ-ਹੁਦਰੇ[8] ਸਦੀਵ[14] ਹੀ ਧਨ-ਦੌਲਤਾਂ[12] ਦੀ ਮਮਤਾ[13] ਵਿੱਚ ਉਬਲਦੇ[15] ਹਨ ਤੇ ਆਪਣੇ ਆਪ[9] ਨੂੰ ਤਬਾਹ ਕਰ ਲੈਂਦੇ[10] ਹਨ ।

ਸਭਨਾ ਸਾਹਿਬੁ[16] ਏਕੁ ਹੈ ਪੂਰੈ[17] ਭਾਗਿ[18] ਪਾਇਆ ਜਾਈ ॥੧੧॥

The One God is the Lord[16] of all. It is through perfect[17] destiny[18] that He is obtained.

ਇੱਕ ਵਾਹਿਗੁਰੂ ਹੀ ਸਾਰਿਆਂ ਦਾ ਸੁਆਮੀ[16] ਹੈ। ਪੂਰਨ[17] ਪ੍ਰਾਲਭਦ[18] ਰਾਹੀਂ ਹੀ ਉਹ ਪਾਇਆ ਜਾਂਦਾ ਹੈ ।

ਸਲੋਕ ਮ: ੧ ॥

Slok Ist Guru.

ਸਲੋਕ ਪਹਿਲੀ ਪਾਤਿਸ਼ਾਹੀ ।

ਨਾ ਸਤਿ[19] ਦੁਖੀਆ[20] ਨਾ ਸਤਿ ਸੁਖੀਆ[21] ਨਾ ਸਤਿ ਪਾਣੀ[22] ਜੰਤ[23] ਫਿਰਹਿ[24] ॥

There is no perfection[19] through suffering[20], no perfection through peace[21] and no perfection by wandering[24] like the animals[23] in water[22].

ਤਕਲੀਫ਼[20] ਰਾਹੀਂ ਕੋਈ ਸਿੱਧੀ[19] ਨਹੀਂ । ਆਰਾਮ[21] ਰਾਹੀਂ ਭੀ ਕੋਈ ਸਿੱਧੀ ਨਹੀਂ ਅਤੇ ਨਾ ਹੀ ਸਿੱਧੀ ਹੈ ਜਲ[22] ਵਿਚ ਜੀਵਾਂ[23] ਦੀ ਤਰ੍ਹਾਂ ਚੱਕਰ ਕੱਟਣ[24] ਵਿੱਚ ।

ਨਾ ਸਤਿ[25] ਮੂੰਡ[26] ਮੁਡਾਈ[27] ਕੇਸੀ [8] ਨਾ ਸਤਿ ਪੜਿਆ[29] ਦੇਸ[30] ਫਿਰਹਿ[36] ॥

The True Lord[25] is attained not by shaving[27] off the head[26]-hair[28], nor is the True Lord obtained by reading[29] or journeying[36] through the country[30].

ਸੱਚਾ ਸੁਆਮੀ[25] ਸਿਰ[26] ਦੇ ਵਾਲ[26] ਮੁਨਾਉਣ[27] ਦੁਆਰਾ ਨਹੀਂ ਮਿਲਦਾ, ਨਾ ਹੀ ਸੱਚਾ ਸੁਆਮੀ ਪਰਾਪਤ ਹੁੰਦਾ ਹੈ ਪੜ੍ਹਨ[29] ਜਾਂ ਦੇਸ਼[30] ਵਿਚ ਰਟਨ ਕਰਨ[36] ਦੁਆਰਾ ।

ਨਾ ਸਤਿ[31] ਰੁਖੀ[32] ਬਿਰਖੀ[33] ਪਥਰ[34] ਆਪੁ[39] ਤਛਾਵਹਿ[35] ਦੁਖ[38] ਸਹਹਿ[40] ॥

Adeption[31] there is not in abiding midst trees[32], plants[33] and stones[34], nor in getting oneself[39] lopped off[85] or suffering[40] hardship[38].

ਪੂਰਨਤਾ[31] ਨਹੀਂ ਹੈ ਦਰਖਤਾਂ[32], ਪੌਦਿਆਂ[33] ਅਤੇ ਪੱਥਰਾਂ[34] ਵਿੱਚ ਵੱਸਣ ਦੁਆਰਾ, ਨਾ ਹੀ ਇਹ ਹੈ ਆਪਣੇ ਆਪ[39] ਨੂੰ ਛਿਲਾਉਣ[35] ਜਾਂ ਕਸ਼ਟ[38] ਸਹਾਰਨ[40] ਵਿੱਚ ।

ਨਾ ਸਤਿ[43] ਹਸਤੀ[37] ਬਧ[41] ਸੰਗਲ[42] ਨਾ ਸਤਿ ਗਾਈ ਘਾਹੁ ਚਰਹਿ[44] ॥

Perfection[43] is obtained not by binding[41] the elephants[37] with chains[42], nor is perfection obtained by grass-grazing[44] the cows.

ਹਾਥੀਆਂ[37] ਨੂੰ ਜ਼ੰਜੀਰਾਂ[42] ਨਾਲ ਜਕੜਨ[41] ਦੁਆਰਾ, ਪੂਰਨਤਾ[43] ਪਰਾਪਤ ਨਹੀਂ ਹੁੰਦੀ, ਨਾ ਹੀ ਪੂਰਨਤਾ ਪਰਾਪਤ ਹੁੰਦੀ ਹੈ ਗਾਈਆਂ ਨੂੰ ਘਾਅ ਚਰਾਉਣ[44] ਦੁਆਰਾ ।

ਜਿਸੁ ਹਥਿ ਸਿਧਿ[45] ਦੇਵੈ[46] ਜੇ[47] ਸੋਈ[48] ਜਿਸ ਨੋ ਦੇਇ ਤਿਸੁ[49] ਆਇ ਮਿਲੈ[50] ॥

If[47] He[48], in whose hand perfection[45] is, blesses[46], then alone one obtains it. He whom the Lord gives; by him[49] alone it is received[50].

ਜਿਸ ਦੇ ਹੱਥ ਵਿਚ ਪੂਰਨਤਾ[45] ਹੈ, ਜੇਕਰ[47] ਉਹ[48] ਪ੍ਰਦਾਨ ਕਰੇ[46], ਕੇਵਲ ਤਾਂ ਹੀ ਆਦਮੀ ਇਸ ਨੂੰ ਹਾਸਲ ਕਰਦਾ ਹੈ; ਜਿਸ ਨੂੰ ਉਹ ਦਿੰਦਾ ਹੈ, ਉਸ[49] ਨੂੰ ਹੀ ਇਹ ਪਰਾਪਤ ਹੁੰਦੀ[50] ਹੈ ।

ਨਾਨਕ ਤਾ[51] ਕਉ ਮਿਲੈ[52] ਵਡਾਈ[53] ਜਿਸੁ ਘਟ[54] ਭੀਤਰਿ[55] ਸਬਦੁ[56] ਰਵੈ[57] ॥

Nanak, he[51] alone is blessed[52] with glory[53], within[55] whose mind[54] the Name[56] is contained[57].

ਨਾਨਕ ਕੇਵਲ ਉਸ[51] ਨੂੰ ਹੀ ਪ੍ਰਭਤਾ[53] ਪਰਦਾਨ ਹੁੰਦੀ[52] ਹੈ, ਜਿਸ ਦੇ ਹਿਰਦੇ[54] ਅੰਦਰ[55] ਨਾਮ[56] ਰਮਿਆ ਹੋਇਆ[57] ਹੈ ।

ਸਭਿ ਘਟ[58] ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ[59] ਤਿਸੁ[60] ਕਉਣੁ ਕਹੈ[61] ॥

Says the Lord, "All the bodies[58] are mine and I am midst all. Who can tell[61] him[60] the way, who is strayed[59] by me ?

ਸੁਆਮੀ ਆਖਦਾ ਹੈ, "ਸਾਰੇ ਸਰੀਰ[58] ਮੇਰੇ ਹਨ ਅਤੇ ਮੈਂ ਸਾਰਿਆਂ ਦੇ ਅੰਦਰ ਹਾਂ । ਉਸ[60] ਨੂੰ ਰਸਤਾ ਕੌਣ ਦੱਸ[61] ਸਕਦਾ ਹੈ, ਜਿਸ ਨੂੰ ਮੈਂ ਭੁਲਾਇਆ ਹੋਇਆ ਹੈ ?

ਜਿਸਹਿ ਦਿਖਾਲਾ ਵਾਟੜੀ[62] ਤਿਸਹਿ[63] ਭੁਲਾਵੈ[64] ਕਉਣੁ ॥

He, whom I show the way[62]; who can mislead[64] him[63] ?

ਜਿਸ ਨੂੰ ਮੈਂ ਰਸਤਾ[62] ਵਿਖਾਲਦਾ ਹਾਂ ਉਸ[63] ਨੂੰ ਕੌਣ ਭੁਲਾ ਸਕਦਾ[64] ਹੈ ?

ਜਿਸਹਿ ਭੁਲਾਈ ਪੰਧ[65] ਸਿਰਿ[16] ਤਿਸਹਿ ਦਿਖਾਵੈ ਕਉਣੁ ॥੧॥

Who can show the path[65] to him, whom I stray from the very outset[66]" ?

ਉਸ ਨੂੰ ਮਾਰਗ[65] ਕੌਣ ਵਿਖਾਲ ਸਕਦਾ ਹੈ, ਜਿਸ ਨੂੰ ਮੈਂ ਐਨ ਅਰੰਭ[66] ਤੋਂ ਹੀ ਕੁਰਾਹੇ ਪਾ ਦਿੰਦਾ ਹਾਂ ?

ਮ: ੧ ॥

Ist Guru.

ਪਹਿਲੀ ਪਾਤਿਸ਼ਾਹੀ ।

ਸੋ[67] ਗਿਰਹੀ[68] ਜੋ ਨਿਗ੍ਰਹੁ[69] ਕਰੈ ॥ ਜਪੁ[70] ਤਪੁ[71] ਸੰਜਮੁ[72] ਭੀਖਿਆ[73] ਕਰੈ ॥

He[67] alone is the house-holder[68], who checks his passions[69] and begs[73] from the Lord meditation[60], hard toil[71] and self-restraint[72].

ਕੇਵਲ ਉਹ[67] ਹੀ ਗ੍ਰਹਿਸਤੀ[68] ਹੈ ਜੋ ਆਪਣੇ ਵਿਸ਼ੇ ਵੇਗ[69] ਨੂੰ ਰੋਕਦਾ ਹੈ ਅਤੇ ਸਾਂਈਂ ਪਾਸੋਂ ਸਿਮਰਨ[70], ਕਰੜੀ ਘਾਲ[71] ਤੇ ਸਵੈ-ਜ਼ਬਤ[72] ਮੰਗਦਾ ਹੈ ।

ਪੁੰਨ[74] ਦਾਨ[75] ਕਾ ਕਰੇ ਸਰੀਰੁ[76] ॥ ਸੋ[77] ਗਿਰਹੀ[78] ਗੰਗਾ[80] ਕਾ ਨੀਰੁ[79] ॥

He, who with his body[76] gives in charity[74] and alms[75] all he can; That[77] house-holder[78] is pure like the Ganges[80]-water[79].

ਜਿਹੜਾ ਕੋਈ ਆਪਣੀ ਦੇਹ[76] ਨਾਲ ਜਿੰਨਾ ਭੀ ਉਹ ਕਰ ਸਕਦਾ ਹੈ, ਖ਼ੈਰਾਤ[74] ਤੇ ਸਖ਼ਾਵਤ[75] ਵਿਚ ਦਿੰਦਾ ਹੈ; ਉਹ[77] ਗ੍ਰਹਿਸਤੀ[78] ਗੰਗਾ[80] ਦੇ ਪਾਣੀ[79] ਵਰਗਾ ਪਵਿੱਤਰ ਹੈ ।

ਬੋਲੈ[81] ਈਸਰੁ ਸਤਿ[82] ਸਰੂਪੁ[83] ॥

Says[81] Nanak, hear thou, O Ishar, the Lord is the Embodiment[83] of truth[82].

ਗੁਰੂ ਜੀ ਫ਼ੁਰਮਾਉਂਦੇ[81] ਹਨ ਤੂੰ ਸੁਣ, ਹੇ ਈਸ਼ਰ ! ਪ੍ਰਭੂ ਸੱਚ[82] ਦਾ ਪੁੰਜ[83] ਹੈ ।

ਪਰਮ[84] ਤੰਤ[85] ਮਹਿ[86] ਰੇਖ[87] ਨ ਰੂਪੁ[88] ॥੨॥

There is no sign[87] and form[81] of[86] the Supreme[84] Reality[85].

ਮਹਾਨ[84] ਅਸਲੀਅਤ[85] (ਵਾਹਿਗੁਰੂ) ਦਾ ਕੋਈ ਚਿੰਨ੍ਹ[87] ਅਤੇ ਸਰੂਪ[88] ਨਹੀਂ ।

ਮ: ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਸੋ[89] ਅਉਧੂਤੀ[90] ਜੋ ਧੂਪੈ[91] ਆਪੁ[92] ॥	He[89] alone is detached[90], who burns[91] his self-conceit[92].	ਕੇਵਲ ਉਹ[89] ਹੀ ਵਿਰੱਕਤ[90] ਹੈ, ਜੋ ਆਪਣੀ ਸਵੈ-ਹੰਗਤਾ[92] ਨੂੰ ਸੜ ਫੁੱਟਦਾ[91] ਹੈ ।
ਭਿਖਿਆ[93] ਭੋਜਨੁ[94] ਕਰੈ[95] ਸੰਤਾਪੁ[96] ॥	The hard-toil[96], he makes[95] his food[94] obtained through begging[93].	ਕਰੜੀ ਘਾਲ[96] ਨੂੰ, ਉਹ ਆਪਣਾ ਮੰਗ[93] ਕੇ ਲਿਆਂਦਾ ਹੋਇਆ ਖਾਣਾ[94] ਬਣਾਉਂਦਾ[95] ਹੈ ।
ਅਉਹਠ[97] ਪਟਣ[98] ਮਹਿ[99] ਭੀਖਿਆ[100] ਕਰੈ[2] ॥ ਸੋ[3] ਅਉਧੂਤੀ[4] ਸਿਵ[5] ਪੁਰਿ[6] ਚੜੈ[7] ॥	He, who asks for[2] alms[100] in[99] the town[98] of his mind[57]; That forsaker[4] mounts[7] to the Lord's[5] city[6].	ਜੋ ਹਿਰਦੇ[97] ਦੇ ਕਸਬੇ[98] ਅੰਦਰ[99] ਖ਼ੈਰ[100] ਮੰਗਦਾ[2] ਹੈ; ਉਹ[3] ਤਿਆਗੀ[4] ਸੁਆਮੀ[5] ਦੇ ਸ਼ਹਿਰ[6] ਵਿਚ ਜਾ ਚੜ੍ਹਦਾ[7] ਹੈ ।
ਬੋਲੈ ਗੋਰਖੁ ਸਤਿ ਸਰੂਪ ਪਰਮ ਤੰਤ ਮਹਿ ਰੇਖ ਨ ਰੂਪ ॥੩॥	Says Nanak, hear thou, O Gorakh, the Lord is the Embodiment of truth. The Supreme Reality has neither sign nor form.	ਗੁਰੂ ਜੀ ਆਖਦੇ ਹਨ ਤੂੰ ਸੁਣ, ਹੇ ਗੋਰਖ ! ਸੁਆਮੀ ਸੱਚ ਦਾ ਪੁਤਲਾ ਹੈ । ਮਹਾਨ ਅਸਲੀਅਤ ਦਾ ਨਾ ਕੋਈ ਚਿੰਨ੍ਹ ਹੈ, ਨਾ ਹੀ ਸਰੂਪ ।
ਮ: ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਸੋ ਉਦਾਸੀ[8] ਜਿ ਪਾਲੇ[9] ਉਦਾਸੁ[10] ॥	He alone is the renunciator[8], who embraces[9] renunciation[10].	ਕੇਵਲ ਉਹ ਹੀ ਉਪਰਾਮਤਾਵਾਨ[8] ਹੈ, ਜੋ ਵੈਰਾਗ[10] ਧਾਰਨ ਕਰਦਾ[9] ਹੈ ।
ਅਰਧ[12] ਉਰਧ[13] ਕਰੇ ਨਿਰੰਜਨ[14] ਵਾਸੁ[15] ॥	He realises the Immaculate[14] Lord, abiding[15] in the lower[12] and upper[13] regions.	ਉਹ ਪਵਿੱਤਰ ਪ੍ਰਭੂ ਨੂੰ ਹੇਠਲੇ[12] ਅਤੇ ਉੱਪਰਲੇ[13] ਲੋਕਾਂ ਵਿੱਚ ਵਸਦਾ[15] ਅਨੁਭਵ ਕਰਦਾ ਹੈ ।
ਚੰਦ[16] ਸੂਰਜ[17] ਕੀ ਪਾਏ ਗੰਢਿ[18] ॥	He gathers[18] the moon[16] of coolness and the sun[17] of gnosis.	ਉਹ ਸੀਤਲਤਾ ਦੇ ਚੰਦ੍ਰਮੇਂ[16] ਅਤੇ ਬ੍ਰਹਿਮ ਗਿਆਨ ਦੇ ਸੂਰਜ[17] ਨੂੰ ਇਕੱਤਰ ਕਰਦਾ[18] ਹੈ ।
ਤਿਸੁ[19] ਉਦਾਸੀ ਕਾ ਪੜੈ[20] ਨ ਕੰਧੁ[21] ॥	Of that[19] renunciator, the body-wall[21] falls[20] not.	ਉਸ[19] ਉਪਰਾਮਤਾਵਾਨ ਦੀ ਦੇਹ ਦੀ ਦੀਵਾਰ[21] ਢਹਿੰਦੀ[20] ਨਹੀਂ ।
ਬੋਲੈ ਗੋਪੀ ਚੰਦੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੪॥	Says Nanak, hear thou, O Gopi Chand, the Lord is the Embodiment of truth. The Supreme Reality has no sign and form.	ਗੁਰੂ ਜੀ ਆਖਦੇ ਹਨ, ਤੂੰ ਸੁਣ, ਹੇ ਗੋਪੀ ਚੰਦ ! ਸੁਆਮੀ ਸੱਚ ਦਾ ਪੁਤਲਾ ਹੈ । ਮਹਾਨ ਅਸਲੀਅਤ ਦਾ ਕੋਈ ਚਿੰਨ੍ਹ ਅਤੇ ਸਰੂਪ ਨਹੀਂ ।
ਮ: ੧ ॥	Ist Guru.	ਪਹਿਲੀ ਪਾਤਸ਼ਾਹੀ ।
ਸੋ ਪਾਖੰਡੀ[22] ਜਿ[23] ਕਾਇਆ[24] ਪਖਾਲੇ[25] ॥	He alone is the disguiser[22], who[23] washes off[25] his body's[24] filth.	ਕੇਵਲ ਉਹ ਹੀ ਬਹੁਰੂਪੀਆ[22] ਹੈ ਜੋ[23] ਆਪਣੀ ਦੇਹ ਦੀ ਮੈਲ[24] ਨੂੰ ਧੋ ਸੁਟਦਾ[25] ਹੈ ।
ਕਾਇਆ[26] ਕੀ ਅਗਨਿ[27] ਬ੍ਰਹਮੁ[28] ਪਰਜਾਲੇ[29] ॥	His body's[26] fire[27], he burns[29] with the Lord's[28] Name.	ਆਪਣੇ ਸਰੀਰ[26] ਦੀ ਅੱਗ[27] ਨੂੰ ਉਹ ਸਾਹਿਬ[28] ਦੇ ਨਾਮ ਨਾਲ ਸਾੜ ਦਿੰਦਾ[29] ਹੈ ।
ਸੁਪਨੈ[30] ਬਿੰਦੁ[31] ਨ ਦੇਈ ਝਰਣਾ[32] ॥	Even in dream[30], he emits[32] not his seed[31].	ਸੁਫਨੇ[30] ਵਿਚ ਭੀ ਉਹ ਆਪਣੇ ਵੀਰਜ ਨੂੰ ਡਿੱਗਣ[32] ਨਹੀਂ ਦਿੰਦਾ ।

ਤਿਸੁ[33] ਪਾਖੰਡੀ ਜਰਾ[34] ਨ ਮਰਣਾ[35] ॥
ਬੋਲੈ ਚਰਪਟੁ ਸਤਿ ਸਰੂਪੁ ॥
ਪਰਮ ਤੰਤ ਮਹਿ ਰੇਖ ਨ ਰੂਪੁ ॥੫॥

Such[33] a disguiser ages[34] not, nor dies[35] he.
Says Nanak, hear, O Charpat, the Lord is the Embodiment of truth. The Supreme Reality has no sign and form.

ਐਸਾ[33] ਬਰੂਪੀਆ ਨਾ ਬੁੱਢਾ[34] ਹੁੰਦਾ ਹੈ, ਨਾ ਹੀ ਉਹ ਮਰਦਾ[35] ਹੈ ।
ਗੁਰੂ ਜੀ ਆਖਦੇ ਹਨ, ਸੁਣ ਹੇ ਚਰਪਟ ! ਪ੍ਰਭੂ ਸੱਚ ਦਾ ਪੁੰਜ ਹੈ । ਮਹਾਨ ਅਸਲੀਅਤ ਦਾ ਕੋਈ ਚਿੰਨ੍ਹ ਅਤੇ ਸਰੂਪ ਨਹੀਂ ।

੯੫੩

ਮ: ੧ ॥
ਸੋ ਬੈਰਾਗੀ[36] ਜਿ ਉਲਟੇ[37] ਬ੍ਰਹਮੁ[38] ॥
ਗਗਨ ਮੰਡਲ[39] ਮਹਿ[40] ਰੋਪੈ[41] ਥੰਮੁ[42] ॥
[43]ਅਹਿਨਿਸਿ[44] ਅੰਤਰਿ[45] ਰਹੈ ਧਿਆਨਿ[46] ॥
ਤੇ[47] ਬੈਰਾਗੀ ਸਤ[48] ਸਮਾਨਿ[49] ॥
ਬੋਲੈ ਭਰਥਰਿ ਸਤਿ ਸਰੂਪੁ ॥
ਪਰਮ ਤੰਤ ਮਹਿ ਰੇਖ ਨ ਰੂਪੁ ॥੬॥

Ist Guru.
He alone is desireless[36], who turns[37] towards the Lord[38].
God, the Pillar[42], he fixes[41] in[40] his tenth gate[39].
Night[44] and day[42], he remains absorbed in hearty[45] meditation[46].
Such[47] a desireless person, is like[49] the True Lord[48].
Says Nanak, hear thou, O Bharther, the Lord is the Embodiment of truth. The Supreme Reality has no sign and form.

ਪਹਿਲੀ ਪਾਤਿਸ਼ਾਹੀ ।
ਕੇਵਲ ਉਹ ਹੀ ਇੱਛਾ-ਰਹਿਤ[36] ਹੈ, ਜੋ ਮਾਲਕ[38] ਵੱਲ ਮੋੜਾ ਪਾਉਂਦਾ[37] ਹੈ ।
ਵਾਹਿਗੁਰੂ, ਥਮਲੇ ਸਰੂਪ[42], ਨੂੰ ਉਹ ਆਪਣੇ ਦਸਮ ਦੁਆਰ[39] ਵਿਚ[40] ਟਿਕਾ ਲੈਂਦਾ[41] ਹੈ ।
ਰਾਤ[44] ਦਿਨ[43] ਉਹ ਦਿਲੀ[45] ਸਿਮਰਨ[46] ਅੰਦਰ ਲੀਨ ਰਹਿੰਦਾ ਹੈ ।
ਐਹੋ ਜੇਹਾ[47] ਇੱਛਾ ਰਹਿਤ ਪੁਰਸ਼ ਸੱਚੇ ਸੁਆਮੀ[48] ਦੇ ਤੁੱਲ[49] ਹੈ ।
ਗੁਰੂ ਜੀ ਆਖਦੇ ਹਨ, ਤੂੰ ਸੁਣ, ਹੇ ਭਰਥਰ ! ਪ੍ਰਭੂ ਸੱਚ ਦਾ ਪੁੰਜ ਹੈ । ਮਹਾਨ ਅਸਲੀਅਤ ਦਾ ਕੋਈ ਚਿੰਨ੍ਹ ਅਤੇ ਸਰੂਪ ਨਹੀਂ ।

ਮ: ੧ ॥
ਕਿਉ[50] ਮਰੈ[51] ਮੰਦਾ[52] ਕਿਉ ਜੀਵੈ[53] ਜੁਗਤਿ[54] ॥
ਕੰਨ ਪੜਾਇ ਕਿਆ[55] ਖਾਜੈ[56] ਭੁਗਤਿ[57] ॥
ਆਸਤਿ[58] ਨਾਸਤਿ[59] ਏਕੋ ਨਾਉ[60] ॥
ਕਉਣੁ[61] ਸੁ[62] ਅਖਰੁ[63] ਜਿਤੁ[84] ਰਹੈ[86] ਹਿਆਉ[85] ॥
ਧੂਪ[87]ਛਾਵ[88]ਜੇ[89] ਸਮ ਕਰਿ[90] ਸਹੈ[91] ॥ ਤਾ[92]ਨਾਨਕੁ ਆਖੈ[93] ਗੁਰੁ[94] ਕੋ[95] ਕਹੈ[96] ॥

Ist Guru.
How[50] is sin[52] eradicated[51] ? How is the way[54] to real life[53] found ?
What[55] is the use of taking[56] food[57] by having the ears torn ?
It is the One Name[60], that eternally inheres, both when the universe is in existence[58] and non-existence[59].
Which[61] is the[62] word[63], whereby[64] the mind[85] remains steady[86] ?
If[89] man endures[91] sun-shine[87] (peace) and shade[88] (pain) alike[90], then[92] alone, says[93] Nanak, he can utter[96] the Name of the Great[94] God[95].

ਪਹਿਲੀ ਪਾਤਿਸ਼ਾਹੀ ।
ਪਾਪ[52] ਕਿਸ ਤਰ੍ਹਾਂ[50] ਜੜ੍ਹੋਂ ਮੋਕੋਂ ਪੁੱਟਿਆ ਜਾਂਦਾ[51] ਹੈ ? ਅਸਲੀ ਜੀਵਨ[53] ਦੇ ਮਾਰਗ[54] ਦਾ ਕਿਸ ਤਰ੍ਹਾਂ ਪਤਾ ਲੱਗਦਾ ਹੈ ?
ਕੰਨਾਂ ਨੂੰ ਪੜਵਾ ਕੇ ਟੁੱਕੜ[57] ਖਾਣ[56] ਦਾ ਕੀ ਲਾਭ ਹੈ ?
ਇਕ ਨਾਮ[60] ਹੀ ਹੈ ਜੋ ਕੁਲ ਆਲਮ ਦੀ ਹੋਂਦ[58] ਅਤੇ ਅਣਹੋਂਦ[59], ਦੋਨਾਂ ਵਿੱਚ ਸਦੀਵੀ ਸਥਿਰ ਰਹਿੰਦਾ ਹੈ ?
ਉਹ[62] ਕਿਹੜਾ[61] ਸ਼ਬਦ[63] ਹੈ ਜਿਸ ਦੁਆਰਾ[84] ਮਨ[85] ਸਥਿਰ ਰਹਿੰਦਾ[86] ਹੈ ?
ਜੇਕਰ[89] ਇਨਸਾਨ ਧੁੱਪ[97] (ਸੁਖ) ਅਤੇ ਛਾਂ[88] (ਦੁੱਖ) ਨੂੰ ਇੱਕ ਸਮਾਨ[90] ਸਹਾਰਦਾ[91] ਹੈ, ਕੇਵਲ ਤਦ[92] ਹੀ ਗੁਰੂ ਜੀ ਫ਼ੁਰਮਾਉਂਦੇ[93] ਹਨ, ਉਹ ਵਿਸ਼ਾਲ[94] ਵਾਹਿਗੁਰੂ[95] ਦੇ ਨਾਮ ਦਾ ਉਚਾਰਨ ਕਰ ਸਕਦਾ[96] ਹੈ ।

ਛਿਅ[97] ਵਰਤਾਰੇ[98] ਵਰਤਹਿ[99] ਪੂਤ[100] ॥	Becoming disciples[100], people engage[99] in the six[97] system[98].	ਚੇਲੇ[100] ਹੋ ਕੇ ਲੋਕ ਛੇ[87] ਭੇਖਾਂ[98] ਅੰਦਰ ਪਰਵਿਰਤ[99] ਹੁੰਦੇ ਹਨ ।
ਨਾ ਸੰਸਾਰੀ[2] ਨਾ ਅਉਧੂਤ[3] ॥	They are neither the true worldly men[2], nor the true forsakers of the world[3].	ਉਹ ਨਾ ਸੱਚੇ ਦੁਨੀਆਦਾਰ ਬੰਦੇ[2] ਹਨ ਨਾ ਹੀ ਦੁਨੀਆ ਦੇ ਸੱਚੇ ਤਿਆਗੀ[3] ।
ਨਿਰੰਕਾਰਿ[4] ਜੋ ਰਹੈ ਸਮਾਇ[5] ॥ ਕਾਹੇ[6] ਭੀਖਿਆ[7] ਮੰਗਣਿ ਜਾਇ ॥ ੭॥	He, who remains absorbed[5] in the Formless[4] Lord; why[6] goes he to beg alms[7] ?	ਜੋ ਸਰੂਪ-ਰਹਿਤ[4] ਸੁਆਮੀ ਅੰਦਰ ਲੀਨ ਹੋਇਆ[5] ਰਹਿੰਦਾ ਹੈ; ਉਹ ਕਾਹਨੂੰ[6] ਭੀਖ[7] ਮੰਗਣ ਨੂੰ ਜਾਂਦਾ ਹੈ ?
ਪਉੜੀ ॥	Pauri.	ਪਉੜੀ ।
ਹਰਿ ਮੰਦਰੁ ਸੋਈ[8] ਆਖੀਐ[9] ਜਿਥਹੁ[10] ਹਰਿ ਜਾਤਾ[12] ॥	That[8] alone is said[9] to be the God's temple, wherefrom[10] the God is realised[12].	ਕੇਵਲ ਉਹ[8] ਹੀ ਵਾਹਿਗੁਰੂ ਦਾ ਮੰਦਰ ਕਹਿਆ ਜਾਂਦਾ[9] ਹੈ ਜਿੱਥੋਂ[10] ਵਾਹਿਗੁਰੂ ਜਾਣਿਆ ਜਾਂਦਾ[12] ਹੈ ।
ਮਾਨਸ[13] ਦੇਹ[14] ਗੁਰ ਬਚਨੀ[15] ਪਾਇਆ[17] ਸਭੁ[16] ਆਤਮ ਰਾਮੁ[18] ਪਛਾਤਾ[19] ॥	Realising the Pervading soul[18] to be everywhere[16], through the Guru's instruction[15], one finds[17] the Lord in the human[13] body[14] itself.	ਗੁਰਾਂ ਦੇ ਉਪਦੇਸ਼[15] ਰਾਹੀਂ, ਵਿਆਪਕ ਆਤਮਾ[18] ਨੂੰ ਹਰ ਥਾਂ[16] ਅਨੁਭਵ ਕਰਕੇ[19] ਇਨਸਾਨ ਪ੍ਰਭੂ ਨੂੰ ਮਨੁੱਖੀ[13] ਸਰੀਰ[14] ਅੰਦਰ ਹੀ ਪਾ ਲੈਂਦਾ[17] ਹੈ ।
ਬਾਹਰਿ ਮੂਲਿ[20] ਨ ਖੋਜੀਐ[21] ਘਰ ਮਾਹਿ[22] ਬਿਧਾਤਾ[23] ॥	Search[21] thou not ever[20] the Lord without. The Creator[23] is within[22] thy very home.	ਤੂੰ ਸੁਆਮੀ ਨੂੰ ਬਾਹਰਵਾਰ ਕਦਾਚਿੱਤ[20] ਨਾ ਲੱਭ[21] । ਸਿਰਜਣਹਾਰ[23] ਤੇਰੇ ਆਪਣੇ ਘਰ (ਹਿਰਦੇ) ਅੰਦਰ[22] ਹੀ ਹੈ ।
ਮਨਮੁਖ[24] ਹਰਿ ਮੰਦਰ ਕੀ ਸਾਰ[25] ਨ ਜਾਣਨੀ ਤਿਨੀ[28] ਜਨਮੁ[26] ਗਵਾਤਾ[27] ॥	The way-ward[24] know not the worth[25] of God's temple and they[28] lose[27] their life[26].	ਆਪ-ਹੁਦਰੇ[24] ਵਾਹਿਗੁਰੂ ਦੇ ਮੰਦਰ ਦੀ ਕਦਰ[25] ਨੂੰ ਨਹੀਂ ਜਾਣਦੇ ਅਤੇ ਉਹ[28] ਆਪਣੇ ਜੀਵਨ[26] ਨੂੰ ਗੁਆ[27] ਲੈਂਦੇ ਹਨ ।
ਸਭ ਮਹਿ ਇਕੁ ਵਰਤਦਾ[29] ਗੁਰ ਸਬਦੀ[30] ਪਾਇਆ ਜਾਈ ॥੧੨॥	The One Lord is pervading[29] all and is obtained through the Guru's teaching[30].	ਇਕ ਸੁਆਮੀ ਸਾਰਿਆਂ ਅੰਦਰ ਵਿਆਪਕ ਹੋ ਰਿਹਾ[29] ਹੈ, ਅਤੇ ਗੁਰਾਂ ਦੀ ਸਿੱਖਮਤ[30] ਰਾਹੀਂ ਪਾਇਆ ਜਾਂਦਾ ਹੈ ।
ਸਲੋਕ ਮ: ੩ ॥	Slok 3rd Guru.	ਸਲੋਕ ਤੀਜੀ ਪਾਤਿਸ਼ਾਹੀ ।
ਮੂਰਖੁ[31] ਹੋਵੈ ਸੋ ਸੁਣੈ ਮੂਰਖ ਕਾ ਕਹਣਾ[32] ॥	It is only the fool[31], who hears the words[32] of the fool.	ਕੇਵਲ ਬੇਵਕੂਫ[31] ਹੀ ਬੇਵਕੂਫ ਦੀ ਗੱਲਬਾਤ[32] ਸੁਣਦਾ ਹੈ ।
ਮੂਰਖ ਦੇ ਕਿਆ ਲਖਣ[33] ਹੈ ਕਿਆ ਮੂਰਖ ਕਾ ਕਰਣਾ[34] ॥	What are the signs[33] of a fool ? What deeds[34] a fool does ?	ਬੇਵਕੂਫ ਦੇ ਕੀ ਚਿੰਨ੍ਹ[33] ਹਨ ? ਬੇਵਕੂਫ ਦੇ ਕੀ ਕਰਮ[34] ਹਨ ?
ਮੂਰਖੁ ਓਹੁ ਜਿ ਮੁਗਧੁ[35] ਹੈ ਅਹੰਕਾਰੇ[36] ਮਰਣਾ ॥	A fool is he who is stupid[35] and dies of self-conceit[36].	ਮੂਰਖ ਉਹ ਹੈ ਜੋ ਬੁੱਧੂ[35] ਹੈ ਅਤੇ ਸਵੈ-ਹੰਗਤਾ[36] ਨਾਲ ਮਰ ਜਾਂਦਾ ਹੈ ।
ਏਤੁ[40] ਕਮਾਣੈ[37] ਸਦਾ[41]	In its[40] practice[37], he is ever[41] in	ਇਸ[40] ਦੇ ਕਰਨ[57] ਨਾਲ ਉਹ ਹਮੇਸ਼ਾ[41] ਮੁਸੀਬਤ[38] ਵਿੱਚ

ਦੂਖੁ[38] ਦੂਖ ਹੀ ਮਹਿ ਰਹਣਾ[39] ॥

misery[38] and in misery he abides[39].

ਰਹਿੰਦਾ ਹੈ ਅਤੇ ਮੁਸੀਬਤ ਅੰਦਰ ਹੀ ਵਸੰਦਾ[39] ਹੈ ।

ਅਤਿ[42] ਪਿਆਰਾ[43] ਪਵੈ[44] ਖੂਹਿ ਕਿਹੁ[47] ਸੰਜਮੁ[45] ਕਰਣਾ[46] ॥

If the very[42] dear[43] one falls into[44] a well; his friend should adopt[46] some[47] device[45] to take him out.

ਜੇਕਰ ਪਰਮ[42] ਪ੍ਰੀਤਵਾਨ ਖੂਹ ਵਿਚ ਡਿੱਗ ਪਵੇ[44], ਉਸ ਦੇ ਮਿੱਤ੍ਰ ਨੂੰ ਉਸ ਨੂੰ ਬਾਹਰ ਕੱਢਣ ਦੀ ਕੋਈ[47] ਵਿਧੀ[45] ਬਣਾਉਣੀ[46] ਚਾਹੀਦੀ ਹੈ ।

ਗੁਰਮੁਖਿ[48] ਹੋਇ ਸੁ ਕਰੇ ਵੀਚਾਰੁ[49] ਓਸੁ[50] ਅਲਿਪਤੋ[51] ਰਹਣਾ[52] ॥

He, who is turned Guru-wards[48], embraces the Lord Meditation[49] and he[50] remains[52] detached[51].

ਜੋ ਗੁਰੂ ਅਨੁਸਾਰੀ[48] ਹੋਇਆ ਹੋਇਆ ਹੈ, ਉਹ ਸੁਆਮੀ ਦਾ ਸਿਮਰਨ[49] ਕਰਦਾ ਹੈ ਤੇ ਉਹ[50] ਨਿਰਲੇਪ[51] ਵਿਚਰਦਾ[52] ਹੈ ।

ਹਰਿ ਨਾਮੁ ਜਪੈ[53] ਆਪਿ[54] ਉਧਰੈ[55] ਓਸੁ ਪਿਛੈ ਡੁਬਦੇ[56] ਭੀ ਤਰਣਾ ॥

Uttering[53] the Lord's Name, he saves[55] himself[54], and they who are drowning[56] are also saved through him.

ਸਾਹਿਬ ਦੇ ਨਾਮ ਦਾ ਉਚਾਰਨ ਕਰਨ[53] ਦੁਆਰਾ, ਉਹ ਖੁਦ[54] ਤਰ ਜਾਂਦਾ[55] ਹੈ ਅਤੇ ਜੋ ਡੁਬ ਰਹੇ[56] ਹਨ, ਉਹ ਭੀ ਉਸ ਦੇ ਰਾਹੀਂ ਤਰ ਜਾਂਦੇ ਹਨ ।

ਨਾਨਕ ਜੋ[59] ਤਿਸੁ[57] ਭਾਵੈ[58] ਸੋ[60] ਕਰੇ ਜੋ ਦੇਇ[61] ਸੁ ਸਹਣਾ[62] ॥੧॥

He does that[60], what[59] He[57], the Lord, wills[58] and endures[62] what comes[61] from Him.

ਉਹ ਓਹੀ ਕੁੱਛ ਕਰਦਾ ਹੈ ਜਿਹੜਾ[59] ਉਸ[57] ਸੁਆਮੀ ਨੂੰ ਚੰਗਾ ਲਗਦਾ[55] ਹੈ । ਉਸ ਨੂੰ ਸਹਾਰਦਾ[02] ਹੈ ਜੋ ਉਸ ਵਲੋਂ ਆਉਂਦਾ[61] ਹੈ ।

ਮ: ੧ ॥

Ist Guru.

ਪਹਿਲੀ ਪਾਤਿਸ਼ਾਹੀ ।

ਨਾਨਕੁ ਆਖੈ[63] ਰੇ[64] ਮਨਾ[65] ਸੁਣੀਐ[66] ਸਿਖ[67] ਸਹੀ[68] ॥

Says[63] Nanak, hear[66] thou, O[64] man[65], the true[68] instruction[67].

ਗੁਰੂ ਜੀ ਫ਼ੁਰਮਾਉਂਦੇ[64] ਹਨ, ਤੂੰ ਹੇ[64] ਇਨਸਾਨ ! ਸੱਚੀ[68] ਸਿਖਿਆ[67] ਸ੍ਰਵਣ ਕਰ[66] ।

ਲੇਖਾ[69] ਰਬੁ[70] ਮੰਗੇਸੀਆ[71] ਬੈਠਾ ਕਢਿ ਵਹੀ[72] ॥

Seated in judgement and taking out His ledger[72], God[70] shall call[71] thee to account[69].

ਆਪਣਾ ਬਹੀਖਾਤਾ[72] ਕੱਢ, ਨਿਆਂ ਕਰਨ ਬੈਠਾ, ਵਾਹਿਗੁਰੂ[70], ਤੇਰੇ ਕੋਲੋਂ ਤੇਰਾ ਹਿਸਾਬ-ਕਿਤਾਬ[69] ਪੁੱਛੇਗਾ[71] ।

ਤਲਬਾ[73] ਪਉਸਨਿ ਆਕੀਆ[74] ਬਾਕੀ[75] ਜਿਨਾ ਰਹੀ ॥

The rebels[74] of the Lord, with outstanding[75] against them, shall be called[73] out.

ਸਾਹਿਬ ਦੇ ਬਾਗ਼ੀ[74], ਜਿਨ੍ਹਾਂ ਦੇ ਜ਼ਿਮੇ ਬਕਾਇਆ ਹੈ, ਬੁਲਾਏ ਜਾਣਗੇ[73] ।

ਅਜਰਾਈਲੁ ਫਰੇਸਤਾ[76] ਹੋਸੀ[77] ਆਇ ਤਈ[78] ॥

The death's courier[76], Azrail, shall be[77] appointed[78] to punish them.

ਮੌਤ ਦਾ ਦੂਤ[76], ਅਜ਼ਰਾਈਲ ਉਨ੍ਹਾਂ ਨੂੰ ਸਜ਼ਾ ਦੇਣ ਲਈ ਮੁਕੱਰਰ[78] ਕੀਤਾ ਜਾਵੇਗਾ[77] ।

ਆਵਣੁ[79] ਜਾਣੁ[80] ਨ ਸੁਝਈ[81] ਭੀੜੀ[82] ਗਲੀ[83] ਫਹੀ[84] ॥

Entangled[84] in the narrow[82] lane[83], they shall see[81] no way of escape or coming[79] and going[80].

ਤੰਗ[82] ਗਲੀ[83] ਅੰਦਰ ਫਸੇ ਹੋਇਆ[84] ਨੂੰ ਕੋਈ ਰਸਤਾ ਬਚਾ ਜਾਂ ਆਉਣ[79] ਤੇ ਜਾਣ[80] ਦਾ ਨਹੀਂ ਦਿੱਸਣਾ[81] ।

ਕੂੜ[85] ਨਿਖੁਟੇ[86] ਨਾਨਕਾ ਓੜਕਿ[87] ਸਚਿ ਰਹੀ[88] ॥੨॥

Falsehood[85] shall come to an end[86], O Nanak and truth shall ultimately[87] prevail[88].

ਝੂਠ[95] ਦਾ ਖ਼ਾਤਮਾ ਹੋ ਜਾਵੇਗਾ[89] ਤੇ ਅਖ਼ੀਰ[87] ਨੂੰ ਸੱਚ ਹੀ ਪਰਬਲ[88] ਹੋਵੇਗਾ, ਹੇ ਨਾਨਕ !

ਪਉੜੀ ॥

Pauri.

ਪਉੜੀ ।

ਹਰਿ ਕਾ ਸਭੁ[89] ਸਰੀਰੁ[90] ਹੈ

The body[90] and everything[89] belongs

ਦੇਹ[90] ਅਤੇ ਸਾਰਾ ਕੁੱਛ[89] ਵਾਹਿਗੁਰੂ ਦੀ ਮਲਕੀਅਤ ਹੈ

ਹਰਿ ਰਵਿ ਰਹਿਆ[91] ਸਭੁ ਆਪੈ[92] ॥	to God and God Himself[92] is pervading[91] all.	ਅਤੇ ਵਾਹਿਗੁਰੂ ਆਪ[92] ਹੀ ਸਾਰੇ ਵਿਆਪਕ[91] ਹੋ ਰਿਹਾ ਹੈ ।
ਹਰਿ ਕੀ ਕੀਮਤਿ[93] ਨਾ ਪਵੈ[96] ਕਿਛੁ ਕਹਣੁ[94] ਨ ਜਾਪੈ[95] ॥	God's worth[93] can be appraised[36] not and nothing can[95] be said[94] regarding it.	ਵਾਹਿਗੁਰੂ ਦਾ ਮੁੱਲ[93] ਪਾਇਆ[96] ਨਹੀਂ ਜਾ ਸਕਦਾ ਅਤੇ ਇਸ ਬਾਰੇ ਕੁਝ ਭੀ ਆਖਿਆ[94] ਨਹੀਂ ਜਾ ਸਕਦਾ[95] ।
ਗੁਰ ਪਰਸਾਦੀ[96]ਸਾਲਾਹੀਐ[97] ਹਰਿ ਭਗਤੀ[98] ਰਾਪੈ[99] ॥	By Guru's grace[96], the Lord is praised[97] and one is imbued[99] with His meditation[98].	ਗੁਰਾਂ ਦੀ ਦਇਆ[96] ਦੁਆਰਾ ਪ੍ਰਭੂ ਦਾ ਜੱਸ[97] ਗਾਇਨ ਕੀਤਾ ਜਾਂਦਾ ਹੈ ਅਤੇ ਇਨਸਾਨ ਉਸ ਦੇ ਸਿਮਰਨ[98] ਨਾਲ ਰੰਗਿਆ[99] ਜਾਂਦਾ ਹੈ ।
ਸਭੁ ਮਨੁ[2] ਤਨੁ[100] ਹਰਿਆ[3] ਹੋਇਆ ਅਹੰਕਾਰੁ[4] ਗਵਾਪੈ[5] ॥	His body[100] and mind[3] are all reverdured[3] and his ego[4] is eradicated[5].	ਉਸਦੀ ਦੇਹ[100] ਅਤੇ ਮਨੂਆ[2] ਸਮੂਹ ਸਰਸਬਜ਼[3] ਥੀ ਵੰਝਦੇ ਹਨ ਅਤੇ ਉਸ ਦੀ ਹੰਗਤਾ[4] ਨਾਸ ਹੋ ਜਾਂਦੀ[5] ਹੈ ।
ਸਭੁ ਕਿਛੁ[10] ਹਰਿ ਕਾ ਖੇਲੁ[6] ਹੈ ਗੁਰਮੁਖਿ[7] ਕਿਸੈ[8] ਬੁਝਾਈ[9] ॥੧੩॥	Everything[10] is the Lord's play[6]. Rare[8] is the one who understands[9] this by Guru's grace[7].	ਹਰ ਸ਼ੈ[10] ਪ੍ਰਭੂ ਦੀ ਖੇਡ[6] ਹੈ । ਕੋਈ ਵਿਰਲਾ[8] ਜਣਾ ਹੀ ਗੁਰਾਂ ਦੀ ਰਹਿਮਤ[7] ਸਦਕਾ, ਇਸ ਨੂੰ ਸਮਝਦਾ[9] ਹੈ ।
ਸਲੋਕੁ ਮ: ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ ।
ਸਹੰਸਰ[12] ਦਾਨ[13] ਦੇ ਇੰਦ੍ਰੁ[14] ਰੋਆਇਆ[15] ॥	With the award[14] of the punishment[13] of the thousand[12] marks of vulva, Indar did weep[15].	ਭੱਗ ਦੇ ਹਜ਼ਾਰ[12] ਚਿੰਨਾਂ ਦੀ ਸਜ਼ਾ[13] ਮਿਲਣ[14] ਨਾਲ ਇੰਦ੍ਰ ਨੇ ਵਿਰਲਾਪ[15] ਕੀਤਾ ।
ਪਰਸ ਰਾਮੁ ਰੋਵੈ ਘਰਿ[16] ਆਇਆ[17] ॥	Paras Ram returned[17] home[16] crying.	ਪਰਸਰਾਮ ਰੋਂਦਾ ਹੋਇਆ ਆਪਣੇ ਗ੍ਰਹਿ[16] ਨੂੰ ਮੁੜਿਆ[17] ।
ਅਜੈ ਸੁ ਰੋਵੈ ਭੀਖਿਆ[18] ਖਾਇ [9] ॥	Ajai wailed, when made to eat[19] the dung he gave in charity[18].	ਜਦ ਦਾਨ[18] ਕੀਤਾ ਹੋਇਆ ਗੋਹਾ ਖਾਣਾ ਪਿਆ[19], ਅਜੈ ਨੇ ਵਿਰਲਾਪ ਕੀਤਾ ।
ਐਸੀ ਦਰਗਹ[20] ਮਿਲੈ ਸਜਾਇ[21] ॥	Such is the punishment[21], meted out in God's court[20].	ਐਹੋ ਜਿਹਾ ਦੰਡ[21] ਰੱਬ ਦੇ ਦਰਬਾਰ[20] ਅੰਦਰ ਮਿਲਦਾ ਹੈ ।
ਰੋਵੈ ਰਾਮੁ ਨਿਕਾਲਾ[22] ਭਇਆ ॥ ਸੀਤਾ ਲਖਮਣੁ ਵਿਛੁੜਿ[23] ਗਇਆ ॥	Rama wept when he was exiled[22] and got separated[23] from Sita and Lachhman.	ਜਦ ਰਾਮਚੰਦਰ ਨੂੰ ਦੇਸ਼ ਨਿਕਾਲਾ[22] ਮਿਲਿਆ ਅਤੇ ਉਹ ਸੀਤਾ ਤੇ ਲਛਮਣ ਨਾਲੋਂ ਵੱਖਰਾ[23] ਹੋ ਗਿਆ, ਤਾਂ ਉਸ ਨੇ ਰੁਦਨ ਕੀਤਾ ।
੯੫੪		
ਰੋਵੈ [24]ਦਹਸਿਰੁ[25] ਲੰਕ ਗਵਾਇ ॥ ਜਿਨਿ ਸੀਤਾ ਆਦੀ[26] ਡਉਰੂ[27] ਵਾਇ[28] ॥	Ten[24]-headed[25] Rawan, who took away[20] Sita with the beat[28] of tumbourine[27], wept, when he lost Ceylon.	ਦਸਾਂ[24] ਸਿਰਾਂ ਵਾਲੇ[25] ਰਾਵਨ, ਜੋ ਡਫ[27] ਵਜਾ ਕੇ[28] ਸੀਤਾ ਨੂੰ ਲੈ ਗਿਆ ਸੀ, ਨੇ ਲੰਕਾ ਨੂੰ ਗੁਆ ਕੇ ਰੁਦਨ ਕੀਤਾ ।
ਰੋਵਹਿ ਪਾਂਡਵ ਭਏ ਮਜੂਰ[29] ॥ ਜਿਨ ਕੈ ਸੁਆਮੀ[30] ਰਹਤ ਹਦੂਰਿ[31] ॥	The Pandwas, whose Master[30] lived with[31] them, became servants[29] and wailed.	ਪਾਂਡੇ, ਜਿਨ੍ਹਾਂ ਦਾ ਮਾਲਕ[30] ਉਨ੍ਹਾਂ ਦੇ ਨਾਲ[31] ਰਹਿੰਦਾ ਸੀ, ਟਹਿਲੂਏ[29] ਬਣ ਗਏ ਅਤੇ ਉਨ੍ਹਾਂ ਨੇ ਵਿਰਲਾਪ ਕੀਤਾ ।

ਰੋਵੈ ਜਨਮੇਜਾ ਖੁਇ[32] ਗਇਆ ॥	Janmeja bewailed that he went astray[32].	ਰਾਜੇ ਜਨਮੇਜੇ ਨੇ ਆਪਣੇ ਕੁਰਾਹੇ[32] ਪੈਣ ਉੱਤੇ ਰੁਦਨ ਕੀਤਾ।
ਏਕੀ[35] ਕਾਰਣਿ[33] ਪਾਪੀ[34] ਭਇਆ[36] ॥	For[33] an offence[35] he became[36] a sinner[34].	ਇਕ ਜੁਰਮ[35] ਦੀ ਖ਼ਾਤਰ[33] ਉਹ ਗੁਨਾਹਗਾਰ[34] ਬਣ ਗਿਆ[36]।
ਰੋਵਹਿ ਸੇਖ[37] ਮਸਾਇਕ[38] ਪੀਰ[39] ॥ ਅੰਤਿ[40] ਕਾਲਿ[41] ਮਤੁ[42] ਲਾਗੈ[43] ਭੀੜ[44] ॥	The Divine teachers[37], seers[38] and religious guides[39] weep, lest[42] they should suffer[43] agony[44] at the last[40] momont[41].	ਅਧਿਆਤਮਕ ਆਗੂ[37], ਅੰਤਰਜਾਮੀ[38] ਅਤੇ ਰੂਹਾਨੀ ਰਹਿਬਰ[39] ਵਿਰਲਾਪ ਕਰਦੇ ਹਨ, ਮਤੇ[42] ਅਖੀਰ[40] ਦੇ ਵੇਲੇ[41] ਉਨ੍ਹਾਂ ਨੂੰ ਕਸ਼ਟ[44] ਉਠਾਉਣਾ[43] ਪਵੇ।
ਰੋਵਹਿ ਰਾਜੇ[45] ਕੰਨ[46] ਪੜਾਇ[47] ॥ ਘਰਿ ਘਰਿ[48] ਮਾਗਹਿ ਭੀਖਿਆ[49] ਜਾਇ ॥	The kings[45] weep, having their ears[46] torn[47] and they go abegging[49] from house to house[48].	ਆਪਣੇ ਕੰਨਾਂ[46] ਨੂੰ ਪੜਵਾ[47] ਕੇ ਪਾਤਿਸ਼ਾਹ[44] ਰੋਂਦੇ ਹਨ, ਅਤੇ ਉਹ ਘਰ[48] ਘਰ ਖੈਰ ਮੰਗਦੇ[49] ਫਿਰਦੇ ਹਨ।
ਰੋਵਹਿ ਕਿਰਪਨ[50] ਸੰਚਹਿ[51] ਧਨੁ[52] ਜਾਇ[53] ॥	The miser[50] weeps when his amassed[51] wealth[52] parts company[53] with him.	ਜਦ ਉਸ ਦੀ ਇਕੱਤਰ[51] ਕੀਤੀ ਹੋਈ ਦੌਲਤ[52] ਉਸ ਪਾਸੋਂ ਵੱਖਰੀ ਹੋ ਜਾਂਦੀ[53] ਹੈ, ਉਦੋਂ ਕੰਜੂਸ[50] ਵਿਰਲਾਪ ਕਰਦਾ ਹੈ।
ਪੰਡਿਤ[54] ਰੋਵਹਿ ਗਿਆਨੁ[55] ਗਵਾਇ[56] ॥	The learned man[54] cries when his learning[55] fails[56] him.	ਜਦ ਉਸ ਦੀ ਵਿਦਿਆ[55] ਨਿਸਫਲ[56] ਹੋ ਜਾਂਦੀ ਹੈ ਤਾਂ ਵਿਦਵਾਨ[64] ਪੁਰਸ਼[54] ਰੁਦਨ ਕਰਦਾ ਹੈ।
ਬਾਲੀ[57] ਰੋਵੈ ਨਾਹਿ[58] ਭਤਾਰੁ[59] ॥	The young woman[57] weeps for she has no[51] husband[59].	ਮੁਟਿਆਰ ਇਸਤਰੀ[57] ਰੋਂਦੀ ਹੈ, ਕਿਉਂਜੇ ਉਸ ਦਾ ਪਤੀ[59] ਨਹੀਂ[58]।
ਨਾਨਕ ਦੁਖੀਆ[60] ਸਭੁ ਸੰਸਾਰੁ[61] ॥	Nanak, the whole world[61] is in distress[60].	ਨਾਨਕ, ਸਾਰਾ ਜਹਾਨ[61] ਤਕਲੀਫ਼ ਵਿੱਚ[60] ਹੈ।
ਮੰਨੇ[62] ਨਾਉ ਸੋਈ[63] ਜਿਣਿ[64] ਜਾਇ ॥	He[63], who believes[62] in the Name, becomes victorious[64].	ਜੋ ਨਾਮ ਉੱਤੇ ਭਰੋਸਾ[62] ਧਾਰਦਾ ਹੈ, ਉਹ[63] ਜਿੱਤ ਜਾਂਦਾ[64] ਹੈ।
ਅਉਰੀ[65] ਕਰਮ[66] ਨ ਲੇਖੈ[67] ਲਾਇ ॥੧॥	No other[65] deed[66] is of any account[67].	ਹੋਰ[65] ਕੋਈ ਅਮਲ[66] ਕਿਸੇ ਹਿਸਾਬ ਕਿਤਾਬ[67] ਵਿਚ ਨਹੀਂ।
ਮ: ੨ ॥	2nd Guru.	ਦੂਜੀ ਪਾਤਿਸ਼ਾਹੀ।
ਜਪੁ[68] ਤਪੁ[69] ਸਭੁ ਕਿਛੁ[70] ਮੰਨਿਐ[71] ਅਵਰਿ[72] ਕਾਰਾ[73] ਸਭਿ ਬਾਦਿ[74] ॥	Contemplation[68], penance[69] and everything[70] are obtained by believing[71] in the Lord. All other[73] occupations[73] are vain[74].	ਸਿਮਰਨ[68], ਤਪੱਸਿਆ[69] ਅਤੇ ਹਰ ਵਸਤੂ[70] ਪ੍ਰਾਪਤ ਹੋ ਜਾਂਦੀਆਂ ਹਨ ਪ੍ਰਭੂ ਵਿਚ ਭਰੋਸਾ ਕਰਨ ਦੁਆਰਾ[71]। ਹੋਰ[72] ਸਾਰੇ ਕਾਰ-ਵਿਹਾਰ[73] ਵਿਅਰਥ[74] ਹਨ।
ਨਾਨਕ ਮੰਨਿਆ[75] ਮੰਨੀਐ[76] ਬੁਝੀਐ[77] ਗੁਰ ਪਰਸਾਦਿ[78] ॥ ੨॥	Nanak, obey[76] thou Him, who is worthy of obedience[75]. By the Guru's grace[78], the Lord is realised[77].	ਨਾਨਕ, ਤੂੰ ਉਸ ਦੀ ਫਰਮਾਂਬਰਦਾਰੀ[76] ਕਰ ਜੋ ਫ਼ਰਮਾਂਬਰਦਾਰੀ ਦੇ ਯੋਗ[75] ਹੈ। ਗੁਰਾਂ ਦੀ ਦਇਆ[78] ਦੁਆਰਾ ਪ੍ਰਭੂ ਅਨੁਭਵ[77] ਕੀਤਾ ਜਾਂਦਾ ਹੈ।
ਪਉੜੀ ॥	Pauri.	ਪਉੜੀ।
ਕਾਇਆ[79] ਹੰਸੁ[80] ਧੁਰਿ[81]	The union[82] of the body[79] and the	ਸਰੀਰ[79] ਅਤੇ ਰਾਜ ਹੰਸ-ਆਤਮਾ[80] ਦਾ ਮਿਲਾਪ[82] ਅੰਨ

ਮੇਲੁ[82] ਕਰਤੈ[83] ਲਿਖਿ[84] ਪਾਇਆ ॥

swan-soul[80] was writ[84] by the Creator-Lord[83] from the very beginning[81].

ਆਰੰਭ[81] ਤੋਂ ਹੀ ਸਿਰਜਣਹਾਰ-ਮੁਆਮੀ[83] ਨੇ ਲਿਖਿਆ[84] ਹੋਇਆ ਸੀ ।

ਸਭ ਮਹਿ[85] ਗੁਪਤੁ[86] ਵਰਤਦਾ[87] ਗੁਰਮੁਖਿ[88] ਪ੍ਰਗਟਾਇਆ[89] ॥

The Lord is Unmanifestly[86] pervading[87] amongst[85] all. It is through the Guru[88], that he is revealed[89].

ਸੁਆਮੀ ਅਦ੍ਰਿਸਟ[86] ਤੌਰ ਤੇ ਸਾਰਿਆਂ ਅੰਦਰ[85] ਵਿਆਪਕ[87] ਹੋ ਰਿਹਾ ਹੈ । ਗੁਰਾਂ ਦੇ ਰਾਹੀਂ[88] ਹੀ ਉਹ ਜ਼ਾਹਰ[89] ਹੁੰਦਾ ਹੈ ।

ਗੁਣ[90] ਗਾਵੈ[91] ਗੁਣ ਉਚਰੈ[92] ਗੁਣ ਮਾਹਿ[93] ਸਮਾਇਆ[94] ॥

He who hymns[91] God's praise[90] and repeats[92] His praise, gets merged[94] in[93] His praise.

ਜੋ ਵਾਹਿਗੁਰੂ ਦੀ ਮਹਿਮਾ[90] ਗਾਇਨ[91] ਕਰਦਾ ਹੈ ਅਤੇ ਉਸ ਦੀ ਮਹਿਮਾ ਹੀ ਉਚਾਰਦਾ[92] ਹੈ, ਉਹ ਉਸ ਦੀ ਮਹਿਮਾ ਅੰਦਰ[93] ਹੀ ਲੀਨ[94] ਹੋ ਜਾਂਦਾ ਹੈ ।

ਸਚੀ ਬਾਣੀ ਸਚੁ[95] ਹੈ ਸਚੁ[96] ਮੇਲਿ[97] ਮਿਲਾਇਆ[98] ॥

Wholly true[95] is the Guru's true-word. Through it, one meets[98] in the union[97] of the True Lord[96].

ਸਮੂਹ ਸੱਚੀ[95] ਹੈ ਗੁਰਾਂ ਦੀ ਸੱਚੀ ਬਾਣੀ । ਇਸ ਦੇ ਰਾਹੀਂ ਜੀਵ ਸੱਚੇ ਸਾਂਈਂ[96] ਦੇ ਮਿਲਾਪ[97] ਅੰਦਰ ਮਿਲ ਜਾਂਦਾ[98] ਹੈ ।

ਸਭੁ ਕਿਛੁ[99] ਆਪੇ ਆਪਿ[100] ਹੈ ਆਪੇ ਦੇਇ[2] ਵਡਿਆਈ[3] ॥੧੪॥

He, the Lord, is everything[99] by Himself[100]. He, Himself blesses[2] one with glory[3].

ਉਹ ਸਾਹਿਬ, ਸਾਰਾ ਕੁਝ[99] ਖ਼ੁਦ-ਬ-ਖ਼ੁਦ[100] ਹੀ ਹੈ । ਉਹ ਖ਼ੁਦ ਹੀ ਪ੍ਰਭਤਾ[3] ਪ੍ਰਦਾਨ[2] ਕਰਦਾ ਹੈ ।

ਸਲੋਕ ਮ: ੨ ॥

Slok 2nd Guru.

ਸਲੋਕ ਦੂਜੀ ਪਾਤਿਸ਼ਾਹੀ ।

ਨਾਨਕ ਅੰਧਾ ਹੋਇ ਕੈ ਰਤਨਾ[4] ਪਰਖਣ[5] ਜਾਇ ॥ ਰਤਨਾ ਸਾਰ[6] ਨ ਜਾਣਈ ਆਵੈ ਆਪੁ ਲਖਾਇ[7] ॥੧॥

Nanak if a blind man goes to assay[5] jewels[4] he shall not know their worth[6] and shall return after making an exhibition[7] of himself.

ਨਾਨਕ ਜੇਕਰ ਅੰਨ੍ਹਾ ਆਦਮੀ ਜਵਾਹਿਰਾਤਾਂ[4] ਦੀ ਜਾਂਚ-ਪੜਤਾਲ[5] ਕਰਨ ਜਾਵੇ, ਉਹ ਉਨ੍ਹਾਂ ਦੀ ਕਦਰ[6] ਨੂੰ ਨਹੀਂ ਪਛਾਣੇਗਾ ਅਤੇ ਆਪਣੇ ਆਪ ਨੂੰ ਮੁਜ਼ਾਹਿਰਾ[7] (ਝੂਠਾ ਵਿਖਾਵਾ) ਕਰਕੇ ਮੁੜੇਗਾ ।

ਮ: ੨ ॥

2nd Guru.

ਦੂਜੀ ਪਾਤਿਸ਼ਾਹੀ ।

ਰਤਨਾ[8] ਕੇਰੀ[9] ਗੁਥਲੀ[10] ਰਤਨੀ[12] ਖੋਲੀ ਆਇ[13] ॥ ਵਖਰ[14] ਤੈ[15] ਵਣਜਾਰਿਆ[16] ਦੁਹਾ[17] ਰਹੀ ਸਮਾਇ[18] ॥

The bag[10] of[9] jewel[8], the Guru, the jeweller[12], has come and opened[13].

The Gurbani, the bag of jewels, remains merged[18] in the minds of both[17] the Guru, the vendor of commodity[14] and[15] the sikh, the vendee[16].

ਜਵਾਹਿਰਾਤ[8] ਦੀ[9] ਥੈਲੀ[10], ਗੁਰਦੇਵ ਜਵੇਹਰੀ[12] ਨੇ ਆ ਕੇ ਖੋਲ੍ਹ ਦਿੱਤੀ[13] ਹੈ ।

ਜਵਾਹਿਰਾਤ ਦੀ ਥੈਲੀ, ਗੁਰਬਾਣੀ ਦਾ ਮਾਲ ਵੇਚਨ ਵਾਲੇ[14] ਗੁਰੂ ਅਤੇ[15] ਸਿਖ ਖ਼ਰੀਦਾਰ[16] ਦੋਨਾਂ[17] ਦੇ ਰਿਦਿਆਂ ਅੰਦਰ ਰਮੀ ਰਹਿੰਦੀ[18] ਹੈ ।

ਜਿਨ ਗੁਣੁ[19] ਪਲੈ[20] ਨਾਨਕਾ ਮਾਣਕ[21] ਵਣਜਹਿ[22] ਸੇਇ[23] ॥

They alone[23], who have virtue[19] in their skirt[20], O Nanak, purchase[22] the Name jewel[21].

ਕੇਵਲ ਉਹ[23] ਹੀ ਜਿਨ੍ਹਾਂ ਦੀ ਝੋਲੀ[20] ਵਿਚ ਨੇਕੀ[19] ਹੈ, ਹੇ ਨਾਨਕ ! ਨਾਮ ਦੇ ਜਵੇਹਰ[21] ਨੂੰ ਖ਼ਰੀਦਦੇ[22] ਹਨ ।

ਰਤਨਾ[28] ਸਾਰ[24] ਨ ਜਾਣਨੀ[29] ਅੰਧੇ[25] ਵਤਹਿ[26] ਲੋਇ[27] ॥੨॥

They, who know[29] not the worth[24] of the jewels[28] of the Gurbani and the Name, wander[26] like the blind men[25] in the world[27].

ਜੋ ਗੁਰਬਾਣੀ ਅਤੇ ਨਾਮ ਦੇ ਜਵਾਹਿਰਾਤ[28] ਦੀ ਕਦਰ[24] ਨੂੰ ਨਹੀਂ ਪਛਾਣਦੇ[29], ਉਹ ਮੁਨਾਖਿਆਂ (ਅੰਨ੍ਹਿਆਂ) ਮਨੁੱਖਾਂ[25] ਦੀ ਮਾਨੰਦ ਸੰਸਾਰ[27] ਅੰਦਰ ਭਟਕਦੇ[26] ਹਨ ।

ਪਉੜੀ ॥

Pauri.

ਪਉੜੀ ।

ਨਉ ਦਰਵਾਜੇ[30] ਕਾਇਆ[31] ਕੋਟੁ[32] ਹੈ ਦਸਵੈ ਗੁਪਤੁ[33] ਰਖੀਜੈ ॥	The body[31] fortress[32] has nine doors[30]. The tenth is kept unseen[33].	ਸਰੀਰ[31] ਦੇ ਕਿਲ੍ਹੇ[32] ਦੇ ਨੌਂ ਬੂਹੇ[30] ਹਨ। ਦਸਵਾਂ ਅਦ੍ਰਿਸ਼ਟ[33] ਰੱਖਿਆ ਹੋਇਆ ਹੈ।
ਬਜਰ[34] ਕਪਾਟ[35] ਨ ਖੁਲਨੀ[37] ਗੁਰ ਸਬਦਿ[36] ਖੁਲੀਜੈ ॥	The admantine[34] shutters[35] of the tenth gate open[37] not. Through the Guru's word[36] alone they get opened.	ਦਸਵੇਂ ਦੁਆਰ ਦੇ ਮਹਾਨ ਕਰੜੇ[34] ਤਖਤੇ[35] ਖੁਲ੍ਹਦੇ[37] ਨਹੀਂ। ਕੇਵਲ ਗੁਰਾਂ ਦੇ ਬਚਨ[36] ਰਾਹੀਂ ਹੀ ਉਹ ਖੁਲ੍ਹਦੇ ਹਨ।
ਅਨਹਦ[37*] ਵਾਜੇ ਧੁਨਿ[38] ਵਜਦੇ[39] ਗੁਰ ਸਬਦਿ ਸੁਣੀਜੈ[40] ॥	The melodious[38] celestial strain[37*] rings[39] there. By the Guru's word it is heard[40].	ਸੁਰੀਲਾ[38] ਬੈਕੁੰਠੀ ਕੀਰਤਨ[37*] ਉੱਥੇ ਗੂੰਜਦਾ[39] ਹੈ। ਗੁਰਦੇਵ ਜੀ ਦੇ ਬਚਨ ਦੁਆਰਾ ਇਹ ਸੁਣਿਆ ਜਾਂਦਾ[40] ਹੈ।
ਤਿਤੁ[41] ਘਟ[42] ਅੰਤਰਿ[43] ਚਾਨਣਾ[44] ਕਰਿ[45] ਭਗਤਿ[46] ਮਿਲੀਜੈ[47] ॥	The Divine light[44] shines in[43] the mind[42] of those[41] who hear the music of the tenth gate. Such persons meet[47] God, by embracing[45] meditation[46].	ਈਸ਼ਵਰੀ ਨੂਰ[44] ਉਨ੍ਹਾਂ[41] ਦੇ ਹਿਰਦੇ[42] ਅੰਦਰ[43] ਪ੍ਰਕਾਸ਼[44] ਹੋ ਜਾਂਦਾ ਹੈ ਜੋ ਦਸਵੇਂ ਦੁਆਰ ਦੇ ਕੀਰਤਨ ਨੂੰ ਸੁਣਦੇ ਹਨ। ਐਸੇ ਪੁਰਸ਼ ਬੰਦਗੀ[46] ਇਖਤਿਆਰ[45] ਕਰਨ ਦੁਆਰਾ ਹਰੀ ਨੂੰ ਮਿਲ ਪੈਂਦੇ[47] ਹਨ।
ਸਭ ਮਹਿ[48] ਏਕੁ ਵਰਤਦਾ[49] ਜਿਨਿ ਆਪੇ[50] ਰਚਨ[51] ਰਚਾਈ[52] ॥੧੫॥	The One Lord, who has Himself[50] made[52] the world[51], is contained[49] amongst[48] all.	ਇਕ ਸੁਆਮੀ ਜਿਸ ਨੇ ਆਪ[50] ਹੀ ਸ੍ਰਿਸ਼ਟੀ[51] ਸਾਜੀ[52] ਹੈ, ਸਾਰਿਆਂ ਅੰਦਰ[48] ਰਮਿਆ ਹੋਇਆ[49] ਹੈ।
ਸਲੋਕ ਮ: ੨ ॥	Slok 2nd Guru.	ਸਲੋਕ ਦੂਜੀ ਪਾਤਿਸ਼ਾਹੀ।
ਅੰਧੇ[53] ਕੈ ਰਾਹਿ[54] ਦਸਿਐ[55] ਅੰਧਾ ਹੋਇ ਸੁ[56] ਜਾਇ[57] ॥	He[56] alone who is blind, follows[57] the road[54] shown[55] by the blind one[53].	ਕੇਵਲ ਉਹ ਹੀ[56] ਜੋ ਅੰਨ੍ਹਾ ਹੈ, ਅੰਨ੍ਹੇ ਇਨਸਾਨ[53] ਦੇ ਵਿਖਾਲੇ[55] ਹੋਏ ਰਸਤੇ[54] ਉੱਤੇ ਟੁਰਦਾ[57] ਹੈ।
ਹੋਇ ਸੁਜਾਖਾ[58] ਨਾਨਕਾ ਸੋ ਕਿਉ ਉਝੜਿ[59] ਪਾਇ[60] ॥	Why should he, O Nanak, who can see[58], stray[60] into the wilderness[59] ?	ਜੋ ਵੇਖ ਸਕਦਾ[58] ਹੈ, ਹੇ ਨਾਨਕ ! ਉਹ ਉਜਾੜ[59] ਅੰਦਰ ਕਿਉਂ ਭੰਬਲਭੂਸੇ[60] ਖਾਵੇ ?
ਅੰਧੇ ਏਹਿ ਨ ਆਖੀਅਨਿ[61] ਜਿਨ ਮੁਖਿ[62] ਲੋਇਣ[63] ਨਾਹਿ ॥	They, who have no eyes[63] in their face[62], are not called[61] blind.	ਜਿਨ੍ਹਾਂ ਦੇ ਚਿਹਰੇ[62] ਅੰਦਰ (ਉੱਤੇ) ਨੇਤ੍ਰ[63] ਨਹੀਂ, ਉਹ ਅੰਨ੍ਹੇ ਨਹੀਂ ਕਹੇ ਜਾਂਦੇ[61]।
ਅੰਧੇ ਸੇਈ[64] ਨਾਨਕਾ ਖਸਮਹੁ[65] ਘੁਥੇ[66] ਜਾਹਿ ॥੧॥	They[64] alone are blind[67], O Nanak, who stray away[66] from their Lord[65].	ਕੇਵਲ ਉਹ[64] ਹੀ ਮੁਨਾਖੇ[67] ਹਨ, ਹੇ ਨਾਨਕ ! ਜੋ ਆਪਣੇ ਸੁਆਮੀ[65] ਤੋਂ ਘੁੱਮੇ[66] ਫਿਰਦੇ ਹਨ।
ਮ: ੨ ॥	2nd Guru.	ਦੂਜੀ ਪਾਤਿਸ਼ਾਹੀ।
ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ[67] ਹੋਇ ॥	He, whom the Lord has blinded; him He alone can make see clearly[67].	ਜਿਸ ਨੂੰ ਸੁਆਮੀ ਨੇ ਅੰਨ੍ਹਾ ਕੀਤਾ ਹੈ, ਉਸ ਨੂੰ ਕੇਵਲ ਉਹ ਹੀ ਚੰਗੀ ਤਰ੍ਹਾਂ ਵੇਖਣ ਵਾਲਾ[67] ਕਰ ਸਕਦਾ ਹੈ।
ਜੇਹਾ[68] ਜਾਣੈ ਤੇਹੋ[69] ਵਰਤੈ[70] ਜੇ[71] ਸਉ[72] ਆਖੈ[73] ਕੋਇ[74] ॥	As[68] he knows, so[69] acts[79] he, even though[71] some one[74] may instruct[73] him a hundred[72] times.	ਜਿਸ ਤਰ੍ਹਾਂ[68] ਉਹ ਜਾਣਦਾ, ਉਸੇ ਤਰ੍ਹਾਂ[69] ਹੀ ਉਹ ਕਰਦਾ[70] ਹੈ, ਭਾਵੇਂ[71] ਕੋਈ ਜਣਾ[74] ਸੈਂਕੜੇ[72] ਵਾਰੀ ਉਸ ਨੂੰ ਪਿਆ ਸਮਝਾਵੇ[73]।
ਜਿਥੈ ਸੁ[75] ਵਸਤੁ[76] ਨ	Where God, the Real[75] Thing[76], is	ਜਿੱਥੇ ਵਾਹਿਗੁਰੂ, ਅਸਲ[75] ਚੀਜ਼[76], ਦਿੱਸ[77] ਨਹੀਂ

ਜਾਪਈ[77] ਆਪੇ[78] ਵਰਤਉ[79] ਜਾਣਿ[80] ॥

seen[77] not, know[80] that self-conceit[78] prevails[79] there.

ਆਉਂਦੀ, ਜਾਣ[80] ਲੈ ਕੇ ਉੱਥੇ ਸਵੈ-ਹੰਗਤਾ[78] ਦਾ ਬੋਲਬਾਲਾ[79] ਹੈ ।

ਨਾਨਕ ਗਾਹਕੁ[81] ਕਿਉ[82] ਲਏ[83] ਸਕੈ ਨ ਵਸਤੁ ਪਛਾਣਿ[84] ॥੨॥

Nanak, how[82] can the purchaser[81] buy[83] the Thing, if he can recognise[84] it not ?

ਨਾਨਕ ਖ਼ਰੀਦਾਰ[81] ਚੀਜ਼ ਨੂੰ ਕਿਸ ਤਰ੍ਹਾਂ[82] ਮੁੱਲ[83] ਲੈ ਸਕਦਾ ਹੈ, ਜੇਕਰ ਉਹ ਇਸ ਨੂੰ ਸਿੰਞਾਣ[84] ਹੀ ਨਹੀਂ ਸਕਦਾ ?

ਮ: ੨

2nd Guru.

ਦੂਜੀ ਪਾਤਿਸ਼ਾਹੀ ।

ਸੋ[85] ਕਿਉ[86] ਅੰਧਾ ਆਖੀਐ[88] ਜਿ ਹੁਕਮਹੁ[87] ਅੰਧਾ ਹੋਇ ॥

How[86] can he[85] be called[88] blind, who is blinded through the Lord's will[87] ?

ਉਹ[85] ਕਿਸ ਤਰ੍ਹਾਂ[86] ਅੰਨ੍ਹਾ ਕਿਹਾ ਜਾ ਸਕਦਾ[88] ਹੈ ਜੋ ਸੁਆਮੀ ਦੀ ਰਜ਼ਾ[87] ਰਾਹੀਂ ਅੰਨ੍ਹਾ (ਮਾਇਆ ਤੋਂ ਉਪਰ) ਹੋਇਆ ਹੈ ?

ਨਾਨਕ ਹੁਕਮੁ ਨ ਬੁਝਈ[89] ਅੰਧਾ ਕਹੀਐ ਸੋਇ[90] ॥੩॥

Nanak, it is he, who understands[89] not the Lord's will, who[90] is called blind.

ਨਾਨਕ, ਜੋ ਪ੍ਰਭੂ ਦੀ ਰਜ਼ਾ ਨੂੰ ਨਹੀਂ ਸਮਝਦਾ[89], ਉਹ[90] ਹੀ ਅੰਨ੍ਹਾ ਆਖਿਆ ਜਾਂਦਾ ਹੈ ।

ਪਉੜੀ ॥

Pauri.

ਪਉੜੀ ।

ਕਾਇਆ[91] ਅੰਦਰਿ[92] ਗੜੁ[93] ਕੋਟੁ[94] ਹੈ ਸਭਿ[95] ਦਿਸੰਤਰ[96] ਦੇਸਾ[97] ॥

The Lord of the country[97] and all[95] the foreign lands[96], abides in[92] the walled[94] citadel[93] of the body[91].

ਮੁਲਕ[97] ਅਤੇ ਸਾਰਿਆਂ[95] ਪ੍ਰਦੇਸਾਂ[96] ਦਾ ਸੁਆਮੀ, ਦੇਹ[91] ਦੇ ਫ਼ਸੀਲ ਵਾਲੇ[94] ਕਿਲ੍ਹੇ[93] ਵਿੱਚ[92] ਵਸਦਾ ਹੈ ।

੯੫੫

ਆਪੇ ਤਾੜੀ[98] ਲਾਈਅਨੁ ਸਭ ਮਹਿ[99] ਪਰਵੇਸਾ[100] ॥

The Lord Himself sits in trance[98] and Himself is contained[100] amongst[99] all.

ਸੁਆਮੀ ਆਪੇ ਹੀ ਸਮਾਧੀ[98] ਅੰਦਰ ਬੈਠਦਾ ਹੈ ਅਤੇ ਆਪੇ ਹੀ ਸਾਰਿਆਂ ਅੰਦਰ[99] ਵਿਆਪਕ[100] ਹੋ ਰਿਹਾ ਹੈ।

ਆਪੇ ਸ੍ਰਿਸਟਿ[2] ਸਾਜੀਅਨੁ[3] ਆਪਿ ਗੁਪਤੁ[4] ਰਖੇਸਾ[5] ॥

He Himself created[3] the world[2] and Himself remains[5] hid[4] therein.

ਉਸ ਨੇ ਖ਼ੁਦ ਸੰਸਾਰ[2] ਰਚਿਆ[3] ਹੈ ਅਤੇ ਖ਼ੁਦ ਹੀ ਉਹ ਉਸ ਅੰਦਰ ਲੁੱਕਿਆ[4] ਹੋਇਆ ਰਹਿੰਦਾ[5] ਹੈ ।

ਗੁਰ ਸੇਵਾ[6] ਤੇ ਜਾਣਿਆ[7] ਸਚੁ ਪਰਗਟੀਏਸਾ[8] ॥

The Lord is known[7] through the Guru's service[6] and His truth becomes manifest[8].

ਸੁਆਮੀ ਗੁਰਾਂ ਦੀ ਚਾਕਰੀ[6] ਕਮਾਉਣ ਰਾਹੀਂ ਜਾਣਿਆ[7] ਜਾਂਦਾ ਹੈ ਅਤੇ ਉਸ ਦਾ ਸੱਚ ਪ੍ਰਕਾਸ਼ ਹੋ ਜਾਂਦਾ[8] ਹੈ ।

ਸਭੁ ਕਿਛੁ[9] ਸਚੋ ਸਚੁ[10] ਹੈ ਗੁਰ ਸੋਝੀ[12] ਪਾਈ[13] ॥੧੬॥

The Truest of the true[10] Lord is all[9] by Himself. The Guru has imparted[13] this understanding[12] to me.

ਸੱਚਿਆਰਾਂ ਦਾ ਪਰਮ ਸੱਚਿਆਰ ਸੁਆਮੀ[10] ਸਾਰਾ ਕੁਝ[9] ਆਪ ਹੀ ਹੈ । ਗੁਰਾਂ ਨੇ ਮੈਨੂੰ ਇਹ ਸਮਝ[12] ਪ੍ਰਦਾਨ[13] ਕੀਤੀ ਹੈ ।

ਸਲੋਕ ਮ: ੧ ॥

Slok Ist Guru.

ਸਲੋਕ ਪਹਿਲੀ ਪਾਤਿਸ਼ਾਹੀ ।

ਸਾਵਣੁ[14] ਰਾਤਿ[15] ਅਹਾੜੁ[16] ਦਿਹੁ[17] ਕਾਮੁ[18] ਕ੍ਰੋਧੁ[19] ਦੁਇ[20] ਖੇਤ[21] ॥

Night[15] is the summer crop[14] in the field of lust[18] and day[17] is the winter[16] crop in the other[20] field[21] of wrath[19].

ਵਿਸ਼ੇ ਭੋਗ[18] ਦੀ ਪੈਲੀ ਅੰਦਰ ਰਾਤ੍ਰੀ[15], ਸੌਣੀ[14] ਦੀ ਫ਼ਸਲ ਹੈ, ਅਤੇ ਗੁੱਸੇ[19] ਦੀ ਦੂਸਰੀ[20] ਪੈਲੀ[21] ਅੰਦਰ ਦਿਨ[17], ਹਾੜੀ[16] ਦੀ ਫ਼ਸਲ ਹੈ ।

ਲਬੁ[22] ਵਤੁ[23] ਦਰੋਗੁ[24] ਬੀਉ[25] ਹਾਲੀ[26] ਰਾਹਕੁ[27] ਹੇਤ[28] ॥

Avarice[22] is ths suitable time[23] to sow falsehood[24], the seed[25], and worldly love[28], the tenant[27] and the ploughman[26].

ਲੋਭ[22] ਬੀਜਣ ਦਾ ਮੁਨਾਸਿਬ ਵੇਲਾ[23], ਝੂਠ[24] ਬੀਜ[25] ਅਤੇ ਸੰਸਾਰੀ ਮਮਤਾ[28], ਮੁਜ਼ਾਰਾ[27] ਅਤੇ ਹਲ ਵਾਹੁਣ ਵਾਲਾ[26] ਹੈ ।

ਹਲੁ[29] ਬੀਚਾਰ[30] ਵਿਕਾਰ[31] ਮਣ[32] ਹੁਕਮੀ[33] ਖਟੇ[34] ਖਾਇ[35] ॥

Thought[30] is the plough[29] and evil[31] the corn-heap[32]. This is what one earns[34] and eats[35] in the Lord's will[33]

ਖਿਆਲ[35] ਹਲ[29] ਹੈ ਅਤੇ ਬਦੀ[31] ਬੋਹਲ[32]। ਇਹ ਹੈ ਜੋ ਜੀਵ ਸਾਂਈਂ ਦੀ ਰਜ਼ਾ[33] ਅੰਦਰ ਕਮਾਉਂਦਾ[34] ਤੇ ਖਾਂਦਾ[35] ਹੈ।

ਨਾਨਕ ਲੇਖੈ[36] ਮੰਗਿਐ[37] ਅਉਤੁ[38] ਜਣੇਦਾ[39] ਜਾਇ[40]॥ ੧॥

When he is called[37] to account[36], then his life, as also of his parents, who bore[39] him, goes[40] in vain[38].

ਜਦ ਉਸ ਕੋਲੋਂ ਹਿਸਾਬ-ਕਿਤਾਬ[36] ਤਲਬ ਕੀਤਾ ਜਾਂਦਾ[39] ਹੈ ਤਾਂ ਉਸ ਦਾ ਜੀਵਨ ਉਸ ਨੂੰ ਜਾਣਨ ਵਾਲੇ[39], ਮਾਪਿਆਂ ਸਣੇ, ਵਿਅਰਥ[38] ਜਾਂਦਾ[40] ਹੈ।

ਮ: ੧ ॥

Ist Guru.

ਪਹਿਲੀ ਪਾਤਿਸ਼ਾਹੀ।

ਭਉ[41] ਭੁਇ[42] ਪਵਿਤੁ[43] ਪਾਣੀ[44] ਸਤੁ[45] ਸੰਤੋਖੁ[46] ਬਲੇਦ[47] ॥ ਹਲੁ[48] ਹਲੇਮੀ[49] ਹਾਲੀ[50] ਚਿਤੁ[51] ਚੇਤਾ[52] ਵਤੁ[53] ਵਖਤ[54] ਸੰਜੋਗੁ[55] ॥

Make thou God's fear[41] the farm[42], purity[43] the water[44], truth[45] and contentment[46] the bullocks[47], humility[49] the plough[48], mind[51] the tiller[50], meditation[52] the proper condition[53] of the soil and God's union[55] the suitable time[54].

ਤੂੰ ਰੱਬ ਦੇ ਡਰ[41] ਨੂੰ ਖੇਤ[42], ਪਵਿੱਤਰਤਾ[43] ਨੂੰ ਜਲ[34], ਸੱਚ[45] ਤੇ ਸੰਤੁਸ਼ਟਤਾ[46] ਨੂੰ ਬਲ਼ਦ[47], ਨਿਮਰਤਾ[49] ਨੂੰ ਹਲ[48] ਮਨੂਏ[51] ਨੂੰ ਹਲ ਵਾਹੁਣ ਵਾਲਾ[50], ਸਿਮਰਨ[52] ਨੂੰ ਜ਼ਿਮੀਂ ਦਾ ਵੱਤਰ[53] ਅਤੇ ਰੱਬ ਨਾਲ ਮਿਲਾਪ[55] ਨੂੰ ਯੋਗ ਵੇਲਾ[54] ਬਣਾ।

ਨਾਉ[56] ਬੀਜੁ[57] ਬਖਸੀਸ[58] ਬੋਹਲ[59] ਦੁਨੀਆ[60] ਸਗਲ[61] ਦਰੋਗ[62] ॥

The Lord's Name[56], make thou thy seed[57] and His grace[58] thine corn-heap[59]. Thus shall the whole[61] world[60] seem false[62] to thee.

ਸੁਆਮੀ ਦੇ ਨਾਮ[56] ਨੂੰ ਤੂੰ ਆਪਣਾ ਭੀ[57] ਬਣਾ ਅਤੇ ਉਸ ਦੀ ਰਹਿਮਤ[58] ਨੂੰ ਆਪਣਾ ਦਾਣਿਆਂ ਦਾ ਢੇਰ[59]। ਇਸ ਤਰ੍ਹਾਂ ਤੈਨੂੰ ਸਾਰਾ[61] ਸੰਸਾਰ[60] ਹੀ ਕੂੜਾ ਮਲੂਮ ਹੋਵੇਗਾ।

ਨਾਨਕ ਨਦਰੀ[63] ਕਰਮੁ[64] ਹੋਇ[65] ਜਾਵਹਿ[66] ਸਗਲ[67] ਵਿਜੋਗ[68] ॥੨॥

Nanak, if the Merciful Master[63] shows[65] His mercy[64], then thine separations[68] shall all[67] be ended[66].

ਨਾਨਕ, ਜੇਕਰ ਮਿਹਰਬਾਨ ਮਾਲਕ[63] ਆਪਣੀ ਮਿਹਰਬਾਨੀ[64] ਧਾਰੇ[65] ਤਾਂ ਸਾਰੇ[67] ਵਿਛੋੜੇ[68] ਮੁੱਕ ਜਾਣਗੇ[66]।

ਪਉੜੀ ॥

Pauri.

ਪਉੜੀ।

ਮਨਮੁਖਿ[69] ਮੋਹੁ[70] ਗੁਬਾਰੁ[71] ਹੈ ਦੂਜੈ[72] ਭਾਇ[73] ਬੋਲੈ[74] ॥

The perverse person[69] is enveloped by the darkness[71] of worldly love[70]. He talks[74] of the love[73] of another[72].

ਮਨਮੁੱਖ ਪੁਰਸ਼[69] ਸੰਸਾਰੀ ਮਮਤਾ[70] ਦੇ ਅਨ੍ਹੇਰੇ[71] ਨਾਲ ਘੇਰਿਆ ਹੋਇਆ ਹੈ। ਉਹ ਹੋਰਸ[72] ਦੇ ਪਿਆਰ[73] ਦੀ ਗੱਲ-ਬਾਤ[74] ਕਰਦਾ ਹੈ।

ਦੂਜੈ ਭਾਇ[75] ਸਦਾ[76] ਦੁਖੁ ਹੈ ਨਿਤ[77] ਨੀਰੁ[78] ਵਿਰੋਲੈ[79]॥

In duality[75], there is everlasting[76] pain and he ever[77] churns[79] the water[78] in vain.

ਦਵੈਤ-ਭਾਵ[75] ਅੰਦਰ ਵਿਚਰਨਾ ਸਦੀਵੀ ਰਹਿਣ ਵਾਲੀ[76] ਪੀੜਾ ਹੈ ਅਤੇ ਉਹ ਹਮੇਸ਼ਾ[77] ਬੇਫ਼ਾਇਦਾ ਹੀ ਪਾਣੀ[78] ਰਿੜਕਦਾ[79] ਹੈ।

ਗੁਰਮੁਖਿ[80] ਨਾਮੁ ਧਿਆਈਐ[81] ਮਥਿ[82] ਤਤੁ[83] ਕਢੋਲੈ[84] ॥

The pious person[80] contemplates[81] God's Name and by churning[82] obtains[84] the quintessence[83].

ਪਵਿੱਤਰ ਪੁਰਸ਼[80] ਰੱਬ ਦੇ ਨਾਮ ਦਾ ਸਿਮਰਨ ਕਰਦਾ[81] ਹੈ ਅਤੇ ਉਸ ਨੂੰ ਰਿੜਕਣ[82] ਦੁਆਰਾ ਅਸਲੀਅਤ[83] ਨੂੰ ਪਾ ਲੈਂਦਾ[84] ਹੈ।

ਅੰਤਰਿ[85] ਪਰਗਾਸੁ[86] ਘਟਿ[87] ਚਾਨਣਾ[88] ਹਰਿ ਲਧਾ[89] ਟੋਲੈ[90] ॥

With the shedding of Divine Light[88] in his mind[87], his innerself[85] is illumined[86] and through search[90] he attains[89] to his God.

ਉਸ ਦੇ ਹਿਰਦੇ[87] ਅੰਦਰ ਈਸਵਰੀ ਨੂਰ[88] ਵਰੁਣ ਦੁਆਰਾ ਉਸ ਦੇ ਅੰਦਰ[85] ਪ੍ਰਕਾਸ਼ ਹੋ ਜਾਂਦਾ[86] ਹੈ ਅਤੇ ਖੋਜ ਭਾਲ[89] ਰਾਹੀਂ ਉਹ ਆਪਣੇ ਵਾਹਿਗੁਰੂ ਨੂੰ ਪ੍ਰਾਪਤ[89] ਕਰ ਲੈਂਦਾ ਹੈ।

ਆਪੇ[91] ਭਰਮਿ[92]ਭੁਲਾਇਦਾ[93] ਕਿਛੁ ਕਹਣੂ[94] ਨ ਜਾਈ ॥ ੧੭॥

The Lord Himself[91] strays[93] the mortal in error. One can question[94] that not.

ਪ੍ਰਭੂ ਆਪ[91] ਪ੍ਰਾਣੀ ਨੂੰ ਗ਼ਲਤੀ[92] ਅੰਦਰ ਗੁਮਰਾਹ[93] ਕਰ ਦਿੰਦਾ ਹੈ। ਇਨਸਾਨ ਉਸ ਬਾਰੇ ਕੋਈ ਉਜ਼ਰ[94] ਨਹੀਂ ਕਰ ਸਕਦਾ।

ਸਲੋਕ ਮ: ੨ ॥

Slok 2nd Guru.

ਸਲੋਕ ਦੂਜੀ ਪਾਤਿਸ਼ਾਹੀ।

ਨਾਨਕ ਚਿੰਤਾ ਮਤਿ[95] ਕਰਹੁ ਚਿੰਤਾ[96] ਤਿਸ[97] ਹੀ ਹੇਇ[98] ॥

Nanak, be thou not[95] anxious for thy maintenance. The anxiety[96] is for Him[97].

ਨਾਨਕ, ਤੂੰ ਆਪਣੀ ਉਪਜੀਵਕਾ ਬਾਰੇ ਫ਼ਿਕਰ ਨਾ[95] ਕਰ। ਤੇਰੀ ਫ਼ਿਕਰ[96] ਚਿੰਤਾ ਉਸ[97] ਨੂੰ ਹੈ[98]।

ਜਲ ਮਹਿ ਜੰਤ[99] ਉਪਾਇਅਨੁ[100] ਤਿਨਾ[2] ਭਿ ਰੋਜੀ[3] ਦੇਇ[4] ॥

He has created[100] creatures[99] in water; Them[2] too He gives[4] sustenance[3].

ਪਾਣੀ ਵਿਚ ਉਸ ਨੇ ਜੀਵ[99] ਪੈਦਾ ਕੀਤੇ[100] ਹਨ; ਉਨ੍ਹਾਂ ਨੂੰ[2] ਭੀ ਉਹ ਉਪਜੀਵਕਾ[3] ਦਿੰਦਾ[4] ਹੈ।

ਓਥੈ ਹਟੂ[5] ਨ ਚਲਈ[6] ਨਾ ਕੋ ਕਿਰਸ[7] ਕਰੇਇ ॥

No one runs[6] any shop[5] there, nor engages in tillage[7].

ਕੋਈ ਜਣਾ ਉਥੇ ਹੱਟੀ[5] ਨਹੀਂ ਕਰਦਾ[6], ਨਾ ਹੀ ਕੋਈ ਵਾਹੀ ਕਰਦਾ ਹੈ।

ਸਉਦਾ[8] ਮੂਲਿ[9] ਨ ਹੋਵਈ ਨਾ ਕੋ ਲਏ[10] ਨ ਦੇਇ[12] ॥

No business[8] is ever[9] transacted there and no one buys[10] nor sells[12].

ਓਥੇ ਕੋਈ ਵਣਜ ਵਾਪਾਰ[8] ਉਕਾ[9] ਹੀ ਨਹੀਂ ਹੁੰਦਾ ਅਤੇ ਨਾ ਕੋਈ ਖਰੀਦਦਾ[10] ਹੈ, ਨਾ ਹੀ ਵੇਚਦਾ[12] ਹੈ।

ਜੀਆ[13] ਕਾ ਆਹਾਰੁ[14] ਜੀਅ ਖਾਣਾ[15] ਏਹੁ[16] ਕਰੇਇ[17] ॥

Animals are the food[14] of animals[13]. Such[16] viand[15], the Lord gives[17] them.

ਜਨ[10] ਨਾਨਕ ਜਿਸ ਦੈ ਮਸਤਕਿ[12] ਭਾਗੁ[13] ਧੁਰਿ[14] ਲਿਖਿਆ[15] ਸੋ[17] ਸਿਖੁ ਗੁਰੂ ਪਹਿ[16] ਆਵੈ ॥

O slave[10] Nanak, the sikh on whose brow[12] good destiny[13] is writ[15] from the very beginning[14]; He[17] alone comes to[16] the Guru.

ਹੇ ਗੋਲੇ[10] ਨਾਨਕ ਜਿਸ ਸਿਖ ਦੇ ਮੱਥੇ[12] ਉਤੇ ਪ੍ਰਾਰੰਭ[14] ਤੋਂ ਚੰਗੀ ਪ੍ਰਾਲਭਦ[13] ਲਿਖੀ ਹੋਈ[15] ਹੈ; ਕੇਵਲ ਉਹ[17] ਹੀ ਗੁਰਦੇਵ ਜੀ ਕੋਲ ਆਉਂਦਾ[16] ਹੈ ।

ਆਪਿ[22] ਤਰਿਆ[18] ਕੁਟੰਬ[19] ਸਭਿ ਤਾਰੇ ਸਭਾ ਸ੍ਰਿਸਟਿ[20] ਛਡਾਵੈ[21] ॥੧॥

He saves[18] himself[22], saves his entire lineage[19] and emancipates[21] the whole world[20].

ਉਹ ਆਪ[22] ਪਾਰ ਉੱਤਰ ਜਾਂਦਾ[18] ਹੈ, ਆਪਣੀ ਸਾਰੀ ਵੰਸ਼[19] ਦਾ ਪਾਰ ਉਤਾਰਾ ਕਰ ਦਿੰਦਾ ਹੈ ਤੇ ਸਾਰੇ ਜਗ[20] ਨੂੰ ਭੀ ਬੰਦਖਲਾਸ ਕਰਾ ਦਿੰਦਾ[21] ਹੈ ।

ਮ: ੫ ॥

5th Guru.

ਪੰਜਵੀਂ ਪਾਤਿਸ਼ਾਹੀ ।

ਪੰਡਿਤੁ ਆਖਾਏ[23] ਬਹੁਤੀ ਰਾਹੀ[24] ਕੋਰੜ ਮੋਠ[25] ਜਿਨੇਹਾ[26] ॥

He is called[23] a Brahman and wanders in many ways[24]. He is hard like[29] the uncookable grain[25] of Phaseolus aconillfolious.

(ਆਖਣ ਨੂੰ ਤਾਂ) ਉਹ ਬ੍ਰਾਹਮਣ ਆਖਿਆ ਜਾਂਦਾ[23] ਹੈ ਪਰ ਬਹੁਤਿਆਂ ਰਸਤਿਆਂ[24] ਵਿਚ ਭਟਕਦਾ ਹੈ । ਉਹ ਕੋਕੜੂ ਮੋਠ[25] ਦੇ ਦਾਣੇ ਵਰਗਾ[26] ਕਰੜਾ ਹੈ ।

ਅੰਦਰਿ[27] ਮੋਹੁ[28] ਨਿਤ[29] ਭਰਮਿ[30] ਵਿਆਪਿਆ[31] ਤਿਸਟਸਿ[32] ਨਾਹੀ ਦੇਹਾ[33] ॥

In his mind[27] is worldly attachment[23], he is ever[29] engrossed[31] in doubt[30], and his body[33] remains not stable[32].

ਉਸ ਦੇ ਮਨ[27] ਵਿੱਚ ਸੰਸਾਰੀ ਲਗਨ[28] ਹੈ, ਉਹ ਸਦਾ[29] ਹੀ ਸੰਦੇਹ[30] ਅੰਦਰ ਖੱਚਤ[31] ਹੋਇਆ ਰਹਿੰਦਾ ਹੈ ਅਤੇ ਉਸ ਦਾ ਸਰੀਰ[33] ਅਸਥਿਰ[32] ਨਹੀਂ ਰਹਿੰਦਾ ।

ਕੂੜੀ[34] ਆਵੈ ਕੂੜੀ ਜਾਵੈ ਮਾਇਆ[35] ਕੀ ਨਿਤ ਜੋਹਾ[36] ॥

False[34] is his coming and false his going. He ever remains on the look-out[36] of wealth[35].

ਝੂਠਾ[34] ਹੈ ਉਸ ਦਾ ਆਉਣਾ ਅਤੇ ਝੂਠਾ ਹੀ ਜਾਣਾ । ਉਹ ਹਮੇਸ਼ਾ ਧਨ-ਦੌਲਤ[35] ਦੀ ਤਾੜ ਅੰਦਰ[36] ਰਹਿੰਦਾ ਹੈ ।

ਸਚੁ ਕਹੈ[37] ਤਾ[38] ਛੋਹੋ[39] ਆਵੈ ਅੰਤਰਿ[40] ਬਹੁਤਾ[41] ਰੋਹਾ[42] ॥

If one tells[37] the truth, then[38] is he vexed[39]. Within his mind[40] is immense[41] wrath[42].

ਜੇਕਰ ਕੋਈ ਸੱਚ ਆਖੇ[37] ਤਦ[38] ਉਸ ਨੂੰ ਖਿਝ ਛੁਟਦੀ[39] ਹੈ । ਉਸ ਦੇ ਚਿੱਤ[40] ਅੰਦਰ ਅਤਿਅੰਤ[41] ਕ੍ਰੋਧ[42] ਹੈ ।

ਵਿਆਪਿਆ[43] [44]ਦੁਰਮਤਿ[45] [46]ਕੁਬੁਧਿ[47] [48]ਕੁਮੂੜਾ[49] ਮਨਿ[50] ਲਾਗਾ[51] ਤਿਸੁ[52] ਮੋਹਾ[53] ॥

The evil[48] fool[49] is involved[43] in mal[46]-intellect[47] and wicked[44] understanding[45]. To his[52] soul[50] is attached[51] the worldly love[53].

ਮੰਦਾ[48] ਮੂਰਖ[49] ਖੋਟੀ[46] ਅਕਲ[47] ਅਤੇ ਭੈੜੀ[44] ਸਮਝ[43] ਅੰਦਰ ਫਾਥਾ ਹੋਇਆ[43] ਹੈ । ਸੰਸਾਰੀ ਮਮਤਾ[53] ਉਸ ਦੀ[52] ਆਤਮਾ[50] ਨੂੰ ਚਿਮੜੀ ਹੋਈ[51] ਹੈ ।

ਠਗੈ[54] ਸੇਤੀ[55] ਠਗੁ ਰਲਿ ਆਇਆ[56] ਸਾਥੁ[57] ਭਿ ਇਕੋ ਜੇਹਾ[58] ॥

He, the deceiver, abides[56] with[55] the five deceivers[54]. It is the comradeship[57] of the like one[58].

ਉਹ ਦਗੇਬਾਜ਼[54], ਪੰਜ ਦਗੇਬਾਜ਼ਾਂ ਨਾਲ[55], ਵਸਦਾ[56] ਹੈ । ਇਹ ਇੱਕ ਜੈਸਿਆਂ[58] ਦਾ ਮੇਲ-ਮਿਲਾਪ[57] ਹੈ ।

ਸਤਿਗੁਰੁ ਸਰਾਫੁ[59] ਨਦਰੀ ਵਿਚਦੋ[60] ਕਢੈ ਤਾਂ[61] ਉਘੜਿ ਆਇਆ[62] ਲੋਹਾ[63]॥

When, True Guru, the jeweller[59] assays[60] him, then[61] he is exposed[62] to be but iron[63].

ਜਦ ਜਵੇਹਰੀ[59], ਸੱਚੇ ਗੁਰੂ ਜੀ ਉਸ ਨੂੰ ਪਰਖਦੇ[60] ਹਨ, ਤਦ[61] ਉਹ ਕੇਵਲ ਲੋਹਾ[63] ਹੀ ਜਾਹਰ[62] ਹੁੰਦਾ ਹੈ ।

ਬਹੁਤੇਰੀ[64] ਥਾਈ[65] ਰਲਾਇ ਰਲਾਇ[66] ਦਿਤਾ[67] ਉਘੜਿਆ[68] ਪੜਦਾ[69] ਅਗੈ[70] ਆਇ[71] ਖਲੋਹਾ ॥

Mixed and mingled[66] with others, he was passed[67] on as genuine in many[64] places[65]. Now his veil[69] is lifted[68] and he stands[71] naked before[70] all.

ਹੋਰਨਾਂ ਨਾਲ ਰਲਾ ਮਿਲਾ[66] ਕੇ, ਉਸ ਨੂੰ ਘਣੇਰੀਆਂ[64] ਥਾਵਾਂ[65] ਤੇ ਖਰਾ ਕਰ ਕੇ ਦਲਾ ਦਿੱਤਾ ਗਿਆ[67] ਸੀ । ਹੁਣ ਉਸ ਦਾ ਬੁਰਕਾ[69] ਉੱਤਰ ਗਿਆ[68] ਹੈ ਅਤੇ ਉਹ ਸਾਰਿਆਂ ਮੂਹਰੇ[70] ਨੰਗਾ ਹੋਇਆ ਖੜ੍ਹਾ[71] ਹੈ ।

ਸਤਿਗੁਰ ਕੀ ਜੇ[72] ਸਰਣੀ[73] ਆਵੈ[74] ਫਿਰਿ[75] ਮਨੂਰਹੁ[76] ਕੰਚਨੁ[77] ਹੋਹਾ[78] ॥

If[72] he enters[74] the True Guru's sanctuary[73], then[75] shall he be transmuted[78] into gold[77] from iron-dross[76].

ਜੇਕਰ[72] ਉਹ ਸੱਚੇ ਗੁਰਾਂ ਦੀ ਪਨਾਹ[73] ਲੈ ਲਵੇ[74] ਤਦ[75] ਉਹ ਜੰਗਾਲੇ ਹੋਏ ਲੋਹੇ[76] ਤੋਂ ਸੋਨਾ[77] ਖੀ ਵੰਝੇਗਾ[78] ।

ਸਤਿਗੁਰੁ ਨਿਰਵੈਰੁ[79] ਪੁਤ੍ਰ[80] ਸਤ੍ਰ[81] ਸਮਾਨੇ[82] ਅਉਗਣ[83] ਕਟੇ[84] ਕਰੇ ਸੁਧੁ[85] ਦੇਹਾ[86] ॥

Uninimical[79] is the True Guru. He looks on the son[80] and foe[81] alike[82]. Removing[84] demerits[83], he renders the human body[86] pure[85].

ਦੁਸ਼ਮਨੀ-ਰਹਿਤ[79] ਹਨ ਸੱਚੇ ਗੁਰੂ ਜੀ । ਉਹ ਪੁੱਤਰ[80] ਅਤੇ ਵੈਰੀ[81] ਨੂੰ ਇੱਕ ਬਰਾਬਰ[82] ਵੇਖਦੇ ਹਨ । ਬਦੀਆਂ[83] ਨੂੰ ਦੂਰ ਕਰਕੇ[84] ਉਹ ਮਨੁੱਖੀ ਸਰੀਰ[86] ਨੂੰ ਪਵਿੱਤਰ[85] ਕਰ ਦਿੰਦੇ ਹਨ ।

ਨਾਨਕ ਜਿਸੁ ਧੁਰਿ[87] ਮਸਤਕਿ[88] ਹੋਵੈ ਲਿਖਿਆ[89]

Nanak, he[90] on whose forehead[88] there is such a pre[87]-ordained[89] writ,

ਨਾਨਕ, ਜਿਸ ਦੇ ਮੱਥੇ[88] ਉੱਤੇ ਮੁੱਢ[87] ਦੀ ਲਿਖੀ ਹੋਈ[89] ਐਹੋ ਜੇਹੀ ਲਿਖਤਕਾਰ ਹੈ, ਉਹ[90] ਸੱਚੇ ਗੁਰਾ ਨਾਲ

ਤਿਸੁ[90] ਸਤਿਗੁਰ ਨਾਲਿ ਸਨੇਹਾ[91] ॥

loves[91] the True Guru.

ਪਿਆਰ ਕਰਦਾ[91] ਹੈ ।

ਅੰਮ੍ਰਿਤੁ[92] ਬਾਣੀ[93] ਸਤਿਗੁਰ ਪੂਰੇ[94] ਕੀ ਜਿਸੁ ਕਿਰਪਾਲੁ[95] ਹੋਵੈ ਤਿਸੁ[96]ਰਿਦੈ[97]ਵਸੇਹਾ[98]॥

Ambrosial[92] is the word[93] of the perfect[94] True Guru. It abides[98] within the mind[97] of him[96], to whom the Guru is compassionate[95].

ਅੰਮ੍ਰਿਤ-ਮਈ[92] ਹੈ ਪੂਰਨ[94] ਸੱਚੇ ਗੁਰਦੇਵ ਜੀ ਦੀ ਗੁਰਬਾਣੀ[93] । ਇਹ ਉਸ[96] ਦੇ ਹਿਰਦੇ[97] ਅੰਦਰ ਵਸਦੀ[98] ਹੈ, ਜਿਸ ਉੱਤੇ ਗੁਰੂ ਜੀ ਮਿਹਰਬਾਨ[95] ਹਨ ।

੯੬੧

ਆਵਣ[99] ਜਾਣਾ[100] ਤਿਸ[2] ਕਾ ਕਟੀਐ[3] ਸਦਾ ਸਦਾ[4] ਸੁਖੁ[5] ਹੋਹਾ ॥੨॥

His comings[99] and goings[100] end[3] and for ever and aye[4] he abides in peace[5].

ਉਸ[3] ਦੇ ਆਉਣੇ[99] ਅਤੇ ਜਾਣੇ[100] ਮੁੱਕ ਜਾਂਦੇ[3] ਹਨ ਅਤੇ ਸਦੀਵ ਤੇ ਹਮੇਸ਼ਾ[4] ਲਈ ਉਹ ਆਰਾਮ[5] ਅੰਦਰ ਰਹਿੰਦਾ ਹੈ ।

ਪਉੜੀ ॥

Pauri.

ਪਉੜੀ ॥

ਜੋ ਤੁਧੁ ਭਾਣਾ[6] ਜੰਤੁ[7] ਸੋ[8] ਤੁਧੁ ਬੁਝਈ[9] ॥

That[8] being[7] alone understands[9] Thee, O Lord, with whom Thou art pleased[6].

ਕੇਵਲ ਉਹ[8] ਜੀਵ[7] ਹੀ ਤੈਨੂੰ ਸਮਝਦਾ[9] ਹੈ, ਹੇ ਸੁਆਮੀ ! ਜਿਹੜਾ ਤੈਨੂੰ ਚੰਗਾ ਲਗਦਾ[6] ਹੈ ।

ਜੋ ਤੁਧੁ ਭਾਣਾ[10] ਜੰਤੁ ਸੁ[14] ਦਰਗਹ[12] ਸਿਝਈ[13] ॥

The being, whom Thou lovest[10], O God; he[14] is exonerated[13] in Thy court[12].

ਜਿਸ ਜੀਵ ਨੂੰ ਤੂੰ ਪਿਆਰ ਕਰਦਾ[10] ਹੈਂ, ਹੇ ਵਾਹਿਗੁਰੂ; ਉਹ[14] ਤੇਰੇ ਦਰਬਾਰ[12] ਅੰਦਰ ਸੁਰਖਰੂ[13] ਥੀ ਵੰਞਦਾ ਹੈ ।

ਜਿਸ ਨੋ ਤੇਰੀ ਨਦਰਿ[15] ਹਉਮੈ[16] ਤਿਸੁ[17] ਗਈ[18] ॥

He, on whom is Thine grace[15], O Master; his[17] ego[16] is stilled[18].

ਜੀਹਦੇ ਉੱਤੇ ਤੇਰੀ ਮਿਹਰ[15] ਹੈ, ਹੇ ਮਾਲਕ ! ਉਸ[17] ਦੀ ਹੰਗਤਾ[16] ਨਵਿਰਤ ਹੋ ਜਾਂਦੀ[18] ਹੈ ।

ਜਿਸ ਨੋ ਤੂ ਸੰਤੁਸਟੁ[19] ਕਲਮਲ[20] ਤਿਸੁ ਖਈ[21] ॥

He, with whom Thou art pleased[19], O Lord; his sins[20] are effaced[21].

ਜੀਹਦੇ ਨਾਲ ਤੂੰ ਪ੍ਰਸੰਨ[19] ਹੈਂ, ਹੇ ਸਾਈਂ ! ਉਸ ਦੇ ਪਾਪ[20] ਕੱਟੇ ਜਾਂਦੇ[21] ਹਨ ।

ਜਿਸ ਕੈ ਸੁਆਮੀ ਵਲਿ[22] ਨਿਰਭਉ[23] ਸੋ ਭਈ[24] ॥

He, on whose side[22] the Lord is, becomes[24] fearless[25].

ਜੀਹਦੇ ਪੱਖ[22] ਉੱਤੇ ਪ੍ਰਭੂ ਹੈ, ਉਹ ਨਿਡਰ[23] ਹੋ ਵੰਞਦਾ[24] ਹੈ ।

ਜਿਸ ਨੋ ਤੂ ਕਿਰਪਾਲੁ[25] ਸਚਾ[26] ਸੋ ਥਿਅਈ[27] ॥

He, unto whom Thou art merciful[25] O Master, is rendsred[27] truthful[26].

ਜੀਹਦੇ ਉੱਤੇ ਤੂੰ ਮਿਹਰਬਾਨ[25] ਹੈਂ, ਹੇ ਮਾਲਕ ! ਉਹ ਸਤਿਵਾਦੀ[26] ਥੀ ਵੰਞਦਾ[27] ਹੈ ।

ਜਿਸ ਨੋ ਤੇਰੀ ਮਇਆ[28] ਨ ਪਹੈ[29] ਅਗਨਈ[30] ॥

He, on whom is Thine mercy[28], O Lord; him fire[30] touches[29] not

ਜਿਸ ਉੱਤੇ ਤੇਰੀ ਰਹਿਮਤ[28] ਹੈ, ਹੇ ਸੁਆਮੀ ! ਉਸ ਨੂੰ ਅੱਗ[30] ਛੂੰਹਦੀ[29] ਹੀ ਨਹੀਂ ।

ਤਿਸ ਨੋ ਸਦਾ ਦਇਆਲੁ[31] ਜਿਨਿ ਗੁਰ ਤੇ ਮਤਿ[32] ਲਈ ॥੭॥

Thou, O God, art ever compassionate[31] to him, who receives instruction[82] from the Guru.

ਤੂੰ, ਹੇ ਵਾਹਿਗੁਰੂ ! ਉਸ ਉੱਤੇ ਸਦੀਵ ਹੀ ਮਇਆਵਾਨ[31] ਹੈਂ, ਜੋ ਗੁਰੂ ਮਹਾਰਾਜ ਜੀ ਤੋਂ ਸਿੱਖਮਤ[32] ਲੈਂਦਾ ਹੈ ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਿਸ਼ਾਹੀ ।

ਕਰਿ[33]ਕਿਰਪਾ[39] ਕਿਰਪਾਲ[35] ਆਪੇ[36] ਬਖਸਿ[37] ਲੈ ॥

O Merciful Master[35], show[33] Thou mercy[34] unto me and Thyself[36] grant[37] me pardon[35].

ਹੇ ਮਿਹਰਬਾਨ[35] ਮਾਲਕ ! ਤੂੰ ਮੇਰੇ ਉੱਤੇ ਮਿਹਰ[34] ਧਾਰ[33], ਅਤੇ ਖੁਦ[36] ਹੀ ਮੈਨੂੰ ਮੁਆਫ਼ੀ ਬਖਸ਼[37] ।

ਸਦਾ[38] ਸਦਾ ਜਪੀ[39] ਤੇਰਾ

Falling[41] at the feet[40] of the True

ਸੱਚੇ ਗੁਰਾਂ ਦੇ ਪੈਰੀਂ[40] ਪੈ ਕੇ[41] ਮੈਂ ਹਮੇਸ਼ਾ[38] ਹਮੇਸ਼ਾ ਹੀ

ਨਾਮੁ ਸਤਿਗੁਰ ਪਾਇ[40] ਪੈ[41] ॥	Guru, ever[38], ever, contemplate[39] I Thine Name.	ਤੇਰੇ ਨਾਮ ਦਾ ਸਿਮਰਨ[39] ਕਰਦਾ ਹਾਂ ।
ਮਨ[42] ਤਨ[43] ਅੰਤਰਿ[44]ਵਸੁ[45] ਦੂਖਾ[46] ਨਾਸੁ[47] ਹੋਇ ॥	Abide[45] Thou, O Lord, within[44] my mind[42] and body[43], that my sufferings[46] may cease[47].	ਤੂੰ ਮੇਰੇ ਚਿੱਤ[42] ਅਤੇ ਸਰੀਰ[43] ਅੰਦਰ[44] ਨਿਵਾਸ[45] ਕਰ, ਹੇ ਸਾਂਈਂ, ਤਾਂ ਜੋ ਮੇਰੇ ਦੁਖੜੇ[46] ਨਵਿਰਤ[47] ਹੋ ਜਾਣ ।
ਹਥ ਦੇਇ ਆਪਿ[48] ਰਖੁ[49] ਵਿਆਪੈ[50] ਭਉ[51] ਨ ਕੋਇ ॥	Giving Thy[48] Hand, save[49] Thou me, O my Master that I be rid[50] of all the fears[51].	ਆਪਣਾ[48] ਹੱਥ ਦੇ ਕੇ ਤੂੰ ਮੇਰੀ ਰੱਖਿਆ[49] ਕਰ, ਹੇ ਮੇਰੇ ਮਾਲਕ ! ਤਾਂ ਜੋ ਮੈਂ ਸਾਰੇ ਡਰਾਂ[51] ਤੋਂ ਖਲਾਸੀ[50] ਪਾ ਜਾਵਾਂ ।
ਗੁਣ[52] ਗਾਵਾ ਦਿਨੁ ਰੈਣਿ[53] ਏਤੈ[54] ਕੰਮਿ[55] ਲਾਇ[56] ॥	Yoke[56] Thou me to this[54] service[55], O Lord, that day and night[53], I may sing Thine praise[52].	ਤੂੰ ਮੈਨੂੰ ਇਸ[54] ਸੇਵਾ[55] ਅੰਦਰ ਜੋੜ[56], ਹੇ ਪ੍ਰਭੂ ! ਕਿ ਦਿਨ ਰਾਤ[53] ਮੈਂ ਤੇਰੀ ਉਸਤਤੀ[52] ਗਾਇਨ ਕਰਾਂ ।
ਸੰਤ ਜਨਾ ਕੈ ਸੰਗਿ[57] ਹਉਮੈ[58] ਰੋਗੁ[59] ਜਾਇ[60] ॥	The ailment[59] of self-conceit[58] is eradicated[60] in the society of saints[57].	ਸਾਧੂਆਂ ਦੀ ਸੰਗਤ[57] ਅੰਦਰ, ਸਵੈ-ਹੰਗਤਾ[58] ਦੀ ਬਿਮਾਰੀ[59] ਕੱਟੀ ਜਾਂਦੀ[60] ਹੈ ।
ਸਰਬ[61] ਨਿਰੰਤਰਿ[62] ਖਸਮੁ[64] ਏਕੋ ਰਵਿ ਰਹਿਆ[63] ॥	The One Lord[64] is pervading[63] amidst[62] all[61].	ਇੱਕ ਸੁਆਮੀ[64] ਹੀ ਸਾਰਿਆਂ[61] ਅੰਦਰ[62] ਰਮ ਰਿਹਾ[63] ਹੈ ।
ਗੁਰ ਪਰਸਾਦੀ[65] ਸਚੁ[66] ਸਚੋ ਸਚੁ[67] ਲਹਿਆ[68] ॥	By Guru's grace[65], I have verily[66] attained[68] to the Truest of the true Lord[67].	ਗੁਰਾਂ ਦੀ ਦਇਆ[65] ਦੁਆਰਾ, ਮੈਂ ਨਿਸਚਿਤ[66] ਹੀ ਸੱਚਿਆਰਾਂ ਦੇ ਪਰਮ ਸੱਚਿਆਰ[67] ਸੁਆਮੀ ਨੂੰ ਪਾ ਲਿਆ[68] ਹੈ ।
ਦਇਆ[69] ਕਰਹੁ ਦਇਆਲ[70] ਅਪਣੀ ਸਿਫਤਿ[71] ਦੇਹੁ[72] ॥	O my Merciful Master[70], take Thou pity[69] on me and bless[72] me with Thine praise[71].	ਹੇ ਮੇਰੇ ਮਿਹਰਬਾਨ ਮਾਲਕ[70] ! ਤੂੰ ਮੇਰੇ ਉੱਤੇ ਤਰਸ[69] ਕਰ ਅਤੇ ਮੈਨੂੰ ਆਪਣੀ ਸਿਫਤ ਸਾਲਾਹ[71] ਬਖਸ਼[72] ।
ਦਰਸਨੁ[73] ਦੇਖਿ ਨਿਹਾਲ[74] ਨਾਨਕ ਪ੍ਰੀਤਿ[75] ਏਹ[76] ॥੧॥	This[76] is what Nanak loves[75] the most, that he may be enraptured[74] by seeing Thy vision[73], O Lord.	ਇਹ[76] ਹੈ ਜਿਸ ਨੂੰ ਨਾਨਕ ਪਰਮ ਪਿਆਰ ਕਰਦਾ[75] ਹੈ ਕਿ ਉਹ ਤੇਰਾ ਦੀਦਾਰ[73] ਵੇਖ ਕੇ ਗਦਗਦ[74] ਹੋ ਵੰਞੇ ।
ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ ।
ਏਕੋ[77] ਜਪੀਐ[78] ਮਨੈ[79] ਮਾਹਿ[80] ਇਕਸ ਕੀ ਸਰਣਾਇ[81] ॥	Contemplate[78] thou but One Lord[77] in[80] thy mind[79] and seek but the shelter[81] of the One.	ਕੇਵਲ ਇਕ ਪ੍ਰਭੂ[77] ਦਾ ਹੀ ਤੂੰ ਆਪਣੇ ਚਿੱਤ[79] ਅੰਦਰ[80] ਸਿਮਰਨ[78] ਕਰ ਅਤੇ ਇਕ ਦੀ ਹੀ ਪਨਾਹ[81] ਲੈ ।
ਇਕਸ ਸਿਉ[82] ਕਰਿ[86] ਪਿਰਹੜੀ[83] ਦੂਜੀ[84] ਨਾਹੀ ਜਾਇ[85] ॥	Contract[86] thou love[83] with[82] the One Lord. Without Him there is not another[84] place[85].	ਤੂੰ ਇੱਕ ਪ੍ਰਭੂ ਨਾਲ[82] ਹੀ ਪ੍ਰੇਮ[83] ਗੰਢ[86] । ਉਸ ਦੇ ਬਗੈਰ ਹੋਰ ਕੋਈ[84] ਥਾਂ[85] ਨਹੀਂ ।
ਇਕੋ ਦਾਤਾ[87] ਮੰਗੀਐ[88] ਸਭੁ ਕਿਛੁ[89] ਪਲੈ ਪਾਇ[90] ॥	Beg[88] thou the One Munificent Master[87] and thou shalt be blessed[90] with everything[89].	ਤੂੰ ਇੱਕ ਦਾਤਾਰ ਸੁਆਮੀ[87] ਦੀ ਹੀ ਜਾਚਨਾ[88] ਕਰ ਅਤੇ ਤੈਨੂੰ ਸਾਰਾ ਕੁਝ[89] ਪ੍ਰਾਪਤ ਹੋ ਜਾਵੇਗਾ[90] ।

ਮਨਿ[91] ਤਨਿ[92] ਸਾਸਿ[93] ਗਿਰਾਸਿ[94] ਪ੍ਰਭੁ ਇਕੋ ਇਕੁ ਧਿਆਇ[95] ॥

Within thy mind[91] and body[92], meditate[95] thou on the One Lord alone with every breath[93] and morsel[94] of thine.

ਆਪਣੇ ਚਿੱਤ[91] ਅਤੇ ਸਰੀਰ[92] ਅੰਦਰ ਤੂੰ ਆਪਣੇ ਹਰ ਸੁਆਸ[93] ਤੇ ਬੁਰਕੀ[94] ਨਾਲ ਸਿਰਫ ਇੱਕ ਸੁਆਮੀ ਦਾ ਹੀ ਸਿਮਰਨ[95] ਕਰ ।

ਅੰਮ੍ਰਿਤੁ[96] ਨਾਮੁ ਨਿਧਾਨੁ[97] ਸਚੁ ਗੁਰਮੁਖਿ[98] ਪਾਇਆ ਜਾਇ ॥

The true treasure[97] of the Name-Nectar[96], is obtained by the Guru's[98] grace.

ਨਾਮ-ਸੁਧਾਰਸ[96] ਦਾ ਸੱਚਾ ਖ਼ਜ਼ਾਨਾ[97], ਗੁਰਾਂ ਦੀ[98] ਦਇਆ ਦੁਆਰਾ ਪ੍ਰਾਪਤ ਹੁੰਦਾ ਹੈ ।

ਵਡਭਾਗੀ[99] ਤੇ[100] ਸੰਤ ਜਨ ਜਿਸ ਮਨਿ ਵੂਠਾ[2] ਆਇ ॥

Very fortunate[99] are the[100] saintly persons, within whose mind the Lord has come to abide[2].

ਭਾਰੇ ਨਸੀਬਾਂ ਵਾਲੇ[99] ਹਨ ਉਹ[100] ਸਾਧ-ਸਰੂਪ-ਪੁਰਸ, ਜਿਨ੍ਹਾਂ ਦੇ ਹਿਰਦੇ ਅੰਦਰ ਸਾਹਿਬ ਆ ਕੇ ਵੱਸ ਗਿਆ[2] ਹੈ ।

ਜਲਿ[3] ਥਲਿ[4] [5]ਮਹੀਅਲਿ[6] ਰਵਿ[7] ਰਹਿਆ ਦੂਜਾ[8] ਕੋਈ ਨਾਹਿ ॥

God is pervading[7] the ocean[3], land[4], nether world[5] and sky[6] and there is not another[8].

ਵਾਹਿਗੁਰੂ ਸਮੁੰਦਰ[3], ਧਰਤੀ[4] ਪਾਤਾਲ[5] ਅਤੇ ਆਕਾਸ਼[6] ਅੰਦਰ ਵਿਆਪਕ[7] ਹੋ ਰਿਹਾ ਹੈ ਅਤੇ ਉਸ ਤੋਂ ਸਿਵਾਏ ਹੋਰ ਕੋਈ[8] ਹੈ ਹੀ ਨਹੀਂ ।

ਨਾਮੁ ਧਿਆਈ[8*] ਨਾਮੁ ਉਚਰਾ[9] ਨਾਨਕ ਖਸਮ[10] ਰਜਾਇ[12] ॥੨॥

In the Lord's[10] will[12], Nanak contemplates[8*] the Name and the Name he utters[9].

ਸੁਆਮੀ[10] ਦੀ ਰਜ਼ਾ[12] ਅੰਦਰ, ਨਾਨਕ ਨਾਮ ਨੂੰ ਸਿਮਰਦਾ[8*] ਹੈ ਅਤੇ ਨਾਮ ਦਾ ਹੀ ਉਚਾਰਨ ਕਰਦਾ[9] ਹੈ ।

ਪਉੜੀ ॥

Pauri.

ਪਉੜੀ ।

ਜਿਸ ਨੋ ਤੂ ਰਖਵਾਲਾ[13] ਮਾਰੇ[15] ਤਿਸੁ[14] ਕਉਣੁ ॥

He whose Saviour[13] Thou art, O Lord, Him[14], who can slay[15] ?

ਜਿਸ ਦਾ ਰਾਖਾ[13] ਤੂੰ ਹੈਂ, ਹੇ ਸੁਆਮੀ ! ਉਸ[14] ਨੂੰ ਕੌਣ ਮਾਰ ਸਕਦਾ[15] ?

ਜਿਸ ਨੋ ਤੂ ਰਖਵਾਲਾ ਜਿਤਾ[16] ਤਿਨੈ[17] ਭੈਣੁ[18] ॥

He, whose Saviour Thou art, O Lord; He conquers[16] the three[17] worlds[18].

ਜਿਸ ਦਾ ਤੂੰ ਰਾਖਾ ਹੈਂ, ਹੇ ਸੁਆਮੀ ! ਉਹ ਤਿੰਨਾਂ[17] ਹੀ ਜਹਾਨਾਂ[18] ਨੂੰ ਫਤਹ ਕਰ ਲੈਂਦਾ[16] ਹੈ ।

ਜਿਸ ਨੋ ਤੇਰਾ ਅੰਗੁ[19] ਤਿਸੁ ਮੁਖੁ[21] ਉਜਲਾ[22] ॥

He, on whose side[19] Thou art, O Lord; sparkling[22] becomes his face[21].

ਜਿਸ ਦੇ ਪੱਖ[19] ਉੱਤੇ ਤੂੰ ਹੈਂ, ਹੇ ਪ੍ਰਭੂ ! ਚਮਕੀਲਾ[22] ਹੋ ਜਾਂਦਾ ਹੈ ਉਸ ਦਾ ਚੇਹਰਾ[21] ।

ਜਿਸ ਨੋ ਤੇਰਾ ਅੰਗੁ ਸੁ ਨਿਰਮਲੀ[23] ਹੂੰ ਨਿਰਮਲਾ ॥

He, on whose side Thou art, is the purest of the pure[23].

ਜਿਸ ਦੇ ਪੱਖ ਉੱਤੇ ਤੂੰ ਹੈਂ, ਉਹ ਪਵਿੱਤਰਾਂ ਦਾ ਪਰਮ ਪਵਿੱਤਰ[23] ਹੋ ਜਾਂਦਾ ਹੈ ।

ਜਿਸ ਨੋ ਤੇਰੀ ਨਦਰਿ[24] ਨ ਲੇਖਾ[25] ਪੁਛੀਐ ॥

He, on whom is Thine grace[24], O Lord, is not called to account[25].

ਜਿਸ ਉੱਤੇ ਤੇਰੀ ਮਿਹਰ[24] ਹੈ, ਹੇ ਸੁਆਮੀ ! ਉਸ ਪਾਸੋਂ ਹਿਸਾਬ ਕਿਤਾਬ[25] ਨਹੀਂ ਪੁਛਿਆ ਜਾਂਦਾ ।

ਜਿਸ ਨੋ ਤੇਰੀ ਖੁਸੀ[26] ਤਿਨਿ ਨਉ ਨਿਧਿ[27] ਭੁੰਚੀਐ[28] ॥

He, on whom is Thy pleasure[26], O Lord, partakes[28] of Thine nine treasures[27].

ਜਿਸ ਉੱਤੇ ਤੇਰੀ ਪ੍ਰਸੰਨਤਾ[26] ਹੈ, ਹੇ ਸੁਆਮੀ ! ਉਹ ਤੇਰੇ ਨੌ ਖ਼ਜ਼ਾਨਿਆਂ[27] ਨੂੰ ਭੋਗਦਾ[28] ਹੈ ।

ਜਿਸ ਨੋ ਤੂ ਪ੍ਰਭ ਵਲਿ[29] ਤਿਸੁ ਕਿਆ ਮੁਹਛੰਦਗੀ[30] ॥

He, on whose side[29] Thou art, O Lord, what subservience[30] can he have ?

ਜਿਸ ਦੀ ਤਰਫ਼[29] ਤੂੰ ਹੈਂ, ਹੇ ਸਾਹਿਬ ! ਉਸ ਨੂੰ ਕਿਹੜੀ ਮੁਥਾਜੀ[30] ਹੈ ?

ਜਿਸ ਨੋ ਤੇਰੀ ਮਿਹਰ[31] ਸੁ

He, on whom is Thy mercy[31],

ਜਿਸ ਉੱਤੇ ਤੇਰੀ ਰਹਿਮਤ[31] ਹੈ, ਉਹ ਤੇਰੇ ਸਿਮਰਨ[32]

ਤੇਰੀ ਬੰਦਿਗੀ[32] ॥੮॥	embraces Thine meditation[32], O Lord.	ਜੁੜਦਾ ਹੈ, ਹੇ ਪ੍ਰਭੂ !
ਸਲੋਕ ਮਹਲਾ ੫ ॥	Slok 5th Guru.	ਸਲੋਕ ਪੰਜਵੀਂ ਪਾਤਿਸ਼ਾਹੀ ।
ਹੋਹੁ ਕ੍ਰਿਪਾਲ[33] ਸੁਆਮੀ ਮੇਰੇ ਸੰਤਾਂ ਸੰਗਿ[34] ਵਿਹਾਵੇ[35] ॥	Be Thou merciful[33], O my Lord, that I may pass[35] my life in the society[34] of saints.	ਤੂੰ ਮਿਹਰਬਾਨ[33] ਥੀ ਵੰਞ, ਹੇ ਮੇਰੇ ਮਾਲਕ ਹਰੀ ! ਤਾਂ ਜੋ ਮੇਰੀ ਜ਼ਿੰਦਗੀ ਸਤਿਸੰਗਤ[34] ਅੰਦਰ ਬਤੀਤ[35] ਹੋਵੇ ।
ਤੁਧਹੁ ਭੁਲੇ[36] ਸਿ ਜਮਿ ਜਮਿ ਮਰਦੇ ਤਿਨ ਕਦੇ[37] ਨ ਚੁਕਨਿ[38] ਹਾਵੇ[39] ॥੧॥	They, who forget[36] Thee, are born to die again and again and their sorrows[39] end[38] not ever[37].	ਜੋ ਤੈਨੂੰ ਭੁਲਾਉਂਦੇ[36] ਹਨ ਉਹ ਮੁੜ ਮੁੜ ਕੇ ਜੰਮਦੇ ਤੇ ਮਰਦੇ ਹਨ ਅਤੇ ਉਨ੍ਹਾਂ ਦੇ ਹਾਉਕੇ[39] ਕਦਾਚਿੱਤ[37] ਨਹੀਂ ਮੁਕਦੇ[38] ।
ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ ।
ਸਤਿਗੁਰੁ ਸਿਮਰਹੁ[40] ਆਪਣਾ ਘਟਿ[41] [42]ਅਵਘਟਿ[43] ਘਟ[44] ਘਾਟ[45] ॥	In thy heart[41], remember[40] thou thy True Guru, whether thou art on the difficult[42] path[43], or hillock[44] or wharf[45].	ਭਾਵੇਂ ਤੂੰ ਬਿਖੜੇ[42] ਮਾਰਗ[43] ਜਾਂ ਘਾਟੀ[44] ਜਾਂ ਪੱਤਣ[45] ਉੱਤੇ ਹੋਵੇਂ, ਤੂੰ ਆਪਣੇ ਦਿਲ[41] ਅੰਦਰ ਆਪਣੇ ਸੱਚੇ ਗੁਰਦੇਵ ਜੀ ਨੂੰ ਯਾਦ[40] ਕਰ ।
ਹਰਿ ਹਰਿ ਨਾਮੁ ਜਪੰਤਿਆ[46] ਕੋਇ ਨ ਬੰਧੈ[47] ਵਾਟ[48] ॥੨॥	Because uttering[46] the Lord God's Name, no one shall obstruct[47] thy path[48].	ਸੁਆਮੀ ਵਾਹਿਗੁਰੂ ਦੇ ਨਾਮ ਦਾ ਉਚਾਰਨ[46] ਕਰਨ ਦੁਆਰਾ ਕੋਈ ਭੀ ਤੇਰੇ ਰਾਹ[48] ਵਿੱਚ ਰੁਕਾਵਟ[47] ਨਹੀਂ ਪਾਵੇਗਾ ।
ਪਉੜੀ ॥	Pauri.	ਪਉੜੀ ।
ਤਿਥੈ[49] ਤੂ ਸਮਰਥੁ[50] ਜਿਥੈ ਕੋਇ ਨਾਹਿ ॥	There[49] Thou art, O Omnipotent[50] Lord, where there is none else.	ਉੱਥੇ[49] ਤੂੰ ਸਰਬ ਸ਼ਕਤੀਵਾਨ[50] ਸੁਆਮੀ ਹੈਂ, ਜਿਥੇ ਹੋਰ ਕੋਈ ਨਹੀਂ ।
ਓਥੈ ਤੇਰੀ ਰਖ[51] ਅਗਨੀ[52] ਉਦਰ[53] ਮਾਹਿ[54] ॥	There in[54] the fire[52] of mother's womb[53], Thou protectest[51] the mortal, O Lord.	ਉੱਥੇ ਮਾਂ ਦੇ ਪੇਟ[53] ਦੀ ਅੱਗ[52] ਵਿੱਚ[54] ਤੂੰ ਪ੍ਰਾਣੀ ਦੀ ਰੱਖਿਆ[51] ਕਰਦਾ ਹੈਂ, ਹੇ ਸੁਆਮੀ !
੯੬੨		
ਸੁਣਿ[55] ਕੈ ਜਮ[56] ਕੇ ਦੂਤ[57] ਨਾਇ[58] ਤੇਰੈ ਛਡਿ ਜਾਹਿ[59] ॥	Hearing[55] Thy Name[58], the Death's[56] conriers[57] leave off[59] the mortal.	ਤੇਰੇ ਨਾਮ[58] ਨੂੰ ਸ੍ਰਵਣ[55] ਕਰਕੇ, ਮੌਤ[56] ਦੇ ਫ਼ਰੇਸ਼ਤੇ[57], ਪ੍ਰਾਨੀ ਨੂੰ ਛੱਡ ਜਾਂਦੇ[59] ਹਨ ।
[60]ਭਉਜਲੁ[61] ਬਿਖਮੁ[62] ਅਸਗਾਹੁ[63] ਗੁਰ ਸਬਦੀ[64] ਪਾਰਿ ਪਾਹਿ[65] ॥	The dreadful[60], formidable[62] and unfathomable[63] world-ocean[61] is crossed[65] through the Guru's instruction[64].	ਭਿਆਨਕ[60], ਕਠਨ[62] ਅਤੇ ਅਥਾਹ[63] ਸੰਸਾਰ ਸਮੁੰਦਰ[61] ਗੁਰਾਂ ਦੇ ਉਪਦੇਸ਼[64] ਦੁਆਰਾ ਤਰਿਆ ਜਾਂਦਾ[65] ਹੈ ।
ਜਿਨ ਕਉ ਲਗੀ ਪਿਆਸ[66] ਅੰਮ੍ਰਿਤੁ[67] ਸੇਇ[68] ਖਾਹਿ[69] ॥	They[68], who feel thirst[66] for Thee partake[69] of Thy Nectar[67].	ਜਿਨ੍ਹਾਂ ਨੂੰ ਤੇਰੀ ਤ੍ਰੇਹ[66] ਲੱਗੀ ਹੈ, ਉਹ[68] ਤੇਰੇ ਨਾਮ-ਅੰਮ੍ਰਿਤ[67] ਨੂੰ ਛੱਕਦੇ[69] ਹਨ ।
ਕਲਿ[70] ਮਹਿ[76] ਏਹੋ ਪੁੰਨੁ[71] ਗੁਣ[72] [73]ਗੋਵਿੰਦ[74] ਗਾਹਿ[75] ॥	This is the only virtuous[71] deed in[76] the Darkage[70], that one sings[75] the praise[72] of the World[73]-Lord[74].	ਕਲਜੁਗ[70] ਅੰਦਰ[76] ਸਿਰਫ ਇਹ ਹੀ, ਨੇਕੀ[71] ਦਾ ਕੰਮ ਹੈ ਕਿ ਇਨਸਾਨ ਸ੍ਰਿਸ਼ਟੀ[73] ਦੇ ਸੁਆਮੀ[74] ਦੀ ਸਿਫਤ[72] ਗਾਇਨ[75] ਕਰੇ ।
ਸਭਸੈ ਨੋ ਕਿਰਪਾਲੁ[77]	The Master is merciful[77] to all. He	ਮਾਲਕ ਸਾਰਿਆਂ ਉੱਤੇ ਮਿਹਰਬਾਨ[77] ਹੈ । ਉਹ ਹਰ

ਸਮ੍ਹਾਲੇ[78] ਸਾਹਿ ਸਾਹਿ[79] ॥	takes care[78] of everyone at every breath[79].	ਇਕਸੁ ਦੀ ਸੁਆਸ[79] ਨਾਲ ਸੰਭਾਲ[78] ਕਰਦਾ ਹੈ ।
ਬਿਰਥਾ[80] ਕੋਇ ਨ ਜਾਇ[81] ਜਿ ਆਵੈ ਤੁਧੁ[82] ਆਹਿ[83] ॥ ੯॥	O Nanak, none who longingly[83] comes to Thine[82] door, O Lord, returns[81] empty-handed[80].	ਹੇ ਨਾਨਕ ! ਕੋਈ ਭੀ ਜੋ ਤਾਂਘ[83] ਕਰਕੇ ਤੇਰੇ[82] ਬੂਹੇ ਤੇ ਆਉਂਦਾ ਹੈ, ਹੇ ਸੁਆਮੀ ! ਖ਼ਾਲੀ ਹੱਥੀਂ[80] ਨਹੀਂ ਮੁੜਦਾ[81] ।
ਸਲੋਕ ਮ: ੫ ॥	Slok 5th Guru.	ਸਲੋਕ ਪੰਜਵੀਂ ਪਾਤਿਸ਼ਾਹੀ ।
ਦੂਜਾ[84] ਤਿਸੁ[85] ਨ ਬੁਝਾਇਹੁ[86] ਪਾਰਬ੍ਰਹਮ[87] ਨਾਮੁ ਦੇਹੁ[88] ਆਧਾਰੁ[89] ॥	O Transcendent[87] Lord ! he, whom Thou givest[88] Thy Name's support[89]; knowest[86] not another[84].	ਹੇ ਪਰਮ[87] ਪ੍ਰਭੂ ! ਜਿਸ ਨੂੰ ਤੂੰ ਆਪਣੇ ਨਾਮ ਦਾ ਆਸਰਾ[89] ਦਿੰਦਾ[88] ਹੈਂ, ਉਸ ਨੂੰ[85] ਤੂੰ ਹੋਰ ਕੋਈ[84] ਨਹੀਂ ਦਰਸਾਉਂਦਾ[86] ।
ਅਗਮੁ[90]ਅਗੋਚਰੁ[91] ਸਾਹਿਬੋ[92] ਸਮਰਥੁ[93] ਸਚੁ ਦਾਤਾਰੁ[94] ॥	Inaccessible[90], Inapprehensible[91], Omnipotent[93], True and Munificent[94] is my Master[92].	ਪਹੁੰਚ ਤੋਂ ਪਰੇ[90], ਸੋਚ ਸਮਝ ਤੋਂ ਉਚੇਰਾ[91], ਸਰਬ-ਸ਼ਕਤੀਵਾਨ[93], ਸੱਚਾ ਅਤੇ ਦਰਿਆ ਦਿਲ[94] ਹੈ, ਮੇਰਾ ਮਾਲਕ[92] ।
ਤੂ ਨਿਹਚਲੁ[95] ਨਿਰਵੈਰੁ[96] ਸਚੁ[97]ਸਚਾ ਤੁਧੁ ਦਰਬਾਰੁ[98] ॥	Thou, O Lord, art Moveless[95] Uninimical[96] and True[97] and true is Thy court.	ਤੂੰ ਹੇ ਸੁਆਮੀ ! ਅਹਿੱਲ[95], ਦੁਸ਼ਮਨੀ-ਰਹਿਤ[96] ਅਤੇ ਸਤਿ[97] ਹੈਂ, ਅਤੇ ਸੱਚੀ ਹੈ ਤੇਰੀ ਦਰਗਾਹ[98] ।
ਕੀਮਤਿ[99] ਕਹਣੁ[100] ਨ ਜਾਈਐ ਅੰਤੁ[2] ਨ ਪਾਰਾਵਾਰੁ[3] ॥	Thine worth[99] can be told[100] not. Thou hast no limit[2], this and that[3] end.	ਤੇਰਾ ਮੁੱਲ[99] ਦੱਸਿਆ[100] ਨਹੀਂ ਜਾ ਸਕਦਾ । ਤੇਰਾ ਕੋਈ ਓੜਕ[2], ਇਹ ਤੇ ਉਹ[3] ਕਿਨਾਰਾ ਨਹੀਂ ।
ਪ੍ਰਭ ਛੋਡਿ[4] ਹੋਰੁ[5] ਜਿ ਮੰਗਣਾ[6] ਸਭੁ ਬਿਖਿਆ[7] ਰਸ[8] ਛਾਰੁ[9] ॥	To ask[6] for aught else[5], but[4] the Lord, is vain. All other relishes[8] are poison[7] and dust[9].	ਸੁਆਮੀ ਨੂੰ ਤਿਆਗ[4], ਹੋਰ ਸ਼ੈ[5] ਮੰਗਣੀ[6] ਫਜ਼ੂਲ ਹੈ ਹੋਰ ਸਾਰੇ ਸੁਆਦ[8] ਜ਼ਹਿਰ[7] ਤੇ ਮਿੱਟੀ[9] ਹਨ ।
ਸੇ[10] ਸੁਖੀਏ[12] ਸਚੁ ਸਾਹ[13] ਸੇ ਜਿਨ ਸਚਾ ਬਿਉਹਾਰੁ[14] ॥	They[10] alone are in peace[12] and they the true kings[13], whose dealings[14] are true.	ਕੇਵਲ ਉਹ[10] ਹੀ ਅਨੰਦ[19] ਅੰਦਰ ਹਨ ਤੇ ਉਹ ਹੀ ਸੱਚੇ ਪਾਤਿਸ਼ਾਹ[13], ਜਿਨ੍ਹਾਂ ਦਾ ਲੈਣ ਦੇਣ[14] ਸੱਚਾ ਹੈ ।
ਜਿਨਾ ਲਗੀ[15] ਪ੍ਰੀਤਿ[16] ਪ੍ਰਭ ਨਾਮ ਸਹਜ[17] ਸੁਖ[18] ਸਾਰੁ[19]॥	They, who cultivate[15] affection[16] for the Lord's Name, are blessed with the quintessence[19] of poise[17] and peace[18].	ਜੋ ਸੁਆਮੀ ਦੇ ਨਾਮ ਨਾਲ ਪਿਰਹੜੀ[16] ਪਾਉਂਦੇ[15] ਹਨ, ਉਨ੍ਹਾਂ ਨੂੰ ਅਡੋਲਤਾ[17] ਅਤੇ ਆਰਾਮ[18] ਦੇ ਜੌਹਰ[19] ਦੀ ਦਾਤ ਪ੍ਰਾਪਤ ਹੁੰਦੀ ਹੈ ।
ਨਾਨਕ ਇਕੁ ਆਰਾਧੇ[20] ਸੰਤਨ ਰੇਣਾਰੁ[21] ॥੧॥	Nanak, meditates[20] on the One Lord and seeks the dust[21] of the saints' feet.	ਨਾਨਕ ਇਕ ਸੁਆਮੀ ਦਾ ਸਿਮਰਨ[20] ਕਰਦਾ ਹੈ ਅਤੇ ਸਾਧੂਆਂ ਦੇ ਪੈਰਾ ਦੀ ਧੂੜ[21] ਨੂੰ ਲੋਚਦਾ ਹੈ ।
ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ ।
ਅਨਦ[22] ਸੂਖ[23] ਬਿਸ੍ਰਾਮ[24]	Singing[27] the Lord's praise[26], thou	ਸੁਆਮੀ ਦੀ ਸਿਫ਼ਤ-ਸਾਲਾਹ[26] ਗਾਇਨ[27] ਕਰਨ ਦੁਆਰਾ,

ਨਿਤ[25] ਹਰਿ ਕਾ ਕੀਰਤਨੁ[26] ਗਾਇ[27] ॥
ਅਵਰ[28] ਸਿਆਣਪ[29] ਛਾਡਿ[30] ਦੇਹਿ ਨਾਨਕ ਉਧਰਸਿ[31] ਨਾਇ[32] ॥੨॥

shalt obtain everlasting[25] bliss[22], peace[23] and ease[24].
Forsake[30] thou other[28] cleverness[29], O Nanak, thou shalt be saved[31] only through the Name[32].

ਤੂੰ ਸਦੀਵੀ[25] ਖ਼ੁਸ਼ੀ[22], ਠੰਢ-ਚੈਨ[23] ਅਤੇ ਆਰਾਮ[24] ਪਾ ਲਵੇਂਗਾ ।
ਤੂੰ ਹੋਰ[28] ਚਤੁਰਾਈ[29] ਤਿਆਗ[30] ਦੇ, ਹੇ ਨਾਨਕ ! ਤੇਰਾ ਕੇਵਲ ਨਾਮ[32] ਦੇ ਰਾਹੀਂ ਹੀ ਪਾਰ ਉਤਾਰਾ[31] ਹੋਵੇਗਾ ।

ਪਉੜੀ ॥

Pauri.

ਪਉੜੀ ।

ਨਾ ਤੂ ਆਵਹਿ ਵਸਿ[33] ਬਹੁਤੁ[34] ਘਿਣਾਵਣੇ[35] ॥
ਨਾ ਤੂ ਆਵਹਿ ਵਸਿ ਬੇਦ ਪੜਾਵਣੇ[36] ॥
ਨਾ ਤੂ ਆਵਹਿ ਵਸਿ ਤੀਰਥਿ[37] ਨਾਈਐ[38] ॥
ਨਾ ਤੂ ਆਵਹਿ ਵਸਿ ਧਰਤੀ[39] ਧਾਈਐ[40] ॥
ਨਾ ਤੂ ਆਵਹਿ ਵਸਿ ਕਿਤੈ[41] ਸਿਆਣਪੈ[42] ॥
ਨਾ ਤੂ ਆਵਹਿ ਵਸਿ ਬਹੁਤਾ[43] ਦਾਨੁ[44] ਦੇ[45] ॥
ਸਭੁ ਕੋ ਤੇਰੈ ਵਸਿ ਅਗਮ[46] ਅਗੋਚਰਾ[47] ॥
ਤੂ ਭਗਤਾ[48] ਕੈ ਵਸਿ ਭਗਤਾ ਤਾਣੁ[49] ਤੇਰਾ ॥੧੦॥

Thou, O Lord, comest not in one's power[33], by greatly[34] despising[35] the world.
Thou comest not in one's power, by reading[36] the Vedas.
Thou comest not in one's power, by bathing[38] at the shrines[37].
Thou, O Lord, comest not in the mortal's power by roaming[40] the world[39] through.
Thou, O Lord, comest not in the mortal's power, through any[41] cleverness[42].
Thou comest not in man's power, by giving[45] plentiful[43] alms[44].
All are in Thy power, O my Inaccessible[46] and Inapprehensible[47] Lord.
Thou, O Lord, art in the power of Thine devoted slaves[48]. Thou art the strength[49] of Thy saints.

ਤੂੰ, ਹੇ ਸੁਆਮੀ ! ਸੰਸਾਰ ਨੂੰ ਘਣੇਰੀ[34] ਘਿਰਣਾ[35] ਅਥਵਾ ਘਿਣਾਉਣੇ ਕਰਮ, ਕਰਨ ਦੁਆਰਾ, ਬੰਦੇ ਦੇ ਵੱਸ[31] ਵਿੱਚ ਨਹੀਂ ਆਉਂਦਾ ।
ਤੂੰ ਵੇਦਾਂ ਦੇ ਵਾਚਨ[36] ਦੁਆਰਾ ਬੰਦੇ ਦੇ ਵੱਸ ਵਿਚ ਨਹੀਂ ਆਉਂਦਾ ।
ਤੂੰ ਧਰਮ ਅਸਥਾਨਾਂ[37] ਤੇ ਇਸ਼ਨਾਨ[38] ਕਰਨ ਦੁਆਰਾ, ਬੰਦੇ ਦੇ ਵੱਸ ਵਿਚ ਨਹੀਂ ਆਉਂਦਾ ।
ਤੂੰ, ਹੇ ਸੁਆਮੀ ! ਸੰਸਾਰ[39] ਅੰਦਰ ਰਟਨ[40] ਕਰਨ ਦੁਆਰਾ, ਪ੍ਰਾਣੀ ਦੇ ਵੱਸ ਵਿਚ ਨਹੀਂ ਆਉਂਦਾ ।
ਤੂੰ, ਹੇ ਸੁਆਮੀ ! ਕਿਸੇ[41] ਭੀ ਚਤੁਰਾਈ[42] ਰਾਹੀਂ, ਪ੍ਰਾਣੀ ਦੇ ਵੱਸ ਵਿਚ ਨਹੀਂ ਆਉਂਦਾ ।
ਤੂੰ ਘਣਾ[43] ਪੁੰਨਦਾਨ[44] ਦੇਣ[45] ਦੁਆਰਾ, ਇਨਸਾਨ ਦੇ ਵੱਸ ਵਿਚ ਨਹੀਂ ਆਉਂਦਾ ।
ਸਾਰੇ ਤੇਰੇ ਵੱਸ ਵਿਚ ਹਨ, ਹੇ ਮੇਰੇ ਪਹੁੰਚ ਤੋਂ ਪਰੇ[46] ਅਤੇ ਸਮਝ ਸੋਚ ਤੋਂ ਉਚੇਰੇ[47] ਪ੍ਰਭੂ !
ਤੂੰ, ਹੇ ਸਾਈਂ, ਆਪਣਿਆਂ ਭਗਤਾਂ[48] ਗੋਲਿਆਂ ਦੇ ਵੱਸ ਵਿਚ ਹੈਂ । ਤੂੰ ਹੀ ਆਪਣੇ ਸੰਤਾਂ ਦੀ ਸੱਤਿਆ[49] ਹੈਂ ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਿਸ਼ਾਹੀ ।

ਆਪੇ[50] ਵੈਦੁ[51] ਆਪਿ ਨਾਰਾਇਣੁ[52] ॥
ਏਹਿ ਵੈਦ ਜੀਅ[53] ਕਾ ਦੁਖੁ[54] ਲਾਇਣੁ[55] ॥
ਗੁਰ ਕਾ ਸਬਦੁ[56] ਅੰਮ੍ਰਿਤੁ[57] ਰਸੁ[58] ਖਾਇਣੁ[59] ॥
ਨਾਨਕ ਜਿਸੁ ਮਨਿ[64] ਵਸੈ[60]

The Lord[52], Himself[50], of Himself, is the physician[51].
These physicians burden[55] the soul[53] with malady[54].
The Guru's word[56] is the only ambrosial[57] and delicious[58] medicine to eat[59].
Nanak, he, within whose mind[64] it

ਪ੍ਰਭੂ[52], ਖ਼ੁਦ-ਬ-ਖ਼ੁਦ[50] ਹੀ ਹਕੀਮ[51] ਹੈ ।
ਇਹ ਦੁਨਿਆਵੀ ਹਕੀਮ ਆਤਮਾ[53] ਨੂੰ ਬਿਮਾਰੀ[54] ਲਾਉਂਦੇ[55] ਹਨ ।
ਕੇਵਲ ਗੁਰਾਂ ਦੀ ਬਾਣੀ[56] ਹੀ, ਅੰਮ੍ਰਿਤਮਈ[57] ਅਤੇ ਸੁਆਦਲੀ[58] ਦੁਵਾਈ, ਖਾਣ ਲਈ[59] ਹੈ ।
ਨਾਨਕ, ਜਿਸ ਦੇ ਹਿਰਦੇ[64] ਅੰਦਰ ਇਹ ਵਸਦੀ[60] ਹੈ;

ਤਿਸ[61] ਕੇ ਸਭਿ ਦੂਖ[62] ਮਿਟਾਇਣ[63] ॥੧॥	abides[60]; all his[61] ailments[62] are eradicated[63].	ਉਸ ਦੀਆਂ[61] ਸਾਰੀਆਂ ਬੀਮਾਰੀਆਂ[62] ਦੂਰ ਹੋ ਜਾਂਦੀਆਂ[63] ਹਨ ।
ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ ।
ਹੁਕਮਿ[65] ਉਛਲੈ[66] ਹੁਕਮੇ ਰਹੈ[67] ॥	In the Lord's will[65], man skips[66] about and in His will he sits still[67].	ਸੁਆਮੀ ਦੀ ਰਜ਼ਾ[65] ਅੰਦਰ, ਇਨਸਾਨ ਟੱਪਦਾ[66] ਫਿਰਦਾ ਹੈ ਅਤੇ ਉਸ ਦੀ ਰਜ਼ਾ ਅੰਦਰ ਹੀ ਉਹ ਟਿਕ ਕੇ[67] ਬਹਿੰਦਾ ਹੈ ।
ਹੁਕਮੇ ਦੂਖੁ[68]ਸੁਖੁ[69]ਸਮਕਰਿ[70] ਸਹੈ[71] ॥	In His will, he endures[71] weal[69] and woe[68] alike[70].	ਉਸ ਦੀ ਰਜ਼ਾ ਵਿੱਚ ਉਹ ਖ਼ੁਸ਼ੀ[69] ਤੇ ਗ਼ਮੀ[68] ਨੂੰ ਇਕ-ਸਾਰ[70] ਸਹਾਰਦਾ[71] ਹੈ ।
ਹੁਕਮੇ ਨਾਮੁ ਜਪੈ[72] ਦਿਨੁ ਰਾਤਿ ॥	In His will, day and night, he utters[72] the Name.	ਉਸ ਦੀ ਰਜ਼ਾ ਵਿੱਚ, ਉਹ ਦਿਨ ਰਾਤ, ਨਾਮ ਨੂੰ ਉਚਾਰਦਾ[72] ਹੈ ।
ਨਾਨਕ ਜਿਸ ਨੋ ਹੋਵੈ ਦਾਤਿ[73] ॥	Nanak, he alone remembers the Name, who is so blessed[73].	ਨਾਨਕ, ਕੇਵਲ ਉਹ ਹੀ ਨਾਮ ਦਾ ਸਿਮਰਨ ਕਰਦਾ ਹੈ, ਜਿਸ ਨੂੰ ਐਸੀ ਬਖਸ਼ੀਸ਼ ਮਿਲਦੀ[73] ਹੈ ।
ਹੁਕਮਿ ਮਰੈ[74] ਹੁਕਮੇ ਹੀ ਜੀਵੈ[75] ॥	In the Lord's will, one lives[75] and in the Lord's will, he dies[74].	ਪ੍ਰਭੂ ਦੀ ਰਜ਼ਾ ਅੰਦਰ, ਇਨਸਾਨ ਜੀਉਂਦਾ[75] ਹੈ ਅਤੇ ਪ੍ਰਭੂ ਦੀ ਰਜ਼ਾ ਅੰਦਰ ਹੀ, ਉਹ ਮਰ ਜਾਂਦਾ[74] ਹੈ ।
ਹੁਕਮੇ ਨਾਨ੍ਹਾ[76] ਵਡਾ[77] ਥੀਵੈ[78] ॥	In His will, he becomes[78] small[76] and great[77].	ਉਸ ਦੀ ਰਜ਼ਾ ਅੰਦਰ; ਉਹ ਛੋਟਾ[76] ਅਤੇ ਵੱਡਾ[77] ਹੁੰਦਾ[78] ਹੈ ।
ਹੁਕਮੇ ਸੋਗ[79] ਹਰਖ[80] ਆਨੰਦ[81] ॥	In the Lord's will are pain[79], peace[80] and pleasure[81].	ਸਾਂਈਂ ਦੀ ਰਜ਼ਾ ਅੰਦਰ ਹੀ ਦੁੱਖ[79], ਸੁੱਖ[80] ਅਤੇ ਖ਼ੁਸ਼ੀ[81] ਹਨ ।
ਹੁਕਮੇ[82] ਜਪੈ[83] ਨਿਰੋਧਰ[84] ਗੁਰਮੰਤ[85] ॥	By God's command[82], the mortal reflects[83] on the ever-efficacious[84] Gurbani[85].	ਵਾਹਿਗੁਰੂ ਦੇ ਫ਼ੁਰਮਾਨ[82] ਦੁਆਰਾ, ਪ੍ਰਾਣੀ ਸਦਾ ਗੁਣਕਾਰੀ[84] ਗੁਰਾਂ ਦੀ ਬਾਨੀ[85] ਦਾ ਵਿਚਾਰ[83] ਕਰਦਾ ਹੈ ।
ਹੁਕਮੇ[92] ਆਵਣੁ[86] ਜਾਣੁ[87] ਰਹਾਏ[88] ॥ ਨਾਨਕ ਜਾਕਉ[89] ਭਗਤੀ[90] ਲਾਏ[91] ॥੨॥	O Nanak, he whom[89] the Lord yokes[91] to His meditation[90]; His comings[86] and goings[87] end[88], in His will[92].	ਹੇ ਨਾਨਕ ! ਜਿਸ[89] ਨੂੰ ਸੁਆਮੀ ਆਪਣੇ ਸਿਮਰਨ[90] ਨਾਲ ਜੋੜ ਲੈਂਦਾ[91] ਹੈ; ਉਸ ਦੀ ਰਜ਼ਾ[92] ਅੰਦਰ ਉਸ ਦੇ ਆਉਣੇ[86] ਤੇ ਜਾਣੇ[87] ਮੁੱਕ ਜਾਂਦੇ[88] ਹਨ ।
ਪਉੜੀ ॥	Pauri.	ਪਉੜੀ ।
ਹਉ[93] ਤਿਸੁ[94] ਢਾਢੀ[95] ਕੁਰਬਾਣੁ[96] ਜਿ[97] ਤੇਰਾ ਸੇਵਦਾਰੁ[98] ॥	I[93] am a sacrifice[96], unto the minstrel[95], who[97] is an attendant[98] of Thine, O my Master.	ਮੈਂ[93] ਉਸ[94] ਭੱਟ[95] ਤੋਂ, ਘੋਲੀ[96] ਵੰਞਦਾ ਹਾਂ, ਜੋ[97] ਤੇਰਾ ਟਹਿਲੂਆ[98] ਹੈ, ਹੇ ਮੇਰੇ ਮਾਲਕ !
ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ[99] ਅਪਾਰ[100]॥	I am devoted unto that eulogist, who hymns the praise[99] of the Infinite[100] Lord.	ਮੈਂ ਉਸ ਕੀਰਤਨੀਏ ਤੋਂ ਸਦਕੇ ਵੰਞਦਾ ਹਾਂ, ਜੋ ਅਨੰਤ[100] ਸੁਆਮੀ ਦੀ ਕੀਰਤੀ[99] ਗਾਇਨ ਕਰਦਾ ਹੈ ।
ਸੋ ਢਾਢੀ ਧਨੁ[2] ਧੰਨੁ ਜਿਸੁ ਲੋੜੇ[3] ਨਿਰੰਕਾਰੁ[4] ॥	Blessed[2], blessed is the bard, for whom the Formless Lord[4] longs[3].	ਸੁਲੱਖਣਾ[2], ਸੁਲੱਖਣਾ ਹੈ ਉਹ ਭੱਟ, ਜਿਸ ਨੂੰ ਰੂਪ ਰੇਖ-ਰਹਿਤ ਸੁਆਮੀ[4] ਚਾਹੁੰਦਾ[3] ਹੈ ।
ਸੋ ਢਾਢੀ ਭਾਗਠੁ[5] ਜਿਸੁ	Fortunate[5] is that bard, who has	ਭਾਗਾਂ ਵਾਲਾ[5] ਹੈ ਉਹ ਢਾਡੀ, ਜਿਸ ਦੀ ਸੱਚੇ ਸਾਂਈਂ[6]ਦੇ

ਸਚਾ[6] ਦੁਆਰ[7] ਬਾਰੁ[8] ॥

access to the gate[8] of the True Lord's[6] Court[7].

ਦਰਬਾਰ[7] ਦੇ ਬੂਹੇ[8] ਤਾਂਈਂ ਪਹੁੰਚ ਹੈ ।

ਓਹੁ[9] ਢਾਢੀ ਤੁਧੁ ਧਿਆਇ[10] ਕਲਾਣੇ[12] ਦਿਨੁ ਰੈਣਾਰ[13] ॥

He[9], the bard, contemplates[10] Thee alone, O Lord, and day and night[13] sings Thy praise[12].

ਉਹ[9] ਭੱਟ ਕੇਵਲ ਤੇਰਾ ਹੀ ਸਿਮਰਨ[10] ਕਰਦਾ ਹੈ, ਹੇ ਪ੍ਰਭੂ ! ਅਤੇ ਦਿਹੁੰ ਰੈਣ[13] ਤੇਰੀ ਕਲਿਆਣ[12] ਹੀ ਗਾਉਂਦਾ ਹੈ ।

ਮੰਗੈ[14] ਅੰਮ੍ਰਿਤ[15] ਨਾਮੁ ਨ ਆਵੈ ਕਦੇ[16] ਹਾਰਿ[17] ॥

He askes for[14] the Nectar-Name[15] and is not vanquished[17] ever[16].

ਉਹ ਅੰਮ੍ਰਿਤ-ਨਾਮ[15] ਦੀ ਹੀ ਜਾਚਨਾ ਕਰਦਾ[14] ਹੈ ਅਤੇ ਉਸ ਨੂੰ ਕਦਾਚਿੱਤ[16] ਹਾਰ[17] ਨਹੀਂ ਹੁੰਦੀ ।

ਕਪੜੁ[18] ਭੋਜਨੁ[19] ਸਚੁ ਰਹਦਾ[22] ਲਿਵੈ[20] ਧਾਰ[21] ॥

True are his robes[18] and viands[19] and within his mind he keeps[22] enshrined[21] the Lord's love[20].

ਸੱਚੇ ਹਨ ਉਸ ਦੇ ਬਸਤਰ[18] ਅਤੇ ਖਾਣੇ[19] ਕਿਉਂਕਿ ਆਪਣੇ ਹਿਰਦੇ ਅੰਦਰ ਉਹ ਪ੍ਰਭੂ ਦੀ ਪ੍ਰੀਤ[20] ਧਾਰਨ ਕਰੀ[21] ਰਖਦਾ[22] ਹੈ ।

ਸੋ[23] ਢਾਢੀ[24] ਗੁਣਵੰਤੁ[25] ਜਿਸ ਨੋ ਪ੍ਰਭ ਪਿਆਰੁ[26] ॥ ੧੧॥

Meritorious[25] is that[23] praiser[24], who enshrines affection[26] for his Lord.

ਨੇਕੀਆਂ-ਸੰਯੁਕਤ[25] ਹੈ ਉਹ[23] ਜੱਸ ਕਰਨ ਵਾਲਾ[24], ਜੋ ਆਪਣੇ ਪ੍ਰਭੂ ਨਾਲ ਪ੍ਰੀਤ[26] ਪਾਉਂਦਾ ਹੈ ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਿਸ਼ਾਹੀ ।

ੴ

ਅੰਮ੍ਰਿਤ[27] ਬਾਣੀ[28] ਅਮਿਉ[29] ਰਸੁ[30] ਅੰਮ੍ਰਿਤ[31] ਹਰਿ ਕਾ ਨਾਉ[32] ॥

Nectar[27] is the Guru's word[28], sweet[29] is its relish[30] and ambrosial[31] is the Lord's Name[32].

ਅੰਮ੍ਰਿਤ[27] ਹੈ ਗੁਰਾਂ ਦੀ ਬਾਣੀ[28], ਮਿੱਠਾ[29] ਹੈ ਇਸ ਦਾ ਸੁਆਦ[30] ਅਤੇ ਸੁਧਾ-ਸਰੂਪ[31] ਹੈ ਸੁਆਮੀ ਦਾ ਨਾਮ[32] ।

ਮਨਿ[33] ਤਨਿ[34] ਹਿਰਦੈ[35] ਸਿਮਰਿ[36] ਹਰਿ ਆਠ ਪਹਰ ਗੁਣ[37] ਗਾਉ[38] ॥

Within thy mind[33], body[34] and heart[35], meditate[36], thou on God and sing[38] the Lord's praises[37], the eight watches through.

ਆਪਣੇ ਚਿੱਤ[33] ਦੇਹ[34] ਅਤੇ ਦਿਲ[35]ਅੰਦਰ, ਤੂੰ ਵਾਹਿਗੁਰੂ ਦਾ ਸਿਮਰਨ ਕਰ[36], ਅੱਠੇ ਪਹਿਰ ਹੀ ਸੁਆਮੀ ਦੀ ਸਿਫਤ ਸ਼ਲਾਘਾ[37] ਆਲਾਪ[38] ।

ਉਪਦੇਸੁ[39] ਸੁਣਹੁ[40] ਤੁਮ ਗੁਰਮਿਖਹੁ ਸਚਾ ਇਹੈ ਸੁਆਉ[41] ॥

O Guru's disciples ! hearken[40] ye the Guru's counsel[39]. This alone is your life's true aim[41].

ਹੇ ਗੁਰੂ ਦੇ ਸਿੱਖੋ ! ਤੁਸੀਂ ਗੁਰਾਂ ਦੀ ਸਿਫਤ[39] ਸ੍ਰਵਣ ਕਰੋ[40] । ਕੇਵਲ ਇਹ ਹੀ ਤੁਹਾਡੀ ਜ਼ਿੰਦਗੀ ਦਾ ਸੱਚਾ ਮਨੋਰਥ[41] ਹੈ ।

ਜਨਮੁ[42] ਪਦਾਰਥ[43] ਸਫਲੁ[44] ਹੋਇ ਮਨ[45] ਮਹਿ[46] ਲਾਇਹੁ[47] ਭਾਉ[48] ॥

This-wise your invaluable[43] life[42] shall become fruitful[44] and you shall embrace[47] love[48] for the Lord in[46] your mind[45].

ਇਸ ਤਰ੍ਹਾਂ ਤੁਹਾਡਾ ਅਮੋਲਕ[42] ਜੀਵਨ[43] ਫਲਦਾਇਕ[44] ਬੀ ਵੰਞੇਗਾ ਅਤੇ ਤੁਹਾਡੇ ਚਿੱਤ[45] ਵਿੱਚ[46] ਪ੍ਰਭੂ ਨਾਲ ਪਿਆਰ[48] ਪੈ ਜਾਵੇਗਾ[47] ।

ਸੂਖ[49] ਸਹਜ[50] ਆਨਦੁ[51] ਘਣਾ[52] ਪ੍ਰਭ ਜਪਤਿਆ[53] ਦੂਖੁ[54] ਜਾਇ[55] ॥

Remembering[53] the Lord, one obtains plentiful[52] peace[49], poise[50] and pleasure[51] and gets rid of[55] grief[54].

ਸਾਂਈਂ ਨੂੰ ਯਾਦ ਕਰਨ[53] ਦੁਆਰਾ ਬੰਦਾ ਘਣੇਰੇ[52] ਸੁਖ[49], ਅਡੋਲਤਾ[50] ਅਤੇ ਖੁਸ਼ੀ[51] ਪਾ ਲੈਂਦਾ ਹੈ ਅਤੇ ਰੰਜ ਗਮ[54] ਤੋਂ ਖਲਾਸੀ ਪਾ ਜਾਂਦਾ[55] ਹੈ ।

ਨਾਨਕ ਨਾਮੁ ਜਪਤ[56] ਸੁਖੁ ਊਪਜੈ[57] ਦਰਗਹ[58] ਪਾਈਐ[59] ਥਾਉ[60] ॥੧॥

Nanak, repeating[56] God's Name, peace wells up[57] and one obtains[59] room[60] in the Lord's Court[58].

ਨਾਨਕ, ਰੱਬ ਦੇ ਨਾਮ ਦਾ ਉਚਾਰਨ ਕਰਨ[56] ਦੁਆਰਾ, ਆਰਾਮ ਉਤਪੰਨ ਹੋ ਜਾਂਦਾ[57] ਹੈ ਤੇ ਬੰਦੇ ਨੂੰ ਸਾਂਈਂ ਦੇ ਦਰਬਾਰ[58] ਵਿੱਚ ਥਾਂ[60] ਮਿਲ ਜਾਂਦੀ[59] ਹੈ ।

ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ ।
ਨਾਨਕ ਨਾਮੁ ਧਿਆਈਐ[61] ਗੁਰੁ ਪੂਰਾ[62] ਮਤਿ[63] ਦੇਇ[64]॥	The Perfect[62] Guru imparts[64] this instruction[63], O Nanak, that the mortal should contemplate[61] the Name.	ਹੇ ਨਾਨਕ ! ਪੂਰਨ[62] ਗੁਰਦੇਵ ਜੀ ਸਿਖਮੱਤ[63] ਦਿੰਦੇ ਹਨ, ਕਿ ਪ੍ਰਾਨੀ ਨੂੰ ਨਾਮ ਦਾ ਸਿਮਰਨ ਕਰਨਾ[61] ਚਾਹੀਦਾ ਹੈ ।
ਭਾਣੈ[65] ਜਪ[66] ਤਪ[67] ਸੰਜਮੋ[68] ਭਾਣੈ ਹੀ ਕਢਿ[69] ਲੇਇ ॥	In the Lord's will[65], man practises worship[66], penance[67] and self-discipline[68] and in His will He redeems[69] him.	ਸਾਂਈਂ ਦੀ ਰਜ਼ਾ[65] ਅੰਦਰ, ਇਨਸਾਨ ਉਪਾਸ਼ਨਾ[66], ਤਪੱਸਿਆ[67] ਅਤੇ ਸਵੈ-ਜ਼ਬਤ[68] ਕਮਾਉਂਦਾ ਹੈ ਅਤੇ ਆਪਣੀ ਰਜ਼ਾ ਅੰਦਰ ਹੀ ਉਹ ਉਸ ਨੂੰ ਬੰਦਖਲਾਸ ਕਰ ਦਿੰਦਾ[69] ਹੈ ।
ਭਾਣੈ ਜੋਨਿ[70] ਭਵਾਈਐ[71] ਭਾਣੈ ਬਖਸ[72] ਕਰੇਇ ॥	In His will, the Lord goads[71] the mortal in existence[70] and in His will He forgives[72] him.	ਆਪਣੀ ਰਜ਼ਾ ਅੰਦਰ, ਸੁਆਮੀ ਪ੍ਰਾਨੀ ਨੂੰ ਜੂਨੀਆਂ[70] ਅੰਦਰ ਧਕਦਾ[71] ਹੈ ਅਤੇ ਆਪਣੀ ਰਜ਼ਾ ਅੰਦਰ ਉਹ ਉਸ ਨੂੰ ਮਾਫ ਕਰ ਦਿੰਦਾ[72] ਹੈ ।
ਭਾਣੈ ਦੁਖੁ[73] ਸੁਖੁ[74] ਭੋਗੀਐ[75] ਭਾਣੈ ਕਰਮ[76] ਕਰੇਇ[77] ॥	In His will we receive[75] pain[73] and pleasure[76] and in His will we do[77] the deeds[76].	ਉਸ ਦੀ ਰਜ਼ਾ ਅੰਦਰ ਅਸੀਂ ਖੇਦ[73] ਅਤੇ ਖੁਸ਼ੀ[74] ਪਾਉਂਦੇ[75] ਹਾਂ ਅਤੇ ਉਸ ਦੀ ਰਜ਼ਾ ਵਿੱਚ ਹੀ ਅਸੀਂ ਅਮਲ[76] ਕਮਾਉਂਦੇ[77] ਹਾਂ ।
ਭਾਣੈ ਮਿਟੀ[78] ਸਾਜਿ ਕੈ[79] ਭਾਣੈ ਜੋਤਿ[80] ਧਰੇਇ[81] ॥	Fashioning[79] the dust[78] into form in His will, the Lord, in His will instals[81] His Light[80] into it.	ਆਪਣੀ ਰਜ਼ਾ ਅੰਦਰ ਧੂੜ[78] ਨੂੰ ਸਰੂਪ ਦੇ ਕੇ[79] ਸੁਆਮੀ ਆਪਣੀ ਰਜ਼ਾ ਦੁਆਰਾ, ਇਸ ਅੰਦਰ ਆਪਣਾ ਪ੍ਰਕਾਸ਼[80] ਟਿਕਾ ਦਿੰਦਾ[81] ਹੈ ।
ਭਾਣੈ ਭੋਗ[82] ਭੋਗਾਇਦਾ[83] ਭਾਣੈ ਮਨਹਿ[84] ਕਰੇਇ ॥	In His will, the Lord makes man enjoy[83] dainties[82] and in His will He denies[84] them to him.	ਆਪਣੀ ਰਜ਼ਾ ਵਿਚ ਸੁਆਮੀ ਬੰਦੇ ਪਾਸੋਂ ਸੌ ਨਿਆਮਤਾਂ[82] ਮਨਵਾਉਂਦਾ[83] ਹੈ ਅਤੇ ਆਪਣੀ ਰਜ਼ਾ ਅੰਦਰ ਉਹ ਉਨ੍ਹਾਂ ਨੂੰ, ਉਸ ਨੂੰ ਨਹੀਂ ਦਿੰਦਾ[84] ।
ਭਾਣੈ ਨਰਕਿ[85] ਸੁਰਗਿ[86] ਅਉਤਾਰੇ[87] ਭਾਣੈ ਧਰਣਿ[88] ਪਰੇਇ[89] ॥	In the Lord's will, man lands[87] in hell[85] and heaven[86] and in His will he falls[89] to the ground[88].	ਸਾਂਈਂ ਦੀ ਰਜ਼ਾ ਅੰਦਰ ਬੰਦਾ ਦੋਜ਼ਕ[85] ਤੇ ਬਹਿਸ਼ਤ[86] ਵਿੱਚ ਚਲਿਆ ਜਾਂਦਾ[87] ਹੈ ਅਤੇ ਉਸ ਦੀ ਰਜ਼ਾ ਅੰਦਰ ਉਹ ਧਰਤੀ[88] ਤੇ ਜਾ ਡਿਗਦਾ[89] ਹੈ ।
ਭਾਣੈ[90] ਹੀ ਜਿਸੁ ਭਗਤੀ[91] ਲਾਏ[92] ਨਾਨਕ ਵਿਰਲੇ[93] ਹੇ[94] ॥੨॥	Nanak, rare[93] is[94] the One, whom the Lord, by His order[90], attaches[92] to His meditation[91].	ਨਾਨਕ, ਕੋਈ ਇੱਕ ਅੱਧਾ ਹੀ[93] ਹੈ, ਜਿਸ ਨੂੰ ਸੁਆਮੀ, ਆਪਣੇ ਹੁਕਮ[90] ਦੁਆਰਾ, ਆਪਣੇ ਸਿਮਰਨ[91] ਅੰਦਰ ਜੋੜਦਾ[92] ਹੈ ।
ਪਉੜੀ ॥	Pauri.	ਪਉੜੀ ।
ਵਡਿਆਈ[95] ਸਚੇ ਨਾਮ ਕੀ ਹਉ ਜੀਵਾ ਸੁਣਿ[96] ਸੁਣੇ ॥	I live by constantly hearing[96] the magnificence[95] of the Lord's True Name.	ਮੈਂ ਸੁਆਮੀ ਦੇ ਸੱਚੇ ਨਾਮ ਦੀ ਮਹਾਨਤਾ[95] ਸ੍ਰਵਣ[96] ਕਰ, ਕਰ ਕੇ ਜੀਉਂਦਾ ਹਾਂ ।
ਪਸੂ[97] ਪਰੇਤ[98] ਅਗਿਆਨ[99] ਉਧਾਰੇ[100] ਇਕ ਖਣੇ[2] ॥	In an instant[2], the Name emancipates[100] the persons, who are ignorant[99] like the beasts[97] and goblins[98].	ਇੱਕ ਮੁਹਤ[2] ਅੰਦਰ, ਨਾਮ ਉਨ੍ਹਾਂ ਪੁਰਸ਼ਾਂ ਦਾ ਪਾਰ ਉਤਾਰਾ ਕਰ ਦਿੰਦਾ[100] ਹੈ, ਜੋ ਡੰਗਰਾਂ[97] ਤੇ ਭੂਤਾਂ[98] ਦੀ ਤਰ੍ਹਾਂ ਬੇਸਮਝ[99] ਹਨ ।

ਦਿਨਸੁ[3] ਰੈਣਿ[4] ਤੇਰਾ ਨਾਉ ਸਦਾ[5] ਸਦ ਜਾਪੀਐ[6] ॥

So day[3] and night[4] and for ever and aye[5], I meditate[6] on Thy Name, O my Master.

ਦਿਹੁੰ[3] ਤੇ ਰਾਤ[4] ਅਤੇ ਸਦੀਵ ਤੇ ਹਮੇਸ਼ਾ[5], ਮੈਂ ਤੇਰੇ ਨਾਮ ਦਾ ਸਿਮਰਨ[6] ਕਰਦਾ ਹਾਂ, ਹੇ ਮੇਰੇ ਮਾਲਕ !

ਤ੍ਰਿਸਨਾ[7] ਭੁਖ[8] ਵਿਕਰਾਲ[9] ਨਾਇ ਤੇਰੈ ਧ੍ਰਾਪੀਐ[10] ॥

The hideous[9] thirst[7] and hunger[8] are satiated[10] with Thy Name, O God.

ਡਰਾਉਣੀ[9] ਤ੍ਰੇਹ[7] ਤੇ ਖੁਦਿਆ[8] ਤੇਰੇ ਨਾਮ ਨਾਲ, ਹੇ ਵਾਹਿਗੁਰੂ, ਤ੍ਰਿਪਤ ਹੋ ਜਾਂਦੀਆਂ[10] ਹਨ ।

ਰੋਗੁ[12] ਸੋਗੁ[13] ਦੁਖੁ[14] ਵੰਞੈ[15] ਜਿਸੁ ਨਾਉ ਮਨਿ[17] ਵਸੈ[16] ॥

Disease[12], sorrow[13] and suffering[14] flee[15] from him, within whose mind[17] the Name dwells[16].

ਬੀਮਾਰੀ[12], ਸ਼ੋਕ[13] ਅਤੇ ਕਸ਼ਟ[14] ਕਿਸੇ ਪਾਸੋਂ ਦੌੜ ਜਾਂਦੇ[15] ਹਨ, ਜਿਸ ਦੇ ਹਿਰਦੇ[17] ਅੰਦਰ ਨਾਮ ਨਿਵਾਸ ਰਖਦਾ[16] ਹੈ ।

ਤਿਸਹਿ[18] ਪਰਾਪਤਿ[19] ਲਾਲੁ[20] ਜੋ ਗੁਰ ਸਬਦੀ[21] ਰਸੈ[22] ॥

He[18] alone attains[19] to his Beloved[20], who utters with love[22] the Guru's word[21].

ਕੇਵਲ ਉਹ[18] ਹੀ ਆਪਣੇ ਪ੍ਰੀਤਮ[20] ਨੂੰ ਪਾਉਂਦਾ[19] ਹੈ, ਜੋ ਗੁਰਾਂ ਦੀ ਬਾਣੀ[21] ਦਾ ਪਿਆਰ ਨਾਲ[22] ਤੇ ਚਾਰਨ ਕਰਦਾ ਹੈ ।

ਖੰਡ[23] ਬ੍ਰਹਮੰਡ[24] ਬੇਅੰਤ[25] ਉਧਾਰਣਹਾਰਿਆ[26] ॥

The Infinite[25] Lord saves[26] the beings of the continents[23] and the worlds[24].

ਅਨੰਤ[25] ਸੁਆਮੀ ਖੰਡਾਂ ਬ੍ਰਹਮੰਡਾਂ[23] ਅਤੇ ਪੂਰੀਆਂ[24] ਦੇ ਜੀਵਾਂ ਦਾ ਪਾਰ ਉਤਾਰਾ ਕਰਦਾ[26] ਹੈ ।

ਤੇਰੀ ਸੋਭਾ[27] ਤੁਧੁ ਸਚੇ[28] ਮੇਰੇ ਪਿਆਰਿਆ[29] ॥੧੨॥

O True Lord[28], My Beloved[29], Thou alone art worthy of Thine celebrity[27].

ਹੇ ਸੱਚੇ ਸੁਆਮੀ[28], ਮੇਰੇ ਪ੍ਰੀਤਮ[29] ! ਤੇਰੀ ਕੀਰਤੀ[27] ਦੇ ਕੇਵਲ ਤੂੰ ਹੀ ਲਾਇਕ ਹੈ ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਿਸ਼ਾਹੀ ।

ਮਿਤ੍ਰੁ[30] ਪਿਆਰਾ ਨਾਨਕ ਜੀ[34] ਮੈ ਛਡਿ[31] ਗਵਾਇਆ[32] ਰੰਗਿ ਕਸੁੰਭੈ ਭੁਲੀ[33] ॥
ਤਉ ਸਜਣ ਕੀ ਮੈ ਕੀਮ[34*] ਨ ਪਉਦੀ ਹਉ ਤੁਧੁ ਬਿਨੁ ਅਢੁ[35] ਨ ਲਹਦੀ ॥੧॥

Lured[33] by the dye of saf-flower; O Nanak, I have left[31] and lost[32] my Venerable[34*] dear Friend[30].
Thine worth[34], O my Friend, I can oppraise not. Without Thee I can fetch not even half a shell[35] as my price.

ਕਸੁੰਭੇ ਦੇ ਫਲ ਦੀ ਰੰਗਤ ਦੀ ਬਹਿਕਾਈ ਹੋਈ[33] ਨੇ, ਹੇ ਨਾਨਕ ! ਮੈਂ ਆਪਣਾ ਪੂਜਯ[34*] ਪਿਆਰਾ ਸਜਨ[30] ਤਿਆਗ[31] ਕੇ ਹੱਥੋਂ ਵੰਞਾ ਲਿਆ[32] ਹੈ ।
ਤੇਰਾ ਮੁੱਲ[34], ਹੇ ਮੇਰੇ ਮਿੱਤਰ ! ਮੈਂ ਪਾ ਨਹੀਂ ਸਕਦੀ । ਤੇਰੇ ਬਗੈਰ ਮੇਰਾ ਅੱਧੀ ਕੌਡੀ[35] ਭੀ ਮੁਲ ਨਹੀਂ ਪੈ ਸਕਦਾ ।

ਮ: ੫ ॥

5th Guru.

ਪੰਜਵੀਂ ਪਾਤਿਸ਼ਾਹੀ ।

ਸਸੁ ਵਿਰਾਇਣਿ[36] ਨਾਨਕ ਜੀਉ [37]ਸਸੁਰਾ ਵਾਦੀ[38] ਜੇਠੋ ਪਉ ਪਉ[39] ਲੂਹੈ[40] ॥

My mother-in-law is my enemy[36], my father-in-law[37] is quarrelsome[38] and my brother-in-law burns[40] me at every step[39], O Nanak.

ਮੇਰੀ ਸੱਸ ਮੇਰੀ ਵੈਰਨ[36] ਹੈ, ਮੇਰਾ ਸਹੁਰਾ[37] ਝਗੜਾਲੂ[38] ਅਤੇ ਮੇਰਾ ਜੇਠ ਪੈਰ ਪੈਰ[39] ਤੇ ਮੈਨੂੰ ਸਾੜਦਾ[40] ਹੈ, ਹੇ ਨਾਨਕ !

ਹਭੇ[41] ਭਸੁ[42] ਪੁਣੇਦੇ[43] ਵਤਨੁ[44] ਜਾ[45] ਮੈ ਸਜਣੁ[46] ਤੂਹੈ ॥੨॥

When[45] Thou, O Lord, art my Friend[46], then let all[41] go round[44] sifting[43] dust[42].

ਜਦ[45] ਤੂੰ, ਹੇ ਸੁਆਮੀ ! ਮੇਰਾ ਮਿੱਤਰ[46] ਹੈਂ, ਤਾ ਸਾਰੇ[41] ਜਣੇ ਖੇਹ[42] ਛਾਣਦੇ[43] ਤੁਰੇ ਫਿਰਨ[44] ।

ਪਉੜੀ ॥

Pauri.

ਪਉੜੀ ।

ਜਿਸੁ ਤੂ ਵੁਠਾ[47] ਚਿਤਿ[48]

Thou, O Lord, removest[51] the pain[50]

ਤੂੰ, ਹੇ ਸਾਹਿਬ ! ਉਸ[49] ਦੀ ਪੀੜ[50] ਦੂਰ[51] ਕਰ ਦਿੰਦਾ[51]

ਤਿਸੁ[49]ਦਰਦੂ[50] ਨਿਵਾਰਣੋ[51]॥	of him[49], within whose mind[48] Thou abidest[47].	ਹੈਂ, ਜਿਸ ਦੇ ਹਿਰਦੇ[48] ਅੰਦਰ ਤੂੰ ਵਸਦਾ[47] ਹੈਂ ।
ਜਿਸੁ ਤੂ ਵੁਠਾ ਚਿਤਿ[52] ਤਿਸੁ[53] ਕਦੇ[54] ਨ ਹਾਰਣੋ[55] ॥	He, within whose mind[52], Thou, O Lord, abidest; he[53] loses[55] not ever[54].	ਜਿਸ ਦੇ ਮਨ[52] ਅੰਦਰ, ਤੂੰ ਵਸਦਾ ਹੈਂ, ਹੇ ਸੁਆਮੀ ! ਉਹ[53] ਕਦਾਚਿਤ[54] ਨਹੀਂ ਹਾਰਦਾ[55] ।
ਜਿਸੁ ਮਿਲਿਆ ਪੂਰਾ[56] ਗੁਰੂ ਸੁ[57] ਸਰਪਰ[58] ਤਾਰਣੋ[59] ॥	He[57], whom the Perfect[56] Guru meets, is assuredly[58] emancipated[59].	ਜਿਸ ਨੂੰ ਪੂਰਨ[56] ਗੁਰੂ ਮਹਾਰਾਜ ਮਿਲ ਪੈਂਦੇ ਹਨ ਉਹ[57] ਨਿਸਚਿੱਤ[58] ਹੀ ਪਾਰ ਉੱਤਰ[59] ਜਾਂਦਾ ਹੈ ।
ਜਿਸ ਨੋ ਲਾਏ[60] ਸਚਿ ਤਿਸੁ ਸਚੁ[61] ਸਮ੍ਹਾਲਣੋ[62] ॥	He, whom the Lord attaches[60] to truth, meditates[62]on the True Name[61].	ਜਿਸ ਨੂੰ ਪ੍ਰਭੂ ਸੱਚ ਨਾਲ ਜੋੜਦਾ[60]ਹੈ, ਉਹ ਸੱਚੇ ਨਾਮ[61] ਦਾ ਸਿਮਰਨ[62] ਕਰਦਾ ਹੈ ।
ਜਿਸੁ ਆਇਆ ਹਥਿ[63] ਨਿਧਾਨੁ[64] ਸੁ ਰਹਿਆ ਭਾਲਣੋ[65] ॥	He, to whose hand[63] the Name treasure[64] falls, seeks[65] naught else.	ਜਿਸ ਦੇ ਹੱਥ[63] ਨਾਮ ਦਾ ਖ਼ਜ਼ਾਨਾ[64] ਲੱਗ ਜਾਂਦਾ ਹੈ ਉਹ ਹੋਰਸ ਸ਼ੈ ਨੂੰ ਨਹੀਂ ਢੂੰਢਦਾ[65] ।
ਜਿਸ ਨੋ ਇਕੋ[66] ਰੰਗੁ[67] ਭਗਤੁ[68] ਸੋ[69] ਜਾਨਣੋ[70] ॥	He, who loves[67] but One Lord[66]; him[69] alone deem[70] thou a saints[68].	ਜੋ ਕੇਵਲ ਇੱਕ ਪ੍ਰਭੂ[66] ਨੂੰ ਹੀ ਪਿਆਰ ਕਰਦਾ[67] ਹੈ, ਸਿਰਫ਼ ਉਸ[69] ਨੂੰ ਹੀ ਤੂੰ ਸੰਤ[68] ਸਮਝ[70] ਲੈ ।
ਓਹੁ ਸਭਨਾ[71] ਕੀ ਰੇਣੁ[72] ਬਿਰਹੀ[73] ਚਾਰਣੋ[74] ॥	He, who is the lover[73] of God's feet[74], becomes the dust[72] of the feet of all[71].	ਜੋ ਵਾਹਿਗੁਰੂ ਦੇ ਚਰਨਾਂ[74] ਦਾ ਪ੍ਰੇਮੀ[73]ਹੈ, ਉਹ ਸਾਰਿਆਂ[71] ਦੇ ਪੈਰਾਂ ਦੀ ਧੂੜ[72] ਥੀ ਵੰਝਦਾ ਹੈ ।
ਸਭਿ ਤੇਰੇ ਚੋਜ[75] ਵਿਡਾਣ[76] ਸਭੁ ਤੇਰਾ ਕਾਰਣੋ[77] ॥੧੩॥	Everything is Thy wondrous[76] play[75] and the entire world[77] is Thine.	ਹਰ ਸ਼ੈ ਤੇਰਾ ਅਸਚਰਜ[76] ਕੌਤਕ[75] ਹੈ ਅਤੇ ਸਮੂਹ ਸੰਸਾਰ[77] ਤੈਂਡੇ ਕਰਕੇ ਹੈ ।
ਸਲੋਕ ਮ: ੫ ॥	Slok 5th Guru.	ਸਲੋਕ ਪੰਜਵੀਂ ਪਾਤਿਸ਼ਾਹੀ ।
ਉਸਤਤਿ[78] ਨਿੰਦਾ[79] ਨਾਨਕ ਜੀ[80] ਮੈ ਹਭੁ[81] ਵਞਾਈ[82] ਛੋੜਿਆ[83] ਹਭੁ ਕਿਸੁ[84] ਤਿਆਗੀ[85] ॥	From my mind[80], O Nanak, I have wholly[81] banished[82] praising[78] and slandering[79] others and have forsaken[83] and abandoned[85] all[84] other worldly affairs.	ਆਪਣੇ ਚਿੱਤ[80] ਵਿਚੋਂ ਹੋਰਨਾਂ ਦੀ ਤਾਰੀਫ਼[78] ਅਤੇ ਬਦਖ਼ੋਈ[79] ਕਰਨੀ ਮੈਂ ਹੱਢੋਂ ਹੀ[81] ਗੁਆ ਦਿੱਤੀ[82] ਹੈ ਅਤੇ ਮੈਂ ਸਾਰੇ[84] ਸੰਸਾਰੀ ਧੰਦਿਆਂ ਨੂੰ ਭੀ ਤਰਕ ਕਰ ਕੇ[83] ਤਲਾਂਜਲੀ ਦੇ ਦਿੱਤੀ[85] ਹੈ, ਹੇ ਨਾਨਕ !
ਹਭੇ[86] ਸਾਕ[87] ਕੂੜਾਵੇ[38] ਡਿਠੇ[89] ਤਉ[90] ਪਲੈ[91] ਤੈਡੈ[93] ਲਾਗੀ[92] ॥੧॥	I have seen[89] all[86] the kinsmen[87] to be false[88]; then[90] have I attached[92] myself to Thine[13] skirt[91], O my Lord.	ਸਾਰੇ[86] ਸਨਬੰਧੀਆਂ[87] ਨੂੰ ਮੈਂ ਝੂਠੇ[88] ਵੇਖਿਆ[89]ਹੈ; ਤਦ[90] ਹੀ ਮੈਂ ਤੇਰੇ[93] ਲੜ[91] ਲੱਗੀ[93] ਹਾਂ, ਹੇ ਮੇਰੇ ਸੁਆਮੀ !
ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ ।
ਫਿਰਦੀ[93*] ਫਿਰਦੀ[94] ਨਾਨਕ ਜੀਉ[95] ਹਉ[96] ਫਾਵੀ[97] ਥੀਈ[98]ਬਹੁਤੁ[99] ਦਿਸਾਵਰ[100] ਪੰਧਾ[2] ॥	O my Sire[95] Guru, ramblings[93*] and roaming[94] in many[99] foreign lands[100] and paths[2], I[96] have become[98] crazy[97].	ਹੇ ਮੈਂਡੇ ਮਹਾਰਾਜ[95] ਗੁਰਦੇਵ ! ਪ੍ਰਦੇਸਾਂ[100] ਤੇ ਰਾਹਾਂ[2] ਅੰਦਰ ਭਟਕਦੀ[93*] ਤੇ ਭੌਂਦੀ[94] ਹੋਈ; ਮੈਂ[96] ਕਮਲੀ[97] ਹੋ ਗਈ[98] ਹਾਂ ।
ਤਾ[3] ਹਉ ਸੁਖਿ ਸੁਖਾਲੀ[4] ਸੁਤੀ[5] ਜਾ[6] ਗੁਰ ਮਿਲਿ ਸਜਣੁ[8] ਮੈ ਲਧਾ[7] ॥੨॥	But when[6] meeting the Guru, I found[7] my Friend[8], then[3] did I sleep[5] in comfort and ease[4].	ਪਰ ਜਦ[6] ਗੁਰਾਂ ਨੂੰ ਮਿਲ ਕੇ, ਮੈਂ ਆਪਣੇ ਮਿੱਤ੍ਰ[8] ਪ੍ਰਭੂ ਨੂੰ ਲੱਭ ਲਿਆ[7] ਤਦ[3] ਮੈਂ ਆਰਾਮ ਚੈਨ[4] ਅੰਦਰ ਸੌਂ ਗਈ[5] ।

ਪਉੜੀ ॥	Pauri.	ਪਉੜੀ ।
ਸਭੇ ਦੁਖ[9] ਸੰਤਾਪ[10] ਜਾਂ ਤੁਧਹੁ ਭੁਲੀਐ[12] ॥	When man forgets[12] Thee, O Lord, then all the sufferings[9] and sorrows[10] cling to him.	ਜਦ ਇਨਸਾਨ ਤੈਨੂੰ ਵਿਸਾਰ ਦਿੰਦਾ[12] ਹੈ, ਹੇ ਸੁਆਮੀ ! ਤਾਂ ਉਸ ਨੂੰ ਸਾਰੇ ਦੁਖੜੇ[9] ਤੇ ਸ਼ੋਕ[10] ਚਿੰਮੜ ਜਾਂਦੇ ਹਨ ।
੯੬੪		
ਜੇ[13] ਕੀਚਨਿ[14]ਲਖ ਉਪਾਵ[15] ਤਾਂ[16] ਕਹੀ[17] ਨ ਘੁਲੀਐ[18] ॥	If[13] he makes[14] lakhs of efforts[15], even then[16] he is not rid[18] of them, ever[17].	ਜੇਕਰ[13] ਉਹ ਲਖੂਖਾਂ ਉਪਰਾਲੇ[15] ਕਰੇ[14], ਤਦ[16] ਭੀ ਉਹ ਕਦਾਚਿੱਤ[17] ਉਨ੍ਹਾਂ ਤੋਂ ਖਲਾਸੀ[18] ਨਹੀਂ ਪਾਉਂਦਾ ।
ਜਿਸ ਨੋ ਵਿਸਰੈ[19] ਨਾਉ ਸੁ[22] ਨਿਰਧਨੁ[20] ਕਾਂਢੀਐ[21] ॥	He[22], who forgets[19] the Name, is called[21] a poor man[20].	ਜੋ ਨਾਮ ਨੂੰ ਭੁਲਾਉਂਦਾ[19] ਹੈ, ਉਹ[22] ਇਨਸਾਨ[20] ਕੰਗਲਾ ਆਖਿਆ ਜਾਂਦਾ[21] ਹੈ ।
ਜਿਸ ਨੋ ਵਿਸਰੈ ਨਾਉ ਸੁ ਜੋਨੀ[23] ਹਾਂਢੀਐ[24] ॥	He[22], who forgets the Lord's Name[19]; He wanders[24] in existences[23].	ਜੋ ਸੁਆਮੀ ਦੇ ਨਾਮ ਨੂੰ ਭੁਲਾਉਂਦਾ ਹੈ; ਉਹ ਜੂਨੀਆਂ[23] ਅੰਦਰ ਭਟਕਦਾ[24] ਹੈ ।
ਜਿਸੁ ਖਸਮੁ[25] ਨ ਆਵੈ ਚਿਤਿ[26] ਤਿਸੁ[30] ਜਮੁ[27] ਡੰਡੁ[28] ਦੇ[29] ॥	He, who remembers[26] not his Master[25]; Him[30] the Death's myrmidon[27] awards[29] punishment[28].	ਜੋ ਆਪਣੇ ਮਾਲਕ[25] ਨੂੰ ਯਾਦ[26] ਨਹੀਂ ਕਰਦਾ ਉਸ[30]ਨੂੰ ਮੌਤ ਦਾ ਫ਼ਰੇਸ਼ਤਾ[27] ਸਜ਼ਾ[28] ਦਿੰਦਾ[24] ਹੈ ।
ਜਿਸੁ ਖਸਮੁ[31] ਨ ਆਵੀ[32] ਚਿਤਿ[39] ਰੋਗੀ[34] ਸੋ[36] ਗਣੇ[35] ॥	He, within whose mind[33] the spouse[31] enters[32] not; he[36] is accounted[35] an ailing person[34].	ਜਿਸ ਦੇ ਅੰਤਰ-ਆਤਮੇ[33] ਕੰਤ[31] ਪ੍ਰਵੇਸ਼[32] ਨਹੀਂ ਕਰਦਾ; ਉਹ[36] ਪੁਰਸ਼[34] ਬੀਮਾਰ ਗਿਣਿਆ[35] ਜਾਂਦਾ ਹੈ ।
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ[37] ਅਹੰਕਾਰੀਆ[38] ॥	He within whose mind the Lord enters not, is exceedingly[37] proud[38].	ਜਿਸ ਦੇ ਅੰਤਰ-ਆਤਮੇ ਸੁਆਮੀ ਨਿਵਾਸ ਨਹੀਂ ਰਖਦਾ, ਉਹ ਨਿਹਾਇਤ[37] ਹੀ ਮਗਰੂਰ[38] ਹੈ ।
ਸੋਈ ਦੁਹੇਲਾ[39] ਜਗਿ ਜਿਨਿ ਨਾਉ ਵਿਸਾਰੀਆ[40] ॥ ੧੪॥	He, who forgets[40] the Name, is miserable[39] in this world.	ਜੋ ਨਾਮ ਨੂੰ ਭੁਲਾਉਂਦਾ[40] ਹੈ, ਉਹ ਇਸ ਸੰਸਾਰ ਅੰਦਰ ਦੁਖੀ[39] ਹੁੰਦਾ ਹੈ ।
ਸਲੋਕ ਮ: ੫ ॥	Slok 5th Guru.	ਸਲੋਕ ਪੰਜਵੀਂ ਪਾਤਿਸ਼ਾਹੀ ।
ਤੈਡੀ ਬੰਦਸਿ[41] ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ[82] ॥	Like[41] Thee, O Lord, I have seen not another. Thou alone art pleasing[42] to Nanak's mind.	ਤੇਰੇ ਵਰਗਾ[41], ਹੇ ਪ੍ਰਭੂ ! ਮੈਂ ਹੋਰ ਕੋਈ ਨਹੀਂ ਵੇਖਿਆ । ਕੇਵਲ ਤੂੰ ਹੀ ਨਾਨਕ ਦੇ ਚਿੱਤ ਨੂੰ ਚੰਗਾ ਲਗਦਾ[42] ਹੈਂ ।
ਘੋਲਿ ਘੁਮਾਈ[43] ਤਿਸੁ[44] ਮਿਤੁ[45] ਵਿਚੋਲੇ[46] ਜੈ[47] ਮਿਲਿ ਕੰਤੁ[48] ਪਛਾਣਾ[49] ॥੧॥	I am a sacrifice[43] unto that[44] friend[45], the intercessor[46], meeting whom[47] I have recognised[49] my spouse[48].	ਮੈਂ ਉਸ[44] ਸੱਜਣ[45], ਬਸੀਠ[46] ਤੋਂ ਕੁਰਬਾਨ ਵੰਞਦਾ[43] ਹਾਂ, ਜਿਸ[47] ਨੂੰ ਮਿਲ ਕੇ ਮੈਂ ਆਪਣੇ ਭਰਤੇ[48] ਨੂੰ ਸਿੰਞਾਣ ਲਿਆ[49] ਹੈ ।
ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ ।
ਪਾਵ[50] ਸੁਹਾਵੇ[51] ਜਾਂ[56] ਤਉ ਧਿਰਿ[52] ਜੁਲਦੇ[53] ਸੀਸੁ[54]	Beautiful[51] are the feet[50], when[56] they move[53] towards[52] Thee, O Lord	ਸੁੰਦਰ[51] ਹਨ ਪੈਰ[50], ਜਦ[56] ਉਹ ਤੇਰੇ ਪਾਸੇ[52] ਤੁਰਦੇ[53] ਹਨ, ਹੇ ਪ੍ਰਭੂ ! ਅਤੇ ਸੁੰਦਰ ਹੈ ਉਹ ਸਿਰ[54], ਜੋ ਤੇਰੇ

ਸੁਹਾਵਾ ਚਰਣੀ[55] ॥

and beautiful is the head[54] that falls at Thine feet[55].

ਚਰਨਾਂ ਉੱਤੇ ਪੈਂਦਾ ਹੈ ।

ਮੁਖੁ[57] ਸੁਹਾਵਾ ਜਾਂ ਤਉ ਜਸੁ[58] ਗਾਵੈ ਜੀਉ[59] ਪਇਆ ਤਉ ਸਰਣੀ[60] ॥੨॥

Beauteous is the mouth[57], when it hymns Thy praise[58], O Lord, and beauteous is the soul[59], which seeks Thine protection[60].

ਸੁਹਣਾ ਸੁਨੱਖਾ ਹੈ ਮੂੰਹ[57], ਜਦ ਉਹ ਤੇਰੀ ਕੀਰਤੀ[58] ਗਾਇਨ ਕਰਦਾ ਹੈ ਅਤੇ ਸੋਹਣੀ ਸੁਨੱਖੀ ਹੈ ਆਤਮਾ[59], ਜੋ ਤੇਰੀ ਓਟ[60] ਲੈਂਦੀ ਹੈ, ਹੇ ਸੁਆਮੀ !

ਪਉੜੀ ॥

Pauri.

ਪਉੜੀ ।

ਮਿਲਿ ਨਾਰੀ[61] ਸਤਸੰਗਿ ਮੰਗਲੁ[62] ਗਾਵੀਆ[63] ॥

Meeting the Lord's brides[61], I chant[63] the Lord's glories[62] in the saints' congregation.

ਪ੍ਰਭੂ ਦੀਆਂ ਪਤਨੀਆਂ[61] (ਸਤਿ ਸੰਗਤਾਂ) ਨੂੰ ਮਿਲ ਕੇ, ਮੈਂ ਸਾਧ ਸੰਗਤ ਅੰਦਰ ਪ੍ਰਭੂ ਦੀ ਪ੍ਰਭਤਾ[62] ਆਲਾਪਦਾ[63] ਹਾਂ ।

ਘਰ[64] ਕਾ ਹੋਆ ਬੰਧਾਨੁ[65] ਬਹੁੜਿ[66] ਨ ਧਾਵੀਆ[67] ॥

My home[64] is now rendered in order[65] and I shall transmigrate[67] not again[66].

ਮੈਂਡਾ ਗ੍ਰਹਿ[64] ਹੁਣ ਤਰਤੀਬ ਸਿਰ[65] ਹੋ ਗਿਆ ਹੈ ਅਤੇ ਮੈਂ ਮੁੜ[66] ਆਵਾਗਉਣ[67] ਵਿੱਚ ਨਹੀਂ ਪਵਾਂਗਾ ।

ਬਿਨਠੀ[68] [69]ਦੁਰਮਤਿ[70] ਦੁਰਤੁ[71] ਸੋਇ[72] ਕੂੜਾਵੀਆ[73] ॥

My evil[69]-understanding[70], sin[71] and false[73] reputation[72] are dispelled[68].

ਮੇਰੀ ਖੋਟੀ[69] ਸਮਝ[70], ਪਾਪ[71] ਅਤੇ ਝੂਠੀ ਸ਼ੁਹਰਤ[72] ਦੂਰ ਹੋ ਗਏ[68] ਹਨ ।

ਸੀਲਵੰਤਿ[74] ਪਰਧਾਨਿ[75] ਰਿਦੇ[76] ਸਚਾਵੀਆ[77] ॥

I have become sweet-natured[74] and supreme[75] and truth[77] now abides within my mind[76].

ਮੈਂ ਮਿੱਠੇ ਸੁਭਾਅ ਵਾਲਾ[74] ਤੇ ਸ੍ਰੇਸ਼ਟੀ[75] ਥੀ ਗਿਆ ਹਾਂ ਅਤੇ ਸੱਚ[77] ਹੁਣ ਮੇਰੇ ਹਿਰਦੇ[76] ਅੰਦਰ ਵਸਦਾ ਹੈ ।

ਅੰਤਰਿ[78] ਬਾਹਰਿ ਇਕੁ ਇਕ ਰੀਤਾਵੀਆ[79] ॥

Within[78] and without, I see the One Lord and One is my way[79].

ਅੰਦਰ[78] ਅਤੇ ਬਾਹਰ ਮੈਂ ਇੱਕ ਸੁਆਮੀ ਨੂੰ ਹੀ ਵੇਖਦਾ ਹਾਂ ਅਤੇ ਇੱਕੋ ਹੀ ਹੈ ਮੇਰਾ ਮਾਰਗ[79] ।

ਮਨਿ ਦਰਸਨ[80] ਕੀ ਪਿਆਸ[81] ਚਰਣ[82] ਦਾਸਾਵੀਆ[83] ॥

Within my mind, I thirst[81] for the Lord's vision[80] and I am the handmaiden[83] of His lotus-feet[82].

ਮੇਰੇ ਰਿਦੇ ਅੰਦਰ, ਸਾਹਿਬ ਦੇ ਦੀਦਾਰ[80] ਦੀ ਤ੍ਰੇਹ[81] ਹੈ ਅਤੇ ਮੈਂ ਉਸ ਦੇ ਕੰਵਲ-ਚਰਨਾਂ[82] ਦੀ ਦਾਸੀ[83] ਹਾਂ ।

ਸੋਭਾ[84] ਬਣੀ ਸੋਗਾਰੁ[85] ਖਸਮਿ[86] ਜਾਂ[87] ਰਾਵੀਆ[88] ॥

When[87] my Groom[86] enjoys[88] me, I am embellished[84] and decorated[85].

ਜਦ[87] ਮੇਰਾ ਪਤੀ[86] ਮੈਨੂੰ ਮਾਣਦਾ[88] ਹੈ ਤਾਂ ਮੈਂ ਸੁਭਾਇਮਾਨ[84] ਅਤੇ ਸ਼ਸ਼ੋਭਤ[85] ਥੀ ਵੰਞਦੀ ਹਾਂ ।

ਮਿਲੀਆ ਆਇ ਸੰਜੋਗਿ[89] ਜਾਂ ਤਿਸੁ[90] ਭਾਵੀਆ[91] ॥ ੧੫॥

When such became the Lord's[90] will[91], I meet Him through good destiny[89].

ਜਦ ਅੰਕਰ ਦੀ ਉਸ ਸੁਆਮੀ[90] ਦੀ ਰਜ਼ਾ[91] ਹੋ ਗਈ, ਤਾਂ ਮੈਂ ਚੰਗੀ ਪ੍ਰਾਲਭਦ[89] ਰਾਹੀਂ ਉਸ ਨੂੰ ਮਿਲ ਪਈ ।

ਸਲੋਕ ਮ: ੫ ॥

Slok 5th Guru.

ਸਲੋਕ ਪੰਜਵੀਂ ਪਾਤਿਸ਼ਾਹੀ ।

ਹਭਿ[92] ਗੁਣ[93] ਤੈਡੇ[94] ਨਾਨਕ ਜੀਉ[95] ਮੈ ਕੂ[96] ਥੀਏ[97] ਮੈ ਨਿਰਗੁਣ[98] ਤੇ ਕਿਆ[99] ਹੋਵੈ[100] ॥

All[92] the virtues[93] I[96] have obtained[97] from Thee[94], O Sire[95] Master. How[99] could I, the meritless one[98], achieve[100] these otherwise, O Nanak ?

ਸਾਰੀਆਂ[92] ਨੇਕੀਆਂ[93] ਮੈਨੂੰ[56] ਤੇਰੇ[94] ਕੋਲੋਂ ਥਿਆਈਆਂ[97] (ਮਿਲੀਆਂ) ਹਨ, ਹੇ ਮਹਾਰਾਜ[95] ਮਾਲਕ ! ਮੈਂ ਨਿਗੁਣਾ[98], ਇਨ੍ਹਾਂ ਨੂੰ ਹੋਰ ਕਿਸ ਤਰ੍ਹਾਂ[99] ਪ੍ਰਾਪਤ[100] ਕਰ ਸਕਦਾ ਸਾਂ, ਹੇ ਨਾਨਕ ?

ਤਉ ਜੇਵਡੁ[2] ਦਾਤਾਰੁ[3] ਨ ਕੋਈ ਜਾਚਕੁ[4] ਸਦਾ[5] ਜਾਚੋਵੈ[6] ॥੧॥

As great as[2] Thee, O Lord, there is no other donor[3]. I, the beggar[4], ever[5] beg[6] Thee.

ਤੇਰੇ ਜਿੱਡਾ ਵੱਡਾ[2], ਹੇ ਸੁਆਮੀ ! ਹੋਰ ਕੋਈ ਦਾਤਾ[3] ਨਹੀਂ । ਮੈਂ ਮੰਗਤਾ[4], ਸਦੀਵ[5] ਹੀ ਤੇਰੇ ਕੋਲੋਂ ਮੰਗਦਾ[6] ਹਾਂ ।

ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ ।
ਦੇਹ[7] ਛਿਜੰਦੜੀ[8] ਊਣ ਮਝੂਣਾ[9] ਗੁਰਿ ਸਜਣਿ[10] ਜੀਉ ਧਰਾਇਆ[12] ॥	Seeing my body[7] languishing[8], I have become crest-fallen[9]. The Guru, my friend[10], has made me take heart[12].	ਆਪਣੇ ਸਰੀਰ[7] ਨੂੰ ਸੁਕਦਾ ਸੜਦਾ[8] ਵੇਖ ਕੇ, ਮੈਂ ਨਿਮੋਝੂਣਾ[9] ਹੋ ਗਿਆ ਹਾਂ । ਗੁਰਦੇਵ ਜੀ, ਮੇਰੇ ਮਿੱਤ੍ਰ[10] ਨੇ ਮੇਰਾ ਢਾਰਸ[12] (ਹੌਂਸਲਾ) ਬੰਨ੍ਹ ਦਿੱਤਾ ਹੈ ।
ਹਭੇ[13] ਸੁਖ[14] ਸੁਹੇਲੜਾ[15] ਸੁਤਾ[16] ਜਿਤਾ[17] ਜਗੁ[18] ਸਬਾਇਆ[19] ॥੨॥	I[13] have conquered[17] the whole[19] world[18] and now sleep[16] in peace[14] and ease[15].	ਮੈਂ[13] ਸਾਰੇ[19] ਸੰਸਾਰ[18] ਨੂੰ ਫ਼ਤਹ ਕਰ ਲਿਆ[17] ਹੈ ਅਤੇ ਮੈਂ ਹੁਣ ਆਰਾਮ[14] ਤੇ ਚੈਨ[15] ਅੰਦਰ ਸੌਂਦਾ[16] ਹਾਂ ।
ਪਉੜੀ ॥	Pauri.	ਪਉੜੀ ।
ਵਡਾ[20] ਤੇਰਾ ਦਰਬਾਰੁ[21] ਸਚਾ ਤੁਧੁ ਤਖਤੁ[22] ॥	Magnificent[20] is Thy court[21], O Lord and true is Thine Throne[22].	ਵਿਸ਼ਾਲ[20] ਹੈ ਤੇਰੀ ਦਰਗਾਹ[21], ਹੇ ਸੁਆਮੀ ! ਅਤੇ ਸੱਚਾ ਹੈ ਤੇਰਾ ਰਾਜਸਿੰਘਾਸਣ[22] ।
ਸਿਰਿ[23] ਸਾਹਾ[24] ਪਾਤਿਸਾਹੁ[25] ਨਿਹਚਲੁ[26] ਚਉਰੁ ਛਤੁ[27] ॥	Thou art the Emperor[25] over the head[23] of the kings[24] and ever-stable[26] is Thine throne and crown[27].	ਤੂੰ ਰਾਜਿਆਂ[24] ਦੇ ਸੀਸ[53] ਉਤੇ ਮਹਾਰਾਜਾ[25] ਹੈਂ ਅਤੇ ਸਦੀਵੀ ਸ਼ਬਿਰ[26] ਹੈ ਤੇਰਾ ਤਖਤ ਤਾਜ[27] ।
ਜੋ[28] ਭਾਵੈ[29] ਪਾਰਬ੍ਰਹਮ[30] ਸੋਈ[31] ਸਚੁ ਨਿਆਉ[32] ॥	Whatever[28] pleases[29] the Supreme Lord[30]; that[31] alone is the true justice[32].	ਜਿਹੜਾ ਕੁੱਛ[28] ਸ੍ਰੇਸ਼ਟੀ ਸਾਹਿਬ[30] ਨੂੰ ਚੰਗਾ ਲਗਦਾ[29] ਹੈ; ਕੇਵਲ ਉਹ[31] ਹੀ ਸੱਚਾ ਇਨਸਾਫ਼[32] ਹੈ ।
ਜੇ[33] ਭਾਵੈ[34] ਪਾਰਬ੍ਰਹਮ[34] ਨਿਥਾਵੈ[36] ਮਿਲੈ ਥਾਉ[37] ॥	If[33] the Transcendent[35] Lord so wills[34], then the placeless person[36] gets a place[37].	ਜੇਕਰ[33] ਪਰਮ ਪ੍ਰਭੂ[35] ਦੀ ਐਸੀ ਰਜ਼ਾ[34] ਹੋਵੇ, ਤਾਂ ਬੇ-ਟਿਕਾਣੇ ਪੁਰਸ਼[36] ਨੂੰ ਟਿਕਾਣਾ[37] ਮਿਲ ਜਾਂਦਾ ਹੈ ।
ਜੋ[38] ਕੀਨ੍ਹੀ ਕਰਤਾਰਿ[39] ਸਾਈ[40] ਭਲੀ[41] ਗਲ[42] ॥	What-so-ever[38] the Creator[39] does, That[40] alone is the good[41] thing[42].	ਜਿਹੜਾ ਕੁੱਛ[38] ਭੀ ਸਿਰਜਣਹਾਰ[39] ਕਰਦਾ ਹੈ, ਕੇਵਲ ਉਹ[40] ਹੀ ਚੰਗੀ[41] ਬਾਤ[42] ਹੈ ।
ਜਿਨ੍ਹੀ[43] ਪਛਾਤਾ[44] ਖਸਮੁ[45] ਸੇ[46] ਦਰਗਾਹ[47] ਮਲ[48] ॥	They[46], who[43] realise[44] their Lord[45], are seated[48] in the Lord's court[47].	ਜੋਂ[43] ਆਪਣੇ ਸੁਆਮੀ[45] ਨੂੰ ਅਨੁਭਵ[44] ਕਰਦੇ ਹਨ, ਉਹ[46] ਸੁਆਮੀ ਦੇ ਦਰਬਾਰ[47] ਅੰਦਰ ਬਹਿੰਦੇ[48] ਹਨ ।
ਸਹੀ[49] ਤੇਰਾ ਫੁਰਮਾਨੁ[50] ਕਿਨੈ ਨ ਫੇਰੀਐ[51] ॥	True[49] is Thine command[50], O Lord, which no one can challenge[51].	ਸੱਚ[49] ਹੈ ਤੈਂਡਾ ਹੁਕਮ[50], ਹੇ ਪ੍ਰਭੂ ! ਜਿਸ ਨੂੰ ਕੋਈ ਭੀ ਮੋੜ ਨਹੀਂ ਸਕਦਾ[51] ।
ਕਾਰਣ ਕਰਣ[52] ਕਰੀਮ[53] ਕੁਦਰਤਿ[54] ਤੇਰੀਐ[55] ॥੧੬॥	O Merciful Master[53], the Cause of causes[52], all are subject to Thine[55] Omnipotence[54].	ਹੇ ਹੇਤੂਆਂ ਦੇ ਹੇਤੂ[52] ! ਮਿਹਰਬਾਨ ਮਾਲਕ[53] ਸਾਰੇ ਤੇਰੀ[55] ਆਪਾਰ ਸ਼ਕਤੀ[54] ਦੇ ਅਧੀਨ ਹਨ ।
ਸਲੋਕ ਮ: ੫ ॥	Slok 5th Guru.	ਸਲੋਕ ਪੰਜਵੀਂ ਪਾਤਿਸ਼ਾਹੀ ।
ਸੋਇ[56] ਸੁਣੰਦੜੀ[57] ਮੇਰਾ ਤਨੁ[59] ਮਨੁ[58] ਮਉਲਾ[60] ਨਾਮੁ ਜਪੰਦੜੀ[61] ਲਾਲੀ[62] ॥	Hearing[57] of Thy celebrity[56] my soul[58] and body[59] are reverdured[60], O Lord and uttering[61] Thy Name, I am rendened with bliss[62].	ਤੇਰੀ ਕੀਰਤੀ[56] ਸ੍ਰਵਣ ਕਰ[57] ਮੇਰੀ ਆਤਮਾ[58] ਤੇ ਦੇਹ[59] ਹਰੇ ਭਰੇ[60] ਹੋ ਗਏ ਹਨ, ਹੇ ਪ੍ਰਭੂ, ਅਤੇ ਤੇਰੇ ਨਾਮ ਦਾ ਉਚਾਰਨ[61] ਕਰਨ ਦੁਆਰਾ ਮੈਂ ਖੁਸ਼ੀ[62] ਨਾਲ ਲਾਲ ਥੀ ਗਈ ਹਾਂ ।
ਪੰਧਿ[63] ਜੁਲੰਦੜੀ[64] ਮੇਰਾ	Walking[64] in Thine way[63], O Lord,	ਤੇਰੇ ਮਾਰਗ[63] ਟੁਰਨ ਦੁਆਰਾ[64], ਹੇ ਪ੍ਰਭੂ ! ਮੈਂਡਾ

ਅੰਦਰੁ[65] ਠੰਢਾ[66] ਗੁਰ ਦਰਸਨੁ[67] ਦੇਖਿ[68] ਨਿਹਾਲੀ[69] ॥੧॥	my mind[65] is cooled[66] and seeing[68] the Guru's sight[67], I am enraptured[69].	ਮਨ[65] ਸੀਤਲ ਹੋ ਗਿਆ[66] ਹੈ ਅਤੇ ਗੁਰਾਂ ਦਾ ਦੀਦਾਰ[67] ਵੇਖ ਕੇ[68], ਮੈਂ ਪਰਮ ਪ੍ਰਸੰਨ[69] ਥੀ ਗਿਆ ਹਾਂ।
ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ।
ਹਉ ਮੰਝਾਹੂ[71] ਮੈ ਮਾਣਕੁ[72] ਲਧਾ[73] ॥	Within[71] my mind[70], I have found[73] the gem[72].	ਆਪਣੇ ਮਨ[70] ਵਿਚੋਂ[71], ਮੈਂ ਹੀਰੇ[72] ਨੂੰ ਲੱਭ ਲਿਆ[73] ਹੈ।
ਮੁਲਿ[74] ਨ ਘਿਧਾ[75] ਮੈ ਕੂ[76] ਸਤਿਗੁਰ ਦਿਤਾ[77] ॥	The True Guru has given[77] it to me[76]. He has charg d[75] no price[74] for it.	ਸੱਚੇ ਗੁਰਾਂ ਨੇ ਇਹ ਮੈਨੂੰ[76] ਦਿੱਤਾ[77] ਹੈ। ਉਨ੍ਹਾਂ ਨੇ ਇਸ ਦੀ ਕੋਈ ਕੀਮਤ[74] ਨਹੀਂ ਲਈ[75]।
ਢੂਢਿ[78] ਵਞਾਈ[79] ਥੀਆ[80] ਥਿਤਾ[81] ॥	My search[78] is ended[79] and I have become[80] stable[81].	ਮੇਰੀ ਖੋਜ[78] ਭਾਲ ਮੁੱਕ ਗਈ[79] ਹੈ, ਤੇ ਮੈਂ ਅਸਥਿਰ[81] ਹੋ ਗਿਆ[80] ਹਾਂ।
ਜਨਮੁ[82] ਪਦਾਰਥੁ[83] ਨਾਨਕ ਜਿਤਾ[84] ॥੨॥	I have made fruitful or conquered[84] my invaluable[83] human life[82], O Nanak.	ਮੈਂ ਆਪਣੇ ਅਮੋਲਕ[83] ਮਨੁੱਖੀ-ਜੀਵਨ[82] ਨੂੰ ਸਫਲ ਕਰ ਲਿਆ ਹੈ, ਹੇ ਨਾਨਕ!
ਪਉੜੀ ॥	Pauri.	ਪਉੜੀ।
ਜਿਸ ਕੈ ਮਸਤਕਿ[85] ਕਰਮੁ[86] ਹੋਇ ਸੋ[87] ਸੇਵਾ[88] ਲਾਗਾ[89] ॥	He[87] alone, on whose forehead[85] good destiny[86] is writ, takes to[89] the Lord's service[88].	ਜਿਸ ਦੇ ਮੱਥੇ[85] ਉੱਤੇ ਚੰਗੀ ਪ੍ਰਾਲਬਦ[86] ਲਿਖੀ ਹੋਈ ਹੈ, ਕੇਵਲ ਉਹ[87] ਹੀ, ਸੁਆਮੀ ਦੀ ਟਹਿਲ[88] ਅੰਦਰ ਜੁੜਦਾ[89] ਹੈ।
ਜਿਸੁ ਗੁਰ ਮਿਲਿ ਕਮਲੁ[90] ਪ੍ਰਗਾਸਿਆ[91] ਸੋ[92] ਅਨਦਿਨੁ[93] ਜਾਗਾ[94] ॥	He[92], whose heart-lotus[90] has bloomed[91], by meeting the Guru, remains awake[94] night[93] and day.	ਜਿਸ ਦਾ ਦਿਲ ਕੰਵਲ[90] ਗੁਰਾਂ ਨੂੰ ਮਿਲ ਕੇ ਖਿੜ ਗਿਆ[91] ਹੈ, ਉਹ[92] ਰਾਤ ਦਿਨ[93] ਜਾਗਦਾ ਰਹਿੰਦਾ[94] ਹੈ।
ਲਗਾ[95] ਰੰਗੁ[96] [97]ਚਰਣਾਰਬਿੰਦ[98] ਸਭੁ ਭ੍ਰਮੁ[99] ਭਉ[100] ਭਾਗਾ[2] ॥	He who bears[95] love[96] to the Lord's lotus[98]-feet[97]; All his doubt[99] and dread[100] flee away[2].	ਜਿਸ ਦਾ ਪ੍ਰਭੂ ਦੇ ਕੰਵਲ[98] ਚਰਨਾਂ[97] ਨਾਲ ਪਿਆਰ[96] ਪਿਆ ਹੋਇਆ[95] ਹੈ; ਉਸ ਦੇ ਸਮੂਹ ਸੰਦੇਹ[99] ਤੇ ਡਰ[100] ਦੌੜ ਜਾਂਦੇ[2] ਹਨ।
ਆਤਮੁ[3] ਜਿਤਾ[4] ਗੁਰਮਤੀ[5] ਆਗੰਜਤ[6] ਪਾਗਾ[7] ॥	He, who conquers[4] his-self[3], by Guru's instruction[5] attains[7] to the Imperishable Lord[6].	ਜੋ ਗੁਰਾਂ ਦੀ ਸਿਖਮੱਤ[5] ਦੁਆਰਾ ਆਪਣੇ ਆਪ[3] ਨੂੰ ਜਿੱਤ ਲੈਂਦਾ[4] ਹੈ; ਉਹ ਅਬਿਨਾਸੀ ਪ੍ਰਭੂ[6] ਨੂੰ ਪਾ ਲੈਂਦਾ[7] ਹੈ।
ਦੋਹਰਾ		
ਜਿਸਹਿ ਧਿਆਇਆ[8] ਪਾਰਬ੍ਰਹਮੁ[9] ਸੋ[10] [12]ਕਲਿ ਮਹਿ[13] ਤਾਗਾ[14] ॥	He, who contemplates[8] his Lofty Lord[9]; he[10] alone prospers[14] in[13] this Darkage[12].	ਜੋ ਆਪਣੇ ਉੱਚੇ ਸੁਆਮੀ[9] ਦਾ ਸਿਮਰਨ[8] ਕਰਦਾ ਹੈ; ਕੇਵਲ ਉਹ[10] ਹੀ ਇਸ ਕਾਲਯੁਗ[12] ਅੰਦਰ[13] ਤਰਦਾ[14] ਹੈ।
ਸਾਧੂ ਸੰਗਤਿ ਨਿਰਮਲਾ[15] ਅਠਸਠਿ[16] ਮਜਨਾਗਾ[17] ॥	He who becomes immaculate[15] in the society of the saints, is deemed to have bathed[17] at the sixty-eight[16] places of pilgrimage.	ਜੋ ਸਤਿਸੰਗਤ ਅੰਦਰ ਪਵਿੱਤ੍ਰ[15] ਹੋ ਜਾਂਦਾ ਹੈ, ਉਸ ਦਾ ਅਠਾਹਟ[16] ਤੀਰਥ ਅਸਥਾਨਾਂ ਤੇ ਇਸ਼ਨਾਨ ਕਰ ਲੈਣਾ[17] ਮੰਨ ਲਿਆ ਜਾਂਦਾ ਹੈ।
ਜਿਸੁ ਪ੍ਰਭੁ ਮਿਲਿਆ	He whom His Lord meets; He[18]	ਜਿਸ ਨੂੰ ਉਸ ਦਾ ਸੁਆਮੀ ਮਿਲ ਪੈਂਦਾ ਹੈ; ਕੇਵਲ

ਆਪਣਾ ਸੋ[18] ਪੁਰਖੁ[19] [20]ਸਭਾਗਾ[21] ॥	alone is a man[19] of good[20] fortune[21].	ਉਹ ਹੀ[18] ਚੰਗੇ[20] ਨਸੀਬਾਂ ਵਾਲਾ[21] ਪੁਰਸ਼[19] ਹੈ ।
ਨਾਨਕ ਤਿਸੁ[22] ਬਲਿਹਾਰਣੈ[23] ਜਿਸੁ ਏਵਡ[24] ਭਾਗਾ[25] ॥ ੧੭॥	Nanak is a sacrifice[23] unto him[22], so great[24] is whose fortune[25].	ਨਾਨਕ ਉਸ ਉੱਤੋਂ[22] ਕੁਰਬਾਨ[23] ਹੈ, ਐਡੀ ਵੱਡੀ[24] ਹੈ ਜਿਸ ਦੀ ਕਿਸਮਤ[26] ।
ਸਲੋਕ ਮ: ੫ ॥	5th Guru.	ਸਲੋਕ ਪੰਜਵੀਂ ਪਾਤਿਸ਼ਾਹੀ ।
ਜਾਂ[26] ਪਿਰੁ[27] ਅੰਦਰਿ ਤਾ[28] ਧਨ[29] ਬਾਹਰਿ[30] ॥	When[26] God, the Spouse[27], is within man, then[28] the mammon, His bride[29], forsakes[30] him.	ਜਦ[26] ਵਾਹਿਗੁਰੂ, ਪਤੀ[27], ਬੰਦੇ ਦੇ ਅੰਦਰ ਹੁੰਦਾ ਹੈ, ਤਦ[28] ਮਾਇਆ, ਉਸ ਦੀ ਪਤਨੀ[29], ਬੰਦੇ ਨੂੰ ਛੱਡ ਜਾਂਦੀ[30] ਹੈ ।
ਜਾਂ ਪਿਰੁ ਬਾਹਰਿ ਤਾਂ ਧਨ ਮਾਹਰਿ[31] ॥	But, when the Spouse is not within him, then the mammon reigns supreme[31].	ਜਦ ਪਤੀ ਬੰਦੇ ਦੇ ਅੰਦਰ ਨਹੀਂ ਹੁੰਦਾ, ਤਦ ਮਾਇਆ ਚੌਧਰਾਨੀ[31] ਬਣ ਬਹਿੰਦੀ ਹੈ ।
ਬਿਨੁ ਨਾਵੈ ਬਹੁ[32] ਫੇਰ ਫਿਰਾਹਰਿ[33] ॥	Without the Name, one greatly[32] wanders[31].	ਨਾਮ ਦੇ ਬਗੈਰ, ਬੰਦਾ ਘਣੇਰਾ[32] ਹੀ ਭਟਕਦਾ[33] ਹੈ ।
ਸਤਿਗੁਰਿ ਸੰਗਿ[34] ਦਿਖਾਇਆ[35] ਜਾਹਰਿ[36] ॥	The True Guru has manifestly[36] shown[35] me the Lord with[34] me.	ਸੱਚੇ ਗੁਰਾਂ ਨੇ ਜ਼ਾਹਰ ਤੌਰ ਤੇ[36] ਮੈਨੂੰ ਸੁਆਮੀ ਮੇਰੇ ਨਾਲ[34] ਵਿਖਾਲ ਦਿੱਤਾ[35] ।
ਜਨ[37] ਨਾਨਕ ਸਚੇ[38] ਸਚਿ ਸਮਾਹਰਿ[39] ॥੧॥	Servant[37] Nanak is merged[39] in the Truest of the True[38].	ਦਾਸ[37] ਨਾਨਕ, ਸੱਚਿਆਰਾਂ ਦੇ ਪਰਮ ਸੱਚਿਆਰ[38] ਅੰਦਰ ਲੀਨ ਹੋਇਆ ਹੋਇਆ[39] ਹੈ ।
ਮ: ੫ ॥	5th Guru.	ਪੰਜਵੀਂ ਪਾਤਿਸ਼ਾਹੀ ।
ਆਹਰ[40] ਸਭਿ ਕਰਦਾ ਫਿਰੈ[41] ਆਹਰੁ ਇਕੁ ਨ ਹੋਇ[42] ॥	Man goes about[41] making all efforts[40], but he makes not[42] one effort to meet his Lord.	ਇਨਸਾਨ ਸਾਰੇ ਉਪਰਾਲੇ[40] ਕਰਦਾ ਤੁਰਿਆ ਫਿਰਦਾ[41] ਹੈ; ਪ੍ਰੰਤੂ, ਆਪਣੇ ਸੁਆਮੀ ਨੂੰ ਮਿਲਣ ਦਾ ਉਹ ਇੱਕ ਉਪਰਾਲਾ ਨਹੀਂ ਕਰਦਾ[42] ।
ਨਾਨਕ ਜਿਤੁ ਆਹਰਿ ਜਗੁ[43] ਉਧਰੈ[44] ਵਿਰਲਾ[45] ਬੂਝੈ[46] ਕੋਇ ॥੨॥	Nanak, rare[45] is the person, who realises[46] the effort, by which the world[43] is saved[44].	ਨਾਨਕ ਕੋਈ ਟਾਂਵਾਂ ਟੱਲਾ[45] ਪੁਰਸ਼ ਹੀ ਉਸ ਉਪਰਾਲੇ ਨੂੰ ਅਨੁਭਵ ਕਰਦਾ[46] ਹੈ, ਜਿਸ ਦੁਆਰਾ ਜਗਤ[43] ਦਾ ਪਾਰ ਉਤਾਰਾ ਹੁੰਦਾ[44] ਹੈ ।
ਪਉੜੀ ॥	Pauri.	ਪਉੜੀ ।
ਵਡੀ[47] ਹੂ ਵਡਾ ਅਪਾਰੁ[48] ਤੇਰਾ ਮਰਤਬਾ[49] ॥	The highest of the high[47] and unrivalled[48] is Thy dignity[49], O Lord.	ਉੱਚਿਆਂ ਦਾ ਪਰਮ ਉੱਚਾ[47] ਅਤੇ ਲਾਸਾਨੀ[48] ਹੈ ਤੇਰਾ ਰੁਤਬਾ[49], ਹੇ ਸੁਆਮੀ !
ਰੰਗ[50] ਪਰੰਗ[51] ਅਨੇਕ[52] ਨ ਜਾਪਨਿ[53] ਕਰਤਬਾ[54] ॥	Various[52] are Thine colours[50] and super-colours[51]. Thine wondrous deeds[54], one can realise[53] not.	ਘਣੇਰੇ[52] ਹਨ ਤੈਂਡੇ ਵਰਨ[50] ਅਤੇ ਮਹਾਨ ਵਰਨ[51] । ਤੇਰੇ ਅਦਭੁਤ ਕੌਤਕਾ[54] ਨੂੰ ਬੰਦਾ ਅਨੁਭਵ[53] ਨਹੀਂ ਕਰ ਸਕਦਾ ।
ਜੀਆ[55] ਅੰਦਰਿ[59] ਜੀਉ[56] ਸਭੁ[57] ਕਿਛੁ ਜਾਣਲਾ[58] ॥	Thou alone art the inner[59] life[56] of the living beings[55] and knowest[58] everything[57].	ਕੇਵਲ ਤੂੰ ਹੀ ਪ੍ਰਾਣਧਾਰੀਆਂ[55] ਦੀ ਅੰਤ੍ਰੀਵੀ[59] ਜਿੰਦ ਜਾਨ[56] ਹੈਂ ਅਤੇ ਸਭ ਕੁਝ[57] ਜਾਣਦਾ[58] ਹੈਂ ।
ਸਭੁ ਕਿਛੁ ਤੇਰੈ ਵਸਿ[60]	Everything is under Thy sway[60] and	ਹਰ ਸ਼ੈ ਤੇਰੇ ਇਖ਼ਤਿਆਰ[60] ਵਿਚ ਹੈ ਅਤੇ ਸੁੰਦਰ[62] ਹੈ

ਤੇਰਾ ਘਰੁ[61] ਭਲਾ[62] ॥
ਤੇਰੈ ਘਰਿ[63] ਆਨੰਦੁ[64] ਵਧਾਈ[65] ਤੁਧੁ ਘਰਿ ॥

beauteous[62] is Thy mansion[61].
In Thy home[63] there is bliss[64] and it is Thy home wherein congratulations[65] ever pour in.

ਤੇਰਾ ਮੰਦਰ[61] ।
ਤੇਰੇ ਧਾਮ[63] ਅੰਦਰ ਖ਼ੁਸ਼ੀ[64] ਹੈ ਅਤੇ ਇਹ ਤੇਰਾ ਹੀ ਘਰ ਹੈ, ਜਿਸ ਵਿਚ ਸਦਾ ਹੀ ਮੁਬਾਰਕਾਂ[95] ਮਿਲਦੀਆਂ ਹਨ ।

ਮਾਣੁ[66] ਮਹਤਾ[67] ਤੇਜੁ[68] ਆਪਣਾ ਆਪਿ ਜਰਿ[69] ॥
ਸਰਬ[70] ਕਲਾ[71] ਭਰਪੂਰੁ[72] ਦਿਸੈ[73] ਜਤ ਕਤਾ[74] ॥

Thine celebrity[66], magnificence[67] and glory[68] behove[69] Thee alone.
Thou art brimful[72] with all[70] the potencies[71] and art seen[73] everywhere[74].

ਤੇਰੀ ਕੀਰਤੀ[66], ਬਜ਼ੁਰਗੀ[67] ਅਤੇ ਪ੍ਰਤਾਪ[68] ਕੇਵਲ ਤੈਨੂੰ ਹੀ ਸ਼ੋਭਦੇ[69] ਹਨ ।
ਤੂੰ ਸਾਰੀਆਂ[70] ਸ਼ਕਤੀਆਂ[71] ਨਾਲ ਪਰੀਪੂਰਨ[72] ਹੈਂ ਅਤੇ ਹਰ ਥਾਂ[74] ਵੇਖਿਆ ਜਾਂਦਾ[73] ਹੈਂ ।

ਨਾਨਕ ਦਾਸਨਿ[75] ਦਾਸੁ ਤੁਧੁ ਆਗੈ[76] ਬਿਨਵਤਾ[77] ॥ ੧੮॥

Nanak, the slave of Thy slaves[75], O Lord, makes supplication[77] before[76] Thee.

ਤੈਂਡੇ ਗੋਲਿਆਂ ਦਾ ਗੋਲਾ ਨਾਨਕ, ਤੇਰੇ ਮੂਹਰੇ[76] ਪ੍ਰਾਰਥਨਾ[77] ਕਰਦਾ ਹੈ, ਹੇ ਸੁਆਮੀ !

ਸਲੋਕ ਮਹਲਾ ੫ ॥

Slok 5th Guru.

ਸਲੋਕ ਪੰਜਵੀਂ ਪਾਤਿਸ਼ਾਹੀ ।

ਛਤੜੇ[78] ਬਾਜਾਰ[79] ਸੋਹਨਿ[80] ਵਿਚਿ ਵਪਾਰੀਏ[81] ॥
ਵਖਰੁ[82] ਹਿਕੁ[83] ਅਪਾਰੁ[84] ਨਾਨਕ ਖਟੇ[86] ਸੋ[87] ਧਣੀ[88] ॥ ੧॥

Within Thine roofed[78] streets[79], O Lord, beauteous[80] look the traders[81].
Nanak, he[87] alone is the banker[88], who buys[89] the one[83] invaluable[84] commodity[82] of God's Name.

ਤੈਂਡੇ ਛੱਤੇ ਹੋਏ[78] ਬਜ਼ਾਰਾਂ[79] ਅੰਦਰ, ਹੇ ਸੁਆਮੀ ! ਸੋਹਣੇ[80] ਲਗਦੇ ਹਨ ਵਣਜਾਰੇ[81] ।
ਹਮਰੇ[36] ਰਾਮ[37] ਨਾਮ ਕਹਿ[38] ਉਬਰੇ[39] ਬੇਦ ਭਰੋਸੇ[40] ਪਾਂਡੇ ਡੂਬਿ[41] ਮਰਹਿ[42] ॥੩॥੫॥	Uttering[68] the Lord's[37] Name, I[36] am saved[39] and thou, O Pandit, by relying[40] on the Vedas shalt be drowned[41] to death[42].	ਸਾਈਂ[37] ਦੇ ਨਾਮ ਨੂੰ ਉਚਾਰ[38] ਕੇ ਮੈਂ[36] ਬੱਚ ਗਿਆ[39] ਹਾਂ, ਤੇ ਤੂੰ ਹੈ ਪੰਡਤ ! ਵੇਦਾਂ ਤੇ ਵਿਸ਼ਵਾਸ[40] ਰੱਖ ਕੇ ਡੁੱਬ[41] ਮਰੇਂਗਾ[42] ।
ਤਰਵਰੁ[43] ਏਕੁ ਅਨੰਤ[44] ਡਾਰ[45] ਸਾਖਾ[46] ਪੁਹਪ[42] ਪਤ੍ਰ[48] ਰਸ[49] ਭਰੀਆ[50] ॥	There is one tree[43]. It has number-less[44] branches[45] and shoots[46]. Its flowers[47] and leaves[48] are filled[50] with Nectar[49].	ਬਿਰਛ[43] ਇੱਕ ਹੈ । ਇਸ ਦੀਆਂ ਅਣਗਿਣਤ[44] ਟਹਿਣੀਆਂ[45] ਅਤੇ ਡਾਲੀਆਂ[46] ਹਨ । ਇਸ ਦੇ ਫੁੱਲ[47] ਅਤੇ ਪੱਤੇ[48] ਅੰਮ੍ਰਿਤ[49] ਨਾਲ ਪਰੀਪੂਰਨ[50] ਹਨ ।
ਇਹ ਅੰਮ੍ਰਿਤ[51] ਕੀ ਬਾੜੀ[52] ਹੈ ਰੇ ਤਿਨਿ[53] ਹਰਿ ਪੂਰੈ[54] ਕਰੀਆ[55] ॥੧॥	This world is the garden[52] of ambrosia[51]. He[53], the Perfect[54] Lord, has created[55] it.	ਇਹ ਮੰਸਾਰ ਸੁਧਾਰਸ[51] ਦਾ ਬਾਗ਼[52] ਹੈ । ਉਸ[53] ਪੂਰਨ[54] ਪ੍ਰਭੂ ਨੇ ਇਸ ਨੂੰ ਰੱਚਿਆ[55] ਹੈ ।
ਜਾਨੀ[56] ਜਾਨੀ[57] ਰੇ ਰਾਜਾ[59] ਰਾਮ[60] ਕੀ ਕਹਾਨੀ[61] ॥	O[58] my love[57], I have known[56] the story[61] of the sovereign[59] Lord[60].	ਹੇ[58] ਮੇਰੇ ਜਾਨੀਆ[57] ! ਮੈਂ ਪਾਤਿਸ਼ਾਹ[59] ਪ੍ਰਭੂ[60] ਦੀ ਸਾਖੀ[61] ਜਾਣ ਲਈ[56] ਹੈ ।
ਅੰਤਰਿ[62] ਜੋਤਿ[63] ਰਾਮ ਪਰਗਾਸਾ[64] ਗੁਰਮੁਖਿ[65]	Some rare[66] one, within whose mind[62] the Lord's Light[63] shines[64],	ਕੋਈ ਵਿਰਲਾ[66] ਜਣਾ ਹੀ, ਜਿਸ ਦੇ ਹਿਰਦੇ[62] ਅੰਦਰ ਸੁਆਮੀ ਦਾ ਨੂਰ[63] ਚਮਕਦਾ[64] ਹੈ, ਗੁਰੂ ਦੀ ਦਇਆ

ਬਿਰਲੈ[66] ਜਾਨੀ ॥੧॥ ਰਹਾਉ॥	knows it through the Guru's grace[65]. Pause.	ਦੁਆਰਾ[65] ਇਸ ਨੂੰ ਜਾਣਦਾ ਹੈ । ਠਹਿਰਾਉ ।
ਭਵਰੁ[67] ਏਕੁ ਪੁਹਪ[68] ਰਸ[69] ਬੀਧਾ[70] ਬਾਰਹ[70*] ਲੇ ਉਰ[71] ਧਰਿਆ[72] ॥	One bumble-bee[67], pierced[70] with the Nectar[69] of the flower[68] of twelve petals[70*], fixes[72] its mind[71] in it.	ਬਾਰਾਂ ਪੰਖੜੀਆਂ[70*] ਵਾਲੇ ਫੁਲ[68] ਦੇ ਅੰਮ੍ਰਿਤ[69] ਨਾਲ ਵਿੰਨ੍ਹਿਆ ਹੋਇਆ[70], ਇਕ ਭੌਰਾ[67], ਇਸ ਦੇ ਅੰਦਰ ਆਪਣਾ ਮਨ[71] ਜੋੜ ਲੈਂਦਾ[72] ਹੈ ।
ਸੋਰਹ[73] ਮਧੇ[74] ਪਵਨੁ[75] ਝਕੋਰਿਆ[76] ਆਕਾਸੇ[77] ਫਰੁ ਫਰਿਆ[78] ॥੨॥	He then mounts[76] his breath[75] to the sixteen-petalled sky[77] and there flutters[78] his wings in glee.	ਤਦ ਉਹ ਸੋਲਾਂ-ਪੰਖੜੀਆਂ[73] ਵਾਲੇ ਆਸਮਾਨ[77] ਵਿੱਚ ਆਪਣਾ ਸੁਆਸ[75] ਚੜ੍ਹਾ ਲੈਂਦਾ[76] ਹੈ ਅਤੇ ਓਥੇ ਖੁਸ਼ੀ ਵਿੱਚ ਆਪਣੇ ਪੰਖ ਮਾਰਦਾ[78] ਹੈ ।
ਸਹਜ ਸੁੰਨਿ[79] ਇਕੁ ਬਿਰਵਾ[80] ਉਪਜਿਆ[31] ਧਰਤੀ[82] ਜਲਹਰੁ[83] ਸੋਖਿਆ[84] ॥	In the profound trance[79] one tree[80] of God becomes manifest[81] and it dries up[84] the water[83] of desire from the body-ground[82].	ਅਫੁਰ ਸਮਾਧੀ[79] ਦੇ ਅੰਦਰ ਵਾਹਿਗੁਰੂ ਦਾ ਇਕ ਰੁੱਖ[80] ਪ੍ਰਗਟ ਹੋ ਜਾਂਦਾ[81] ਹੈ ਅਤੇ ਇਹ ਦੇਹ ਦੀ ਜ਼ਿਮੀਂ[82] ਦੇ ਖ਼ਾਹਿਸ਼ ਦੇ ਪਾਣੀ[83] ਨੂੰ ਸੁਕਾ ਦਿੰਦਾ[84] ਹੈ ।
ਕਹਿ ਕਬੀਰ ਹਉ ਤਾਕਾ[85] ਸੇਵਕੁ[86] ਜਿਨਿ ਇਹੁ ਬਿਰਵਾ ਦੇਖਿਆ[87] ॥੩॥੬॥	Says Kabir : I am the slave[86] of those[85] who have seen[87] this tree.	ਕਬੀਰ ਜੀ ਆਖਦੇ ਹਨ, ਮੈਂ ਉਨ੍ਹਾਂ[85] ਦਾ ਗੁਮਾਸ਼ਤਾ[86] ਹਾਂ, ਜਿਨ੍ਹਾਂ ਨੇ ਇਹ ਪੇੜ ਵੇਖਿਆ[87] ਹੈ ।
ਮੁੰਦ੍ਰਾ[88] ਮੋਨਿ[89] ਦਇਆ[90] ਕਰਿ[91] ਝੋਲੀ[92] ਪਤ੍ਰਕਾ[93] ਕਰਹੁ[94] [95]ਬੀਚਾਰੁ ਰੇ[96] ॥	Make[91] silence[89] thine ear-rings[88] and mercy[90] thy wallet[92]. The Lord's meditation[95], make[94] thou thy bowl[93], O Yogi[26].	ਚੁਪ ਚਾਪ[89] ਨੂੰ ਆਪਣੀਆਂ ਕੰਨਾਂ ਦੀਆਂ ਵਾਲੀਆਂ[88] ਤੇ ਰਹਿਮ[90] ਨੂੰ ਆਪਣਾ ਥੈਲਾ[92] ਬਣਾ[91] । ਸਾਂਈਂ ਦੇ ਸਿਮਰਨ[95] ਨੂੰ, ਤੂੰ ਆਪਣਾ ਪਿਆਲਾ[93] ਕਰ[94], ਹੇ ਯੋਗੀ[96] !
ਖਿੰਥਾ[97] ਇਹੁ ਤਨੁ[98] ਸੀਅਉ[99] ਅਪਨਾ ਨਾਮੁ ਕਰਉ ਆਧਾਰੁ[100] ਰੇ ॥੧॥	Stitch[99] this body[98] of thine for thy patched coat[97] and make thou the Lord's Name thy support[100].	ਆਪਣੀ ਖਫਣੀ[97] ਲਈ ਇਸ ਆਪਣੀ ਦੇਹ[98] ਨੂੰ ਸਿਉਂ[99] ਲੈ ਅਤੇ ਸੁਆਮੀ ਦੇ ਨਾਮ ਨੂੰ ਤੂੰ ਆਪਣਾ ਆਸਰਾ[100] ਬਣਾ ।
ਐਸਾ[2] ਜੋਗੁ ਕਮਾਵਹੁ[3] ਜੋਗੀ ॥	O Yogi, practise[3] thou such[2] a 'Yog'.	ਹੇ ਯੋਗੀ ! ਤੂੰ ਐਹੋ ਜੇਹੇ[2] ਯੋਗ ਦਾ ਅਭਿਆਸ[3] ਕਰ ।
ਜਪ[4] ਤਪ[5] ਸੰਜਮੁ[6] ਗੁਰਮੁਖਿ[7] ਭੋਗੀ[8] ॥੧॥ ਰਹਾਉ॥	By Guru's grace[7], thus shalt thou enjoy[8] God's meditation[4], hard service[5] and self-control[6]. Pause.	ਗੁਰਾਂ ਦੀ ਦਇਆ[7] ਦੁਆਰਾ, ਤੂੰ ਇਸ ਤਰ੍ਹਾਂ ਸਾਂਈਂ ਦੇ ਸਿਮਰਨ[4], ਕਰੜੀ ਘਾਲ[5] ਤੇ ਸਵੈ-ਜ਼ਬਤ[6] ਦਾ ਅਨੰਦ[8] ਮਾਣ ਲਵੇਂਗਾ । ਠਹਿਰਾਉ ।
ਬੁਧਿ[9] ਬਿਭੂਤਿ[10] ਚਢਾਵਉ[12] ਅਪੁਨੀ ਸਿੰਗੀ[13] ਸੁਰਤਿ[14] ਮਿਲਾਈ[15] ॥	Besmear[12] thou thy body with the ashes[10] of wisdom[9] and make the fixing[15] of thy mind[14] on God thy horn[13].	ਸਿਆਣਪ[9] ਦੀ ਸੁਆਹ[10] ਤੂੰ ਆਪਣੀ ਦੇਹ ਨੂੰ ਮਲ[12] ਅਤੇ ਆਪਣੇ ਮਨ[14] ਨੂੰ ਰੱਬ ਨਾਲ ਜੋੜਨ[15] ਨੂੰ ਤੂੰ ਆਪਣਾ ਸਿੰਗ[13] ਬਣਾ ।
ਕਰਿ[19] ਬੈਰਾਗੁ[17] ਫਿਰਉ[18] ਤਨਿ[14] ਨਗਰੀ[20] ਮਨ[21] ਕੀ ਕਿੰਗੁਰੀ[22] ਬਜਾਈ[23] ॥ ੨॥	Becoming[16] desireless[17] roam[18] thou in the city[20] of thy body[19] and play[23] on the lyre[22] of thy mind[21].	ਇੱਛਾ-ਰਹਿਤ[17] ਹੋ[16] ਤੂੰ ਆਪਣੇ ਦੇਹ[19] ਦੇ ਸ਼ਹਿਰ[20] ਅੰਦਰ ਫੇਰਾ[18] ਪਾ ਅਤੇ ਆਪਣੇ ਚਿੱਤ[21] ਦੀ ਵੀਣਾ[22] ਨੂੰ ਵਜਾ[23] ।

ਪੰਚ ਤਤ[24] ਲੈ ਹਿਰਦੈ[25] ਰਾਖਹੁ[26] ਰਹੈ ਨਿਰਾਲਮ[27] ਤਾੜੀ[28] ॥	Plant[26] thou the virtues of the five elements[24] in thy mind[25], that thy trance[28] may remain undisturbed[27].	ਪੰਜਾਂ ਮੂਲ ਅੰਸ਼ਾਂ[24] ਦੀਆਂ ਨੇਕੀਆਂ ਨੂੰ ਤੂੰ ਆਪਣੇ ਰਿਦੇ[25] ਅੰਦਰ ਟਿਕਾ[26], ਤਾਂ ਜੋ ਤੇਰੀ ਸਮਾਧੀ[28] ਅਹਿਲ[27] ਰਹੇ।
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ[29] ਦਇਆ[30] ਕਰਿ[31] ਬਾੜੀ[32] ॥੩॥੭॥	Says Kabir, "Hear, O ye saints, make[31] righteousness[29] and compassion[30] your garden[32]".	ਕਬੀਰ ਜੀ ਆਖਦੇ ਹਨ, 'ਤੁਸੀਂ ਸੁਣੋ, ਹੇ ਸਾਧੂਓ! ਸਚਾਈ[29] ਤੇ ਰਹਿਮ[30] ਨੂੰ ਤੁਸੀਂ ਆਪਣਾ ਬਗੀਚਾ[32] ਬਣਾਓ[31]'।
ਕਵਨ[33] ਕਾਜ[34] ਸਿਰਜੇ[35] ਜਗ[39] ਭੀਤਰਿ[36] ਜਨਮਿ[37] ਕਵਨ ਫਲੁ[38] ਪਾਇਆ ॥	For what[33] worth[34] wert thou created[35] in[36] the world[39] and what profit[38] hast thou reaped from this life[37] ?	ਕਿਹੜੇ[33] ਕੰਮ[34] ਲਈ ਤੈਨੂੰ ਸੰਸਾਰ[39] ਅੰਦਰ[26] ਪੈਦਾ ਕੀਤਾ[35] ਗਿਆ ਹੈ ਤੇ ਤੂੰ ਇਸ ਜੀਵਨ[37] ਤੋਂ ਕੀ ਲਾਭ[38] ਉਠਾਇਆ ਹੈ ?
ਭਵ[40] ਨਿਧਿ[41] ਤਰਨ[42] ਤਾਰਨ[43] ਚਿੰਤਾਮਨਿ[44] ਇਕ ਨਿਮਖ[45] ਨ ਇਹੁ ਮਨੁ ਲਾਇਆ[46] ॥੧॥	Thou hast not applied[46] this mind of thine, even for a moment[45] to God, who is the ship[42] to cross[43] the terrible[40] world-ocean[41] and the fulfiller of mind's desires[44].	ਇਕ ਮੁਹਤ[45] ਭਰ ਲਈ ਭੀ ਤੂੰ ਆਪਣੇ ਇਸ ਚਿੱਤ ਨੂੰ ਵਾਹਿਗੁਰੂ ਨਾਲ ਨਹੀਂ ਜੋੜਿਆ[46], ਜੋ ਭਿਆਨਕ[40] ਸੰਸਾਰ ਸਮੁੰਦਰ[41] ਤੋਂ ਪਾਰ ਹੋਣ ਲਈ[43] ਇਕ ਜਹਾਜ਼[42] ਹੈ ਅਤੇ ਚਿੱਤ ਦੀਆਂ ਖਾਹਿਸ਼ਾਂ[44] ਪੂਰੀਆਂ ਕਰਨਹਾਰ ਹੈ।
[47]ਗੋਬਿੰਦ[48] ਹਮ[49] ਐਸੇ[50] ਅਪਰਾਧੀ[51] ॥	O God, the Lord[48] of the Universe[47], such[50] a sinner[51] am I[49].	ਹੇ ਕੁਲ ਆਲਮ[47] ਦੇ ਸੁਆਮੀ[48], ਵਾਹਿਗੁਰੂ! ਮੈਂ[49] ਐਹੋ ਜੇਹਾ[50] ਪਾਪੀ[51] ਹਾਂ।
ਜਿਨਿ ਪ੍ਰਭਿ ਜੀਉ[52] ਪਿੰਡੁ[53] ਥਾ ਦੀਆ[54] ਤਿਸ ਕੀ[55] ਭਾਉ ਭਗਤਿ[56] ਨਹੀ ਸਾਧੀ[57] ॥੧॥ਰਹਾਉ॥	The Lord, who has blessed[54] me with the soul[52] and body[53]; His[55] loving adoration[56] I have performed[57] not. Pause.	ਜਿਸ ਸੁਆਮੀ ਨੇ ਮੈਨੂੰ ਜਿੰਦੜੀ[52] ਅਤੇ ਦੇਹ[53] ਪਰਦਾਨ ਕੀਤੇ[54] ਹਨ; ਉਸ[55] ਦੀ ਪਿਆਰੀ ਉਪਾਸ਼ਨਾ[56] ਮੈਂ ਨਹੀਂ ਕੀਤੀ[57]। ਠਹਿਰਾਉ।
੯੭੧		
ਪਰ[58] ਧਨ[59] ਪਰ ਤਨ[60] ਪਰ ਤੀ[61] ਨਿੰਦਾ[62] ਪਰ[63] ਅਪਬਾਦੁ[64] ਨ ਛੂਟੈ[65] ॥	Other's[58] wealth[59], other's body[60], other's wife[61], other's[63] slander[62] and wranglings[64], I can forsake[65] not.	ਹੋਰਸ[58] ਦੀ ਦੌਲਤ[59], ਹੋਰਸ ਦੀ ਦੇਹ[60], ਹੋਰਸ ਦੀ ਪਤਨੀ[61], ਹੋਰਸ[63] ਦੀ ਬਦਖੋਈ[62] ਅਤੇ ਬਖੇੜੇ[64], ਮੈਂ ਛੱਡ[65] ਨਹੀਂ ਸਕਦਾ।
ਆਵਾ[66] ਗਵਨੁ[67] ਹੋਤੁ ਹੈ ਫੁਨਿ ਫੁਨਿ[68] ਇਹੁ ਪਰਸੰਗੁ[69] ਨ ਤੂਟੈ[70] ॥੨॥	Througn this, coming[66] and going[67] occurs again[68] and again and this story[69] ends[70] not	ਇਸ ਦੇ ਰਾਹੀਂ ਮੁੜ[68] ਮੁੜ ਕੇ ਆਉਣਾ[66] ਤੇ ਜਾਣਾ[67] ਹੁੰਦਾ ਹੈ ਅਤੇ ਇਹ ਕਹਾਣੀ[69] ਮੁਕਦੀ[70] ਹੀ ਨਹੀਂ।
ਜਿਹ ਘਰ[71] ਕਥਾ[72] ਹੋਤ ਹਰਿ ਸੰਤਨ ਇਕ ਨਿਮਖ[73] ਨ ਕੀਨੋ ਮੈ ਫੇਰਾ[74] ॥	The house[71], where the saints discourse[72] on God ; that house, I visit[74] not even for a moment[78].	ਜਿਸ ਗ੍ਰਹਿ[71] ਵਿਚ ਸਾਧੂ, ਵਾਹਿਗੁਰੂ ਦੀ ਵਾਰਤਾ[82] ਕਰਦੇ ਹਨ; ਉਸ ਗ੍ਰਹਿ ਵਿਚ ਮੈਂ ਇਕ ਮੁਹਤ[73] ਭਰ ਲਈ ਨਹੀਂ ਜਾਂਦਾ[74]।
ਲੰਪਟ[75] ਚੋਰ[76] ਦੂਤ[77] ਮਤਵਾਰੇ[78] ਤਿਨ[79] ਸੰਗਿ[80] ਸਦਾ[81] ਬਸੇਰਾ[82] ॥੩॥	Libertines[75], thieves[76], panders[77] and drunkards[78]; with[80] them[79] ever[81] abide[82] I.	ਲੁੱਚੇ ਲੰਡੇ[75], ਚੋਰ[76], ਦੱਲੇ[77] ਅਤੇ ਸ਼ਰਾਬੀ[78]; ਮੇਰਾ ਹਮੇਸ਼ਾ[81] ਉਨ੍ਹਾਂ[79] ਨਾਲ[80] ਵਾਸਾ[82] ਹੈ।

ਕਾਮ[83] ਕ੍ਰੋਧ[84] ਮਾਇਆ[85] ਮਦ[86] ਮਤਸਰ[87] ਏ[88] ਸੰਪੈ[89] ਮੋ[90] ਮਾਹੀ[91] ॥	Lust[83], wrath[34],. desire of wealth[85], ego[86] and envy[87]; This[88] riches[89] is within[91] me[90].	ਜਨਾਹਕਾਰੀ[83], ਗੁੱਸਾ[84], ਧਨ-ਦੌਲਤ[85] ਦੀ ਖ਼ਾਹਿਸ਼ ਹੰਕਾਰ[86] ਤੇ ਈਰਖਾ[87]; ਇਹ[88] ਪਦਾਰਥ[89] ਮੇਰੇ[90] ਅੰਦਰ[91] ਹੈ ।
ਦਇਆ[92] ਧਰਮੁ[93] ਅਰੁ[94] ਗੁਰ ਕੀ ਸੇਵਾ[95] ਏ ਸੁਪ[96] ਨੰਤਰਿ[97] ਨਾਹੀ ॥੪॥	Compassion[92], piety[93] and[94] Guru's service[95]; these visit me not even in[97] dream[96].	ਰਹਿਮ[92], ਪਵਿੱਤ੍ਰਤਾ[93] ਅਤੇ[94] ਗੁਰਾਂ ਦੀ ਟਹਿਲ ਸੇਵਾ[95]; ਇਹ ਮੇਰੇ ਕੋਲ ਸੁਫਨੇ[96] ਵਿਚ[97] ਭੀ ਨਹੀਂ ਆਉਂਦੀਆਂ ।
ਦੀਨ[98] ਦਇਆਲ[99] ਕ੍ਰਿਪਾਲ[100] [2]ਦਮੋਦਰ[3] ਭਗਤਿ[4] ਬਛਲ[5] ਭੈ[6] ਹਾਰੀ[7] ॥	The Merciful Master[100], with string[2] round His belly[3], is kind[99] to the meek[98], dear[5] to the saints[4] and the Destroyer[7] of dread[6].	ਆਪਣੇ ਢਿਡ[3] ਉਦਾਲੇ ਰੱਸੀ[2] ਰੱਖਣ ਵਾਲਾ, ਮਿਹਰਬਾਨ ਮਾਲਕ[100] ਮਸੀਕਨਾ[98] ਉੱਤੇ ਮਇਆਵਾਨ[99], ਸੰਤਾਂ[4] ਦਾ ਪਿਆਰਾ[5] ਅਤੇ ਡਰ[6] ਦੇ ਨਾਸ ਕਰਨ ਵਾਲਾ[7] ਹੈ ।
ਕਹਤ ਕਬੀਰ ਭੀਰ[8] ਜਨ[9] ਰਾਖਹੁ[10]ਹਰਿ ਸੇਵਾ[12] ਕਰਉ ਤੁਮ੍ਹਾਰੀ ॥੫॥੮॥	Says Kabir, preserve[10] Thou Thy slave[9] from disaster[8], O Lord, and I shall perform Thy service[12],	ਕਬੀਰ ਜੀ ਆਖਦੇ ਹਨ, ਤੂੰ ਆਪਣੇ ਗੋਲੇ[9] ਨੂੰ ਤਬਾਹੀ[8] ਤੋਂ ਬਚਾ[10], ਹੇ ਪ੍ਰਭੂ, ਅਤੇ ਮੈਂ ਤੇਰੀ ਟਹਿਲ ਸੇਵਾ[12] ਕਮਾਵਾਂਗਾ ।
ਜਿਹ[13] ਸਿਮਰਨਿ[14] ਹੋਇ ਮੁਕਤਿ[15] ਦੁਆਰੁ[16] ॥ ਜਾਇ ਬੈਕੁੰਠਿ[17] ਨਹੀ ਸੰਸਾਰਿ[18] ॥ ਨਿਰਭਉ[19] ਕੈ ਘਰਿ[22] ਬਜਾਵਹਿ[20] ਤੂਰ[21] ॥ ਅਨਹਦ[23] ਬਜਹਿ[24] ਸਦਾ[25] ਭਰਪੂਰ[26] ॥੧॥	Remembering[14] whom[13] thou shalt obtain the gate[16] of emancipation[15], go to the True Abode[17] and return not to this world[18], play[20] the trumpets[21] in the house[22] of the Fearless Lord[19] and the unstruck[23] strain shall ever[35] fully[26] resound[24] for thee.	ਜਿਸ[13] ਦਾ ਆਰਾਧਨ ਕਰਨ[14] ਨਾਲ ਤੂੰ ਮੋਖ਼ਸ਼[15] ਦਾ ਦਰਵਾਜ਼ਾ[16] ਪਾ ਲਵੇਂਗਾ ਸੱਚਖੰਡ[17] ਪੁੱਜ ਜਾਵੇਂਗਾ ਤੇ ਮੁੜ ਕੇ ਇਸ ਜੱਗ[18] ਵਿੱਚ ਨਹੀਂ ਆਵੇਂਗਾ, ਨਿਡਰ ਸੁਆਮੀ[19] ਦੇ ਧਾਮ[22] ਅੰਦਰ ਵਾਜੇ[21] ਵਜਾਵੇਂਗਾ[20] ਅਤੇ ਸੁਤੇਸਿਧ[23] ਹੋਣ ਵਾਲਾ ਕੀਰਤਨ ਤੇਰੇ ਲਈ ਹਮੇਸ਼ਾ[25] ਹੀ ਪੂਰਨ ਤੌਰ ਤੇ[26] ਗੂੰਜੇਗਾ[24] ।
ਐਸਾ[26]* ਸਿਮਰਨੁ ਕਰਿ[27] ਮਨ ਮਾਹਿ[28] ॥	Embrace[27] thou such[26]* meditation within[28] thy mind.	ਐਹੋ ਜੇਹੀ[26]* ਬੰਦਗੀ ਤੂੰ ਆਪਣੇ ਹਿਰਦੇ ਅੰਦਰ[28] ਧਾਰਨ[27] ਕਰ ।
ਬਿਨੁ ਸਿਮਰਨ[29] ਮੁਕਤਿ[30] ਕਤ ਨਾਹਿ ॥੧॥ਰਹਾਉ॥	Without the Lord's contemplation[29], salvation[30] can never be attained to. Pause.	ਸਾਹਿਬ ਦੇ ਭਜਨ[29] ਦੇ ਬਾਝੋਂ ਕਲਿਆਣ[30] ਕਦੇ ਭੀ ਪ੍ਰਾਪਤ ਨਹੀਂ ਹੋ ਸਕਦੀ । ਠਹਿਰਾਉ ।
ਜਿਹ ਸਿਮਰਨ ਨਾਹੀ ਨਨਕਾਰੁ[31] ॥	Remembering whom, thou shalt meet with no obstacle[31].	ਜਿਸ ਨੂੰ ਚੇਤੇ ਕਰਨ ਦੁਆਰਾ, ਤੈਨੂੰ ਕੋਈ ਰੁਕਾਵਟ[31] ਨਹੀਂ ਪਵੇਗੀ ।
ਮੁਕਤਿ[32] ਕਰੈ ਉਤਰੈ[33] ਬਹੁ[34] ਭਾਰੁ[35] ॥	God shall emancipate[32] thee and thy great[34] load[35] of sin shall drop off[33].	ਵਾਹਿਗੁਰੂ ਤੈਨੂੰ ਬੰਦਖ਼ਲਾਸ[32] ਕਰ ਦੇਵੇਂਗਾ ਅਤੇ ਤੇਰਾ ਪਾਪਾਂ ਦਾ ਭਾਰਾ[34] ਬੋਝ[35] ਤੇਰੇ ਉਤੋਂ ਲਹਿ ਜਾਵੇਗਾ[33] ।
ਨਮਸਕਾਰੁ[36] ਕਰਿ ਹਿਰਦੈ[37] ਮਾਹਿ[38] ॥ ਫਿਰਿ ਫਿਰਿ[39] ਤੇਰਾ ਆਵਨੁ[40] ਨਾਹਿ ॥੨॥	Make thou obeisance[37] unto God within[38] thy mind[37] and thou shalt not come[40] over and over again[39].	ਆਪਣੇ ਮਨ[37] ਅੰਦਰ[38] ਤੂੰ ਵਾਹਿਗੁਰੂ ਨੂੰ ਪ੍ਰਣਾਮ[36] ਕਰ ਅਤੇ ਤੂੰ ਮੁੜ ਮੁੜ ਕੇ[39] ਨਹੀਂ (ਜੰਮਣ ਮਰਨ ਦੇ ਗੇੜ ਵਿੱਚ) ਆਵੇਗਾ[40] ।

ਜਿਹ ਸਿਮਰਨਿ ਕਰਹਿ ਤੂ ਕੇਲ[42] ॥	Contemplating whom thou shalt make merry[42].	ਜਿਸ ਦਾ ਆਰਾਧਨ ਕਰਨ ਦੁਆਰਾ ਤੂੰ ਮੌਜਾਂ[42] ਮਾਣੇਂਗਾ।
ਦੀਪਕ[41] ਬਾਂਧਿ[43] ਧਰਿਓ[44] ਬਿਨੁ ਤੇਲ[45] ॥	Within thee, the Lord has firmly[43] placed[44] the lamp[41], burning without oil[45].	ਤੇਰੇ ਅੰਦਰ, ਬਗੈਰ ਤੇਲ[45] ਦੇ ਬਲਣ ਵਾਲਾ ਦੀਵਾ[41], ਸਾਈਂ ਨੇ ਪੱਕੀ ਤਰ੍ਹਾਂ[43] ਟਿਕਾ ਦਿੱਤਾ[44] ਹੈ।
ਸੋ[46] ਦੀਪਕੁ ਅਮਰਕੁ[47] ਸੰਸਾਰਿ[48] ॥ ਕਾਮ[49] ਕ੍ਰੋਧ[50] ਬਿਖੁ[51] ਕਾਢੀਲੇ ਮਾਰਿ[52] ॥ ੩॥	That[46] lamp renders the world[48] immortal[47] and drives out[52] the poison[51] of carnal appetite[49] and anger[50].	ਉਹ[46] ਦੀਵਾ ਜਗਤ[48] ਨੂੰ ਸਦ-ਜੀਵੀ[47] ਬਣਾ ਦਿੰਦਾ ਹੈ ਅਤੇ ਵਿਸ਼ੇ ਦੀ ਭੁੱਖ[49] ਤੇ ਗੁੱਸੇ[50] ਦੀ ਜ਼ਹਿਰ[51] ਨੂੰ ਬਾਹਰ ਚਲਾ ਮਾਰਦਾ[52] ਹੈ।
ਜਿਹ ਸਿਮਰਨਿ ਤੇਰੀ ਗਤਿ[53] ਹੋਇ ॥ ਸੋ ਸਿਮਰਨੁ ਰਖੁ[54] ਕੰਠਿ[55] ਪਰੋਇ[56] ॥	Contemplating whom thou art emancipated ; That contemplation twine[56] thou and wear[54] on thy neck[55].	ਜਿਸ ਦਾ ਆਰਾਧਨ ਕਰਨ ਦੁਆਰਾ ਤੂੰ ਬੰਦਖਲਾਸ[52] ਹੁੰਦਾ ਹੈਂ, ਉਸ ਭਜਨ ਨੂੰ ਉਣ[56] ਕੇ ਤੂੰ ਆਪਣੀ ਗਰਦਨ[55] ਦੁਆਲੇ ਪਹਿਨ[56]।
ਸੋ[57] ਸਿਮਰਨੁ ਕਰਿ[58] ਨਹੀ ਰਾਖੁ ਉਤਾਰਿ[59] ॥	Embrace[58] thou that[57] Lord's meditation and abandon[59] it not ever.	ਉਸ[57] ਸੁਆਮੀ ਦੀ ਬੰਦਗੀ ਨੂੰ ਧਾਰਨ[58] ਕਰ ਅਤੇ ਇਸ ਨੂੰ ਕਦੇ ਭੀ ਨਾ ਤਿਆਗ[59]।
ਗੁਰ ਪਰਸਾਦੀ[61] ਉਤਰਹਿ ਪਾਰਿ[62] ॥	By Guru's grace[61], thou shalt be ferried across[62].	ਗੁਰਾਂ ਦੀ ਦਇਆ[61] ਦੁਆਰਾ, ਤੂੰ ਪਾਰ ਲੰਘ ਜਾਵੇਂਗਾ[62]।
ਜਿਹ ਸਿਮਰਨਿ ਨਾਹੀ ਤੁਹਿ ਕਾਨਿ[63] ॥	Contemplating whom thou shalt not be subservient[63] to another.	ਉਸ ਨੂੰ ਚੇਤੇ ਕਰਨ ਨਾਲ ਤੈਨੂੰ ਕਿਸੇ ਦੀ ਮੁਥਾਜਗੀ[63] ਨਹੀਂ ਰਹੇਗੀ।
ਮੰਦਰਿ[64] ਸੋਵਹਿ[65] ਪਟੰਬਰ[66] ਤਾਨਿ[67] ॥	Thou shalt sleep[65] in thy home[64] spreading[67] silken cloth[66].	ਤੂੰ ਆਪਣੇ ਘਰ[64] ਵਿਚ ਰੇਸ਼ਮੀ ਬਸਤਰ[66] ਵਿਛਾ ਕੇ[67] ਸਵੇਂਗਾ[65]।
ਸੇਜ[68] ਸੁਖਾਲੀ[69] ਬਿਗਸੈ[70] ਜੀਉ[71] ॥ ਸੋ[72] ਸਿਮਰਨੁ ਤੂ ਅਨਦਿਨੁ[73] ਪੀਉ[74] ॥੫॥	Thy heart[71] shall be gladdened[70] by the comfortable[69] bed[68]. So, night and day[73] quaff[74] thou the contemplation of such[72] Lord.	ਆਰਾਮ-ਦਿਹ[69] ਪਲੰਘ ਉੱਤੇ ਤੇਰਾ ਦਿਲ[71] ਪ੍ਰਸਨ ਹੋਵੇਗਾ[70], ਇਸ ਲਈ ਤੂੰ ਰੈਣ ਦਿਹੁੰ[73] ਐਸੇ[82] ਸਾਹਿਬ ਦੇ ਆਰਾਧਨ ਨੂੰ ਪਾਨ[74] ਕਰ।
ਜਿਹ ਸਿਮਰਨ ਤੇਰੀ ਜਾਇ[75] ਬਲਾਇ[76] ॥	By remembering whom thy calamity[76] shall depart[75].	ਜਿਸ ਦਾ ਚਿੰਤਨ ਕਰਨ ਨਾਲ ਤੇਰੇ ਤੋਂ ਬਲਾ[76] ਟਲ ਜਾਊਗੀ[75]।
ਜਿਹ ਸਿਮਰਨ ਤੁਝੁ ਪੋਹੈ[77] ਨ ਮਾਇ[78] ॥	By remembering, mammon[78] shall affect[77] thee not.	ਜਿਸ ਦਾ ਚਿੰਤਨ ਕਰਨ ਨਾਲ, ਮਾਇਆ ਤੇਰੇ ਤੇ ਅਸਰ[77] ਨਹੀਂ ਕਰੇਗੀ।
ਸਿਮਰਿ ਸਿਮਰਿ ਹਰਿ ਹਰਿ[79] ਮਨਿ[80] ਗਾਈਐ[81] ॥	Contemplate and remember thou thy Lord God[79] in thy mind[80] and hymn[81] His praise.	ਆਪਣੇ ਰਿਦੇ[80] ਵਿੱਚ ਤੂੰ ਆਪਣੇ ਸੁਆਮੀ ਵਾਹਿਗੁਰੂ[79] ਨੂੰ ਯਾਦ ਤੇ ਚੇਤੇ ਕਰ ਅਤੇ ਉਸ ਦੀ ਮਹਿਮਾ ਗਾ[81]।
ਇਹੁ ਸਿਮਰਨੁ ਸਤਿਗੁਰ ਤੇ[82] ਪਾਈਐ[83] ॥੬॥	This contemplation of the Lord is obtalned[83] from[82] the True Guru.	ਸੁਆਮੀ ਦੀ ਇਹ ਭਜਨ ਬੰਦਗੀ ਸੱਚੇ ਗੁਰਾਂ ਪਾਸੋਂ[82] ਪ੍ਰਾਪਤ ਹੁੰਦੀ[83] ਹੈ।
ਸਦਾ[84] ਸਦਾ ਸਿਮਰਿ[89] ਦਿਨੁ ਰਾਤਿ ॥ ਊਠਤ[85] ਬੈਠਤ[86]	Ever[84], ever dwell[89] thou upon Him day and night, whilst standing[85],	ਹਮੇਸ਼ਾ[84], ਹਮੇਸ਼ਾ ਹੀ ਤੂੰ ਦਿਹੁੰ ਰੈਣ, ਖਲੋਂਦਿਆਂ[85], ਬਹਿੰਦਿਆਂ[86] ਤੇ ਹਰ ਸੁਆਸ[87] ਤੇ ਬੁਰਕੀ[88] ਨਾਲ

ਸਾਸਿ[87] ਗਿਰਾਸਿ[88] ॥ ਜਾਗੁ ਸੋਇ[90] ਸਿਮਰਨ ਰਸ[91] ਭੋਗ[92] ॥	sitting[86] and at every breath[87] and morsel[88]. Waking and sleeping[90], enjoy[92] thou the Nectar[91] of the Lord's meditation.	ਉਸ ਨੂੰ ਯਾਦ[89] ਕਰ । ਜਾਗਦਿਆਂ ਅਤੇ ਸੁੱਤਿਆਂ[90] ਤੂੰ ਸੁਆਮੀ ਦੇ ਅੰਮ੍ਰਿਤ[91] ਦਾ ਅਨੰਦ[92] ਮਾਣ ।
ਹਰਿ ਸਿਮਰਨੁ ਪਾਈਐ ਸੰਜੋਗ[93] ॥੭॥	It is by good destiny[93] that God's meditation is obtained.	ਚੰਗੀ ਪ੍ਰਾਲਭਦ[93] ਦੁਆਰਾ ਹੀ ਹਰੀ ਦਾ ਭਜਨ ਪ੍ਰਾਪਤ ਹੁੰਦਾ ਹੈ ।
ਜਿਹ ਸਿਮਰਨ ਨਾਹੀ ਤੁਝੁ ਭਾਰ[94] ॥	Remembering whom, thou shalt be loaded[94] not with sins.	ਉਸ ਦਾ ਆਰਾਧਨ ਕਰਨ ਦੁਆਰਾ, ਤੇਰੇ ਉੱਤੇ ਪਾਪਾਂ ਦਾ ਬੋਝ[94] ਨਹੀਂ ਪਵੇਗਾ ।
ਸੋ ਸਿਮਰਨੁ[95] ਰਾਮ ਨਾਮ ਅਧਾਰੁ[96] ॥	Make thou the contemplation of the[95] Lord's Name thy support[96].	ਤੂੰ ਉਸ[95] ਸਾਹਿਬ ਦੇ ਨਾਮ ਦੇ ਭਜਨ ਨੂੰ ਆਪਣਾ ਆਸਰਾ[96] ਬਣਾ ।
ਕਹਿ ਕਬੀਰ ਜਾ ਕਾ ਨਹੀ ਅੰਤੁ[97] ॥ ਤਿਸ ਕੇ ਆਗੇ ਤੰਤੁ ਨ ਮੰਤ[98] ॥੮॥੯॥	Says Kabir, no charm and spell[98] can prevail with Him, who has no limit[97].	ਕਬੀਰ ਜੀ ਆਖਦੇ ਹਨ, ਉਸ ਦੇ ਨਾਲ ਕੋਈ ਜਾਦੂ ਅਤੇ ਟੂਣਾ[98] ਕਾਰਗਰ ਨਹੀਂ ਹੁੰਦਾ, ਜਿਸ ਦਾ ਕੋਈ ਓੜਕ[97] ਨਹੀਂ ।
ਰਾਮਕਲੀ ਘਰੁ ੨	Ram Kali	ਰਾਮਕਲੀ
ਬਾਣੀ[99] ਕਬੀਰ ਜੀ[100] ਕੀ	Hymns[99] of Sire[100] Kabir	ਸ਼ਬਦ[99] ਭਗਤ[100] ਕਬੀਰ ਜੀ ਦੇ
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪ੍ਰਾਪਤ ਹੁੰਦਾ ਹੈ ।
ਬੰਧਚਿ[2] ਬੰਧਨੁ[3] ਪਾਇਆ ॥	Mammon, the captor[2], has captivated[3] the mortals.	ਫਾਹ ਲੈਣ ਵਾਲੀ[2] ਮਾਇਆ ਨੇ ਪ੍ਰਾਨੀਆਂ ਨੂੰ ਫੜਿਆ ਹੋਇਆ[4] ਹੈ ।
ਮੁਕਤੈ[4] ਗੁਰਿ ਅਨਲੁ[5] ਬੁਝਾਇਆ[6] ॥	The emancipated[4] Guru has quenched[6] my fire[5].	ਬੰਦਨ-ਰਹਿਤ[4] ਗੁਰਦੇਵ ਜੀ ਨੇ ਮੇਰੀ ਅੱਗ[5] ਬੁਝਾ ਦਿੱਤੀ[6] ਹੈ ।
ਜਬ[13] ਨਖ[7] ਸਿਖ[8] ਇਹੁ ਮਨੁ ਚੀਨਾ[9] ॥ ਤਬ[10] ਅੰਤਰਿ ਮਜਨੁ[12] ਕੀਨ੍ਹਾ ॥ ੧॥	When[13] I understood[9] this mind of mine from the nail[7] of the foot to the crown[8] of head, then[10] bathed[12] I within myself.	ਜਦ[13] ਮੈਂ ਆਪਣੇ ਇਸ ਮਨੂਏ ਨੂੰ ਪੈਰ ਦੇ ਨਹੁੰ[7] ਤੋਂ ਲੈ ਕੇ ਸਿਰ ਦੀ ਚੋਟੀ[8] ਤਾਈਂ ਜਾਣ ਲਿਆ[9], ਤਾਂ[10] ਮੈਂ ਆਪਣੇ ਅੰਦਰ ਹੀ ਇਸ਼ਨਾਨ ਕਰ ਲਿਆ[12] ।
੯੭੨		
ਪਵਨ[14] ਪਤਿ[15] ਉਨਮਨਿ[16] ਰਹਨੁ[17] ਖਰਾ[18] ॥	My mind, the Lord[15] of breath[14], now really[18] ahides[17] in the state of supreme bliss[16].	ਸੁਆਸ[14] ਦਾ ਸੁਆਮੀ[15], ਮੇਰਾ ਮਨੂਆ, ਹੁਣ ਦਰਅਸਲ ਪਰਮ[18] ਪ੍ਰਸੰਨਤਾ[16] ਦੀ ਦਸ਼ਾ ਅੰਦਰ ਵਸੰਦਾ[17] ਹੈ ।
ਨਹੀ ਮਿਰਤੁ[19] ਨ ਜਨਮੁ[20] ਜਰਾ[21] ॥੧॥ਰਹਾਉ॥	There is neither death[19], nor birth[20], nor aging[21] for me now. Pause.	ਹੁਣ ਮੇਰੇ ਲਈ ਨਾ ਮੌਤ[19], ਨਾ ਪੈਦਾਇਸ਼[20], ਨਾ ਹੀ ਬੁਢੇਪਾ[21] ਹੈ । ਠਹਿਰਾਉ ।
ਉਲਟੀ[22] ਲੇ ਸਕਤਿ[23] ਸਹਾਰੰ[24] ॥ ਪੈਸੀਲੇ[25]	Turning away[22] from mammon[23] I have found the Lord's support[24] and	ਮਾਇਆ[23] ਵਲੋਂ ਮੋੜਾ[22] ਪਾ ਲੈਣ ਦੁਆਰਾ, ਮੈਨੂੰ ਸੁਆਮੀ ਦਾ ਆਸਰਾ[24] ਮਿਲ ਗਿਆ ਹੈ ਅਤੇ ਮੈਂ ਦਸਮ ਦੁਆਰ ਦੇ

ਗਗਨ[26] ਮਝਾਰੰ[27] ॥	have entered[25] into[27] the sky[26] of the Tenth gate.	ਅਕਾਸ਼[26] ਅੰਦਰ[27] ਪ੍ਰਵੇਸ਼[25] ਕਰ ਗਿਆ ਹਾਂ ।
ਬੇਧੀਅਲੇ[28]ਚਕ੍ਰ[29] ਭੁਅੰਗਾ[30]॥ ਭੇਟੀਅਲੇ[31] ਰਾਇ[32] ਨਿਸੰਗਾ[33] ॥੨॥	The snake-like[30] coil[29] is now pierced[28] through and I have dauntlessly[33] met[31] my God, the King[32].	ਸੂਪ-ਵਰਗੀ[30] ਕੁੰਡਲੀ[29] ਹੁਣ ਵਿੰਨ੍ਹੀ[28] ਗਈ ਹੈ ਅਤੇ ਮੈਂ ਨਿਧੜਕ[33] ਹੀ ਆਪਣੇ ਵਾਹਿਗੁਰੂ ਪਾਤਿਸ਼ਾਹ[32] ਨੂੰ ਮਿਲ ਪਿਆ[31] ਹਾਂ ।
ਚੂਕੀਅਲੇ[34] ਮੋਹ[35] ਮਇਆਸਾ[36] ॥ ਸਸਿ[37] ਕੀਨੋ ਸੂਰ[38] ਗਿਰਾਸਾ[39] ॥	The attachment[35] of mammon[36] is effaced[34] and the moon[37] has devoured[39] the sun[38].	ਮਾਇਆ[36] ਦੀ ਲਗਨ[35] ਮਿਟ ਗਈ[34]ਹੈ ਅਤੇ ਚੰਦਰਮਾ[37] ਨੇ ਸੂਰਜ[38] ਨੂੰ ਨਿਗਲ ਲਿਆ[39] ਹੈ ।
ਜਬ[40] ਕੁੰਭਕੁ[42] ਭਰਿਪੁਰਿ[42] ਲੀਣਾ[43] ॥ ਤਹ[44] ਬਾਜੇ[45] ਅਨਹਦ[46] ਬੀਣਾ[47] ॥੩॥	Merged[43] in the Full-pervading[42] Lord, when[40] I locked the breath[41] within, then[44] the celestial strain[47] spontaneously[46] began to resound[45].	ਪਰੀਪੂਰਨ[42] ਪ੍ਰਭੂ ਨੂੰ ਅੰਦਰ ਸਮਾ[43] ਕੇ, ਜਦ[40] ਮੈਂ ਸੁਆਸ[41] ਨੂੰ ਆਪਣੇ ਅੰਦਰ ਠਹਿਰਾਇਆ, ਤਾਂ[44] ਬੈਕੁੰਠੀ ਕੀਰਤਨ[47] ਸੁਤੇ ਸਿਧ[46] ਹੀ ਗੂੰਜਣ[45] ਲੱਗ ਪਿਆ ।
ਬਕਤੈ[48] ਬਕਿ[49] ਸਬਦੁ[50] ਸੁਨਾਇਆ[51] ॥	Guru, the utterer[48], has uttered[49] and preached[51] the Lord's Name[50].	ਉਪਦੇਸ਼ ਕਰਨ ਵਾਲੇ[48], ਗੁਰਦੇਵ ਨੇ ਪ੍ਰਭੂ ਦੇ ਨਾਮ[50] ਦਾ ਉਚਾਰਨ[49] ਅਤੇ ਪ੍ਰਚਾਰ ਕੀਤਾ[51] ਹੈ ।
ਸੁਨਤੈ[52] ਸੁਨਿ ਮੰਨਿ ਬਸਾਇਆ[53] ॥	Sikh, the hearer[62], has heard and enshrined it[53] within his mind.	ਸੁਣਨ ਵਾਲੇ[52] ਸਿੱਖ ਨੇ ਸੁਣ ਕੇ ਇਸ ਨੂੰ ਆਪਣੇ ਹਿਰਦੇ ਅੰਦਰ ਟਿਕਾ ਲਿਆ[53] ਹੈ ।
ਕਰਿ ਕਰਤਾ[54] ਉਤਰਸਿ ਪਾਰੰ[55] ॥	Man of action[54] crosses[55] the world-ocean.	ਅਮਲੀ ਜੀਵਨ ਵਾਲਾ ਬੰਦਾ[54] ਸੰਸਾਰ ਸਮੁੰਦਰ ਤਰ ਜਾਂਦਾ[55] ਹੈ ।
ਕਹੈ ਕਬੀਰ ਸਾਰੰ[56] ॥੪॥ ੧॥੧੦॥	Says Kabir, this alone is the 'Real-Thing[56]'.	ਕਬੀਰ ਜੀ ਆਖਦੇ ਹਨ; ਕੇਵਲ ਇਹ ਹੀ 'ਅਸਲੀ ਚੀਜ਼[56]' ਹੈ ।
ਚੰਦੁ[57] ਸੂਰਜੁ[58] ਦੁਇ[59] ਜੋਤਿ[60] ਸਰੂਪੁ[61] ॥	The moon[57] and the sun[58] both[59] are the embodiment[61] of light[60].	ਚੰਨ[57] ਅਤੇ ਸੂਰਜ[58] ਦੋਨੋਂ[59] ਹੀ ਰੋਸ਼ਨੀ[60] ਦਾ ਰੂਪ[61] ਹਨ ।
ਜੋਤੀ ਅੰਤਰਿ[62] ਬ੍ਰਹਮੁ[63] ਅਨੂਪੁ[64] ॥੧॥	In[62] their light the unrivalled[64] Lord[63] is contained.	ਉਨ੍ਹਾਂ ਦੀ ਰੋਸ਼ਨੀ ਅੰਦਰ[62] ਲਾਸਾਨੀ[64] ਪ੍ਰਭੂ[63] ਰਮ ਰਿਹਾ ਹੈ ।
ਕਰੁ ਰੇ[65] ਗਿਆਨੀ[66] ਬ੍ਰਹਮ ਬੀਚਾਰੁ[68] ॥	O[65] wise man[66], contemplate[68] thou thy Lord.	"ਹੇ[65] ਸਿਆਣੇ ਬੰਦੇ[66] ! ਤੂੰ ਆਪਣੇ ਸੁਆਮੀ ਦਾ ਸਿਮਰਨ[68] ਕਰ ।
ਜੋਤੀ[67] ਅੰਤਰਿ ਧਰਿਆ[69] ਪਸਾਰੁ[70] ॥੧॥ਰਹਾਉ॥	In the Luminous Lord[67] is contained[69] the creation[70]. Pause.	ਪ੍ਰਕਾਸ਼ਮਾਨ ਪ੍ਰਭੂ[67] ਅੰਦਰ ਰਚਨਾ[70] ਸਮਾਈ[69] ਹੋਈ ਹੈ । ਠਹਿਰਾਉ ।
ਹੀਰਾ[71] ਦੇਖਿ[73] ਹੀਰੇ ਕਰਉ ਆਦੇਸੁ[72] ॥	Beholding[73] Lord, the Jewel[71], I make obeisance[72] unto my Jewel.	ਸੁਆਮੀ ਮਾਣਕ[71] ਨੂੰ ਵੇਖ ਕੇ[73], ਮੈਂ ਆਪਣੇ ਮਾਣਕ ਨੂੰ ਨਮਸ਼ਕਾਰ ਕਰਦਾ[72] ਹਾਂ ।
ਕਹੈ ਕਬੀਰ ਨਿਰੰਜਨ[74] ਅਲੇਖੁ[75] ॥੨॥੨॥੧੧॥	Says Kabir, my Immaculate Lord[74] is beyond reckoning[75].	ਕਬੀਰ ਜੀ ਆਖਦੇ ਹਨ, ਮੇਰਾ ਪਵਿੱਤਰ ਪ੍ਰਭੂ[74] ਹਿਸਾਬ ਕਿਤਾਬ[75] ਤੋਂ ਬਾਹਰ ਹੈ ।
ਦੁਨੀਆ[76] ਹੁਸੀਆਰ[77] ਬੇਦਾਰ[78]ਜਾਗਤ[79] ਮੁਸੀਅਤ[80]	O man of the world[76], be thou vigilant[77] and wakeful[78]. Even when	ਹੇ ਸੰਸਾਰ[76] ਦੇ ਬੰਦੇ ! ਤੂੰ ਚੌਕਸ[77] ਤੇ ਖ਼ਬਰਦਾਰ[78] ਹੋ ਜਾ । ਜਾਗਦਾ ਹੋਇਆ[79] ਭੀ, ਤੂੰ ਲੁੱਟਿਆ

ਹਉ ਰੇ ਭਾਈ[81] ॥

awake[79], thou art being robbed[80], O brother[81].

ਜਾ ਰਿਹਾ[80] ਹੈਂ, ਹੇ ਵੀਰ[81] !

ਨਿਗਮ[82] ਹੁਸੀਆਰ[83] ਪਹਰੂਆ[84] ਦੇਖਤ ਜਮੁ[85] ਲੇ ਜਾਈ ॥੧॥ਰਹਾਉ॥

While the Vedas[82], that are alert[83] sentinels[84], look on, death's courier[85] shall take thee away. Pause.

ਵੇਦਾਂ[82] ਦੇ, ਜੋ ਕਿ ਸੁਚੇਤ[93] ਪਹਿਰੇਦਾਰ[84]ਹਨ, ਵੇਖਦਿਆਂ ਵੇਖਦਿਆਂ ਹੀ ਮੌਤ ਦਾ ਦੂਤ[85] ਤੈਨੂੰ ਲੈ ਜਾਊਗਾ। ਠਹਿਰਾਉ।

ਨੰਮੀਬੁ ਭਇਓ[86] ਆਂਬੁ[87] ਆਂਬੁ ਭਇਓ ਨੰਮੀਬਾ ਕੇਲਾ[88] ਪਾਕਾ[89] ਝਾਰਿ[90] ॥

Man thinks that Azadirachta indica[86] is a mango[87] and a mango is an Azadirachta indica and that a ripe[89] bananas[88] are on a thorny bush[90].

ਬੰਦਾ ਖ਼ਿਆਲ ਕਰਦਾ ਹੈ ਕਿ ਨਿੰਮ[86] ਅੰਬ[87] ਹੈ ਤੇ ਅੰਬ ਨਿੰਮ ਹੈ। ਕਿਤੇ ਪੱਕੇ[89] ਹੋਏ ਕੇਲੇ[88] ਕੰਡਿਆਲੀ ਝਾੜੀ[90] ਨੂੰ ਲਗੇ ਹੋਏ ਹਨ।

ਨਾਲੀਏਰ[91] ਫਲੁ[92]*ਸੇਬਰਿ[92] ਪਾਕਾ[93] ਮੂਰਖ[94] ਮੁਗਧ[95] ਗਵਾਰ[96] ॥੧॥

He deems that the ripe[93] coconut[91] fruit[92]* is on the Bombax heptaphylum tree[92]. Such a stupid[94] silly[95] idiot[96] is he.

ਉਹ ਪੱਕੇ ਹੋਏ ਖੋਪੇ[91] ਦੇ ਮੇਵੇ[92]* ਨੂੰ ਸਿੰਬਲ ਦੇ ਦਰਖਤ[92] ਤੇ ਲੱਗਿਆ ਖ਼ਿਆਲ ਕਰਦਾ ਹੈ। ਉਹ ਐਹੋ ਜੇਹਾ ਬੇਵਕੂਫ[94] ਬੇਸਮਝ[95] ਬੁਧੂ[96] ਹੈ।

ਹਰਿ ਭਇਓ ਖਾਂਡੂ[97] ਰੇਤੁ[98] ਮਹਿ[99] ਬਿਖਰਿਓ[100] ਹਸਤੀ[2] ਚੁਨਿਓ[3] ਨ ਜਾਈ ॥

God is like sugar[97], spilled[100] in[99] the sand[98]. It cannot be picked up[3] by an elephant[2].

ਵਾਹਿਗੁਰੂ ਰੇਤੇ[98] ਵਿਚ[99] ਡੁੱਲ੍ਹੀ[100] ਹੋਈ ਖੰਡ[97] ਦੀ ਮਾਨੰਦ ਹੈ। ਹਾਥੀ[2] ਇਸ ਨੂੰ ਚੁੱਗ[3] ਨਹੀਂ ਸਕਦਾ।

ਕਹਿ ਕਮੀਰ ਕੁਲ[4] ਜਾਤਿ[5] ਪਾਂਤਿ[6] ਤਜਿ[7] ਚੀਟੀ[8] ਹੋਇ ਚੁਨਿ ਖਾਈ[9] ॥੨॥੩॥੧੨॥

Says Kabir : renounce[7] thy lineage[4], caste[5] and false honour[6] and be an aunt to pick up and eat the sugar.

ਕਬੀਰ ਜੀ ਆਖਦੇ ਹਨ, ਆਪਣੀ ਖ਼ਾਨਦਾਨੀ[4], ਜਾਤੀ[5] ਅਤੇ ਝੂਠੀ ਲਾਜ[6] ਛੱਡ ਕੇ ਅਤੇ ਕੀੜੀ[8] ਬਣ ਜਾ ਤੇ ਚੁੱਗ ਕੇ ਖੰਡ ਨੂੰ ਛਕ[9]।

ਬਾਣੀ ਨਾਮਦੇਉ ਜੀਉ ਕੀ
ਰਾਮਕਲੀ ਘਰੁ ੧

Hymns of Sire Nam Dev
Ramkali

ਸ਼ਬਦ ਭਗਤ ਨਾਮ ਦੇਵ
ਰਾਮਕਲੀ

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਆਨੀਲੇ[10] ਕਾਗਦੁ[12] ਕਾਟੀਲੇ[13] ਗੂਡੀ[14] ਆਕਾਸ[15] ਮਧੇ[16] ਭਰਮੀਅਲੇ[17] ॥

A boy gets[10] paper[12], cuts[13] it into a kite[14] and flies[17] it in[16] the sky[15].

ਲੜਕਾ ਕਾਗਜ਼[12] ਲਿਆਉਂਦਾ ਹੈ, ਇਸ ਨੂੰ ਕੱਟ ਵੱਢ[13]ਕੇ ਪਤੰਗ[14] ਬਣਾਉਂਦਾ ਹੈ ਤੇ ਇਸ ਨੂੰ ਅਸਮਾਨ[15] ਵਿਚ[16] ਉਡਾਉਂਦਾ[17] ਹੈ।

ਪੰਚ ਜਨਾ[18] ਸਿਉ[19] ਬਾਤ ਬਤਊਆ[20] ਚੀਤੁ[21] ਸੁ ਡੋਰੀ[22] ਰਾਖੀਅਲੇ[23] ॥੧॥

While talking[20] with[19] his mates[18], he keeps[23] his mind[21] in the string[22].

ਆਪਣੇ ਹਮਜੋਲੀਆਂ[18] ਨਾਲ[19] ਗੱਲਾਂ ਕਰਦਾ ਹੋਇਆ[20], ਉਹ ਆਪਣਾ ਮਨ[21] ਡੋਰ[22] ਵਿਚ ਲਾਈ ਰਖਦਾ[23] ਹੈ।

ਮਨੁ ਰਾਮ[24] ਨਾਮਾ ਬੇਧੀਅਲੇ[25] ॥ ਜੈਸੇ[26] ਕਨਿਕ[17] ਕਲਾ[28] ਚਿਤੁ ਮਾਂਡੀਅਲੇ[30] ॥੧॥ਰਹਾਉ॥

Pierced[25] with the Lord's[24] Name, my mind is so stuck[30] in it, as[26] is of the goldsmith, in his gold[27] craft[28]. Pause.

ਸੁਆਮੀ[24] ਦੇ ਨਾਮ ਨਾਲ ਵਿੰਨ੍ਹਿਆ ਹੋਇਆ[25] ਮੇਰਾ ਮਨ ਇਸ ਅੰਦਰ ਐਉਂ ਖੁਭਿਆ ਹੋਇਆ[30] ਹੈ, ਜਿਸ ਤਰ੍ਹਾਂ[26] ਇਕ ਸੁਨਿਆਰੇ ਦਾ ਉਸ ਦੀ ਸੋਨੇ[27] ਦੀ ਕਾਰੀਗਰੀ[28] ਵਿੱਚ। ਠਹਿਰਾਉ।

ਆਨੀਲੇ[37] ਕੁੰਭੁ[38] ਭਰਾਈਲੇ

The young girl[31] in[33] the city[32] brings[37]

ਸ਼ਹਿਰ[32] ਵਿਚ[33] ਦੀ ਜੁਆਨ ਲੜਕੀ[31] ਘੜਾ[38]

ਉਦਕ[39] ਰਾਜ ਕੁਆਰਿ[31] [32]ਪੁਰੰਦਰੀਏ[33] ॥	a pitcher[38] and fills it with water[39].	ਲਿਆਉਂਦੀ[37] ਹੈ ਅਤੇ ਇਸ ਨੂੰ ਪਾਣੀ[39] ਨਾਲ ਭਰਦੀ ਹੈ।
ਹਸਤ[34] ਬਿਨੋਦ[35] ਬੀਚਾਰ[36] ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ[40] ॥੨॥	She laughs[34], makes merry[35] and converses[36], but keeps her mind fixed[40] in the pitcher.	ਉਹ ਹਸਦੀ[34], ਹਾਸ ਬਿਲਆਸ ਕਰਦੀ[35] ਤੇ ਗੱਲਾਂ ਮਾਰਦੀ[36] ਹੈ ਪਰ ਆਪਣਾ ਮਨ ਘੜੇ ਵਿੱਚ ਜੋੜੀ ਰਖਦੀ[40] ਹੈ।
ਮੰਦਰੁ[41] ਏਕੁ ਦੁਆਰ[42] ਦਸ ਜਾ ਕੇ ਗਊ[43] ਚਰਾਵਨ[44] ਛਾਡੀਅਲੇ[45] ॥	The cow[43] is let loose[45] to graze[44], out of the mansion[41], which has ten gates[42].	ਜਿਸ ਮਹੱਲ[41] ਦੇ ਦਸ ਦਰਵਾਜੇ[42] ਹਨ, ਉਸ ਵਿਚੋਂ ਗਾਂ[43] ਚਰਣ ਲਈ[44] ਛੱਡੀ ਜਾਂਦੀ[45] ਹੈ।
ਪਾਚ ਕੋਸ[46] ਪਰ ਗਊ ਚਰਾਵਤ ਚੀਤੁ[47] ਸੁ ਬਛਰਾ[48] ਰਾਖੀਅਲੇ ॥੩॥	The cow grazes five miles[46] away, but keeps her attention[47] fixed on her calf[48].	ਪੰਜ ਕੋਹਾਂ[46] ਤੇ ਦੂਰ ਗਾਂ ਚਰਦੀ ਹੈ, ਪਰ ਉਹ ਆਪਣੀ ਬਿਰਤੀ[47] ਆਪਣੇ ਵੱਛੇ[48] ਤੇ ਲਾਈ ਰਖਦੀ ਹੈ।
ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ[49] ਪਾਲਨ[50] ਪਉਢੀਅਲੇ[51] ॥	Says Nam Dev, listen, O Trilochan, the child[49] is laid[51] in the cradle[50].	ਨਾਮਦੇਵ ਆਖਦਾ ਹੈ, ਸੁਣ, ਹੇ ਤਿਰਲੋਚਨ! ਬੱਚਾ[49] ਪੰਘੂੜੇ[50] ਵਿਚ ਪਇਆ ਹੋਇਆ ਹੁੰਦਾ[54] ਹੈ।
ਅੰਤਰਿ ਬਾਹਰਿ ਕਾਜ[52] ਬਿਰੂਧੀ[53] ਚੀਤੁ[54] ਸੁ[55] ਬਾਰਿਕ[56] ਰਾਖੀਅਲੇ ॥੪॥ ੧॥	Within and without engaged[53] in work[52], she[55] (mother), keeps her thought[54] in her child[56].	ਅੰਦਰ ਬਾਹਰ ਕੰਮ[52] ਅੰਦਰ ਰੁਝੀ[53] ਹੋਈ, (ਮਾਂ[55]) ਆਪਣਾ ਖਿਆਲ[65] ਆਪਣੇ ਬੱਚੇ[56] ਵਿਚ ਰਖਦੀ ਹੈ।
ਬੇਦ ਪੁਰਾਨ ਸਾਸਤ੍ਰ ਆਨੰਤਾ[57] ਗੀਤ[58] ਕਬਿਤ[59] ਨ ਗਾਵਉਗੋ[60] ॥	There are countless[57] Vedas, Puranas and Shashtras. I sing[60] not their songs[58] and poetries[59].	ਅਣਗਿਣਤ[57] ਹਨ ਵੇਦ, ਪੁਰਾਣ ਅਤੇ ਸਾਸਤਰ। ਮੈਂ ਉਨ੍ਹਾਂ ਦੇ ਗਾਉਣੇ[58] ਤੇ ਕਵਿਤਾਵਾਂ[59] ਗਾਇਨ[60] ਨਹੀਂ ਕਰਦਾ।
ਅਖੰਡ[61] ਮੰਡਲ[62] ਨਿਰੰਕਾਰ[63] ਮਹਿ[64] ਅਨਹਦ ਬੇਨੁ[65] ਬਜਾਵਉਗੋ[66] ॥੧॥	In[64] the Imperishable[61] region[62] of the Formless Lord[63], I shall play[66] the celestial strain[65].	ਸਰੂਪ-ਰਹਿਤ ਸੁਆਮੀ[63] ਦੇ ਅਬਿਨਾਸੀ[61] ਲੋਕ[62] ਵਿੱਚ[64] ਮੈਂ ਬੈਕੁੰਠੀ ਕੀਰਤਨ[65] ਦੀ ਧੁਨ ਉਠਾਵਾਂਗਾ[66]।
ਬੈਰਾਗੀ[67] ਰਾਮਹਿ[68] ਗਾਵਉਗੋ[69] ॥	Becoming desire-free[67], I sing[69] the Lord's[68] praise.	ਇੱਛਾ-ਰਹਿਤ[67] ਹੋ, ਮੈਂ ਸੁਆਮੀ[63] ਦੀ ਕੀਰਤੀ ਗਾਇਨ ਕਰਦਾ[69] ਹਾਂ।
੯੭੩		
ਸਬਦਿ[70] ਅਤੀਤ[71] ਅਨਾਹਦਿ[72] ਰਾਤਾ[73] ਆਕੁਲ[74] ਕੈ ਘਰਿ[75] ਜਾਉਗੋ ॥੧॥ਰਹਾਉ॥	Imbued[73] with the love of the Detached[71] and Indestructible[72] Lord[70], I shall go to the mansion[75] of the Unlineal One[74]. Pause.	ਨਿਰਲੇਪ[71] ਅਤੇ ਆਖੰਡ[72] ਸੁਆਮੀ[70] ਦੇ ਪ੍ਰੇਮ ਨਾਲ ਰੰਗਿਆ ਹੋਇਆ[73], ਮੈਂ ਵੰਸ-ਰਹਿਤ ਪੁਰਖ[74] ਦੇ ਮੰਦਰ[75] ਨੂੰ ਜਾਵਾਂਗਾ। ਠਹਿਰਾਉ।
ਇੜਾ[76] ਪਿੰਗੁਲਾ[77] ਅਉਰੁ[78] ਸੁਖਮਨਾ[79] ਪਉਨੈ[80] ਬੰਧਿ[81] ਰਹਾਉਗੋ[82] ॥	I have abandoned[82] to hold[81] my breath[80] in the left[76], right[77] and[78] central[70] wind pipes.	ਮੈਂ ਆਪਣੇ ਸੁਆਸ[80] ਨੂੰ ਖੱਬੀ[76], ਸੱਜੀ[77] ਤੇ[78] ਵਿਚਕਾਰਲੀ[79] ਹਵਾ-ਨਾੜੀਆਂ ਵਿਚ ਰੋਕਣਾ[81] ਛੱਡ ਛੱਡਿਆ[82] ਹੈ।
ਚੰਦੁ[83] ਸੂਰਜੁ[84] ਦੁਇ[85]	I deem[87] both[85] the moon[83] and the	ਮੈਂ ਦੋਨੋਂ[85], ਚੰਦਰਮੇਂ[83] ਅਤੇ ਸੂਰਜ[84] ਨੂੰ ਇੱਕ ਸਮਾਨ[86]

ਸਮਕਰਿ[86] ਰਾਖਉ[87] ਬ੍ਰਹਮ[88] ਜੋਤਿ[89] ਮਿਲਿ[90] ਜਾਉਗੋ॥੨॥

sun[84] the same[86] and shall merge[90] in the Light[89] of the Omnipresent Lord[88].

ਜਾਣਦਾ[87] ਹਾਂ ਅਤੇ ਮੈਂ ਸਰਬ-ਵਿਆਪਕ ਮੁਆਮੀ[88] ਦੇ ਪ੍ਰਕਾਸ਼[89] ਅੰਦਰ ਲੀਨ ਹੋ ਜਾਵਾਂਗਾ[90] ।

ਤੀਰਥ[91] ਦੇਖਿ ਨ ਜਲ[92] ਮਹਿ[93] ਪੈਸਉ[94] ਜੀਅ[95] ਜੰਤ[96] ਨ ਸਤਾਵਉਗੋ[97] ॥

I go not to see places of pilgrimage[91], nor enter[94] into[93] their water[92], nor annoy[97] I the mortals[95] and lower animals[96].

ਮੈਂ ਯਾਤ੍ਰਾ ਅਸਥਾਨ[91] ਵੇਖਣ ਲਈ ਨਹੀਂ ਜਾਂਦਾ, ਨਾ ਮੈਂ ਉਨ੍ਹਾਂ ਦੇ ਪਾਣੀ[92] ਵਿਚ[93] ਪ੍ਰਵੇਸ਼ ਕਰਦਾ[94] ਹਾਂ, ਨਾ ਹੀ ਮੈਂ ਪ੍ਰਾਣੀਆਂ[95] ਤੇ ਹੋਰ ਨੀਵੇਂ ਜੀਵਾਂ[96] ਨੂੰ ਦੁੱਖ ਦਿੰਦਾ[97] ਹਾਂ ।

ਅਠਸਠਿ[98] ਤੀਰਥ ਗੁਰੂ ਦਿਖਾਏ ਘਟ[99] ਹੀ ਭੀਤਰਿ[100] ਨ੍ਹਾਉਗੋ[2] ॥੩॥

The Guru has shown me the sixty-eight[98] shrines within[100] my mind[99], wherein I bathe[2] now.

ਗੁਰਾਂ ਨੇ ਮੈਨੂੰ ਅਠਾਹਟ[98] ਧਰਮ ਅਸਥਾਨ ਮੇਰੇ ਮਨ[99] ਵਿਚ[100] ਹੀ ਵਿਖਾਲ ਦਿਤੇ ਹਨ, ਜਿਨ੍ਹਾਂ ਵਿਚ ਮੈਂ ਹੁਣ ਇਸ਼ਨਾਨ ਕਰਦਾ[2] ਹਾਂ ।

ਪੰਚ ਸਹਾਈ[3] ਜਨ[4] ਕੀ ਸੋਭਾ[5] ਭਲੋ[6] ਭਲੋ[7] ਨ ਕਹਾਵਉਗੋ[8] ॥

I listen not the praise[5] of the flattering[3] persons[4] nor care I to be called[8] good[6] and holy[7].

ਮੈਂ ਖ਼ੁਸ਼ਾਮਦੀ[3] ਪੁਰਸ਼[4] ਦੀ ਤਾਰੀਫ਼[5] ਨਹੀਂ ਸੁਣਦਾ, ਨਾ ਹੀ ਮੈਂ ਚੰਗਾ[6] ਤੇ ਨੇਕ[7] ਅਖਵਾਉਂਦਾ[8] ਹਾਂ ।

ਨਾਮਾ ਕਹੈ ਚਿਤੁ[9] ਹਰਿ ਸਿਉ[10] ਰਾਤਾ[12] ਸੁੰਨ ਸਮਾਧਿ[13] ਸਮਾਉਗੋ[14] ॥੪॥ ੨॥

Says Nam Dev, my mind[9] is imbued[12] with God and now I shall be absorbed[14] in His seedless trance[13].

ਨਾਮਦੇਵ ਜੀ ਆਖਦੇ ਹਨ, ਮੇਰਾ ਮਨ[9] ਹਰੀ ਨਾਲ[10] ਰੰਗਿਆ[12] ਗਿਆ ਹੈ ਅਤੇ ਮੈਂ ਹੁਣ ਉਸ ਦੀ ਅਫੁਰ ਤਾੜੀ[13] ਵਿਚ ਲੀਨ ਹੋ ਜਾਵਾਂਗਾ[14] ।

ਮਾਇ[15] ਨ ਹੋਤੀ ਬਾਪੁ[16] ਨ ਹੋਤਾ ਕਰਮੁ[17] ਨ ਹੋਤੀ ਕਾਇਆ[18] ॥

When there was no mother[15], no father[16], no deed[17] and no human body[18];

ਜਦ ਮਾਂ[15] ਨਹੀਂ ਸੀ, ਪਿਉ[16] ਨਹੀਂ ਸੀ, ਨਾ ਕੋਈ ਅਮਲ[17] ਸੀ ਤੇ ਨਾ ਹੀ ਮਨੁੱਖੀ ਦੇਹ[18] ।

ਹਮ[19] ਨਹੀ ਹੋਤੇ ਤੁਮ[22] ਨਹੀ ਹੋਤੇ ਕਵਨੁ[20] ਕਹਾਂ[21] ਤੇ ਆਇਆ ॥੧॥

When we[19] were not and you[22] were not, who[20] was there then and whence[21] did he come ?

ਅਸੀਂ[19] ਨਹੀਂ ਸੀ ਤੇ ਤੁਸੀਂ ਨਹੀਂ ਸਉ । ਤਦ ਕੌਣ[20] ਹੁੰਦਾ ਸੀ ਅਤੇ ਉਹ ਕਿਥੋਂ[21] ਆਇਆ ਸੀ ?

ਰਾਮ[24] ਕੋਇ ਨ ਕਿਸ ਹੀ ਕੇਰਾ[23] ॥ ਜੈਸੇ[25] ਤਰਵਰ[26] ਪੰਖਿ[27] ਬਸੇਰਾ[28] ॥੧॥ਰਹਾਉ॥

My Lord[24], no one belongs to[23] no one. We are here like[25] the perching[28] of a bird[27] on a tree[26]. Pause.

ਮੇਰੇ ਮਾਲਕ[24], ਕੋਈ ਕਿਸੇ ਦਾ[23] ਨਹੀਂ । ਆਪਾਂ ਏਥੇ ਪਰਿੰਦੇ[27] ਦੇ ਦਰਖ਼ਤ[26] ਉਤੇ ਬੈਠਣ[28] ਦੀ ਮਾਨੰਦ[25] ਹਾਂ । ਠਹਿਰਾਉ ।

ਚੰਦੁ[29] ਨ ਹੋਤਾ ਸੂਰੁ[30] ਨ ਹੋਤਾ ਪਾਨੀ[31] ਪਵਨੁ[32] ਮਿਲਾਇਆ[33] ॥

When there was neither the moon[29] nor the sun[30], then the water[31] and air[32] were merged[53] in the Lord.

ਜਦੋਂ ਨਾ ਚੰਦਰਮਾ[29] ਸੀ, ਨਾ ਹੀ ਸੂਰਜ[30], ਤਦ ਜਲ[31] ਅਤੇ ਹਵਾ[32] ਪ੍ਰਭੂ ਅੰਦਰ ਲੀਨ[33] ਸਨ ।

ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ[34] ਕਹਾਂ[35] ਤੇ ਆਇਆ ॥੨॥

When there were no Shashtras and no Vedas, whence[35] did good and bad actions[36] come then ?

ਜਦ ਨਾ ਸ਼ਾਸਤਰ ਸਨ ਅਤੇ ਨਾ ਹੀ ਵੇਦ, ਤਦ ਚੰਗੇ ਤੇ ਮੰਦੇ ਅਮਲ[34] ਕਿਥੋਂ[35] ਆਏ ਸਨ ?

ਖੇਚਰ[36] ਭੂਚਰ[37] ਤੁਲਸੀ[38] ਮਾਲਾ[39] ਗੁਰ ਪਰਸਾਦੀ[40] ਪਾਇਆ[41] ॥

Breath-control[36], fixation of attention[27] and wearing of the rosary[29] of sweet basil[38]; these I have found[41] contained in the Guru's grace[40].

ਸੁਆਸਾਂ ਦਾ ਅਟਕਾਉਣਾ[36], ਬਿਰਤੀ ਦਾ ਜੋੜਨਾ[37] ਅਤੇ ਨਿਆਜ਼ਬੋ[38] ਦੀ ਜਪਨੀ[39] ਪਾਉਣੀ, ਇਨ੍ਹਾਂ ਨੂੰ ਮੈਂ ਗੁਰਾਂ ਦੀ ਦਇਆ[40] ਵਿਚ ਸਮਾਏ ਹੋਏ ਪਾ ਲਿਆ[41] ਹੈ ।

ਨਾਮਾ ਪ੍ਰਣਵੈ[42] ਪਰਮ[43] ਤਤੁ[44] ਹੈ ਸਤਿਗੁਰ ਹੋਇ ਲਖਾਇਆ[45] ॥੩॥੩॥

Supplicates[42] Nam Dev, the Lord is the Supreme[43] Reality[44]. If one meets with the True Guru, it is then that one realises[45] Him.

ਨਾਮਦੇਵ ਬੇਨਤੀ ਕਰਦਾ[42] ਹੈ, ਪ੍ਰਭੂ ਮਹਾਨ[43] ਅਸਲੀਅਤ[44] ਹੈ। ਜੇਕਰ ਇਨਸਾਨ ਸੱਚੇ ਗੁਰਾਂ ਨੂੰ ਮਿਲ ਪਵੇ, ਤਦ ਹੀ ਉਹ ਉਸ ਨੂੰ ਅਨੁਭਵ[45] ਕਰਦਾ ਹੈ।

ਰਾਮਕਲੀ ਘਰੁ ੨ ॥

Ram Kali.

ਰਾਮਕਲੀ।

ਬਾਨਾਰਸੀ[46] ਤਪੁ[47] ਕਰੈ ਉਲਟਿ[48] ਤੀਰਥ[49] ਮਰੈ ਅਗਨਿ[50] ਦਹੈ[51] ਕਾਇਆ[52] ਕਲਪੁ[53] ਕੀਜੈ ॥

If man practises penance[47] at Kanshi[46], or dies inverted[48] at a shrine[49], or burns[53] himself in fire[50] or makes his body[52] long-lived[53];-

ਜੇਕਰ ਬੰਦਾ, ਕਾਂਸ਼ੀ[46] ਵਿਚ ਤਪੱਸਿਆ[47] ਕਰੇ, ਜਾਂ ਪੁੱਠਾ ਟੰਗਿਆ[48] ਧਰਮ-ਅਸਥਾਨਾਂ ਤੇ ਮਰ ਜਾਵੇ, ਜਾਂ ਆਪਣੇ ਆਪ ਨੂੰ ਅੱਗ[50] ਵਿਚ ਸਾੜ ਦੇਵੇ[51] ਜਾਂ ਆਪਣੀ ਦੇਹ[52] ਨੂੰ ਚਿਰੰਜੀਵੀ[53] ਬਣਾ ਲਵੇ ;

ਅਸੁਮੇਧ ਜਗੁ[54] ਕੀਜੈ ਸੋਨਾ[55] ਗਰਭ ਦਾਨੁ[56] ਦੀਜੈ ਰਾਮ[57] ਨਾਮ ਸਰਿ[58] ਤਊ[59] ਨ ਪੂਜੈ ॥੧॥

If he performs the horse sacrificial feast[54], or give concealed alms[56] of gold[55]; Even then[59] all these equal[58] not the Lord's[57] Name.

ਜੇਕਰ ਉਹ ਘੋੜੇ ਦੀ ਕੁਰਬਾਨੀ ਵਾਲਾ ਭੰਡਾਰਾ[54] ਕਰੇ, ਜਾਂ ਸੁਵਰਨ[55] ਦਾ ਗੁਪਤਦਾਨ[56] ਕਰੇ; ਤਦ[59] ਭੀ ਇਹ ਸਾਰੇ ਸੁਆਮੀ[57] ਦੇ ਨਾਮ ਦੇ ਤੁਲ[58] ਨਹੀਂ ਪੂਜਦੇ।

ਛੋਡਿ[60] ਛੋਡਿ[61]ਰੇ[62] ਪਾਖੰਡੀ[63] ਮਨ[64] ਕਪਟੁ[65] ਨ ਕੀਜੈ ॥

O[62] hypocritical[63] man[64], renounce[60] and forsake[61] deception[65] and practise it not.

ਹੇ[62] ਦੰਭੀ[63] ਇਨਸਾਨ[64] ! ਵਲਛਲ[65] ਨੂੰ ਤਰਕ[60] ਅਤੇ ਤਿਆਗ ਕਰ ਦੇ[61] ਅਤੇ ਇਸ ਨੂੰ ਨਾ ਕਰ।

ਹਰਿ ਕਾ ਨਾਮੁ ਨਿਤ[66]ਨਿਤਹਿ ਲੀਜੈ[67] ॥੧॥ਰਹਾਉ॥

Ever[66], ever utter[67] thou the Name of the Lord. Pause.

ਸਦਾ[66], ਸਦਾ ਹੀ ਤੂੰ ਸੁਆਮੀ ਦੇ ਨਾਮ ਦਾ ਉਚਾਰਨ[67] ਕਰ। ਠਹਿਰ ਉ।

ਗੰਗਾ ਜਉ[70] ਗੋਦਾਵਰਿ ਜਾਈਐ[68] ਕੁੰਭਿ[69] ਜਉ ਕੇਦਾਰ ਨ੍ਹਾਈਐ[70*] ਗੋਮਤੀ ਸਹਸ[71] ਗਊ[72] ਦਾਨੁ[73]ਕੀਜੈ॥

If[70] one goes[68] to the Ganges and Godawri every twelfth year[69], or bathes[70*] at Kedar Nath, or makes alms[73] of thousands[71] of cows[72] at Gomti ;-

ਜੇਕਰ[70] ਇਨਸਾਨ ਹਰ ਬਾਰ੍ਹਵੇਂ ਸਾਲ[69] ਗੰਗਾ ਅਤੇ ਗੋਦਾਵਰੀ ਜਾਵੇ[68], ਜਾਂ ਕਿਦਾਰਨਾਥ ਦਾ ਇਸ਼ਨਾਨ ਕਰੇ[70*], ਜਾਂ ਗੋਮਤੀ ਤੇ ਹਜ਼ਾਰਾਂ[71] ਹੀ ਗਾਈਆਂ[72] ਪੁੰਨ ਦਾਨ[73] ਕਰੇ :—

ਕੋਟਿ[74] ਜਉ ਤੀਰਥ[79] ਕਰੈ ਤਨੁ[76] ਜਉ ਹਿਵਾਲੇ[77] ਗਾਰੈ[78] ਰਾਮ ਨਾਮ ਸਰਿ ਤਊ ਨ ਪੂਜੈ ॥੨॥

If he performs millions[74] of pilgrimages of holies[79], or freezes[78] his body[76] in the Himalayas[77]; Even then all these equal not the Lord's Name.

ਜੇਕਰ ਉਹ ਕ੍ਰੋੜਾਂ[74] ਹੀ ਧਰਮ ਅਸਥਾਨਾਂ[79] ਦੀਆਂ ਯਾਤ੍ਰਾ ਕਰ ਲਵੇ, ਜਾਂ ਆਪਣੀ ਦੇਹ[76] ਨੂੰ ਹਿਮਾਲੀਆ[77] ਵਿਚ ਠੰਡ ਨਾਲ ਗਾਲ ਦੇਵੇ[78], ਤਾਂ ਭੀ ਇਹ ਸਾਰੇ ਸੁਆਮੀ ਦੇ ਨਾਮ ਦੇ ਤੁਲ ਨਹੀਂ ਪੂਜਦੇ।

ਅਸੁ[80] ਦਾਨੁ[81] ਗਜ[82] ਦਾਨ ਸਿਹਜਾ[83] ਨਾਰੀ[84] ਭੂਮਿ[85] ਦਾਨ ਐਸੋ[86] ਦਾਨੁ ਨਿਤ ਨਿਤਹਿ ਕੀਜੈ ॥

If man makes gifts[81] of horses[80], gifts of elephants[82], gifts of women[84] with their couches[13] and lands[85], and makes such[86] gifts ever and ever ;-

ਜੇਕਰ ਇਨਸਾਨ ਘੋੜਿਆਂ[80] ਦੀਆ ਦਾਤਾਂ[81], ਹਾਥੀਆਂ[82] ਦੀਆਂ ਦਾਤਾ, ਪਲੰਘਾ[83] ਸਣੇ ਇਸਤ੍ਰੀਆਂ[84] ਤੇ ਜ਼ਮੀਨਾਂ[85] ਦੀਆਂ ਦਾਤਾਂ ਦੇਵੇ ਅਤੇ ਐਹੋ ਜੇਹੀਆ[86] ਬਖਸ਼ੀਸ਼ਾਂ ਸਦਾ ਤੇ ਸਦਾ ਹੀ ਕਰੇ।

ਆਤਮ[87] ਜਉ ਨਿਰਮਾਇਲੁ[88] ਕੀਜੈ ਆਪ ਬਰਾਬਰਿ[89] ਕੰਚਨੁ[90] ਦੀਜੈ[91] ਰਾਮ ਨਾਮ

If he purifies[88] himself[87] and gives[91] alms of gold[90] equal[89] to his body's weight; Even then all these equal not

ਜੇਕਰ ਉਹ ਆਪਣੇ ਆਪ[87]ਨੂੰ ਪਵਿੱਤਰ ਕਰ ਲਵੇ[88] ਅਤੇ ਆਪਣੀ ਦੇਹ ਦੇ ਭਾਰ ਦੇ ਸਮਾਨ[89] ਸੋਨਾ[90] ਦਾਨ ਵਿੱਚ ਦੇਵੇ[91]; ਤਾਂ ਭੀ ਇਹ ਸਾਰੇ ਸਾਂਈਂ ਦੇ ਨਾਮ ਦੇ

ਸਰਿ ਤਉ ਨ ਪੁਜੈ ॥੩॥
ਮਨਹਿ[92] ਨ ਕੀਜੈ[93] ਰੋਸੁ[94]
ਜਮਹਿ[96] ਨ ਦੀਜੈ ਦੋਸੁ[95]
ਨਿਰਮਲ[97] ਨਿਰਬਾਣ[98]
ਪਦੁ[99] ਚੀਨ੍ਹਿ[100] ਲੀਜੈ ॥

the Lord's Name.
Entertain[93] thou not anger[94] in thy mind[92] and attribute not blame[95] to the Death's Courier[96], but recognise[100] thou the immaculate[97] dignity[99] of salvation[98].

ਤੁਲ ਨਹੀਂ ਪੁਜਦੇ ।
ਤੂੰ ਆਪਣੇ ਚਿੱਤ[92] ਅੰਦਰ ਗੱਸਾ[94] ਨਾ ਧਾਰ[93] ਅਤੇ ਮੌਤ ਦੇ ਦੂਤ[96] ਉੱਤੇ ਇਲਜ਼ਾਮ[95] ਨਾ ਲਾ, ਤੂੰ ਮੋਖਸ਼[98] ਦੇ ਪਵਿੱਤਰ[97] ਮਰਤਬੇ[99] ਦੀ ਪਛਾਣ[100] ਕਰ ।

ਜਮਰਥ ਰਾਇ[2] ਨੰਦੁ[3]
ਰਾਜਾ[4] ਮੇਰਾ ਰਾਮ ਚੰਦੁ
ਪ੍ਰਣਵੈ[5] ਨਾਮਾ ਤਤੁ[6] ਰਸੁ[7]
ਅੰਮ੍ਰਿਤੁ[8] ਪੀਜੈ[9] ॥੪॥੪॥

Prays[5] Namdev, my Sovereign Lord[4] is Ram Chander, the son[3] of King[2] Dasrath and I quaff[9] the quintessence[6] of the immortalising[7] elixir[8].

ਨਾਮਦੇਵ ਬੇਨਤੀ[5] ਕਰਦਾ ਹੈ, ਮੇਰਾ ਸ਼ਹਿਨਸ਼ਾਹ[2] ਸੁਆਮੀ[4] ਰਾਜੇ ਦਸਰਥ ਦਾ ਪੁੱਤ੍ਰ[3], ਰਾਮ ਚੰਦ ਹੈ ਅਤੇ ਮੈਂ ਸੁਰਜੀਤ ਕਰਨਹਾਰ[7] ਅੰਮ੍ਰਿਤ[8] ਦਾ ਜੌਹਰ[6] ਪਾਨ ਕਰਦਾ[9] ਹਾਂ ।

ਰਾਮਕਲੀ
ਬਾਣੀ ਰਵਿਦਾਸ ਜੀ[10] ਕੀ

Ramkali
Hymns of Sire Ravidas

ਰਾਮਕਲੀ
ਸ਼ਬਦ ਪੂਜਾ[10] ਰਵਿਦਾਸ ਜੀ ਦੇ

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਪੜੀਐ[12] ਗੁਨੀਐ[13] ਨਾਮੁ
ਸਭੁ[14] ਸੁਨੀਐ[15] ਅਨਭਉ[16]
ਭਾਉ[17] ਨ ਦਰਸੈ[18] ॥

The mortals read[12], hear[15] and reflect[13] upon the innumerable[14] Names of the Lord, but they can see[18] not the Embodiment of gnosis[16] and love[17].

ਪ੍ਰਾਣੀ ਪ੍ਰਭੂ ਦੇ ਅਣਗਿਣਤ[14] ਨਾਵਾਂ ਨੂੰ ਵਾਚਦੇ[12], ਸ੍ਰਵਨ ਕਰਦੇ[15] ਅਤੇ ਵੀਚਾਰਦੇ[13] ਹਨ, ਪ੍ਰੰਤੂ ਉਹ ਗਿਆਨ[16] ਅਤੇ ਪਿਆਰ[17] ਦੇ ਪੁੰਜ ਨੂੰ ਵੇਖ[18] ਨਹੀਂ ਸਕਦੇ ।

ਲੋਹਾ[19] ਕੰਚਨੁ[20] ਹਿਰਨ[21]
ਹੋਇ[22] ਕੈਸੇ[23] ਜਉ[24]
ਪਾਰਸਹਿ[25] ਨ ਪਰਸੈ[26] ॥੧॥
ਦੇਵ[27] ਸੰਸੈ[28] ਗਾਂਠਿ[29] ਨ
ਛੂਟੈ[30] ॥
ਕਾਮ[31] ਕ੍ਰੋਧ[32] ਮਾਇਆ[33]
ਮਦ[34] ਮਤਸਰ[35] ਇਨ
ਪੰਚਹੁ[36] ਮਿਲਿ[37] ਲੂਟੇ[38] ॥
੧॥ਰਹਾਉ॥

How[23] can iron[19] become[22] invaluable[31] gold[20], if[24] it touches[26] not the philosopher's stone[25] ?
O Lord[27], the knot[29] of doubt[28] unravels[30] not.
Lust[31], wrath[32], worldly valuables[33] egotism[34] and jealousy[25]; these five[36] combined[37] are plundering[38] the whole world. Pause.

ਲੋਹਾ[19] ਕਿਸ ਤਰ੍ਹਾਂ[23] ਅਮੋਲਕ[21] ਸੋਨਾ[20] ਬਣ ਸਕਦਾ[22] ਹੈ, ਜੇਕਰ[24] ਉਹ ਕਸਵੱਟੀ ਦੇ ਪੱਥਰ[25] ਨਾਲ ਨਾ ਲੱਗੇ[26] ।
ਹੇ ਸੁਆਮੀ[27] ! ਵਹਿਮ[28] ਦੀ ਗੰਢ[29] ਖੁਲ੍ਹਦੀ[30] ਨਹੀਂ ।
ਕਾਮ[31], ਕ੍ਰੋਧ[32], ਸੰਸਾਰੀ ਪਦਾਰਥ[33], ਹੰਕਾਰ[34] ਅਤੇ ਈਰਖਾ[35]; ਇਹ ਪੰਜੇ[36] ਇਕੱਠੇ ਹੋ[37] ਸਾਰੇ ਸੰਸਾਰ ਨੂੰ ਲੂੱਟ ਪੁੱਟ ਰਹੇ[38] ਹਨ । ਠਹਿਰਾਉ ।

੯੭੪

ਹਮ[39] ਬਡ[40] ਕਬਿ[41] ਕੁਲੀਨ[42]
ਹਮ ਪੰਡਿਤ[43] ਹਮ ਜੋਗੀ
ਸੰਨਿਆਸੀ[45] ॥
ਗਿਆਨੀ[44] ਗੁਨੀ[46] ਸੂਰ[47]
ਹਮ ਦਾਤੇ[48] ਇਹ[51] ਬੁਧਿ[48*]
ਕਬਹਿ[49] ਨ ਨਾਸੀ[50] ॥੨॥

I[39] am a great[40] poet[41] and of high family[42]. I am a scholar[43] and I am a Yogi and a solitarian[45].
I am a virtuous[46] divine[44], a warrior[47] and a donor[48]; such[51] thinking[48*] perishes[50] not ever[49].

ਮੈਂ[39] ਵੱਡਾ[40] ਕਵੀਸਰ[41] ਤੇ ਉੱਚੀ ਕੁਲ ਵਾਲਾ[42] ਹਾਂ ।
ਮੈਂ ਵਿਦਵਾਨ[43] ਹਾਂ ਅਤੇ ਮੈਂ ਯੋਗੀ ਅਤੇ ਇਕਾਂਤੀ[45] ਹਾਂ ।
ਮੈਂ ਗੁਣਵਾਨ[46] ਬ੍ਰਹਮਬੇਤਾ[44], ਯੋਧਾ[47] ਅਤੇ ਦਾਨੀ[48] ਹਾਂ; ਐਸਾ ਖ਼ਿਆਲ[48*] ਕਦੇ[49] ਭੀ ਬਿਨਸਦਾ[50] ਨਹੀਂ ।

ਕਹੁ ਰਵਿਦਾਸ ਸਭੈ[55] ਨਹੀ ਸਮਝਸਿ[51] ਭੂਲਿ[52] ਪਰੇ ਜੈਸੇ[53] ਬਉਰੇ[54] ॥	Says Ravi Dass, all[55] the men understand[51] not God and go astray[52] like[53] mad men[54].	ਰਵਿਦਾਸ ਜੀ ਆਖਦੇ ਹਨ, ਸਾਰੇ[55] ਬੰਦੇ ਵਾਹਿਗੁਰੂ ਨੂੰ ਨਹੀਂ ਸਮਝਦੇ[51] ਅਤੇ ਪਗਲੇ ਪੁਤਸ਼ਾਂ[54] ਵਾਗੂ[53] ਕੁਰਾਹੇ ਪਏ ਹੋਏ[52] ਹਨ ।
ਮੋਹਿ[56] ਅਧਾਰੁ[57] ਨਾਮੁ ਨਾਰਾਇਨ[58] ਜੀਵਨ[59] ਪ੍ਰਾਨ[60] ਧਨ[61] ਮੋਰੇ[62] ॥੩॥੧॥	The Lord's[58] Name is my[56] support[57], my[62] life[59], soul[60] and wealth[61].	ਪ੍ਰਭੂ[58] ਦਾ ਨਾਮ ਮੇਰਾ[56] ਆਸਰਾ[57], ਮੇਰੀ[62] ਜ਼ਿੰਦਗੀ[59], ਜਿੰਦੜੀ[60] ਅਤੇ ਦੌਲਤ[61] ਹੈ ।
ਰਾਮਕਲੀ	Ramkali	ਰਾਮਕਲੀ
ਬਾਣੀ ਬੇਣੀ ਜੀਉ[63] ਕੀ	Hymns of Reverend[63] Beni	ਸ਼ਬਦ ਪੂਜਯ ਬੇਣੀ ਜੀ ਦੇ
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਇੜਾ[64] ਪਿੰਗੁਲਾ[65] ਅਉਰ[66] ਸੁਖਮਨਾ[67] ਤੀਨਿ[68] ਬਸਹਿ[69] ਇਕ ਠਾਈ[70] ॥	The left wind-pipe[64], the right wind-pipe[65] and[66] the central[67] one; These three[68] abide[69] in one place[70].	ਖੱਬੀ ਹਵਾ ਦੀ ਨਾੜੀ[64], ਸੱਜੀ ਹਵਾ ਦੀ ਨਾੜੀ[65] ਅਤੇ[66] ਵਿਚਕਾਰਲੀ[67]; ਇਹ ਤਿੰਨੋਂ[68] ਇਕ ਹੀ ਜਗ੍ਹਾ[70] ਤੇ ਰਹਿੰਦੀਆਂ[69] ਹਨ ।
ਬੇਣੀ[71] ਸੰਗਮੁ[72] ਤਹ[73] ਪਿਰਾਗੁ[74] ਮਨੁ[75] ਮਜਨੁ[76] ਕਰੇ ਤਿਥਾਈ[77] ॥੧॥	Priyag[74] is there[73], where the three streams[71] the Ganges, Jamna and Saraswati, meet[72]. My mind[75] bathes[76] at that place[77].	ਪ੍ਰਯਾਗ (ਅਲਾਹਾਬਾਦ[74]) ਉਥੇ[73] ਹੈ, ਜਿਥੇ ਤਿੰਨ ਨਦੀਆਂ[71] ਗੰਗਾ, ਜਮਨਾ ਤੇ ਸੁਰਸਵਤੀ ਮਿਲਦੀਆਂ[72] ਹਨ । ਮੇਰਾ ਮਨੂਆ[75] ਉਸ ਜਗ੍ਹਾ[77] ਤੇ ਇਸ਼ਨਾਨ ਕਰਦਾ[76] ਹੈ ।
ਸੰਤਹੁ ਤਹਾ[78] ਨਿਰੰਜਨ[79] ਰਾਮੁ ਹੈ ॥ ਗੁਰ ਗਮਿ[80] ਚੀਨੈ[81] ਬਿਰਲਾ[82] ਕੋਇ ॥	O saints, the Immaculate[79] Lord abides there[78]. Going[80] to the Guru, some rare[32] one understands[81] this.	ਹੇ ਸਾਧੂਓ ! ਪਵਿੱਤ੍ਰ[79] ਪ੍ਰਭੂ ਓਥੇ[78] ਵਸਦਾ ਹੈ । ਗੁਰਾਂ ਕੋਲ ਜਾ ਕੇ[80] ਕੋਈ ਇੱਕ ਅੱਧਾ ਹੀ[82] ਇਸ ਨੂੰ ਸਮਝਦਾ[81] ਹੈ ।
ਤਹਾਂ[83] ਨਿਰੰਜਨੁ ਰਮਈਆ[84] ਹੋਇ ॥੧॥ਰਹਾਉ॥	The Immaculate Omnipresent Lord[84] is seen in that place[83]. Pause.	ਪਾਵਨ ਪਵਿੱਤਰ ਸਰਬ ਵਿਆਪਕ ਪ੍ਰਭੂ[84] ਉਸ ਥਾਂ[83] ਤੇ ਦਿਸ ਆਉਂਦਾ ਹੈ । ਠਹਿਰਾਉ ।
ਦੇਵ[85] ਸਥਾਨੈ[86] ਕਿਆ[87] ਨੀਸਾਣੀ[88] ॥	What[87] is the sign[88] of the Lord's[85] abode[86] ?	ਸਾਹਿਬ[85] ਦੇ ਨਿਵਾਸ ਅਸਥਾਨ[86] ਦੀ ਕੀ[87] ਨਿਸ਼ਾਨੀ[88] ਹੈ ?
ਤਹ ਬਾਜੇ[89] ਸਬਦ[90] ਅਨਾਹਦ ਬਾਣੀ[91] ॥	There is played[89] the unbeaten music[91] of the Name[90].	ਉਥੇ ਨਾਮ[90] ਦਾ ਸੁਤੇ ਸਿਧ ਕੀਰਤਨ[91] ਹੁੰਦਾ[89] ਹੈ ।
ਤਹ[92] ਚੰਦੁ[93] ਨ ਸੂਰਜੁ[94] ਪਉਣੁ[95] ਨ ਪਾਣੀ[96] ॥	There is no moon[93], no sun[94], neither air[95] nor water[96] at that place[92].	ਉਸ ਥਾਂ[92] ਤੇ ਨਾ ਚੰਨ[93], ਨਾ ਸੂਰਜ[94], ਨਾ ਹਵਾ[95] ਅਤੇ ਨਾ ਹੀ ਜਲ[96] ਹੈ ।
ਸਾਖੀ[97] ਜਾਗੀ[98] ਗੁਰਮੁਖਿ[99] ਜਾਣੀ[100] ॥੨॥	It is by the Guru's grace[99], that the Lord's discourse[97] becomes manifest[98] and is understood[100].	ਗੁਰਾਂ ਦੀ ਦਇਆ ਦੁਆਰਾ[99] ਹੀ ਪ੍ਰਭੂ ਦੀ ਵਾਰਤਾ[97] ਪ੍ਰਗਟ[98] ਹੁੰਦੀ ਅਤੇ ਸਮਝੀ ਜਾਂਦੀ[100] ਹੈ ।
ਉਪਜੈ[2] ਗਿਆਨੁ[3] [4]ਦੁਰਮਤਿ[5] ਛੀਜੈ[6] ॥ ਅੰਮ੍ਰਿਤ[7] ਰਸਿ[8]	Then gnosis[3] wells up[2] within the mortal and his evil[4] intellect[5] departs[6],	ਤਦ ਪ੍ਰਾਨੀ ਦੇ ਅੰਦਰ ਬ੍ਰਹਮ ਗਿਆਤ[3] ਉਤਪੰਨ ਹੋ ਜਾਂਦੀ[2] ਹੈ ਅਤੇ ਉਸ ਦੀ ਮੰਦੀ[4] ਅਕਲ[5] ਦੂਰ ਥੀ ਵੰਞਦੀ[6] ਹੈ ਅਤੇ

[9]ਗਗਨੰਤਰਿ[10] ਭੀਜੈ[12] ॥	the core[10] of his mind's sky[9] is drenched[12] with the immortalising[7] ambrosia[8].	ਉਸ ਦੇ ਮਨ ਦੇ ਆਕਾਸ਼[9] ਦਾ ਅੰਤ੍ਰੀਵ[10], ਅਮਰ ਕਰ ਦੇਣ ਵਾਲੇ[7] ਅੰਮ੍ਰਿਤ[8] ਨਾਲ ਗੱਚ ਹੋ ਜਾਂਦਾ[12] ਹੈ।
ਏਸੁ ਕਲਾ[13] ਜੋ ਜਾਣੈ[14] ਭੇਉ[15] ॥ ਭੇਟੈ[16] ਤਾਸੁ[17] ਪਰਮ[18] ਗੁਰਦੇਉ[19] ॥੩॥	He who realises[14] the secret[15] of this contrivance[13]; him[17] meets[16] the supreme[18] Guru-God[19].	ਜੋ ਇਸ ਹਿਕਮਤ[13] ਦੇ ਭੇਦ[15] ਨੂੰ ਅਨੁਭਵ ਕਰਦਾ[14] ਹੈ; ਉਸ[17] ਨੂੰ ਮਹਾਨ[18] ਗੁਰੂ-ਪ੍ਰਮੇਸ਼ਰ[19] ਮਿਲ ਪੈਂਦੇ[16] ਹਨ।
ਦਸਮ ਦੁਆਰਾ[20] ਅਗਮ[21] ਅਪਾਰਾ[22] ਪਰਮ[23] ਪੁਰਖ[24] ਕੀ ਘਾਟੀ[25] ॥	The tenth gate[20] is the abode[25] of the Inaccessible[21] and Infinite[22] Supreme[23] Lord[24].	ਦਸਵਾਂ ਦਰਵਾਜ਼ਾ[20] ਪਹੁੰਚ ਤੋਂ ਪਰੇ[21] ਅਤੇ ਬੇਅੰਤ[22] ਸ੍ਰੇਸ਼ਟੀ[23] ਸਾਹਿਬ[24] ਦੇ ਰਹਿਣ ਦੀ ਥਾਂ[25] ਹੈ।
ਊਪਰਿ ਹਾਟੁ[26] ਹਾਟ ਪਰਿ ਆਲਾ[27] ਆਲੇ ਭੀਤਰਿ[28] ਥਾਤੀ[29] ॥੪॥	Over the shop[26] and above the shop is a niche[27] in the wall and in[28] the niche is the commodity[29].	ਦੁਕਾਨ[26] ਦੇ ਉਪਰ ਅਤੇ ਦੁਕਾਨ ਦੇ ਉੱਤੇ, ਕੰਧ ਵਿੱਚ ਇਕ ਰਖਨਾ[27] ਹੈ ਅਤੇ ਰਖਨੇ ਵਿਚ[28] ਹੈ ਇਕ ਵਸਤੂ[29]।
ਜਾਗਤੁ ਰਹੈ ਸੁ ਕਬਹੁ[30] ਨ ਸੋਵੈ ॥	He who remains awake, goes not to sleep ever[30].	ਜੋ ਜਾਗਦਾ ਰਹਿੰਦਾ ਹੈ, ਉਹ ਕਦਾਚਿਤ[30] ਨਹੀਂ ਸੌਂਦਾ।
ਤੀਨਿ[31] ਤਿਲੋਕ[32]ਸਮਾਧਿ[33] ਪਲੋਵੈ[34] ॥	The three qualities and the three[31] worlds[32] vanish[34] for him in his trance[33].	ਤਿੰਨੇ ਗੁਣ ਅਤੇ ਤਿੰਨੇ[31] ਜਹਾਨ[32] ਉਸ ਦੀ ਤਾੜੀ[33] ਅੰਦਰ, ਉਸ ਦੇ ਲਈ ਅਲੋਪ ਹੋ ਜਾਂਦੇ[34] ਹਨ।
ਬੀਜ[35] ਮੰਤ੍ਰੁ ਲੈ[36] ਹਿਰਦੈ[37] ਰਹੈ[38] ॥	Taking[36] the seed[35] of the Lord's Name, he enshrines[38] it within his mind[37].	ਪ੍ਰਭੂ ਦੇ ਨਾਮ ਦੇ ਬੀਜ[35] ਨੂੰ ਲੈ ਕੇ[36], ਉਹ ਇਸ ਨੂੰ ਆਪਣੇ ਮਨ[37] ਅੰਦਰ ਟਿਕਾ ਲੈਂਦਾ[38] ਹੈ।
ਮਨੂਆ[39] ਉਲਟਿ[40] ਸੁੰਨ[41] ਮਹਿ[42] ਗਹੈ[43] ॥੫॥	Turning[40] back his mind[39] from the world, he fixes[43] it in[42] the Profound Lord[41].	ਆਪਣੇ ਮਨ[39] ਨੂੰ ਸੰਸਾਰ ਵਲੋਂ ਮੋੜ ਕੇ[40], ਉਹ ਇਸ ਨੂੰ ਅਫੁਰ ਸੁਆਮੀ[41] ਅੰਦਰ[42] ਜੋੜ ਲੈਂਦਾ[43] ਹੈ।
ਜਾਗਤੁ[44] ਰਹੈ ਨ ਅਲੀਆ[45] ਭਾਖੈ[46] ॥	He remains wakeful[44] and utters[46] not a lie[45].	ਉਹ ਖ਼ਬਰਦਾਰ[44] ਰਹਿੰਦਾ ਹੈ ਅਤੇ ਝੂਠ[45] ਨਹੀਂ ਬੋਲਦਾ[46]।
ਪਾਚਉ ਇੰਦ੍ਰੀ[47] ਬਸਿ[48] ਕਰਿ ਰਾਖੈ ॥	His five sense-organs[47], he keeps under his control[48].	ਆਪਣੇ ਪੰਜੇ ਗਿਆਨ-ਅੰਗਾ[47] ਨੂੰ ਉਹ ਆਪਣੇ ਇਖ਼ਤਿਆਰ[48] ਵਿਚ ਰਖਦਾ ਹੈ।
ਗੁਰ ਕੀ ਸਾਖੀ[49] ਰਾਖੈ[50] ਚੀਤਿ[51] ॥	The Guru's instruction[49], he treasures[50] up in his mind[51].	ਗੁਰੂ ਦਾ ਉਪਦੇਸ਼[49] ਉਹ ਆਪਣੇ ਮਨ[51] ਅੰਦਰ ਟਿਕਾਉਂਦਾ[50] ਹੈ।
ਮਨੁ[52] ਤਨੁ[53] ਅਰਪੈ[54] ਕ੍ਰਿਸਨ[55] ਪਰੀਤਿ[56] ॥੬॥	His soul[52] and body[53], he offers[54] to his Lord's[55] love[56].	ਆਪਣੀ ਜਿੰਦੜੀ[52] ਅਤੇ ਦੇਹ[53] ਉਹ ਆਪਣੇ ਪ੍ਰਭੂ[55] ਦੇ ਪ੍ਰੇਮ[56] ਦੀ ਭੇਟਾ ਕਰ ਦਿੰਦਾ[54] ਹੈ।
ਕਰ[57] ਪਲਵ[58] ਸਾਖਾ[59] ਬੀਚਾਰੇ[60] ॥	The mortal deems[60] his hands[57] as the leaves[53] and branches[59] of the body-tree.	ਪ੍ਰਾਣੀ ਆਪਣਿਆਂ ਹੱਥਾਂ[57] ਨੂੰ ਦੇਹ ਦੇ ਦਰਖਤ ਦੇ ਪਤੇ[58] ਅਤੇ ਟਹਿਣੀਆਂ[59] ਖ਼ਿਆਲ ਕਰਦਾ[60] ਹੈ।

ਅਪਨਾ ਜਨਮੁ[61] ਨ ਜੂਐ[62] ਹਾਰੇ[63] ॥	He loses[63] not his life[61] in gambling[62].	ਉਹ ਆਪਣਾ ਜੀਵਨ[61] ਜੂਏ[62] ਵਿੱਚ ਨਹੀਂ ਹਾਰਦਾ[63] ।
ਅਸੁਰ[64] ਨਦੀ[65] ਕਾ ਬੰਧੈ[66] ਮੂਲੁ[67] ॥	He plugs[66] the source[47] of the stream[65] of evil inclinations[64].	ਉਹ ਮੰਦ ਰੁੱਚੀਆਂ[64] ਦੇ ਨਾਲੇ[65] ਦੇ ਨਿਕਾਸ[67] ਨੂੰ ਬੰਦ ਕਰ ਦਿੰਦਾ[67] ਹੈ ।
ਪਛਿਮ[68] ਫੇਰਿ[69] ਚੜਾਵੈ[70] ਸੂਰੁ[71] ॥	Turning away[69] from the spiritual darkness of the west[68], he makes rise[70] the sun[71] of Divine knowledge.	ਮਗਰਬ[68] ਦੇ ਆਤਮਕ ਅਨ੍ਹੇਰੇ ਵਲੋਂ ਮੋੜਾ ਪਾ ਕੇ[69] ਉਹ ਬ੍ਰਹਮ ਗਿਆਨ ਦੇ ਸੂਰਜ[71] ਨੂੰ ਚੜ੍ਹਾ ਲੈਂਦਾ[70] ਹੈ ।
ਅਜਰੁ[72] ਜਰੈ[73] ਸੁ[76] ਨਿਝਰੁ[74] ਝਰੈ[75] ॥ [77]ਜਗੰ ਨਾਥ[78] ਸਿਉ[79] ਗੋਸਟਿ[89] ਕਰੈ ॥੭।	When he[76] bears[78] the unbearable[72], then does the Nectar[74] trickle[75] forth within him and he converses[80] with[79] the Lord[78] of the world[77].	ਜਦ ਉਹ[76] ਨਾ-ਸਹਾਰੇ ਜਾਣ ਵਾਲੇ[72] ਨੂੰ ਸਹਾਰ ਲੈਂਦਾ[73] ਹੈ, ਤਾਂ ਉਸ ਦੇ ਅੰਦਰ ਅੰਮ੍ਰਿਤ[74] ਟਪਕਦਾ[75] ਹੈ ਅਤੇ ਉਹ ਸ੍ਰਿਸ਼ਟੀ[77] ਦੇ ਸੁਆਮੀ[78] ਨਾਲ[79] ਬਾਤ ਚੀਤ ਕਰਦਾ[80] ਹੈ ।
ਚਉਮੁਖ[81] ਦੀਵਾ[82] ਜੋਤਿ[83] ਦੁਆਰ[84] ॥	In the Tenth gate[84] is the light[83] of the four-faced[61] lamp[82].	ਦਸਮ-ਦੁਆਰ[84] ਅੰਦਰ ਚੌਮੁਖੀਏ[81] ਦੀਪਕ[82] ਦਾ ਚਾਨਣ[83] ਹੈ ।
ਪਲੂ[85] ਅਨਤ[86] ਮੂਲੁ[87] ਬਿਚਕਾਰਿ[88] ॥	The Primal Lord[87] is in the centre[88] and endless[86] worlds (leaves[85]) are around Him.	ਪ੍ਰਿਥਮ ਪ੍ਰਭੂ[87] ਕੇਂਦਰ[88] ਵਿੱਚ ਹੈ ਅਤੇ ਬੇਅੰਤ[86] ਸੰਸਾਰ ਜਾਂ ਪੱਤੇ[85] ਉਸ ਦੇ ਆਲੇ ਦੁਆਲੇ ਹਨ ।
ਸਰਬ[89] ਕਲਾ[90] ਲੇ[91] ਆਪੇ[92] ਰਹੈ[93] ॥	With[91] all[89] His powers[90], the Lord Himself[92] abides[93] there.	ਆਪਣੀਆਂ ਸਾਰੀਆਂ[89] ਸ਼ਕਤੀਆਂ[90] ਸਮੇਤ[91] ਸਾਈਂ ਖ਼ੁਦ[92] ਉੱਥੇ ਵਸਦਾ[93] ਹੈ ।
ਮਨੁ[94] ਮਾਣਕੁ[95] ਰਤਨਾ[96] ਮਹਿ[97] ਗੁਹੈ[98] ॥੮॥	There he weaves[98] into[97] his pearl[95]-like mind[94], the jewels[96] of the Lord's Name.	ਉੱਥੇ ਉਹ ਆਪਣੇ ਮੋਤੀ[95] ਵਰਗੇ ਮਨ[94] ਅੰਦਰ[98] ਪ੍ਰਭੂ ਦੇ ਨਾਮ ਦੇ ਜਵੇਹਰਾਂ[96] ਨੂੰ ਪਰੋਂਦਾ[98] ਹੈ ।
ਮਸਤਕਿ[99]ਪਦਮੁ[100] ਦੁਆਲੈ[2] ਮਣੀ[3] ॥	On the forehead[99] is the lotus[100] and around[2] it are the jewels[3].	ਮੱਥੇ[99] ਉੱਤੇ ਕੰਵਲ[100]ਹੈ ਅਤੇ ਇਸ ਦੇ ਆਲੇ ਦੁਆਲੇ[2] ਜਵਾਹਿਰਾਤ[3] ਹਨ ।
ਮਾਹਿ[4] ਨਿਰੰਜਨੁ[5] ਤ੍ਰਿਭਵਣ[7] ਧਣੀ[8] ॥	In[4] the centre is the Pure Lord[5], the Master[8] of the three[6] worlds[7].	ਕੇਂਦਰ ਵਿੱਚ[4], ਤਿੰਨਾਂ[6] ਜਹਾਨਾਂ[7] ਦਾ ਮਾਲਕ[8] ਪਵਿੱਤ੍ਰ ਪ੍ਰਭੂ[5] ਹੈ ।
ਪੰਚ[17] ਸਬਦ[13] ਨਿਰਮਾਇਲ[9] ਬਾਜੇ[10] ॥	The melody of the five[12] pure[9] sounds[13] resounds[10] there.	ਪੰਜਾਂ[12] ਸੁਧ[9] ਆਵਾਜ਼ਾਂ[13] ਦਾ ਕੀਰਤਨ ਉਥੇ ਗੂੰਜਦਾ[10] ਹੈ ।
ਢੁਲਕੇ[14] ਚਵਰ[15] ਸੰਖ[16] ਘਨ[17] ਗਾਜੇ[18] ॥	The fly-brushes[15] wave[14] and the couches[16] thunder[18] like cloud[17].	ਚੌਰ[15] ਝੁਲਦੇ[14] ਹਨ ਅਤੇ ਸੰਖ[16], ਬੱਦਲ[17] ਦੀ ਮਾਨੰਦ ਗਰਜਦੇ[18] ਹਨ ।
ਦਲਿ ਮਲਿ[19] ਦੈਤਹੁ[20] ਗੁਰਮੁਖਿ[21] ਗਿਆਨੁ[22] ॥	Through the Guru-given[21] gnosis[22], man tramples[19] under his feet the demons[20].	ਗੁਰੂ[21] ਦੇ ਦਿਤੇ ਹੋਏ ਬ੍ਰਹਮ[22] ਦੇ ਰਾਹੀਂ ਇਨਸਾਨ ਰਾਖ਼ਸ਼ਾਂ[20] ਨੂੰ ਆਪਣੇ ਪੈਰਾਂ ਹੇਠਾਂ ਲਤਾੜ ਸੁੱਟਦਾ[19] ਹੈ ।
ਬੇਣੀ ਜਾਚੈ[28] ਤੇਰਾ ਨਾਮੁ ॥ ੯॥੧॥	Beni craves[23] only for Thy Name, O Lord.	ਬੇਣੀ ਕੇਵਲ ਤੇਰੇ ਨਾਮ ਦੀ ਜਾਚਨਾ ਕਰਦਾ[23] ਹੈ, ਹੇ ਪ੍ਰਭੂ !

੯੭੫
ਰਾਗੁ ਨਟ ਨਾਰਾਇਨ
ਮਹਲਾ ੪

Rag Nat Narain
4th Guru

ਰਾਗ ਨਟ ਨਾਰਾਇਨ
ਚੌਥੀ ਪਾਤਿਸ਼ਾਹੀ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ[24] ਗੁਰ ਪ੍ਰਸਾਦਿ[25] ॥

There is but One God. True is His Name, creative His personality and immortal His form. He is without fear, sans enmity, unborn and self-illumined. By Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚਾ ਹੈ ਉਸ ਦਾ ਨਾਮ, ਰਚਨਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਨਿੱਡਰ, ਦੁਸ਼ਮਨੀ-ਰਹਿਤ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਮੇਰੇ ਮਨ[26] ਜਪਿ[27] ਅਹਿਨਿਸਿ ਨਾਮੁ ਹਰੇ ॥

O my soul[24], day[26] and night[27] utter[25] thou the Name of thy God.

ਹੇ ਮੇਰੀ ਜਿੰਦੜੀਏ[24], ਤੂੰ ਦਿਹੁੰ[26] ਰੈਣ[27] ਆਪਣੇ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰ[25]।

ਕੋਟਿ[28] ਕੋਟਿ ਦੋਖਿ[29] ਬਹੁ[30] ਕੀਨੇ[31] ਸਭ[34] ਪਰਹਰਿ[32] ਪਾਸਿ[33] ਧਰੇ ॥੧॥ਰਹਾਉ॥

Multitudes[30] of sins[29], committed[31] by thee in myriads[28] and myriads of births ; the Lord shall all[34] write off[32] and lay aside[33]. Paus.

ਕ੍ਰੋੜਾਂ[28] ਹੀ ਕ੍ਰੋੜਾਂ ਜਨਮਾਂ ਦੇ ਤੇਰੇ ਕੀਤੇ ਹੋਏ[31] ਪਾਪਾਂ[29] ਦੇ ਸਮੁਦਾਇ[30]; ਸਾਹਿਬ ਸਾਰਿਆਂ[34] ਨੂੰ ਮੇਟ ਕੇ[32] ਲਾਂਭੇ ਰੱਖ ਦੇਵੇਗਾ[33]। ਠਹਿਰਾਉ।

ਹਰਿ ਹਰਿ[35] ਨਾਮੁ ਜਪਹਿ ਆਰਾਧਹਿ[36] ਸੇਵਕ[37] ਭਾਇ[38] ਖਰੇ[39] ॥

True[39] are they, who remember and contemplate[36] the Name of their Lord-Master[35] with His slave's[37] sentiment[38].

ਸੱਚੇ[39] ਹਨ ਉਹ ਜੋ ਆਪਣੇ ਸੁਆਮੀ ਮਾਲਕ[35] ਦੇ ਮਨ ਨੂੰ ਉਸ ਦੇ ਗੋਲੇ[37] ਦੀ ਭਾਵਨਾ[38] ਨਾਲ ਯਾਦ ਤੇ ਚੇਤੇ[36] ਕਰਦੇ ਹਨ।

ਕਿਲਬਿਖ[40] ਦੋਖ[41] ਗਏ ਸਭ ਨੀਕਰਿ[42] ਜਿਉ[43] ਪਾਨੀ ਮੈਲੁ[44] ਹਰੇ[45] ॥੧॥

All their sins[40] and evils[41] are dispelled[42], as[43] water washes[45] off the filth[44].

ਉਨ੍ਹਾਂ ਦੇ ਸਾਰੇ ਪਾਪ[40] ਅਤੇ ਐਬ[41] ਨਿਕਲ ਜਾਂਦੇ[42] ਹਨ, ਜਿਸ ਤਰ੍ਹਾਂ[43] ਪਾਣੀ ਗੰਦਗੀ[44] ਨੂੰ ਧੋ ਸੁਟਦਾ[45] ਹੈ।

ਖਿਨੁ ਖਿਨੁ[46] ਨਰੁ[47] ਨਾਰਾਇਨੁ[48] ਗਾਵਹਿ[49] ਮੁਖ[50] ਬੋਲਹਿ[51] ਨਰ[52] ਨਰਹਰੇ[53] ॥

The man[47], who every moment[46] sings[49] the praise of God[48] and who with his mouth[50] utters[51] the Name of the mighty[52] Master, the man-lion[53];-

ਇਨਸਾਨ[47], ਜੋ ਹਰਮੁਹਤ[46] ਵਾਹਿਗੁਰੂ[48] ਦਾ ਜੱਸ ਗਾਇਨ ਕਰਦਾ[49] ਹੈ ਅਤੇ ਜੋ ਆਪਣੇ ਮੂੰਹ[50] ਨਾਲ ਮਨੁਖ-ਸ਼ੇਰ[53] ਸਰੂਪ ਬਲਵਾਨ[52] ਮਾਲਕ ਦੇ ਨਾਮ ਨੂੰ ਉਚਾਰਦਾ[51] ਹੈ;-

ਪੰਚ[54] ਦੋਖ[55] ਅਸਾਧ[56] ਨਗਰ[57] ਮਹਿ[58] ਇਕੁ ਖਿਨੁ[59] ਪਲੁ[60] ਦੂਰਿ ਕਰੇ[61] ॥੨॥

In[58] an instant[59] and trice[60], the Lord rids[61] him of the incurable[56] five[54] ailments[55] of his body-village[57].

ਇਕ ਛਿਨ[59] ਅਤੇ ਲਮ੍ਹੇ[60] ਅੰਦਰ[58], ਸੁਆਮੀ ਉਸ ਦੇ ਸਰੀਰ—ਪਿੰਡ[57] ਦੀਆਂ ਪੰਜ[54] ਲਾ-ਇਲਾਜ[56] ਬੀਮਾਰੀਆਂ[55] ਨੂੰ ਨਵਿਰਤ ਕਰ ਦਿੰਦਾ[61] ਹੈ।

[62]ਵਡਭਾਗੀ[65] ਹਰਿ ਨਾਮੁ ਧਿਆਵਹਿ[63] ਹਰਿ ਕੇ ਭਗਤ[64] ਹਰੇ ॥

Very[62] fortunate[65] are they, who contemplate[63] the Lord's Name. They alone are the Lord-God's saints[64].

ਜੋ ਭਾਰੇ[62] ਨਸੀਬਾਂ[65] ਵਾਲੇ ਪ੍ਰਭੂ ਦੇ ਨਾਮ ਦਾ ਆਰਾਧਨ ਕਰਦੇ[63] ਹਨ, ਕੇਵਲ ਉਹ ਹੀ ਸੁਆਮੀ ਵਾਹਿਗੁਰੂ ਦੇ ਸਾਧੂ[64] ਹਨ।

ਤਿਨ ਕੀ ਸੰਗਤਿ[66] ਦੇਹਿ[71]

I ask for[67] the society[66] of such

ਐਸੇ ਸਾਧੂਆਂ ਦਾ ਮੇਲ ਮਿਲਾਪ[66] ਮੈਂ ਮੰਗਦਾ[67] ਹਾਂ।

ਪ੍ਰਭ ਜਾਚਉ[67] ਮੈ ਮੂੜ[68] ਮੁਗਧ[69] ਨਿਸਤਰੇ[70] ॥੩॥

saints. My Master, bless[71] Thou me with it, so that, I, a fool[68] and an idiot[69], may also be saved[70].

ਮੈਂਨੂੰ ਮਾਲਕ ਤੂੰ ਮੈਨੂੰ ਇਹ ਪ੍ਰਦਾਨ ਕਰ[71] ਤਾਂ ਜੋ ਮੈਂ ਮੂਰਖ[68] ਤੇ ਬੁੱਧੂ[69] ਵੀ ਪਾਰ ਉੱਤਰ ਜਾਵਾਂ[70]।

ਕ੍ਰਿਪਾ[72] ਕ੍ਰਿਪਾ[73] ਧਾਰਿ [75]ਜਗਜੀਵਨ[76] ਰਖਿ[77]ਲੇਵਹੁ ਸਰਨਿ[78] ਪਰੇ[79] ॥

O God, the Life[76] of the world[75], I have sought[79] Thy protection[78]. Showing[74] Thine mercy[72] and compassion[73], save[77] Thou me, now.

ਹੇ ਸੰਸਾਰ[75] ਦੀ ਜਿੰਦਜਾਨ[76], ਵਾਹਿਗੁਰੂ ! ਮੈਂ ਤੇਰੀ ਪਨਾਹ[78] ਲਈ[79] ਹੈ। ਆਪਣੀ ਰਹਿਮਤ[72] ਤੇ ਮਿਹਰ[73] ਕਰ ਕੇ[74], ਤੂੰ ਹੁਣ ਮੇਰੀ ਰੱਖਿਆ ਕਰ[77]।

ਨਾਨਕ ਜਨੁ[80] ਤੁਮਰੀ ਸਰਨਾਈ[81] ਹਰਿ ਰਾਖਹੁ[83] ਲਾਜ[82] ਹਰੇ ॥੪॥੧॥

Slave[10] Nanak has entered Thine sanctuary[81]. O Lord Master, preserve[83] Thou, now, his honour[82].

ਗੋਲੇ[80] ਨਾਨਕ ਨੇ ਤੇਰੀ ਸ਼ਰਣ[81] ਲਈ ਹੈ। ਹੇ ਸੁਆਮੀ ਮਾਲਕ ! ਤੂੰ ਹੁਣ ਉਸ ਦੀ ਇੱਜ਼ਤ ਆਬਰੂ[82] ਦੀ ਰੱਖਿਆ ਕਰ[83]।

ਨਟ ਮਹਲਾ ੪ ॥

Nat 4th Guru.

ਨਟ ਚੌਥੀ ਪਾਤਿਸ਼ਾਹੀ।

ਰਾਮ ਜਪਿ[84] ਜਨ[86] ਰਾਮੈ ਨਾਮਿ ਰਲੇ[85] ॥

Dwelling[84] on the Lord Master, His serfs[86] merge[85] in His Name.

ਸੁਆਮੀ ਮਾਲਕ ਦਾ ਸਿਮਰਨ ਕਰਨ[84] ਦੁਆਰਾ, ਉਸ ਦੇ ਨਫਰ[86] ਉਸ ਦੇ ਨਾਮ ਅੰਦਰ ਲੀਨ ਹੋ ਜਾਂਦੇ[83] ਹਨ।

ਰਾਮ ਨਾਮੁ ਜਪਿਓ ਗੁਰ ਬਚਨੀ[87] ਹਰਿ ਧਾਰੀ[88] ਹਰਿ ਕ੍ਰਿਪਲੇ[89] ॥੧॥ਰਹਾਉ॥

He, who by Guru's instruction[87] utters the Master's Name; unto him, the Lord God showers[88] His benediction[89]. Pause.

ਜੋ ਰਾਗ ਦੇ ਉਪਦੇਸ਼[87] ਦੁਆਰਾ, ਮਾਲਕ ਦੇ ਨਾਮ ਦਾ ਉਚਾਰਨ ਕਰਦਾ ਹੈ, ਉਸ ਉੱਤੇ ਸੁਆਮੀ ਵਾਹਿਗੁਰੂ ਆਪਣੀ ਰਹਿਮਤ[88] ਨਿਛਾਵਰ ਕਰਦਾ[88]ਹੈ। ਠਹਿਰਾਉ।

ਹਰਿ ਹਰਿ ਅਗਮ[90] ਅਗੋਚਰੁ[91] ਸੁਆਮੀ ਜਨੁ[92] ਜਪਿ[93] ਮਿਲਿ[94] ਸਲਲ[95] ਸਲਲੇ ॥

Unapproachable[90] and Unapprehensible[91] is the Lord God, our Master. Meditating[93] on Him, His slave[92] merges[94] in Him, like water[95] with water.

ਪਹੁੰਚ ਤੋਂ ਪਰੇ[90] ਅਤੇ ਸਮਝ ਸੋਚ ਤੋਂ ਉਚੇਰਾ[91] ਹੈ, ਸੁਆਮੀ ਵਾਹਿਗੁਰੂ, ਸਾਡਾ ਮਾਲਕ। ਉਸ ਦਾ ਚਿੰਤਨ ਕਰਨ[93] ਦੁਆਰਾ ਉਸ ਦਾ ਗੋਲਾ[92], ਪਾਣੀ ਨਾਲ ਪਾਣੀ[95] ਦੀ ਮਾਨੰਦ, ਉਸ ਵਿਚ ਸਮਾ ਜਾਂਦਾ[94] ਹੈ।

ਹਰਿ ਕੇ ਸੰਤ ਮਿਲਿ ਰਾਮ ਰਸੁ[96] ਪਾਇਆ ਹਮ ਜਨ[97] ਕੈ ਬਲਿ ਬਲਲੇ[98] ॥੧॥

Meeting with the God's saints, I have obtained the Lord's elixir[96]. Unto His slave[97], I am ever a sacrifice[98].

ਵਾਹਿਗੁਰੂ ਦੇ ਸਾਧੂ ਨਾਲ ਮਿਲ ਕੇ, ਮੈਂਨੂੰ ਪ੍ਰਭੂ ਦਾ ਅੰਮ੍ਰਿਤ[96] ਪ੍ਰਾਪਤ ਹੋ ਗਿਆ ਹੈ। ਉਸ ਦੇ ਗੋਲੇ[97] ਉਤੋਂ ਮੈਂ ਸਦੀਵ ਹੀ ਸਦਕੇ[48] ਜਾਂਦਾ ਹਾਂ।

[99]ਪੁਰਖੋਤਮੁ[100] ਹਰਿ ਨਾਮੁ ਜਨਿ ਗਾਇਓ ਸਭਿ ਦਾਲਦ[2] ਦੁਖ[3] ਦਲਲੇ[4] ॥

The Lord's slave sings the praise of the Name of the Sublime[100] Person[99] and his poverty[2] and pain[3] are all destroyed[4].

ਸਾਹਿਬ ਦਾ ਗੋਲਾ ਸ੍ਰੇਸ਼ਟ[100] ਪੁਰਸ਼[99] ਦੇ ਨਾਮ ਦੀ ਮਹਿਮਾ ਗਾਇਨ ਕਰਦਾ ਹੈ ਅਤੇ ਉਸ ਦੀ ਗਰੀਬੀ[2] ਤੇ ਪੀੜ[3] ਸਮੂਹ ਨਾਸ ਹੋ ਜਾਂਦੇ[4] ਹਨ।

ਵਿਚਿ ਦੇਹੀ[5] ਦੋਖ[6] ਅਸਾਧ[7] ਪੰਚ[8] ਧਾਤੂ[9] ਹਰਿ ਕੀਏ ਖਿਨ[10] ਪਰਲੇ[12]॥੨॥

Within the body[5] are the five[8] evil[6] and uncontrollable[7] passions[3]. Them the Lord instantaneously[10] destroys[12].

ਸਰੀਰ[5] ਦੇ ਅੰਦਰ ਪੰਜ[8] ਮੰਦੇ[6] ਅਤੇ ਵੱਸੋਂ-ਬਾਹਰ[7] ਵਿਸ਼ੇ ਵੇਗ[9] ਹਨ; ਉਨ੍ਹਾਂ ਨੂੰ ਸੁਆਮੀ ਇਕ ਮੁਹਤ[10] ਵਿੱਚ ਮਲੀਆ ਮੇਟ ਕਰ ਦਿੰਦਾ ਹੈ।

ਹਰਿ ਕੇ ਸੰਤ ਮਨਿ[14] ਪ੍ਰੀਤਿ[13]

The Lord's saint so heartily[14] loves[13]

ਪ੍ਰਭੂ ਦਾ ਸਾਧੂ ਆਪਣੇ ਵਾਹਿਗੁਰੂ ਨੂੰ ਐਸ ਤਰ੍ਹਾਂ ਦਿਲੋਂ[14]

ਲਗਾਈ ਜਿਉ[18] ਦੇਖੈ[15] ਸਸਿ[16] ਕਮਲੇ[17] ॥

his God, as[18] the lotus flower[17] blooms by seeing[15] the moon[16].

ਪਿਆਰ ਕਰਦਾ[13] ਹੈ, ਜਿਸ ਤਰ੍ਹਾਂ[18] ਚੰਦਰਮਾ[16] ਨੂੰ ਵੇਖ ਕੇ ਕੰਵਲ ਫੁੱਲ[17] ਖਿੜ ਜਾਂਦਾ ਹੈ ।

ਉਨਵੈ[19] ਘਨੁ[20] ਘਨ ਘਨਿਹਰੁ[21] ਗਰਜੈ[22] ਮਨਿ[23] ਬਿਗਸੈ[24] ਮੋਰ ਮੁਰਲੇ[25] ॥ ੩ ॥

Hearing the thunder[22] of the descending[19] cloud[20], the clouds, the thick clouds[21], the peacock and the peacock's young[25] ones are heartily[23] elated[24],

ਨੀਵੇਂ ਹੁੰਦਿਆਂ[19] ਬੱਦਲਾਂ[20], ਬੱਦਲਾਂ, ਸੰਘਣੇ ਬੱਦਲਾਂ[21] ਦੇ ਗੱਜਣ[22] ਨੂੰ ਸੁਣ ਕੇ, ਮੋਰ ਅਤੇ ਮੋਰਾਂ ਦੇ ਬੱਚੇ[25] ਦਿਲੋਂ[23] ਪਰਮ ਪ੍ਰਸੰਨ ਹੁੰਦੇ[24] ਹਨ ।

ਹਮਰੈ[26] ਸੁਆਮੀ ਲੋਚ[27] ਹਮ ਲਾਈ[18] ਹਮ ਜੀਵਹ[29] ਦੇਖਿ ਹਰਿ ਮਿਲੇ ॥

My[96] Master has put[28] his yearning[27] within me and I live[29] by seeing and meeting my God.

ਮੇਰੇ[26] ਸੁਆਮੀ ਨੇ ਮੇਰੇ ਅੰਦਰ ਆਪਣੀ ਚਾਹਨਾ[27] ਪੈਦਾ ਕਰ ਦਿੱਤੀ[28] ਹੈ ਅਤੇ ਮੈਂ ਆਪਣੇ ਹਰੀ ਨੂੰ ਵੇਖ ਤੇ ਮਿਲ ਕੇ ਜੀਉਂਦਾ[29] ਹਾਂ ।

ਜਨ[30] ਨਾਨਕ ਹਰਿ ਅਮਲ[31] ਹਰਿ ਲਾਏ[32] ਹਰਿ ਮੇਲਹੁ ਅਨਦ[33] ਭਲੇ[34] ॥੪॥੨॥

The Lord Master has addicted[32] slave[33] Nanak to His intoxication[31] and meeting his God, he obtains sublime[34] bliss[33].

ਸੁਆਮੀ ਮਾਲਕ ਨੇ ਗੋਲੇ[30] ਨਾਨਕ ਨੂੰ ਆਪਣੇ ਨਸ਼ੇ[31] ਦਾ ਆਦੀ ਬਣਾ ਲਿਆ[32] ਹੈ ਅਤੇ ਆਪਣੇ ਵਾਹਿਗੁਰੂ ਨੂੰ ਮਿਲ ਕੇ ਉਹ ਸ੍ਰੇਸ਼ਟ[34] ਖੁਸ਼ੀ[33] ਨੂੰ ਪ੍ਰਾਪਤ ਹੁੰਦਾ ਹੈ ।

ਨਟ ਮਹਲਾ ੪ ॥

Nat 4th Guru.

ਨਟ ਚੌਥੀ ਪਾਤਿਸ਼ਾਹੀ ।

ਮੇਰੇ ਮਨ[35] ਜਪਿ[36] ਹਰਿ ਹਰਿ ਨਾਮੁ ਸਖੇ[37] ॥

O my soul[35]. utter[36] thou the Name of the Lord God, thy Friend[37].

ਹੇ ਮੇਰੀ ਜਿੰਦੜੀਏ[35] ! ਤੂੰ ਆਪਣੇ ਮਿੱਤ੍ਰ[37], ਸੁਆਮੀ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰ[36] ।

ਗੁਰ ਪਰਸਾਦੀ[38] ਹਰਿ ਨਾਮੁ ਧਿਆਇਓ[39] ਹਮ ਸਤਿਗੁਰ ਚਰਨ[40] ਪਖੇ[41] ॥੧॥ਰਹਾਉ॥

By Guru's grace[38], I ponder[39] over God's Name and shampoo[41] the True Guru's Feet[40]. Pause.

ਗੁਰੂ ਦੀ ਰਹਿਮਤ[38] ਸਦਕਾ, ਮੈਂ ਵਾਹਿਗੁਰੂ ਦੇ ਨਾਮ ਦਾ ਚਿੰਤਨ ਕਰਦਾ[39] ਅਤੇ ਸੱਚੇ ਗੁਰਾਂ ਦੇ ਪੈਰਾਂ[40] ਨੂੰ ਪਖਾਲਦਾ[41] ਹਾਂ । ਠਹਿਰਾਉ ।

ਊਤਮ[42] [43]ਜਗੰਨਾਥ[44] [48]ਜਗਦੀਸੁਰ[45] ਹਮ ਪਾਪੀ[46] ਸਰਨਿ[47] ਰਖੇ ॥

The sublime[42] Lord[44] of the world[43] and the Master[45] of universe[48], keeps me, the sinner[46], in His refuge[47].

ਉੱਤਮ[42] ਸੰਸਾਰ[43] ਦਾ ਸੁਆਮੀ[44] ਅਤੇ ਆਲਮ[48] ਦਾ ਮਾਲਕ[45] ਮੈਂ, ਗੁਨਾਹਗਾਰ[46] ਨੂੰ ਆਪਣੀ ਪਨਾਹ[47] ਅੰਦਰ ਰਖਦਾ ਹੈ ।

ਤੁਮ ਵਡ[49]ਪੁਰਖ[00] ਦੀਨ[51] ਦੁਖ[52] ਭੰਜਨ[53] ਹਰਿ ਦੀਓ[54] ਨਾਮੁ ਮੁਖੇ[54] ॥੧॥

Thou, O Great[49] Lord[50]-God, the Destroyer[53] of the sorrow[53] of the meek[51], hast blessed[54] me with Thy sublime[55] Name.

ਤੂੰ, ਹੇ ਮਸਕੀਨਾਂ[51] ਦੇ ਗ਼ਮ[52] ਨਾਸ ਕਰਨਹਾਰ[53], ਭਾਰੇ[49] ਸੁਆਮੀ[50] ਵਾਹਿਗੁਰੂ ! ਮੈਨੂੰ ਆਪਣਾ ਸ੍ਰੇਸ਼ਟ[55] ਨਾਮ ਬਖਸ਼ਿਆ[54] ਹੈ ।

ਹਰਿ ਗੁਨ[56] ਊਚ[57] ਨੀਚ[58] ਹਮ ਗਾਏ[59] ਗੁਰ[60] ਸਤਿਗੁਰ ਸੰਗਿ[61] ਸਖੇ[62] ॥

Meeting with[61] the Great[60] True Guru, my friend[69], I, the menial[58], have hymned[59] the lofty[37] qualities[56] of God.

ਆਪਣੇ ਮਿੱਤ੍ਰ[62], ਵਿਸ਼ਾਲ[60] ਸੱਚੇ ਗੁਰਾਂ ਨਾਲ[61] ਮਿਲ ਕੇ, ਮੈਂ, ਕਮੀਣੇ[58] ਨੇ ਵਾਹਿਗੁਰੂ ਦੀਆਂ ਉੱਚੀਆਂ[57] ਸਿਫਤਾਂ[56] ਗਾਇਨ ਕੀਤੀਆਂ[59] ਹਨ ।

ਜਿਉ[63] ਚੰਦਨ[64] ਸੰਗਿ[65] ਬਸੈ[66] ਨਿੰਮੁ[67] ਬਿਰਖਾ[68]

ਜਦ ਤਾਂਈਂ[4] ਸਾਈਂ ਬੰਦੇ ਦੇ ਚਿੱਤ ਅੰਦਰ ਵਸਦਾ[5] ਹੈ, ਉਦੋਂ ਤਾਂਈਂ[6] ਉਸ ਨੂੰ ਕੋਈ ਵੀ ਔਕੜ[7] ਨਹੀਂ ਵਾਪਰਦੀ[8] ।

ਨਾਨਕ ਸਿਰੁ[9] ਦੇ[10] ਛੁਟੀਐ[12] ਮਨਿ[13] ਤਨਿ[14] ਸਾਚਾ[15] ਸੋਇ[16] ॥੪॥੧੦॥

Nanak, surrendering[10] his head[9] to the Lord, man is emancipated[12] and sanctified[15] become his[16] soul[13] and body[14].

ਨਾਨਕ, ਸੁਆਮੀ ਨੂੰ ਆਪਣਾ ਸੀਸ[9] ਸਮਰਪਣ[10] ਕਰਨ ਦੁਆਰਾ ਬੰਦਾ ਬੰਦ-ਖਲਾਸ[12] ਹੋ ਜਾਂਦਾ ਹੈ ਅਤੇ ਪਵਿਤ੍ਰ[15] ਥੀ ਵੰਞਦੀ ਹੈ ਉਸ[16] ਦੀ ਆਤਮਾ[13] ਅਤੇ ਦੇਹ[14] ।

ਮਾਰੂ ਮਹਲਾ ੧ ॥

Maru Ist Guru.

ਮਾਰੂ ਪਹਿਲੀ ਪਾਤਿਸ਼ਾਹੀ ।

ਜੋਗੀ ਜੁਗਤਿ[17] ਨਾਮੁ ਨਿਰਮਾਇਲੁ[18] ਤਾ ਕੈ[19] ਮੈਲੁ[20] ਨ ਰਾਤੀ[21] ॥

The Yogi, who is attached[17] to the Lord's Name is pure[18]. To him[19] not even a particle[21] of filth[20] sticks.

ਯੋਗੀ ਜੋ ਸੁਆਮੀ ਦੇ ਨਾਮ ਨਾਲ ਜੁੜਿਆ ਹੋਇਆ[17] ਹੈ ਪਵਿੱਤਰ[18] ਹੈ; ਉਸ[19] ਨੂੰ ਇਕ ਭੋਰਾ ਭਰ[21] ਭੀ ਮਲੀਣਤਾ[20] ਨਹੀਂ ਚਿਮੜਦੀ ।

ਪ੍ਰੀਤਮ[22] ਨਾਥੁ[23] ਸਦਾ[24] ਸਚੁ[25] ਸੰਗੇ[26] ਜਨਮ[27] ਮਰਣ[28]

The Beloved[22], True[25] Lord[23], he ever[24] deems to be with[26] him

ਪਿਆਰੇ[22] ਸੱਚੇ[25] ਸੁਆਮੀ[23] ਨੂੰ ਉਹ ਹਮੇਸ਼ਾ[24] ਆਪਣੇ ਨਾਲ[26] ਜਾਣਦਾ ਹੈ ਅਤੇ ਉਸ ਦੇ ਆਉਣ[27] ਤੇ ਜਾਣ[28] ਦੀ

ਗਤਿ[29] ਬੀਤੀ[30] ॥੧॥	and his state[29] of coming[27] and going[28] is ended[30].	ਹਾਲਤ[29] ਮੁਕ ਜਾਂਦੀ[30] ਹੈ ।
[31]ਗੁਸਾਈ[32] ਤੇਰਾ ਕਹਾ[33] ਨਾਮੁ ਕੈਸੇ[34] ਜਾਤੀ[35] ॥	O Lord[32] of the Universe[31], what[33] is Thy Name like and how[34] is it known[35] ?	ਹੇ ਕੁਲ ਆਲਮ[31]ਦੇ ਸੁਆਮੀ[32] ! ਕਿਹੋ ਜੇਹਾ[32] ਹੈ ਤੇਰਾ ਨਾਮ ਅਤੇ ਇਹ ਕਿਸ ਤਰ੍ਹਾਂ[34] ਜਾਣਿਆ ਜਾਂਦਾ[33] ਹੈ ?
ਜਾ[36] ਤਉ[37] ਭੀਤਰਿ[38] ਮਹਲਿ[39] ਬੁਲਾਵਹਿ[40] ਪੂਛਉ[41] ਬਾਤ[42] ਨਿਰੰਤੀ[43] ॥੧॥ਰਹਾਉ॥	If[36] Thou[37] callest[40] me into[38] Thy presence[39], I would ask[41] Thee one thing[43], as to how can the mortal become one[43] with Thee ? Pause.	ਜੇਕਰ[36] ਤੂੰ[37] ਮੈਨੂੰ ਆਪਣੀ ਹਜ਼ੂਰੀ ਵਿਚ[38] ਸੱਦ[40] ਲਵੇਂ, ਤਦ ਮੈਂ ਤੈਨੂੰ ਇਹ ਗੱਲ[42] ਪੁਛਾਂਗਾ[41] ਕਿ ਪ੍ਰਾਣੀ ਕਿਸ ਤਰ੍ਹਾਂ ਤੇਰੇ ਨਾਲ ਇਕ ਮਿਕ ਹੋ ਸਕਦਾ ਹੈ ? ਠਹਿਰਾਉ ।
ਬ੍ਰਹਮਣੁ ਬ੍ਰਹਮੁ[44] ਗਿਆਨ ਇਸਨਾਨੀ[45] ਹਰਿ ਗੁਣ[46] ਪੂਜੇ[47] ਪਾਤੀ[48] ॥	He alone is a Brahman, who bathes[45] in the God's gnosis[44] and who has God's praise[46] for his leaves[48] of worship[47].	ਕੇਵਲ ਉਹ ਹੀ ਬ੍ਰਹਮਣ ਹੈ, ਜੋ ਰੱਬ ਦੀ ਗਿਆਤ[44] ਅੰਦਰ ਨ੍ਹਾਉਂਦਾ[45] ਹੈ ਅਤੇ ਜਿਸ ਦੇ ਕੋਲ ਉਪਾਸ਼ਨਾ[47] ਦੇ ਪਤਿਆਂ[48] ਦੀ ਥਾਂ ਤੇ ਵਾਹਿਗੁਰੂ ਦੀ ਕੀਰਤੀ[46] ਹੈ ।
ਏਕੋ ਨਾਮੁ ਏਕੁ ਨਾਰਾਇਣੁ[49] [50]ਤ੍ਰਿਭਵਣ[51] ਏਕਾ ਜੋਤੀ[52] ॥੨॥	There is but One Name, One Pervading God[49] and the One Light[52] in the three[50] worlds[51].	ਤਿੰਨਾਂ[50] ਹੀ ਜਹਾਨਾਂ[51] ਅੰਦਰ ਕੇਵਲ ਇਕ ਨਾਮ, ਇਕ ਵਿਆਪਕ ਵਾਹਿਗੁਰੂ[49] ਤੇ ਇਕ ਹੀ ਨੂਰ[52] ਹੈ ।
ਜਿਹਵਾ[53] ਡੰਡੀ[54] ਇਹੁ[52] ਘਟੁ[56] ਛਾਬਾ[57] ਤੋਲਉ[58] ਨਾਮੁ ਅਜਾਚੀ[59] ॥	Making my tongue[53] the beam[54] and this[55] mind[56] the pan[57] of the scale, I weigh[58] the inestimable[59] Name.	ਆਪਣੀ ਜੀਭ[53] ਨੂੰ ਤੱਕੜੀ ਦੀ ਡੰਡੀ[54] ਅਤੇ ਇਸ[55] ਮਨ[56] ਨੂੰ ਪਲੜਾ[57] ਬਣਾ ਕੇ, ਮੈਂ ਅਮਾਪ[59] ਨਾਮ ਨੂੰ ਜੋਖਦਾ[58] ਹਾਂ ।
ਏਕੋ ਹਾਟੁ[60] ਸਾਹੁ[61] ਸਭਨਾ[65] ਸਿਰਿ[62] ਵਣਜਾਰੇ[63] ਇਕ ਭਾਤੀ[64] ॥੩॥	There is but One shop[60] and One Supreme Merchant[61] above[62] all[65]. All the petty dealers[63] deal in the same sort[64] of commodity.	ਕੇਵਲ ਇਕੋ ਹੀ ਹੱਟੀ[60] ਹੈ ਤੇ ਸਾਰਿਆਂ[65] ਦੇ ਉਪਰ[62] ਇਕ ਹੀ ਸ੍ਰੇਸ਼ਟੀ ਸੁਦਾਗਰ[61] । ਸਾਰੇ ਛੋਟੇ ਵਾਪਾਰੀ[63] ਇਕ ਹੀ ਕਿਸਮ[64] ਦੀ ਵਸਤੂ ਦਾ ਵਾਪਾਰ ਕਰਦੇ ਹਨ ।
ਦੋਵੈ ਸਿਰੇ[65]* ਸਤਿਗੁਰੂ ਨਿਬੇੜੇ[66]* ਸੋ ਬੂਝੈ[70] ਜਿਸੁ ਏਕ ਲਿਵ ਲਾਗੀ[66] ਜੀਅਹੁ[67] ਰਹੈ [68]ਨਿਭਰਾਤੀ[69] ॥	At both the ends[65]*, the True Guru saves[66]*. He alone understands[70] it, who is attuned[66] to the One Lord and whose mind[67] is free[68] from doubt[69].	ਦੋਹਾਂ ਕਿਨਾਰਿਆਂ[65]* ਤੇ ਸੱਚੇ ਗੁਰੂ ਹੀ ਪਾਰ ਉਤਾਰਾ ਕਰਦੇ[61]* ਹਨ । ਕੇਵਲ ਉਹ ਹੀ ਇਸ ਨੂੰ ਸਮਝਦਾ[70] ਹੈ ਜੋ ਇਕ ਸਾਂਈਂ ਨੂੰ ਪਿਆਰ ਕਰਦਾ[66] ਹੈ ਅਤੇ ਜਿਸ ਦਾ ਮਨ[67] ਭਰਮ[69] ਤੋਂ ਰਹਿਤ[68] ਹੈ ।
ਸਬਦੁ[71] ਵਸਾਏ[72] ਭਰਮੁ[73] ਚੁਕਾਏ[74] ਸਦਾ[75] ਸੇਵਕੁ[76] ਦਿਨੁ ਰਾਤੀ[77] ॥੪॥	He, who ever[75] serves[76] his Lord, day and night[77], ends[74] doubt[73] and abides[72] the Name[71] in his mind.	ਜੋ ਦਿਨ ਰਾਤ[27] ਹਮੇਸ਼ਾ[75] ਆਪਣੇ ਸਾਹਿਬ ਦੀ ਸੇਵਾ[76] ਕਮਾਉਂਦਾ ਹੈ ਉਹ ਸੰਦੇਹ[73] ਰਹਿਤ[74] ਹੋ ਜਾਂਦਾ ਹੈ ਤੇ ਨਾਮ[71] ਨੂੰ ਆਪਣੇ ਹਿਰਦੇ ਵਿਚ ਟਿਕਾ ਲੈਂਦਾ[72] ਹੈ ।
ਊਪਰਿ[78] ਗਗਨੁ[79] ਗਗਨ ਪਰਿ [80]ਗੋਰਖੁ[81] ਤਾ ਕਾ[86]	High above[78] is the sky[79], above the sky is God, the Protector[81] of the	ਉਪਰ[78] ਆਸਮਾਨ ਹੈ, ਆਸਮਾਨ[79] ਦੇ ਉਤੇ ਸੰਸਾਰ[80]ਦਾ ਰਖਿਅਕ[81] ਵਾਹਿਗੁਰੂ ਹੈ ਅਤੇ ਉਸ[86] ਸੰਸਾਰ ਦਾ

ਅਗਮੁ[82] ਗੁਰੂ[83] ਪੁਨਿ[84] ਵਾਸੀ[85] ॥	world[80] and[84] the Unfathomable[82] Great[83] Lord of that[86] world abides[85] there.	ਬੇਅੰਦਾਜ਼[82] ਵੱਡਾ[83] ਸਾਂਈਂ ਉਥੇ ਵਸਦਾ[85] ਹੈ।
ਗੁਰ ਬਚਨੀ[86]* ਬਾਹਰਿ[87] ਘਰਿ[88] ਏਕੋ[89] ਨਾਨਕੁ ਭਇਆ[90] ਉਦਾਸੀ[91] ॥੫॥ ੧੧॥	By Guru's instruction[86]*, abroad[87] and home[88], deem I alike[89]. Nanak has become[90] such an anchoret[91].	ਗੁਰਾਂ ਦੇ ਉਪਦੇਸ਼[86]* ਦੁਆਰਾ, ਬਾਹਰਵਾਰ[87] ਅਤੇ ਘਰ[88] ਨੂੰ ਮੈਂ ਇਕ ਸਮਾਨ[89] ਜਾਣਦਾ ਹਾਂ। ਨਾਨਕ ਐਹੋ ਜੇਹਾ ਤਿਆਗੀ[91] ਬੀ ਗਿਆ[90] ਹੈ।

੯੯੩

ਰਾਗੁ ਮਾਰੂ ਮਹਲਾ ੧ ਘਰੁ ੫	Rag Maru Ist Guru	ਰਾਗੁ ਮਾਰੂ ਪਹਿਲੀ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
[92]ਅਹਿਨਿਸਿ[93] ਜਾਗੈ[96] ਨੀਦ[95] ਨ ਸੋਵੈ[94] ॥	He, who is in love, is day[92] and night[93] awake[96]. He slumbers[95] and sleeps[94] not.	ਜੋ ਪ੍ਰੇਮ ਕਰਦਾ ਹੈ, ਉਹ ਦਿਹੁੰ[92] ਰੈਣ[93] ਜਾਗਦਾ[96] ਹੈ। ਉਹ ਸੌਂਦਾ[94] ਅਤੇ ਉਂਘਲਾਉਂਦਾ[95] ਨਹੀਂ।
ਸੋ[97] ਜਾਣੈ[98] ਜਿਸੁ ਵੇਦਨ[99] ਹੋਵੈ[100] ॥	He[97] alone realises[98] this state who is stricken[100] with the pain[99] of separation.	ਕੇਵਲ ਉਹ[97] ਹੀ ਇਸ ਅਵਸਥਾ ਨੂੰ ਅਨੁਭਵ ਕਰਦਾ[98] ਹੈ ਜਿਸ ਨੂੰ ਵਿਛੋੜੇ ਦੀ ਪੀੜ[99] ਲੱਗੀ ਹੋਈ[100] ਹੈ।
ਪ੍ਰੇਮ[2] ਕੇ ਕਾਨ[3] ਲਗੇ[4] ਤਨ[5] ਭੀਤਰਿ ਵੈਦੁ[6] ਕਿ[8] ਜਾਣੈ ਕਾਰੀ[7] ਜੀਉ ॥੧॥	My body[5] is pierced through[4] with the arrows[3] of Divine love[2]. How[8] can a physician[6] know its treatment[7] ?	ਮੇਰੀ ਦੇਹ[5] ਈਸ਼ਵਰੀ ਪ੍ਰੀਤ[2] ਦੇ ਬਾਣਾਂ[3] ਨੇ ਵਿੰਨ੍ਹ ਸੁੱਟੀ[4] ਹੈ। ਹਕੀਮ[6] ਇਸ ਦੇ ਇਲਾਜ[7] ਨੂੰ ਕਿਸ ਤਰ੍ਹਾਂ[8] ਜਾਣ ਸਕਦਾ ਹੈ ?
ਜਿਸ[9] ਨੋ ਸਾਚਾ[10] ਸਿਫਤੀ[12] ਲਾਏ[13] ॥ ਗੁਰਮੁਖਿ[14] ਵਿਰਲੇ ਕਿਸੈ[15] ਬੁਝਾਏ[16] ॥	He, whom[9] the True Lord[10] yokes[13] to His praise[12] and imparts[16] Divine understanding; rare, indeed[15], is such a Guru-ward[14].	ਜਿਸ[9] ਨੂੰ ਸੱਚਾ ਸੁਆਮੀ[10] ਆਪਣੀ ਸਿਫ਼ਤ-ਸਨਾ[12] ਨਾਲ ਜੋੜਦਾ[13] ਹੈ ਅਤੇ ਈਸ਼ਵਰੀ ਗਿਆਤ ਦਰਸਾਉਂਦਾ[16] ਹੈ; ਕੋਈ ਇਕ ਅੱਧਾ[15] ਹੀ ਐਹੋ ਜੇਹਾ ਗੁਰੂ-ਅਨੁਸਾਰੀ[14] ਹੈ।
ਅੰਮ੍ਰਿਤ ਕੀ ਸਾਰ[14] ਸੋਈ[18] ਜਾਣੈ[19] ਜਿ ਅੰਮ੍ਰਿਤ[20] ਕਾ ਵਾਪਾਰੀ[21] ਜੀਉ ॥੧॥ ਰਹਾਉ॥	He[18] alone, who is the dealer[21] of the Name-Nectar[20], realises[19] the worth[17] of the Name-Nectar. Pause.	ਕੇਵਲ ਉਹ[18] ਹੀ ਨਾਮ ਦੇ ਅੰਮ੍ਰਿਤ ਦੀ ਕਦਰ[17] ਨੂੰ ਅਨੁਭਵ ਕਰਦਾ[19] ਹੈ, ਜੋ ਨਾਮ ਦੇ ਸੁਧਾਰਸ[20] ਦਾ ਵਣਜਾਰਾ[21] ਹੈ। ਠਹਿਰਾਉ।
ਪਿਰ[22] ਸੇਤੀ[23] ਧਨ[24] ਪ੍ਰੇਮੁ[25] ਰਚਾਏ[26] ॥ ਗੁਰ ਕੈ ਸਬਦਿ[27] ਤਥਾ[28] ਚਿਤੁ[29] ਲਾਏ[30] ॥	The bride[24] bears[26] love[25] to[23] her Groom[22] and[28] fixes[30] her mind[29] on the Guru's word[27].	ਪਤਨੀ[24] ਆਪਣੇ ਪਤੀ[22] ਨਾਲ[23] ਪਿਆਰ[25] ਕਰਦੀ[26] ਹੈ ਅਤੇ[28] ਆਪਣੇ ਮਨ[29] ਨੂੰ ਗੁਰਾਂ ਦੀ ਬਾਣੀ[27] ਨਾਲ ਜੋੜਦੀ[30] ਹੈ।
ਸਹਜ[31] ਸੇਤੀ[32] ਧਨ ਖਰੀ[38]	With[32] Divine comprehension[31], the	ਬ੍ਰਹਮ ਗਿਆਤ[31] ਨਾਲ[32] ਪਤਨੀ ਬਹੁਤ[33] ਹੀ ਸ਼ਸ਼ੋਭਤ

ਸੁਹੇਲੀ[34] ਤ੍ਰਿਸਨਾ[35] ਤਿਖਾ[36] ਨਿਵਾਰੀ[37] ॥੨॥

bride is greatly[33] embellished[34] and her craving[35] and thirst[36] are dispelled[37].

ਬੀ ਵੰਞਦੀ[34] ਹੈ ਅਤੇ ਉਸ ਦੀ ਲਾਲਸਾ[35] ਅਤੇ ਤ੍ਰੇਹ[36] ਦੂਰ[37] ਹੋ ਜਾਂਦੀਆਂ ਹਨ ।

ਸਹਸਾ[38] ਤੋੜੇ[39] ਭਰਮੁ[40] ਚੁਕਾਏ[41] ॥ ਸਹਜੇ[42] ਸਿਫਤੀ[43] ਧਣਖੁ[14] ਚੜਾਏ[45] ॥ ਗੁਰ ਕੈ ਸਬਦਿ[46] ਮਰੈ[47] ਮਨੁ[48] ਮਾਰੇ[49] ਸੁੰਦਰਿ[50] [51]ਜੋਗਾਧਾਰੀ[52] ਜੀਉ ॥੩॥

Man ought to dismiss[39] his doubt[38], dispel[41] his delusion[40] and stretch[45] the bow[44] of the Lord's[42] praise[43] and by Guru's instruction[46] he should efface his-self[47] and still[49] his mind[48]. Then is he blessed with the support[52] of the union[51] with his Beauteous[50] Lord.

ਬੰਦੇ ਨੂੰ ਆਪਣੇ ਵਹਿਮ[38]ਨੂੰ ਛੱਡਣਾ[39], ਗਲਤ ਫ਼ਹਿਮੀ[40] ਨੂੰ ਤਿਆਗਣਾ[41] ਤੇ ਸਾਂਈਂ[42] ਦੀ ਕੀਰਤੀ[43]ਦੀ ਕਮਾਨ[44] ਨੂੰ ਚਿੱਲਾ ਚੜ੍ਹਾਉਣਾ[45] ਚਾਹੀਦਾ ਹੈ ਅਤੇ ਗੁਰਾਂ ਦੇ ਉਪਦੇਸ਼[46] ਦੁਆਰਾ ਉਸ ਨੂੰ ਆਪਣੇ ਆਪ[47] ਨੂੰ ਮੇਟਣਾ ਤੇ ਮਨੂਏ[48] ਨੂੰ ਵਸ ਕਰਨਾ[49] ਉਚਿਤ ਹੈ; ਤਦ ਉਸ ਨੂੰ ਆਪਣੇ ਸੋਹਣੇ ਸੁਨੱਖੇ[50] ਸਾਂਈਂ ਦੇ ਮਿਲਾਪ[51] ਦੇ ਆਸਰੇ[52] ਦੀ ਦਾਤ ਮਿਲਦੀ ਹੈ ।

ਹਉਮੈ[33] ਜਲਿਆ[54] ਮਨਹੁ[55] ਵਿਸਾਰੇ[56] ॥

The mortal is burnt down[54] with pride[53] and forgets[56] God from his mind[55].

ਪ੍ਰਾਣੀ ਹੰਕਾਰ[53] ਨਾਲ ਸੜਿਆ ਬਲਿਆ ਹੋਇਆ[54] ਹੈ ਅਤੇ ਆਪਣੇ ਚਿੱਤੋਂ[55] ਉਹ ਵਾਹਿਗੁਰੂ ਨੂੰ ਭੁਲਾ ਦਿੰਦਾ[56] ਹੈ ।

ਜਮ[57] ਪੁਰਿ[58] ਵਜਹਿ[59] ਖੜਗ[60] ਕਰਾਰੇ[61] ॥

In the city[58] of the death's couriers[57], he is struck[59] with massive[61] swords[60].

ਮੌਤ ਦੇ ਦੂਤਾਂ[57] ਦੇ ਸ਼ਹਿਰ[58] ਅੰਦਰ ਉਸ ਨੂੰ ਭਾਰੀਆਂ[61] ਤਲਵਾਰਾਂ[60] ਦੇ ਫੱਟ ਲਗਦੇ[59] ਹਨ ।

ਅਬ[62] ਕੈ ਕਹਿਐ[63] ਨਾਮੁ ਨ ਮਿਲਈ[64] ਤੂ ਸਹੁ[65] ਜੀਅੜੇ[66] ਭਾਰੀ[67] ਜੀਉ ॥੪॥

Now[62], by asking for[63] it, the Lord's Name is obtained[64] not. O soul[66], suffer[65] thou now immense[67] punishment.

ਹੁਣ[62], ਮੰਗਣ[63] ਦੁਆਰਾ ਸੁਆਮੀ ਦਾ ਨਾਮ ਪ੍ਰਾਪਤ[64] ਨਹੀਂ ਹੁੰਦਾ ! ਹੇ ਜਿੰਦੜੀਏ[66] ! ਤੂੰ ਹੁਣ ਸਖਤ[67] ਸਜ਼ਾ ਸਹਾਰ[65] ।

ਮਾਇਆ[68] ਮਮਤਾ[69]ਪਵਹਿ[70] ਖਿਆਲੀ[71] ॥

One is involved[70] in the thought[71] of wealth[68] and worldly love[69].

ਇਨਸਾਨ ਧਨ-ਦੌਲਤ[68] ਤੇ ਸੰਸਾਰੀ ਮੋਹ[69]ਦੇ ਖ਼ਿਆਲਾਂ[71] ਅੰਦਰ ਗਲਤਾਨ[70] ਹੈ ।

ਜਮ[72] ਪੁਰਿ[73] ਫਾਸਹਿਗਾ[74] ਜਮ[75] ਜਾਲੀ[76] ॥

In the city[73] of death[72], he is caught[74] in the Yamas[75] noose[76].

ਮੌਤ[72] ਦੇ ਸ਼ਹਿਰ[73] ਅੰਦਰੇ ਉਹ ਯਮ[75]ਦੀ ਫਾਹੀ[76] ਵਿੱਚ ਫਸ ਜਾਂਦਾ[74] ਹੈ ।

ਹੇਤ[77] ਕੇ ਬੰਧਨ[78] ਤੋੜਿ[79] ਨ ਸਾਕਹਿ ਤਾ[80] ਜਮੁ[81] ਕਰੇ ਖੁਆਰੀ[82] ਜੀਉ ॥੫॥

The shackles[78] of secular attachment[77], thou cannot shatter[79]; therefore[80], the death's myrmidon[81] shall torment[82] thee.

ਦੁਨਿਆਵੀ[77] ਲਗਨ ਦੀਆਂ ਬੇੜੀਆਂ[78] ਨੂੰ ਤੂੰ ਕੱਟ[79] ਨਹੀਂ ਸਕਦਾ, ਇਸ ਲਈ[80] ਮੌਤ ਦਾ ਫ਼ਰੇਸਤਾ[81] ਤੈਨੂੰ ਅਵਾਜ਼ਾਰ[82] ਕਰੇਗਾ ।

ਨਾ ਹਉ[83] ਕਰਤਾ[84] ਨਾ ਮੈ ਕੀਆ[85] ॥ ਅੰਮ੍ਰਿਤੁ[86] ਨਾਮੁ ਸਤਿਗੁਰਿ ਦੀਆ[87] ॥

I[83] have done[84] nothing, nor can I now do[85] anything. The True Guru has blessed[87] me with the Nectar-Name[86].

ਨਾ ਮੈਂ[83] ਕੁੱਛ ਕੀਤਾ[84] ਹੈ, ਨਾ ਹੀ ਮੈਂ ਹੁਣ ਕੁਛ ਕਰ[85] ਸਕਦਾ ਹਾਂ । ਸੱਚੇ ਗੁਰਦੇਵ ਜੀ ਨੇ ਮੈਨੂੰ ਸੁਧਾ ਸਰੂਪ-ਨਾਮ[86] ਪ੍ਰਦਾਨ ਕੀਤਾ[87] ਹੈ ।

ਜਿਸੁ ਤੂ ਦੇਹਿ ਤਿਸੈ[88] ਕਿਆ[89] ਚਾਰਾ[90] ਨਾਨਕ

Whomsoever, thou, O True Guru, blesseth with the Lord's Name;

ਜਿਸ ਕਿਸੇ ਨੂੰ ਤੂੰ, ਹੇ ਸੱਚੇ ਗੁਰਦੇਵ, ਪ੍ਰਭੂ ਦਾ ਨਾਮ ਪ੍ਰਦਾਨ ਕਰਦਾ ਹੈਂ; ਉਹ[88] ਹੋਰ ਕਿਹੜਾ[89] ਹੀਲਾ[90]

ਸਰਣਿ[91] ਤੁਮਾਰੀ ਜੀਉ ॥ ੯॥੧॥੧੨॥

what[89] other effort[90] should he[88] make ? Nanak seeks thy refuge[91], O Guru.

ਕਰੇ ? ਨਾਨਕ ਤੇਂਡੀ ਪਨਾਹ[91] ਲੋੜਦਾ ਹੈ, ਹੇ ਗੁਰਦੇਵ ਜੀ !

ਮਾਰੂ ਮਹਲਾ ੩ ਘਰੁ ੧

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਜਹ[92] ਬੈਸਾਲਹਿ[93] ਤਹ[94] ਬੈਸਾ ਸੁਆਮੀ ਜਹ ਭੇਜਹਿ[95] ਤਹ ਜਾਵਾ ॥

Wherever[92] Thou seatest[93] me, there[94] do I sit and whithersoever Thou sendest[95] me, thither go I, O Lord.

ਜਿਥੇ[92] ਤੂੰ ਮੈਨੂੰ ਬਹਾਲਦਾ[93] ਹੈਂ, ਉਥੇ[94] ਹੀ ਮੈਂ ਬੈਠਦਾ ਹਾਂ ਅਤੇ ਜਿਥੇ ਕਿਤੇ ਤੂੰ ਮੈਨੂੰ ਭੇਜਦਾ[95] ਹੈਂ, ਉਥੇ ਹੀ ਮੈਂ ਜਾਂਦਾ ਹਾਂ, ਹੇ ਸਾਈਂ !

ਸਭ ਨਗਰੀ[96] ਮਹਿ[97] ਏਕੋ ਰਾਜਾ[98] ਸਭੇ ਪਵਿਤੁ[99] ਹਹਿ[100] ਥਾਵਾ[2] ॥੧॥

In[97] the entire world-village[90], there is but one King[98] and all the places[2] being Thine, are[100] pure[99], O Lord.

ਸਮੂਹ ਸੰਸਾਰ ਦੇ ਪਿੰਡ[96] ਅੰਦਰ[97] ਕੇਵਲ ਇਕ ਹੀ ਪਾਤਿਸ਼ਾਹ[98] ਹੈ ਅਤੇ ਸਾਰੇ ਅਸਥਾਨ[2], ਤੇਰੇ ਹੋਣ ਕਰਕੇ ਪਵਿੱਤਰ[99] ਹਨ[100], ਹੇ ਪ੍ਰਭੂ !

ਬਾਬਾ[3] ਦੇਹਿ[4] ਵਸਾ[5] ਸਚ[6] ਗਾਵਾ[7] ॥ ਜਾ[8] ਤੇ ਸਹਜੇ[9] ਸਹਜਿ[10] ਸਮਾਵਾ[12] ॥੧॥ ਰਹਾਉ ॥

O father[3], bless me, that as long as I abide[5] in the body[4], I may hymn[7] Thine True praise[6], by which[8] I shall easily[9] be absorbed[12] in the Lord[10]. Pause.

ਹੇ ਪਿਤਾ[3] ! ਮੈਨੂੰ ਬਰਕਤ ਬਖਸ਼, ਕਿ ਜਦ ਤਾਂਈਂ ਮੈਂ ਇਸ ਸਰੀਰ[4] ਅੰਦਰ ਰਹਾਂ[5], ਮੈਂ ਤੇਰੀ ਸੱਚੀ ਮਹਿਮਾਂ[6] ਗਾਇਨ ਕਰਦਾ[7] ਰਹਾਂ, ਜਿਸ ਦੁਆਰਾ[8] ਮੈਂ ਸੁਖੈਨ ਹੀ[9] ਸੁਆਮੀ[10] ਅੰਦਰ ਲੀਨ ਹੋ ਜਾਵਾਂਗਾ[12]। ਠਹਿਰਾਉ।

ਬੁਰਾ[13] ਭਲਾ[14] ਕਿਛੁ[15] ਆਪਸ[16] ਤੇ ਜਾਨਿਆ ਏਈ[17] ਸਗਲ[18]ਵਿਕਾਰਾ[19]॥

Whatsoever[15] bad[13] or good[14] deed is done; of that I deem myself[16] the doer. This[17] self-hood is the source of all[18] the evil[19].

ਜਿਹੜਾ ਕੁਝ[15] ਭੀ ਮੰਦਾ[13] ਜਾਂ ਚੰਗਾ[19] ਕਰਮ ਹੁੰਦਾ ਹੈ; ਉਸ ਦਾ ਕਰਤਾ ਮੈਂ ਆਪਣੇ ਆਪ[16] ਨੂੰ ਜਾਣਦਾ ਹਾਂ। ਇਹ[17] ਅਪਣਤ ਹੀ ਸਾਰੀ[18] ਬਦੀ[19] ਦਾ ਮੁੱਢ ਹੈ।

ਇਹੁ ਫੁਰਮਾਇਆ[20] ਖਸਮ[21] ਕਾ ਹੋਆ ਵਰਤੈ[22] ਇਹੁ[23] ਸੰਸਾਰਾ[24] ॥੨॥

Whatever is taking place[22] in this[23] world[24]; is happening in the Lord's will[20].

ਜੋ ਕੁੱਛ ਇਸ[23] ਜਗਤ[24] ਵਿਚ ਹੋ ਰਿਹਾ[23] ਹੈ; ਇਹ ਸਾਰਾ ਸੁਆਮੀ[21] ਦੀ ਰਜ਼ਾ[20] ਅੰਦਰ ਹੋ ਰਿਹਾ ਹੈ।

ਇੰਦ੍ਰੀ[25] ਧਾਤੁ[26] ਸਬਲ[27] ਕਹੀਅਤ[28] ਹੈ ਇੰਦ੍ਰੀ ਕਿਸ[29] ਤੇ ਹੋਈ[30] ॥

The sexual passion[25] is said[38] to be the very strong[27] urge[26], but wherefrom[29] has this sexual impulse sprung[30] ?

ਕਾਮ ਵੇਗ[25] ਬੜੀ ਜ਼ਬਰਦਸਤ[27] ਕਾਂਗ[26] ਆਖੀ ਜਾਂਦੀ[28] ਹੈ, ਪ੍ਰੰਤੂ ਇਹ ਕਾਮ ਵੇਗ ਕਿਥੋਂ[29] ਉਤਪੰਨ ਹੋਇਆ[30] ਹੈ ?

ਆਪੇ ਖੇਲ[31] ਕਰੈ[32] ਸਭਿ ਕਰਤਾ ਐਸਾ ਬੂਝੈ[33] ਕੋਈ[34]॥ ੩ ॥

Of Himself, the Creator stages[32] all the plays[31], but rare[34] is the one who realises[33] like this.

ਖੁਦ ਹੀ ਸਿਰਜਣਹਾਰ ਸਾਰੀਆਂ ਖੇਡਾਂ[31] ਖੇਡਦਾ[32] ਹੈ, ਪਰ ਕੋਈ ਵਿਰਲਾ[34] ਜਣਾ ਹੀ ਇਸ ਤਰ੍ਹਾਂ ਅਨੁਭਵ ਕਰਦਾ[33] ਹੈ।

ਗੁਰ ਪਰਸਾਦੀ[35] ਏਕ ਲਿਵ ਲਾਗੀ[36] ਦੁਬਿਧਾ[37] ਤਦੇ[38] ਬਿਨਾਸੀ[39] ॥

By Guru's grace[35], man is attuned[36] to the One Lord. It is then[38] that he is purged[39] of duality[37].

ਗੁਰਾਂ ਦੀ ਮਿਹਰ[33] ਸਦਕਾ ਬੰਦੇ ਦਾ ਇਕ ਸਾਂਈਂ ਨਾਲ ਪ੍ਰੇਮ ਪੋਂਦਾ[36] ਹੈ। ਤਦ ਹੀ[38] ਉਸ ਦੀ ਦਵੈਤ ਭਾਵ[37] ਤੋਂ ਖ਼ਲਾਸੀ ਹੁੰਦੀ[39] ਹੈ।

ਜੋ ਤਿਸੁ[40] ਭਾਣਾ[41] ਸੋ[42] ਸਤਿ[43] ਕਰਿ ਮਾਨਿਆ[44] ਕਾਟੀ[45] ਜਮ[46] ਕੀ ਫਾਸੀ[47]॥ ੪॥

Whatsoever is His[40] will[41], that[42] he accepts[44] as true[43] and Death's[46] noose[47] is loosened[45] for him.

ਜੋ ਕੁੱਛ ਭੀ ਉਸ ਦੀ[40] ਰਜ਼ਾ[41] ਹੈ, ਉਸ ਨੂੰ[42] ਉਹ ਸੱਚੀ[43] ਕਰਕੇ ਸਵੀਕਾਰ ਕਰਦਾ[44] ਹੈ ਅਤੇ ਉਸ ਲਈ ਮੌਤ[46] ਦੀ ਫ਼ਾਹੀ[47] ਕੱਟੀ ਜਾਂਦੀ[45] ਹੈ।

ਭਣਤਿ[48] ਨਾਨਕੁ ਲੇਖਾ[49] ਮਾਗੈ ਕਵਨਾ[50] ਜਾ ਚੂਕਾ[51] ਮਨਿ ਅਭਿਮਾਨਾ[52] ॥

Says[48] Nanak, who[50] can call him to account[49], when his mind's ego[52] is stilled[51] ?

ਗੁਰੂ ਜੀ ਫ਼ਰਮਾਉਂਦੇ[48] ਹਨ, ਜਦ ਉਸ ਦੇ ਚਿੱਤ ਦਾ ਹੰਕਾਰ[52] ਨਵਿਰਤ ਹੋ ਗਿਆ[51] ਹੈ, ਉਸ ਤੋਂ ਹਿਸਾਬ ਕਿਤਾਬ[49] ਕੌਣ[50] ਮੰਗ ਸਕਦਾ ਹੈ ?

ਤਾਸੁ ਤਾਸੁ[53] ਧਰਮ ਰਾਇ ਜਪਤੁ[54] ਹੈ ਪਏ ਸਚੇ ਕੀ ਸਰਨਾ[55] ॥੫॥੧॥

He has entered the True Lord's sanctuary[55] and even the Righteous Judge is[54] greatly afraid[53] of him.

ਉਸ ਨੇ ਸੱਚੇ ਸੁਆਮੀ ਦੀ ਪਨਾਹ[55] ਲਈ ਹੈ ਅਤੇ ਧਰਮਰਾਜਾ ਭੀ ਉਸ ਪਾਸੋਂ ਬਹੁਤ ਡਰ[53] ਖਾਂਦਾ[54] ਹੈ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ।

ਆਵਣ[56] ਜਾਣਾ[57] ਨਾ ਬੀਐ[58] ਨਿਜ[59] ਘਰਿ ਵਾਸਾ[60] ਹੋਇ ॥

When man obtains an abode[60] in his own[59] Home, his comings[56] and going[57] end[58], then.

ਜਦ ਇਨਸਾਨ ਨੂੰ ਆਪਣੇ ਨਿੱਜ[59] ਦੇ ਧਾਮ ਅੰਦਰ ਵਸੇਬਾ[60] ਪ੍ਰਾਪਤ ਹੋ ਜਾਂਦਾ ਹੈ, ਤਦ ਉਸ ਦੇ ਆਉਣੇ[56] ਤੇ ਜਾਣੇ[57] ਮੁਕ[58] ਜਾਂਦੇ ਹਨ।

ਸਚੁ ਖਜਾਨਾ ਬਖਸਿਆ[61] ਆਪੇ[62] ਜਾਣੈ ਸੋਇ[63] ॥੧॥

The Lord blessed[61] the mortal with the True Treasure and He[63], the Lord, Himself[62] knows whom He is going to bless.

ਸਾਂਈਂ ਪ੍ਰਾਣੀ ਨੂੰ ਸੱਚਾ ਖ਼ਜ਼ਾਨਾ ਪ੍ਰਦਾਨ ਕਰਦਾ[61] ਹੈ, ਤੇ ਉਹ[63] ਸਾਂਈਂ ਖ਼ੁਦ[62] ਹੀ ਜਾਣਦਾ ਹੈ ਕਿ ਉਸ ਨੇ ਕਿਸ ਨੂੰ ਦਾਤ ਦੇਣੀ ਹੈ।

ਏ[64] ਮਨ[65] ਹਰਿ ਜੀਉ[66] ਚੇਤਿ[67] ਤੂ ਮਨਹੁ[68] ਤਜਿ[69] ਵਿਕਾਰ[70] ॥

Renouncing[69] thy mind's[68] evil[70], O[64] my soul[65] remember[67] thou thy Venerable[66] God.

ਆਪਣੇ ਮਨ[68] ਦੀ ਬਦੀ[70] ਨੂੰ ਤਿਆਗ[69] ਕੇ[64], ਹੇ ਮੇਰੀ ਜਿੰਦੇ[65] ! ਤੂੰ ਆਪਣੇ ਪੂਜਯ[66] ਵਾਹਿਗੁਰੂ ਦਾ ਸਿਮਰਨ[67] ਕਰ।

੯੯੪

ਗੁਰ ਕੈ ਸਬਦਿ[71] ਧਿਆਇ[72] ਤੂ ਸਚਿ ਲਗੀ ਪਿਆਰੁ[73] ॥ ੧॥ਰਹਾਉ॥

By Guru's instruction[71], contemplate[72] thou thy Lord and thou shalt be attuned[73] to truth. Pause.

ਗੁਰਾਂ ਦੇ ਉਪਦੇਸ਼[71] ਦੁਆਰਾ, ਤੂੰ ਆਪਣੇ ਪ੍ਰਭੂ ਦਾ ਆਰਾਧਨ[72] ਕਰ ਅਤੇ ਤੇਰੀ ਸੱਚ ਨਾਲ ਪਿਰਹੜੀ ਪੈ ਜਾਵੇਗੀ[73]। ਠਹਿਰਾਉ।

ਐਥੈ[74] ਨਾਵਹੁ ਭੁਲਿਆ[75] ਫਿਰਿ[76] ਹਥੁ ਕਿਥਾਊ[77] ਨ ਪਾਇ ॥

Forgetting[75] the Name over here[74], one finds not refuge anywhere[77] again[76].

ਏਥੇ[74] ਨਾਮ ਨੂੰ ਭੁਲਾ ਕੇ[75], ਬੰਦੇ ਨੂੰ ਮੁੜ[76] ਕਿਧਰੇ[77] ਭੀ ਪਨਾਹ ਨਹੀਂ[4] ਮਿਲਦੀ।

ਜੋਨੀ[78] ਸਭਿ ਭਵਾਈਅਨਿ[79] ਬਿਸਟਾ[80] ਮਾਹਿ[81] ਸਮਾਇ[82]॥ ੨॥

He is made to wander[79] in all the existences[78] and putrefies[82] he in[81] ordure[80].

ਉਸ ਨੂੰ ਸਾਰੀਆਂ ਜੂਨੀਆਂ[78] ਅੰਦਰ ਭੁਆਇਆਂ ਜਾਂਦਾ[79] ਹੈ ਅਤੇ ਉਹ ਗੰਦਗੀ[80] ਅੰਦਰ[81] ਹੀ ਗਲਸੜ ਜਾਂਦਾ[82] ਹੈ।

[83]ਵਡਭਾਗੀ[84] ਗੁਰੁ ਪਾਇਆ ਪੂਰਬਿ[85] ਲਿਖਿਆ[86] ਮਾਇ[87] ॥

Through great[85] good fortune[84] and by virtue of the primal[85] writ[86], I have obtained my Gurn, O mother[87].

ਪਰਮ[83] ਚੰਗੇ ਨਸੀਬਾਂ[84] ਰਾਹੀਂ ਅਤੇ ਪੂਰਬਲੀ[85] ਲਿਖਤਾਕਾਰ[86] ਦੀ ਬਰਕਤ, ਮੈਂ ਆਪਣੇ ਗੁਰਦੇਵ ਜੀ ਨੂੰ ਪਾ ਲਿਆ ਹੈ, ਹੇ ਮਾਤਾ[87] !

ਅਨਦਿਨੁ[88] ਸਚੀ ਭਗਤਿ[89] ਕਰਿ[90] ਸਚਾ[91] ਲਏ ਮਿਲਾਇ ॥੩॥

By rendering[90] true service[89], night and day[88], the True[91] Lord unites the mortal with Himself.

ਰਾਤ ਦਿਨ[88] ਸੱਚੀ ਸੇਵਾ[89] ਕਮਾਉਣ[90] ਦੁਆਰਾ, ਸੱਚਾ ਪ੍ਰਭੂ ਪ੍ਰਾਣੀ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਆਪੇ[92] ਸ੍ਰਿਸਟਿ[93] ਸਭ ਸਾਜੀਅਨੁ[94] ਆਪੇ ਨਦਰਿ[95] ਕਰੇਇ[96] ॥

Of Himself[92], the Lord has created[94] the entire world[93] and of Himself, casts[96] He His Merciful glance[95].

ਸਾਂਈਂ ਨੇ ਸਾਰਾ ਸੰਸਾਰ[93] ਖੁਦ[92] ਰਚਿਆ[84] ਹੈ ਅਤੇ ਖੁਦ ਹੀ ਉਹ ਆਪਣੀ ਮਿਹਰ ਦੀ ਨਜ਼ਰ[95] ਪਾਰਦਾ[96] ਹੈ।

ਨਾਨਕ ਨਾਮਿ ਵਡਿਆਈਆ[97] ਜੈ ਭਾਵੈ[98] ਤੈ[99] ਦੇਇ[100] ॥ ੪॥੨॥

Nanak, all the glories[97] are in the Lord's Name. Him[89] alone He blesses[100] with it, whom He wills[98].

ਨਾਨਕ ਸਾਰੀਆਂ ਬਜ਼ੁਰਗੀਆਂ[97] ਸੁਆਮੀ ਦੇ ਨਾਮ ਵਿੱਚ ਹਨ। ਕੇਵਲ ਉਸ ਨੂੰ[99] ਹੀ ਉਹ ਇਹ ਬਖ਼ਸ਼ਦਾ[100] ਹੈ ਜਿਸ ਨੂੰ ਉਹ ਚਾਹੁੰਦਾ[98] ਹੈ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ।

ਪਿਛਲੇ[2] ਗੁਨਹ[3] ਬਖਸਾਇ[4] ਜੀਉ[5] ਅਬ[6] ਤੂ ਮਾਰਗਿ[7] ਪਾਇ ॥

O Sire[5] Lord, forgive[4] Thou my past[2] misdeeds[3] and now[6] put me Thou on the right path[7].

ਹੇ ਮਹਾਰਾਜ[5] ਸੁਆਮੀ! ਤੂੰ ਮੇਰੇ ਪਿਛਲੇ[2] ਕੁਕਰਮ[3] ਮਾਫ਼ ਕਰ[4] ਦੇ ਅਤੇ ਹੁਣ[6] ਤੂੰ ਮੈਨੂੰ ਦਰੁਸਤ ਰਾਹੇ[7] ਪਾ ਦੇ।

ਹਰਿ ਕੀ ਚਰਣੀ[8] ਲਾਗਿ[9] ਰਹਾ ਵਿਚਹੁ[10] ਆਪੁ[12] ਗਵਾਇ[13] ॥੧॥

Effacing[13] my self-conceit[12] from within[10] me, I now remain attached[9] to Thine feet[8], O God.

ਆਪਣੀ ਸਵੈ-ਹੰਗਤਾ[12] ਨੂੰ ਆਪਣੇ ਅੰਦਰੋਂ[10] ਮੇਟ ਕੇ[13], ਮੈਂ ਹੁਣ ਤੇਰਿਆਂ ਚਰਨਾਂ[8] ਨਾਲ ਜੁੜਿਆ[9] ਰਹਿੰਦਾ ਹਾਂ, ਹੇ ਵਾਹਿਗੁਰੂ!

ਮੇਰੇ ਮਨ[14] ਗੁਰਮੁਖਿ[15] ਨਾਮੁ ਹਰਿ ਧਿਆਇ[16] ॥

O my soul[14], by Guru's grace[15], contemplate[16] thou thy Lord's Name.

ਹੇ ਮੇਰੀ ਜਿੰਦੜੀਏ[14]! ਗੁਰਾਂ ਦੀ ਰਹਿਮਤ[15] ਸਦਕਾ, ਤੂੰ ਆਪਣੇ ਸੁਆਮੀ ਦੇ ਨਾਮ ਦਾ ਸਿਮਰਨ ਕਰ[16]।

ਸਦਾ[17] ਹਰਿ ਚਰਣੀ[16] ਲਾਗਿ[19] ਰਹਾ ਇਕ ਮਨਿ ਏਕੈ[20] ਭਾਇ[21] ॥੧॥ ਰਹਾਉ॥

With single mind and unique[20] affection[21], ever[17] remain thou attached[19] to the God's Feet[18]. Pause.

ਇਕ ਚਿੱਤ ਅਤੇ ਅਦੁੱਤੀ[20] ਪ੍ਰੇਮ[21] ਨਾਲ ਤੂੰ ਸਦੀਵ[17] ਹੀ ਵਾਹਿਗੁਰੂ ਦੇ ਪੈਰਾਂ[18] ਨਾਲ ਜੁੜੀ[19] ਰਹੁ। ਠਹਿਰਾਉ।

ਨਾ ਮੈ ਜਾਤਿ[22] ਨ ਪਤਿ[23] ਹੈ ਨਾ ਮੈ ਥੇਹੁ[24] ਨ ਥਾਉ[25] ॥

I have no caste[22], nor any honour[23] and possess I no hamlet[24], nor any place[25].

ਮੇਰੀ ਨਾ ਜਾਤੀ[22] ਹੈ ਨਾ ਕੋਈ ਇੱਜ਼ਤ ਆਬਰੂ[23] ਅਤੇ ਨਾ ਮੈਂਡਾ ਗਿਰਾਉਂ[24] ਹੈ, ਨਾ ਹੀ ਕੋਈ ਟਿਕਾਣਾ[25]।

ਸਬਦਿ[27] ਭੇਦਿ[27] ਭ੍ਰਮੁ[28] ਕਟਿਆ[29] ਗੁਰਿ ਨਾਮੁ ਦੀਆ ਸਮਝਾਇ[30] ॥੨॥

Piercing[27] me with the Divine word[26], the Guru has dispelled[29] my doubt[28] and made me realise[30] the Lord's Name.

ਈਸ਼ਵਰੀ ਗੁਰਬਾਣੀ[26] ਨਾਲ ਮੈਨੂੰ ਵਿਨ੍ਹ ਕੇ[27], ਗੁਰਾਂ ਨੇ ਮੇਰਾ ਸੰਦੇਹ[28] ਦੂਰ ਕਰ ਦਿੱਤਾ[29] ਹੈ ਅਤੇ ਮੈਨੂੰ ਪ੍ਰਭੂ ਦਾ ਨਾਮ ਅਨੁਭਵ ਕਰਾ ਦਿੱਤਾ[30] ਹੈ।

ਇਹੁ ਮਨ[31] ਲਾਲਚ[32] ਕਰਦਾ ਫਿਰੈ[33] ਲਾਲਚਿ ਲਾਗਾ[34] ਜਾਇ ॥

This mortal[31] wanders about[39] in greed[32] and to greed it is attached[34].

ਇਹ ਪ੍ਰਾਣੀ[31] ਲੋਭ[32] ਅੰਦਰ ਭਟਕਦਾ ਫਿਰਦਾ[34] ਹੈ ਅਤੇ ਲੋਭ ਨਾਲ ਹੀ ਇਹ ਜੁੜਿਆ ਹੋਇਆ[34] ਹੈ।

ਧੰਧੈ[35] ਕੂੜਿ[36] ਵਿਆਪਿਆ[37] ਜਮ[38]ਪੁਰਿ[39] ਚੋਟਾ[40] ਖਾਇ[41] ॥੩॥

In false[36] pursuits[35], he is engrossed[37] and suffers[41] strokes[40] in the City[39] of Yama[38].

ਕੂੜਿਆਂ[36] ਕੰਮਾਂ ਕਾਜਾਂ[35] ਅੰਦਰ ਉਹ ਖੱਚਤ ਹੋਇਆ ਹੋਇਆ[37] ਹੈ ਅਤੇ ਯਮ[38] ਦੇ ਸ਼ਹਿਰ[39] ਅੰਦਰ ਉਹ ਸੱਟਾਂ[40] ਸਹਾਰਦਾ[41] ਹੈ।

ਨਾਨਕ ਸਭੁ ਕਿਛੁ ਆਪੇ ਆਪਿ[42] ਹੈ ਦੂਜਾ[43] ਨਾਹੀ ਕੋਇ ॥

Nanak, the Lord is everything by Himself[42]. There is not any other[43].

ਨਾਨਕ, ਸੁਆਮੀ ਸਾਰਾ ਕੁੱਛ ਖ਼ੁਦ-ਬ-ਖ਼ੁਦ[42] ਹੀ ਹੈ। ਹੋਰ ਕੋਈ[43] ਹੈ ਹੀ ਨਹੀਂ।

ਭਗਤਿ[44] ਖਜਾਨਾ[45] ਬਖਸਿ ਓਨੁ[46] ਗੁਰਮੁਖਾ[47] ਸੁਖੁ[48] ਹੋਇ ॥੪॥੩॥

The Guru-wards[48], He blesses[46] with the treasure[45] of His devotional service[44] and thereby they obtain peace[48].

ਗੁਰੂ-ਅਨੁਸਾਰੀਆਂ[47] ਨੂੰ, ਉਹ ਆਪਣੀ ਪ੍ਰੇਮਮਈ ਸੇਵਾ[44] ਦਾ ਭੰਡਾਰਾ[45] ਬਖ਼ਸ਼ਦਾ[46] ਹੈ ਤੇ ਉਸ ਦੁਆਰਾ ਉਹ ਆਰਾਮ[48] ਪਾਉਂਦੇ ਹਨ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ।

ਸਚਿ ਰਤੇ[49] ਸੇ[50] ਟੋਲਿ[51] ਲਹੁ[52] ਸੇ[53] ਵਿਰਲੇ[54] ਸੰਸਾਰਿ[55] ॥

Search[51] and find out[52] thou, those[50], who are imbued[49] with truth. Rare[54] are they[53] in this world[55].

ਤੂੰ ਉਨ੍ਹਾਂ[50] ਨੂੰ ਖੋਜ ਭਾਲ ਕਰ[51] ਕੇ ਲੱਭ ਲੈ[52], ਜੋ ਸੱਚ ਨਾਲ ਰੰਗੀਜੇ ਹੋਏ[49] ਹਨ। ਬਹੁਤ ਹੀ ਥੋੜੇ[54] ਹਨ, ਉਹ[53] ਇਸ ਜਹਾਨ[55] ਦੇ ਅੰਦਰ।

ਤਿਨ ਮਿਲਿਆ ਮੁਖੁ[56] ਉਜਲਾ[57] ਜਪਿ[58] ਨਾਮੁ [59]ਮੁਰਾਰਿ[60] ॥੧॥

Meeting with them, man's countenance[56] becomes bright[57] and he utters[58] the Name of God, the Enemy[60] of ego[59].

ਉਨ੍ਹਾਂ ਨਾਲ ਮਿਲ ਕੇ, ਬੰਦੇ ਦਾ ਚਿਹਰਾ[56] ਰੋਸ਼ਨ[57] ਹੋ ਜਾਂਦਾ ਹੈ ਅਤੇ ਉਹ ਹੰਕਾਰ[59] ਦੇ ਵੈਰੀ[60], ਹਰੀ, ਦੇ ਨਾਮ ਦਾ ਉਚਾਰਨ ਕਰਦਾ[58] ਹੈ।

ਬਾਬਾ[61] ਸਾਚਾ ਸਾਹਿਬੁ ਰਿਦੈ[62] ਸਮਾਲਿ[63] ॥

O man[61], contemplate[63] thou the Name of thy True Lord within the mind[62].

ਹੇ ਬੰਦੇ[61] ! ਤੂੰ ਆਪਣੇ ਹਿਰਦੇ[62] ਅੰਦਰ ਆਪਣੇ ਸੱਚੇ ਸੁਆਮੀ ਦੇ ਨਾਮ ਦਾ ਆਰਾਧਨ[63] ਕਰ।

ਸਤਿਗੁਰੁ ਅਪਨਾ ਪੁਛਿ[64] ਦੇਖੁ[65] ਲੇਹੁ[66] ਵਖਰੁ[67] ਭਾਲਿ[68] ॥੧॥ਰਹਾਉ॥

See[65] and consult[64] thy True Guru and searching[68] out, obtain[66] thou the Name commodity[67]. Pause.

ਤੂੰ ਆਪਣੇ ਸੱਚੇ ਗੁਰਦੇਵ ਜੀ ਕੋਲੋਂ ਪਤਾ ਕਰ ਕੇ[64] ਵੇਖ ਲੈ[65] ਅਤੇ ਤੂੰ ਨਾਮ ਦੀ ਪੂੰਜੀ[67] ਨੂੰ ਲੱਭ ਕੇ[68] ਹਾਸਲ ਕਰ[66]। ਠਹਿਰਾਉ।

ਇਕੁ ਸਚਾ[69] ਸਭ[70]ਸੇਵਦੀ[71] ਧੁਰਿ[72] ਭਾਗਿ[73] ਮਿਲਾਵਾ[74] ਹੋਇ ॥

Everyone[70] serves[71] the One True Lord[69]. It is through the primal[72] good destiuy[73], that one meets[74] with Him.

ਹਰ ਕੋਈ[70] ਇਕ ਸੱਚੇ ਸਾਂਈਂ[69] ਦੀ ਸੇਵਾ[71] ਕਮਾਉਂਦਾ ਹੈ। ਪੂਰਬਲੀ[72] ਚੰਗੀ ਪ੍ਰਾਲਭਦ[73] ਰਾਹੀਂ ਹੀ ਬੰਦਾ ਉਸ ਨਾਲ ਮਿਲਦਾ[74] ਹੈ।

ਗੁਰਮੁਖਿ[75] ਮਿਲੇ[76] ਸੇ[77] ਨ ਵਿਛੁੜਹਿ[78] ਪਾਵਹਿ[79] ਸਚੁ[80] ਸੋਇ[81] ॥੨॥

Attaining[79] the[81] True Lord[80], the Guru-wards[75] blend with[76] Him. From Him they[77] separate[78] not again.

ਉਸ[81] ਸੱਚੇ ਸਾਹਿਬ[80] ਨੂੰ ਪ੍ਰਾਪਤ ਹੋ[79], ਗੁਰੂ ਅਨੁਸਾਰੀ[75] ਉਸ ਨਾਲ ਅਭੇਦ ਹੋ ਜਾਂਦੇ[76] ਹਨ। ਉਸ ਨਾਲੋਂ ਉਹ[77] ਮੁੜ ਵਖਰੇ[78] ਨਹੀਂ ਹੁੰਦੇ।

ਇਕਿ[82] ਭਗਤੀ[83] ਸਾਰ[84] ਨ ਜਾਣਨੀ[85] ਮਨਮੁਖ[86]ਭਰਮਿ[87] ਭੁਲਾਇ[88] ॥

Some[82] realise[85] not the worth[84] of the Lord's devotion[83]. Those egocentrics[86], stray[88] in doubt[87].

ਕਈ[82] ਪ੍ਰਭੂ ਦੇ ਪ੍ਰੇਮ[83] ਦੀ ਕਦਰ[84] ਨੂੰ ਅਨੁਭਵ ਨਹੀਂ ਕਰਦੇ[85]। ਉਹ ਆਪ-ਹੁਦਰੇ[86] ਵਹਿਮ[87] ਅੰਦਰ ਭਟਕਦੇ[88] ਹਨ।

ਓਨਾ ਵਿਚਿ ਆਪਿ[89] ਵਰਤਦਾ[90] ਕਰਣਾ[91] ਕਿਛੂ ਨ ਜਾਇ ॥੩॥

In them abides[90] self-conceit[89], so they cannot do[91] any good thing.

ਉਨ੍ਹਾਂ ਅੰਦਰ ਸਵੈ-ਹੰਕਤਾ[89] ਵਸਦੀ[90] ਹੈ, ਇਸ ਲਈ ਉਹ ਕੋਈ ਭੀ ਚੰਗਾ ਕੰਮ ਨਹੀਂ ਕਰ[91] ਸਕਦੇ।

ਜਿਸੁ ਨਾਲਿ[92] ਜੋਰੁ[93] ਨ ਚਲਈ[94] ਖਲੇ[95] ਕੀਚੈ ਅਰਦਾਸਿ[96] ॥

He, with[92] whom power[93] avails[94] not; before Him ever stand[95] thou in prayer[96].

ਜਿਸ ਦੇ ਨਾਲ[92] ਤਾਕਤ[93] ਕਾਰਗਰ[94] ਨਹੀਂ ਹੁੰਦੀ; ਉਸ ਮੂਹਰੇ, ਤੂੰ ਸਦਾ ਹੀ ਖੜਾ[95] ਹੋ ਕੇ ਬੇਨਤੀ[96] ਕਰ ।

ਨਾਨਕ ਗੁਰਮੁਖਿ[97] ਨਾਮੁ ਮਨਿ ਵਸੈ[98] ਤਾ[99] ਸੁਣਿ ਕਰੇ ਸਾਬਾਸਿ[100] ॥੪॥੪॥

Nanak, within the mind of the pious person[97], the Name is enshrined[98]. Then[99], hearing prayer, the Lord applauds[100] him.

ਨਾਨਕ, ਪਵਿੱਤਰ ਪੁਰਸ਼[97] ਦੇ ਹਿਰਦੇ ਅੰਦਰ ਨਾਮ ਵਸਦਾ[98] ਹੈ । ਤਦ[99] ਉਸ ਦੀ ਪ੍ਰਾਰਥਨਾ ਨੂੰ ਸੁਣ ਕਰਕੇ ਸੁਆਮੀ ਉਸ ਨੂੰ ਸ਼ਾਬਾਸ਼ੇ ਆਖਦਾ[100] ਹੈ ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ ।

ਮਾਰੂ[2] ਤੇ ਸੀਤਲੁ[3] ਕਰੇ ਮਨੂਰਹੁ[4] ਕੰਚਨੁ[5] ਹੋਇ ॥

The burning desert[2], the Lord turns into a cool place[3] and the rusted iron[4], He transmutes into gold[5].

ਮੱਚਦੇ ਹੋਏ ਰੇਗਸਤਾਨ[2] ਨੂੰ ਪ੍ਰਭੂ ਇੱਕ ਠੰਢਾ ਅਸਥਾਨ[3] ਬਣਾ ਦਿੰਦਾ ਹੈ ਅਤੇ ਜੰਗਾਲੇ ਲੋਹੇ[4] ਨੂੰ ਉਹ ਸੋਨਾ[5] ਕਰ ਦਿੰਦਾ ਹੈ ।

ਸੋ[6] ਸਾਚਾ[7] ਸਾਲਾਹੀਐ[8] ਤਿਸੁ ਜੇਵਡੁ[10] ਅਵਰੁ[9] ਨ ਕੋਇ ॥੧॥

Praise[8] thou that[6] True Lord[7]. None else[9] is so great[10] as He.

ਤੂੰ ਉਸ[6] ਸੱਚੇ ਸੁਆਮੀ[7] ਦੀ ਸਿਫ਼ਤ ਕਰ । ਹੋਰ ਕੋਈ[9] ਉਸ ਜਿੱਡਾ ਵੱਡਾ[10] ਨਹੀਂ ।

ਮੇਰੇ ਮਨ[14] ਅਨਦਿਨੁ[12] ਧਿਆਇ[13] ਹਰਿ ਨਾਉ ॥
ਸਤਿਗੁਰ ਕੈ ਬਚਨਿ[15] ਅਰਾਧਿ[16] ਤੂ ਅਨਦਿਨੁ[17] ਗੁਣ[18] ਗਾਉ[19] ॥੧॥ਰਹਾਉ॥

O my soul[14], night and day[12] remember[13] thou the Lord's Name. By the True Guru's instruction[15], meditate[16] thou on God and ever[17] hymn[19] thou, His virtues[13]. Pause.

ਹੇ ਮੇਰੀ ਜਿੰਦੇ[14] ! ਰੈਣ ਦਿਹੂੰ[12] ਤੂੰ ਸੁਆਮੀ ਦੇ ਨਾਮ ਦਾ ਸਿਮਰਨ ਕਰ[13] । ਗੁਰਾਂ ਦੇ ਉਪਦੇਸ਼[15] ਦੁਆਰਾ, ਤੂੰ ਵਾਹਿਗੁਰੂ ਦਾ ਭਜਨ ਕਰ[16] ਅਤੇ ਸਦੀਵ[17] ਹੀ ਉਸ ਦੀਆਂ ਨੇਕੀਆਂ[18] ਨੂੰ ਗਾ[19] । ਠਹਿਰਾਉ ।

ਗੁਰਮੁਖਿ[20] ਏਕੋ ਜਾਣੀਐ ਜਾ[21] ਸਤਿਗੁਰੁ ਦੇਇ ਬੁਝਾਇ[22] ॥

The Guru-ward[20] comes to know the One Lord, when[21] the True Guru so instructs[22] him.

ਜਦ[21] ਸੱਚੇ ਗੁਰੂ ਜੀ ਉਸ ਨੂੰ ਐਸੀ ਸਿੱਖਿਆ[22] ਦਿੰਦੇ ਹਨ, ਗੁਰੂ-ਅਨੁਸਾਰੀ[20] ਇਕ ਸੁਆਮੀ ਨੂੰ ਜਾਣ ਲੈਂਦਾ ਹੈ ।

ਸੋ ਸਤਿਗੁਰੁ ਸਾਲਾਹੀਐ[23] ਜਿਦੂ[24] ਏਹ ਸੋਝੀ[25] ਪਾਇ ॥੨॥

Eulogise[23] thou that True Guru, from whom[24] this Divine understanding[25] is obtained.

ਤੂੰ ਉਸ ਸੱਚੇ ਗੁਰਦੇਵ ਜੀ ਦੀ ਸਿਫ਼ਤ ਸ਼ਲਾਘਾ ਕਰ[23], ਜਿਸ ਪਾਸੋਂ[24] ਇਹ ਈਸ਼ਵਰੀ ਗਿਆਤ[25] ਪ੍ਰਾਪਤ ਹੁੰਦੀ ਹੈ ।

ਸਤਿਗੁਰੁ ਛੋਡਿ[26] ਦੂਜੈ[27] ਲਗੇ ਕਿਆ[28] ਕਰਨਿ ਅਗੈ[29] ਜਾਇ[30] ॥

Forsaking[26] the True Guru, they who are attached to another[97]; what[28] shall they do reaching[30] in the yond[29] ?

ਜੋ ਸੱਚੇ ਗੁਰਾਂ ਨੂੰ ਤਿਆਗ[26], ਹੋਰਸ[27] ਨਾਲ ਜੁੜਦੇ ਹਨ; ਉਹ ਪ੍ਰਲੋਕ[29] ਵਿਚ ਪੁਜ ਕੇ[30] ਕੀ[28] ਕਰਨਗੇ ?

ਜਮ[31] ਪੁਰਿ[32] ਬਧੇ[33] ਮਾਰੀ ਅਹਿ[34] ਬਹੁਤੀ[35] ਮਿਲੈ ਸਜਾਇ[36] ॥੩॥

Bound down[33] in the city[32] of death[31], they are soundly beaten[34] and suffer great[35] punishment[36].

ਜਮ[31] ਦੇ ਸ਼ਹਿਰ[32] ਅੰਦਰ ਨਰੜੇ ਹੋਏ[23], ਉਹ ਕੁੱਟੇ ਫਾਟੇ ਜਾਂਦੇ[34] ਹਨ ਅਤੇ ਉਨ੍ਹਾਂ ਨੂੰ ਸਖ਼ਤ[35] ਸਜ਼ਾ[36] ਮਿਲਦੀ ਹੈ ।

ਮੇਰਾ ਪ੍ਰਭੁ ਵੇਪਰਵਾਹੁ[37] ਹੈ ਨਾ ਤਿਸੁ[40] ਤਿਲੁ[38] ਨ ਤਮਾਇ[39] ॥

Self-dependent[37] is my Lord. He[40] has not, absolutely not, even an iota[38] of avarice[39].

ਖ਼ੁਦ-ਮੁਖਤਿਆਰ[37] ਹੈ ਮੇਰਾ ਮਾਲਕ, ਉਸ[40] ਨੂੰ ਇਕ ਭੋਰਾਭਰ[38] ਭੀ ਤਮ੍ਹਾਂ[39] (ਲਾਲਚ) ਨਹੀਂ, ਹਦੋਂ ਹੀ ਨਹੀਂ ।

ਨਾਨਕ ਤਿਸੁ[46] ਸਰਣਾਈ[41] ਭਜਿ[42] ਪਉ ਆਪੇ[43] ਬਖਸਿ[44] ਮਿਲਾਇ[45] ॥੪॥੫॥

Hastily run[42] thou to, His[46] refuge[41], O Nanak. Granting pardon[44], He shall blend[45] thee with Himself[43].

ਤੂੰ ਛੇਤੀ ਦੌੜ ਕੇ[42] ਉਸ ਦੀ[46] ਪਨਾਹ[41] ਲੈ ਲੈ, ਹੇ ਨਾਨਕ ! ਮਾਫ਼ੀ[44] ਦੇ ਕੇ, ਉਹ ਤੈਨੂੰ ਆਪਣੇ[43] ਨਾਲ ਅਭੇਦ ਕਰ ਲਵੇਗਾ[45] ।

੯੯੫

ਮਾਰੂ ਮਹਲਾ ੪ ਘਰੁ ੨

Maru 4th Guru.

ਮਾਰੂ ਚੌਥੀ ਪਾਤਿਸਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਜਪਿਓ[47] ਨਾਮੁ ਸੁਕ ਜਨਕ ਗੁਰ ਬਚਨੀ[48] ਹਰਿ ਹਰਿ ਸਰਣਿ[49] ਪਰੇ[50] ॥

Sukdeva and Janak, meditated[47] on the Name, through the Guru's instruction[48] and God's refuge[49] did they seek[50].

ਸੁਕਦੇਵ ਅਤੇ ਜਨਕ ਨੇ ਗੁਰਾਂ ਦੇ ਉਪਦੇਸ਼[48] ਰਾਹੀਂ, ਨਾਮ ਦਾ ਆਰਾਧਨ ਕੀਤਾ[47] ਅਤੇ ਵਾਹਿਗੁਰੂ, ਵਾਹਿਗੁਰੂ, ਦੀ ਪਨਾਹ[49] ਉਨ੍ਹਾਂ ਨੇ ਲਈ[50] ।

ਦਾਲਦੁ[51] ਭੰਜਿ[52] ਸੁਦਾਮੇ ਮਿਲਿਓ ਭਗਤੀ ਭਾਇ[53] ਤਰੇ[54] ॥

The Remover[52] of poverty[51] met Sudama, who through the Lord's devotional service[53], swam across[54] the world-ocean.

ਗ਼ਰੀਬੀ[51] ਨੂੰ ਦੂਰ ਕਰਨਹਾਰ[52] ਸੁਦਾਮੇ ਨੂੰ ਮਿਲ ਪਿਆ, ਜੋ ਪ੍ਰਭੂ ਦੀ ਪ੍ਰੇਮਮਈ ਸੇਵਾ[53] ਰਾਹੀਂ, ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ[54] ।

ਭਗਤਿ[55] ਵਛਲੁ[56] ਹਰਿ ਨਾਮੁ ਕ੍ਰਿਤਾਰਥੁ[57] ਗੁਰਮੁਖਿ[58] ਕ੍ਰਿਪਾ[59] ਕਰੇ[60] ॥੧॥

Fulfilling[57] is the Lord's Name. God is the Lover[56] of His saints[55]. It is through the Guru[58], that He showers[60] His benediction[59] on the mortals.

ਪੂਰੀਆਂ ਪਾਉਣ ਵਾਲਾ[57] ਹੈ ਪ੍ਰਭੂ ਦਾ ਨਾਮ । ਵਾਹਿਗੁਰੂ ਆਪਣੇ ਸੰਤਾਂ[55] ਦਾ ਪ੍ਰੀਤਮ[56] ਹੈ । ਗੁਰਾਂ ਦੇ ਰਾਹੀਂ[58] ਹੀ ਉਹ ਪ੍ਰਾਣੀਆਂ ਉੱਤੇ ਆਪਣੀ ਰਹਿਮਤ[59] ਧਾਰਦਾ[60] ਹੈ ।

ਮੇਰੇ ਮਨ[62] ਨਾਮੁ ਜਪਤ[61] ਉਧਰੇ[63] ॥

O my soul[63], contemplating[61] the Name, one is emancipated[63].

ਹੇ ਮੇਰੀ ਜਿੰਦੇ[62] ! ਨਾਮ ਦਾ ਚਿੰਤਨ ਕਰਨ[61] ਦੁਆਰਾ ਬੰਦਾ ਪਾਰ ਉੱਤਰ ਜਾਂਦਾ[63] ਹੈ ।

ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ[64] ਸੁਤੁ[65] ਗੁਰਮੁਖਿ[66] ਨਾਮਿ ਤਰੇ[67] ॥੧॥ਰਹਾਉ॥

Dhru, Prahlad and Bidar the hand-maiden's[64] son[65], swam[67] across, contemplating the Name, through the Guru[66]. Pause.

ਧਰੂ ਪ੍ਰਹਿਲਾਦ ਤੇ ਗੱਲੀ[64] ਦਾ ਪੁਤ੍ਰ[65] ਬਿਦਰ, ਗੁਰਾਂ ਦੇ ਰਾਹੀਂ[66] ਨਾਮ ਦਾ ਆਰਾਧਨ ਕਰਨ ਦੁਆਰਾ, ਪਾਰ ਉਤਰ[67] ਗਏ । ਠਹਿਰਾਉ ।

ਕਲਜੁਗਿ[68] ਨਾਮੁ ਪ੍ਰਧਾਨੁ[69] ਪਦਾਰਥੁ[70] ਭਗਤ ਜਨਾ[71] ਉਧਰੇ[72] ॥

In this Darkage[68], the Lord's Name is the supreme[69] wealth[70]. Through it, the saintly persons[71] are saved[72].

ਇਸ ਕਾਲੇ ਸਮੇਂ[68] ਅੰਦਰ, ਸਾਂਈਂ ਦਾ ਨਾਮ ਮਹਾਨ[69] ਦੌਲਤ[70] ਹੈ । ਇਸ ਦੇ ਰਾਹੀਂ ਪਵਿੱਤਰ ਪੁਰਸ਼[71] ਪਾਰ ਉੱਤਰ ਜਾਂਦੇ[72] ਹਨ ।

ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ[73] ਗਏ[74] ਚਮਰੇ[75] ॥

All the blemishes[73] of Nam Dev, Jaidev, Kabir, Tirlochan and Ravi Dass, the tanner[75], were dispelled[74].

ਨਾਮਦੇਵ, ਜੈਦੇਵ, ਕਬੀਰ, ਤ੍ਰਿਲੋਚਨ ਅਤੇ ਰਵਿਦਾਸ ਚਮਾਰ[75] ਦੇ ਸਾਰੇ ਦੂਸ਼ਨ[73] ਦੂਰ ਹੋ ਗਏ[74] ।

ਗੁਰਮੁਖਿ[76] ਨਾਮਿ ਲਗੇ[77]

They, who are attached[77] to the

ਜੋ ਗੁਰਾਂ ਦੀ ਦਇਆ[76] ਦੁਆਰਾ ਨਾਮ ਨਾਲ ਜੁੜਦੇ[77]

ਸੇ ਉਧਰੇ[91] ਸਭਿ ਕਿਲਬਿਖ[78] ਪਾਪ[79] ਟਰੇ[80] ॥੨॥

Name, by the Guru's grace[76], are emancipated[81]. All their misdeeds[78] and sins[79] are washed off[80].

ਹਨ, ਉਹ ਮੁਕਤ[81] ਹੋ ਜਾਂਦੇ ਹਨ। ਉਨ੍ਹਾਂ ਦੇ ਸਮੂਹ ਕੁਕਰਮ[78] ਅਤੇ ਗੁਨਾਹ[79] ਟਲ ਜਾਂਦੇ[80] ਹਨ।

ਜੋ ਜੋ[82] ਨਾਮੁ ਜਪੈ[83] ਅਪਰਾਧੀ[84] ਸਭਿ ਤਿਨ ਕੇ ਦੋਖ[85] ਪਰਹਰੇ[86] ॥

All[82] the sins[85] of the sinners[84], who meditate[83] on the Lord's Name; are eradicated[86].

ਸਮੂਹ[82] ਪਾਪੀ[84], ਜੋ ਪ੍ਰਭੂ ਦੇ ਨਾਮ ਦਾ ਆਰਾਧਨ[83] ਕਰਦੇ ਹਨ; ਉਨ੍ਹਾਂ ਦੇ ਸਾਰੇ ਪਾਪ[85] ਕੱਟੇ ਜਾਂਦੇ[86] ਹਨ।

ਬੇਸੁਆ[87] ਰਵਤ[88] ਅਜਾਮਲੁ ਉਧਰਿਓ[89] ਮੁਖਿ[90] ਬੋਲੈ[91] ਨਾਰਾਇਣੁ[92] [93]ਨਰਹਰੇ[98] ॥

Ajamal, who mated[88] with whores[87], was delivered[89] by uttering[91] with his[90] mouth the Name of God[92], the Man[93]-lion[94].

ਅਜਾਮਲ ਜੋ ਵੇਸਵਾ[87] ਗਾਮੀ[88] ਸੀ, ਆਪਣੇ ਮੁਖ ਤੋਂ ਮਨੁਖ[93]-ਸ਼ੇਰ[94], ਵਾਹਿਗੁਰੂ[92], ਦੇ ਨਾਮ ਦਾ ਉਚਾਰਨ ਕਰਨ[91] ਦੁਆਰਾ ਮੁਕਤ ਹੋ ਗਿਆ[89]।

ਨਾਮੁ ਜਪਤ[95] ਉਗ੍ਰਸੈਣਿ ਗਤਿ[96] ਪਾਈ[97] ਤੋੜਿ[98] ਬੰਧਨ[99] ਮੁਕਤਿ[100] ਕਰੇ ॥੩॥

Uttering[95] the Name, Ugar Sain obtained[97] salvation[96]. His shackles[99] were shattered[98] and he was liberated[100].

ਨਾਮ ਦਾ ਉਚਾਰਨ ਕਰਨ[95] ਨਾਲ ਉਗ੍ਰਸੈਨ ਨੇ ਮੁਕਤੀ[96] ਪਾ ਲਈ[97]। ਉਸ ਦੀਆਂ ਬੇੜੀਆਂ[99] ਕੱਟੀਆਂ ਗਈਆਂ[98] ਤੇ ਉਹ ਆਜ਼ਾਦ ਹੋ ਗਿਆ[100]।

ਜਨ ਕਉ[2] ਆਪਿ ਅਨੁਗ੍ਰਹੁ[3] ਕੀਆ ਹਰਿ ਅੰਗੀਕਾਰੁ[4] ਕਰੇ ॥

God, Himself has taken pity[3] on His slave[2] and has hugged[4] him to His bosom.

ਵਾਹਿਗੁਰੂ ਨੇ ਆਪੇ ਹੀ ਆਪਣੇ ਗੋਲੇ[2] ਉੱਤੇ ਤਰਸ ਕੀਤਾ[3] ਹੈ ਅਤੇ ਉਸ ਨੂੰ ਆਪਣੀ ਹਿੱਕ ਨਾਲ ਲਾ ਲਿਆ[4] ਹੈ।

ਸੇਵਕ[5] ਪੈਜ[6] ਰਖੈ ਮੇਰਾ [97]ਗੋਵਿਦੁ ਸਰਣਿ[8] ਪਰੇ ਉਧਰੇ[10] ॥

My God, the Lord[8] of the Universe[7], saves the honour[6] of His serf[5]. They, who seek His refuge[9], are emancipated[10].

ਆਲਮ[7] ਦਾ ਸੁਆਮੀ[8] ਮੇਰਾ ਵਾਹਿਗੁਰੂ, ਆਪਣੇ ਦਾਸ[5] ਦੀ ਲੱਜਿਆ[6] ਰਖਦਾ ਹੈ। ਜੋ ਉਸ ਦੀ ਪਨਾਹ[9] ਲੈਂਦੇ ਹਨ, ਉਨ੍ਹਾਂ ਦੀ ਕਲਿਆਣ ਹੋ ਜਾਂਦੀ[10] ਹੈ।

ਜਨ[12] ਨਾਨਕ ਹਰਿ ਕਿਰਪਾ[13] ਧਾਰੀ[14] ਉਰ[15]ਧਰਿਓ[16] ਨਾਮੁ ਹਰੇ ॥੪॥੧॥

The Lord-God has shown[14] mercy[13] unto Nanak, His slave[12], and so he has enshrined[16] His Name within his mind[15].

ਸੁਆਮੀ ਵਾਹਿਗੁਰੂ ਨੇ ਨਾਨਕ, ਆਪਣੇ ਗੁਮਾਸ਼ਤੇ[12] ਉੱਤੇ, ਰਹਿਮਤ[13] ਕੀਤੀ[14] ਹੈ ਤੇ ਇਸ ਲਈ ਉਸ ਨੇ ਉਸ ਦਾ ਨਾਮ ਆਪਣੇ ਮਨ[15] ਅੰਦਰ ਟਿਕਾ ਲਿਆ[16] ਹੈ।

ਮਾਰੂ ਮਹਲਾ ੪ ॥

Maru 4th Guru.

ਮਾਰੂ ਚੌਥੀ ਪਾਤਿਸ਼ਾਹੀ।

ਸਿਧ[17] ਸਮਾਧਿ[18] ਜਪਿਓ[19] ਲਿਵ ਲਾਈ[20] ਸਾਧਿਕ[21] ਮੁਨਿ[22] ਜਪਿਆ ॥

The adepts[17] in their trance[18] are attuned[20] to the Lord and dwell upon[19] Him. The strivers[21] and the silent sages[22], too, meditate on Him.

ਪੂਰਨ ਪੁਰਸ਼[17] ਆਪਣੀ ਤਾੜੀ[18] ਅੰਦਰ ਪ੍ਰਭੂ ਨੂੰ ਪਿਆਰ ਕਰਦੇ[20] ਅਤੇ ਉਸ ਨੂੰ ਹੀ ਸਿਮਰਦੇ[19] ਹਨ। ਅਭਿਆਸੀ[21] ਅਤੇ ਖ਼ਾਮੋਸ਼ ਰਿਸ਼ੀ[22] ਭੀ ਉਸੇ ਦਾ ਹੀ ਆਰਾਧਨ ਕਰਦੇ ਹਨ।

ਜਤੀ[23] ਸਤੀ[24] ਸੰਤੋਖੀ[25] ਧਿਆਇਆ[26] ਮੁਖਿ[27] ਇੰਦ੍ਰਾਦਿਕ[28] ਰਵਿਆ[29] ॥

The celibates[23] and men of chastity[24] and contentment[25] meditate[26] on Him. Indar and the like[28], too, utter[29] His Name with their mouth[27].

ਬ੍ਰਹਮਚਾਰੀ[23], ਪਰਹੇਜ਼ਗਾਰ[24] ਅਤੇ ਸੰਤੁਸ਼ਟ ਪੁਰਸ਼[25] ਉਸ ਨੂੰ ਆਰਾਧਦੇ[21] ਹਨ। ਇੰਦ੍ਰ ਆਦਿ[28] ਭੀ ਆਪਣੇ ਮੂੰਹ[27] ਨਾਲ ਉਸ ਦੇ ਨਾਮ ਨੂੰ ਉਚਾਰਦੇ[29] ਹਨ।

ਸਰਣਿ[30] ਪਰੇ[31] ਜਪਿਓ[32] ਤੇ[33] ਭਾਏ[34] ਗੁਰਮੁਖਿ[35] ਪਾਰਿ ਪਇਆ[36] ॥੧॥

They[33], who enter[31] the Lord's sanctuary[30] and ponder over[32] Him become pleasing[34] to Him. Such holy men[35] swim across[36].

ਜੋ ਸਾਈਂ ਦੀ ਪਨਾਹ[30] ਲੈਂਦੇ[31] ਹਨ ਅਤੇ ਉਸ ਨੂੰ ਸਿਮਰਦੇ[32] ਹਨ, ਉਹ[33] ਉਸ ਨੂੰ ਚੰਗੇ[34] ਲਗਦੇ ਹਨ। ਐਸੇ ਨੇਕ ਬੰਦੇ[35] ਪਾਰ ਉੱਤਰ ਜਾਂਦੇ[36] ਹਨ।

ਮੇਰੇ ਮਨ[37] ਨਾਮੁ ਜਪਤ[39] ਤਰਿਆ[38] ॥

Deliberating over[39] the Name, one is saved[38], O my soul[37].

ਨਾਮ ਦਾ ਭਜਨ ਕਰਨ[39] ਦੁਆਰਾ, ਬੰਦਾ ਬਚ ਜਾਂਦਾ[38] ਹੈ, ਹੇ ਮੇਰੀ[37] ਜਿੰਦੜੀਏ!

ਧੰਨਾ ਜਟੁ ਬਾਲਮੀਕੁ ਬਟਵਾਰਾ[40] ਗੁਰਮੁਖਿ[41] ਪਾਰਿ ਪਇਆ[42] ॥੧॥ ਰਹ ਉ॥

Dhanna, the farmer, and Balmik, the highway robber[40], were emancipated[42] by Guru's grace[41]. Pause.

ਧੰਨਾ ਜ਼ਿਮੀਂਦਾਰ ਅਤੇ ਬਾਲਮੀਕ ਰਸਤੇ ਦਾ ਧਾੜਵੀ[40], ਗੁਰਾਂ ਦੀ ਦਇਆ[41] ਦੁਆਰਾ, ਮੁਕਤ ਹੋ ਗਏ[42] ਸਨ। ਠਹਿਰਾਉ।

ਸੁਰਿ[43] ਨਰ[44] ਗਣ[45] ਗੰਧਰਬੇ[46] ਜਪਿਓ ਰਿਖਿ[47] ਬਪੁਰੈ[48] ਹਰਿ ਗਾਇਆ ॥

The gods[43], men[44], heavenly heralds[45] and celestial singers[46] dwell upon God and the poor[48] Righteous Judge[47], too, sings the Lord's praise.

ਦੇਵਤੇ[43], ਮਨੁਸ਼[44], ਇਲਾਹੀ ਏਲਚੀ[45] ਅਤੇ ਸਵਰਗੀ ਗਵੱਈਏ[46] ਵਾਹਿਗੁਰੂ ਨੂੰ ਅਰਾਧਦੇ ਹਨ ਅਤੇ ਵਿਚਾਰਾ[48] ਧਰਮਰਾਜਾ[47] ਭੀ ਸੁਆਮੀ ਦੀ ਸਿਫ਼ਤ-ਸ਼ਲਾਘਾ ਗਾਇਨ ਕਰਦਾ ਹੈ।

ਸੰਕਰਿ[49] ਬ੍ਰਹਮੈ ਦੇਵੀ[50] ਜਪਿਓ ਮੁਖਿ[51] ਹਰਿ ਹਰਿ ਨਾਮੁ ਜਪਿਆ ॥

Shiva[49], Brahma and goddess[50] repeat and utter the God's Name with their mouth[51].

ਸ਼ਿਵਜੀ[44], ਬ੍ਰਹਮਾ ਅਤੇ ਭਵਾਨੀ[50] ਆਪਣੇ ਮੂੰਹ[51] ਨਾਲ ਵਾਹਿਗੁਰੂ ਸੁਆਮੀ ਦੇ ਨਾਮ ਦਾ ਉਚਾਰਨ ਤੇ ਜਾਪ ਕਰਦੇ ਹਨ।

ਹਰਿ ਹਰਿ ਨਾਮਿ ਜਿਨਾ ਮਨੁ[52] ਭੀਨਾ[53]ਤੇ[54]ਗੁਰਮੁਖਿ[55] ਪਾਰਿ ਪਇਆ[56] ॥੨॥

They whose soul[52] is saturated[53] with the Lord Master's Name; they[54] are ferried across[56] by Guru's grace[55].

ਜਿੰਨਾਂ ਦੀ ਆਤਮਾ[52] ਸੁਆਮੀ ਮਾਲਕ ਦੇ ਨਾਮ ਨਾਲ ਗੱਚ ਹੋ ਗਈ[53] ਹੈ; ਉਹ[54] ਗੁਰਾਂ ਦੀ ਦਇਆ[55] ਦੁਆਰਾ ਪਾਰ ਉੱਤਰ ਜਾਂਦੇ[56] ਹਨ।

ਕੋਟਿ[57] ਕੋਟਿ[58] ਤੇਤੀਸ[59] ਧਿਆਇਓ[60] ਹਰਿ ਜਪਤਿਆ[61] ਅੰਤ[62] ਨ ਪਾਇਆ ॥

Thirty three[59] millions[57] and numberless[58] gods ponder on[60] Him. O, endless[62] are the beings who deliberate[61] over the Lord.

ਤੇਤੀ[59] ਕ੍ਰੋੜ[57] ਅਤੇ ਅਣਗਿਣਤ[58] ਦੇਵਤੇ ਉਸ ਨੂੰ ਸਿਮਰਦੇ[60] ਹਨ। ਓਹ ਅਨੰਤ[62] ਹੀ ਜੀਵ ਹਨ ਜੋ ਪ੍ਰਭੂ ਦਾ ਆਰਾਧਨ ਕਰਦੇ[61] ਹਨ।

ਬੇਦ ਪੁਰਾਣ ਸਿਮ੍ਰਿਤ ਹਰਿ ਜਪਿਆ[63] ਮੁਖਿ[64] ਪੰਡਿਤ[65] ਹਰਿ ਗਾਇਆ[66] ॥

The Vedas, Puranas and Shashtras dwell upon[63] God and the scholars[65], too, with their mouth[64], sing[66] God's praise.

ਵੇਦ, ਪੁਰਾਣ ਅਤੇ ਸ਼ਾਸਤਰ ਵਾਹਿਗੁਰੂ ਨੂੰ ਆਰਾਧਦੇ[63] ਹਨ ਅਤੇ ਵਿਦਵਾਨ[65]ਭੀ ਆਪਣੇ ਮੂੰਹ[64] ਨਾਲ ਵਾਹਿਗੁਰੂ ਦਾ ਜੱਸ ਗਾਉਂਦੇ[66] ਹਨ।

ਨਾਮੁ ਰਸਾਲੁ[67] ਜਿਨਾ[68] ਮਨਿ ਵਸਿਆ ਤੇ[69] ਗੁਰਮੁਖਿ[70] ਪਾਰਿ ਪਇਆ ॥੩॥

They within whose mind, God's Name, the home[68] of Nectar[67], abides; those[69] Guru-wards[70] swim across.

ਜਿਨ੍ਹਾਂ ਦੇ ਹਿਰਦੇ ਅੰਦਰ, ਅੰਮ੍ਰਿਤ[67] ਦਾ ਘਰ[68], ਹਰੀ ਦਾ ਨਾਮ ਵਸਦਾ ਹੈ, ਉਹ[69] ਗੁਰੂ-ਅਨੁਸਾਰੀ[70] ਪਾਰ ਉੱਤਰ ਜਾਂਦੇ ਹਨ।

ਅਨਤ[71] ਤਰੰਗੀ[72] ਨਾਮੁ ਜਿਨ ਜਪਿਆ ਮੈ ਗਣਤ[73] ਨ ਕਰਿ ਸਕਿਆ[74] ॥

They, who utter the Name of God of infinite[71] waves[72]; their number[73] I cannot count[74].

ਜੋ ਬੇਅੰਤ[71] ਲਹਿਰਾਂ[72] ਵਾਲੇ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰਦੇ ਹਨ; ਉਨ੍ਹਾਂ ਦੀ ਗਿਣਤੀ[73] ਮੈਂ ਗਿਣ[74] ਨਹੀਂ ਸਕਦਾ।

[75]ਗੋਬਿਦੁ[76] ਕ੍ਰਿਪਾ[77] ਕਰੇ ਥਾਇ[78] ਪਾਏ ਜੋ ਹਰਿ ਪ੍ਰਭ[79] ਮਨਿ ਭਾਇਆ[80] ॥

He, who is pleasing[80] to the God[79]-Master's mind, Him the Lord[76] of the universe[75] mereifully[77] approves[78].

ਜੋ ਵਾਹਿਗੁਰੂ[79] ਮਾਲਕ ਦੇ ਚਿੱਤ ਨੂੰ ਚੰਗਾ ਲਗਦਾ[80] ਹੈ, ਉਸ ਨੂੰ ਕੁਲ ਆਲਮ[75] ਦਾ ਸੁਆਮੀ[76] ਮਿਹਰ ਧਾਰ ਕੇ[77] ਪ੍ਰਵਾਨ ਕਰ ਲੈਂਦਾ[78] ਹੈ ।

ਗੁਰਿ ਧਾਰਿ[81] ਕ੍ਰਿਪਾ[82] ਹਰਿ ਨਾਮੁ ਦ੍ਰਿੜਾਇਓ[83] ਜਨ[84] ਨਾਨਕ ਨਾਮੁ ਲਇਆ[85] ॥ ੪॥੨॥

Showering[81] His benediction[82], the Guru has implanted[83] the Lord's Name within me and slave[84] Nanak utters[85] but the Name.

ਆਪਣੀ ਰਹਿਮਤ[82] ਧਾਰ ਕੇ[81], ਗੁਰਾਂ ਨੇ ਮੇਰੇ ਅੰਦਰ ਪ੍ਰਭੂ ਦਾ ਨਾਮ ਪੱਕਾ ਕੀਤਾ[83] ਹੈ ਅਤੇ ਗੋਲਾ[84] ਨਾਨਕ, ਕੇਵਲ ਨਾਮ ਦਾ ਹੀ ਉਚਾਰਨ ਕਰਦਾ[85] ਹੈ ।

੯੯੬

ਮਾਰੂ ਮਹਲਾ ੪ ਘਰੁ ੩

Maru 4th Guru.

ਮਾਰੂ ਚੌਥੀ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਹਰਿ ਹਰਿ ਨਾਮੁ ਨਿਧਾਨੁ[86] ਲੈ[87] ਗੁਰਮਤਿ[88] ਹਰਿ ਪਤਿ[89] ਪਾਇ ॥

Through the Guru's guidance[88], gather[87] thou the treasure[86] of the God's Name and thereby thou shalt obtain honour[89] in the Lord's court.

ਗੁਰਾਂ ਦੀ ਅਗਵਾਈ[88] ਰਾਹੀਂ ਤੂੰ ਸੁਆਮੀ ਵਾਹਿਗੁਰੂ ਦੇ ਨਾਮ ਦਾ ਖ਼ਜ਼ਾਨਾ[86] ਇਕੱਤਰ[87] ਕਰ ਅਤੇ ਉਸ ਦੁਆਰਾ ਤੈਨੂੰ ਪ੍ਰਭੂ ਦੇ ਦਰਬਾਰ ਅੰਦਰ ਇੱਜ਼ਤ[89] ਪ੍ਰਾਪਤ ਹੋਵੇਗੀ ।

ਹਲਤਿ[90] ਪਲਤਿ[91] ਨਾਲਿ ਚਲਦਾ[92] ਹਰਿ ਅੰਤੇ[93] ਲਏ ਛਡਾਇ[94] ॥

Here[90] and hereafter[91], God goes[92] with thee and shall deliver[64] thee in the end[93].

ਏਥੇ[90] ਅਤੇ ਉਥੇ[91], ਇਹ ਤੇਰੇ ਨਾਲ ਜਾਂਦਾ[92] ਹੈ ਅਤੇ ਅਖ਼ੀਰ[93] ਦੇ ਵੇਲੇ ਸਾਂਈਂ ਤੈਨੂੰ ਛੁਡਾ ਲਵੇਗਾ[94] ।

ਜਿਥੈ [95]ਅਵਘਟ[96]ਗਲੀਆ[97] ਭੀੜੀਆ[98] ਤਿਥੈ[99] ਹਰਿ ਹਰਿ ਮੁਕਤਿ[100] ਕਰਾਇ ॥ ੧॥

Where there are difficult[95] paths[96] and narrow[98] streets[97], there[99] the Lord-Master alone shall rescue[100] thee.

ਜਿੱਥੇ ਬਿਖੜੇ[95] ਰਸਤੇ[96] ਅਤੇ ਤੰਗ[98] ਗਲੀਆਂ[97] ਹਨ; ਉਥੇ[99] ਕੇਵਲ ਸੁਆਮੀ ਮਾਲਕ ਹੀ ਤੇਰੀ ਰੱਖਿਆ ਕਰੇਗਾ[100] ।

ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ[2] ॥

O my True Guru, enshrine[2] thou within me the Lord-God's Name.

ਹੇ, ਮੈਂਡੇ ਸੱਚੇ ਗੁਰਦੇਵ ਜੀ ! ਤੁਸੀਂ ਮੇਰੇ ਅੰਦਰ ਸੁਆਮੀ ਵਾਹਿਗੁਰੂ ਦਾ ਨਾਮ ਟਿਕਾ ਦਿਓ[2] ।

ਮੇਰਾ ਮਾਤ[3] ਪਿਤਾ[4] ਸੁਤ[5] ਬੰਧਪੁ[6] ਮੈ ਹਰਿ ਬਿਨੁ ਅਵਰੁ[7] ਨ ਮਾਇ[8] ॥੧॥ ਰਹਾਉ॥

The Lord is my mother[3], father[4], son[5] and relation[6]. Without God, I have not another[7], O my mother[8]. Pause.

ਪ੍ਰਭੂ ਹੀ ਮੈਂਡੀ ਮਾਂ[3], ਪਿਉ[4], ਪੁੱਤ੍ਰ[5] ਅਤੇ ਸੰਨਬੰਧੀ[6] ਹੈ । ਵਾਹਿਗੁਰੂ ਦੇ ਬਗ਼ੈਰ ਮੇਰਾ ਹੋਰ[7] ਕੋਈ ਨਹੀਂ, ਹੇ ਮੇਰੀ ਮਾਤਾ[8] ! ਠਹਿਰਾਉ ।

ਮੈ ਹਰਿ ਬਿਰਹੀ[9] ਹਰਿ ਨਾਮੁ ਹੈ ਕੋਈ[10] ਆਣਿ ਮਿਲਾਵੈ ਮਾਇ ॥

God's Name and God is dear[9] unto me. Let some one[10] come and unite me with Him, O my mother.

ਰੱਬ ਦਾ ਨਾਮ ਅਤੇ ਰੱਬ ਮੈਨੂੰ ਮਿੱਠੜਾ[9] ਲਗਦਾ ਹੈ । ਕੋਈ ਜਣਾ[10] ਆ ਕੇ ਮੈਨੂੰ ਉਸ ਨਾਲ ਮਿਲਾ ਦੇਵੇ, ਹੇ ਮੇਰੀ ਅੰਮੜੀਏ !

ਤਿਸੁ[12] ਆਗੈ[13] ਮੈ ਜੋਦੜੀ[14]

I make obeisance[14] before[13] him[12],

ਮੈਂ ਉਸ[12] ਮੂਹਰੇ[13] ਪ੍ਰਨਾਮ ਕਰਦਾ[14] ਹਾਂ, ਜੋ ਮੈਨੂੰ ਮੈਂਡੇ

ਮੇਰਾ ਪ੍ਰੀਤਮੁ[15] ਦੇਇ ਮਿਲਾਇ ॥	who may make me meet with my Beloved[15].	ਪਿਆਰੇ[15] ਨਾਲ ਮਿਲਾ ਦੇਵੇ ।
ਸਤਿਗੁਰੁ ਪੂਰਖੁ[16] ਦਇਆਲ[17] ਪ੍ਰਭੁ[18] ਹਰਿ ਮੇਲੇ ਢਿਲ[19]ਨ ਪਾਇ[20]॥੨॥	The mighty[16] and merciful[17] True Guru is the embodiment of the Lord[18]. He makes[20] no delay[19] in uniting the mortal with God.	ਬਲਵਾਨ[16] ਅਤੇ ਮਿਹਰਬਾਨ[17] ਸੱਚੇ ਗੁਰੂ ਜੀ, ਸੁਆਮੀ[18] ਦਾ ਸਰੂਪ ਹਨ । ਇਨਸਾਨ ਨੂੰ ਵਾਹਿਗੁਰੂ ਨਾਲ ਮਿਲਾਉਣ ਵਿਚ ਉਹ ਕੋਈ ਚਿਰ[19] ਨਹੀਂ ਲਾਉਂਦੇ[20] ।
ਜਿਨ ਹਰਿ ਹਰਿ ਨਾਮੁ ਨ ਚੇਤਿਓ[21] ਸੇ[22] ਭਾਗਹੀਣ[23] ਮਰਿ[24] ਜਾਇ ॥	They[22], who deliberate[21] not over the Lord Master's Name are unfortunate[23] and are annihilated[24].	ਜੋ ਸੁਆਮੀ ਮਾਲਕ ਦੇ ਨਾਮ ਦਾ ਭਜਨ[21] ਨਹੀਂ ਕਰਦੇ, ਉਹ[22] ਨਿਕਰਮਣ[23] ਹਨ ਅਤੇ ਮਲੀਆਮੇਟ[24] ਥੀ ਵੰਞਦੇ ਹਨ ।
ਓਇ ਫਿਰਿ ਫਿਰਿ[25] ਜੋਨਿ[26] ਭਵਾਈਅਹਿ[27] ਮਰ ਜੰਮਹਿ ਆਵੈ ਜਾਇ ॥	They are, over and over again[25], goaded[27] into existences[26]. They die, are reborn and continue coming and going.	ਉਹ ਮੁੜ ਮੁੜ ਕੇ[25], ਜੂਨੀਆਂ[26] ਅੰਦਰ ਧੱਕੇ ਜਾਂਦੇ[27] ਹਨ । ਉਹ ਮਰ ਜਾਂਦੇ ਹਨ, ਮੁੜ ਜੰਮ ਪੈਂਦੇ ਹਨ ਅਤੇ ਆਉਂਦੇ ਤੇ ਜਾਂਦੇ ਰਹਿੰਦੇ ਹਨ ।
ਓਇ ਜਮ[28] ਦਰਿ[29] ਬਧੇ[30] ਮਾਰੀਅਹਿ[31] ਹਰਿ ਦਰਗਹ[32] ਮਿਲੈ ਸਜਾਇ[33] ॥੩॥	Bound[30] at the death's[28] door[29], they are soundly beaten[31] and suffer punishment[33] at the God's court[32].	ਮੌਤ[28] ਦੇ ਬੂਹੇ[29] ਤੇ ਬੰਨ੍ਹੇ ਹੋਏ[30] ਉਹ ਕੁੱਟੇ ਫਾਂਟੇ ਜਾਂਦੇ[31] ਹਨ ਅਤੇ ਵਾਹਿਗੁਰੂ ਦੇ ਦਰਬਾਰ[32] ਅੰਦਰ ਦੰਡ ਸਾਹਰਦੇ[33] ਹਨ ।
ਤੂ ਪ੍ਰਭੁ ਹਮ[34] ਸਰਣਾਗਤੀ[35] ਮੋ ਕਉ[36] ਮੇਲਿ ਲੈਹੁ ਹਰਿ ਰਾਇ[37] ॥	Thou art my Master, I[34] seek Thine refuge[35]. O God, the King[37], unite Thou me[36] with Thyself.	ਤੂੰ ਮੇਰਾ ਮਾਲਕ ਹੈਂ, ਮੈਂ[34] ਤੇਰੀ ਪਨਾਹ[35] ਲੋੜਦਾ ਹਾਂ । ਹੇ ਪਾਤਿਸ਼ਾਹ[37] ਪਰਮੇਸ਼ਰ ! ਤੂੰ ਮੈਨੂੰ[36] ਆਪਣੇ ਨਾਲ ਮਿਲਾ ਲੈ ।
ਹਰਿ ਧਾਰਿ[38] ਕ੍ਰਿਪਾ[39] [40]ਜਗਜੀਵਨਾ[41] ਗੁਰ[42] ਸਤਿਗੁਰ ਕੀ ਸਰਣਾਇ[43] ॥	O God, the Life[41] of the world[40], take[38] Thou pity[39] on me and keep me under the protection[43] of the Great[42] True Guru.	ਹੇ ਜਗਤ[40] ਦੀ ਜਿੰਦ ਜਾਨ[41] ਵਾਹਿਗੁਰੂ ! ਤੂੰ ਮੇਰੇ ਉੱਤੇ ਤਰਸ[39] ਕਰ[38] ਅਤੇ ਮੈਨੂੰ ਵੱਡੇ[42] ਸੱਚੇ ਗੁਰਾਂ ਦੀ ਪਨਾਹ[43] ਹੇਠਾਂ ਰੱਖ ।
ਹਰਿ ਜੀਉ[44] ਆਪਿ[45] ਦਇਆਲੁ[46] ਹੋਇ[47] ਜਨ[48] ਨਾਨਕ ਹਰਿ ਮੇਲਾਇ[49] ॥ ੪॥੧॥੩॥	Becoming[47] merciful[46], the Sire[44] Lord-Master has blended[49] serf[48] Nanak with Himself[45].	ਮਿਹਰਬਾਨ[46] ਥੀ ਕੇ[47] ਮਹਾਰਾਜ[44] ਸੁਆਮੀ ਮਾਲਕ ਨੇ ਦਾਸ[48] ਨਾਨਕ ਨੂੰ ਆਪਣੇ[45] ਨਾਲ ਅਭੇਦ[40] ਕਰ ਲਿਆ ਹੈ ।
ਮਾਰੂ ਮਹਲਾ ੪ ॥	Maru 4th Guru.	ਮਾਰੂ ਚੌਥੀ ਪਾਤਿਸ਼ਾਹੀ ।
ਹਉ ਪੂੰਜੀ[50] ਨਾਮੁ ਦਸਾ ਇਦਾ[51] ਕੋ[52] ਦਸੈ[53] ਹਰਿ ਧਨੁ[54] ਰਾਸਿ[55] ॥	I ask about[51] the Name's commodity[50]. Let some one[52] point out[53] to me the God's true[55] riches[54].	ਮੈਂ ਪ੍ਰਭੂ ਦੇ ਨਾਮ ਦੇ ਵੱਖਰ[50] ਬਾਰੇ ਪੁਛਦਾ[51] ਫਿਰਦਾ ਹਾਂ । ਕੋਈ ਜਣਾ[52] ਮੈਨੂੰ ਵਾਹਿਗੁਰੂ ਦੀ ਸੱਚੀ[55] ਦੌਲਤ[54] ਦਾ ਥਹੁ ਪਤਾ ਦੇਵੇ[53] ।
ਹਉ ਤਿਸੁ[56] ਵਿਟਹੁ[57] ਖਨ ਖੰਨੀਐ[88] ਮੈ ਮੇਲੇ ਹਰਿ ਪ੍ਰਭ ਪਾਸਿ ॥	I am a sacrifice, bit by bit[58], unto[57] him[56], who makes me meet with my God-Master.	ਮੈਂ ਉਸ[56] ਉਤੋਂ[57] ਭੋਰਾ ਭੋਰਾ[58] ਹੋ ਵਾਰਨੇ ਜਾਂਦਾ ਹਾਂ, ਜੋ ਮੈਨੂੰ ਮੇਰੇ ਵਾਹਿਗੁਰੂ ਨਾਲ ਮਿਲਾਉਂਦਾ ਹੈ ।
ਮੈ ਅੰਤਰਿ[59] ਪ੍ਰੇਮੁ[60] ਪਿਰੰਮ[61]	Within my mind[59] is the love[60] of	ਮੇਰੇ ਹਿਰਦੇ[59] ਅੰਦਰ ਮੇਰੇ ਪ੍ਰੀਤਮ[61] ਦਾ ਪਿਆਰ[60] ਹੈ ।

ਕਾ ਕਿਉ[62] ਸਜਣੁ[63] ਮਿਲੈ ਮਿਲਾਸਿ[64] ॥੧॥

my Beloved[61]. How[62] can I meet my God, the Friend[63], that I may blend[64] with Him ?

ਮੈਂ ਆਪਣੇ ਵਾਹਿਗੁਰੂ ਮਿੱਤ੍ਰ[63] ਨੂੰ ਕਿਸ ਤਰ੍ਹਾਂ[62] ਮਿਲ ਸਕਦਾ ਹਾਂ, ਤਾਂ ਜੋ ਮੈਂ ਉਸ ਨਾਲ ਅਭੇਦ[64] ਹੋ ਜਾਵਾਂ ?

ਮਨ[65] ਪਿਆਰਿਆ[66] ਮਿਤ੍ਰਾ[67] ਮੈ ਹਰਿ ਹਰਿ ਨਾਮੁ ਧਨੁ[68] ਰਾਸਿ[69] ॥

O man[65], my dear[66] friend[67], I possess the wealth[68] and capital[69] of the Master's Name.

ਹੇ ਇਨਸਾਨ[65] ! ਮੇਰੇ ਸਨੇਹੀ[66] ਸਜਨ[67], ਮੇਰੇ ਪੱਲੇ ਸੁਆਮੀ ਮਾਲਕ ਦੇ ਨਾਮ ਦੀ ਦੌਲਤ[68] ਅਤੇ ਪੂੰਜੀ[69] ਹੈ ।

ਗੁਰਿ ਪੂਰੈ[70] ਨਾਮੁ ਦ੍ਰਿੜਾਇਆ[71] ਹਰਿ ਧੀਰਕ[72] ਹਰਿ ਸਾਬਾਸਿ[73] ॥੧॥ ਰਹਾਉ॥

The Perfect[70] Guru has enshrined[71] the Name within me. The Lord is my support[72] and all honour[73] is unto my Lord. Pause.

ਪੂਰਨ[70] ਗੁਰਾਂ ਨੇ ਨਾਮ ਮੇਰੇ ਅੰਦਰ ਅਸਥਾਪਨ[71] ਕਰ ਦਿੱਤਾ ਹੈ । ਸੁਆਮੀ ਮੇਰਾ ਆਸਰਾ[72] ਹੈ ਅਤੇ ਸਮੂਹ ਵਡਿਆਈ[73] ਮੇਰੇ ਸੁਆਮੀ ਦੀ ਹੀ ਹੈ । ਠਹਿਰਾਉ ।

ਹਰਿ ਹਰਿ ਆਪਿ[74] ਮਿਲਾਇ ਗੁਰੁ ਮੈ ਦਸੇ[75] ਹਰਿ ਧਨੁ[76] ਰਾਸਿ[77] ॥

O my Guru, unite thou[74] me with the Lord and reveal[75] unto me the Divine wealth[76] and capital[77].

ਹੇ ਮੇਰੇ ਗੁਰੂ ਜੀ ! ਤੁਸੀਂ[74] ਮੈਨੂੰ ਸੁਆਮੀ ਵਾਹਿਗੁਰੂ ਨਾਲ ਮਿਲਾ ਦਿਉ ਅਤੇ ਮੈਨੂੰ ਈਸ਼ਵਰੀ ਦੌਲਤ[76] ਅਤੇ ਪੂੰਜੀ[77] ਦਾ ਪਤਾ ਦਿਓ[75] ।

ਬਿਨੁ ਗੁਰ ਪ੍ਰੇਮੁ[78] ਨ ਲਭਈ[79] ਜਨ[80] ਵੇਖਹੁ[81] ਮਨਿ[82] ਨਿਰਜਾਸਿ[83] ॥

Without the Guru, the Lord's love[78] wells up[79] not. See[81] and ascertain[83] thou in thy mind[82], O man[80].

ਗੁਰਾਂ ਦੇ ਬਾਝੋਂ ਪ੍ਰਭੂ ਦਾ ਪਿਆਰ[78] ਉਤਪੰਨ[79] ਨਹੀਂ ਹੁੰਦਾ । ਤੂੰ ਆਪਣੇ ਚਿੱਤ[82] ਵਿੱਚ ਨਿਰਣੈ[83] ਕਰ ਕੇ ਦੇਖ[81] ਲੈ, ਹੇ ਬੰਦੇ[80] !

ਹਰਿ ਗੁਰ ਵਿਚਿ ਆਪੁ ਰਖਿਆ[84] ਹਰਿ ਮੇਲੇ ਗੁਰ ਸਾਬਾਸਿ[85] ॥੨॥

God has enshrined[84] Himself in the Guru and he unites man with God. Hail[85], hail unto my Guru.

ਵਾਹਿਗੁਰੂ ਨੇ ਆਪਣੇ ਆਪਨੂੰ ਗੁਰਾਂ ਦੇ ਅੰਦਰ ਟਿਕਾਇਆ[84] ਹੋਇਆ ਹੈ ਅਤੇ ਉਹ ਬੰਦੇ ਨੂੰ ਵਾਹਿਗੁਰੂ ਨਾਲ ਮਿਲਾ ਦਿੰਦੇ ਹਨ । ਸ਼ਾਬਾਸ਼ੇ[86], ਸ਼ਾਬਾਸ਼ੇ ! ਮੇਰੇ ਗੁਰਾਂ ਨੂੰ ।

ਸਾਗਰ[84] ਭਗਤਿ[87] ਭੰਡਾਰ[88] ਹਰਿ ਪੂਰੇ[89] ਸਤਿਗੁਰ ਪਾਸਿ[90] ॥

With[90] the Perfect[89] True Guru, is the ocean and treasure[88] of the Lord's devotional service[87].

ਪੂਰਨ[89] ਸੱਚੇ ਗੁਰਦੇਵ ਜੀ ਦੇ ਕੋਲ[99] ਪ੍ਰਭੂ ਦੀ ਪ੍ਰੇਮਮਈ ਸੇਵ[87] ਦਾ ਸਮੁੰਦਰ[87] ਅਤੇ ਖ਼ਜ਼ਾਨਾ[88] ਹੈ ।

ਸਤਿਗੁਰੁ ਤੁਠਾ[91] ਖੋਲਿ ਦੇਇ[92] ਮੁਖਿ[93] ਗੁਰਮੁਖਿ[94] ਹਰਿ[95] ਪਰਗਾਸਿ[96] ॥

By His pleasure[91], the True Guru opens[92] treasure and the supreme[93] Guru-wards[94] are blessed with the Lord's[95] Light[96].

ਆਪਣੀ ਪ੍ਰਸੰਨਤਾ[91] ਦੁਆਰਾ, ਸੱਚੇ ਗੁਰਦੇਵ ਜੀ ਖ਼ਜ਼ਾਨਾ ਖੋਲ੍ਹ ਦਿੰਦੇ[92] ਹਨ ਅਤੇ ਸ੍ਰੇਸ਼ਟੀ[93] ਗੁਰੂ-ਅਨੁਸਾਰੀਆਂ[94] ਨੂੰ ਪ੍ਰਭੂ[95] ਦੇ ਪ੍ਰਕਾਸ਼[96] ਦੀ ਬਖ਼ਸ਼ਸ਼ ਹੁੰਦੀ ਹੈ ।

ਮਨਮੁਖਿ[2] ਭਾਗ ਵਿਹੂਣਿਆ[97] ਤਿਖ[98] ਮੁਈਆ[3] ਕੰਧੀ[99] ਪਾਸਿ[100] ॥੩॥

The unfortunate[97] apostate[2] dies[3] of thirst[98] on[100] the bank[99] of the ambrosial stream.

ਨਿਕਰਮਣ[97] ਅਧਰਮੀ[2] ਅੰਮ੍ਰਿਤ ਦੀ ਨਦੀ ਦੇ ਕੰਢੇ[99] ਉੱਤੋਂ[100] ਹੀ ਪਿਆਸ[98] ਨਾਲ ਮਰ ਜਾਂਦਾ[3] ਹੈ ।

ਗੁਰੁ ਦਾਤਾ[4] ਦਾਤਾਰੁ[5] ਹੈ ਹਉ ਮਾਗਉ ਦਾਨੁ[6] ਗੁਰ ਪਾਸਿ[7] ॥ ਚਿਰੀ[8] ਵਿਛੁੰਨਾ[9] ਮੇਲਿ ਪ੍ਰਭ ਮੈ ਮਨਿ[10] ਤਨਿ[12] ਵਡੜੀ[13] ਆਸ[14] ॥

The Guru is the beneficent[4] Giver[5] and I ask for this boon[6] from[7] the Guru, that he may unite me with my Lord, from whom I am separated[9] since long[8]. This alone is the great[13] desire[14] of my heart[10] and body[12].

ਗੁਰੂ ਜੀ ਦਰਿਆ-ਦਿਲ[4] ਸਖੀ[5] ਹਨ ਅਤੇ ਮੈਂ ਗੁਰਾਂ ਪਾਸੋਂ[7] ਇਹ ਦਾਤ[6] ਮੰਗਦਾ ਹਾਂ ਕਿ ਉਹ ਮੈਨੂੰ ਮੇਰੇ ਸਾਂਈਂ ਨਾਲ ਮਿਲਾ ਦੇਣ, ਜਿਸ ਨਾਲੋਂ ਕਿ ਮੈਂ ਦੇਰ ਤੋਂ[8] ਵਿਛੁੜਿਆ[9] ਹੋਇਆ ਹਾਂ। ਕੇਵਲ ਇਹ ਹੀ ਮੇਰੇ ਦਿਲੋਂ[10] ਅਤੇ ਸਰੀਰੋਂ[12] ਵੱਡੀ[13] ਖ਼ਾਹਿਸ਼[14] ਹੈ ।

ਗੁਰ ਭਾਵੈ[15] ਸੁਣਿ ਬੇਨਤੀ[16] ਜਨ[17] ਨਾਨਕ ਕੀ ਅਰਦਾਸਿ[18] ॥੪॥੨॥੪॥

Serf[17] Nanak makes a supplication[18]. If it so please[15] thee, O my Guru, hear thou this entreaty[16] of mine.

ਨਫ਼ਰ[17] ਨਾਨਕ ਇੱਕ ਅਰਜ਼[18] ਗੁਜ਼ਾਰਦਾ ਹੈ, ਜੇਕਰ ਤੈਨੂੰ ਐਸ ਤਰ੍ਹਾਂ ਚੰਗਾ ਲੱਗੇ[15], ਹੇ ਮੇਰੇ ਗੁਰੂ ! ਤੂੰ ਮੇਰੀ ਇਹ ਪ੍ਰਾਰਥਨਾ[16] ਸੁਣ ।

ਮਾਰੂ ਮਹਲਾ ੪ ॥

Maru 4th Guru.

ਮਾਰੂ ਚੌਥੀ ਪਾਤਿਸ਼ਾਹੀ ।

ਹਰਿ ਹਰਿ ਕਥਾ[19] ਸੁਣਾਇ[20] ਪ੍ਰਭ ਗੁਰਮਤਿ[21] ਹਰਿ ਰਿਦੈ[22] ਸਮਾਣੀ[23] ॥

O Guru, preach[20] to me thou the God's discourse[19]. By thine teaching[21] His discourse is enshrined[23] in my mind[22].

ਹੇ ਗੁਰਦੇਵ ! ਤੂੰ ਮੈਨੂੰ ਵਾਹਿਗੁਰੂ ਸੁਆਮੀ ਮਾਲਕ ਦੀ ਵਾਰਤਾ[19] ਸੁਣਾ[20] । ਤੇਰੀ ਸਿੱਖਮਤ[21] ਦੁਆਰਾ ਵਾਹਿਗੁਰੂ ਦੀ ਵਾਰਤਾ ਮੇਰੇ ਮਨ[22] ਵਿਚ ਟਿੱਕ ਜਾਂਦੀ[23] ਹੈ ।

ਜਪਿ[24] ਹਰਿ ਹਰਿ ਕਥਾ ਵਡਭਾਗੀਆ[25] ਹਰਿ ਉਤਮ[26] ਪਦੁ[27] ਨਿਰਬਾਣੀ[28] ॥

Deliberate[24] thou over the Lord's discourse, O fortunate man[25] and thy God shall bless thee with the sublime[26] and imperishable[28] status[27].

ਤੂੰ ਸੁਆਮੀ ਮਾਲਕ ਦੀ ਵਾਰਤਾ ਨੂੰ ਸੋਚ-ਵੀਚਾਰ[24], ਹੇ ਨਸੀਬਾ ਵਾਲਿਆਂ ਬੰਦਿਆਂ[25] ! ਅਤੇ ਤੇਰਾ ਵਾਹਿਗੁਰੂ ਤੈਨੂੰ ਸ੍ਰੇਸ਼ਟ[26] ਤੇ ਅਬਿਨਾਸੀ[28] ਪਦਵੀ[27] ਪਰਦਾਨ ਕਰ ਦੇਵੇਗਾ ।

ਗੁਰਮੁਖਾ[29] ਮਨਿ ਪਰਤੀਤਿ[30] ਹੈ ਗੁਰਿ ਪੂਰੈ[31] ਨਾਮਿ ਸਮਾਣੀ[34] ॥੧॥

Within the mind of the Guru-wards[29] is faith[30] and through the Perfect[31] Guru they merge[32] in the Lord's Name.

ਗੁਰੂ-ਅਨੁਸਾਰੀਆਂ[29] ਦੇ ਹਿਰਦੇ ਅੰਦਰ ਈਮਾਨ[30] ਹੈ ਅਤੇ ਪੂਰਨ[31] ਗੁਰਾਂ ਦੇ ਰਾਹੀਂ ਉਹ ਸਾਂਈਂ ਦੇ ਨਾਮ ਵਿਚ ਲੀਨ[32] ਹੋ ਜਾਂਦੇ ਹਨ ।

ਮਨ[33] ਮੇਰੇ ਮੈ ਹਰਿ ਹਰਿ ਕਥਾ ਮਨਿ[34] ਭਾਣੀ[35] ॥

O my soul[33], the Lord's discourse is pleasing[35] to my mind[34].

ਹੇ ਮੇਰੀ ਜਿੰਦੜੀਏ[33] ! ਸੁਆਮੀ ਵਾਹਿਗੁਰੂ ਦੀ ਕਥਾ-ਵਾਰਤਾ ਮੇਰੇ ਚਿੱਤ[34] ਨੂੰ ਚੰਗੀ ਲਗਦੀ[35] ਹੈ ।

੯੯੭

ਹਰਿ ਹਰਿ ਕਥਾ ਨਿਤ[36] ਸਦਾ[37] ਕਰਿ[38] ਗੁਰਮੁਖਿ[39] ਅਕਥ[40] ਕਹਾਣੀ[41] ॥੧॥ ਰਹਾਉ॥

O my mind, ever[36], ever[37] utter[38] Thou the God's gospel and by Guru's grace[39] narrate the Lord's ineffable[40] story[41]. Pause.

ਹੇ ਮੇਰੇ ਮਨੂਏ ! ਹਮੇਸ਼ਾ[36], ਹਮੇਸ਼ਾ[37] ਹੀ ਤੂੰ ਸੁਆਮੀ ਵਾਹਿਗੁਰੂ ਦੀ ਕਥਾ ਵਾਰਤਾ ਉਚਾਰਨ[38] ਕਰ ਅਤੇ ਗੁਰਾਂ ਦੀ ਦਇਆ[39] ਦੁਆਰਾ ਸਵਾਮੀ ਦੀ ਅਕਹਿ[40] ਸਾਖੀ[41] ਨੂੰ ਵਰਨਣ ਕਰ । ਠਹਿਰਾਉ ।

ਮੈ ਮਨੁ ਤਨੁ ਖੋਜਿ ਢੰਢੋਲਿਆ[42] ਕਿਉ[43] ਪਾਈਐ[44] ਅਕਥ ਕਹਾਣੀ॥

Somehow[43] to attain[44] to this unutterable story, I have searched and sought[42] my mind and body.

ਕਿਸੇ ਨਾ ਕਿਸੇ ਤਰ੍ਹਾਂ[43] ਇਸ ਨਾ-ਬਿਆਨ ਹੋਣ ਵਾਲੀ ਵਾਰਤਾ ਨੂੰ ਪ੍ਰਾਪਤ[44] ਕਰਨ ਲਈ, ਮੈਂ ਆਪਣੇ ਮਨ ਤੇ ਸਰੀਰ ਦੀ ਖੋਜ-ਭਾਲ[42] ਕੀਤੀ ਹੈ ।

ਸੰਤ ਜਨਾ[45] ਮਿਲਿ ਪਾਇਆ ਸੁਣਿ ਅਕਥ ਕਥਾ[46] ਮਨਿ ਭਾਣੀ[47] ॥

Meeting with the holy persons[45], I have obtained my Lord and hearing the inexpressible Divine sermon[46], my mind is pleased[47].

ਨੇਕ ਪੁਰਸ਼ਾਂ[45] ਨਾਲ ਮਿਲ ਕੇ, ਮੈਂ ਆਪਣੇ ਪ੍ਰਭੂ ਨੂੰ ਪ੍ਰਾਪਤ ਹੋ ਗਿਆ ਹਾਂ ਅਤੇ ਅਕਹਿ ਰੱਬੀ ਵਾਰਤਾ[46] ਨੂੰ ਸੁਣ ਕੇ ਮੇਰਾ ਚਿੱਤ ਪ੍ਰਸੰਨ[47] ਥੀ ਗਿਆ ਹੈ ।

ਮੇਰੈ ਮਨਿ[48] ਤਨਿ[49] ਨਾਮੁ ਅਧਾਰੁ[59] ਹਰਿ ਮੈ ਮੇਲੇ[53] ਪੁਰਖੁ[51] ਸੁਜਾਣੀ[52] ॥੨॥

Within my mind[48] and body[49] is the support[50] of the Lord's Name, by which, my union[53] with the Omniscient[52] Master[51] is effected.

ਮੇਰੀ ਆਤਮਾ[48] ਅਤੇ ਦੇਹ[49] ਦੇ ਅੰਦਰ ਪ੍ਰਭੂ ਦੇ ਨਾਮ ਦਾ ਆਸਰਾ[50] ਹੈ ਜਿਸ ਦੁਆਰਾ ਸਰਵਗ[52] ਮਾਲਕ[51] ਨਾਲ ਮੇਰਾ ਮਿਲਾਪ[53] ਹੋ ਗਿਆ ਹੈ ।

ਗੁਰ ਪੁਰਖੈ[53]* ਪੁਰਖੁ[54] ਮਿਲਾਇ ਪ੍ਰਭ ਮਿਲਿ ਸੁਰਤੀ[55] ਸੁਰਤਿ[56] ਸਮਾਣੀ[57] ॥	The mighty[53]* Guru has united me with the mighty[54] Lord and meeting with Him my understanding[55] has merged[57] in the supreme understanding[56].	ਬਲਵਾਨ[53]* ਗੁਰਦੇਵ ਜੀ ਨੇ ਮੈਨੂੰ ਬਲਵਾਨ[54] ਸੁਆਮੀ ਨਾਲ ਮਿਲਾ ਦਿੱਤਾ ਹੈ ਅਤੇ ਉਸ ਨਾਲ ਮਿਲ ਕੇ, ਮੇਰੀ ਗਿਆਤ[55], ਪਰਮ ਗਿਆਤ[56] ਅੰਦਰ ਲੀਨ[57] ਹੋ ਗਈ ਹੈ।
[58]ਵਡਭਾਗੀ[59] ਗੁਰੁ ਸੇਵਿਆ[60] ਹਰਿ ਪਾਇਆ ਸੁਘੜੁ[61] ਸੁਜਾਣੀ[62] ॥	By great[58] good fortune[59] I have served[60] my Guru and obtained the discrete[61] and wise[62] Lord.	ਭਾਰੀ[58] ਚੰਗੀ ਕਿਸਮਤ[59] ਦੁਆਰਾ ਮੈਂ ਆਪਣੇ ਗੁਰਾਂ ਦੀ ਟਹਿਲ ਕਮਾਈ[60] ਹੈ ਅਤੇ ਚਤੁਰ[61] ਤੇ ਸਿਆਣੇ[62] ਸਾਂਈਂ ਨੂੰ ਪ੍ਰਾਪਤ ਕਰ ਲਿਆ ਹੈ।
ਮਨਮੁਖ[63] ਭਾਗ ਵਿਹੂਣਿਆ[64] ਤਿਨ[65] ਦੁਖੀ[66] ਰੈਣਿ[67] ਵਿਹਾਣੀ[68] ॥੩॥	The perverse persons[63] are ill-destined[64]. Their[65] life night[67] passes[68] in distress[66].	ਪ੍ਰਤੀਕੂਲ ਪੁਰਸ਼[63] ਨਿਕਰਮਣ[64] ਹਨ। ਉਨ੍ਹਾਂ[65]ਦੀ ਜੀਵਨ ਰਾਤ੍ਰੀ[67] ਤਕਲੀਫ[66] ਅੰਦਰ ਹੀ ਬੀਤ ਜਾਂਦੀ[68] ਹੈ।
ਹਮ[69] ਜਾਚਿਕ[70] ਦੀਨ[71] ਪ੍ਰਭ ਤੇਰਿਆ ਮੁਖਿ[72] ਦੀਜੈ[73] ਅੰਮ੍ਰਿਤ[74] ਬਾਣੀ ॥	I[69] am a meek[71] mumper[70] of Thine, O Lord. Pour[73] Thou Thy ambrosial[74] Gurbani into my mouth[72].	ਮੈਂ[69] ਤੇਰਾ ਇੱਕ ਮਸਕੀਨ[71] ਮੰਗਤਾ[70] ਹਾਂ, ਹੇ ਸੁਆਮੀ! ਤੂੰ ਮੇਰੇ ਮੂੰਹ[72] ਵਿਚ ਆਪਣੀ ਅੰਮ੍ਰਿਤ-ਗੁਰਬਾਣੀ[74] ਚੋ[73]।
ਸਤਿਗੁਰੁ ਮੇਰਾ ਮਿਤ੍ਰੁ[75] ਪ੍ਰਭ ਹਰਿ ਮੇਲਹੁ[76] ਸੁਘੜੁ[77] ਸੁਜਾਣੀ ॥	The True Guru is my friend[75]. O my Guru, unite[76] me thou with my accomplished[77] and Omniscient[78] God.	ਸੱਚੇ ਗੁਰਦੇਵ ਜੀ ਮੇਰੇ ਯਾਰ[75] ਹਨ, ਹੇ ਮੇਰੇ ਗੁਰਦੇਵ ਜੀ! ਤੁਸੀਂ ਮੈਨੂੰ ਮੇਰੇ ਕਾਮਲ[77] ਅਤੇ ਸਰੱਬਗ[78] ਸੁਆਮੀ ਵਾਹਿਗੁਰੂ ਨਾਲ ਮਿਲਾ ਦਿਓ[76]।
ਜਨ[79] ਨਾਨਕ ਸਰਣਾਗਤੀ[80] ਕਰਿ ਕਿਰਪਾ[81] ਨਾਮਿ ਸਮਾਣੀ[82] ॥੪॥੩॥੫॥	Servant[79] Nanak has entered Thine sanctuary[80], O my God. Be Thou merciful[81] and blend[82] me with Thy name.	ਦਾਸ[79] ਨਾਨਕ ਨੇ ਤੇਰੀ ਪਨਾਹ[80] ਲਈ ਹੈ, ਹੇ ਮੇਰੇ ਵਾਹਿਗੁਰੂ! ਤੂੰ ਮਿਹਰ[81] ਧਾਰ ਅਤੇ ਮੈਨੂੰ ਆਪਣੇ ਨਾਮ ਨਾਲ ਅਭੇਦ[82] ਕਰ ਲੈ।
ਮਾਰੂ ਮਹਲਾ ੪ ॥	Maru 4th Guru.	ਮਾਰੂ ਚੌਥੀ ਪਾਤਿਸ਼ਾਹੀ।
ਹਰਿ ਭਾਉ ਲਗਾ[83] ਬੈਰਾਗੀਆ[84] [85]ਵਡਭਾਗੀ[86] ਹਰਿ ਮਨਿ[88] ਰਾਖੁ[87] ॥	Becoming desireless[84], I have been attuned[83] to my God and through the great[85] good fortune[86] I have enshrined[87] in my mind[88] the Lord's Name.	ਨਿਰ-ਇੱਛਤ[84] ਵੰਞਣ ਦੁਆਰਾ, ਮੇਰੇ ਵਾਹਿਗੁਰੂ ਨਾਲ ਮੇਰਾ ਪਿਆਰ ਪੈ ਗਿਆ[83] ਹੈ ਅਤੇ ਵੱਡੀ[85] ਚੰਗੀ ਕਿਸਮਤ[86] ਰਾਹੀਂ ਮੈਂ ਸੁਆਮੀ ਦਾ ਨਾਮ ਆਪਣੇ ਹਿਰਦੇ[88] ਅੰਦਰ ਟਿਕਾ ਲਿਆ[87] ਹੈ।
ਮਿਲਿ ਸੰਗਤਿ[90] ਸਰਧਾ[89] ਊਪਜੈ[91] ਗੁਰ ਸਬਦੀ[92] ਹਰਿ ਰਸੁ[93] ਚਾਖੁ[94] ॥	Meeting with the saint's society[90], faith[89] has welled up[91] within me and by Guru's instruction[92], I taste[94] the Lord's elixir[93].	ਸਤਿਸੰਗਤ[90] ਨਾਲ ਜੁੜ ਕੇ, ਮੇਰੇ ਅੰਦਰ ਈਮਾਨ[89] ਭਰੋਸਾ ਉਤਪੰਨ[91] ਥੀ ਗਿਆ ਹੈ ਅਤੇ ਗੁਰਾ ਦੇ ਉਪਦੇਸ਼[92] ਦੁਆਰਾ ਮੈਂ ਸੁਆਮੀ ਦੇ ਅੰਮ੍ਰਿਤ[93] ਨੂੰ ਚਖਦਾ[94] ਹਾਂ।
ਸਭੁ ਮਨੁ[95] ਤਨੁ[96] ਹਰਿਆ[97] ਹੋਇਆ ਗੁਰਬਾਣੀ ਹਰਿ ਗੁਣ[98] ਭਾਖੁ[99] ॥੧॥	Uttering[99] the Lord's praise[98], through the Guru's word, my soul[95] and body[96] have all blossomed[97].	ਗੁਰਾਂ ਦੀ ਬਾਣੀ ਰਾਹੀਂ ਸਾਹਿਬ ਦੀ ਕੀਰਤੀ[98] ਉਚਾਰਨ[99] ਕਰਨ ਦੁਆਰਾ, ਮੇਰੀ ਆਤਮਾ[95] ਤੇ ਦੇਹ[96] ਸਮੂਹ ਪ੍ਰਫੁੱਲਤ ਹੋ ਗਏ[97] ਹਨ।

ਮਨ[100] ਪਿਆਰਿਆ[2] ਮਿਤ੍ਰਾ[3] ਹਰਿ ਹਰਿ ਨਾਮ ਰਸੁ[4] ਚਾਖੁ[5] ॥

O my sweet[2] soul[100], my friend[3], in-drink[5] thou Nectar[4] of thy Lord-God's Name.

ਹੇ ਮੇਰੀ ਮਿੱਠੜੀ[2] ਆਤਮਾ[100] ! ਮੇਰੀ ਸਜਣੀਏ[3], ਤੂੰ ਆਪਣੇ ਸੁਆਮੀ ਵਾਹਿਗੁਰੂ ਦੇ ਨਾਮ ਦੇ ਅੰਮ੍ਰਿਤ[4] ਨੂੰ ਪਾਨ[5] ਕਰ ।

ਗੁਰਿ ਪੂਰੈ[6] ਹਰਿ ਪਾਇਆ ਹਲਤਿ[7] ਪਲਤਿ[8] ਪਤਿ ਰਾਖੁ[9] ॥੧॥ਰਹਾਉ॥

Through the Perfect[6] Guru, I have attained to my God, who saves my honour[9] here[7] and hereafter[8]. Pause.

ਪੂਰਨ[6] ਗੁਰਾਂ ਦੇ ਰਾਹੀਂ, ਮੈਂ ਆਪਣੇ ਵਾਹਿਗੁਰੂ ਨੂੰ ਪਾ ਲਿਆ ਹੈ, ਜੋ ਇਸ ਲੋਕ[7] ਤੇ ਪ੍ਰਲੋਕ[8] ਵਿਚ ਮੇਰੀ ਇੱਜ਼ਤ ਆਬਰੂ[9] ਰਖਦਾ ਹੈ । ਠਹਿਰਾਉ ।

ਹਰਿ ਹਰਿ ਨਾਮੁ ਧਿਆਈਐ[10] ਹਰਿ ਕੀਰਤਿ[12] ਗੁਰਮੁਖਿ[13] ਚਾਖੁ[14] ॥

Contemplate[10] thou thy God's Name and by Guru's grace[13] taste[14] thou the relish of His praise[12].

ਤੂੰ ਆਪਣੇ ਸਾਂਈਂ ਰੱਬ ਦੇ ਨਾਮ ਦਾ ਸਿਮਰਨ[10] ਕਰ ਅਤੇ ਗੁਰਾਂ ਦੀ ਦਇਆ[13] ਦੁਆਰਾ ਤੂੰ ਵਾਹਿਗੁਰੂ ਦੀ ਮਹਿਮਾ[12] ਦੇ ਸੁਆਦ ਨੂੰ ਚੱਖ[14] ।

ਤਨੁ[15] ਧਰਤੀ[16] ਹਰਿ ਬੀਜੀਐ[17] ਵਿਚਿ ਸੰਗਤਿ[16] ਹਰਿ ਪ੍ਰਭ[19] ਰਾਖੁ[20] ॥

Sow[17] thou the God's Name in thy body[15]-farm[16]. The Lord[19] abides[20] in the guild of the saints[18].

ਆਪਣੇ ਦੇਹ[15] ਦੇ ਖੇਤ[16] ਅੰਦਰ ਤੂੰ ਵਾਹਿਗੁਰੂ ਦੇ ਨਾਮ ਨੂੰ ਬੀਜ । ਰੱਬ ਸਾਂਈਂ[19] ਸਤਿਸੰਗਤ[18] ਅੰਦਰ ਵਸਦਾ[20] ਹੈ ।

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਗੁਰਿ ਪੂਰੈ[21] ਹਰਿ ਰਸੁ[22] ਚਾਖੁ[23] ॥੨॥

The Lord-Master's Name is in the Nectar. Through the Perfect[21] Guru, quaff[23] thou the Lord's elixir[22].

ਸੁਆਮੀ ਮਾਲਕ ਦਾ ਨਾਮ ਅੰਮ੍ਰਿਤ ਹੈ । ਪੂਰਨ[21] ਗੁਰਾਂ ਦੇ ਰਾਹੀਂ, ਤੂੰ ਵਾਹਿਗੁਰੂ ਦੇ ਨਾਮ-ਅੰਮ੍ਰਿਤ[22] ਨੂੰ ਪਾਨ ਕਰ[23] ।

ਮਨਮੁਖ[24] ਤ੍ਰਿਸਨਾ[25] ਭਰਿ[26] ਰਹੇ ਮਨਿ ਆਸਾ[27] ਦਹ[23]ਦਿਸ[29] ਬਹੁ[30] ਲਾਖੁ[31]॥

The infidels[24] are filled[26] with desire[25]. In their mind they hope[27] to amass many[30] lakhs[31] by running about in ten[28] directions[29].

ਅਧਰਮੀ[24] ਖ਼ਾਹਿਸ਼ਾ[25] ਨਾਲ ਭਰੇ[26] ਹੋਏ ਰਹਨ । ਆਪਣੇ ਹਿਰਦੇ ਅੰਦਰ ਦਸੀਂ[28] ਪਾਸੀਂ[29] ਭੱਜ ਦੌੜ ਕਰਨ ਦੁਆਰਾ ਉਹ ਅਨੇਕ[30], ਲੱਖੂਆਂ[31] ਇਕੱਤਰ ਕਰਨ ਦੀ ਉਮੈਦ[27] ਰਖਦੇ ਹਨ ।

ਬਿਨੁ ਨਾਵੈ ਧ੍ਰਿਗੁ[32] ਜੀਵਦੇ[36] ਵਿਚਿ ਬਿਸਟਾ[33] ਮਨਮੁਖ[34] ਰਾਖੁ[35] ॥

Without the Name, accursed[32] is the human life[36]. The way-wards[34] are made to abide[35] in ordure[33].

ਨਾਮ ਦੇ ਬਾਝੋਂ ਫਿਟਕਾਰਯੋਗ[32] ਹੈ ਬੰਦੇ ਦਾ ਜੀਵਨ[36] । ਆਪ ਹੁਦਰਿਆਂ[34] ਨੂੰ ਗੰਦਗੀ[33] ਅੰਦਰ ਵਾਸਾ[35] ਮਿਲਦਾ ਹੈ ।

ਓਇ ਆਵਹਿ ਜਾਹਿ ਭਵਾਈਅਹਿ[37] ਬਹੁ[38] ਜੋਨੀ[39] [40]ਦੁਰਗੰਧ[41] ਭਾਖੁ[42] ॥੩॥

They come and go and are goaded[37] into many[38] existences[39]. They eat[42] the foul[40]-smelling[41] ordure.

ਉਹ ਆਉਂਦੇ ਤੇ ਜਾਂਦੇ ਹਨ ਅਤੇ ਘਣੇਰੀਆਂ[38] ਜੂਨੀਆਂ[39] ਵਿਚ ਧੱਕੇ ਜਾਂਦੇ[37] ਹਨ । ਉਹ [40]ਬਦਬੂਦਾਰ[41] ਗੰਦਗੀ ਨੂੰ ਖਾਂਦੇ[42] ਹਨ ।

ਤ੍ਰਾਹਿ ਤ੍ਰਾਹਿ[43] ਸਰਣਾਗਤੀ[44] ਹਰਿ ਦਇਆ ਧਾਰਿ[45] ਪ੍ਰਭ ਰਾਖੁ[46] ॥

Imploring and beseeching[43], I have sought Thine refuge[44]. Mercifully[45] save[46] Thou me, O my Lord God.

ਤਾੜੇ ਤਰਲੇ ਕਢਦੇ[43] ਹੋਏ ਨੇ, ਮੈਂ ਤੇਰੀ ਪਨਾਹ[44] ਲਈ ਹੈ । ਮਿਹਰ ਕਰਕੇ[45] ਤੂੰ ਮੇਰੀ ਰੱਖਿਆ[46] ਕਰ ਹੇ ਮੇਰੇ ਸੁਆਮੀ ਵਾਹਿਗੁਰੂ !

ਸੰਤਸੰਗਤਿ ਮੇਲਾਪੁ[47] ਕਰਿ ਹਰਿ ਨਾਮੁ ਮਿਲੈ[48] ਪਤਿ[49] ਸਾਖੁ[50] ॥

Unite[47] me Thou with the society of the saints and bless[48] me with the honour[49] and credit[50] of Thy Name.

ਤੂੰ ਮੈਨੂੰ ਸਤਿਸੰਗਤ ਨਾਲ ਜੋੜ ਦੇ[47] ਅਤੇ ਮੈਨੂੰ ਆਪਣੇ ਨਾਮ ਦੀ ਇੱਜ਼ਤ ਆਬਰੂ[49] ਅਤੇ ਇਤਬਾਰ[50] ਬਖਸ਼[48] ।

ਹਰਿ ਹਰਿ ਨਾਮੁ ਧਨੁ[51] ਪਾਇਆ ਜਨ[52] ਨਾਨਕ ਗੁਰਮਤਿ[53] ਭਾਖੁ[54] ॥੪॥੪॥੬॥

I have obtained the wealth[51] of God Lord's Name and serf[52] Nanak utters[54] the Master's Name under the Guru's instruction[53].

ਮੈਨੂੰ ਰੱਬ ਸਾਂਈਂ ਦੇ ਨਾਮ ਦੀ ਦੌਲਤ[51] ਪ੍ਰਾਪਤ ਹੋ ਗਈ ਹੈ, ਅਤੇ ਗੋਲਾ[52] ਨਾਨਕ ਗੁਰੂ ਦੇ ਉਪਦੇਸ਼[53] ਤਾਬੇ ਮਾਲਕ ਦੇ ਨਾਮ ਦਾ ਉਚਾਰਨ[54] ਕਰਦਾ ਹੈ ।

ਮਾਰੂ ਮਹਲਾ ੪ ਘਰੁ ੫	Maru 4th Guru.	ਮਾਰੂ ਚੌਥੀ ਪਾਤਿਸ਼ਾਹੀ ।
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਹਰਿ ਹਰਿ ਭਗਤਿ[55] ਭਰੇ[56] ਭੰਡਾਰਾ[57] ॥ ਗੁਰਮੁਖਿ[58] ਰਾਮੁ[59] ਕਰੇ ਨਿਸਤਾਰਾ[60] ॥	The Lord God's treasures[57] are brimful[56] with devotion[55]. It is through the Guru[58], that the Lord[59] emancipates[60] man.	ਸਾਂਈਂ ਰੱਬ ਦੇ ਖ਼ਜ਼ਾਨੇ[57] ਪ੍ਰੇਮ[55] ਨਾਲ ਪਰੀਪੂਰਨ[56] ਹਨ । ਗੁਰਾਂ ਦੇ ਰਾਹੀਂ[58] ਹੀ ਸਾਂਈਂ[59], ਬੰਦੇ ਦਾ ਪਾਰ ਉਤਾਰਾ[60] ਕਰਦਾ ਹੈ ।
ਜਿਸ ਨੋ ਕ੍ਰਿਪਾ[61] ਕਰੇ[62] ਮੇਰਾ ਸੁਆਮੀ ਸੋ[63] ਹਰਿ ਕੇ ਗੁਣ[64] ਗਾਵੈ ਜੀਉ ॥੧॥	To whomsoever my Lord shows[62] mercy[61]; he[63] alone sings the God's praise[64].	ਜਿਸ ਕਿਸੇ ਉੱਤੇ ਮੇਰਾ ਮਾਲਕ ਮਿਹਰ[61] ਧਾਰਦਾ[62] ਹੈ; ਕੇਵਲ ਉਹ[63] ਹੀ ਵਾਹਿਗੁਰੂ ਦਾ ਜੱਸ[64] ਗਾਇਨ ਕਰਦਾ ਹੈ ।
ਹਰਿ ਹਰਿ ਕ੍ਰਿਪਾ ਕਰੇ ਬਨਵਾਲੀ[65] ॥ ਹਰਿ ਹਿਰਦੈ[66] ਸਦਾ[67] ਸਦਾ ਸਮਾਲੀ[68] ॥	O my flower-girt[65] God, the Lord-Master, take Thou pity on me, that within my mind[66] I may ever[67], ever remember[68] Thee.	ਹੇ ਮੇਰੇ ਫੂਲ ਮਾਲਾ[65] ਵਾਲੇ ਵਾਹਿਗੁਰੂ, ਸੁਆਮੀ ਮਾਲਕ ! ਤੂੰ ਮੇਰੇ ਉਤੇ ਤਰਸ ਕਰ, ਤਾਂ ਜੋ ਆਪਣੇ ਮਨ[66] ਅੰਦਰ ਮੈਂ ਹਮੇਸ਼ਾਂ[67] ਹਮੇਸ਼ਾਂ ਹੀ ਤੈਨੂੰ ਸਿਮਰਦਾ[68] ਰਹਾਂ ।
ਹਰਿ ਹਰਿ ਨਾਮੁ ਜਪਹੁ[69] ਮੇਰੇ ਜੀਅੜੇ[70] ਜਪਿ ਹਰਿ ਹਰਿ ਨਾਮੁ ਛਡਾਵੈ[71] ਜੀਉ॥ ੧॥ਰਹਾਉ॥	Meditate[69] thou on thy God's Name, O my soul[70]. It is the meditation of the Name of the Lord that shall emancipate[71] thee. Pause.	ਤੂੰ ਆਪਣੇ ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ[69] ਕਰ, ਹੇ ਮੇਰੀ ਜਿੰਦੜੀਏ[70] ! ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ ਹੀ ਤੈਨੂੰ ਬੰਦਖ਼ਲਾਸ[71] ਕਰਾਵੇਗਾ । ਠਹਿਰਾਉ ।
ਸੁਖ[72] ਸਾਗਰੁ[73] ਅੰਮ੍ਰਿਤੁ[74] ਹਰਿ ਨਾਉ ॥ ਮੰਗਤ ਜਨੁ[75] ਜਾਚੈ[76] ਹਰਿ ਦੇਹੁ[77] ਪਸਾਉ[78] ॥	God's ambrosial[74] Name is an ocean[73] of peace[72]. The alms-man[75] asks for[76] it. O God, bless[77] Thou him with it in Thy mercy[78].	ਹਰੀ ਦਾ ਅੰਮ੍ਰਿਤ[74] ਨਾਂਉ ਸੁਖ[72] ਦਾ ਸਮੁੰਦਰ[73] ਹੈ । ਭਿਖਾਰੀ[75] ਇਸ ਦੀ ਖ਼ੈਰ ਮੰਗਦਾ[76] ਹੈ । ਹੇ ਵਾਹਿਗੁਰੂ ! ਆਪਣੀ ਮਿਹਰ[78] ਰਾਹੀਂ ਤੂੰ ਉਸ ਨੂੰ ਇਸ ਦੀ ਦਾਤ[77] ਬਖ਼ਸ਼ ।
੯੯੮		
ਹਰਿ ਸਤਿ[79] ਸਤਿ ਸਦਾ[80] ਹਰਿ ਸਤਿ ਹਰਿ ਸਤਿ ਮੇਰੈ ਮਨਿ[81] ਭਾਵੈ[82] ਜੀਉ ॥੨॥	True[79], true is my God. My Lord is ever[80] true. The true Master is pleasing[82] unto my mind[81].	ਸੱਚਾ[79], ਸੱਚਾ ਹੈ ਮੇਰਾ ਵਾਹਿਗੁਰੂ । ਮੇਰਾ ਸੁਆਮੀ ਸਦੀਵ[80] ਹੀ ਸੱਚਾ ਹੈ । ਸੱਚਾ ਮਾਲਕ ਮੇਰੇ ਚਿੱਤ[81] ਨੂੰ ਚੰਗਾ ਲਗਦਾ[82] ਹੈ ।
ਨਵੇ ਛਿਦ੍ਰ[83] ਸ੍ਰਵਹਿ[84] ਅਪਵਿਤ੍ਰਾ[85] ॥	The nine apertures[83] out pour[84] filth[85].	ਨੌਂਵੇਂ ਹੀ ਗੋਲਕਾਂ[83] ਗੰਦ[85] ਬਾਹਰ ਕਢਦੀਆਂ[84] ਹਨ ।
ਬੋਲਿ ਹਰਿ[86] ਨਾਮ ਪਵਿਤ੍ਰ[87] ਸਭਿ ਕਿਤਾ ॥	Uttering[86] the Name all the organs are sanctified[87].	ਨਾਮ ਦਾ ਉਚਾਰਨ[86] ਕਰਨ ਦੁਆਰਾ ਸਾਰੀਆਂ ਇੰਦ੍ਰੀਆਂ ਪਾਵਨ ਪੁਨੀਤ ਹੋ ਜਾਂਦੀਆਂ[87] ਹਨ ।
ਜੇ[88] ਹਰਿ ਸੁਪ੍ਰਸੰਨੁ[89] ਹੋਵੈ ਮੇਰਾ ਸੁਆਮੀ ਹਰਿ	If[88] my God Lord be highly pleased[89], one is purged[92] of one's	ਜੇਕਰ[88] ਮੇਰਾ ਵਾਹਿਗੁਰੂ ਸੁਆਮੀ ਪਰਮ ਪ੍ਰਸੰਨ[89]ਹੋ ਜਾਵੇ, ਤਾਂ ਆਪਣੇ ਵਾਹਿਗੁਰੂ ਦਾ ਆਰਾਧਨ[90] ਕਰਨ ਦੁਆਰਾ

ਸਿਮਰਤ[90] ਮਲੁ[91] ਲਹਿ[92] ਜਾਵੈ ਜੀਉ ॥੩॥	filth[91] by meditating[90] on his God.	ਇਨਸਾਨ ਦੀ ਮੈਲ[91] ਉੱਤਰ ਜਾਂਦੀ[92] ਹੈ ।
ਮਾਇਆ[93] ਮੋਹੁ[94] ਬਿਖਮੁ[95] ਹੈ ਭਾਰੀ[96] ॥	Extremely[96] stormy[95] is the sea of the attachment[94] of worldly valuables[93].	ਨਿਹਾਇਤ[96] ਹੀ ਤੂਫ਼ਾਨੀ[95] ਹੈ ਸੰਸਾਰੀ ਪਦਾਰਥਾਂ[93] ਦੀ ਲਗਨ[94] ਦਾ ਸਮੁੰਦਰ ।
ਕਿਉ[97] ਤਰੀਐ[98] ਦੁਤਰੁ[99] ਸੰਸਾਰੀ[100] ॥	How[97] can one ferry across[98] the arduous[99] world[100]-ocean ?	ਇਨਸਾਨ ਕਿਸ ਤਰ੍ਹਾਂ[97] ਕਠਨ[99] ਜਗਤ[100] ਸਮੁੰਦਰ ਤੋਂ ਪਾਰ[98] ਹੋ ਸਕਦਾ ਹੈ ?
ਸਤਿਗੁਰੁ ਬੋਹਿਥੁ[2] ਦੇਇ[3] ਪ੍ਰਭੁ ਸਾਚਾ ਜਪਿ[4] ਹਰਿ ਹਰਿ ਪਾਰਿ ਲੰਘਾਵੈ[5] ਜੀਉ ॥੪॥	The True Guru blesses[3] man with the ship[2] of the True Lord and meditating[4] on his Lord-God, he swims across[5].	ਸੱਚੇ ਗੁਰੂ ਬੰਦੇ ਨੂੰ ਸੱਚੇ ਸੁਆਮੀ ਦਾ ਜਹਾਜ਼[2] ਬਖਸ਼ਦੇ[3] ਹਨ ਅਤੇ ਆਪਣੇ ਸੁਆਮੀ ਵਾਹਿਗੁਰੂ ਦਾ ਸਿਮਰਨ[4] ਕਰਨ ਦੁਆਰਾ, ਉਹ ਪਾਰ ਉੱਤਰ ਜਾਂਦਾ[5] ਹੈ ।
ਤੂ ਸਰਬਤ੍ਰ[6] ਤੇਰਾ ਸਭੁ ਕੋਈ ॥	Thou art the Lord of all[6] and everyone belongs to Thee.	ਤੂੰ ਸਾਰਿਆਂ[6] ਦਾ ਸੁਆਮੀ ਹੈਂ ਅਤੇ ਹਰ ਕੋਈ ਤੇਰਾ ਹੀ ਹੈ ।
ਜੋ ਤੂ ਕਰਹਿ ਸੋਈ[8] ਪ੍ਰਭ ਹੋਈ[9] ॥	Whatever[7] Thou doest, O Lord, that[8] alone comes to pass[9].	ਜੋ ਕੁਛ[7] ਤੂੰ ਕਰਦਾ ਹੈਂ, ਹੇ ਸਾਂਈਂ ! ਕੇਵਲ ਉਹ[8] ਹੀ ਹੁੰਦਾ[9] ਹੈ ।
ਜਨੁ[10] ਨਾਨਕੁ ਗੁਣ[12] ਗਾਵੈ ਬੇਚਾਰਾ[13] ਹਰਿ ਭਾਵੈ[14] ਹਰਿ ਥਾਇ ਪਾਵੈ[15] ਜੀਉ ॥੫॥ ੧॥੭॥	Poor[13], slave[10] Nanak sings God's praise[12], but if it so pleases[14] the Lord Master, then alone is he approved[15].	ਗ਼ਰੀਬ[13] ਗੋਲਾ[10] ਨਾਨਕ ਹਰੀ ਦਾ ਜੱਸ[12] ਗਾਉਂਦਾ ਹੈ, ਪ੍ਰੰਤੂ ਕੇਵਲ ਤਾਂ ਹੀ ਉਹ ਕਬੂਲ ਪੈਂਦਾ[15] ਹੈ, ਜੇਕਰ ਸੁਆਮੀ ਮਾਲਕ ਨੂੰ ਇਸ ਤਰ੍ਹਾਂ ਚੰਗਾ ਲੱਗੇ[14] ।
ਮਾਰੂ ਮਹਲਾ ੪ ॥	Maru 4th Guru.	ਮਾਰੂ ਚੌਥੀ ਪਾਤਿਸ਼ਾਹੀ ।
ਹਰਿ ਹਰਿ ਨਾਮੁ ਜਪਹੁ[16] ਮਨ[17] ਮੇਰੇ ॥	Contemplate[16] thou thy Lord-God's Name, O my soul[17].	ਤੂੰ ਆਪਣੇ ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ[16] ਕਰ, ਹੇ ਮੇਰੀ ਜਿੰਦੜੀਏ[17] !
ਸਭਿ ਕਿਲਵਿਖ[18] ਕਾਟੈ[19] ਹਰਿ ਤੇਰੇ ॥	God shall wipe out[19] all thy sins[18].	ਵਾਹਿਗੁਰੂ ਤੇਰੇ ਸਾਰੇ ਪਾਪ[18] ਮਲੀਆਮੇਟ[19] ਕਰ ਦੇਵੇਗਾ ।
ਹਰਿ ਧਨੁ[20] ਰਾਖਹੁ[21] ਹਰਿ ਧਨੁ ਸੰਚਹੁ[22] ਹਰਿ ਚਲਦਿਆ[23] ਨਾਲਿ ਸਖਾਈ[24] ਜੀਉ ॥੧॥	Enshrine[21] thou the Lord's wealth[20] in thy mind and treasure[22] thou the Lord's wealth. God, thy succourer[24], shall go along with thee, when thou departest[23] in the end.	ਤੂੰ ਪ੍ਰਭੂ ਦੀ ਦੌਲਤ[20] ਨੂੰ ਆਪਣੇ ਹਿਰਦੇ ਅੰਦਰ ਟਿਕਾ[21] ਅਤੇ ਤੂੰ ਪ੍ਰਭੂ ਦੀ ਦੌਲਤ ਨੂੰ ਹੀ ਇਕੱਤਰ ਕਰ[22] । ਵਾਹਿਗੁਰੂ ਤੇਰਾ ਸਹਾਇਕ[24] ਹੈ ਤੇ ਅੰਤ ਨੂੰ ਟੁਰਨ ਵੇਲੇ[23] ਤੇਰੇ ਨਾਲ ਜਾਵੇਗਾ ।
ਜਿਸ ਨੋ ਕ੍ਰਿਪਾ[25] ਕਰੇ ਸੋ[26] ਧਿਆਵੈ[27] ॥	He[26] alone deliberates[27] over Him, on whom is His grace[25].	ਕੇਵਲ ਉਹ[26] ਹੀ ਉਸ ਦਾ ਆਰਾਧਨ ਕਰਦਾ[27] ਹੈ, ਜਿਸ ਉਤੇ ਉਸ ਦੀ ਮਿਹਰ[25] ਹੈ ।
ਨਿਤ[28] ਹਰਿ ਜਪੁ[29] ਜਾਪੈ[30] ਜਪਿ ਹਰਿ ਸੁਖੁ[34] ਪਾਵੈ ॥	He ever[28] embraces[30] God's meditation[29] and meditating on his God, procures peace[31].	ਉਹ ਸਦਾ[28] ਹਰੀ ਦਾ ਸਿਮਰਨ[29] ਕਰਦਾ[30] ਹੈ ਅਤੇ ਹਰੀ ਦਾ ਸਿਮਰਨ ਕਰਨ ਦੁਆਰਾ ਆਰਾਮ[31] ਪਾਉਂਦਾ ਹੈ ।
ਗੁਰ ਪਰਸਾਦੀ[32] ਹਰਿ ਰਸੁ[33]	By Guru's grace[32], God's relish[33] is	ਗੁਰਾਂ ਦੀ ਦਇਆ[32] ਦੁਆਰਾ, ਵਾਹਿਗੁਰੂ ਦਾ ਸੁਆਦ[33]

ਆਵੈ ਜਪਿ[34] ਹਰਿ ਹਰਿ ਪਾਰਿ ਲੰਘਾਈ[35] ਜੀਉ ॥ ੧॥ਰਹਾਉ॥

obtained. Contemplating[34] his God, the mortal is ferried across[35]. Pause.

ਪ੍ਰਾਪਤ ਹੁੰਦਾ ਹੈ। ਆਪਣੇ ਸੁਆਮੀ ਵਾਹਿਗੁਰੂ ਦਾ ਚਿੰਤਨ[34] ਕਰਨ ਦੁਆਰਾ ਪ੍ਰਾਣੀ ਪਾਰ ਉਤਰ ਜਾਂਦਾ[35] ਹੈ। ਠਹਿਰਾਉ।

ਨਿਰਭਉ[36] ਨਿਰੰਕਾਰੁ[37] ਸਤਿ ਨਾਮੁ[38]॥ ਜਗ[39] ਮਹਿ[40] ਸ੍ਰੇਸਟੁ[41] ਊਤਮ[42] ਕਾਮੁ[43] ॥

The meditation of the Fearless[36] and Formless[37] Lord, is the sublime[41] and majestic[42] avocation[43] in[40] this world[39].

ਡਰ-ਰਹਿਤ[36] ਅਤੇ ਸਰੂਪ-ਰਹਿਤ[37] ਸੁਆਮੀ ਦੇ ਸੱਚੇ ਨਾਮ[38] ਦਾ ਸਿਮਰਨ, ਇਸ ਸੰਸਾਰ[39] ਅੰਦਰ[40] ਇੱਕ ਚੰਗਾ[41] ਅਤੇ ਵਧੀਆ[42] ਕਾਰਵਿਹਾਰ[43] ਹੈ।

ਦੁਸਮਨ[44] ਦੂਤ[45] [45]ਜਮਕਾਲੁ[47]ਠੇਹ[48] ਮਾਰਉ[49] ਹਰਿ ਸੇਵਕ[50] ਨੇੜਿ[51] ਨ ਜਾਈ[52] ਜੀਉ ॥੨॥

I, the Lord's slave[50], slay[49] at site[48], Death's[47] courier[46], the foe[44] and arch enemy[45] of the mortals, so the Yama draws[52] not near[51] the Lord's slave.

ਮੈਂ, ਪ੍ਰਭੂ ਦਾ ਗੋਲਾ[50], ਪ੍ਰਾਣੀਆਂ ਦੇ ਸ਼ਤਰੂ[44] ਅਤੇ ਕੱਟੜ ਵੈਰੀ[45] ਮੌਤ[47] ਦੇ ਫ਼ਰੇਸ਼ਤੇ[46] ਨੂੰ ਥਾਂ[48] ਮਾਰ ਦਿੰਦਾ[49] ਹਾਂ, ਇਸ ਲਈ ਯਮ ਪ੍ਰਭੂ ਦੇ ਗੋਲੇ ਦੇ ਲਾਗੇ[51] ਨਹੀਂ ਲਗਦਾ[52]।

ਜਿਸੁ ਉਪਰਿ ਹਰਿ ਕਾ ਮਨੁ[53] ਮਾਨਿਆ[54] ॥ ਸੋ[55] ਸੇਵਕੁ[56] ਚਹੁ ਜੁਗ ਚਹੁ ਕੁੰਟ[57] ਜਾਨਿਆ[58] ॥

He, with whom the Lord is heartily[53] pleased[54]; that[55] slave[56] is known[58] in the four ages and the four directions[57].

ਜੀਹਦੇ ਨਾਲ ਸੁਆਮੀ ਦਿਲੋਂ[53] ਪ੍ਰਸੰਨ[54] ਹੈ; ਉਹ[55] ਗੋਲਾ[56] ਚਾਰੇ ਹੀ ਯੁੱਗਾਂ ਅਤੇ ਚਾਰਾਂ ਹੀ ਪਾਸਿਆਂ[57] ਅੰਦਰ ਪ੍ਰਸਿੱਧ ਹੋ ਜਾਂਦਾ[58] ਹੈ।

ਜੇ[66] ਉਸ ਕਾ ਬੁਰਾ[59] ਕਹੈ[60] ਕੋਈ ਪਾਪੀ[61] ਤਿਸੁ[62] [63]ਜਮ ਕੰਕਰੁ[64] ਖਾਈ[65] ਜੀਉ॥੩॥

If[66] some sinner[61] speaks[60] ill[59] of him; the myrmidon[64] of death[63] eats him[62] up[65].

ਜੇਕਰ[66] ਕੋਈ ਗੁਨਾਹਗਾਰ[61] ਉਸ ਨੂੰ ਮੰਦਾ[59] ਆਖੇ[60], ਤਾਂ ਉਸ[62] ਨੂੰ ਮੌਤ[63] ਦਾ ਫ਼ਰੇਸ਼ਤਾ[64] ਖਾ ਜਾਂਦਾ[65] ਹੈ।

ਸਭ ਮਹਿ[67] ਏਕੁ ਨਿਰੰਜਨ[68] ਕਰਤਾ[69] ॥

Amongst[67] all is the One Pure[68] Creator[69]-Lord.

ਸਾਰਿਆਂ ਅੰਦਰ[67] ਇੱਕ ਪਵਿੱਤਰ[68] ਸਿਰਜਣਹਾਰ[69]-ਸੁਆਮੀ ਹੈ।

ਸਭਿ ਕਰਿ ਕਰਿ[70] ਵੇਖੈ ਅਪਣੇ ਚਲਤਾ[71] ॥

He works[70] all His wondrous plays[71] and beholds them.

ਉਹ ਆਪਣੇ ਸਮੂਹ ਅਦਭੁਤ ਖੇਲ[71] ਰਚਦਾ[70] ਹੈ ਅਤੇ ਉਨ੍ਹਾਂ ਨੂੰ ਵੇਖਦਾ ਹੈ।

ਜਿਸੁ ਹਰਿ ਰਾਖੈ[72] ਤਿਸੁ[73] ਕਉਣੁ[74] ਮਾਰੈ[75] ਜਿਸੁ ਕਰਤਾ[76] ਆਪਿ[77] ਛਡਾਈ[78] ਜੀਉ ॥੪॥

He, whom the Lord saves[72] and whom the Creator[76] Himself[77] delivers[78]; who[74] can do him[73] to death[75] ?

ਜੀਹਦੀ ਪ੍ਰਭੂ ਰੱਖਿਆ ਕਰਦਾ[72] ਹੈ ਅਤੇ ਜੀਹਨੂੰ ਸਿਰਜਣਹਾਰ[76] ਖ਼ੁਦ[77] ਬੰਦਖਲਾਸ[78] ਕਰਦਾ ਹੈ, ਉਸ ਨੂੰ[73] ਕੌਣ[74] ਮਾਰ ਸਕਦਾ[75] ਹੈ ?

ਹਉ[79] ਅਨਦਿਨੁ[80] ਨਾਮੁ ਲਈ[81] ਕਰਤਾਰੇ[82] ॥ ਜਿਨਿ ਸੇਵਕ[83] ਭਗਤ[84] ਸਭੇ ਨਿਸਤਾਰੇ[85] ॥

Night and day[80], utter[81] I[79] the Name of my Creator[82]-Lord, who has emancipated[85] His attendants[83] and saints[84].

ਰੈਣ ਦਿਹੁੰ[80], ਮੈਂ[79] ਆਪਣੇ ਸਿਰਜਣਹਾਰ[82] ਸੁਆਮੀ ਦੇ ਨਾਮ ਦਾ ਉਚਾਰਨ[81] ਕਰਦਾ ਹਾਂ, ਜਿਸ ਨੇ ਆਪਣੇ ਸਾਰੇ ਟਹਿਲੂਏ[83] ਅਤੇ ਸੰਤ[84] ਮੁਕਤ ਕਰ ਦਿਤੇ[85] ਹਨ।

ਦਸਅਠ[86] ਚਾਰਿ ਵੇਦ ਸਭਿ ਪੂਛਹੁ[87] ਜਨ[89] ਨਾਨਕ ਨਾਮੁ ਛਡਾਈ[88] ਜੀਉ ॥੫॥ ੨॥੮॥

Go and consult[87] all the eighteen[86] Puranas and the four Vedas, O slave[89] Nanak, the Lord's Name delivers[88] all.

ਜਾ ਕੇ ਸਾਰਿਆਂ ਅਠਾਰਾਂ[86] ਪੁਰਾਣਾਂ ਅਤੇ ਚਾਰੇ ਵੇਦਾਂ ਤੋਂ ਪਤਾ ਕਰ ਲਓ[87], ਹੇ ਦਾਸ[89] ਨਾਨਕ ! ਪ੍ਰਭੂ ਦਾ ਨਾਮ ਸਾਰਿਆਂ ਨੂੰ ਬੰਧਨ-ਰਹਿਤ[88] ਕਰ ਦਿੰਦਾ ਹੈ।

ਮਾਰੂ ਮਹਲਾ ੫ ਘਰੁ ੨	Maru 5th Guru.	ਮਾਰੂ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਡਰਪੈ[90] ਧਰਤਿ[91] ਅਕਾਸੁ[92] ਨਖਤ੍ਰਾ[93] ਸਿਰ[94] ਊਪਰਿ[95] ਅਮਰੁ[96] ਕਰਾਰਾ[97] ॥	In the Lord's fear[90] are the earth[91], the sky[92] and the stars[93]. Over[95] their head[94] is the powerful[97] order[96] of the Master.	ਸਾਂਈਂ ਦੇ ਭੈ[90] ਅੰਦਰ ਹਨ ਜ਼ਮੀਨ[91], ਆਸਮਾਨ[92] ਅਤੇ ਤਾਰੇ[93]। ਉਨ੍ਹਾਂ ਦੇ ਸਿਰ[94] ਉਤੇ[95] ਮਾਲਕ ਦਾ ਜ਼ਬਰਦਸਤ[97] ਹੁਕਮ[96] ਹੈ।
ਪਉਣੁ[98] ਪਾਣੀ[99] ਬੈਸੰਤਰੁ[100] ਡਰਪੈ ਡਰਪੈ ਇੰਦ੍ਰੁ ਬਿਚਾਰਾ[2] ॥੧॥	The wind[98], water[99] and fire[100] are in His fear and poor[2] Indar too abides in the Lord's fear.	ਹਵਾ[98], ਜਲ[99] ਤੇ ਅੱਗ[100] ਡਰ ਵਿੱਚ ਹਨ ਅਤੇ ਗ਼ਰੀਬੜਾ[2] ਇੰਦਰ ਭੀ ਸਾਂਈਂ ਦੇ ਡਰ ਅੰਦਰ ਵਸਦਾ ਹੈ।
ਏਕਾ [3]ਨਿਰਭਉ[4] ਬਾਤ[5] ਸੁਨੀ ॥	I have heard one thing[5], that the Lord alone is fear[4]-free[3].	ਮੈਂ ਇਕ ਗੱਲ[5] ਸੁਣੀ ਹੈ ਕਿ ਕੇਵਲ ਸੁਆਮੀ ਹੀ ਡਰ[4]-ਰਹਿਤ[3] ਹੈ।
ਸੋ[6] ਸੁਖੀਆ[7] ਸੋ ਸਦਾ[8] ਸੁਹੇਲਾ[9] ਜੋ ਗੁਰ ਮਿਲਿ ਗਾਇ[10] ਗੁਨੀ[12] ॥੧॥ ਰਹਾਉ॥	He[6] alone is in peace[7] and he alone is ever[8] embellished[9], who meeting with the Guru, hymns[10] the Lord's praise[12]. Pause.	ਕੇਵਲ ਉਹ[6] ਹੀ ਸੁਖੀ[7] ਹੈ ਅਤੇ ਕੇਵਲ ਉਹ ਹੀ ਸਦੀਵੀਂ[8] ਸੁਭਾਇਮਾਨ[9] ਹੈ, ਜੋ ਗੁਰਾਂ ਨਾਲ ਮਿਲ ਕੇ ਸੁਆਮੀ ਦੀ ਸਿਫਤ ਸ਼ਲਾਘਾ[12] ਗਾਇਨ[10] ਕਰਦਾ ਹੈ। ਠਹਿਰਾਉ।
ਦੇਹਧਾਰ[13] ਅਰੁ[14] ਦੇਵਾ[15] ਡਰਪਹਿ ਸਿਧ[16] ਸਾਧਿਕ[17] ਡਰਿ ਮੁਇਆ[18] ॥	The corporeal beings[13] and[14] gods[15] are in the Lord's fear and the adepts[16] and seekers[17] die[18] in His dread.	ਸਰੀਰ ਵਾਲੇ ਜੀਵ[13] ਅਤੇ[14] ਦੇਵਤੇ[15] ਸਾਂਈਂ ਦੇ ਡਰ ਵਿਚ ਹਨ ਅਤੇ ਪੂਰਨ ਪੁਰਸ਼[16] ਤੇ ਖੋਜੀ[17] ਉਸ ਦੇ ਤ੍ਰਾਹ ਅੰਦਰ ਮਰੇ ਹੋਏ[18] ਹਨ।
ਲਖ ਚਉਰਾਸੀਹ ਮਰਿ ਮਰਿ[19] ਜਨਮੇ ਫਿਰਿ[20] ਫਿਰਿ ਜੋਨੀ[21] ਜੋਇਆ[22] ॥੨॥	The eightyfour lacs of beings repeatedly die[19] and are born. They are yoked[22] to existences[21] over and over again[20].	ਚੁਰਾਸੀ ਲੱਖ ਜੀਵ ਲਗਾਤਾਰ ਮਰਦੇ[19] ਅਤੇ ਜੰਮਦੇ ਹਨ। ਉਹ ਮੁੜ ਮੁੜ ਕੇ[20] ਜੂਨੀਆਂ[21] ਅੰਦਰ ਜੋੜੇ ਜਾਂਦੇ[22] ਹਨ।
ਰਾਜਸੁ[23] ਸਾਤਕੁ[24] ਤਾਮਸੁ[25] ਡਰਪਹਿ ਕੇਤੇ[26] ਰੂਪ[27] ਉਪਾਇਆ[28] ॥	The optimists[23], pessimists[24] and egotists[25] and the beings created[28] with multifarious[26] forms[27] abide in the Lord's fear.	ਰਜੋ[23], ਸਤੋ[24] ਤੇ ਤਮੋ ਸੁਭਾਵਾਂ ਵਾਲੇ[25] ਜੀਵ ਅਤੇ ਅਨੇਕਾਂ[26] ਸਰੂਪਾਂ[27] ਵਾਲੇ ਪੈਦਾ ਕੀਤੇ ਹੋਏ[28] ਜੀਅਜੰਤ ਸਾਂਈਂ ਦੇ ਡਰ ਅੰਦਰ ਵਸਦੇ ਹਨ।
੯੯੯		
ਛਲ[29] ਬਪੁਰੀ[30] ਇਹ ਕਉਲਾ[31] ਡਰਪੈ ਅਤਿ[32] ਡਰਪੈ[33] ਧਰਮ ਰਾਇਆ ॥	This helpless[30] deceitful[29] mammon[31] fears the Lord and greatly[32] afraid[33] of Him is also the Righteous Judge.	ਇਹ ਨਿਰਬਲ[30] ਛਲਨੀ[29] ਮਾਇਆ[31], ਪ੍ਰਭੂ ਕੋਲੋਂ ਖ਼ੌਫ ਖਾਂਦੀ ਹੈ ਅਤੇ ਨਿਹਾਇਤ[33] ਹੀ ਭੈ-ਭੀਤ[33] ਹੈ ਧਰਮ ਰਾਜਾ ਭੀ ਉਸ ਪਾਸੋਂ।
ਸਗਲ ਸਮਗ੍ਰੀ[34] ਡਰਹਿ[35] ਬਿਆਪੀ[36] ਬਿਨੁ ਡਰ[38] ਕਰਣੈਹਾਰਾ[37] ॥	The entire creation[34] is engrossed[36] in the Lord's Tear[35]. Fear-free[38] is only the Creator[37]-Lord.	ਸਾਰੀ ਰਚਨਾ[34] ਸਾਂਈਂ ਦੇ ਖ਼ੌਫ[35] ਅੰਦਰ ਗ੍ਰਸੀ ਹੋਈ[36] ਹੈ। ਡਰ-ਰਹਿਤ[38] ਕੇਵਲ ਸਿਰਜਣਹਾਰ[37], ਸੁਆਮੀ ਹੀ ਹੈ।

ਕਹੁ ਨਾਨਕ ਭਗਤਨ[39] ਕਾ ਸੰਗੀ[40] ਭਗਤ ਸੋਹਹਿ[41] ਦਰਬਾਰਾ[42] ॥੪॥੧॥

Says Nanak, the Lord is the companion[40] of His devotees[39] and His devotees look beauteous[41] in His court[42].

ਗੁਰੂ ਜੀ ਆਖਦੇ ਹਨ, ਸਾਂਈਂ ਆਪਣੇ ਸ਼ਰਧਾਲੂਆਂ[39] ਦਾ ਸਾਥੀ[40] ਹੈ ਅਤੇ ਉਸ ਦੇ ਸ਼ਰਧਾਲੂ ਉਸ ਦੀ ਦਰਗਾਹ[42] ਅੰਦਰ ਸੋਹਣੇ[41] ਲਗਦੇ ਹਨ ।

ਮਾਰੂ ਮਹਲਾ ੫ ॥

Maru 5th Guru.

ਮਾਰੂ ਪੰਜਵੀਂ ਪਾਤਿਸ਼ਾਹੀ ।

ਪਾਂਚ ਬਰਖ[43] ਕੋ ਅਨਾਥੁ[44] ਧ੍ਰੂ ਬਾਰਿਕੁ[45] ਹਰਿ ਸਿਮਰਤ[46] ਅਮਰ[47] ਅਟਾਰੇ[48] ॥

The five year[43] old patronless[44] boy[45], Dhru, became eternal[47] and moveless[48] by meditating[46] on his God.

ਪੰਜਾਂ ਵਰ੍ਹਿਆਂ[43] ਦਾ ਨਿਖਸਮਾ[44] ਬੱਚਾ[45], ਧਰੂ ਵਾਹਿਗੁਰੂ ਦਾ ਆਰਾਧਨ[46] ਕਰਨ ਦੁਆਰਾ ਅਬਿਨਾਸੀ[47] ਤੇ ਅਹਿੱਲ[48] ਹੋ ਗਿਆ ।

ਪੁਤ੍ਰ[49] ਹੇਤਿ[50] ਨਾਰਾਇਣੁ[51] ਕਹਿਓ[52] [53]ਜਮਕੰਕਰ[54] ਮਾਰਿ[55] ਬਿਦਾਰੇ[56] ॥੧॥

For[50] the love of his son[49], Ajamal called upon[52] the Lord[51], who smote[55] and drove away[56] the Death's[53] myrmidons[54].

ਆਪਣੇ ਪੁੱਤ੍ਰ[49] ਦੇ ਪਿਆਰ ਦੀ ਖਾਤਰ[50] ਅਜਾਮਲ ਨੇ ਪ੍ਰਭੂ[51] ਨੂੰ ਪੁਕਾਰਿਆ[52], ਜਿਸ ਨੇ ਮੌਤ[53] ਦੇ ਫ਼ਰੇਸ਼ਤੇ[54] ਮਾਰ ਕੇ[55] ਪਰੇ ਹਟਾ ਦਿਤੇ[56] ।

ਮੇਰੇ ਠਾਕੁਰ[57] ਕੇਤੇ[58] ਅਗਨਤ[59] ਉਧਾਰੇ[60] ॥

My Lord[57] has emancipated[60] many[58] and numberless[52] mortals.

ਮੈਂਡੇ ਪ੍ਰਭੂ[57] ਨੇ ਅਨੇਕਾਂ[58] ਅਤੇ ਅਣਗਿਣਤ[59] ਪ੍ਰਾਣੀਆਂ ਦਾ ਪਾਰ ਉਤਾਰਾ ਕੀਤਾ[60] ਹੈ ।

ਮੋਹਿ[61] ਦੀਨ[62] ਅਲਪ[63] ਮਤਿ[64] [65]ਨਿਰਗੁਣ[66] ਪਰਿਓ ਸਰਣਿ[67] ਦੁਆਰੇ[68] ॥੧॥ ਰਹਾਉ॥

I[61] am meek[62], of paltry[63] understanding[64] and without[65] virtue[66]. I have sought the protection[67] of the Lord's door[68]. Pause.

ਮੈਂ[61] ਮਸਕੀਨ[62] ਥੋੜੀ[63] ਸਮਝ[64] ਵਾਲਾ ਅਤੇ ਨੇਕੀ[66]-ਵਿਹੂਣ[65] ਹਾਂ । ਮੈਂ ਪ੍ਰਭੂ ਦੇ ਦਰ[68] ਦੀ ਪਨਾਹ[67] ਲਈ ਹੈ । ਠਹਿਰਾਉ ।

ਬਾਲਮੀਕੁ ਸੁਪਚਾਰੋ[69] ਤਰਿਓ[70] ਬਧਿਕ[71] ਤਰੇ ਬਿਚਾਰੇ[72] ॥

Pariah[69] Balmik was emancipated[70] and so was saved the poor[72] huntsman[71].

ਚੰਡਾਲ[69] ਬਾਲਮੀਕ ਮੁਕਤ ਹੋ ਗਿਆ[70] ਅਤੇ ਏਸੇ ਤਰ੍ਹਾਂ ਗ਼ਰੀਬ[72] ਸ਼ਿਕਾਰੀ[71] ਭੀ ਪਾਰ ਉੱਤਰ ਗਿਆ ।

ਏਕ ਨਿਮਖ[73] ਮਨ ਮਾਹਿ[74] ਅਰਾਧਿਓ[75] [76]ਗਜਪਤਿ[77] ਪਾਰਿ ਉਤਾਰੇ ॥੨॥

Within[74] his mind, the great[77] elephant[76] remembered[75] God even for a moment[73] and he was saved.

ਆਪਣੇ ਚਿੱਤ ਅੰਦਰ[74] ਵੱਡੇ[77] ਹਾਥੀ[76] ਨੇ ਇੱਕ ਮੁਹਤ[73] ਭਰ ਲਈ ਹੀ ਹਰੀ ਨੂੰ ਸਿਮਰਿਆ[75] ਅਤੇ ਉਹ ਬੰਦ-ਖ਼ਲਾਸ ਹੋ ਗਿਆ ।

ਕੀਨੀ ਰਖਿਆ ਭਗਤ[78] ਪ੍ਰਹਿਲਾਦੈ ਹਰਨਾਖਸ ਨਖਹਿ[79] ਬਿਦਾਰੇ[80] ॥

The Lord preserved saint[78] Prahlad and tore[80] Harnakhsh with His nails[79].

ਪ੍ਰਭੂ ਨੇ ਸੰਤ[78] ਪ੍ਰਹਿਲਾਦ ਦੀ ਰੱਖਿਆ ਕੀਤੀ ਅਤੇ ਹਰਨਾਖਸ਼ ਨੂੰ ਆਪਣੇ ਨੌਂਹਾਂ[79] ਨਾਲ ਪਾੜ ਸੁਟਿਆ[80] ।

ਬਿਦਰੁ ਦਾਸੀ[81] ਸਤੁ[82] ਭਇਓ ਪੁਨੀਤਾ[83] ਸਗਲੇ ਕੁਲ[84] ਉਜਾਰੇ[85] ॥੩॥

Bidar, the son[82] of a handmaiden[81], was sanctified[83] and his entire lineage[84] became illustrious[85].

ਗੋਲੀ[81] ਦਾ ਪੁਤ੍ਰ[82], ਬਿਦਰ, ਪਵਿੱਤਰ ਹੋ ਗਿਆ[83] ਅਤੇ ਉਸ ਦੀ ਸਾਰੀ ਵੰਸ਼[84] ਕੀਰਤੀਮਾਨ[85] ਹੋ ਗਈ ।

ਕਵਨ[86] ਪਰਾਧ[87] ਬਤਾਵਉ[88] ਅਪੁਨੇ ਮਿਥਿਆ[89] ਮੋਹ[90] ਮਗਨਾਰੇ[91] ॥

What[86] sins[87] of mine should I narrate[88]? I am intoxicated[91] with the false[89] worldly love[90].

ਮੈਂ ਆਪਣੇ ਕਿਹੜੇ ਕਿਹੜੇ[86] ਪਾਪ[87] ਵਰਨਣ[88] ਕਰਾਂ ? ਮੈਂ ਝੂਠੀ[89] ਸੰਸਾਰੀ ਮਮਤਾ[90] ਨਾਲ ਮਤਵਾਲਾ[91] ਹੋਇਆ ਹੋਇਆ ਹਾਂ ।

ਆਇਓ ਸਾਮ[92] ਨਾਨਕ

Nanak has come to God's sanctuary[92]

ਨਾਨਕ ਨੇ ਰੱਬ ਦੀ ਸ਼ਰਣਾਗਤ[92] ਅਤੇ ਪਨਾਹ[93] ਲਈ ਹੈ ।

ਓਟ[93] ਹਰਿ ਕੀ ਲੀਜੈ[94] ਭੁਜਾ[95] ਪਸਾਰੇ[96] ॥੪॥੨॥

and refuge[93]. O Lord, stretch out[96] Thine arms[95] and take[44] me Thou into Thy embrace.

ਹੇ ਸੁਆਮੀ ! ਆਪਣੀਆਂ ਬਾਹਾਂ[95] ਖਿਲਾਰ ਕੇ[96] ਤੂੰ ਮੈਨੂੰ ਆਪਣੀ ਗਲਵਕੜੀ ਵਿਚ ਲੈ[94] ਲੈ ।

ਮਾਰੂ ਮਹਲਾ ੫ ॥

Maru 5th Guru.

ਮਾਰੂ ਪੰਜਵੀਂ ਪਾਤਿਸ਼ਾਹੀ ।

ਵਿਤ[97] ਨਵਿਤ[98] ਭ੍ਰਮਿਓ[99] ਬਹੁ[100] ਭਾਤੀ[2] ਅਨਿਕ[3] ਜਤਨ[4] ਕਰਿ ਧਾਏ[5] ॥

For the sake[98] of riches[97], I have wandered[99] in various[100] ways[2] and have made many[3] efforts[4] and dashes[5].

ਧਨ ਦੌਲਤ[97] ਦੀ ਖ਼ਾਤਰ[98], ਮੈਂ ਅਨੇਕਾਂ[100] ਤਰ੍ਹਾਂ[2] ਭਟਕਿਆ[99] ਹਾਂ ਅਤੇ ਮੈਂ ਬਹੁਤੇ[3] ਉਪਰਾਲੇ[4] ਤੇ ਦੌੜ-ਭੱਜ[5] ਕੀਤੀ ਹੈ ।

ਜੋ ਜੋ[6] ਕਰਮ[7] ਕੀਏ ਹਉ[8] ਹਉਮੈ ਤੇ ਤੇ[9] ਭਏ[12] ਅਜਾਏ[10] ॥੧॥

As many[6] deeds[7] as I did in ego[8] and pride, so many[9] have gone[12] in vain[10].

ਜਿੰਨੇ ਭੀ ਕੰਮ[7] ਮੈਂ ਹੰਕਾਰ[8] ਤੇ ਹੰਗਤਾ ਅੰਦਰ ਕੀਤੇ ਹਨ ਉਨੇ[9] ਹੀ ਵੇਅਰਥ[10] ਗਏ[12] ਹਨ ।

ਅਵਰ[13] ਦਿਨ ਕਾਹੂ[14] ਕਾਜ[15] ਨ ਲਾਏ ॥ ਸੋ ਦਿਨੁ[16] ਮੋਕਉ[17] ਦੀਜੈ[18] ਪ੍ਰਭ ਜੀਉ[19] ਜਾ ਦਿਨ ਹਰਿ ਜਸੁ[20] ਗਾਏ ॥੧॥ਰਹਾਉ॥

My Sire[19] Master, bless[18] me[17] Thou with the days[16], the days, when I may sing Thy praise[20]. All other[13] days are of no avail[15] to me, whatsoever[14]. Pause.

ਮੇਰੇ ਮਹਾਰਾਜ[19] ਮਾਲਕ ! ਮੈਨੂੰ[17] ਤੂੰ ਉਹ ਦਿਹਾੜੇ[16] ਬਖ਼ਸ਼[18] ਜਿਨ੍ਹਾਂ ਦਿਹਾੜਿਆਂ ਵਿਚ ਮੈਂ ਤੇਰੀ ਕੀਰਤੀ[20] ਗਾਇਨ ਕਰਾਂ । ਹੋਰ[13] ਸਮੂਹ ਦਿਹਾੜੇ ਮੇਰੇ ਕਿਸੇ ਭੀ[14] ਕੰਮ[15] ਨਹੀਂ । ਠਹਿਰਾਉ ।

ਪੁਤ੍ਰ[21] ਕਲਤ੍ਰ[22] ਗ੍ਰਿਹ[23] ਦੇਖਿ[27] ਪਸਾਰਾ[24] ਇਸ ਹੀ ਮਹਿ[25] ਉਰਝਾਏ[26] ॥

Beholding[27] sons[21], wife[22], home[23] and other paraphernalia[24], man is involved[26] in[25] these.

ਲੜਕਿਆਂ[21], ਵਹੁਟੀ[22], ਘਰ[23] ਅਤੇ ਹੋਰ ਸਾਰੇ ਲਾਉਲਸ਼ਕਰ[24] ਨੂੰ ਤਕ ਕੇ[27], ਇਨਸਾਨ ਇਨ੍ਹਾਂ ਵਿਚ[25] ਹੀ ਉਲਝ ਜਾਂਦਾ[26] ਹੈ ।

ਮਾਇਆ[28] ਮਦ[29] ਚਾਖਿ[30] ਭਏ ਉਦਮਾਤੇ[31] ਹਰਿ ਹਰਿ ਕਬਹੁ[32] ਨ ਗਾਏ[33] ॥੨॥

Tasting[30] the wine[29] of mammon[28], man is inebriated[31] and he sings[33] not God's praise, ever[32].

ਮੋਹਨੀ[28] ਦੀ ਸ਼ਰਾਬ[29] ਚੱਖ ਕੇ[30] ਇਨਸਾਨ ਮਤਵਾਲਾ ਹੋਇਆ ਹੋਇਆ[31] ਹੈ ਅਤੇ ਉਹ ਕਦੇ[32] ਭੀ ਸਾਂਈਂ ਰੱਬ ਦੀ ਕੀਰਤੀ ਗਾਇਨ[33] ਨਹੀਂ ਕਰਦਾ ।

ਇਹ ਬਿਧਿ[34] ਖੋਜੀ[35] ਬਹੁ[36] ਪਰਕਾਰਾ[37] ਬਿਨੁ[38] ਸੰਤਨ ਨਹੀ ਪਾਏ ॥

This way[34], of meditation I have searched[35] through many[36] devices[37], but without[38] the saints it is obtained not.

ਸਿਮਰਨ ਦੀ ਇਹ ਰੀਤੀ[34] ਮੈਂ ਅਨੇਕਾਂ[36] ਤਰੀਕਿਆਂ[37] ਰਾਹੀਂ ਲੱਭੀ[35] ਹੈ, ਪ੍ਰੰਤੂ, ਸਾਧੂਆਂ ਦੇ ਬਗ਼ੈਰ[38] ਇਹ ਪਾਈ ਨਹੀਂ ਜਾਂਦੀ ।

ਤੁਮ ਦਾਤਾਰ[39] ਵਡੇ[40] ਪ੍ਰਭ ਸੰਮ੍ਰਥ[41] ਮਾਗਨ[42] ਕਉ ਦਾਨੁ[43] ਆਏ ॥੩॥

Thou art the great[40], powerful[41] and beneficent[39] Lord. I have come to beg[42] of Thee, a bounty[43].

ਤੂੰ ਵਿਸ਼ਾਲ[40], ਬਲਵਾਨ[41] ਅਤੇ ਦਰਿਆਦਿਲ[39] ਸੁਆਮੀ ਹੈਂ । ਮੈਂ ਤੇਰੇ ਪਾਸੋਂ ਖ਼ੈਰ[43] ਮੰਗਣ ਲਈ[42] ਆਇਆ ਹਾਂ ।

ਤਿਆਗਿਓ[44] ਸਗਲਾ[45] ਮਾਨੁ[46] ਮਹਤਾ[47] ਦਾਸ[48] ਰੇਣ[49] ਸਰਣਾਏ[50] ॥

Abandoning[44] all[45] ego[46] and glory[47], I have sought the refuge[50] of the dust[49] of the Lord's slave[48].

ਸਾਰੀ[45] ਹੰਗਤਾ[46] ਅਤੇ ਵਡਿਆਈ[47] ਛੱਡ[44] ਕੇ, ਮੈਂ ਪ੍ਰਭੂ ਦੇ ਗੋਲੇ[48] ਦੇ ਪੈਰਾਂ ਦੀ ਧੂੜ[49] ਦੀ ਪਨਾਹ[50] ਲਈ ਹੈ ।

ਕਹੁ ਨਾਨਕ ਹਰਿ ਮਿਲਿ ਭਏ ਏਕੈ[51] ਮਹਾ[52] ਅਨੰਦ[53] ਸੁਖ[54] ਪਾਏ[55] ॥੪॥੩॥

Says Nanak, meeting with God, I have become one[51] with Him and am blessed[55] with supreme[52] pleasure[53] and peace[54].

ਗੁਰੂ ਜੀ ਫ਼ੁਰਮਾਉਂਦੇ ਹਨ, ਵਾਹਿਗੁਰੂ ਨਾਲ ਮਿਲ ਕੇ ਮੈਂ ਉਸ ਦੇ ਨਾਲ ਇਕਮਿੱਕ[51] ਹੋ ਗਿਆ[51] ਹਾਂ ਅਤੇ ਮੈਨੂੰ ਪਰਮ[52] ਅਨੰਦ[53] ਅਤੇ ਆਰਾਮ[54] ਪ੍ਰਾਪਤ ਹੋ ਗਏ[55] ਹਨ ।

ਮਾਰੂ ਮਹਲਾ ੫ ॥

ਕਵਨ[56] ਥਾਨ[57] ਧੀਰਿਓ[58] ਹੈ ਨਾਮਾ[59] ਕਵਨ[60] ਬਸਤੁ[67] ਅਹਕਾਰਾ[62] ॥

ਕਵਨ[63] ਚਿਹਨ[64] ਸੁਨਿ[65] ਊਪਰਿ[66] ਛੋਹਿਓ[67] ਮੁਖ[68] ਤੇ ਸੁਨਿ[69] ਕਰਿ ਗਾਰਾ[70] ॥੧॥

ਸੁਨਹੁ ਰੇ ਤੂ ਕਉਨੁ ਕਹਾ[71] ਤੇ ਆਇਓ ॥

ਏਤੀ[72] ਨ ਜਾਨਹੁ[77] ਕੇਤੀਕ[73] ਮੁਦਤਿ[74] ਚਲਤੇ[75] ਖਬਰਿ[76] ਨ ਪਾਇਓ ॥੧॥ਰਹਾਉ॥

ਸਹਨ[78] ਸੀਲ[79] ਪਵਨ[80] ਅਰੁ[81] ਪਾਣੀ[82] ਬਸੁਧਾ[83] ਖਿਮਾ[84] [85]ਨਿਭਰਾਤੇ[86] ॥

ਪੰਚ[87] ਤਤ[88] ਮਿਲਿ[89] ਭਇਓ[94] ਸੰਜੋਗਾ[90] ਇਨ ਮਹਿ[91] ਕਵਨ[92] ਦੂਰਾਤੇ[93] ॥੨॥

ਜਿਨਿ[95] ਰਚਿ[96] ਰਚਿਆ[97] ਪੁਰਖਿ[98] ਬਿਧਾਤੈ[99] ਨਾਲੇ[100] ਹਉਮੈ[2] ਪਾਈ[8] ॥

ਜਨਮ[4] ਮਰਣੁ[5] ਉਸ[6] ਹੀ ਕਉ ਹੈ ਰੇ ਓਹਾ[7] ਆਵੈ[8] ਜਾਈ[9] ॥੩॥

ਬਰਨੁ[10] ਚਿਹਨੁ[12] ਨਾਹੀ ਕਿਛੁ ਰਚਨਾ[13] ਮਿਥਿਆ[14] ਸਗਲ[15] ਪਸਾਰਾ[16] ॥

ਭਣਤਿ[17] ਨਾਨਕੁ ਜਬ[18] ਖੇਲੁ[19] ਉਝਾਰੈ[20] ਤਬ[21] ਏਕੈ[22] ਏਕੰਕਾਰਾ[23] ॥੪॥੪॥

ਮਾਰੂ ਮਹਲਾ ੫ ॥

੧੦੦੦

Maru 5th Guru.

At what[56] place[57] is man's glory[59] stationed[58] and where[60] does his pride[62] abide[61] ?

Hearken[65], O man, by hearing[69] abuses[70] what[63] cut[64] hast thou sustained[67] on[66] thy face[68] ?

Hear, O man, who art thou and where[71] comest thou from ?

Even this much[72] thou knowest[77] not, that how[73] long[74] thou hast to stay here. Thou hast no tiding[76] regarding thy departure[75]. Pause.

Air[80] and[81] water[82] have tolerance[78] and humility[79] and earth[83] possesses forbearance[84], no[85] doubt[86].

The union[89] of such like five[87], elements[88] has fortunately[90] brought[94] thee, into being. Say, which[92] from amongst[91] these is evil[93] ?

He, the powerful[98] Creator[99], who[95] has made[97] thy make[96] and has also[100] put[3] pride[2] into thee;

He alone[6] is born[4] and dies[5] and He[7] alone comes[8] and goes[9].

Nothing of the colour[10] and sign[12] of the creation[13] shall remain. Illusory[14] is the entire[15] universe[16].

Says[17] Nanak, when[18] He dis-establishes[20] His play[19], then[21] only the One[22] Unique Lord[23] remains.

Maru 5th Guru.

ਮਾਰੂ ਪੰਜਵੀਂ ਪਾਤਿਸ਼ਾਹੀ ।

ਕਿਸ[56] ਜਗ੍ਹਾ[57] ਤੇ ਇਨਸਾਨ ਦੀ ਵਡਿਆਈ[59] ਟਿਕੀ[58] ਹੋਈ ਹੈ ਅਤੇ ਕਿਥੇ[60] ਰਹਿੰਦੀ[61] ਹੈ ਉਸ ਦੀ ਹੰਗਤਾ[62] ?

ਸੁਣ[65] ਹੇ ਬੰਦੇ ! ਗਾਲ੍ਹਾਂ[70] ਸੁਣ ਕੇ[69], ਤੇਰੇ ਮੂੰਹ[68] ਦੇ ਉਤੇ[66] ਕਿਹੜਾ[63] ਫੱਟ[64] ਲੱਗ ਗਿਆ[67] ਹੈ ?

ਸੁਣ, ਹੇ ਬੰਦੇ ! ਤੂੰ ਕੌਣ ਹੈਂ ਤੇ ਕਿੱਥੋਂ[71] ਆਇਆ ਹੈਂ ?

ਤੂੰ ਏਨਾ ਕੁ[72] ਭੀ ਨਹੀਂ ਜਾਣਦਾ[77] ਕਿ ਤੂੰ ਏਥੇ ਕਿੰਨਾ ਕੁ[73] ਚਿਰ[74] ਠਹਿਰਨਾ ਹੈ । ਤੈਨੂੰ ਆਪਣੇ ਟੁਰ ਜਾਣ[75] ਸੰਬੰਧੀ ਕਨਸੋ[76] ਤਕ ਨਹੀਂ । ਠਹਿਰਾਉ ।

ਹਵਾ[80] ਅਤੇ[81] ਜਲ[82] ਅੰਦਰ ਬਰਦਾਸ਼ਤ[78] ਅਤੇ ਨਿਰਮਤਾ[79] ਹੈ ਅਤੇ ਧਰਤੀ[83] ਵਿਚ, ਨਿਰ[85] ਸੰਦੇਹ[86], ਧੀਰਜ[84] ਹੈ ।

ਐਹੋ ਜੇਹੇ ਪੰਜਾਂ[87] ਮੂਲ ਅੰਸ਼ਾ[88] ਦੇ ਮਿਲਾਪ[89] ਨੇ ਭਾਗਾਂ ਨਾਲ[90] ਤੈਨੂੰ ਹੋਂਦ ਵਿਚ ਲਿਆਂਦ[94] ਹੈ । ਦੱਸ ਇਨ੍ਹਾਂ ਵਿਚੋਂ[91] ਕਿਹੜਾ[92] ਭੈੜਾ[93] ਹੈ ?

ਉਹ ਬਲਵਾਨ[98] ਕਰਤਾਰ[99] ਜਿਸ[95] ਨੇ ਤੇਰੀ ਬਣਤਰ[96] ਬਣਾਈ[97] ਹੈ ਅਤੇ ਤੇਰੇ ਅੰਦਰ ਹੰਕਾਰ[2] ਭੀ[100] ਪਾਇਆ[3] ਹੈ ;

ਕੇਵਲ[6] ਉਹ ਹੀ ਜੰਮਦਾ[4] ਅਤੇ ਮਰਦਾ[5] ਹੈ ਅਤੇ ਕੇਵਲ[7] ਉਹ ਹੀ ਆਉਂਦਾ[8] ਤੇ ਜਾਂਦਾ[9] ਹੈ ।

ਉਤਪਤੀ[13] ਦਾ ਕੁਝ ਭੀ ਰੰਗ[10] ਅਤੇ ਨਿਸ਼ਾਨ[12] ਨਹੀਂ ਰਹਿਣਾ । ਕੂੜਾ[14] ਹੈ ਸਮੂਹ[15] ਸੰਸਾਰ[16] ।

ਗੁਰੂ ਜੀ ਫੁਰਮਾਉਂਦੇ[17] ਹਨ, ਜਦ[18] ਉਹ ਆਪਣੀ ਖੇਡ[19] ਨੂੰ ਸਮੇਟ ਲੈਂਦਾ[20] ਹੈ ਤਦ[21] ਕੇਵਲ ਇਕ[22] ਅਦੁੱਤੀ ਸਾਂਈ[23] ਹੀ ਰਹਿ ਜਾਂਦਾ ਹੈ ।

ਮਾਰੂ ਪੰਜਵੀਂ ਪਾਤਿਸ਼ਾਹੀ ।

ਮਾਨ[24] ਮੋਹ[25] ਅਰੁ[26] ਲੋਭ[27] ਵਿਕਾਰਾ[28] ਬੀਓ[29] ਚੀਤਿ[30] ਨ ਘਾਲਿਓ[31] ॥

I am purged of the sins[28] of pride[24], worldly love[25] and[26] avarice[27]. Save God, I enshrine[31] naught[29] in my mind[30].

ਮੈਂ ਹੰਕਾਰ[24], ਸੰਸਾਰੀ ਮਮਤਾ[25] ਅਤੇ[26] ਲਾਲਚ[27] ਦੇ ਪਾਪਾਂ[28] ਤੋਂ ਖ਼ਲਾਸੀ ਪਾ ਗਿਆ ਹਾਂ। ਰੱਬ ਦੇ ਬਝੋਂ, ਮੈਂ ਹੋਰਸ[29] ਸ਼ੈ ਨੂੰ ਆਪਣੇ ਮਨ[30] ਵਿਚ ਨਹੀਂ ਟਿਕਾਉਂਦਾ[31]।

ਨਾਮ ਰਤਨੁ[32] ਗੁਣਾ[33] ਹਰਿ ਬਣਜੇ[34] ਲਾਦਿ[35] ਵਖਰੁ[36] ਲੈ ਚਾਲਿਓ[37] ॥੧॥

I have purchased[34] the Name jewel[32] and God's praise[33]. Loading[35] this merchandise[36]. I have set out[37] on my journey.

ਮੈਂ ਨਾਮ ਦਾ ਹੀਰਾ[32] ਤੇ ਹਰੀ ਦਾ ਜੱਸ[33] ਖ਼ਰੀਦਿਆ[34] ਹੈ। ਇਸ ਸੌਦੇ ਸੂਤ[36] ਨੂੰ ਲਦ ਕੇ[35] ਮੈਂ ਆਪਣੇ ਸਫ਼ਰ ਤੇ ਟੁਰ ਪਿਆ[37] ਹਾਂ।

ਸੇਵਕ[38] ਕੀ ਓਝਿਕ[39] ਨਿਬਹੀ[40] ਪ੍ਰੀਤਿ[41] ॥

The love[41] of the Lord's slave[38] has endured[40] to the end[39].

ਸੁਆਮੀ ਦੇ ਗੋਲੇ[38] ਦਾ ਪ੍ਰੇਮ[41] ਅੰਤ[39] ਤਾਈਂ ਨਾਲ ਨਿਭਿਆ[40] ਹੈ।

ਜੀਵਤ[42] ਸਾਹਿਬੁ ਸੇਵਿਓ[53] ਅਪਨਾ ਚਲਤੇ[44] ਰਾਖਿਓ[45] ਚੀਤਿ[46] ॥੧॥ਰਹਾਉ॥

In my life-time[42] I have served[43] my Lord and now while departing[44], I have enshrined[45] Him in my mind[46]. Pause.

ਜੀਉਂਦੇ ਜੀ[42] ਮੈਂ ਆਪਣੇ ਸੁਆਮੀ ਦੀ ਸੇਵਾ ਕਮਾਈ[43] ਹੈ ਅਤੇ ਹੁਣ ਕੂਚ[44] ਦੇ ਵੇਲੇ ਮੈਂ ਉਸ ਨੂੰ ਆਪਣੇ ਰਿਦੇ[46] ਅੰਦਰ ਟਿਕਾ ਲਿਆ[45] ਹੈ। ਠਹਿਰਾਉ।

ਜੈਸੀ[52] ਆਗਿਆ[47] ਕੀਨੀ[48] ਠਾਕੁਰਿ ਤਿਸ[49] ਤੇ ਮੁਖੁ[50] ਨਹੀ ਮੋਰਿਓ[51] ॥

As[52] is the command[47] issued[48] by my Masther; from that I have turned[51] not my face away[50].

ਜੇਹੋ ਜੇਹਾ[52] ਹੁਕਮ[47] ਮੇਰੇ ਮਾਲਕ ਨੇ ਜਾਰੀ ਕੀਤਾ[48] ਹੈ; ਉਸ[49] ਤੋਂ ਮੈਂ ਆਪਣਾ ਮੂੰਹ[50] ਨਹੀਂ ਮੋੜਿਆ[51]।

ਸਹਜੁ[53] ਅਨੰਦ[54] ਰਖਿਓ ਗ੍ਰਿਹ[55] ਭੀਤਰਿ[56] ਉਠਿ[57] ਉਆਹੂ[58] ਕਉ ਦਉਰਿਓ[59] ॥੨॥

If He keeps me in[56] home[5], I deem it peace[53] and pleasure[54] and if He asks me to quit[57], then therefrom[58] I run[59] to vacate it.

ਜੇਕਰ ਉਹ ਮੈਨੂੰ ਘਰ[55] ਦੇ ਵਿਚ ਰੱਖੇ[56], ਮੈਂ ਇਸ ਨੂੰ ਸੁਖ[53] ਤੇ ਖ਼ੁਸ਼ੀ[54] ਜਾਣਦਾ ਹਾਂ ਅਤੇ ਜੇਕਰ ਉਹ ਮੈਨੂੰ ਉੱਠਣ[57] ਨੂੰ ਆਖੇ ਤਾਂ ਮੈਂ ਉਥੋਂ[58] ਹੀ ਇਸ ਨੂੰ ਖ਼ਾਲੀ ਕਰਨ ਨੂੰ ਭੱਜ ਪੈਂਦਾ[59] ਹਾਂ।

ਆਗਿਆ[60] ਮਹਿ[61] ਭੂਖ[62] ਸੋਈ[63] ਕਰਿ[64] ਸੂਖਾ[65] ਸੰਗ[66] ਹਰਖ[67] ਨਹੀ ਜਾਨਿਓ ॥

Privation[62] in[61] the Lord's will[60]; That[63] I accept as[64] bliss[65]. Weal[67] and woe[66] I know not.

ਪ੍ਰਭੂ ਦੀ ਰਜ਼ਾ[60] ਅੰਦਰ[61] ਭੂਖ[62] ਨੂੰ ਮੈਂ ਅਨੰਦ[65] ਕਰ[64] ਕੇ ਕਬੂਲ ਕਰਦਾ ਹਾਂ। ਖ਼ੁਸ਼ੀ[67] ਤੇ ਗ਼ਮੀ[66] ਮੈਂ ਜਾਣਦਾ ਹੀ ਨਹੀਂ।

ਜੋ ਜੋ[68] ਹੁਕਮੁ[69] ਭਇਓ ਸਾਹਿਬ ਕਾ ਸੋ[70] ਮਾਥੈ[71] ਲੈ ਮਾਨਿਓ[72] ॥੩॥

Whatever[68] is the command[69] of my Lord; That[70] I accept[73] cheerfully on my forehead[71].

ਜਿਹੜਾ[68] ਭੀ ਮੇਰੇ ਸੁਆਮੀ ਦਾ ਫ਼ੁਰਮਾਨ[69] ਹੈ; ਉਸ[70] ਨੂੰ ਮੈਂ ਖ਼ੁਸ਼ੀ ਨਾਲ ਆਪਣੇ ਸਿਰ ਮੱਥੇ[71] ਤੇ ਕਬੂਲ[72] ਕਰਦਾ ਹਾਂ।

ਭਇਓ ਕ੍ਰਿਪਾਲੁ[73] ਠਾਕੁਰੁ ਸੇਵਕ[78] ਕਉ[74] ਸਵਰੇ[75] ਹਲਤ[76] ਪਲਾਤਾ[77] ॥

The Lord has become merciful[73] unto[74] His serf[78] and his this world[76] and the yonder one[77] are embellished[75].

ਸੁਆਮੀ ਆਪਣੇ ਨਫ਼ਰ[78] ਉੱਤੇ[74] ਮਿਹਰਬਾਨ[73] ਹੋ ਗਿਆ ਹੈ ਅਤੇ ਉਸ ਦਾ ਇਹ ਲੋਕ[76] ਤੇ ਪ੍ਰਲੋਕ[77] ਸ਼ਸ਼ੋਭਤ ਹੋ ਗਏ[75] ਹਨ।

ਧੰਨੁ[79] ਸੇਵਕੁ[80] ਸਫਲੁ[81] ਓਹੁ[82] ਆਇਆ[83] ਜਿਨਿ ਨਾਨਕ ਖਸਮੁ[84] ਪਛਾਤਾ[85] ॥ ੪॥੫॥

Blessed[79] is the slave[89] and fruitful[81] is his[82] advent[83], who, O Nanak, realises[85] his Lord[84].

ਮੁਬਾਰਕ[79] ਹੈ ਉਹ ਪ੍ਰਭੂ ਦਾ ਗੋਲਾ[80] ਅਤੇ ਫਲਦਾਇਕ[81] ਹੈ ਉਸ[82] ਦਾ ਆਗਮਨ[83], ਜੋ, ਹੇ ਨਾਨਕ! ਆਪਣੇ ਸੁਆਮੀ[84] ਨੂੰ ਅਨੁਭਵ ਕਰਦਾ[85] ਹੈ।

ਮਾਰੂ ਮਹਲਾ ੫ ॥
ਖੁਲਿਆ[86] ਕਰਮੁ[87] ਕ੍ਰਿਪਾ[88] ਭਈ ਠਾਕੁਰ ਕੀਰਤਨੁ[89] ਹਰਿ ਹਰਿ ਗਾਈ ॥
ਸੋਗ[90] ਥਾਕਾ[91] ਪਾਏ ਬਿਸ੍ਰਾਮਾ[92] ਮਿਟਿ[93] ਗਈ ਸਗਲੀ[94] ਧਾਈ[95] ॥੧॥
ਅਬ[96] ਮੋਹਿ[97] ਜੀਵਨ[99] ਪਦਵੀ[100] ਪਾਈ ॥
ਚੀਤਿ[2] ਆਇਓ ਮਨਿ[6] ਪੁਰਖੁ[3] ਬਿਧਾਤਾ[4] ਸੰਤਨ ਕੀ ਸਰਣਾਈ[5] ॥੧॥ਰਹਾਉ॥
ਕਾਮੁ[7] ਕ੍ਰੋਧੁ[8] ਲੋਭੁ[9] ਮੋਹੁ[10] ਨਿਵਾਰੇ[12] ਨਿਵਰੇ[13] ਸਗਲ ਬੈਰਾਈ[14] ॥

ਸਦਾ[15] ਹਜੂਰਿ[16] ਹਾਜਰੁ ਹੈ ਨਾਜਰੁ[17] ਕਤਹਿ[18] ਨ ਭਇਓ ਦੂਰਾਈ[19] ॥੨॥
ਸੁਖ[20] ਸੀਤਲ[21] ਸਰਧਾ[22] ਸਭ ਪੂਰੀ[23] ਹੋਏ ਸੰਤ ਸਹਾਈ[24] ॥
ਪਾਵਨ[25] ਪਤਿਤ[26] ਕੀਏ ਖਿਨ[27] ਭੀਤਰਿ[28] ਮਹਿਮਾ[29] ਕਥਨੁ[30] ਨ ਜਾਈ ॥੩॥
ਨਿਰਭਉ[31] ਭਏ ਸਗਲ[32] ਭੈ ਖੋਏ[33] [34]ਗੋਬਿਦ[36]ਚਰਣ[36] ਓਟਾਈ[37] ॥
ਨਾਨਕੁ ਜਸੁ[38] ਗਾਵੈ[43] ਠਾਕੁਰ ਕਾ ਰੈਣਿ[39] ਦਿਨਸੁ[40] ਲਿਵ[41] ਲਾਈ[42] ॥੪॥੬॥

ਮਾਰੂ ਮਹਲਾ ੫ ॥
ਜੋ ਸਮਰਥੁ[44] ਸਰਬ[45] ਗੁਣ[46] ਨਾਇਕੁ[47] ਤਿਸ[48] ਕਉ ਕਬਹੂ[49] ਨ ਗਾਵਸਿ[50] ਰੇ[51] ॥

Maru 5th Guru.
My destiny[87] has awakened[86], the Lord has shown mercy[88] unto me and I sing the Lord-Master's praise[89].
My anguish[90] is over[91], I have found peace[92] and my wandering[95] has all[94] ceased[93].
I[97] have now[96] obtained the dignity[100] of eternal life[99].
Seeking the refuge[5] of the saints, remember[2] I the Creator[4]-Lord[3] within my mind[6]. Pause.
I have banished[12] lust[7], wrath[8], avarice[9] and worldly attachment[10] and all mine enemies[14], too, are wiped off[13].
My Lord is ever[15] present[16] and always in my view[17]. He is not ever[18] far[19] from me.
Through the saint's assistance[24] I have obtained happiness[20] and peace[21] and all my desires[22] are fulfilled[23].
In[28] an instant[27], the Lord has purified[25] the sinners[26]. His praise[29] can be expressed[30] not.
I have become fearless[31] and all my fear[32] has departed[33]. The World[34]-Lord's[35] feet[36] are my only refuge[37].
Nanak hymns[43] Lord's praise[38] and fixes[42] his attention[41] on Him, night[39] and day[40].

Maru 5th Guru.
He, who is All-powerful[44] and the Master[47] of all[45] the virtues[46]; Him[48], O man, thou singest[50] not ever[49].

ਮਾਰੂ ਪੰਜਵੀਂ ਪਾਤਿਸ਼ਾਹੀ ।
ਮੇਰੀ ਕਿਸਮਤ[87] ਜਾਗ ਉੱਠੀ[86] ਹੈ,ਸਾਂਈਂ ਨੇ ਮੇਰੇ ਉੱਤੇ ਦਇਆ[88] ਕੀਤੀ ਹੈ ਅਤੇ ਮੈਂ ਸੁਆਮੀ ਮਾਲਕ ਦਾ ਜੱਸ[89] ਗਾਇਨ ਕਰਦਾ ਹਾਂ ।
ਮੇਰੀ ਤਕਲੀਫ਼[90] ਰਫ਼ਾ ਹੋ ਗਈ[91] ਹੈ, ਮੈਨੂੰ ਆਰਾਮ[92] ਪ੍ਰਾਪਤ ਹੋ ਗਿਆ ਹੈ ਅਤੇ ਮੇਰਾ ਸਮੂਹ[94] ਭਟਕਣਾ[95] ਮੁਕ ਗਿਆ[93] ਹੈ ।
ਮੈਨੂੰ[97] ਹੁਣ[96] ਅਮਰ ਜ਼ਿੰਦਗੀ[99] ਦਾ ਦਰਜਾ[100] ਮਿਲ ਗਿਆ ਹੈ ।
ਸਾਧੂਆਂ ਦੀ ਪਨਾਹ[5] ਲੈ ਕੇ ਮੈਂ ਆਪਣੇ ਮਨ[6] ਅੰਦਰ ਸਿਰਜਣਹਾਰ[4] ਸੁਆਮੀ[3] ਦਾ ਸਿਮਰਨ ਕਰਦਾ[2] ਹਾਂ । ਠਹਿਰਾਉ ।
ਮੈਂ ਸ਼ਹਿਵਤ[7], ਗੁੱਸਾ[8], ਲਾਲਚ[9] ਅਤੇ ਸੰਸਾਰੀ ਲਗਨ[10] ਦੂਰ ਕਰ ਛੱਡੇ[12] ਹਨ ਅਤੇ ਮੇਰੇ ਸਾਰੇ ਦੁਸ਼ਮਨ[14] ਭੀ ਮਿੱਟ ਗਏ[13] ਹਨ ।

ਮੇਰਾ ਸੁਆਮੀ ਸਦੀਵ[15] ਹੀ ਪ੍ਰਤੱਖ[16] ਹੈ ਅਤੇ ਹਮੇਸ਼ਾ ਮੇਰੇ ਅੰਗਸੰਗ[17] ਹੈ । ਉਹ ਕਦੇ[18] ਭੀ ਮੇਰੇ ਪਾਸੋਂ[19] ਦੂਰ ਨਹੀਂ ਜਾਂਦਾ ।
ਸਾਧੂਆਂ ਦੀ ਸਹਾਇਤਾ[24] ਰਾਹੀਂ ਮੈਨੂੰ ਖ਼ੁਸ਼ੀ[20] ਤੇ ਠੰਡ ਚੈਨ[21] ਪ੍ਰਾਪਤ ਹੋ ਗਈ ਹੈ ਅਤੇ ਮੇਰੀਆਂ ਸਾਰੀਆਂ ਸੱਧਰਾਂ[22] ਪੂਰੀਆਂ ਹੋ ਗਈਆਂ[23] ਹਨ ।
ਇਕ ਮੁਹਤ[27] ਅੰਦਰ[28], ਪ੍ਰਭੂ ਨੇ ਪਾਪੀਆਂ[26] ਨੂੰ ਪਵਿੱਤਰ ਕਰ ਦਿੱਤਾ[25] ਹੈ । ਉਸ ਦੀ ਕੀਰਤੀ[29] ਵਰਨਣ[30] ਕੀਤੀ ਨਹੀਂ ਜਾ ਸਕਦੀ ।
ਮੈਂ ਨਿਡਰ[31] ਹੋ ਗਿਆ ਹਾਂ ਤੇ ਮੇਰੇ ਸਾਰੇ ਡਰ[32] ਦੂਰ ਹੋ ਗਏ[33] ਹਨ । ਸ੍ਰਿਸ਼ਟੀ[34] ਦੇ ਸਾਂਈਂ[35] ਦੇ ਚਰਨ[36] ਹੀ ਮੇਰੀ ਇੱਕੋ ਇੱਕ ਪਨਾਹ[37] ਹਨ ।
ਨਾਨਕ ਸਾਹਿਬ ਦੀ ਸਿਫ਼ਤ-ਸਨਾ[38] ਗਾਇਨ[43] ਕਰਦਾ ਹੈ ਅਤੇ ਰਾਤ[39] ਦਿਹੁੰ[40] ਆਪਣੀ ਬਿਰਤੀ[41] ਉਸ ਨਾਲ ਜੋੜੀ ਰਖਦਾ[42] ਹੈ ।

ਮਾਰੂ ਪੰਜਵੀਂ ਪਾਤਿਸ਼ਾਹੀ ।
ਜੋ ਸਰਬ ਸ਼ਕਤੀਵਾਨ[44] ਅਤੇ ਸਾਰੀਆਂ[45] ਨੇਕੀਆਂ[46] ਦਾ ਮਾਲਕ[47] ਹੈ; ਉਸ[48] ਨੂੰ, ਹੇ[51] ਬੰਦੇ ! ਤੂੰ ਕਦੇ[49] ਭੀ ਗਾਇਨ[50] ਨਹੀਂ ਕਰਦਾ ।

ਛੋਡਿ[58] ਜਾਇ ਖਿਨ[52] ਭੀਤਰਿ[53] ਤਾਕਉ[54] ਉਆ[55] ਕਉ ਫਿਰਿ ਫਿਰਿ[56] ਧਾਵਸਿ[57] ਰੇ ॥੧॥

What thou hast to leave[58] in[53] an instant[52]; again and again[56] thou seest[54] and runnest[57] after that[55], O man.

ਜਿਸ ਨੂੰ ਤੂੰ ਇਕ ਮੁਹਤ[52] ਅੰਦਰ[53] ਤਿਆਗ ਜਾਣਾ[58]ਹੈ; ਮੁੜ ਮੁੜ ਕੇ[56] ਤੂੰ ਉਸ[55] ਵਲ ਵੇਖਦਾ[54] ਅਤੇ ਭਜਦਾ[57] ਹੈਂ, ਹੇ ਬੰਦੇ !

ਅਪੁਨੇ ਪ੍ਰਭ ਕਉ ਕਿਉ ਨ ਸਮਾਰਸਿ[59] ਰੇ ॥

Why contemplatest[59] thou not thy Lord, O mortal ?

ਤੂੰ ਆਪਣੇ ਸਾਹਿਬ ਦਾ ਕਿਉਂ ਸਿਮਰਨ[59] ਨਹੀਂ ਕਰਦਾ, ਹੇ ਪ੍ਰਾਣੀ ?

ਬੈਰੀ[60] ਸੰਗਿ[61] ਰੰਗ[62] ਰਸਿ[63] ਰਚਿਆ[64] ਤਿਸੁ[65] ਸਿਉ[66] ਜੀਅਰਾ[68] ਜਾਰਸਿ[69] ਰੇ ॥੧॥ ॥ਰਹਾਉ॥

Thou art engrossed[64] in the association[61] of thine enemies[60] and enjoyment[62] of pleasures[63]. With[65] them[65] thou art burning[69] thy soul[68], O man. Pause.

ਆਪਣੇ ਵੈਰੀਆਂ[60] ਦੀ ਸੰਗਤ[61] ਅਤੇ ਭੋਗ ਬਿਲਾਸ[63] ਮਾਣਨ[62] ਅੰਦਰ ਤੂੰ ਖੱਚਤ ਹੋਇਆ ਹੋਇਆ[64] ਹੈਂ। ਉਨ੍ਹਾਂ[65] ਨਾਲ[66] ਤੂੰ ਆਪਣੀ ਜਿੰਦੜੀ[68] ਨੂੰ ਸਾੜ ਫੂਕ ਰਿਹਾ[69] ਹੈਂ, ਹੇ ਬੰਦੇ ! ਠਹਿਰਾਉ।

ਜਾ ਕੈ ਨਾਮਿ ਸੁਨਿਐ ਜਮੁ ਛੋਡੈ[70] ਤਾਕੀ[71] ਸਰਣਿ[72] ਨ ਪਾਵਸਿ[73] ਰੇ ॥

He, on hearing whose Name, Death's Courier releases[70] thee; Of Him[71] thou enterest[73] not the sanctuary[72].

ਜਿਸ ਦਾ ਨਾਮ ਸੁਣ ਕੇ, ਮੌਤ ਦਾ ਦੂਤ ਤੈਨੂੰ ਛੱਡ[70] ਦਿੰਦਾ ਹੈ, ਤੂੰ ਉਸ[71] ਦੀ ਪਨਾਹ[72] ਨਹੀਂ ਲੈਂਦਾ[73]।

ਕਾਢਿ[74] ਦੇਇ ਸਿਆਲ[75] ਬਪੁਰੇ[76] ਕਉ ਤਾਕੀ[71] ਓਟ[72] ਟਿਕਾਵਸਿ[73] ਰੇ ॥੨॥

Turn out[74] thou the wretched[76] jackal[75] (of greed) and seek[73] thou the refuge[72] of that[71] Lord.

ਤੂੰ ਬਦਬਖ਼ਤ[76] ਗਿੱਦੜ[75] ਰੂਪੀ ਲਾਲਚ ਨੂੰ ਬਾਹਰ ਕੱਢ ਦੇ[74] ਅਤੇ ਤੂੰ ਉਸ[71] ਸੁਆਮੀ ਦੀ ਸ਼ਰਨਾਗਤ[72] ਸੰਭਾਲ[73]।

ਜਿਸ ਕਾ ਜਾਸੁ[74] ਸੁਨਤ ਭਵ[75] ਤਰੀਐ[76] ਤਾ[77]ਸਿਉ[78] ਰੰਗੁ[79] ਨ ਲਾਵਸਿ[80] ਰੇ ॥

Hearing whose praise[74], the world[75]-ocean is crossed[76]; with[78] Him[77], thou embraceth[80] not love[79], O man.

ਜਿਸ ਦੀ ਕੀਰਤੀ[74] ਸ੍ਰਵਣ ਕਰਨ ਦੁਆਰਾ, ਸੰਸਾਰ[75]-ਸਮੁੰਦਰ ਤੋਂ ਪਾਰ ਹੋ ਜਾਈਦਾ[76] ਹੈ; ਉਸ[77] ਨਾਲ[78] ਤੂੰ ਪ੍ਰੇਮ[79] ਨਹੀਂ ਪਾਉਂਦਾ[80], ਹੇ ਬੰਦੇ !

ਥੋਰੀ[81] ਬਾਤ[82] ਅਲਪ[83] ਸੁਪਨੇ[84] ਕੀ ਬਹੁਰਿ[85]ਬਹੁਰਿ ਅਟਕਾਵਸਿ[86] ਰੇ ॥੩॥

Why art thou again[85] and again involved[86] in the dream[84]-like short-lived[83] paltry[81] thing[82] ?

ਤੂੰ ਮੁੜ[85] ਮੁੜ ਕੇ ਸੁਫਨੇ[84] ਵਰਗੀ ਛਿਨ-ਭੰਗਰ[83] ਤੁੱਛ[81] ਚੀਜ਼[82] ਨਾਲ ਕਿਉਂ ਉਲਝਦਾ[86] ਹੈਂ ?

ਭਇਓ[87] ਪ੍ਰਸਾਦੁ[88] ਕ੍ਰਿਪਾ[89] ਨਿਧਿ[90] ਠਾਕੁਰ ਸੰਤਸੰਗਿ ਪਤਿ[91] ਪਾਈ[92] ॥

When Lord, the ocean[90] of compassion[89], becomes[87] merciful[88], the mortal obtain[92] honour[91] through the saint's society.

ਜਦ ਰਹਿਮਤ[89] ਦਾ ਸਮੁੰਦਰ[90], ਸੁਆਮੀ ਮਿਹਰਬਾਨ[88]ਥੀ ਵੰਞਦਾ[87] ਹੈ, ਤਾਂ ਪ੍ਰਾਣੀ ਸਤਿਸੰਗਤ ਰਾਹੀਂ ਇੱਜ਼ਤ[91] ਆਬਰੂ ਪਾ ਲੈਂਦਾ[92] ਹੈ।

ਕਹੁ ਨਾਨਕ ਤੈ[93] ਗੁਣ[94] ਭ੍ਰਮੁ[95] ਛੂਟਾ[96] ਜੇਉ[97] ਪ੍ਰਭ ਭਏ ਸਹਾਈ[98] ॥੪॥੭॥

Says Nanak, when[97] the Lord becomes succourer[98], one is rid of[96] the illusion[95] of mammon of three[93] qualities[94].

ਗੁਰੂ ਜੀ ਆਖਦੇ ਹਨ, ਜਦ[97] ਸਾਹਿਬ ਮਦਦਗਾਰ[98] ਹੋ ਜਾਂਦਾ ਹੈ ਤਾਂ ਇਨਸਾਨ ਤਿੰਨਾਂ[93] ਲੱਛਣਾਂ[94] ਵਾਲੀ ਮਾਇਆ ਦੀ ਗ਼ਲਤ ਫ਼ਹਿਮੀ[95] ਤੋਂ ਖ਼ਲਾਸੀ ਪਾ ਜਾਂਦਾ[96] ਹੈ।

ਮਾਰੂ ਮਹਲਾ ੫ ॥

Maru 5th Guru.

ਮਾਰੂ ਪੰਜਵੀਂ ਪਾਤਿਸ਼ਾਹੀ।

ਅੰਤਰਜਾਮੀ[99] ਸਭ ਬਿਧਿ[100] ਜਾਨੈ ਤਿਸ ਤੇ ਕਹਾ[2]

The Inner-knower[99] understands all the plans[100]. What[2] can be kept

ਅੰਦਰਲੀਆਂ ਜਾਣਨਹਾਰ[99], ਸਾਰੀਆਂ ਤਦਬੀਰਾਂ[100] ਨੂੰ ਸਮਝਦਾ ਹੈ। ਉਸ ਪਾਸੋਂ ਕੀ[2] ਲੁਕਾ ਕੇ[3] ਰਖਿਆ ਜਾ

ਦੁਲਾਰਿਓ[3] ॥	concealed[3] from Him ?	ਸਕਦਾ ਹੈ ?
ਹਸਤ[4] ਪਾਵ[5] ਝਰੇ[6] ਖਿਨ[7] ਭੀਤਰਿ[8] ਅਗਨਿ[9] ਸੰਗਿ[10] ਲੈ ਜਾਰਿਓ[12] ॥੧॥	Thine hands[4] and feet[5] fall off[6] in[8] a moment[7], when thou art burnt[12] with[10] fire[9].	ਜਦ ਤੂੰ ਅੱਗ[9] ਨਾਲ[10] ਸਾੜਿਆ ਜਾਂਦਾ[12] ਹੈਂ, ਤੇਰੇ ਹੱਥ[4] ਅਤੇ ਪੈਰ[5] ਇਕ ਮੁਹਤ[7] ਵਿਚ[8] ਝੜ ਜਾਂਦੇ[6] ਹਨ ।
੧੦੦੧		
ਮੂੜੇ[13] ਤੈ ਮਨ[16] ਤੇ ਰਾਮੁ[14] ਬਿਸਾਰਿਓ[15] ॥	O fool[13], from thy mind[16], thou hast forgotten[15] the Lord[14].	ਹੇ ਮੂਰਖ[13] ! ਆਪਣੇ ਹਿਰਦੇ[16]ਤੋਂ ਤੋਂ ਆਪਣੇ ਸੁਆਮੀ[14] ਨੂੰ ਭੁਲਾ ਛੱਡਿਆ[15] ਹੈ ।
ਲੂਣੁ ਖਾਇ ਕਰਹਿ ਹਰਾਮ ਖੋਰੀ[17] ਪੇਖਤ[18] ਨੈਨ[19] ਬਿਦਾਰਿਓ[20] ॥੧॥ਰਹਾਉ॥	Eating thy Master's salt, thou breakest faith[17] with Him. Whilst eyes[19] look on[18], thou shalt be torn[20] asunder. Pause.	ਆਪਣੇ ਮਾਲਕ ਦਾ ਲੂਣ ਖਾ ਕੇ, ਤੂੰ ਉਸ ਨਾਲ ਬੇਈਮਾਨੀ[17] ਕਰਦਾ ਹੈਂ । ਅੱਖਾਂ[19] ਦੇ ਵੇਖਦਿਆਂ[18] ਹੀ ਤੂੰ ਪਾੜ ਦਿੱਤਾ ਜਾਵੇਂਗਾ[20] । ਠਹਿਰਾਉ ।
ਅਸਾਧ[21] ਰੋਗੁ[22] ਉਪਜਿਓ[23] ਤਨ[24] ਭੀਤਰਿ[25] ਟਰਤ[26] ਨ ਕਾਹੂ ਟਾਰਿਓ ॥	The incurable[21] disease[22] wells up[23] in[25] the body[24], which cannot be fended off[26] by any one's fending.	ਲਾਇਲਾਜ[21] ਬੀਮਾਰੀ[22] ਦੇਹ[24] ਵਿਚ[25] ਉਤਪੰਨ ਹੋ ਜਾਂਦੀ[23] ਹੈ, ਜੋ ਕਿਸੇ ਜਣੇ ਦੇ ਹਟਾਇਆ ਹਟਦੀ[26] ਨਹੀਂ ।
ਪ੍ਰਭ ਬਿਸਰਤ[27] ਮਹਾ[28] ਦੁਖੁ[29] ਪਾਇਓ[39] ਇਹੁ ਨਾਨਕ ਤਤੁ[31] ਬੀਚਾਰਿਓ[32] ॥੨॥੮॥	Forgetting[27] the Lord, the mortal meets[30] with extreme[28] agony[29]. This is the quintessence[31], that Nanak has found through due deliberation[32].	ਪ੍ਰਭੂ ਨੂੰ ਭੁਲਾ ਕੇ[27] ਪ੍ਰਾਣੀ ਪਰਮ[28] ਕਸ਼ਟ[29] ਉਠਾਉਂਦਾ[30] ਹੈ । ਇਹ ਹੈ ਜੌਹਰ[31], ਜੋ ਨਾਨਕ ਨੇ ਯੋਗ ਸੋਚ ਵੀਚਾਰ[32] ਰਾਹੀਂ ਲੱਭਾ ਹੈ ।
ਮਾਰੂ ਮਹਲਾ ੫ ॥	Maru 5th Guru.	ਮਾਰੂ ਪੰਜਵੀਂ ਪਾਤਿਸ਼ਾਹੀ ।
ਚਰਨ[33] ਕਮਲ[34] ਪ੍ਰਭ ਰਾਖੇ[35] ਚੀਤਿ[36] ॥	The Lord's lotus[34]-feet[33] I have enshrined[35] within my mind[36].	ਸੁਆਮੀ ਦੇ ਕੰਵਲ[34] ਚਰਨ[33] ਮੈਂ ਆਪਣੇ ਹਿਰਦੇ[36] ਅੰਦਰ ਟਿਕਾ ਲਏ[35] ਹਨ ।
ਹਰਿ ਗੁਣ[37] ਗਾਵਹ[38] ਨੀਤਾ ਨੀਤ[39] ॥	Ever, ever[39] sing[38] I the praise[37] of my God.	ਸਦਾ[39], ਸਦਾ ਹੀ ਮੈਂ ਆਪਣੇ ਵਾਹਿਗੁਰੂ ਦਾ ਜੱਸ[37] ਗਾਇਨ ਕਰਦਾ[38] ਹਾਂ ।
ਤਿਸੁ[40] ਬਿਨੁ[41] ਦੂਜਾ[42] ਅਵਰੁ[43] ਨ ਕੋਊ ॥	Without[41] Him[40], there is not any other[43] second[42].	ਉਸ[40] ਦੇ ਬਾਝੋਂ[41] ਹੋਰ[43] ਦੂਸਰਾ[42] ਕੋਈ ਨਹੀਂ ।
ਆਦਿ[44] ਮਧਿ[45] ਅੰਤਿ[46] ਹੈ ਸੋਊ[47] ॥੧॥	He[47] alone is in the beginning[44], the middle[45] and the end[46].	ਕੇਵਲ ਉਹ[47] ਹੀ ਆਰੰਭ[44], ਵਿਚਕਾਰ[45] ਅਤੇ ਅਖ਼ੀਰ[46] ਵਿਚ ਹੈ ।
ਸੰਤਨ ਕੀ ਓਟ[48] ਆਪੇ ਆਪਿ[49] ॥੧॥ਰਹਾਉ॥	O Himself[49], the Lord, is the support[48] of His saints. Pause.	ਖ਼ੁਦ-ਬ-ਖ਼ੁਦ[49] ਹੀ ਸੁਆਮੀ ਆਪਣੇ ਸਾਧੂਆਂ ਦਾ ਆਸਰਾ[48] ਹੈ । ਠਹਿਰਾਉ ।
ਜਾ ਕੈ ਵਸਿ[50] ਹੈ ਸਗਲ[51] ਸੰਸਾਰੁ[52] ॥	He, in whose sway[50] is the entire[15] universe[52];	ਜਿਸ ਦੇ ਇਖ਼ਤਿਆਰ[50] ਵਿਚ ਹੈ ਸਮੂਹ[51] ਆਲਮ[52] ;
ਆਪੇ ਆਪਿ[53] ਆਪਿ[54] ਨਿਰੰਕਾਰੁ[55] ॥	He, the Formless Lord[55] who is Himself[53] all-in-all[54];	ਉਹ ਸਰੂਪ-ਰਹਿਤ ਸੁਆਮੀ[55] ਸਾਰਾ ਕੁੱਛ[54] ਖ਼ੁਦ[53] ਹੀ ਹੈ ।
ਨਾਨਕ ਗਹਿਓ[56] ਸਾਚਾ[57] ਸੋਇ[58] ॥	Nanak has clung[56] to that[58] True Lord[57].	ਨਾਨਕ ਨੇ ਉਸ[58] ਸੱਚੇ ਸੁਆਮੀ[57] ਨੂੰ ਪਕੜਿਆ ਹੋਇਆ[56] ਹੈ ।

ਸੁਖੁ[62] ਪਾਇਆ ਫਿਰਿ[59] ਦੂਖੁ[60] ਨ ਹੋਇ[61] ॥੨॥੯॥	He has obtained peace[62] and he shall suffer[61] not pain[60] again[59].	ਉਸ ਨੂੰ ਸੁਖ[62] ਪ੍ਰਾਪਤ ਹੋ ਗਿਆ ਹੈ ਅਤੇ ਉਹ ਮੁੜ[59] ਕੇ ਦੁਖ[60] ਨਹੀਂ ਉਠਾਵੇਗਾ[61] ।
ਮਾਰੂ ਮਹਲਾ ੫ ਘਰੁ ੩	Maru 5th Guru.	ਮਾਰੂ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਪ੍ਰਾਨ[63] [64]ਸੁਖਦਾਤਾ[65] ਜੀਅ ਸੁਖਦਾਤਾ ਤੁਮ ਕਾਹੇ[66] ਬਿਸਾਰਿਓ[68] ਅਗਿਆਨਬ[67]॥	O unwise[67] man, why[66] forgettest[68] thou the Giver[65] of peace[64] to thy very life[63] and the Dispenser of bliss to thy soul ?	ਹੇ ਅਗਿਆਨੀ[67] ਬੰਦੇ ! ਤੂੰ ਆਪਣੀ ਜਿੰਦ ਜਾਨ[63] ਨੂੰ ਸੁਖ[64] ਦੇਣ ਵਾਲੇ[65] ਅਤੇ ਆਪਣੀ ਆਤਮਾ ਨੂੰ ਖ਼ੁਸ਼ੀ ਬਖ਼ਸ਼ਨਹਾਰ ਨੂੰ ਕਿਉਂ[66] ਭੁਲਾਉਂਦਾ[68] ਹੈਂ ?
ਹੋਛਾ[69] ਮਦੁ[70] ਚਾਖਿ[71] ਹੋਏ ਤੁਮ ਬਾਵਰ[72] ਦੁਲਭੁ[73] ਜਨਮੁ[74] ਅਕਾਰਥ[75] ॥੧॥	In-drinking[71] the worthless[69] wine[70], thou hast gone mad[72] and wasted thy invaluable[78] life[74], in vain[75].	ਨਿਕੰਮੀ[69] ਸ਼ਰਾਬ[70] ਨੂੰ ਪੀ[71] ਕੇ ਤੂੰ ਕਮਲਾ[72] ਹੋ ਗਿਆ ਹੈਂ ਅਤੇ ਤੈਂ ਆਪਣਾ ਅਮੋਲਕ[73] ਜੀਵਨ[74] ਬੇਫ਼ਾਇਦਾ[75] ਗੁਆ ਲਿਆ ਹੈ ।
ਰੇ[76] ਨਰ[77] ਐਸੀ[78] ਕਰਹਿ[79] ਇਆਨਬ[80] ॥	Such[78] silliness[80] practisest[79] thou, O[76] man[77].	ਐਹੋ ਜੇਹੀ[78] ਬੇਵਕੂਫ਼ੀ[80] ਤੂੰ ਕਰਦਾ[79] ਹੈਂ, ਹੇ[76] ਬੰਦੇ[77] !
ਤਜਿ[81] ਸਾਰੰਗਧਰ[82] ਭ੍ਰਮਿ[83] ਤੂ ਭੂਲਾ[84] ਮੋਹਿ[85]ਲਪਟਿਓ[86] ਦਾਸੀ[87] ਸੰਗਿ[88] ਸਾਨਬ[89] ॥੧॥ਰਹਾਉ॥	Forsaking[81] thy Lord, the Bow-holder[82], thou strayest[84] in doubt[83] and are attached[86] to[88] the worldly love[85] and the company[89] of mammon, the slave-girl[87]. Pause.	ਧਨਖਧਾਰੀ[82], ਆਪਣੇ ਸੁਆਮੀ ਨੂੰ ਛੱਡ[81] ਕੇ, ਤੂੰ ਸੰਦੇਹ[83] ਅੰਦਰ ਭਟਕਦਾ[84]ਹੈਂ ਅਤੇ ਸੰਸਾਰੀ ਮਮਤਾ[85] ਤੇ ਗੱਲੀ[87], ਮਾਇਆ ਦੀ ਸੰਗਤ[89] ਨਾਲ[88] ਚਿਮੜਿਆ[86] ਹੋਇਆ ਹੈਂ । ਠਹਿਰਾਉ ।
[90]ਧਰਣੀਧਰੁ[91] ਤਿਆਗਿ[92] ਨੀਚ[93] ਕੁਲ[94] ਸੇਵਹਿ[95] ਹਉ ਹਉ[96] ਕਰਤ[97] ਬਿਹਾਵਬ[98] ॥	Renouncing[92] thy Lord, the support[91] of the earth[90], thou servest[95] the hand-maiden of low[93] lineage[94] and thy life passes[98] practising[97] pride[96] and ego.	ਧਰਤੀ[90] ਨੂੰ ਥੰਮਣਹਾਰ[91], ਆਪਣੇ ਸੁਆਮੀ ਨੂੰ ਛੱਡ[92]ਕੇ, ਤੂੰ ਨੀਵੇਂ[93] ਘਰਾਣੇ[94]ਦੀ ਬਾਂਦੀ ਦੀ ਟਹਿਲ ਕਮਾਉਂਦਾ[95] ਹੈਂ ਅਤੇ ਤੇਰੀ ਆਰਬਲਾ ਹੰਕਾਰ[96] ਤੇ ਹੰਗਤਾ ਕਰਦਿਆਂ[97] ਬੀਤ ਰਹੀ ਹੈ[98] ।
ਫੋਕਟ[99] ਕਰਮ[100] ਕਰਹਿ ਅਗਿਆਨੀ[2] ਮਨਮੁਖਿ[3] ਅੰਧ[4] ਕਹਾਵਬ[5] ॥੨॥	O ignorant[2] man, thou doest vain[99] deeds[100] and art therefore called[5] perverse[3] and blind[4]	ਹੇ ਬੇਸਮਝ[2] ਬੰਦੇ ! ਤੂੰ ਨਿਕੰਮੇ[99] ਅਮਲ[100] ਕਮਾਉਂਦਾ ਹੈਂ ਅਤੇ ਇਸ ਲਈ ਪ੍ਰਤੀਕੂਲ[3] ਅਤੇ ਅੰਨ੍ਹਾਂ[4] ਆਖਿਆ ਜਾਂਦਾ[5] ਹੈ ।
ਸਤਿ[6] ਹੋਤਾ ਅਸਤਿ[7] ਕਰਿ[8] ਮਾਨਿਆ[9] ਜੋ ਬਿਨਸਤ[10] ਸੋ[12] ਨਿਹਚਲੁ[13] ਜਾਨਬ[14] ॥	Thou deemest[9] as[8] false[7], what is true[6], and what is perishable[10], that[12] thou thinkest[14] to be permanent[13].	ਜੋ ਸੱਚਾ[6] ਹੈ, ਉਸ ਨੂੰ ਤੂੰ ਝੂਠਾ[7] ਕਰ ਕੇ[8] ਜਾਣਦਾ[9] ਹੈਂ ਅਤੇ ਜੋ ਨਾਸਵੰਤ[10] ਹੈ, ਉਸ[12] ਨੂੰ ਤੂੰ ਮੁਸਤਕਿਲ[13] (ਪੱਕਾ) ਖ਼ਿਆਲ ਕਰਦਾ[14] ਹੈ ।
ਪਰ ਕੀ[15] ਕਉ ਅਪਨੀ[16] ਕਰਿ[17] ਪਕਰੀ[18] ਐਸੇ[19] ਭੂਲ[20] ਭੁਲਾਨਬ[21] ॥੩॥	Thou graspeth[18], as[17] thy ownt[6], what belongs to another[15]. In such[19] an error[20] thou art gone amiss[21].	ਜੋ ਕਿਸੇ ਹੋਰਸ[15] ਦਾ ਹੈ, ਉਸ ਨੂੰ ਤੂੰ ਆਪਣਾ ਨਿਜਦਾ[16] ਕਰਕੇ[17] ਪਕੜਦਾ[18] ਹੈ । ਐਹੋ ਜੇਹੇ[19] ਭੁਲੇਖੇ[20] ਅੰਦਰ ਤੂੰ ਭੁਲਿਆ ਹੋਇਆ[21] ਹੈਂ ।

ਖਤ੍ਰੀ[22] ਬ੍ਰਾਹਮਣ[23] ਸੂਦ[24] ਵੈਸ[25] ਸਭ ਏਕੈ ਨਾਮਿ ਤਰਾਨਥ[26] ॥

The Khashatri[22], the Brahman[23], the Sudras[24] and the Vaish[25], all of the so-called four cartes swim across[26] through the One Lord's Name.

ਖੱਤ੍ਰੀ[22], ਬ੍ਰਾਹਮਣ[23], ਸ਼ੂਦਰ[24] ਤੇ ਵੈਸ਼[35], ਸਾਰੇ ਹੀ ਇਕ ਸੁਆਮੀ ਦੇ ਨਾਮ ਰਾਹੀਂ ਪਾਰ ਉੱਤਰ ਜਾਂਦੇ[26] ਹਨ ।

ਗੁਰੁ ਨਾਨਕੁ ਉਪਦੇਸੁ[27] ਕਹਤੁ[28] ਹੈ ਜੋ[29] ਸੁਨੈ[30] ਸੋ[31] ਪਾਰਿ ਪਰਾਨਥ[32] ॥੪॥੧॥ ੧੦॥

Guru Nanak utters[28] Divine sermon[27], whosoever[29] hears[30] it; he[31] is ferried across[32].

ਗੁਰੂ ਨਾਨਕ ਜੀ ਧਰਮ ਉਪਦੇਸ਼[27] ਉਚਾਰਨ[28] ਕਰਦੇ ਹਨ, ਜਿਹੜਾ ਕੋਈ ਭੀ[29] ਇਸ ਨੂੰ ਸ੍ਰਵਣ ਕਰਦਾ[30] ਹੈ; ਉਹ[31] ਪਾਰ ਉੱਤਰ ਜਾਂਦਾ[32] ਹੈ ।

ਮਾਰੂ ਮਹਲਾ ੫ ॥

Maru 5th Guru.

ਮਾਰੂ ਪੰਜਵੀਂ ਪਾਤਿਸ਼ਾਹੀ ।

ਗੁਪਤੁ[33] ਕਰਤਾ ਸੰਗਿ[34] ਸੋ[35] ਪ੍ਰਭੁ ਡਹਕਾਵਏ[36] ਮਨੁਖਾਇ[37] ॥

One does evil deeds in secrecy[33], but He[35], the Lord, is with[84] him, He can deceive[36] only the mortals[37]

ਇਨਸਾਨ ਲੁਕ ਕੇ[33] ਮੰਦੇ ਅਮਲ ਕਮਾਉਂਦਾ ਹੈ, ਪ੍ਰੰਤੂ ਉਹ[35] ਸਾਂਈਂ ਉਸ ਦੇ ਨਾਲ[34] ਹੈ । ਕੇਵਲ ਉਹ ਪ੍ਰਾਨੀਆਂ[37] ਨੂੰ ਹੀ ਧੋਖਾ[36] ਦੇ ਸਕਦਾ ਹੈ ।

ਬਿਸਾਰਿ[38] ਹਰਿ ਜੀਉ[39] ਬਿਖੈ[40] ਭੋਗਹਿ[41] ਤਪਤ[42] ਥੰਮ[43] ਗਲਿ ਲਾਇ ॥੧॥

Forgetting[38] thy Reverend[39] Master thou enjoyest[41] sexual pleasures[40]. Thou shall be made to embrace red hot[42] pillars[43].

ਆਪਣੇ ਮਾਣਨੀਯ[39] ਮਾਲਕ ਨੂੰ ਭੁਲਾ[38] ਕੇ ਤੂੰ ਕਾਮ-ਚੇਸ਼ਟਾ[40] ਮਾਣਦਾ[41] ਹੈਂ । ਤਪਦੇ ਹੋਏ[42] ਸਤੂਨ[43] ਤੇਰੇ ਗਲ ਨਾਲ ਲਾਏ ਜਾਣਗੇ ।

ਰੇ[44] ਨਰ[45] ਕਾਇ[46] ਪਰ[47] ਗ੍ਰਿਹਿ[48] ਜਾਇ ॥

O[44] man[45], why[46] goest thou to another's[47] woman[48] ?

ਹੇ[44] ਬੰਦੇ[45], ਤੂੰ ਕਿਉਂ[46] ਹੋਰਸ[47] ਦੀ ਇਸਤ੍ਰੀ[48] ਕੋਲ ਜਾਂਦਾ ਹੈਂ ?

ਕੁਚਲ[49] ਕਠੋਰ[50] ਕਾਮਿ[51] ਗਰਧਭ[52] ਤੁਮ ਨਹੀ ਸੁਨਿਓ ਧਰਮਰਾਇ[53] ॥੧॥ਰਹਾਉ॥

O filthy[49], heartless[50] and lustful[51] donkey[52], hast thou not heard of the Righteous Judge[53] ? Pause.

ਹੇ ਮਲੀਣ[49] ਨਿਰਦਈ[50] ਅਤੇ ਵਿਸ਼ੇਈ[51] ਗਧੇ[52], ਕੀ ਤੂੰ ਧਰਮ ਰਾਜੇ[53] ਬਾਰੇ ਨਹੀਂ ਸੁਣਿਆ ? ਠਹਿਰਾਉ ।

ਬਿਕਾਰ[54] ਪਾਥਰ[55] ਗਲਹਿ[56] ਬਾਧੇ[57] ਨਿੰਦ[58] ਪੋਟ[59] ਸਿਰਾਇ[60] ॥

The stone[55] of sin[54] is tied[57] to thy neck[56] and the load[59] of slander[58] is on thy head[60].

ਪਾਪ[54] ਦਾ ਪੱਥਰ[55] ਤੇਰੀ ਗਰਦਨ[56] ਨਾਲ ਬੰਨ੍ਹਿਆ[57] ਹੋਇਆ ਹੈ ਅਤੇ ਬਦਖੋਈ[58] ਦੀ ਪੋਟਲੀ[59] ਤੇਰੇ ਸਿਰ[60] ਦੇ ਉੱਤੇ ਹੈ ।

ਮਹਾ[61] ਸਾਗਰੁ[62] ਸਮੁਦ੍ਰੁ[63] ਲੰਘਨਾ[84] ਪਾਰਿ[85] ਨ ਪਰਨਾ[86] ਜਾਇ ॥੨॥

Thou hast to cross[84] the great[61] sea[62] and ocean[63]. Thou canst not reach[86] the yonder[85] shore.

ਤੂੰ ਵੱਡੇ[61] ਸਿੰਧ[62] ਅਤੇ ਸਮੁੰਦਰ[63] ਨੂੰ ਪਾਰ ਕਰਨਾ[84] ਹੈ । ਤੂੰ ਪਰਲੇ[85] ਕਿਨਾਰੇ ਨਹੀਂ ਪੁਜ ਸਕਦਾ[86] ।

ਕਾਮਿ[87] ਕ੍ਰੋਧਿ[88] ਲੋਭਿ[89] ਮੋਹਿ[90] ਬਿਆਪਿਓ[91] ਨੇਤ੍ਰ[82] ਰਖੇ ਫਿਰਾਇ[93] ॥

Thou art involved[91] in lust[87], wrath[88], avarice[89] and worldly attachment[90]. Thine eye[92] thou hast turned away[93] from reality.

ਤੂੰ ਭੋਗ ਬਿਲਾਸ[87], ਗੁੱਸੇ[88] ਲਾਲਚ[89] ਅਤੇ ਸੰਸਾਰੀ ਲਗਨ[90] ਅੰਦਰ ਖੱਚਤ ਹੋਇਆ ਹੋਇਆ[91] ਹੈਂ । ਆਪਣੀਆਂ ਅੱਖਾਂ[92] ਤੂੰ ਅਸਲੀਅਤ ਵਲੋਂ ਮੋੜ ਲਈਆਂ ਹੋਈਆਂ[93] ਹਨ ।

ਸੀਸੁ[94] ਉਠਾਵਨ[95] ਨ ਕਬਹੂ[96] ਮਿਲਈ ਮਹਾ[97] ਦੁਤਰ[98] ਮਾਇ[99] ॥੩॥

The most[97] impassable[98] is the sea of mammon[99]. Thou canst not ever[96] raise[95] thy head[94] above its water.

ਬਿਖਮ[97] ਨਾ ਪਾਰ ਕੀਤੇ ਜਾਣ ਵਾਲਾ[98] ਹੈ ਮਾਇਆ[99] ਦਾ ਸਮੁੰਦਰ । ਤੂੰ ਕਦੇ ਭੀ[96] ਆਪਣਾ ਸਿਰ[94] ਇਸ ਦੇ ਪਾਣੀ ਤੋਂ ਉਤੇ ਨਹੀਂ ਚੁੱਕ ਸਕਦਾ[95] ।

ਸੂਰੁ[100] ਮੁਕਤਾ[2] ਸਸੀ[3]

The sun[100] remains unsoiled[2], the

ਸੂਰਜ[100] ਮਲ-ਰਹਿਤ[2] ਵਿਚਰਦਾ ਹੈ, ਚੰਦ੍ਰਮਾ[3] ਮਲ-

ਮੁਕਤਾ ਬ੍ਰਹਮ ਗਿਆਨੀ[4] ਅਲਿਪਾਇ[5] ॥
ਸੁਭਾਵਤ[6] ਜੈਸੇ[7] ਬੈਸੰਤਰ[8] ਅਲਿਪਤ[9] ਸਦਾ[10] ਨਿਰਮਲਾਇ[12] ॥੪॥

moon[3] remains unsoiled. Similarly the God-divine[4] remains unattached[5]. His nature[6] like[7] fire[8] is ever[10] detached[9] and immaculate[12].

ਰਹਿਤ ਰਹਿੰਦਾ ਹੈ। ਇਸੇ ਤਰ੍ਹਾਂ ਹੀ ਰੱਬ ਨੂੰ ਜਾਣਨ ਵਾਲਾ[4] ਨਿਰਲੇਪ[5] ਵਿਚਰਦਾ ਹੈ।
ਉਸ ਦਾ ਸੁਭਾ[6] ਅੱਗ[8]ਦੀ ਤਰ੍ਹਾਂ[7] ਸਦੀਵ[10] ਹੀ ਨਿਰਲੇਪ[9] ਅਤੇ ਨਿਰਮਲ[12] ਹੈ।

੧੦੦੨

ਜਿਸੁ ਕਰਮੁ[13] ਖੁਲਿਆ[14] ਤਿਸੁ[15] ਲਹਿਆ[16] ਪੜਦਾ[17] ਜਿਨਿ ਗੁਰ ਪਹਿ[20]ਮੰਨਿਆ[18] ਸੁਭਾਇ[19] ॥

He, whose destiny[13] awakens[14]; His[15] veil[17] of doubt is removed[16] and the order of[20] the Guru he obeys[18] with love[19].

ਜਿਸ ਦੀ ਪ੍ਰਾਲਭਦ[13] ਜਾਗ ਉਠਦੀ[14] ਹੈ; ਉਸ ਦਾ[15] ਵਹਿਮ ਦਾ ਪੜਦਾ[17] ਦੂਰ ਹੋ ਜਾਂਦਾ[16] ਹੈ ਅਤੇ ਗੁਰਾਂ ਦੇ[20] ਹੁਕਮ ਨੂੰ ਉਹ ਪਿਆਰ[19] ਨਾਲ ਮੰਨਦਾ[18] ਹੈ।

ਗੁਰਿ ਮੰਤ੍ਰੁ[21] ਅਵਖਧੁ[22] ਨਾਮੁ ਦੀਨਾ[23] ਜਨ[24] ਨਾਨਕ ਸੰਕਟ[25] ਜੋਨਿ[26] ਨ ਪਾਇ[27] ॥੫॥੨॥

He, whom the Guru blesses[23] with th medicine[22] of the Name's spell[21], suffers[27] not the agony[25] of existences[26]; O slave[24] Nanak.

ਜਿਸ ਨੂੰ ਗੁਰੂ ਜੀ ਨਾਮ ਦੇ ਜਾਦੂ ਟੂਣੇ[21] ਦੀ ਦਵਾਈ[22] ਬਖਸ਼ਦੇ[23] ਹਨ, ਉਹ ਜੂਨੀਆਂ[26] ਦੇ ਦੁਖ[25] ਨਹੀਂ ਸਹਾਰਦਾ[27], ਹੇ ਗੋਲੇ[24] ਨਾਨਕ !

ਰੇ ਨਰ ਇਨ[28] ਬਿਧਿ[29] ਪਾਰਿ ਪਰਾਇ[30] ॥

O man, cross[30] thou the world-ocean in this[28] way[29].

ਹੇ ਇਨਸਾਨ ! ਤੂੰ ਇਸ[28] ਰੀਤੀ[29] ਨਾਲ ਸੰਸਾਰ ਸਮੁੰਦਰ ਤੋਂ ਪਾਰ ਲੰਘ[30]।

ਧਿਆਇ[31] ਹਰਿ ਜੀਉ[32] ਹੋਈ ਮਿਰਤਕੁ[33] ਤਿਆਗਿ[34] ਦੂਜਾ ਭਾਉ[35] ॥ਰਹਾਉ ਦੂਜਾ॥੨॥੧੧॥

Remaining dead[33] in life, remember[31] thou thy sire[32] Master and purge[34] thou thyself of thy duality[35]. Pause 2nd.

ਜੀਉਂਦੇ ਜੀ ਮਰ ਕੇ[33] ਤੂੰ ਆਪਣੇ ਮਹਾਰਾਜ[32] ਮਾਲਕ ਦਾ ਆਰਾਧਨ[31] ਕਰ ਅਤੇ ਤੂੰ ਆਪਣੇ ਦਵੈਤ-ਭਾਵ[35] ਨੂੰ ਛੱਡ[34] ਦੇ। ਠਹਿਰਾਉ ਦੂਜਾ।

ਮਾਰੂ ਮਹਲਾ ੫ ॥

Maru 5th Guru.

ਮਾਰੂ ਪੰਜਵੀਂ ਪਾਤਿਸ਼ਾਹੀ।

ਬਾਹਰਿ[36] ਢੂਢਨ[37] ਤੇ ਛੂਟਿ[39] ਪਰੇ ਗੁਰ ਘਰੁ ਹੀ ਮਾਹਿ ਦਿਖਾਇਆ ਥਾ[38] ॥

I have given up[39] the search[37] abroad[36]. The Guru has shown[38] my Lord within my home.

ਮੈਂ ਬਾਹਰਲੀ[36] ਖੋਜ ਭਾਲ[37] ਤਿਆਗ ਦਿੱਤੀ[39] ਹੈ। ਗੁਰਾਂ ਨੇ ਮੈਨੂੰ (ਪ੍ਰਭੂ) ਮੇਰੇ ਗ੍ਰਹਿ ਅੰਦਰ ਹੀ ਵਿਖਾਲ ਦਿੱਤਾ[38] ਹੈ।

ਅਨਭਉ[40] ਅਚਰਜ[41] ਰੂਪੁ[42] ਪ੍ਰਭ ਪੇਖਿਆ[43] ਮੇਰਾ ਮਨੁ[44] ਛੋਡਿ ਨ ਕਤਹੂ[45] ਜਾਇਆ ਥਾ ॥੧॥

I have seen[43] the Fear-free[40] Lord of wondrous[41] beauty[42]. Leaving Him my soul[44] now goes no-where[45] else.

ਮੈਂ ਅਸਚਰਜ[41] ਸੁੰਦ੍ਰਤਾ[42] ਵਾਲੇ ਨਿਡਰ[40] ਸੁਆਮੀ ਨੂੰ ਵੇਖ ਲਿਆ[43] ਹੈ। ਉਸ ਨੂੰ ਛੱਡ ਕੇ ਹੁਣ ਮੇਰੀ ਆਤਮਾ[44] ਹੋਰ ਕਿਧਰੇ[45] ਨਹੀਂ ਜਾਂਦੀ।

ਮਾਨਕੁ[46] ਪਾਇਓ ਰੇ[47] ਪਾਇਓ ਹਰਿ ਪੂਰਾ[48] ਪਾਇਆ ਥਾ ॥

I have obtained, God, the jewel[46], O[47] Him, I have obtained through the Perfect[48] Guru.

ਮੈਂ ਵਾਹਿਗੁਰੂ ਰੂਪੀ ਜਵੇਹਰ[46] ਨੂੰ ਪਾ ਲਿਆ ਹੈ, ਪਾ ਲਿਆ ਹੈ। ਹੇ[47] ਭਾਈ, ਉਸ ਨੂੰ ਮੈਂ ਪੂਰਨ[48] ਗੁਰਾਂ ਦੇ ਰਾਹੀਂ ਪਾ ਲਿਆ ਹੈ।

ਮੋਲਿ[49] ਅਮੋਲੁ[50] ਨ ਪਾਇਆ ਜਾਈ ਕਰਿ ਕਿਰਪਾ[51] ਗੁਰੂ ਦਿਵਾਇਆ ਥਾ[52] ॥੧॥ ਰਹਾਉ ॥

The Name of invaluable[50] worth[49], can be obtained not. The Guru has mercifully blessed[52] me with it. Pause.

ਅਣਮੁੱਲੇ[50] ਮੁਲ[49] ਦਾ ਨਾਮ ਪਾਇਆ ਨਹੀਂ ਜਾ ਸਕਦਾ। ਮਿਹਰ ਧਾਰ ਕੇ[51] ਗੁਰਾਂ ਨੇ ਮੈਨੂੰ ਇਸ ਦੀ ਦਾਤ[52] ਬਖਸ਼ੀ ਹੈ। ਠਹਿਰਾਉ।

ਅਦਿਸਟੁ[53] ਅਗੋਚਰੁ[54] ਪਾਰਬ੍ਰਹਮੁ[55] ਮਿਲਿ ਸਾਧੂ[56] ਅਕਥੁ[57] ਕਥਾਇਆ[58] ਥਾ ॥

Unperceivable[53] and Unapprehensible[54] is the Transcendent Lord[55]. Meeting the saint-Guru[56], I have uttered[58] that Unutterable One[57].

ਅਡਿੱਠ[53] ਅਤੇ ਅਗਾਧ[54] ਹੈ ਪਰਮ ਪ੍ਰਭੂ[55]। ਸੰਤ-ਗੁਰਦੇਵ[56] ਜੀ ਨੂੰ ਮਿਲ ਕੇ, ਮੈਂ ਉਸ ਨਾ-ਬਿਆਨ ਹੋਣ ਵਾਲੇ ਪੁਰਖ[57] ਨੂੰ ਬਿਆਨ ਕੀਤਾ[58] ਹੈ।

ਅਨਹਦ ਸਬਦੁ[59] ਦਸਮ ਦੁਆਰਿ[60] ਵਜਿਓ[61] ਤਹ[62] ਅੰਮ੍ਰਿਤ[63] ਨਾਮੁ ਚੁਆਇਆ[64] ਥਾ ॥੨॥

The celestial strain[59] resounds[61] in the Tenth gate[60]. There[62] the Name-Nectar[63] gently trickles down[64].

ਦਸਵੇਂ ਦਰਵਾਜ਼ੇ[60] ਅੰਦਰ ਬੈਕੁੰਠੀ ਕੀਰਤਨ[59] ਗੂੰਜਦਾ[61] ਹੈ। ਉਥੇ[62] ਨਾਮ ਸੁਧਾਰਸ[63] ਧੀਮੇ ਧੀਮੇ (ਸਹਿਜੇ ਸਹਿਜੇ) ਟਪਕਦਾ[64] ਹੈ।

ਤੋਟਿ[65] ਨਾਹੀ ਮਨਿ[66] ਤ੍ਰਿਸਨਾ[67] ਬੂਝੀ[68] ਅਖੁਟ[69] ਭੰਡਾਰ[70] ਸਮਾਇਆ[71] ਥਾ ॥ ਚਰਣ[72] ਚਰਣ ਚਰਣ ਗੁਰ ਸੇਵੇ[73] ਅਘੜੁ[74] ਘੜਿਓ[75] ਰਸੁ[76] ਪਾਇਆ[77] ਥਾ ॥੩॥

My desire[67] is stilled[68]. The Lord of inexhaustible[69] treasure[70] has entered[71] my mind[66] and I now feel no want[65]. Serving[73] the feet[72], feet, the holy feet of the Guru, my unmanageable[74] mind is managed[75] and I am blessed with[72] the Name-Nectar[76].

ਮੇਰੀ ਖ਼ਾਹਿਸ਼[67] ਮਿੱਟ ਗਈ[68] ਹੈ। ਅਮੁੱਕ[69] ਖ਼ਜ਼ਾਨੇ[70] ਦਾ ਸਾਂਈਂ ਮੇਰੇ ਰਿਦੇ[66] ਅੰਦਰ ਸਮਾ ਗਿਆ[71] ਹੈ ਤੇ ਮੈਂ ਹੁਣ ਕੋਈ ਕਮੀ[65] ਮਹਿਸੂਸ ਨਹੀਂ ਕਰਦਾ। ਗੁਰਾਂ ਦੇ ਪੈਰਾਂ[72], ਪਵਿੱਤ੍ਰ ਪੈਰਾਂ ਦੀ ਟਹਿਲ ਕਮਾਉਣ[73] ਦੁਆਰਾ, ਮੇਰਾ ਨਾ ਸੂਤ ਆਉਣ ਵਾਲਾ[74] ਮਨ ਸੂਤ ਆ ਗਿਆ[75] ਹੈ ਅਤੇ ਮੈਨੂੰ ਨਾਮ-ਅੰਮ੍ਰਿਤ[76] ਦੀ ਦਾਤ ਪ੍ਰਾਪਤ ਹੋ ਗਈ[77] ਹੈ।

ਸਹਜੇ[78] ਆਵਾ ਸਹਜੇ ਜਾਵਾ ਸਹਜੇ ਮਨੁ ਖਲਾਇਆ ਥਾ[79] ॥

In peace[78] I come, in peace I go and in peace does my mind now sport[79].

ਪਰਮ ਸੁਖ[78] ਅੰਦਰ ਮੈਂ ਆਉਂਦਾ ਹਾਂ, ਪਰਮ ਸੁਖ ਅੰਦਰ ਮੈਂ ਜਾਂਦਾ ਹਾਂ ਤੇ ਪਰਮ ਸੁਖ ਅੰਦਰ ਹੀ ਹੁਣ ਮੇਰਾ ਮਨ ਖੇਡਦਾ ਮਲਦਾ[79] ਹੈ।

ਕਹੁ ਨਾਨਕ ਭਰਮੁ[80] ਗੁਰਿ ਖੋਇਆ[81] ਤਾ[82] ਹਰਿ ਮਹਲੀ[83] ਮਹਲੁ[84] ਪਾਇਆ ਥਾ[85] ॥੪॥੩॥੧੨॥

Says Nanak, when the Guru drives away[81] the doubt[80], then[82] does the bride[83] attain to[85] her Lord's mansion[84].

ਗੁਰੂ ਜੀ ਫ਼ੁਰਮਾਉਂਦੇ ਹਨ, ਜਦ ਗੁਰੂ ਮਹਾਰਾਜ ਸੰਦੇਹ[80] ਨਵਿਰਤ ਕਰ ਦਿੰਦੇ[81] ਹਨ, ਤਦ[82] ਪਤਨੀ[83] ਆਪਣੇ ਸੁਆਮੀ ਦੇ ਮੰਦਰ[84] ਨੂੰ ਪ੍ਰਾਪਤ ਹੋ ਜਾਂਦੀ[85] ਹੈ।

ਮਾਰੂ ਮਹਲਾ ੫ ॥

Maru 5th Guru.

ਮਾਰੂ ਪੰਜਵੀਂ ਪਾਤਿਸ਼ਾਹੀ।

ਜਿਸਹਿ ਸਾਜਿ[86] ਨਿਵਾਜਿਆ[87] ਤਿਸਹਿ[88] ਸਿਉ ਰੁਚ[89] ਨਾਹਿ ॥

He who created[86] and honoured[87] thee; Him[88] thou bearest not love[89].

ਜਿਸ ਨੇ ਤੈਨੂੰ ਰਚਿਆ[86] ਅਤੇ ਮਾਨ ਬਖ਼ਸ਼ਿਆ[87] ਹੈ; ਉਸ[88] ਨਾਲ ਤੂੰ ਪਿਆਰ[89] ਨਹੀਂ ਕਰਦਾ।

ਆਨ[90] ਰੂਤੀ[91] ਆਨ[92] ਬੋਈਐ[93] ਫਲੁ[94] ਨ ਫੂਲੈ[95] ਤਾਹਿ[96] ॥੧॥

The ungenial[92] seed, sown[93] out of[90] season[91]; bears not fruit[94] and flower[95].

ਬਿਨਾ[90] ਰੁੱਤੇ[91] ਬੀਜੇ ਹੋਏ[93] ਨਾ-ਮੁਨਾਸਬ[92] ਬੀਜ, ਨੂੰ ਕੋਈ ਫਲ[94] ਅਤੇ ਫੂਲ[95] ਨਹੀਂ ਲਗਦਾ।

ਰੇ[97] ਮਨ[99] ਵਤੁ[100] ਬੀਜਣ ਨਾਉ ॥

O[97] man[99], this is the suitable time[100] to sow the Name-Seed.

ਹੇ[97] ਇਨਸਾਨ[99]! ਨਾਮ ਦੇ ਬੀਜ ਬੀਜਣ ਦਾ ਇਹ ਮੁਨਾਸਬ ਸਮਾਂ[100] ਹੈ।

ਬੋਇ[2] ਖੇਤੀ[3] ਲਾਇ ਮਨੂਆ[4] ਭਲੋ[5] ਸਮਉ[6] ਸੁਆਉ[7] ॥ ੧॥ਰਹਾਉ॥

At this opportune[5] time[6] thy object[7] ought to be to sow[2] the Name crop[3] by attaching thy whole mind[4]. Pause.

ਇਸ ਮੁਨਾਸਬ[5] ਵੇਲੇ[6] ਤੇਰਾ ਮੁੱਦਾ[7] ਆਪਣਾ ਸਾਰਾ ਮਨ[4] ਲਾ ਕੇ ਨਾਮ ਦੀ ਪੈਲੀ[3] ਬੀਜਣ[2] ਦਾ ਹੋਣਾ ਉਚਿਤ ਹੈ। ਠਹਿਰਾਉ।

ਖੋਇ[8] ਖਹੜਾ[9] ਭਰਮੁ[10]

Renounce[8] thou thy mind's abstinacy[9]

ਤੂੰ ਆਪਣੇ ਮਨੂਏ ਦੀ ਜ਼ਿੱਦ[9] ਬਹਿਸ[10] ਨੂੰ ਛੱਡ[9] ਦੇ ਅਤੇ

ਮਨ ਕਾ ਸਤਿਗੁਰ ਸਰਣੀ[12] ਜਾਇ[13] ॥

and doubt[10] and enter[13] the True Guru's sanctuary[12].

ਸੱਚੇ ਗੁਰਾਂ ਦੀ ਪਨਾਹ[12] ਲੈ[13] ।

ਕਰਮੁ[14] ਜਿਸ ਕਉ ਧੁਰਹੁ[15] ਲਿਖਿਆ ਸੋਈ[16] ਕਾਰ[17] ਕਮਾਇ ॥੨॥

He alone[16] does the virtuous deeds[17] in whose fortune[14] it is so writ by the Lord[15].

ਕੇਵਲ ਉਹ[16] ਹੀ ਨੇਕ ਅਮਲ[17] ਕਮਾਉਂਦਾ ਹੈ । ਜਿਸ ਦੇ ਭਾਗਾਂ[14] ਵਿਚ ਪ੍ਰਭੂ[15] ਦਾ ਐਹੋ ਜੇਹਾ ਲਿਖਿਆ ਹੋਇਆ ਹੈ ।

ਭਾਉ[18] ਲਾਗਾ ਗੋਬਿਦ[19] ਸਿਉ ਘਾਲ[20]ਪਾਈ ਥਾਇ[21]॥

He comes to love[18] his Lord[19] and his service[20] is approved[21].

ਉਸ ਦਾ ਸਾਂਈਂ[19] ਨਾਲ ਪਿਆਰ[18] ਪੈ ਜਾਂਦਾ ਹੈ ਅਤੇ ਉਸ ਦੀ ਟਹਿਲ ਸੇਵਾ[20] ਕਬੂਲ[21] ਪੈ ਜਾਂਦੀ ਹੈ ।

ਖੇਤਿ[22] ਮੇਰੈ ਜੰਮਿਆ[23] ਨਿਖੁਟਿ[24] ਨ ਕਬਹੂ[25] ਜਾਇ ॥੩॥

My crop[22] has germinated[23] and its produce shall exhaust[24] not ever.

ਮੇਰੀ ਫ਼ਸਲ[22] ਉਗ ਪਈ[23] ਹੈ ਅਤੇ ਉਸ ਦੀ ਪੈਦਾਵਾਰ ਕਦੇ ਭੀ[25] ਨਹੀਂ ਮੁੱਕੇਗੀ[24] ।

ਪਾਇਆ ਅਮੋਲੁ[26] ਪਦਾਰਥੋ[27] ਛੋਡਿ[28] ਨ ਕਤਹੂ[29] ਜਾਇ[30]॥

I have obtained the invaluable[26] wealth[27], which leaving[28] me goes[30] not anywhere else[29].

ਮੈਨੂੰ ਅਮੋਲਕ[26] ਮਾਲ-ਧਨ[27] ਮਿਲ ਗਿਆ ਹੈ ਜੋ ਮੈਨੂੰ ਤਿਆਗ[28] ਕੇ ਹੋਰ ਕਿਧਰੇ[29] ਨਹੀਂ ਜਾਂਦਾ[30] ।

ਕਹੁ ਨਾਨਕ ਸੁਖੁ ਪਾਇਆ ਤ੍ਰਿਪਤਿ[31] ਰਹੇ ਆਘਾਇ[32]॥ ੪॥੪॥੧੩॥

Says Nanak, I have obtained peace and am now sated[31] and satiated[32].

ਗੁਰੂ ਜੀ ਫ਼ੁਰਮਾਉਂਦੇ ਹਨ, ਮੈਨੂੰ ਆਰਾਮ ਪ੍ਰਾਪਤ ਹੋ ਗਿਆ ਹੈ ਅਤੇ ਮੈਂ ਹੁਣ ਰੱਜ[31] ਤੇ ਧ੍ਰਾਪ ਗਿਆ[32] ਹਾਂ ।

ਮਾਰੂ ਮਹਲਾ ੫ ॥

Maru 5th Guru.

ਮਾਰੂ ਪੰਜਵੀਂ ਪਾਤਿਸ਼ਾਹੀ ।

ਫੂਟੋ[33] ਆਡਾ[34] ਭਰਮ[35] ਕਾ ਮਨਹਿ[36] ਭਇਓ ਪਰਗਾਸੁ[37]॥

The egg[34] of superstition[35] has burst[33] and my mind[36] is illumined[37].

ਵਹਿਮ[35] ਦਾ ਆਂਡਾ[34] ਫੁੱਟ ਗਿਆ[33] ਹੈ ਅਤੇ ਮੇਰਾ ਮਨ[36] ਰੋਸ਼ਨ ਹੋ ਗਿਆ[37] ਹੈ ।

ਕਾਟੀ[38] ਬੇਰੀ[39] ਪਗਹ[40] ਤੇ ਗੁਰਿ ਕੀਨੀ ਬੰਦਿ ਖਲਾਸੁ[41] ॥੧॥

The Guru has broken[38] the fetters[39] of my feet[40] and has freed[41] me, the captive.

ਗੁਰੂ ਜੀ ਨੇ ਮੇਰੇ ਪੈਰਾਂ[40] ਦੀਆਂ ਬੇੜੀਆਂ[39] ਵੱਢ ਸੁੱਟੀਆਂ[38] ਹਨ ਅਤੇ ਮੈਂ ਕੈਦੀ ਨੂੰ ਰਿਹਾ ਕਰ ਦਿੱਤਾ[41] ਹੈ ।

ਆਵਣੁ[42] ਜਾਣੁ[43] ਰਹਿਓ[44]॥

My coming[42] and going[43] are now ended[44].

ਮੇਰੇ ਆਉਣਾ[42] ਤੇ ਜਾਣਾ[43] ਹੁਣ ਮੁੱਕ ਗਿਆ[44] ਹੈ ।

ਤਪਤ[45] ਕੜਾਹਾ[46] ਬੁਝਿ[47] ਗਇਆ ਗੁਰਿ ਸੀਤਲ[48] ਨਾਮੁ ਦੀਓ[49] ॥੧॥ਰਹਾਉ॥

The heated[45] cauldron[46] has cooled down[47] and the Guru has blessed[49] me with the cooling[48] Name. Pause.

ਸੜਦੀ ਬਲਦੀ[45] ਹੋਈ ਦੇਗ[46] ਠੰਡੀ ਹੋ ਗਈ[47] ਹੈ ਅਤੇ ਗੁਰਾਂ ਨੇ ਮੈਨੂੰ ਠੰਢਾ[48] ਨਾਮ ਪਰਦਾਨ ਕੀਤਾ[49] ਹੈ । ਠਹਿਰਾਉ ।

ਜਬ[50] ਤੇ ਸਾਧੂ ਸੰਗੁ ਭਇਆ[51] ਤਉ ਛੋਡਿ ਗਏ[52] ਨਿਗਹਾਰ[53] ॥

Since[50] I met[51] with the saints' society, they, who spied[53] me, have left[52].

ਜਦ ਦਾ[50] ਮੈਂ ਸਤਿਸੰਗਤ ਨਾਲ ਜੁੜਿਆ[51] ਹਾਂ, ਮੈਨੂੰ (ਬੁਰੀ ਨੀਤ ਨਾਲ) ਤਕਾਉਣ ਵਾਲੇ[53] ਮੈਨੂੰ ਛੱਡ ਗਏ[52] ਹਨ ।

ਜਿਸ ਕੀ ਅਟਕ[54] ਤਿਸ ਤੇ ਛੁਟੀ[55] ਤਉ[56] ਕਹਾ[57] ਕਰੈ ਕੋਟਵਾਰ[58] ॥੨॥

He, who had bound[54] me, has released[55] me. Then[56], what[57] can the Death's courier[58] do unto me now ?

ਜਿਸ ਨੇ ਮੈਨੂੰ ਨਰੜਿਆ[54] ਸੀ, ਉਸ ਨੇ ਹੀ ਮੈਨੂੰ ਬੰਦਖਲਾਸ[55] ਕਰ ਦਿੱਤਾ ਹੈ । ਤਦ[56] ਮੈਨੂੰ ਹੁਣ ਮੌਤ ਦਾ ਦੂਤ[58] ਕੀ[57] ਕਰ ਸਕਦਾ ਹੈ ?

ਚੂਕਾ[59] ਭਾਰਾ[60] ਕਰਮ[61] ਕਾ

The load[60] of my deeds[61] is now

ਮੇਰੇ ਅਮਲਾਂ[61] ਦਾ ਬੋਝ[60] ਮੇਰੇ ਉੱਤੋਂ ਲਹਿ ਗਿਆ[59] ਹੈ

ਹੋਏ ਨਿਹਕਰਮਾ[62] ॥	removed[59] and I have become detached from the deed[62].	ਅਤੇ ਮੈਂ ਅਮਲਾਂ ਤੋਂ ਛੁਟਕਾਰਾ[62] ਪਾ ਗਿਆ ਹਾਂ ।
ਸਾਗਰ[63] ਤੇ ਕੰਢੈ[64] ਚੜੇ[65] ਗੁਰਿ ਕੀਨੇ ਧਰਮਾ[66] ॥੩॥	From within the sea[62], I have reached[65] the shore[64]. The Guru has done me this favour[66].	ਸਮੁੰਦਰ[63] ਵਿਚੋਂ ਮੈਂ ਕਿਨਾਰੇ[64] ਤੇ ਪੁੱਜ ਗਿਆ[65] ਹਾਂ । ਗੁਰਾਂ ਨੇ ਮੇਰੇ ਤੇ ਇਹ ਉਪਕਾਰ ਕੀਤਾ[66] ਹੈ ।
ਸਚੁ ਥਾਨੁ[67] ਸਚੁ ਬੈਠਕਾ[68] ਸਚੁ ਸੁਆਉ[69] ਬਣਾਇਆ॥	True is my place[67], true my seat[68] and truth I have made the aim[69] of my life.	ਸੱਚੀ ਹੈ ਮੇਰੀ ਥਾਂ[67], ਸੱਚਾ ਹੈ ਮੇਰਾ ਟਿਕਾਣਾ[68] ਅਤੇ ਸੱਚ ਨੂੰ ਹੀ ਮੈਂ ਆਪਣੇ ਜੀਵਨ ਦਾ ਮਨੋਰਥ[69] ਬਣਾਇਆ ਹੈ।
ਸਚੁ ਪੂੰਜੀ[70] ਸਚੁ ਵਖਰੋ[71] ਨਾਨਕ ਘਰਿ ਪਾਇਆ[72] ॥ ੪॥੫॥੧੪॥	Truth is the capital[70] and truth the merchandise[71], which Nanak has put into his house[72].	ਸੱਚ ਦੀ ਰਾਸ[70] ਹੈ ਅਤੇ ਸੱਚ ਦਾ ਹੀ ਸੌਦਾ ਸੂਤ[71], ਜਿਹੜਾ ਨਾਨਕ ਨੇ ਆਪਣੇ ਗ੍ਰਹਿ[72] ਅੰਦਰ ਪਾਇਆ ਹੈ।
ਮਾਰੂ ਮਹਲਾ ੫ ॥	Maru 5th Guru.	ਮਾਰੂ ਪੰਜਵੀਂ ਪਾਤਿਸ਼ਾਹੀ ।
੧੦੦੩		
ਬੇਦੁ ਪੁਕਾਰੈ[73] ਮੁਖ[74] ਤੇ ਪੰਡਤ ਕਾਮਾਮਨ[75] ਕਾ ਮਾਠਾ[76] ॥	With his mouth[74], the Pandit shouts[73] aloud the Vedas, but he is slow[76] to act[75] thereon.	ਆਪਣੇ ਮੂੰਹ[74] ਨਾਲ ਪੰਡਤ, ਵੇਦਾਂ ਨੂੰ ਉੱਚੀ ਉੱਚੀ ਉਚਾਰਦਾ[73] ਹੈ, ਪ੍ਰੰਤੂ ਉਨ੍ਹਾਂ ਤੇ ਅਮਲ ਕਰਨ[75] ਨੂੰ ਉਹ ਢਿੱਲਾ[76] ਹੈ ।
ਮੋਨੀ[77] ਹੋਇ ਬੈਠਾ[82] ਇਕਾਂਤੀ[78] ਹਿਰਦੈ[79] ਕਲਪਨ[80] ਗਾਠਾ[81] ॥	The sillent sage[77] sits[82] apart[78], but in his mind[79] are the knots[81] of desires[80].	ਚੁਪ ਕਰੀਤਾ ਰਿਸ਼ੀ[77] ਨਿਵੇਕਲਾ[78] ਹੋ ਬਹਿੰਦਾ[82]ਹੈ; ਪ੍ਰੰਤੂ ਉਸ ਦੇ ਮਨ[79] ਅੰਦਰ ਖ਼ਾਹਿਸ਼[80] ਦੀਆਂ ਗੰਢਾਂ[81] ਹਨ ।
ਹੋਇ ਉਦਾਸੀ[83] ਗ੍ਰਿਹੁ[84] ਤਜਿ[85] ਚਲਿਓ[86] ਛੁਟਕੈ[87] ਨਾਹੀ ਨਾਠਾ[88] ॥੧॥	Becoming an anchoret[83], he abandons[85] and walks[86] out of his home[84], but he is not saved[87] by such flight[88].	ਉਪਰਾਮ[83] ਹੋ, ਉਹ ਆਪਣੇ ਧਾਮ[84] ਨੂੰ ਛੱਡ[85] ਬਾਹਰ ਟੁਰ ਜਾਂਦਾ[86] ਹੈ; ਪ੍ਰੰਤੂ ਇਸ ਤਰ੍ਹਾਂ ਭੱਜਣ ਦੁਆਰਾ ਉਸ ਦਾ ਛੁਟਕਾਰਾ[87] ਨਹੀਂ ਹੁੰਦਾ ।
ਜੀਅ[89] ਕੀ ਕੈ ਪਹਿ[90] ਬਾਤ[91] ਕਹਾ[92] ॥	To whom[90] should I tell[92] the state[91] of my mind[89] ?	ਮੈਂ ਆਪਣੇ ਮਨ[89] ਦੀ ਅਵਸਥਾ[91] ਕਿਸ[90] ਨੂੰ ਦੱਸਾਂ ?
ਆਪਿ ਮੁਕਤੁ[93] ਮੋ ਕਉ ਪ੍ਰਭੁ ਮੇਲੇ[97] ਐਸੋ[94] ਕਹਾ[95] ਲਹਾ[96] ॥੧॥ਰਹਾਉ॥	Where[95] can I find[96] such[94] a person, who himself is emancipated[93] and unites[97] me with the Lord ? Pause.	ਮੈਂ ਐਹੋ ਜੇਹੇ[94] ਪੁਰਸ਼ ਨੂੰ ਕਿੱਥੋਂ[95] ਲੱਭ[96] ਸਕਦਾ ਹਾਂ, ਜੋ ਖ਼ੁਦ ਮੋਖ਼ਸ਼[93] ਹੋਇਆ ਹੋਇਆ ਹੋਵੇ ਤੇ ਮੈਨੂੰ ਸਾਂਈਂ ਨਾਲ ਮਿਲਾ ਦੇਵੇ[97] । ਠਹਿਰਾਉ ।
ਤਪਸੀ[98] ਕਰਿ[99] ਕੈ ਦੇਹੀ[100] ਸਾਧੀ[2] ਮਨੂਆ ਦਹਿ ਦਿਸ[3] ਧਾਨਾ[4] ॥	Becoming[99] a penitent[98], he disciplines[2] his body[100], but his mind runs' in ten directions[3].	ਤੱਪੀਆ[98] ਹੋ ਕੇ[99] ਉਹ ਆਪਣੇ ਸਰੀਰ[100] ਨੂੰ ਆਪਣੇ ਵੱਸ ਵਿਚ ਕਰਦਾ[2] ਹੈ ਪ੍ਰੰਤੂ ਉਸ ਦਾ ਮਨ ਦਸੀਂ ਪਾਸੀ[3] ਭੱਜਿਆ ਫਿਰਦਾ[4] ਹੈ ।
ਬ੍ਰਹਮਚਾਰਿ[5] ਬ੍ਰਹਮਚਜੁ ਕੀਨਾ[6] ਹਿਰਦੈ[7] ਭਇਆ ਗੁਮਾਨਾ[8] ॥	The celibate[5] practises[6] celibacy, but within his mind[7] is self-conceit[8].	ਜਤੀ ਸਤੀ[5] ਹੋ ਉਹ ਜੱਤ ਸੱਤ ਕਮਾਉਂਦਾ[6] ਹੈ; ਪ੍ਰੰਤੂ ਉਸ ਦੇ ਮਨ[7] ਅੰਦਰ ਸਵੈ-ਹੰਗਤਾ[8] ਹੈ ।
ਸੰਨਿਆਸੀ[9] ਹੋਇ ਕੈ	Becoming a renouncer[9], he wanders[12]	ਤਿਆਗੀ[9]ਹੋ, ਉਹ ਧਰਮ ਅਸਥਾਨਾਂ[10]ਦਾ ਰਟਨ ਕਰਦਾ[12]

ਤੀਰਥਿ[10] ਭ੍ਰਮਿਓ[12] ਉਸੁ ਮਹਿ[13] ਕ੍ਰੋਧੁ[14] ਬਿਗਾਨਾ[15] ॥੨॥

ਗੁਰੂ ਜੀ ਆਖਦੇ ਹਨ ਜੋ ਪ੍ਰਭੂ ਦੀ ਪਨਾਹ[74] ਲੈਂਦਾ ਹੈ, ਉਸ ਨੂੰ ਹਰ ਇਕ ਚੰਗੀ ਵਸਤੂ ਪ੍ਰਾਪਤ ਹੋ ਜਾਂਦੀ ਹੈ।

ਮਾਰੂ ਮਹਲਾ ੫ ॥
ਆਉ[75] ਜੀ ਤੂ ਆਉ ਹਮਾਰੈ[79] ਹਰਿ ਜਸੁ[76] ਸ੍ਰਵਨ[77] ਸੁਨਾਵਨਾ[78] ॥੧॥ ਰਹਾਉ ॥
ਤੁਧੁ ਆਵਤ[80] ਮੇਰਾ ਮਨੁ[81] ਤਨੁ[82] ਹਰਿਆ[83] ਹਰਿਜਸੁ[84] ਤੁਮ ਸੰਗਿ[85] ਗਾਵਨਾ[86] ॥੧॥
ਸੰਤ ਕ੍ਰਿਪਾ[87] ਤੇ ਹਿਰਦੈ[88] ਵਾਸੈ[89] ਦੂਜਾ[90] ਭਾਉ ਮਿਟਾਵਨਾ[91] ॥੨॥
ਭਗਤ[92] ਦਇਆ[93] ਤੇ ਬੁਧਿ[94] ਪਰਗਾਸੈ[95] [96]ਦੁਰਮਤਿ[97] ਦੂਖ[98] ਤਜਾਵਨਾ[99] ॥੩॥
ਦਰਸਨੁ[100] ਭੇਟਤ[2] ਹੋਤ ਪੁਨੀਤਾ[3] ਪੁਨਰਪਿ[4] ਗਰਭਿ[5] ਨ ਪਾਵਨਾ[6] ॥
ਨਉ[7] ਨਿਧਿ[8] ਰਿਧਿ[9] ਸਿਧਿ[10] ਪਾਈ ਜੋ ਤੁਮਰੈ ਮਨਿ ਭਾਵਨਾ[12] ॥੫॥
ਸੰਤ ਬਿਨਾ ਮੈ ਥਾਉ[13] ਨ ਕੋਈ ਅਵਰ[14] ਨ ਸੂਝੈ[15] ਜਾਵਨਾ[16] ॥੬॥
ਮੋਹਿ ਨਿਰਗੁਨ[17] ਕਉ ਕੋਇ ਨ ਰਾਖੈ[18] ਸੰਤਾ[19] ਸੰਗਿ ਸਮਾਵਨਾ[20] ॥੭॥

ਕਹੁ ਨਾਨਕ ਗੁਰਿ ਚਲਤੁ[21] ਦਿਖਾਇਆ[22] ਮਨ ਮਧੇ[23] ਹਰਿ ਹਰਿ ਰਾਵਨਾ[24] ॥੮॥ ੨॥੫॥

ਮਾਰੂ ਮਹਲਾ ੫ ॥
ਜੀਵਨਾ[25] ਸਫਲ[26] ਜੀਵਨ ਸੁਨਿ ਹਰਿ ਜਪਿ[27] ਜਪਿ

Maru 5th Guru.

Come[75] thou, O saint, come into my[79] home, so that I may hear[78] the Lord's praise[76] with mine ears[77]. Pause.

With thy arrival[80], my soul[81] and body[82] reverdure[83] and I hymn[86] the Lord's praise[84] with[85] thee.

By saints' grace[87], God abides[89] in the mind[88] and one is purged[91] of duality[90].

Through saints'[72] kindness[93], intellect[94] is illumined[95] and evil[96]-understanding[97] and pain[98] are eradicated[99].

Seeing[2] His vision[100], the mortal is sanctified[3] and enters[6] not the womb[5] again[4].

Whosoever is pleasing[12] to Thy mind; He is blessed with nine[7] treasures[8] of wealth[6] and perfection[10].

Without the saint I have no other[14] refuge[13]. I can think[15] of no other[14] place to go[16] to.

Me, the virtueless[17] one, no one affords shelter[18]. It is through the saints' society[19] that I am merged[20] in God.

Says Nanak, the Guru has shown[22] such a miracle[21] that within[23] my very mind I now enjoy[24] my Lord-God.

Maru 5th Guru.

The life[25], fruitful[26] is the life of him, who hears of his Lord and

ਮਾਰੂ ਪੰਜਵੀਂ ਪਾਤਿਸ਼ਾਹੀ ।

ਆ[75] ਤੂੰ, ਹੇ ਸਾਧੂ ! ਮੇਰੇ[79] ਘਰ ਵਿਚ ਆ, ਤਾਂ ਜੋ ਮੈਂ ਆਪਣਿਆਂ ਕੰਨਾਂ[77] ਨਾਲ ਸਾਹਿਬ ਦੀ ਮਹਿਮਾ[76] ਸੁਣਾਂ[78] । ਠਹਿਰਾਉ ।

ਤੇਰੇ ਆਉਣ[80] ਨਾਲ ਮੇਰੀ ਆਤਮਾ[81] ਤੇ ਦੇਹ[82] ਹਰੇ ਭਰੇ ਹੋ ਜਾਂਦੇ[83] ਹਨ ਅਤੇ ਤੇਰੇ ਨਾਲ[85] ਮੈਂ ਪ੍ਰਭੂ ਦੀ ਮਹਿਮਾ[84] ਗਾਇਨ ਕਰਦਾ[86] ਹਾਂ ।

ਸਾਧੂਆਂ ਦੀ ਦਇਆ[87] ਦੁਆਰਾ, ਹਰੀ ਚਿੱਤ[88] ਵਿਚ ਟਿੱਕ ਜਾਂਦਾ[89] ਹੈ ਅਤੇ ਇਨਸਾਨ ਦਾ ਦਵੈਤ-ਭਾਵ[90] ਨਵਿਰਤ ਹੋ ਜਾਂਦਾ[91] ਹੈ ।

ਸਾਧੂ[92] ਦੀ ਮਿਹਰ[93] ਰਾਹੀਂ, ਅਕਲ[94] ਰੋਸ਼ਨ ਹੋ ਜਾਂਦੀ[95] ਹੈ ਅਤੇ ਖੋਟੀ[96] ਸਮਝ[97] ਤੇ ਦੁਖ[98] ਮਿਟ ਜਾਂਦੇ[99] ਹਨ ।

ਉਸ ਦਾ ਦੀਦਾਰ[100] ਦੇਖਣ[2] ਦੁਆਰਾ, ਪ੍ਰਾਣੀ ਪਵਿੱਤਰ ਥੀ ਵੰਞਦਾ[3] ਹੈ ਅਤੇ ਮੁੜ ਕੇ[4] ਜੂਨਾਂ[5] ਵਿਚ ਨਹੀਂ ਪੈਂਦਾ[6] ।

ਜੋ ਤੇਰੇ ਚਿੱਤ ਨੂੰ ਚੰਗਾ ਲਗਦਾ[12] ਹੈ; ਉਹ ਧਨ-ਦੌਲਤ[9] ਦੇ ਨੌਂ[7] ਖ਼ਜ਼ਾਨੇ[8] ਅਤੇ ਪੂਰਨਤਾ[10] ਨੂੰ ਪਾ ਲੈਂਦਾ ਹੈ ।

ਸਾਧੂ ਦੇ ਬਾਝੋਂ ਮੇਰੀ ਹੋਰ ਕੋਈ ਬਚਾਅ ਦੀ ਥਾਂ[13] ਨਹੀਂ । ਮੈਨੂੰ ਕਿਸੇ ਹੋਰ[14] ਜਗ੍ਹਾ ਤੇ ਜਾਣ[16] ਦਾ ਖ਼ਿਆਲ[15] ਹੀ ਨਹੀਂ ਆਉਂਦਾ ।

ਮੈਂ ਨੇਕੀ-ਵਿਹੂਣ[17] ਨੂੰ ਕੋਈ ਭੀ ਪਨਾਹ[18] ਨਹੀਂ ਦਿੰਦਾ । ਸਾਧ ਸੰਗਤਿ[19] ਰਾਹੀਂ ਮੈਂ ਹਰੀ ਵਿੱਚ ਲੀਨ ਹੋ ਗਿਆ[20] ਹਾਂ ।

ਗੁਰੂ ਜੀ ਫ਼ੁਰਮਾਉਂਦੇ ਹਨ ਗੁਰਾਂ ਨੇ ਐਸੀ ਕਰਾਮਾਤ[21] ਵਿਖਾਲੀ[22] ਹੈ ਕਿ ਆਪਣੇ ਰਿਦੇ ਅੰਦਰ[23] ਹੀ ਹੁਣ ਮੈਂ ਆਪਣੇ ਸੁਆਮੀ ਵਾਹਿਗੁਰੂ ਨੂੰ ਮਾਣਦਾ[24] ਹਾਂ ।

ਮਾਰੂ ਪੰਜਵੀਂ ਪਾਤਿਸ਼ਾਹੀ ।

ਜ਼ਿੰਦਗੀ[25], ਫਲਦਾਇਕ[26] ਹੈ ਉਸ ਦੀ ਜ਼ਿੰਦਗੀ ਜੋ ਆਪਣੇ ਸੁਆਮੀ ਬਾਰੇ ਸੁਣਦਾ ਅਤੇ ਉਸ ਨੂੰ ਸਿਮਰਦਾ ਤੇ

ਸਦ[28] ਜੀਵਨਾ[29] ॥੧॥ ਰਹਾਉ ॥

remembers[27] and contemplates Him and thus lives[29] eternally[28]. Pause.

ਧਿਆਉਂਦਾ[27] ਹੈ ਅਤੇ ਇਸ ਤਰ੍ਹਾਂ ਸਦਾ ਲਈ[28] ਜੀਉਂਦਾ[20] ਰਹਿੰਦਾ ਹੈ । ਠਹਿਰਾਉ ।

੧੦੧੯

ਪੀਵਨਾ[30] ਜਿਤੁ[31] ਮਨੁ[32] ਆਘਾਵੈ[33] ਨਾਮੁ ਅੰਮ੍ਰਿਤ[34] ਰਸੁ[35] ਪੀਵਨਾ[36] ॥੧॥

The real drink[30] is that by which[31] the soul[32] is sated[33] and through which one indrinks[36] the immortalising[35] Name-Nectar[34].

ਅਸਲੀ ਪਾਨ ਕਰਨਾ[30] ਉਹ ਹੈ ਜਿਸ ਦੁਆਰਾ[31] ਆਤਮਾ[32] ਰੱਜ ਜਾਂਦੀ[33] ਹੈ ਅਤੇ ਜਿਸ ਦੇ ਰਾਹੀਂ ਇਨਸਾਨ ਸੁਰੰਜੀਤ ਕਰਨ ਵਾਲਾ[35] ਨਾਮ ਦਾ ਆਬਿ-ਹਿਯਾਤ[34] ਪੀਂਦਾ[36] ਹੈ ।

ਖਾਵਨਾ[37] ਜਿਤੁ ਭੂਖ ਨ ਲਾਗੈ ਸੇਤੋਖਿ[38] ਸਦਾ[40] ਤ੍ਰਿਪਤੀਵਨਾ[39] ॥੨॥

The real food[37] is that, wherewith man feels not hungry again and[9] ever[40] remains content[38] and satiated[39].

ਅਸਲ ਭੋਜਨ[37] ਉਹ ਹੈ ਜਿਸ ਦੁਆਰਾ ਬੰਦੇ ਨੂੰ ਮੁੜ ਕੇ ਭੁਖ ਨਹੀਂ ਲਗਦੀ ਅਤੇ ਉਹ ਹਮੇਸ਼ਾ[40] ਰੱਜਿਆ[38] ਪੁੱਜਿਆ ਰਹਿੰਦਾ[39] ਹੈ ।

ਪੈਨਣਾ[41] ਰਖੁ[42] ਪਤਿ[43] ਪਰਮੇਸੁਰ ਫਿਰਿ[44] ਨਾਗੇ[45] ਨਹੀ ਥੀਵਨਾ[46] ॥੩॥

The true wear[41] is that, which saves[42] man's honour[43] before the Lord and he becomes[46] not naked[45] again[44].

ਸੱਚੀ ਪੁਸ਼ਾਕ[41] ਉਹ ਹੈ ਜਿਹੜੀ ਪ੍ਰਭੂ ਦੇ ਅੱਗੇ ਬੰਦੇ ਦੀ ਇੱਜ਼ਤ[43] ਬਚਾਉਂਦੀ[42] ਹੈ ਅਤੇ ਉਹ ਮੁੜ[44] ਕੇ ਨੰਗਾ[45] ਨਹੀਂ ਹੁੰਦਾ[40] ।

ਭੋਗਨਾ[47] ਮਨ[48] ਮਧੇ[49] ਹਰਿ ਰਸੁ[50] ਸੰਤਸੰਗਤਿ ਮਹਿ[51] ਲੀਵਨਾ[52] ॥੪॥

Enjoyment[47] is that which, absorbed[52] in[51] the saints' society, man enjoys within[49] his mind[48] by indrinking the Lord's elixir[50].

ਅਨੰਦ ਮਾਣਨਾ[47] ਉਹ ਹੈ ਜਿਹੜਾ ਸਾਧ ਸੰਗਤ ਅੰਦਰ[51] ਲੀਨ[52] ਹੋ, ਬੰਦਾ, ਸੁਆਮੀ ਦੇ ਅੰਮ੍ਰਿਤ[50] ਨੂੰ ਪਾਨ ਕਰ ਕੇ ਆਪਣੇ ਹਿਰਦੇ[48] ਅੰਦਰ[49] ਮਾਣਦਾ ਹੈ ।

ਬਿਨੁ[58] ਤਾਗੇ[53] ਬਿਨੁ ਸੂਈ ਆਨੀ[54] ਮਨੁ[55] ਹਰਿ ਭਗਤੀ[55] ਸੰਗਿ[56] ਸੀਵਨਾ[57] ॥੫॥

Without[58] bringing[54] the thread[53] and needle to sew[57] the soul[59] with[56] the Lord's devotional service[55], is the real sewing.

ਧਾਗੇ[53] ਅਤੇ ਸੂਈ ਲਿਆਉਣ[54] ਦੇ ਬਗੈਰ[58] ਆਤਮਾ[59] ਨੂੰ ਸੁਆਮੀ ਦੀ ਪ੍ਰੇਮਮਈ ਸੇਵਾ[55] ਨਾਲ[56] ਸੀਉਣਾ[57] ਹੀ ਅਸਲ ਸੀਉਣਾ ਪਰੋਣਾ ਹੈ ।

ਮਾਤਿਆ[60] ਹਰਿ ਰਸ[61] ਮਹਿ ਰਾਤੇ[62] ਤਿਸੁ[63] ਬਹੁੜਿ[64] ਨ ਕਬਹੂ[65] ਅਉਖੀਵਨਾ[66] ॥੬॥

Whosoever is intoxicated[60] and imbued[62] with the God's Nectar[61]; He[63] becomes not miserable[66], ever[65] again[64].

ਜੋ ਕੋਈ ਭੀ ਵਾਹਿਗੁਰੂ ਦੇ ਅੰਮ੍ਰਿਤ[61] ਨਾਲ ਨਸ਼ੱਈ[60] ਹੋਇਆ ਅਤੇ ਰੰਗਿਆ ਗਿਆ[62] ਹੈ; ਉਹ[63] ਮੁੜ[64] ਕੇ ਕਦੇ[65] ਭੀ ਔਖਾ[65] ਨਹੀਂ ਹੁੰਦਾ ।

ਮਿਲਿਓ[67] ਤਿਸੁ[68] ਸਰਬ[69] ਨਿਧਾਨਾ[75] ਪ੍ਰਭਿ ਕ੍ਰਿਪਾਲਿ[71] ਜਿਸੁ[72] ਦੀਵਨਾ[73] ॥੭॥

He[68], whom[72] the Merciful[71] Master gives[73], is blessed[67] with all[69] the treasures[70].

ਜਿਸ[72] ਨੂੰ ਮਿਹਰਬਾਨ[71] ਮਾਲਕ ਦਿੰਦਾ[73] ਹੈ, ਉਸ[68] ਨੂੰ ਸਾਰੇ[69] ਖਜ਼ਾਨੇ[70] ਪ੍ਰਾਪਤ[67] ਹੋ ਜਾਂਦੇ ਹਨ ।

ਸੁਖੁ[74] ਨਾਨਕ ਸੰਤਨ ਕੀ ਸੇਵਾ[75] ਚਰਣ[76] ਸੰਤ ਧੋਇ[77] ਪੀਵਨਾ[78] ॥੮॥੩॥੬॥

Peace[74] is in the service[75] of the saints, O Nanak. I quaff[78] the wash[77] of the saints' feet[76].

ਸੁਖ[74], ਸਾਧੂਆਂ ਦੀ ਟਹਿਲ[75] ਸੇਵਾ ਅੰਦਰ ਹੈ, ਹੇ ਨਾਨਕ ! ਮੈਂ ਸਾਧੂਆ ਦੇ ਚਰਣਾਂ[76] ਦਾ ਧੋਣ[77] ਪਾਨ ਕਰਦਾ[78] ਹਾਂ ।

ਮਾਰੂ ਮਹਲਾ ੫
ਘਰੁ ੮ ਅੰਜੁਲੀਆ

Maru 5th Guru
Anjulis

ਮਾਰੂ ਪੰਜਵੀਂ ਪਾਤਿਸ਼ਾਹੀ
ਅੰਜੁਲੀਆ

੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਜਿਸੁ ਗ੍ਰਿਹਿ[79] ਬਹੁਤੁ ਤਿਸੈ ਗ੍ਰਿਹਿ ਚਿੰਤਾ[80] ॥ ਜਿਸੁ ਗ੍ਰਿਹਿ ਥੋਰੀ[81] ਸੁ ਫਿਰੈ ਭ੍ਰਮੰਤਾ[82] ॥	He, who has much wealth in his home[79], is worn by care[80]. He, who has little[81] of it in his home, wanders about[82] in search of it.	ਜਿਸ ਦੇ ਘਰ[79] ਵਿਚ ਘਣੀ ਦੌਲਤ ਹੈ, ਉਸ ਨੂੰ ਫ਼ਿਕਰ[80] ਖਾ ਜਾਂਦਾ ਹੈ। ਜਿਸ ਦੇ ਧਾਮ ਵਿਚ ਇਹ ਥੋੜੀ[81] ਹੈ ਉਹ ਇਸ ਦੀ ਭਾਲ ਵਿਚ ਭਟਕਦਾ ਫਿਰਦਾ[82] ਹੈ।
ਦੁਹੂ[83] ਬਿਵਸਥਾ[84] ਤੇ ਜੋ ਮੁਕਤਾ[85] ਸੋਈ[86] ਸੁਹੇਲਾ[87] ਭਾਲੀਐ[88] ॥੧॥	He[86] alone is found[88] to be in peace[87], who is free[85] from both[83] the states[84].	ਕੇਵਲ ਉਹ[86] ਹੀ ਆਰਾਮ[87] ਅੰਦਰ ਪਾਇਆ ਜਾਂਦਾ[88] ਹੈ ਜੋ ਦੋਨਾਂ[83] ਹਾਲਤਾਂ[84] ਤੋਂ ਉੱਪਰ (ਮੁਕਤ) ਹੋਇਆ[85] ਹੈ।
ਗ੍ਰਿਹ[89] ਰਾਜ[90] ਮਹਿ[99] ਨਰਕੁ[91] ਉਦਾਸ[92] ਕਰੋਧਾ[93]॥ ਬਹੁ[94] ਬਿਧਿ[95] ਬੇਦ ਪਾਠ[96] ਸਭਿ[97] ਸੋਧਾ[98] ॥	Inspite of reciting[96] and scrutinising[98] all[97] the Vedas in various[94] ways[85], the house-holders[89], kings[90], renouncers[92] and the wrathful ones[93] fall into[99] the hell[91], being involved in mammon.	ਸਾਰਿਆਂ[97] ਵੇਦਾਂ ਨੂੰ ਅਨੇਕਾਂ[94] ਤਰੀਕਿਆਂ[95] ਨਾਲ ਪੜ੍ਹਦੇ[96] ਅਤੇ ਘੋਖਦੇ[98] ਹੋਏ ਭੀ ਗ੍ਰਿਸਤੀ[89] ਪਾਤਿਸ਼ਾਹ[90], ਤਿਆਗੀ[92] ਅਤੇ ਗੁਸੈਲੇ ਇਨਸਾਨ[93], ਮਾਇਆ ਵਿਚ ਖੱਚਤ ਹੋਣ ਕਾਰਨ ਦੋਜ਼ਕ[91] ਅੰਦਰ[99] ਪੈਂਦੇ ਹਨ।
ਦੇਹੀ[100] ਮਹਿ[2] ਜੋ ਰਹੈ ਅਲਿਪਤਾ[3] ਤਿਸੁ[4] ਜਨ[5] ਕੀ ਪੂਰਨ[6] ਘਾਲੀਐ[7] ॥੨॥	Whosoever living in[2] the body[100] remains detached[3]; Perfect[6] is that[4] man's[5] service[7].	ਜੋ ਸਰੀਰ[100] ਅੰਦਰ[2] ਰਹਿੰਦਾ ਹੋਇਆ ਨਿਰਲੇਪ[3] ਵਿਚਰਦਾ ਹੈ; ਮੁਕੰਮਲ[6] ਹੈ ਉਸ[4] ਪੁਰਸ਼[5] ਦੀ ਸੇਵਾ[7]।
ਜਾਗਤ[8] ਸੂਤਾ[9] ਭਰਮਿ[10] ਵਿਗੂਤਾ[12] ॥	Though awake[8], man is really slumbering[9] and is being ruined[12] in doubt[10].	ਜਾਗਦਾ[8] ਹੋਇਆ ਭੀ ਆਦਮੀ ਅਸਲ ਵਿਚ ਸੁੱਤਾ ਪਿਆ[9] ਹੈ ਅਤੇ ਸੰਦੇਹ[10] ਅੰਦਰ ਬਰਬਾਦ ਹੋ ਗਿਆ[12] ਹੈ।
ਬਿਨੁ ਗੁਰ ਮੁਕਤਿ[13] ਨ ਹੋਈਐ ਮੀਤਾ[14] ॥	Without the Guru, emancipation[13] is obtained not, O Friend[14].	ਗੁਰਾਂ ਦੇ ਬਗੈਰ, ਮੋਖਸ਼[13] ਪ੍ਰਾਪਤ ਨਹੀਂ ਹੁੰਦੀ, ਹੇ ਮਿੱਤ੍ਰ[14]!
ਸਾਧਸੰਗਿ ਤੁਟਹਿ[15] ਹਉ[16] ਬੰਧਨ[17] ਏਕੋ ਏਕੁ[18] ਨਿਹਾਲੀਐ[19] ॥੩॥	In the society of the saints, the bonds[17] of ego[16] are loosened[15] and one sees[19] the only One[18] Lord.	ਸਤਿਸੰਗਤ ਅੰਦਰ, ਹੰਕਾਰ[16] ਦੀਆਂ ਬੇੜੀਆਂ[17] ਕੱਟੀਆਂ ਜਾਂਦੀਆਂ[15] ਹਨ ਅਤੇ ਜੀਵ ਕੇਵਲ ਇੱਕ[18] ਸੁਆਮੀ ਨੂੰ ਹੀ ਵੇਖਦਾ[19] ਹੈ।
ਕਰਮ[20] ਕਰੈ ਤ[21] ਬੰਧਾ[22] ਨਹ ਕਰੈ ਤ ਨਿੰਦਾ[23] ॥	If mortal does deeds[20] then[21] he is bound[22] and if he does not, then is he slandered[23].	ਜੇਕਰ ਪ੍ਰਾਣੀ ਕੰਮ[20] ਕਰੇ, ਤਦ[21] ਉਹ ਜਕੜਿਆ ਜਾਂਦਾ[22] ਹੈ ਅਤੇ ਜੇਕਰ ਉਹ ਨਾ ਕਰੇ ਤਦ ਉਸ ਦੀ ਬਦਖ਼ੋਈ ਹੁੰਦੀ[23] ਹੈ।
ਮੋਹ[24] ਮਗਨ[25] ਮਨੁ[26] ਵਿਆਪਿਆ[27] ਚਿੰਦਾ[28] ॥	Inebriated[25] with worldly love[24], man[26] is infested[27] with anxiety[28].	ਸੰਸਾਰੀ ਮਮਤਾ[24] ਨਾਲ ਮਤਵਾਲਾ ਹੋਇਆ ਹੋਇਆ[25] ਬੰਦਾ[26] ਚਿੰਤਾ[28] ਨਾਲ ਦੁਖੀ ਹੁੰਦਾ[27] ਹੈ।
ਗੁਰ ਪ੍ਰਸਾਦਿ[29] ਸੁਖੁ[30] ਦੁਖੁ[31] ਸਮ[32] ਜਾਣੈ ਘਟਿ	He, who by Guru's grace[29] deems weal[30] and woe[31] alike[32], beholds[34]	ਜੋ ਗੁਰਾਂ ਦੀ ਦਇਆ[29] ਦੁਆਰ, ਖੁਸ਼ੀ[30] ਅਤੇ ਗ਼ਮੀ[31] ਨੂੰ ਇਕ ਸਮਾਨ[32] ਜਾਣਦਾ ਹੈ, ਉਹ ਸਾਰਿਆਂ ਦਿਲਾਂ[33]

ਘਟਿ[33] ਰਾਮੁ ਹਿਆਲੀਐ[34] ॥੪॥

the Lord in all the hearts[33].

ਅੰਦਰ ਸੁਆਮੀ ਨੂੰ ਦੇਖਦਾ[34] ਹੈ ।

ਸੰਸਾਰੈ[35] ਮਹਿ[37] ਸਹਸਾ[38] ਬਿਆਪੈ[39] ਅਕਥ[40] ਕਥਾ[41] ਅਗੋਚਰ[42] ਨਹੀ ਜਾਪੈ[43] ॥

Within[37] the world[35], the mortal is engrossed[39] in doubt[38] and realises[43] not the Incomprehensible Lord[42], Ineffable[40] is whose discourse[41].

ਜਗਤ[35] ਅੰਦਰ[37] ਪ੍ਰਾਣੀ ਭਰਮ[38] ਵਿੱਚ ਗ਼ਲਤਾਨ ਹੋ ਜਾਂਦਾ[39] ਹੈ ਅਤੇ ਅਗਾਧ ਸੁਆਮੀ[42] ਨੂੰ ਅਨੁਭਵ ਨਹੀਂ ਕਰਦਾ[43], ਅਕਹਿ[40] ਹੈ ਜਿਸ ਦੀ ਕਥਾ ਵਾਰਤਾ[41] ।

ਜਿਸਹਿ ਬੁਝਾਏ[44] ਸੋਈ ਬੂਝੈ[45] ਓਹੁ[46] ਬਾਲਕ[47] ਵਾਗੀ[48] ਪਾਲੀਐ[49] ॥੫॥

He, whom the Lord instructs[44], understands[45] Him. Him[46] the Lord cherishes[49] like[48] His child[47].

ਜਿਸ ਨੂੰ ਸਾਹਿਬ ਦਰਸਾਉਂਦਾ[44] ਹੈ, ਉਹੀ ਉਸ ਨੂੰ ਸਮਝਦਾ[45] ਹੈ । ਉਸ[46] ਨੂੰ ਸਾਹਿਬ ਆਪਣੇ ਬੱਚੇ[47] ਦੀ ਤਰ੍ਹਾਂ[48] ਪਾਲਦਾ-ਪੋਸਦਾ[49] ਹੈ ।

ਛੋਡਿ ਬਹੈ[50] ਤਉ[51] ਛੂਟੈ ਨਾਹੀ ॥

If man abandons[50] mammon, then[51] he can abandon it not.

ਜੇਕਰ ਇਨਸਾਨ ਮਾਇਆ ਨੂੰ ਤਿਆਗਦਾ[50]ਹੈ, ਤਦ ਉਹ ਇਸ ਨੂੰ ਤਿਆਗ ਨਹੀਂ ਸਕਦਾ ।

ਜਉ[52] ਸੰਚੈ[53] ਤਉ ਭਉ[54] ਮਨ ਮਾਹੀ ॥

If he amasses[53] it, then the fear[54] of losing it haunts his mind.

ਜੇਕਰ[52] ਉਹ ਇਸ ਨੂੰ ਜਮ੍ਹਾ ਕਰਦਾ[53] ਹੈ ਤਾਂ ਇਸ ਦੇ ਚਲੇ ਜਾਣ ਦਾ ਡਰ[54] ਉਸ ਦੇ ਚਿੱਤ ਨੂੰ ਖਾਂਦਾ ਹੈ ।

ਇਸ ਹੀ ਮਹਿ[55] ਜਿਸ ਕੀ ਪਤਿ[36] ਰਾਖੈ[59] ਤਿਸੁ ਸਾਧੂ ਚਉਰੁ[57] ਢਾਲੀਐ[58] ॥੬॥

He, whose honour[56] the Lord protects[59] in[55] the midst of this mammon, is a saint and over the head of such a saint, I wave[58] the fly-brush[57].

ਇਸ ਮਾਇਆ ਅੰਦਰ[55] ਜਿਸ ਦੀ ਇੱਜ਼ਤ ਆਬਰੂ[56] ਸਾਹਿਬ ਰਖਦਾ[59] ਹੈ, ਉਹ ਹੀ ਸੰਤ ਹੈ ਅਤੇ ਐਹੋ ਜੇਹੇ ਸੰਤ ਦੇ ਸਿਰ ਤੇ ਮੈਂ ਚੌਰ[57] ਕਰਦਾ[58] ਹਾਂ ।

ਜੋ ਸੂਰਾ[60] ਤਿਸ[62] ਹੀ ਹੋਇ ਮਰਣਾ[61] ॥

He[62] alone is a warrior[60] who remains dead[61] in life.

ਕੇਵਲ ਉਹ[62] ਹੀ ਯੋਧਾ[60] ਹੈ ਜੋ ਜੀਉਂਦੇ ਜੀ ਮਰਿਆ[61] ਰਹਿੰਦਾ ਹੈ ।

ਜੋ ਭਾਗੈ[63] ਤਿਸੁ ਜੋਨੀ[64] ਫਿਰਣਾ[65] ॥

He, who runs away[63], wanders[65] in existences[64].

ਜਿਹੜਾ ਭੱਜ ਜਾਂਦਾ[63] ਹੈ, ਉਹ ਜੂਨੀਆਂ[64] ਅੰਦਰ ਭਟਕਦਾ[65] ਹੈ ।

ਜੋ ਵਰਤਾਏ[66] ਸੋਈ ਭਲ[67] ਮਾਨੈ ਬੁਝਿ[68] ਹੁਕਮੈ[69] [70]ਦੂਰਮਤਿ[71] ਜਾਲੀਐ[72] ॥੭॥

Whatever the Lord does[66], accept thou that as good[67] and realising[68] His will[69], burn[72] thou thy evil[70]-intellect[71].

ਜਿਹੜਾ ਕੁਛ ਸਾਂਈਂ ਕਰਦਾ[66] ਹੈ, ਤੂੰ ਉਸ ਨੂੰ ਚੰਗਾ[67] ਕਰਕੇ ਕਬੂਲ ਕਰ ਤੇ ਉਸ ਦੀ ਰਜ਼ਾ[59] ਨੂੰ ਅਨੁਭਵ ਕਰ[68] ਤੂੰ ਆਪਣੀ ਖੋਟੀ[70] ਅਕਲ[71] ਨੂੰ ਸਾੜ ਸੁੱਟ[72] ।

ਜਿਤੁ ਜਿਤੁ[73] ਲਾਵਹਿ[74] ਤਿਤੁ ਤਿਤੁ[75] ਲਗਨਾ ॥

Whithersoever[72] Thou yokest[74] man, thither[75] he is yoked.

ਜਿਥੇ ਕਿਤੇ[73] ਤੂੰ ਬੰਦੇ ਨੂੰ ਜੋੜਦਾ[74] ਹੈਂ, ਉਥੇ[75] ਹੀ ਉਹ ਜੁੜ ਜਾਂਦਾ ਹੈ ।

ਕਰਿ[76] ਕਰਿ[77] ਵੇਖੈ ਅਪਣੇ ਜਚਨਾ[78] ॥

Creating[77] His creation[76], the Creator sees His beggars[78].

ਰਚਨਾ[76] ਨੂੰ ਰਚ ਕੇ[77] ਰਚਨਹਾਰ ਆਪਣੇ ਯਾਚਕਾਂ[78] ਨੂੰ ਵੇਖਦਾ ਹੈ ।

ਨਾਨਕ ਕੇ ਪੂਰਨ[79] ਸੁਖ ਦਾਤੇ[80] ਤੂ ਦੇਹਿ[81] ਤ[82] ਨਾਮੁ ਸਮਾਲੀਐ[83] ॥੮॥੧॥੭॥

Thou art the bliss-giving[80] Perfect[79] Lord of Nanak. If Thou so blessest[81], then[82] alone meditate[83] I on Thy Name.

ਤੂੰ ਨਾਨਕ ਦਾ ਖ਼ੁਸ਼ੀ-ਬਖ਼ਸ਼ਣਹਾਰ[80] ਮੁਕੰਮਲ[78] ਮਾਲਕ ਹੈਂ । ਜੇ ਤੂੰ ਐਕੁਰ ਬਖ਼ਸ਼ਸ਼ ਕਰੇਂ[81], ਕੇਵਲ ਤਦ[80] ਹੀ ਮੈਂ ਤੇਰੇ ਨਾਮ ਦਾ ਸਿਮਰਨ ਕਰਦਾ[83] ਹਾਂ ।

ਮਾਰੂ ਮਹਲਾ ੫ ॥

Maru 5th Guru.

ਮਾਰੂ ਪੰਜਵੀਂ ਪਾਤਿਸ਼ਾਹੀ ।

ਬਿਰਖੈ[84] ਹੇਠਿ ਸਭਿ ਜੰਤ[85] ਇਕਠੇ ॥	Under the tree[84] of the world, all the beings[85] have gathered together.	ਸੰਸਾਰ ਦੇ ਦਰਖ਼ਤ[84] ਦੇ ਹੇਠਾਂ, ਸਾਰੇ ਜੀਵ[85] ਇਕੱਠੇ ਹੋਏ ਹੋਏ ਹਨ ।
ਇਕਿ[86] ਤਤੇ[87] ਇਕਿ ਬੋਲਨਿ ਮਿਠੇ[88] ॥	Some[86] are hot-headed[87] and some speak sweetly[88].	ਕਈ[86] ਤੇਜ਼-ਤਬੀਅਤ[87] ਹਨ ਤੇ ਕਈ ਮਿੱਠਾ[83] ਬੋਲਦੇ ਹਨ ।
ਅਸਤੁ[89] ਉਦੋਤੁ[90] ਭਇਆ ਉਠਿ[91] ਚਲੇ[92] ਜਿਉ ਜਿਉ[92*] ਅਉਧ[93] ਵਿਹਾਣੀਆ[94] ॥੧॥	When the sun, which had set[89], rises[90], they get up[91] and march off[92], when[92*] their life[93] ends[94].	ਜਦ ਛਿਪਿਆ ਹੋਇਆ[89] ਸੂਰਜ ਚੜ੍ਹ ਪੈਂਦਾ[90] ਹੈ, ਉਹ ਖੜ੍ਹੇ ਹੋ[91] ਟੁਰ ਜਾਂਦੇ[92] ਹਨ, ਜਦੋਂ[92*] ਕਿ ਉਨ੍ਹਾਂ ਦੀ ਉਮਰ[93] ਮੁੱਕ ਜਾਂਦੀ[94] ਹੈ ।
ਪਾਪ[95] ਕਰੇਦੜ[96] ਸਰਪਰ[97] ਮੁਠੇ[98] ॥	They who commit[96] sins[95], are assuredly[97] plundered[98].	ਜੋ ਗੁਨਾਹ[95] ਕਰਦੇ[96] ਹਨ ਉਹ ਨਿਸਚਿਤ[97] ਹੀ ਲੁੱਟੇ ਪੁੱਟੇ ਜਾਂਦੇ[98] ਹਨ ।
ਅਜਰਾਈਲਿ ਫੜੇ ਫੜਿ[99] ਕੁਠੇ[100] ॥	Azrail, the myrmidon of death, seizes[99] and tortures[100] them to death.	ਅਜ਼ਰਾਈਲ, ਮੌਤ ਦਾ ਫ਼ਰੇਸ਼ਤਾ, ਓਨ੍ਹਾਂ ਨੂੰ ਪਕੜ[99] ਲੈਂਦਾ ਹੈ ਅਤੇ ਤਸੀਹੇ ਦੇ, ਕੁਹ ਸੁੱਟਦਾ[100] ਹੈ ।
੧੦੨੦		
ਦੋਜਕਿ[2] ਪਾਏ ਸਿਰਜਣਹਾਰੈ[3] ਲੇਖਾ[4] ਮੰਗੈ ਬਾਣੀਆ[5] ॥੨॥	They are cast into hell[2] by the Creator[3] and the Righteous Judge[5] calls them to account[4].	ਰਚਨਹਾਰ[3] ਉਨ੍ਹਾਂ ਨੂੰ ਨਰਕ[2] ਵਿਚ ਪਾ ਦਿੰਦਾ ਹੈ ਅਤੇ ਧਰਮ ਰਾਜਾ[5] ਉਨ੍ਹਾਂ ਕੋਲੋਂ ਹਿਸਾਬ ਕਿਤਾਬ[4] ਮੰਗਦਾ ਹੈ।
ਸੰਗਿ ਨ ਕੋਈ ਭਈਆ[6] ਬੇਬਾ[7] ॥	No brother[6] or sister[7] accompanies them.	ਕੋਈ ਭਰਾ[6] ਜਾਂ ਭੈਣ[7] ਉਨ੍ਹਾਂ ਦੇ ਨਾਲ ਨਹੀਂ ਜਾਂਦੀ ।
ਮਾਲੁ[8] ਜੋਬਨੁ[9] ਧਨੁ[10] ਛੋਡਿ[12] ਵਞੈਸਾ[13] ॥	Leaving[12] behind their property[8], youth[9] and wealth[10] they march off[13].	ਆਪਣੀ ਜਾਇਦਾਦ[8], ਜੁਆਨੀ[9] ਤੇ ਦੌਲਤ[10]ਨੂੰ ਛੱਡ ਕੇ[12] ਉਹ ਚਾਲੇ ਪਾ ਜਾਂਦੇ[13] ਹਨ ।
ਕਰਣ[14] ਕਰੀਮ[15] ਨ ਜਾਤੋ[16] ਕਰਤਾ[17] ਤਿਲ[18] ਪੀੜੇ ਜਿਉ[19] ਘਾਣੀਆ ॥੩॥	They know[16] not their Kind[14] and Beneficent[15] Creator[17]-Lord and shall be pressed like[19] the basketful of sesame[18].	ਉਹ, ਦਇਆਲੂ[14] ਤੇ ਦਰਿਆਦਿਲ[15] ਸਿਰਜਣਹਾਰ[17] ਸਾਂਈਂ ਨੂੰ, ਨਹੀਂ[16] ਜਾਣਦੇ ਅਤੇ ਤਿਲਾਂ[18] ਦੀ ਘਾਣੀ ਵਾਂਗੂ[19] ਪੀੜੇ ਜਾਣਗੇ ।
ਖੁਸਿ[20] ਖੁਸਿ ਲੈਦਾ[21] ਵਸਤੁ[22] ਪਰਾਈ[23] ॥ ਵੇਖੈ ਸੁਣੈ ਤੇਰੈ ਨਾਲਿ[24] ਖੁਦਾਈ[25]॥	Happily[20], happily snatchest[21] thou other's goods[22] but God[25] who is with[24] thee, sees and hears thee.	ਖੁਸ਼ੀ[20], ਖੁਸ਼ੀ ਨਾਲ ਤੂੰ ਹੋਰਨਾਂ[23] ਦੀਆਂ ਚੀਜ਼ਾਂ[22] ਨੂੰ ਖੱਸਦਾ[21] ਹੈ; ਪ੍ਰੰਤੂ, ਵਾਹਿਗੁਰੂ[25] ਜੋ ਤੇਰੇ ਅੰਗ ਸੰਗ[24] ਹੈ, ਤੈਨੂੰ ਦੇਖਦਾ ਤੇ ਸੁਣਦਾ ਹੈ ।
ਦੁਨੀਆ[26] ਲਬਿ[27] ਪਇਆ ਖਾਤ[28] ਅੰਦਰਿ ਅਗਲੀ[29] ਗਲ[30] ਨ ਜਾਣੀਆ[31] ॥੪॥	Through worldly[26] avarice[27], thou hast fallen into a pit[28] and knowest[31] not the thing[30] of the future[29].	ਸੰਸਾਰੀ[26] ਲਾਲਚ[27] ਰਾਹੀਂ, ਤੂੰ ਟੋਏ[28] ਵਿਚ ਡਿਗ ਪਿਆ ਹੈਂ ਅਤੇ ਭਵਿੱਖਤ[29] ਦੀ ਗੱਲ ਬਾਤ[30] ਨੂੰ ਨਹੀਂ ਸਮਝਦਾ[31] ।
ਜਮਿ ਜਮਿ ਮਰੈ ਮਰੈ ਫਿਰਿ[32] ਜੰਮੈ[33] ॥	Thou shalt be repeatedly born and die and be born[33] again[32].	ਤੂੰ ਬਾਰੰਬਾਰ ਜੰਮੇਂ ਅਤੇ ਮਰੇਂਗਾ ਅਤੇ ਮੁੜ ਕੇ[32] ਜਨਮ[33] ਧਾਰੇਂਗਾ ।
ਬਹੁਤੁ[34] ਸਜਾਇ[35] ਪਇਆ[36] ਦੇਸਿ[37] ਲੰਮੈ[38] ॥	Thou shalt suffer much[34] punishment[35] on thy way[36] to the distant[88] country[37].	ਤੂੰ ਦੂਰ[38] ਦੇ ਮੁਲਕ[37] ਦੇ ਰਾਹੇ ਪਿਆ ਹੋਇਆ[36] ਘਣੇਰੀ[34] ਸਜ਼ਾ[35] ਭੁਗਤੇਂਗਾ ।
ਜਿਨਿ ਕੀਤਾ[40] ਤਿਸੈ[39] ਨ	The blind[41] mortal[44] knows not Him[39]	ਅੰਨ੍ਹਾ[41] ਫ਼ਾਨੀ[44] ਬੰਦਾ ਉਸ[39] ਨੂੰ ਨਹੀਂ ਜਾਣਦਾ,

ਜਾਣੀ ਅੰਧਾ[41] ਤਾ[42] ਦੁਖੁ ਸਹੈ[43] ਪਰਾਣੀਆ[44] ॥੫॥	who made[40] him, wherefore[42] he shall suffer[43] pain.	ਜਿਸ ਨੇ ਉਸ ਨੂੰ ਬਣਾਇਆ[40] ਹੈ, ਇਸ ਲਈ[42] ਉਹ ਤਕਲੀਫ਼ ਉਠਾਵੇਗਾ[43]।
ਖਾਲਕ[45] ਥਾਵਹੁ ਭੁਲਾ[46] ਮੁਠਾ[47] ॥	Forgetting[46] his Creator[45], man is ruined[47].	ਆਪਣੇ ਸਿਰਜਣਹਾਰ[45] ਨੂੰ ਭੁਲਾ ਕੇ[46] ਬੰਦਾ ਤਬਾਹ ਹੋ ਗਿਆ[47] ਹੈ।
ਦੁਨੀਆ[53] ਖੇਲੁ[49] ਬੁਰਾ[50] ਰੁਠ[51] ਤੁਠਾ[52] ॥	The play[49] of the world[48] is bad[59]. The mortal is sometimes sad[51] and sometimes happy[52].	ਸੰਸਾਰ[48] ਦੀ ਖੇਡ[49] ਭੈੜੀ[50] ਹੈ। ਪ੍ਰਾਣੀ ਕਦੇ ਸ਼ੋਕਵਾਨ[51] ਤੇ ਕਦੇ ਖ਼ੁਸ਼[52] ਹੁੰਦਾ ਹੈ।
ਸਿਦਕੁ[53] ਸਬੂਰੀ[54] ਸੰਤੁ ਨ ਮਿਲਿਓ ਵਤੈ[55] ਆਪਣ ਭਾਣੀਆ[56] ॥੬॥	To learn from him the lesson of faith[53] and contentment[54], the mortal meets not the saint and wanders[55] as it pleases[56] him.	ਉਸ ਤੋਂ ਭਰੋਸੇ[53] ਅਤੇ ਸੰਤੁਸ਼ਟਤਾ[54] ਦੀ ਸਿਖਿਆ ਲੈਣ ਲਈ ਪ੍ਰਾਣੀ ਸਾਧੂ ਨੂੰ ਨਹੀਂ ਮਿਲਦਾ ਅਤੇ ਆਪਣੀ ਮਰਜ਼ੀ[56] ਅਨੁਸਾਰ ਭਟਕਦਾ ਫਿਰਦਾ[55] ਹੈ।
ਮਉਲਾ[67] ਖੇਲ[59] ਕਰੇ[60] ਸਭਿ ਆਪੇ[58] ॥	Of Himself[58], the Lord[57] stages[60] the whole play[59].	ਖ਼ੁਦ[58] ਹੀ ਪ੍ਰਭੂ[57] ਸਾਰਾ ਖੇਡ[59] ਰਚਦਾ[60] ਹੈ।
ਇਕਿ[61] ਕਢੇ[62] ਇਕਿ ਲਹਰਿ[63] ਵਿਆਪੇ[64] ॥	Some[61] He takes out[62] and some He casts[64] into the waves[63].	ਕਈਆਂ[61] ਨੂੰ ਉਹ ਬਾਹਰ ਕੱਢ ਲੈਂਦਾ[62] ਹੈ ਅਤੇ ਕਈਆਂ ਨੂੰ ਵਿਕਾਰ-ਲਹਿਰਾਂ[63] ਅੰਦਰ ਸੁੱਟ ਪਾਉਂਦਾ[64] ਹੈ।
ਜਿਉ[65] ਨਚਾਏ ਤਿਉ[67] ਤਿਉ ਨਚਨਿ[66] ਸਿਰਿ ਸਿਰਿ[68] ਕਿਰਤ[69] ਵਿਹਾਣੀਆ[70] ॥੭॥	As[65] God makes men dance, so[67] do they dance[66]. Everyone[68] passes[70] his life according to his past deeds[69].	ਜਿਸ ਤਰ੍ਹਾਂ[65] ਰੱਬ ਬੰਦਿਆਂ ਨੂੰ ਨਚਾਉਂਦਾ ਹੈ, ਉਸੇ ਤਰ੍ਹਾਂ[67] ਉਹ ਨੱਚਦੇ[66] ਹਨ। ਹਰ ਜਣਾ[68] ਆਪਣੇ ਪਿਛਲੇ ਕਰਮਾਂ[69] ਅਨੁਸਾਰ ਆਪਣਾ ਜੀਵਨ ਬਿਤਾਉਂਦਾ[70] ਹੈ।
ਮਿਹਰ[71] ਕਰੇ[73] ਤਾ ਖਸਮੁ[72] ਧਿਆਈ[74] ॥	If the Lord shows His grace[71], then[73] alone meditate[74] I upon the Lord[72].	ਜੇਕਰ ਸੁਆਮੀ ਆਪਣੀ ਰਹਿਮਤ[71] ਧਾਰੇ, ਤਦ[73] ਹੀ ਮੈਂ ਸੁਆਮੀ[72] ਦਾ ਸਿਮਰਨ ਕਰਦਾ[74] ਹਾਂ।
ਸੰਤਾ ਸੰਗਤਿ[75] ਨਰਕਿ[76] ਨ ਪਾਈ[77] ॥	Associating[75] with the saints, one falls[77] not into hell[76].	ਸਾਧੂਆਂ ਨਾਲ ਮੇਲ ਮਿਲਾਪ ਕਰਨ[75] ਦੁਆਰਾ, ਇਨਸਾਨ ਦੋਜ਼ਕ[76] ਵਿਚ ਨਹੀਂ ਪੈਂਦਾ[77]।
ਅੰਮ੍ਰਿਤ ਨਾਮ ਦਾਨੁ[79] ਨਾਨਕ ਕਉ ਗੁਣ[80] ਗੀਤਾ[81] ਨਿਤ[82] ਵਖਾਣੀਆ[83] ॥ ੮॥੨॥੮॥੧੨॥੨੦॥	O Lord, bless Thou Nanak, with the gift[79] of Thine Nectar[78]-Name. He ever[82] sings[83] the songs[81] of Thine praise[80].	ਹੇ ਸਾਂਈਂ! ਤੂੰ ਨਾਨਕ ਨੂੰ ਆਪਣੇ ਅੰਮ੍ਰਿਤਮਈ[78] ਨਾਮ ਦੀ ਦਾਤ[79] ਬਖ਼ਸ਼। ਉਹ ਸਦੀਵ[82] ਹੀ ਤੇਰੀ ਮਹਿਮਾ[80] ਦੇ ਗੀਤ[81] ਗਾਇਨ ਕਰਦਾ[83] ਹੈ।

ਮਾਰੂ ਸੋਲਹੇ
ਮਹਲਾ ੧

Maru Solhas
Ist Guru

ਮਾਰੂ ਸੋਲਹੇ
ਪਹਿਲੀ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਸਾਚਾ[84] ਸਚੁ[85] ਸੋਈ[86] ਅਵਰੁ[87] ਨ ਕੋਈ ॥	He[86], the True Lord[85], alone is true[84]. There is not any other[87].	ਉਹ[86] ਸੱਚਾ ਸੁਆਮੀ[85] ਹੀ ਕੇਵਲ ਸੱਚਾ[84] ਹੈ। ਹੋਰ ਕੋਈ[87] ਨਹੀਂ।
ਜਿਨਿ ਸਿਰਜੀ[88] ਤਿਨ[89] ਹੀ ਫੁਨਿ[90] ਗੋਈ[91] ॥	He[89], who created[88] the world, shall ultimately[90] destory[91] it.	ਜਿਸ ਨੇ ਸੰਸਾਰ ਰਚਿਆ[88] ਹੈ, ਓੜਕ[90] ਨੂੰ ਉਹ[89] ਹੀ ਇਸ ਨੂੰ ਨਾਸ ਕਰ ਦੇਵੇਗਾ[91]।

ਜਿਉ[91] ਭਾਵੈ[92] ਤਿਉ[97] ਰਾਖਹੁ[93] ਰਹਣਾ[94] ਤੁਮ ਸਿਉ ਕਿਆ[95] ਮੁਕਰਾਈ[96] ਹੇ ॥੧॥	As[91] it pleases[92] Thee to keep[93] me, so[97] do I live[94], O my Lord, what[95] excuse[96] can I make before Thee ?	ਜਿਕਰ[91] ਤੂੰ ਮੈਨੂੰ ਰਖਣਾ[93] ਚਾਹੁੰਦਾ[92] ਹੈਂ, ਉਕਰ[97] ਹੀ ਮੈਂ ਰਹਿੰਦਾ[94] ਹਾਂ, ਹੇ ਮੇਰੇ ਸੁਆਮੀ, ਤੇਰੇ ਮੂਹਰੇ ਮੈਂ ਕੀ[95] ਉਜ਼ਰ[96] ਕਰ ਸਕਦਾ ਹਾਂ ?
ਆਪਿ[97]* ਉਪਾਏ[98] ਆਪਿ ਖਪਾਏ[99] ॥	Thou Thyself[97]* createst[98] and Thyself destroyest[99].	ਤੂੰ ਆਪੇ[97]* ਹੀ ਪੈਦਾ ਕਰਦਾ[98] ਹੈਂ ਅਤੇ ਆਪੇ ਹੀ ਨਾਸ ਕਰਦਾ[99] ਹੈਂ ।
ਆਪੇ ਸਿਰਿ ਸਿਰਿ[100] ਧੰਧੈ[2] ਲਾਏ[3] ॥	Thou, of Thyself, puttest[3] everyone[100] to task[2].	ਤੂੰ ਆਪ ਹੀ ਹਰ ਜਣੇ[100] ਨੂੰ ਕੰਮ[2] ਲਾਉਂਦਾ[3] ਹੈਂ ।
ਆਪੇ ਵੀਚਾਰੀ[4] ਗੁਣਕਾਰੀ[5] ਆਪੇ ਮਾਰਗਿ[6] ਲਾਈ[7] ਹੇ ॥੨॥	Thou Thyself art the Reflector[4], Thyself the Benefactor[5] and Thyself, puttest[7] one on Thy path[6].	ਤੂੰ ਆਪ ਵੀਚਾਰਵਾਨ[4] ਹੈਂ, ਆਪ ਹੀ ਭਲਾ ਕਰਨ ਵਾਲਾ[5] ਅਤੇ ਆਪ ਹੀ ਬੰਦੇ ਨੂੰ ਆਪਣੇ ਰਸਤੇ[6] ਤੇ ਪਾਉਂਦਾ[7] ਹੈਂ ।
ਆਪੇ ਦਾਨਾ[8] ਆਪੇ ਬੀਨਾ[9]॥	Thou Thyself art wise[8] and Thyself Omniscient[9].	ਤੂੰ ਆਪ ਸਿਆਣਾ[8] ਹੈਂ ਅਤੇ ਆਪ ਹੀ ਸਰਬੱਗ[9] ।
ਆਪੇ ਆਪੁ[10] ਉਪਾਇ[12] ਪਤੀਨਾ[13] ॥	Thyself[10] creating[12] the universe, Thou feelest glad[13].	ਖ਼ੁਦ[10] ਆਲਮ ਨੂੰ ਰੱਚ ਕੇ[12] ਤੂੰ ਪ੍ਰਸੰਨ[13] ਹੁੰਦਾ ਹੈਂ ।
ਆਪੇ ਪਉਣੁ[14] ਪਾਣੀ[15] ਬੈਸੰਤਰੁ[16] ਆਪੇ ਮੇਲਿ[17] ਮਿਲਾਈ[18] ਹੇ ॥੩॥	Thou Thyself art air[14], water[15] and fire[16] and Thyself unitest[18] one in Thine union[17].	ਤੂੰ ਆਪ ਹਵਾ[14], ਜਲ[15] ਅਤੇ ਅੱਗ[16] ਹੈਂ ਅਤੇ ਆਪ ਹੀ ਇਨਸਾਨ ਨੂੰ ਆਪਣੇ ਮਿਲਾਪ[17] ਅੰਦਰ ਮਿਲਾਉਂਦਾ[18] ਹੈਂ ।
ਆਪੇ ਸਸਿ[19] ਸੂਰਾ[20] ਪੂਰੋ ਪੂਰਾ ॥	Thou Thyself art the moon[19], the sun[20] and the most Perfect of the perfect.	ਤੂੰ ਆਪ ਹੀ ਚੰਦ੍ਰਮਾ[19], ਸੂਰਜ[20] ਅਤੇ ਪੂਰਿਆਂ ਦਾ ਪਰਮ ਪੂਰਾ ਹੈਂ ।
ਆਪੇ ਗਿਆਨਿ[21] ਧਿਆਨਿ[22] ਗੁਰੁ ਸੂਰਾ[23] ॥	Thou Thyself art gnosis[21], meditation[22] and the valiant[23] Guru.	ਤੂੰ ਆਪ ਹੀ ਬ੍ਰਹਮ-ਗਿਆਤ[21], ਸਿਮਰਨ[22] ਅਤੇ ਵਰਿਆਮ[23] ਗੁਰੂ ਹੈਂ ।
ਕਾਲੁ[24] ਜਾਲੁ[25] ਜਮੁ[26] ਜੋਹਿ[27] ਨ ਸਾਕੈ ਸਾਚੇ[28] ਸਿਉ ਲਿਵ ਲਾਈ[29]ਹੇ ॥੪॥	The Yama[26] and his noose[25] of death[24] can touch[27] him not, who is attuned[29] to Thee, O True Lord[28].	ਯਮ[26] ਅਤੇ ਉਸ ਦੀ ਮੌਤ[24] ਦੀ ਫਾਹੀ[25] ਉਸ ਨੂੰ ਛੋਹ[27] ਨਹੀਂ ਸਕਦੇ ਜੋ ਤੇਰੇ ਨਾਲ ਪਿਆਰ ਕਰਦਾ[29] ਹੈ, ਹੇ ਸੱਚੇ ਸੁਆਮੀ[28] !
ਆਪੇ ਪੁਰਖੁ[30] ਆਪੇ ਹੀ ਨਾਰੀ[31] ॥	Thou Thyself art the male[30] and Thyself the female[31].	ਤੂੰ ਆਪ ਨਰ[30] ਹੈਂ ਅਤੇ ਆਪ ਹੀ ਮਦੀਨ[31] ।
ਆਪੇ ਪਾਸਾ[32] ਆਪੇ ਸਾਰੀ[33] ॥	Thou Thyself art the chess-board[32] and Thyself the chess-man[33].	ਤੂੰ ਆਪ ਸ਼ਤਰੰਜ[32] ਹੈਂ ਅਤੇ ਆਪ ਹੀ ਨਰਦ[33] ।
ਆਪੇ ਪਿੜ[34] ਬਾਧੀ[35] ਜਗੁ[36] ਖੇਲੈ[37]ਆਪੇ ਕੀਮਤਿ[38] ਪਾਈ ਹੇ ॥੫॥	Thou Thyself hast set[35] the world[36] arena[34] to play[37] and Thyself appraiseth[38] the players.	ਤੂੰ ਆਪ ਜਗਤ[36] ਦਾ ਅਖਾੜਾ[34] ਖੇਡਣ[37] ਲਈ ਬੰਨ੍ਹਿਆ[35] ਹੈ ਅਤੇ ਆਪ ਹੀ ਖਿਲਾੜੀਆਂ ਦਾ ਮੁਲ ਪਾਉਂਦਾ[38] ਹੈਂ ।
ਆਪੇ ਭਵਰੁ[39] ਫੁਲੁ[40]	Thou Thyself art the bumble-bee[39],	ਤੂੰ ਆਪ ਹੀ ਭਉਰਾ[39], ਪੁਸ਼ਪ[40], ਮੇਵਾ[41] ਅਤੇ ਬਿਰਛ[42]

ਫਲੁ[41] ਤਰਵਰੁ[42] ॥ ਆਪੇ ਜਲੁ[43] ਥਲੁ[44] ਸਾਗਰੁ[45] ਸਰਵਰੁ[46] ॥	flower[40], fruit[41] and the tree[42]. Thou Thyself art the water[43], desert[44], ocean[45] and tank[46].	ਹੈਂ । ਤੂੰ ਆਪ ਹੀ ਪਾਣੀ[43], ਮਾਰੂਥਲ[44] ਸਮੁੰਦਰ[44] ਅਤੇ ਤਾਲਾਬ[46] ਹੈਂ ।
ਆਪੇ ਮਛੁ[47] ਕਛੁ[48] ਕਰਣੀ ਕਰੁ[49] ਤੇਰਾ ਰੂਪੁ[50] ਨ ਲਖਣਾ[51] ਜਾਈ ਹੇ ॥੬॥	Thou Thyself art the big fish[47], tortoise[48] and the Cause of causes[49]. Thine form[50] can be known[51] not.	ਤੂੰ ਆਪ ਹੀ ਵੱਡੀ ਮੱਛੀ[47], ਕੱਛੂ[48] ਅਤੇ ਹੇਤੂਆਂ ਦਾ ਹੇਤੂ[49] ਹੈਂ । ਤੈਂਡਾ ਸਰੂਪ[50] ਜਾਣਿਆ[51] ਨਹੀਂ ਜਾ ਸਕਦਾ ।
ਆਪੇ ਦਿਨਸੁ[52] ਆਪੇ ਹੀ ਰੈਣੀ[53] ॥	Thou Thyself art the day[52] and Thyself the night[53].	ਤੂੰ ਆਪ ਹੀ ਦਿਨ[52] ਹੈਂ ਅਤੇ ਆਪ ਹੀ ਰਾਤ[53] ।
ਆਪਿ ਪਤੀਜੈ[54] ਗੁਰ ਕੀ ਬੈਣੀ[55] ॥	Thou Thyself are pleased[54] with the Guru's word[55].	ਤੂੰ ਆਪੇ ਹੀ ਗੁਰਾਂ ਦੀ ਬਾਣੀ[55] ਨਾਲ ਪ੍ਰਸੰਨ[54] ਹੁੰਦਾ ਹੈਂ ।
ਆਦਿ[56] ਜੁਗਾਦਿ[57] ਅਨਾਹਦਿ[57*] ਅਨਦਿਨੁ[58] ਘਟਿ ਘਟਿ[59] ਸਬਦੁ[60] ਰਜਾਈ[61] ਹੇ ॥੭॥	From the very beginning[56] and the beginning of ages[57], Thou art ever[58] Imperishable[57*]. Thine will[61], O Lord[60] resounds in every heart[59].	ਐਨ ਆਰੰਭ[56] ਅਤੇ ਯੁੱਗਾਂ[57] ਦੇ ਆਰੰਭ ਤੋਂ ਤੂੰ ਸਦਾ[58] ਹੀ ਅਬਿਨਾਸੀ[57*] ਹੈਂ । ਤੇਰੀ ਰਜ਼ਾ[61], ਹੇ ਸਾਹਿਬ[60] ! ਸਾਰਿਆਂ ਦਿਲਾਂ[59] ਅੰਦਰ ਗੂੰਜਦੀ ਹੈ ।
ਆਪੇ ਰਤਨੁ[62] ਅਨੂਪੁ[63] ਅਮੋਲੋ[64] ॥	Thou Thyself art the peerless[63] and peerless[64] jewel[62].	ਤੂੰ ਆਪ ਹੀ ਲਾਸਾਨੀ[63] ਅਤੇ ਅਣਮੁੱਲਾ[64] ਜਵੇਹਰ[62] ਹੈਂ ।
ਆਪੇ ਪਰਖੇ[65] ਪੂਰਾ[66] ਤੋਲੋ ॥	Thou Thyself art the Assayer[65] and the Perfect Weigher[66].	ਤੂੰ ਆਪ ਹੀ ਸਰਾਫ਼[65] ਅਤੇ ਪੂਰਨ ਹਾੜਨਹਾਰ[66] ਹੈਂ ।
੧੦੨੧		
ਆਪੇ ਕਿਸਹੀ[67] ਕਸਿ[68] ਬਖਸੇ[69] ਆਪੇ ਦੇ[70] ਲੈ[71] ਭਾਈ[72] ਹੇ[73] ॥੮॥	Assaying[68] some[67], He Himself pardons[69] them and Himself gives[70] and resumes[71] His bounties, O[73] brother[72].	ਉਹ ਕਈਆਂ[67] ਨੂੰ ਪਰਖ[68] ਕੇ ਖ਼ੁਦ ਮਾਫ਼ੀ[69] ਦੇ ਦਿੰਦਾ ਹੈ ਅਤੇ ਖ਼ੁਦ ਹੀ ਦਾਤਾਂ ਦਿੰਦਾ[70] ਅਤੇ ਵਾਪਸ ਲੈ ਲੈਂਦਾ[71] ਹੈ, ਹੇ[73] ਵੀਰ[72] !
ਆਪੇ ਧਨਖੁ[74] ਆਪੇ ਸਰਬਾਣਾ[75] ॥	He Himself is the bow[74] and Himself the bowman[75].	ਉਹ ਆਪ ਕਮਾਨ[74]ਹੈ ਅਤੇ ਆਪ ਹੀ ਕਮਾਨ ਵਾਲਾ[75] ।
ਆਪੇ ਸੁਘੜੁ[76] ਸਰੂਪੁ[77] ਸਿਆਣਾ[78] ॥	He Himself is Omniscient[76]beauteous[77] and wise[78].	ਉਹ ਆਪ ਹੀ ਸਰਬਗ[76], ਸੋਹਣਾ-ਸੁਨੱਖਾ[77] ਅਤੇ ਅਕਲਮੰਦ[78] ਹੈ ।
ਕਹਤਾ[79] ਬਕਤਾ[80] ਸੁਣਤਾ[81] ਸੋਈ[82] ਆਪੇ ਬਣਤ[83] ਬਣਾਈ[84] ਹੇ ॥੯॥	He[82] alone is the Utterer[79], Orator[80], and the Hearer[81]. He Himself has made[84] the entire make[83].	ਕੇਵਲ ਉਹ[82] ਹੀ ਕਹਿਣ ਵਾਲਾ[79], ਬੋਲਣਹਾਰ[80] ਅਤੇ ਸੁਣਨ ਵਾਲਾ[81] ਹੈ । ਉਸ ਨੇ ਖ਼ੁਦ ਹੀ ਸਾਰੀ ਘਾੜਤ[83] ਘੜੀ[84] ਹੈ ।
ਪਉਣੁ[85] ਗੁਰੂ ਪਾਣੀ ਪਿਤ[86] ਜਾਤਾ[87] ॥ ਉਦਰ[88] ਸੰਜੋਗੀ[89] ਧਰਤੀ[90] ਮਾਤਾ[91] ॥	The air[85] is deemed[87] to be the Guru, water the father[86] and the earth[90] our mother[91], whose belly[88] gives[89] us all the things we need.	ਹਵਾ[85] ਗੁਰੂ, ਜਲ ਬਾਬਲ[86] ਅਤੇ ਜ਼ਮੀਨ[90] ਜਿਸ ਦਾ ਪੇਟ[88] ਸਾਨੂੰ ਸਭ ਲੋੜੀਂਦੀਆਂ ਸ਼ੈਆਂ ਦਿੰਦਾ[89] ਹੈ, ਸਾਡੀ ਅੰਮੜੀ[91] ਜਾਣੀ[87] ਜਾਂਦੀ ਹੈ ।
ਰੈਣਿ[92] ਦਿਨਸੁ[93] ਦੁਇ[94]	Night[92] and day[93] are the two[94]	ਰਾਤ[92] ਅਤੇ ਦਿਨ[93] ਦੋਨੋਂ-[94]ਉਪਮਾਤਾ[95]ਅਤੇ ਉਪਪਿਤਾ[96]

ਦਾਈ[95] ਦਾਇਆ[96] ਜਗੁ[97] ਖੇਲੈ[98] ਖੇਲਾਈ[99] ਹੇ ॥੧੦॥	female[95] and male[96] nurses. Made to play[99] thus, the world[97] plays[98] in their lap.	ਹਨ। ਇਸ ਤਰ੍ਹਾਂ ਖਿਡਾਇਆ[99] ਹੋਇਆ ਸੰਸਾਰ ਉਨ੍ਹਾਂ ਦੀ ਝੋਲੀ ਵਿਚ ਖੇਡਦਾ[98] ਹੈ।
ਆਪੇ ਮਛੁਲੀ[100] ਆਪੇ ਜਾਲਾ[2] ॥	Thou Thyself art the fish[100] and Thyself the net[2].	ਤੂੰ ਆਪ ਮੱਛੀ[100] ਹੈਂ ਅਤੇ ਆਪ ਹੀ ਜਾਲ[2]।
ਆਪੇ ਗਊ[3] ਆਪੇ ਰਖਵਾਲਾ[4] ॥	Thou Thyself art the cows[3] and Thyself the grazier[4].	ਤੂੰ ਆਪ ਗਾਂ[3] ਹੈਂ ਅਤੇ ਆਪ ਹੀ ਵਾਗੀ[4]।
ਸਰਬ[5] ਜੀਆ[6] ਜਗਿ[7] ਜੋਤਿ[8] ਤੁਮਾਰੀ ਜੈਸੀ[9] ਪ੍ਰਭਿ ਫੁਰਮਾਈ[10] ਹੇ ॥੧੧॥	Thine Light[8] pervades all[5] the beings[6] of the world[7], who walk as[9] is Thy will[10], O Lord.	ਤੇਰਾ ਪ੍ਰਕਾਸ਼[8] ਜਹਾਨ[7]ਦੇ ਸਾਰੇ[5] ਜੀਵਾਂ[6] ਅੰਦਰ ਵਿਆਪਕ ਹੈ ਜੋ ਤੇਰੀ ਰਜ਼ਾ[10] ਅਨੁਸਾਰ[9] ਟੁਰਦੇ ਹਨ, ਹੇ ਪ੍ਰਭੂ!
ਆਪੇ ਜੋਗੀ ਆਪੇ ਭੋਗੀ[12] ਆਪੇ ਰਸੀਆ[13] ਪਰਮ[14] ਸੰਜੋਗੀ[15] ॥	Thou Thyself art the Yogi and Thyself the enjoyer[12]. Thou Thyself art the Reveller[13] and the great[14] Uniter[15].	ਤੂੰ ਆਪ ਯੋਗੀ ਹੈਂ ਅਤੇ ਆਪ ਹੀ ਅਨੰਦ ਮਾਣਨਹਾਰ[12]। ਤੂੰ ਆਪ ਹੀ ਰੰਗ-ਰਲੀਆਂ ਕਰਨ ਵਾਲਾ[13] ਅਤੇ ਵੱਡਾ[14] ਜੋੜਨਹਾਰ[15] ਹੈਂ।
ਆਪੇ ਵੇਬਾਣੀ[16] ਨਿਰੰਕਾਰੀ[17] ਨਿਰਭਉ[18] ਤਾੜੀ[19] ਲਾਈ[20] ਹੇ ॥੧੨॥	Thou Thyself art without speech[16], without form[17], without fear[18] and wrapt[20] in trance[19].	ਤੂੰ ਆਪ ਹੀ ਬੋਲ ਬਾਣੀ ਰਹਿਤ[16], ਸਰੂਪ-ਰਹਿਤ[17], ਨਿੱਡਰ[18] ਅਤੇ ਸਮਾਧੀ[19] ਅੰਦਰ ਲੀਨ[20] ਹੈਂ।
ਖਾਣੀ[21] ਬਾਣੀ[22] ਤੁਝਹਿ[23] ਸਮਾਣੀ[24] ॥	All sources of creation[21] and speech[22] are contained[24] in Thee[23], O Lord.	ਉਤਪਤੀ[21] ਅਤੇ ਤੇਰੇ ਬਚਨ-ਬਿਲਾਸ[22] ਦੇ ਸਾਰੇ ਨਿਕਾਸ, ਤੇਰੇ[23] ਅੰਦਰ ਹੀ ਲੀਨ ਹੋਏ ਹੋਏ[24] ਹਨ, ਹੇ ਸੁਆਮੀ।
ਜੋ ਦੀਸੈ[25] ਸਭੁ[26] ਆਵਣ ਜਾਣੀ ॥	All[26] that seems[25], is subject to coming and going.	ਸਾਰਾ ਕੁਛ[26] ਜੋ ਦਿਸਦਾ[25] ਹੈ, ਆਉਣ ਤੇ ਜਾਣ ਦੇ ਅਧੀਨ ਹੈ।
ਸੇਈ[27] ਸਾਹ[28] ਸਚੇ ਵਾਪਾਰੀ[29] ਸਤਿਗੁਰਿ ਬੂਝ[30] ਬੁਝਾਈ[31] ਹੇ ॥੧੩॥	They[27] are the bankers[28] and the true traders[29], whom the True Guru has imparted[31] understanding[30].	ਉਹ[27] ਹੀ ਸ਼ਾਹੂਕਾਰ[28] ਹਨ ਅਤੇ ਸੱਚੇ ਸੁਦਾਗਰ[29] ਹਨ, ਜਿੰਨ੍ਹਾਂ ਨੂੰ ਸੱਚੇ ਗੁਰਾਂ ਨੇ ਸਮਝ[30] ਦਰਸਾਈ[31] ਹੈ।
ਸਬਦੁ[32] ਬੁਝਾਏ[33] ਸਤਿਗੁਰੁ ਪੂਰਾ[34] ॥	By his preaching[32] the Perfect[34] True Guru instructs[33] the mortal.	ਆਪਣੇ ਉਪਦੇਸ਼[32] ਦੁਆਰਾ ਪੂਰਨ[34] ਸੱਚੇ ਗੁਰੂ ਜੀ ਪ੍ਰਾਣੀ ਨੂੰ ਸਿਖਮਤ ਦਿੰਦੇ[33] ਹਨ।
ਸਰਬ[35] ਕਲਾ[36] ਸਾਚੇ[37] ਭਰਪੂਰਾ[38] ॥	The True Lord[37] is brimful[38] with all[35] the mights[36].	ਸੱਚਾ ਸੁਆਮੀ[37] ਸਾਰੀਆਂ[35] ਸ਼ਕਤੀਆਂ[36] ਨਾਲ ਪਰੀ-ਪੂਰਨ[38] ਹੈ।
ਅਫਰਿਓ[39] ਵੇਪਰਵਾਹੁ[40] ਸਦਾ[41] ਤੂ ਨਾ ਤਿਸੁ[42] ਤਿਲੁ[43] ਨ ਤਮਾਈ[44] ਹੇ ॥ ੧੪॥	Ever[41] Unseizable[39] and Independent[40] is my Lord. He[42] has not even an iota[43] of avarice[44].	ਸਦੀਵ[41] ਹੀ ਅ-ਫੜ[29]ਅਤੇ ਸੁਤੰਤਰ[40]ਹੈ ਮੇਰਾ ਸੁਆਮੀ। ਉਸ[42] ਨੂੰ ਇਕ ਭੋਰਾ ਭਰ[43] ਭੀ ਤਮ੍ਹਾਂ[44] ਨਹੀਂ।
ਕਾਲੁ[45] ਬਿਕਾਲੁ[46] ਭਏ ਦੇਵਾਨੇ[47] ॥ ਸਬਦੁ[48] ਸਹਜ[49] ਰਸੁ[50] ਅੰਤਰਿ[51] ਮਾਨੇ[52] ॥	Birth[45] and death[46] end[47] for him, who within his mind[51] enjoys[52] the Name's[48] celestial[49] elixir[50].	ਮੌਤ[45] ਅਤੇ ਜਨਮ[46] ਉਸ ਲਈ ਮੁੱਕ ਜਾਂਦੇ[47] ਹਨ ਜੋ ਆਪਣੇ ਹਿਰਦੇ[51] ਅੰਦਰ ਨਾਮ[48] ਦੇ ਬੈਕੁੰਠੀ[49] ਅੰਮ੍ਰਿਤ[50] ਨੂੰ ਮਾਣਦਾ[52] ਹੈ।

ਆਪੇ ਮੁਕਤਿ[53] ਤ੍ਰਿਪਤਿ[54] [55]ਵਰਦਾਤਾ[46] ਭਗਤਿ ਭਾਇ[57] ਮਨਿ[58] ਭਾਈ[59] ਹੇ ॥੧॥

The Lord Himself blesses[56] him with salvation[53], satiation[54] and bounties[55] to whose mind[58] the Lord's love-worship[57] is sweet[59].

ਸੁਆਮੀ ਖੁਦ ਉਸ ਨੂੰ ਮੋਖਸ਼[53], ਸੰਤੁਸ਼ਟਤਾ[54] ਅਤੇ ਦਾਤਾਂ[55] ਬਖ਼ਸ਼ਦਾ[56] ਹੈ, ਜਿਸ ਦੇ ਚਿੱਤ[58] ਨੂੰ ਸੁਆਮੀ ਦੀ ਪ੍ਰੇਮ-ਮਈ ਉਪਾਸ਼ਨਾ[57] ਮਿੱਠੀ ਲਗਦੀ[59] ਹੈ ।

ਆਪਿ ਨਿਰਾਲਮੁ[61] ਗੁਰ ਗਮ[62] ਗਿਆਨਾ[63] ॥

The Lord Himself is immaculate[61] and His comprehension[63] is obtained[62] from the Guru.

ਸਾਂਈਂ ਖ਼ੁਦ ਪਵਿੱਤ੍ਰ[61] ਹੈ ਤੇ ਉਸ ਦੀ ਗਿਆਤ[13] ਗੁਰਾਂ ਪਾਸੋਂ ਪ੍ਰਾਪਤ[62] ਹੁੰਦੀ ਹੈ ।

ਜੋ[64] ਦੀਸੈ ਤੁਝ ਮਾਹਿ[65] ਸਮਾਨਾ[66] ॥

Whatsoever[64] is seen shall merge[66] in[65] Thee in the end.

ਜਿਹੜਾ ਕੁੱਛ[64] ਭੀ ਦਿਸਦਾ ਹੈ, ਅੰਤ ਨੂੰ ਤੇਰੇ ਵਿੱਚ[65] ਲੀਨ[66] ਹੋ ਜਾਵੇਗਾ ।

ਨਾਨਕੁ ਨੀਚੁ[67] ਭਿਖਿਆ[68] ਦਰਿ[69] ਜਾਚੈ[70] ਮੈ ਦੀਜੈ[71] ਨਾਮੁ ਵਡਾਈ[72] ਹੇ ॥੧੬॥੧॥

Lowly[67] Nanak asks for[70] alms[68] at Thine door[69]. Bless[71] Thou him with the greatness[72] of Thy Name.

ਮਸਕੀਨ[67] ਨਾਨਕ ਤੇਰੇ ਬੂਹੇ[69] ਉਤੇ ਖੈਰ[68] ਮੰਗਦਾ[70] ਹੈ । ਤੂੰ ਉਸ ਨੂੰ ਆਪਣੇ ਨਾਮ ਦੀ ਬਜ਼ੁਰਗੀ[72] ਪਰਦਾਨ[71] ਕਰ ।

ਮਾਰੂ ਮਹਲਾ ੧ ॥

Maru 1st Guru.

ਮਾਰੂ ਪਹਿਲੀ ਪਾਤਿਸ਼ਾਹੀ ।

ਆਪੇ ਧਰਤੀ[73] ਧਉਲੁ[74] ਅਕਾਸੰ[75] ॥

God Himself is the earth[73] the ox[74] and the firmament[75].

ਵਾਹਿਗੁਰੂ ਆਪ ਹੀ ਜ਼ਮੀਨ[73], ਬਲ੍ਹਦ[74] ਅਤੇ ਆਸਮਾਨ[75] ਹੈ ।

ਆਪੇ ਸਾਚੇ[76] ਗੁਣ[77] ਪਰਗਾਸੰ[78] ॥

The True Lord[76] Himself makes manifest[78] His virtues[77].

ਸੱਚਾ ਸਾਂਈਂ[76] ਆਪ ਹੀ ਆਪਣੀਆਂ ਨੇਕੀਆਂ[77] ਨੂੰ ਪ੍ਰਗਟ ਕਰਦਾ[78] ਹੈ ।

ਜਤੀ[79] ਸਤੀ[80] ਸੰਤੋਖੀ[81] ਆਪੇ ਆਪੇ ਕਾਰ[82] ਕਮਾਈ[83] ਹੇ ॥੧॥

He Himself is the celibate[79] and the man of chastity[80] and contentmet[81] and Himself does[83] all the deeds[82].

ਉਹ ਆਪ ਬ੍ਰਹਮਚਾਰੀ[79], ਪ੍ਰਹੇਜ਼ਗਾਰ[80] ਅਤੇ ਸੰਤੋਖਵਾਨ[81] ਹੈ ਅਤੇ ਆਪ ਹੀ ਸਾਰੇ ਕੰਮ[82] ਕਰਦਾ[83] ਹੈ ।

ਜਿਸੁ ਕਰਣਾ[84] ਸੋ ਕਰਿ[85] ਕਰਿ[86] ਵੇਖੈ ॥

He, who has created[84] the universe, sees what he has created[85] and fashioned[86].

ਜਿਸ ਨੇ ਆਲਮ ਨੂੰ ਰਚਿਆ[84] ਹੈ, ਉਹ ਆਪਣੇ ਰਚੇ[85] ਤੇ ਸਾਜੇ[86] ਹੋਏ ਨੂੰ ਦੇਖਦਾ ਹੈ ।

ਕੋਇ ਨ ਮੇਟੈ[87] ਸਾਚੇ[88] ਲੇਖੈ[89] ॥

None can erase[87] the True Lord's[88] writ[89].

ਸੱਚੇ ਸੁਆਮੀ[88] ਦੀ ਲਿਖਤਾਕਾਰ[89] ਨੂੰ ਕੋਈ ਭੀ ਮੇਸ[87] ਨਹੀਂ ਸਕਦਾ ।

ਆਪੇ ਕਰੇ[90] ਕਰਾਏ[91] ਆਪੇ ਆਪੇ ਦੇ[92] ਵਡਿਆਈ[93] ਹੇ ॥੨॥

He Himself is the Doer[90] and Himself the Cause[91] and Himself blesses[92] with greatness[93].

ਉਹ ਆਪ ਕਰਨ ਵਾਲਾ[90] ਹੈ ਤੇ ਆਪ ਹੀ ਕਰਾਉਣ ਵਾਲਾ[91] ਅਤੇ ਆਪੇ ਹੀ ਉਹ ਵਿਸ਼ਾਲਤਾ[93] ਬਖਸ਼ਦਾ[92] ਹੈ ।

ਪੰਚ ਚੋਰ[94] ਚੰਚਲ[95] ਚਿਤੁ[96] ਚਾਲਹਿ[97] ॥

The five thieves[94] make the mercurial[95] mind[98] wabble[97].

ਪੰਜ ਚੋਰ[94] ਚੁਲਬੁਲੇ[95] ਮਨ[96] ਨੂੰ, ਚਲਾਇਮਾਨ[97] ਕਰਦੇ ਹਨ ।

ਪਰ[98] ਘਰ[99] ਜੋਹਹਿ[100] ਘਰੁ ਨਹੀ ਭਾਲਹਿ[2] ॥

The mind spies[100] other[98] homes[99] and searches[2] not its own home.

ਮਨੂਆ ਹੋਰਨਾਂ[98] ਦੇ ਘਰ[99] ਤਕਾਉਂਦਾ[100] ਹੈ ਅਤੇ ਆਪਣੇ ਨਿੱਜ ਦੇ ਘਰ ਨੂੰ ਨਹੀਂ ਭਾਲਦਾ[2] ।

ਕਾਇਆ[3] ਨਗਰੁ[4] ਢਹੈ ਢਹਿ[5] ਢੇਰੀ ਬਿਨੁ ਸਬਦੈ[7]

Without the Name[7] man loses[9] honour and his body[3] village[4]

ਨਾਮ[7] ਦੇ ਬਗੈਰ ਬੰਦੇ ਦੀ ਇੱਜ਼ਤ[8] ਚਲੀ ਜਾਂਦੀ[9] ਹੈ ਅਤੇ ਉਸ ਦੇ ਸਰੀਰ[3] ਦਾ ਪਿੰਡ[4] ਢਹਿ[5] ਕੇ ਮਿੱਟੀ ਦਾ ਅੰਬਾਰ[6]

ਪਤਿ[8] ਜਾਈ[9] ਹੇ ॥੩॥	crumbles[5] into dust heap.	ਬਣ ਜਾਂਦਾ ਹੈ ।
ਗੁਰ ਤੇ[10]ਬੂਝੈ[12] [13]ਤ੍ਰਿਭਵਣੁ[14] ਸੂਝੈ[15] ॥	He, who realises[12] the Lord through[10] the Guru, sees[15] Him in the three[13] worlds[14].	ਜੋ ਗੁਰਾਂ ਦੇ ਰਾਹੀਂ[10] ਪ੍ਰਭੂ ਨੂੰ ਅਨੁਭਵ ਕਰਦਾ[12] ਹੈ ਉਹ ਤਿੰਨਾਂ[13] ਹੀ ਜਹਾਨਾਂ[14] ਅੰਦਰ ਉਸ ਨੂੰ ਦੇਖਦਾ[15] ਹੈ ।
ਮਨਸਾ[16] ਮਾਰਿ[17] ਮਨੈ[18] ਸਿਉ[19] ਲੂਝੈ[20] ॥	Stilling[17] his desire[16] he grapples[20] with[19] his mind[18].	ਆਪਣੀ ਖ਼ਾਹਿਸ਼[16] ਨੂੰ ਮਿਟਾ[17] ਕੇ ਉਹ ਆਪਣੇ ਮਨ[18] ਨਾਲ[19] ਯੁੱਧ ਕਰਦਾ[20] ਹੈ ।
ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ[21] ਨਿਰਭਉ[22] ਬਾਲ[23] ਸਖਾਈ[24] ਹੇ ॥੪॥	They who serve Thee become like[21] Thee. Thou, O Fearless[22] Lord art their Friend[24] since their infancy[23].	ਜੋ ਤੈਨੂੰ ਸੇਂਵਦੇ ਹਨ, ਉਹ ਤੇਰੇ ਵਰਗੇ[21] ਹੀ ਹੋ ਜਾਂਦੇ ਹਨ । ਤੂੰ ਹੇ ਨਿੱਡਰ[22] ਸਾਂਈਂ ! ਉਨ੍ਹਾਂ ਦੇ ਬਚਪਨ[23] ਤੋਂ ਹੀ ਉਨ੍ਹਾਂ ਦਾ ਮਿੱਤਰ[24] ਹੈਂ ।
ਆਪੇ ਸੁਰਗੁ[25] ਮਛੁ[26] ਪਇਆਲਾ[27] ॥	Thou Thyself art the paradise[25], this world[26] and the nether region[27].	ਤੂੰ ਆਪ ਹੀ ਬਹਿਸ਼ਤ[25], ਮਾਤ ਲੋਕ[26] ਅਤੇ ਪਾਤਾਲ[27] ਹੈਂ ।
ਆਪੇ ਜੋਤਿ[28] ਸਰੂਪੀ[29] ਬਾਲਾ[30] ॥	Thou Thyself art ever-young[30] and the embodiment[29] of light[28].	ਤੂੰ ਆਪ ਹੀ ਸਦੀਵੀ-ਜੁਆਨ[30] ਅਤੇ ਪ੍ਰਕਾਸ਼[28]-ਰੂਪ[29] ਹੈਂ ।
ਜਟਾ[31] ਬਿਕਟ[32] ਬਿਕਰਾਲ[33] ਸਰੂਪੀ[34] ਰੂਪੁ[35] ਨ ਰੇਖਿਆ[36] ਕਾਈ ਹੇ ॥੫॥	With unshorn[32] tresses[31], Thou appearest to be of dreadful[33] form[34] and still Thou hast no features[35] and outline[46].	ਜਟਾਂ[31] ਨਾਲ ਤੂੰ ਭਿਆਨਕ[33] ਰੂਪ[34] ਵਾਲਾ ਦਿਸਦਾ ਹੈਂ ਅਤੇ ਫਿਰ ਵੀ ਤੇਰੀ ਕੋਈ ਸ਼ਕਲ[35] ਤੇ ਨੁਹਾਰ[36] ਨਹੀਂ ।
ਬੇਦ ਕਤੇਬੀ[37] ਭੇਦੁ[38] ਨ ਜਾਤਾ[39] ॥	The Vedas and semitic texts[37] know[39] not the Lord's mystery[38].	ਵੇਦ ਅਤੇ ਮੁਸਲਮਾਨੀ ਗ੍ਰੰਥ ਆਦਿ ਪ੍ਰਭੂ ਦੇ ਭੇਤ[38] ਨੂੰ ਨਹੀਂ ਜਾਣਦੇ[39] ।
ਨਾ ਤਿਸੁ[40] ਮਾਤ ਪਿਤਾ ਸੁਤ[41] ਭ੍ਰਾਤਾ[42] ॥	He[40] has no mother, father, son[41] and brother[42].	ਉਸ[40] ਦੀ ਕੋਈ ਮਾਂ, ਪਿਉ, ਪੁੱਤ੍ਰ[41] ਅਤੇ ਭਰਾ[42] ਨਹੀਂ ।
ਸਗਲੇ[43] ਸੈਲ[44] ਉਪਾਇ[45] ਸਮਾਏ[46] ਅਲਖੁ[47] ਨ ਲਖਣਾ[48] ਜਾਈ ਹੇ ॥੬॥	Creating[45] the mountains[44], He razes[46] them all[43] to the ground. The Unseeable Lord[47] can be seen[48] not.	ਪਹਾੜਾਂ[44] ਨੂੰ ਪੈਦਾ ਕਰਕੇ[45] ਉਹ ਉਨ੍ਹਾਂ ਸਾਰਿਆਂ[43] ਨੂੰ ਨਾਸ ਕਰ ਦਿੰਦਾ[44] ਹੈ । ਅਦ੍ਰਿਸ਼ਟ[47] ਸੁਆਮੀ ਦੇਖਿਆ[48] ਨਹੀਂ ਜਾ ਸਕਦਾ ।
ਕਰਿ[49] ਕਰਿ ਥਾਕੀ[50] ਮੀਤ[51] ਘਨੇਰੇ[52] ॥	I have grown weary[50] of making[49] friends[51] with many[52].	ਮੈਂ ਬਹੁਤਿਆਂ[52] ਨੂੰ ਮਿੱਤ੍ਰ[51] ਬਣਾ ਬਣਾ[49] ਹੰਭ[50] ਗਈ ਹਾਂ ।
ਕੋਇ ਨ ਕਾਟੈ[53] ਅਵਗੁਣ[54] ਮੇਰੇ ॥	No one rids[53] me of my sins[54].	ਕੋਈ ਜਣਾ ਭੀ ਮੇਰੇ ਪਾਪਾਂ[54] ਤੋਂ ਮੇਰੀ ਖ਼ਲਾਸੀ ਨਹੀਂ ਕਰਾਉਂਦਾ[53] ।
ਸੁਰਿ[55] ਨਰ[56] ਨਾਥੁ[57] ਸਾਹਿਬੁ[58] ਸਭਨਾ ਸਿਰਿ[59] ਭਾਇ[60] ਮਿਲੈ[61] ਭਉ[62] ਜਾਈ[63] ਹੇ ॥੭॥	The Master[57] is the Supreme[59] Lord[58] of all the gods[55] and men[56]. Blessed[61] with His love[60], the mortal's fear[62] is dispelled[63].	ਮਾਲਕ[57] ਸਾਰਿਆਂ ਦੇਵਤਿਆਂ[55] ਅਤੇ ਇਨਸਾਨਾਂ[56] ਦਾ ਸ਼੍ਰੋਮਣੀ[59] ਸੁਆਮੀ[58] ਹੈ । ਉਸ ਦੇ ਪਿਆਰ[60] ਦੀ ਦਾਤ ਮਿਲਣ[61] ਦੁਆਰਾ, ਪ੍ਰਾਣੀ ਦਾ ਡਰ[62] ਦੂਰ ਹੋ ਜਾਂਦਾ[63] ਹੈ ।
ਕੂਲੇ[64] ਚੂਕੇ[65] ਮਾਰਗਿ[66] ਪਾਵਹਿ ॥	The straying[64] and erring ones[65], He puts on the path[66].	ਭੁਲਿਆਂ[64] ਤੇ ਭਟਕਿਆਂ ਹੋਇਆਂ[65] ਨੂੰ ਉਹ ਰਸਤੇ[66] ਪਾ ਦਿੰਦਾ ਹੈ ।

ਆਪਿ ਭੁਲਾਇ[68] ਤੂਹੈ ਸਮਝਾਵਹਿ[67] ॥	Straying[68] them Thou Thyself instructest[67] them.	ਉਨ੍ਹਾਂ ਨੂੰ ਕੁਰਾਹੇ ਪਾ[68] ਤੂੰ ਆਪੇ ਹੀ ਉਨ੍ਹਾਂ ਨੂੰ ਸਿਖਮਤ ਦਿੰਦਾ[67] ਹੈਂ ।
ਬਿਨੁ ਨਾਵੈ ਮੈ ਅਵਰੁ[69] ਨ ਦੀਸੈ[70] ਨਾਵਹੁ ਗਤਿ[71] ਮਿਤਿ[72] ਪਾਈ[73] ਹੇ ॥੮॥	Without the Name I see[70] not another[69]. It is through the Name that one is emancipated[71] and knows[73] the Lord's way[72].	ਨਾਮ ਦੇ ਬਾਝੋਂ ਮੈਨੂੰ ਹੋਰਸ[69] ਕੋਈ ਨਜ਼ਰੀ[70] ਨਹੀਂ ਪੈਂਦਾ । ਨਾਮ ਦੇ ਰਾਹੀਂ ਹੀ ਬੰਦਾ ਮੁਕਤ ਹੁੰਦਾ[71] ਅਤੇ ਸਾਂਈਂ ਦੇ ਮਾਰਗ[72] ਨੂੰ ਜਾਣਦਾ[73] ਹੈ ।
੧੦੨੨		
ਗੰਗਾ[75] ਜਮੁਨਾ ਕੇਲ[74] ਕੇਦਾਰਾ ॥ ਕਾਸੀ[76] ਕਾਂਤੀ[77] ਪੁਰੀ ਦੁਆਰਾ[78] ॥ ਗੰਗਾ ਸਾਗਰੁ ਬੇਣੀ[79] ਸੰਗਮੁ[80] ਅਠਸਠਿ[81] ਅੰਕਿ[82]ਸਮਾਈ[83] ਹੇ ॥੯॥	The Ganges[75], Jamna, Bindraban[74], Kidarnath, Banaras[76], Mathura[77], Puri, Dwarka[78], Ganga Sagar, Tirbeni[79], the confluence[80] of the Ganges, Jamna and Saraswati and the sixty-eight[81] holies; They are all merged[83] in the Lord's Being[82].	ਸੁਰਸੁਰੀ[75], ਜਮਨਾ, ਬਿੰਦ੍ਰਾਬਨ[74], ਕਿਦਾਰਨਾਥ, ਬਨਾਰਸ[76], ਮਥਰਾ[77], ਪੁਰੀ, ਦਵਾਰਕਾ[78], ਗੰਗਾ ਸਾਗਰ, ਤ੍ਰਿਬੇਣੀ[79], ਗੰਗਾ, ਜਮਨਾ ਅਤੇ ਸੁਰਸਵਤੀ ਦਾ ਮਿਲਾਪ-ਅਸਥਾਨ[80] ਅਤੇ ਅਠਾਹਟ[81] ਤੀਰਥ; ਉਹ ਸਾਰੇ ਸੁਆਮੀ ਦੀ ਵਿਅਕਤੀ[82] ਅੰਦਰ ਲੀਨ ਹੋਏ ਹੋਏ[38] ਹਨ ।
ਆਪੇ ਸਿਧ[84] ਸਾਧਿਕੁ[85] ਵੀਚਾਰੀ[86] ॥	He Himself is the adept[84], seeker[85] and the man of contemplation[86].	ਉਹ ਆਪ ਹੀ ਪੂਰਨ ਪੁਰਸ਼[84], ਅਭਿਆਸੀ[85] ਅਤੇ ਵੀਚਾਰਵਾਨ[86] ਹੈ ।
ਆਪੇ ਰਾਜਨੁ[87] ਪੰਚਾ ਕਾਰੀ[88] ॥	He Himself is the King[87] and the Cabinet[88].	ਉਹ ਆਪ ਹੀ ਪਾਤਿਸ਼ਾਹ[87] ਅਤੇ ਵਜ਼ੀਰ ਮੰਡਲੀ[88] ਹੈ ।
ਤਖਤਿ[89] ਬਹੈ ਅਦਲੀ[90] ਪ੍ਰਭੁ ਆਪੇ ਭਰਮੁ[91] ਭੇਦੁ[92] ਭਉ[93] ਜਾਈ[94] ਹੇ ॥੧੦॥	The judicious[90] Lord Himself sits on the throne[89]. Remembering Him, doubt[91], differentiation[92] with Him and fear[93] depart[94].	ਨਿਆਇਕਾਰੀ[90] ਪ੍ਰਭੂ ਖੁਦ ਰਾਜਸਿੰਘਾਸਨ[89] ਤੇ ਬੈਠਦਾ ਹੈ । ਉਸ ਦਾ ਸਿਮਰਨ ਕਰਨ ਦੁਆਰਾ, ਸੰਦੇਹ[91], ਉਸ ਨਾਲ ਅੰਤਰਾ[92] ਅਤੇ ਡਰ[53] ਦੂਰ ਥੀ ਵੰਞਦੇ[94] ਹਨ ।
ਆਪੇ ਕਾਜੀ[95] ਆਪੇ ਮੁਲਾ[96] ॥	He Himself is the Judge[95] and Himself the Scholar[96].	ਉਹ ਆਪ ਜੱਜ[95] ਹੈ ਤੇ ਆਪ ਹੀ ਵਿਦਵਾਨ ਪੁਰਸ਼[96] ।
ਆਪਿ ਅਭੁਲੁ[97] ਨ ਕਬਹੂ[98] ਭੁਲਾ[99] ॥	He Himself is Infallible[97] and strays[99] not ever[98].	ਉਹ ਆਪ ਅਚੂਕ[97] ਹੈ ਅਤੇ ਕਦੇ[98] ਭੀ ਗ਼ਲਤੀ[90] ਨਹੀਂ ਖਾਂਦਾ ।
ਆਪੇ ਮਿਹਰ[100] [2]ਦਇਆ ਪਤਿ[3] ਦਾਤਾ[4] ਨਾ ਕਿਸੈ ਕੋ ਬੈਰਾਈ[5] ਹੇ ॥੧੧॥	He Himself is the Donor[4] of grace[100], compassion[2] and honour[3] and is the enemy[5] of none.	ਉਹ ਆਪ ਹੀ ਰਹਿਮਤ[100], ਮਿਹਰਬਾਨੀ[2] ਅਤੇ ਇੱਜ਼ਤ[3] ਆਬਰੂ ਦਾ ਦਾਤਾਰ[4] ਹੈ ਅਤੇ ਕਿਸੇ ਦਾ ਭੀ ਵੈਰੀ[5] ਨਹੀਂ ।
ਜਿਸੁ ਬਖਸੇ[6] ਤਿਸੁ[7] ਦੇ[8] ਵਡਿਆਈ[9] ॥	He, whom He forgives[6]; him He blesses[8] with glory[9].	ਜਿਸ ਨੂੰ ਉਹ ਮਾਫ਼ ਕਰ ਦਿੰਦਾ[6] ਹੈ; ਉਸ[7] ਨੂੰ ਉਹ ਮਾਣ ਇੱਜ਼ਤ[9] ਬਖਸ਼ਦਾ[8] ਹੈ ।
ਸਭਸੈ ਦਾਤਾ[10] ਤਿਲੁ[12] ਨ ਤਮਾਈ[13] ॥	He is the Giver[10] of all and has not even an iota[12] of avarice[13].	ਉਹ ਸਾਰਿਆਂ ਨੂੰ ਦੇਣ ਵਾਲਾ[10] ਹੈ ਅਤੇ ਉਸ ਨੂੰ ਇਕ ਭੋਰਾ ਭਰ[12] ਭੀ ਤਮ੍ਹਾ[13] ਨਹੀਂ ।
ਭਰਪੁਰਿ[14] ਧਾਰਿ[15] ਰਹਿਆ	The Fully-pervading[14] Immaculate	ਪੂਰਨ-ਵਿਆਪਕ[14] ਪਵਿੱਤ੍ਰ ਪ੍ਰਭੂ[16], ਅਦ੍ਰਿਸ਼ਟ[17] ਅਤੇ

ਨਿਹਕੇਵਲੁ[16] ਗੁਪਤੁ[17] ਪ੍ਰਗਟੁ[18] ਸਭ ਠਾਈ[19] ਹੇ ॥ ੧੨॥

Lord[16] is supporting[15] the sentient being in all the unmanifest[17] and manifest[18] places[19].

ਦ੍ਰਿਸ਼ਟਮਾਨ[18] ਸਾਰੀਆਂ ਥਾਵਾਂ[19] ਵਿੱਚ ਪ੍ਰਾਣਧਾਰੀਆਂ ਨੂੰ ਆਸਰਾ ਦੇ ਰਿਹਾ[15] ਹੈ ।

ਕਿਆ[20] ਸਾਲਾਹੀ[21] ਅਗਮ[22] ਅਪਾਰੈ[23] ॥

How[20] can I praise[21] the Inaccessible[22] and Infinite Lord[23] ?

ਮੈਂ ਪਹੁੰਚ ਤੋਂ ਪਰੇ[22] ਅਤੇ ਬੇਅੰਤ ਸਾਂਈਂ[23] ਦੀ ਕਿਸ ਤਰ੍ਹਾਂ[20] ਤਾਰੀਫ ਕਰ ਸਕਦਾ[21] ਹਾਂ ?

ਸਾਚੇ ਸਿਰਜਣਹਾਰ[24] [25]ਮੁਰਾਰੈ[26] ॥

He, the True Creator[24], is the enemy[26] of ego[25].

ਉਹ ਸੱਚਾ ਕਰਤਾਰ[24], ਹੰਕਾਰ[25] ਦਾ ਵੈਰੀ[26] ਹੈ ।

ਜਿਸ ਨੋ ਨਦਰਿ[27] ਕਰੇ ਤਿਸੁ[28] ਮੇਲੇ ਮੇਲਿ[29] ਮਿਲੈ[30] ਮੇਲਾਈ[31] ਹੇ ॥੧੩॥

He on whom is His grace[27], him[28] He unites with Himself. He alone meets[21] Him, who meets[30] with the saints' society[29].

ਜਿਸ ਦੇ ਉੱਤੇ ਉਸ ਦੀ ਮਿਹਰ[27] ਹੈ, ਉਸ[28] ਨੂੰ ਉਹ ਆਪਣੇ ਨਾਲ ਮਿਲਾ ਲੈਂਦਾ ਹੈ । ਕੇਵਲ ਉਹ ਹੀ ਉਸ ਨੂੰ ਮਿਲਦਾ[31] ਹੈ, ਜੋ ਸਤਿਸੰਗਤ[29] ਨਾਲ ਮਿਲਦਾ[30] ਹੈ ।

ਬ੍ਰਹਮਾ ਬਿਸਨੁ ਮਹੇਸੁ[32] ਦੁਆਰੈ[33] ॥ ਉਭੈ[34] ਸੇਵਹਿ[35] ਅਲਖ[36] ਅਪਾਰੈ[37] ॥

Standing[34] at His door[33] are Brahma, Vishnu and Shiva[32], and serve[35] they Him, their Unseeable[36] and Infinite Lord[37].

ਉਸ ਦੇ ਬੂਹੇ[33] ਤੇ ਖੜੋਤੇ[34] ਹਨ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ[35] ਅਤੇ ਉਹ ਆਪਣੇ ਅਦ੍ਰਿਸ਼ਟ[36] ਅਤੇ ਬੇਅੰਤ ਸੁਆਮੀ[37] ਦੀ ਚਾਕਰੀ ਨਿਭਾਉਂਦੇ[35] ਹਨ ।

ਹੋਰ ਕੇਤੀ[38] ਦਰਿ[39] ਦੀਸੈ[40] ਬਿਲਲਾਦੀ[41] ਮੈ ਗਣਤ[42] ਨ ਆਵੈ ਕਾਈ ਹੇ ॥੧੪॥

Millions[38] of others are seen[40] bewailing[41] at His door[39]. I can know not their number[42].

ਕ੍ਰੋੜਾਂ[38] ਹੀ ਹੋਰ ਉਸ ਦੇ ਦਰਵਾਜ਼ੇ[39] ਉਤੇ ਵਿਰਲਾਪ ਕਰਦੇ[41] ਵੇਖੇ ਜਾਂਦੇ[40] ਹਨ । ਮੈਂ ਉਨ੍ਹਾਂ ਦੀ ਗਿਣਤੀ[42] ਨਹੀਂ ਕਰ ਸਕਦਾ ।

ਸਾਚੀ ਕੀਰਤਿ[43] ਸਾਚੀ ਬਾਣੀ[44] ॥

True is His praise[43] and true His speech[44].

ਸੱਚੀ ਹੈ ਉਸ ਦੀ ਮਹਿਮਾ[43] ਅਤੇ ਸੱਚੀ ਉਸ ਦੀ ਗੱਲਬਾਤ[44] ।

ਹੋਰੁ[45] ਨ ਦੀਸੈ[46] ਬੇਦ ਪੁਰਾਣੀ ॥

In Vedas and Puranas, I see[46] not another[45].

ਵੇਦਾਂ ਅਤੇ ਪੁਰਾਣਾਂ ਵਿੱਚ ਮੈਨੂੰ ਹੋਰ ਕੋਈ[45] ਦਿੱਸ ਨਹੀਂ ਆਉਂਦਾ[46] ।

ਪੂੰਜੀ[47] ਸਾਚੁ ਸਚੇ ਗੁਣ[48] ਗਾਵਾ ਮੈ ਧਰ[49] ਹੋਰੁ ਨ ਕਾਈ ਹੇ ॥੧੫॥

Truth is my capital[47], the praise[48] of the True Lord sing I and no other support[49] do I have.

ਸੱਚ ਮੇਰੀ ਰਾਸ[47] ਹੈ, ਸੱਚੇ ਸੁਆਮੀ ਦੀ ਕੀਰਤੀ[48] ਹੀ ਮੈਂ ਗਾਉਂਦਾ ਹਾਂ ਅਤੇ ਮੇਰਾ ਹੋਰ ਕੋਈ ਆਸਰਾ[49] ਨਹੀਂ ।

ਜੁਗੁ ਜੁਗੁ[50] ਸਾਚਾ[51] ਹੈ ਭੀ ਹੋਸੀ[53] ॥ ਕਉਣੁ[52] ਨ ਮੂਆ ਕਉਣੁ ਨ ਮਰਸੀ ॥

In every age[50], He the True One[51], is and shall also be[53]. Who[52] has not died and who shall die not.

ਹਰ ਯੁੱਗ[50] ਅੰਦਰ ਉਹ ਸਤਿਪੁਰਖ[51] ਹੈ ਅਤੇ ਹੋਵੇਗਾ[53] ਭੀ । ਕੌਣ[52] ਨਹੀਂ ਮਰਿਆ ਅਤੇ ਕੌਣ ਹੈ ਜੋ ਮਰੇਗਾ ਨਹੀਂ ?

ਨਾਨਕੁ ਨੀਚੁ[54] ਕਹੈ[55] ਬੇਨੰਤੀ[56] ਦਰਿ[57] ਦੇਖਹੁ[58] ਲਿਵ[58] ਲਾਈ[59] ਹੇ॥੧੬॥੨॥

Poor[54] Nanak makes[55] a supplication[56]. Enshrining[59] Love[58] for the Lord and see[60] thou Him within[57] thyself.

ਗਰੀਬੜਾ[54] ਨਾਨਕ ਪ੍ਰਾਰਥਨਾ[56] ਕਰਦਾ[55] ਹੈ । ਪ੍ਰਭੂ ਨਾਲ ਪਿਰਹੜੀ[58] ਪਾ ਕੇ[59] ਤੂੰ ਉਸ ਨੂੰ ਆਪਣੇ ਅੰਦਰ[57] ਹੀ ਵੇਖ[60] ।

ਮਾਰੂ ਮਹਲਾ ੧ ॥

Maru Ist Guru.

ਮਾਰੂ ਪਹਿਲੀ ਪਾਤਿਸ਼ਾਹੀ ।

ਦੂਜੀ[61] [62]ਦੁਰਮਤਿ[63] ਅੰਨੀ[64] ਬੋਲੀ[65] ॥

Through duality[61] and mal[62]-intellect[63], the bride is gone blind[64] and deaf[65].

ਦਵੈਤ-ਭਾਵ[61] ਅਤੇ ਖੋਟੀ[62] ਬੁਧ[63] ਰਾਹੀਂ, ਪਤਨੀ ਮੁਨਾਖੀ[64] (ਅੰਨ੍ਹੀ) ਅਤੇ ਡੋਰੀ[65] ਹੋ ਗਈ ਹੈ ।

ਕਾਮ[66] ਕ੍ਰੋਧ[67] ਕੀ ਕਚੀ[68] ਚੋਲੀ[69] ॥	She wears the perishable[68] jacket[69] of lust[66] and wrath[67].	ਉਹ ਕਾਮ[66] ਅਤੇ ਕ੍ਰੋਧ[67] ਦੀ ਨਾਸਵੰਤ[68] ਫ਼ਤੂਹੀ[69] ਪਾਉਂਦੀ ਹੈ।
ਘਰਿ[76] ਵਰੁ[70] ਸਹਜੁ[71] ਨ ਜਾਣੈ ਛੋਹਰਿ[72] ਬਿਨੁ ਪਿਰ[73] ਨੀਦ[74] ਨ ਪਾਈ[75] ਹੇ ॥੧॥	The Lord[71], her spouse[70], is within her home[76], but the ignorant bride[72] knows Him not. Without her Husband[73] she can obtain[75] not sleep[74].	ਪ੍ਰਭੂ[71] ਉਸ ਦਾ ਕੰਤ[70], ਉਸ ਦੇ ਗ੍ਰਹਿ[76] ਵਿਚ ਹੀ ਹੈ ਪ੍ਰੰਤੂ ਬੇਸਮਝ ਪਤਨੀ[72] ਉਸ ਨੂੰ ਜਾਣਦੀ ਨਹੀਂ। ਆਪਣੇ ਖ਼ਸਮ[73] ਦੇ ਬਗ਼ੈਰ ਉਸ ਨੂੰ ਨੀਂਦ[74] ਪ੍ਰਾਪਤ ਨਹੀਂ ਹੁੰਦੀ[75]।
ਅੰਤਰਿ[76*] ਅਗਨਿ[77] ਜਲੈ[78] ਝੜਕਾਰੇ[79] ॥	Within[76*] her burns[78] the fire[77] with great blaze[79].	ਉਸ ਦੇ ਅੰਦਰ[76*] ਅੱਗ[77] ਪ੍ਰਚੰਡ[79] ਹੋ ਕੇ ਬਲਦੀ[78] ਹੈ।
ਮਨਮੁਖੁ[80] ਤਕੇ[81] ਕੁੰਡਾ[82] ਚਾਰੇ ॥	The perverse bride[80] looks[81] about in the four directions[82].	ਪ੍ਰਤੀਕੂਲ ਪਤਨੀ[80] ਚੌਹੀਂ ਪਾਸੀਂ[82] ਝਾਕਦੀ[81] ਹੈ।
ਬਿਨੁ ਸਤਿਗੁਰ ਸੇਵੇ[83] ਕਿਉ[84] ਸੁਖੁ ਪਾਈਐ ਸਾਚੇ[85] ਹਾਥਿ ਵਡਾਈ[86] ਹੇ ॥੨॥	Without serving[83] the True Guru, how[84] can she obtain peace ? The glory[85] is in the hands of the True Lord[85].	ਸੱਚੇ ਗੁਰਾਂ ਦੀ ਘਾਲ ਕਮਾਉਣ[83] ਦੇ ਬਾਝੋਂ, ਉਹ ਆਰਾਮ ਕਿਸ ਤਰ੍ਹਾਂ[84] ਪਾ ਸਕਦੀ ਹੈ ? ਮਾਨ-ਪ੍ਰਤਿਸ਼ਟਾ[86] ਸੱਚੇ ਸਾਂਈਂ[85] ਦੇ ਹੱਥ ਵਿਚ ਹੈ।
ਕਾਮੁ[87] ਕ੍ਰੋਧੁ[88] ਅਹੰਕਾਰੁ[89] ਨਿਵਾਰੇ[90] ॥ ਤਸਕਰ[91] ਪੰਚ ਸਬਦਿ[92] ਸੰਘਾਰੇ[93] ॥ ਗਿਆਨ[94] ਖੜਗੁ[95] ਲੈ[96] ਮਨ ਸਿਉ ਲੂਝੈ[97] ਮਨਸਾ[98] ਮਨਹਿ[89] ਸਮਾਈ[100] ਹੇ ॥੩॥	If she banishes[90] her lust[87], wrath[88] and self-conceit[89], slays[93] the five thieves[91] through the Lord's Name[92] and armed with[96] the sword[95] of gnosis[94], grapples[97] with her mind, then her desire[98] is nipped[100] within her very mind[99].	ਜੇਕਰ ਉਹ ਆਪਣੀ ਸ਼ਹਿਵਤ[87], ਗੁੱਸੇ[88] ਅਤੇ ਸਵੈ-ਹੰਗਤਾ[89] ਨੂੰ ਦੂਰ ਕਰ ਦਿੰਦੀ[90] ਹੈ, ਪੰਜਾਂ ਚੋਰਾਂ[91] ਨੂੰ ਸੁਆਮੀ ਦੇ ਨਾਮ[92] ਰਾਹੀਂ ਮਾਰ ਸੁਟਦੀ[93] ਹੈ ਅਤੇ ਬ੍ਰਹਮ ਗਿਆਤ[94] ਦੀ ਤਲਵਾਰ[95] ਪਕੜ ਕੇ[96] ਆਪਣੇ ਮਨ ਨਾਲ ਯੁਧ ਕਰਦੀ[97] ਹੈ ਤਾਂ ਉਸ ਦੀ ਖ਼ਾਹਿਸ਼[98] ਉਸ ਦੇ ਮਨ[99] ਅੰਦਰ ਹੀ ਨਾਸ ਹੋ ਜਾਂਦੀ[100] ਹੈ।
ਮਾ ਕੀ ਰਕਤੁ[2] ਪਿਤਾ ਬਿਦੁ[3] ਧਾਰਾ[4] ਮੂਰਤਿ[5] ਸੂਰਤਿ[6] ਕਰਿ[7] ਆਪਾਰਾ[8] ॥	From the mingling[4] of the mother's ovary[2] and father's sperm[3], the Lord has created[7] the form[5] of infinite[8] beauty[6].	ਮਾਤਾ ਦੀ ਰਤੂਬਤ[2] ਤੇ ਪਿਓ ਦੇ ਵੀਰਜ[3] ਦੇ ਮਿਲਾਪ[4] ਤੋਂ ਸੁਆਮੀ ਨੇ ਬੇਅੰਤ[8] ਸੁੰਦਰਤਾ[6] ਵਾਲੀ ਸ਼ਕਲ[5] ਰੱਚ ਦਿੱਤੀ[7] ਹੈ।
ਜੋਤਿ[9] ਦਾਤਿ[10] ਜੋਤੀ[12] ਸਭ[14] ਤੇਰੀ ਤੂ ਕਰਤਾ[13] ਸਭ ਠਾਈ[15] ਹੇ ॥੪॥	The light[9] or blessing[10], that[12] there is, they are all[14] Thine. Thou, O Creator[13], art contained in all the places[15].	ਰੋਸ਼ਨੀ[9] ਜਾਂ ਬਖ਼ਸ਼ਸ਼[10], ਜੋ[12] ਭੀ ਹੈ, ਉਹ ਸਮੂਹ[14] ਤੇਰੀ ਹੀ ਹੈ। ਤੂੰ, ਹੇ ਸਿਰਜਣਹਾਰ[13] ! ਸਮੂਹ ਥਾਵਾਂ[15] ਅੰਦਰ ਰਮਿਆ ਹੋਇਆ ਹੈਂ।
ਤੁਝ[16] ਹੀ ਕੀਆ[17] ਜੰਮਣ ਮਰਣਾ ॥	Thou alone[16] hast made[17] birth and death.	ਕੇਵਲ[16] ਤੂੰ ਹੀ ਜੰਮਣਾ ਅਤੇ ਮਰਨਾ ਬਣਾਇਆ[17] ਹੈ।
ਗੁਰ ਤੇ ਸਮਝ[18] ਪੜੀ[18] ਕਿਆ[20] ਡਰਣਾ[21] ॥	Why[20] should he fear[21], who obtains[19] such an understanding[18] from the Guru ?	ਜੋ ਗੁਰਾਂ ਪਾਸੋਂ ਐਸੀ ਗਿਆਤ[18] ਪ੍ਰਾਪਤ ਕਰ ਲੈਂਦਾ[19] ਹੈ, ਉਹ ਕਿਉਂ[20] ਭੈ ਕਰੇ[21] ?

ਤੂ ਦਇਆਲੁ[22] ਦਇਆ[23] ਕਰਿ ਦੇਖਹਿ[24] ਦੂਖੁ[25] ਦਰਦੁ[26] ਸਰੀਰਹੁ[27] ਜਾਈ[28] ਹੇ ॥੫॥	When Thou, O Merciful Master[22] lookest[24] with grace[23], then sorrow[25] and suffering[26] leave[28] one's body[27].	ਜਦ ਤੂੰ, ਹੇ ਮਿਹਰਬਾਨ ਮਾਲਕ[22] ! ਕ੍ਰਿਪਾਲਤਾ[23] ਨਾਲ ਵੇਖਦਾ[24] ਹੈਂ ਤਾਂ ਗਮ[25] ਅਤੇ ਪੀੜ[26] ਬੰਦੇ ਦੀ ਦੇਹ[27] ਤੋਂ ਦੂਰ ਹੋ ਜਾਂਦੇ[28] ਹਨ ।
ਨਿਜ[29] ਘਰਿ[30] ਬੈਸਿ[31] ਰਹੇ ਭਉ[32] ਖਾਇਆ ॥	He, who sits[31] in his own[29] home[30] eats up his fear[32].	ਜੋ ਆਪਣੇ ਨਿੱਜ[29] ਦੇ ਧਾਮ[30] ਵਿਚ ਬੈਠਦਾ[31] ਹੈ ਉਹ ਆਪਣੇ ਡਰ[32] ਨੂੰ ਖਾ ਜਾਂਦਾ ਹੈ ।
ਧਾਵਤ[33] ਰਾਖੇ ਠਾਕਿ ਰਹਾਇਆ[34] ॥	He stills and silences[34] his wandering[33] mind.	ਉਹ ਆਪਣੇ ਭਟਕਦੇ[33] ਹੋਏ ਮਨ ਨੂੰ ਰੋਕ ਤੇ ਥਮ ਕੇ ਰਖਦਾ[34] ਹੈ ।
ਕਮਲ[35] ਬਿਗਾਸ[36] ਹਰੇ[37] ਸਰ[38] ਸੁਭਰ[39] ਆਤਮ[40] ਰਾਮੁ[41] ਸਖਾਈ[42] ਹੇ ॥੬॥	In the brimeful[39] and green[37] tank[88] of his life, his heart lotus[35] blooms[36] and the Omnipresent[41] Lord[40] becomes his succourer[42].	ਉਸ ਦੇ ਜੀਵਨ ਦੇ ਪਰੀਪੂਰਨ[39] ਅਤੇ ਹਰੇ ਭਰੇ[37] ਤਾਲਾਬ[38] ਅੰਦਰ ਉਸ ਦਾ ਦਿਲ ਕੰਵਲ[35] ਖਿੜ ਜਾਂਦਾ[36] ਹੈ ਅਤੇ ਸਰਬ-ਵਿਆਪਕ[41] ਸੁਆਮੀ[40] ਉਸ ਦਾ ਸਹਾਇਕ[42] ਥੀ ਵੰਞਦਾ ਹੈ ।
ਮਰਣੁ[43] ਲਿਖਾਇ ਮੰਡਲ[44] ਮਹਿ ਆਏ ॥	With death[43] writ on their brow the mortals come into this world[44].	ਆਪਣੇ ਮੱਥੇ ਤੇ ਮੌਤ[43] ਲਿਖਾ ਕੇ ਪ੍ਰਾਣੀ ਇਸ ਸੰਸਾਰ[44] ਵਿਚ ਆਉਂਦੇ ਹਨ ।
ਕਿਉ[48] ਰਹੀਐ[45] ਚਲਣਾ[46] ਪਰਥਾਏ[47] ॥	How[48] can they stay[45] here. They have to walk[46] into the yonder world[47].	ਉਹ ਏਥੇ ਕਿਸ ਤਰ੍ਹਾਂ[48] ਠਹਿਰ[45] ਸਕਦੇ ਹਨ ? ਉਨ੍ਹਾਂ ਨੂੰ ਪ੍ਰਲੋਕ[47] ਵਿੱਚ ਜਾਣਾ[46] ਪਉਗਾ ।
ਸਚਾ ਅਮਰੁ[49] ਸਚੇ[50] ਅਮਰਾ[51] ਪੁਰਿ[52] ਸੋ[53] ਸਚੁ[54] ਮਿਲੈ ਵਡਾਈ[55] ਹੇ ॥੭॥	True is the Lord's command[49] and the true ones[50] abide in His Imperishable[51] City[52]. Meeting with them, He[53], the True Lord[54] blesses them with glory[55].	ਸੱਚਾ ਹੈ ਸੁਆਮੀ ਦਾ ਹੁਕਮ[49] ਅਤੇ ਸੱਚੇ ਪੁਰਸ਼[50] ਉਸ ਦੇ ਅਬਿਨਾਸੀ[51] ਸ਼ਹਿਰ[52] ਅੰਦਰ ਵਸਦੇ ਹਨ । ਉਨ੍ਹਾਂ ਨਾਲ ਮਿਲ ਕੇ ਉਹ[53] ਸੱਚਾ ਪ੍ਰਭੂ[54] ਉਨ੍ਹਾਂ ਨੂੰ ਪ੍ਰਭਤਾ[55] ਪ੍ਰਦਾਨ ਕਰਦਾ ਹੈ ।
ਆਪਿ ਉਪਾਇਆ[56] ਜਗਤੁ[57] ਸਬਾਇਆ[58] ॥	He Himself has created[56] the whole[58] world[57].	ਉਸ ਨੇ ਆਪੇ ਹੀ ਸਾਰਾ[58] ਸੰਸਾਰ[57] ਰਚਿਆ[56] ਹੈ ।
ਜਿਨਿ ਸਿਰਿਆ[59] ਤਿਨਿ[57] ਧੰਧੈ[61] ਲਾਇਆ[62] ॥	He who has made[59] it; He[60], alone, assigns[62] tasks[61] to it.	ਜਿਸ ਨੇ ਇਸ ਨੂੰ ਸਾਜਿਆ[59] ਹੈ; ਕੇਵਲ ਉਹ[60] ਹੀ ਇਸ ਨੂੰ ਕੰਮੀਂ[61] ਲਾਉਂਦਾ[62] ਹੈ ।
੧੦੨੩		
ਸਚੈ ਊਪਰਿ[63] ਅਵਰ[64] ਨ ਦੀਸੈ ਸਾਚੇ ਕੀਮਤਿ[65] ਪਾਈ ਹੇ ॥੮॥	Superior[63] to the True Lord, I see not another[64]. The True Lord alone appraises[65] the mortals.	ਸੱਚੇ ਸੁਆਮੀ ਤੋਂ ਉੱਚਾ[63] ਮੈਨੂੰ ਹੋਰ ਕੋਈ[64] ਨਹੀਂ ਦਿਸਦਾ । ਕੇਵਲ ਸੱਚਾ ਸੁਆਮੀ ਹੀ ਪ੍ਰਾਣੀਆਂ ਦਾ ਮੁਲ ਪਾਉਂਦਾ[65] ਹੈ ।
ਐਥੈ ਗੋਇਲੜਾ[66] ਦਿਨ ਚਾਰੇ ॥ ਖੇਲੁ[67] ਤਮਾਸਾ[68] ਧੁੰਧੂਕਾਰੇ[69] ॥	In this pasture-land[66] man has to pass but four days, and he revels[68] and sports[67] in utter darkness[69].	ਇਸ ਚਰਾਗਾਹ[66] (ਚਰਾਂਦ) ਅੰਦਰ ਬੰਦੇ ਨੇ ਕੇਵਲ ਚਾਰ ਦਿਹੁੰ ਗੁਜ਼ਾਰਨੇ ਹਨ ਅਤੇ ਉਹ ਅਨ੍ਹੇਰੇ ਘੁੱਪ[69] ਅੰਦਰ ਮੌਜਾਂ ਮਾਣਦਾ[68] ਤੇ ਖੇਲ੍ਹਦਾ ਮੱਲ੍ਹਦਾ[67] ਹੈ ।
ਬਾਜੀ ਖੇਲਿ[70] ਗਏ[71]	Like[73] mumbling[76] in the night's[74]	ਰਾਤ[74] ਦੇ ਸੁਫਨੇ ਵਿਚ ਗੁਣਗੁਣਾਉਣ[76] ਦੀ ਤਰ੍ਹਾਂ[73]

ਬਾਜੀਗਰ[72] ਜਿਉ[73] ਨਿਸਿ[74] ਸੁਪਨੈ[75] ਭਖਲਾਈ[76] ਹੇ॥੯॥	dream[75], the jugglers[72] have left[71] the world, after staging their play[70].	ਆਪਣੀ ਖੇਡ, ਖੇਡ[70] ਕੇ ਮਦਾਰੀ[72] ਇਸ ਸੰਸਾਰ ਤੋਂ ਲੱਦ ਗਏ[71] ਹਨ।
ਤਿਨ[77] ਕਉ ਤਖਤਿ[78] ਮਿਲੀ[79] ਵਡਿਆਈ[80] ਨਿਰਭਉ[81] ਮਨਿ[85] ਵਸਿਆ[82] ਲਿਵ[83] ਲਾਈ[84] ॥	They[77] alone are blessed[79] with glory[80] in the Lord's court[78], who enshrine[84] love[83] for Him and in whose mind[85], the Fearless[81] Lord abides[82].	ਕੇਵਲ ਉਹ[77] ਹੀ ਸਾਂਈਂ ਦੇ ਦਰਬਾਰ[78] ਅੰਦਰ ਪ੍ਰਭੁਤਾ[80] ਪਾਉਂਦੇ[79] ਹਨ, ਜੋ ਉਸ ਨੂੰ ਪਿਆਰ[83] ਕਰਦੇ[84] ਹਨ ਅਤੇ ਜਿਨ੍ਹਾਂ ਦੇ ਅੰਤਰ ਆਤਮੇਂ[85] ਭੈ-ਰਹਿਤ[81] ਸੁਆਮੀ ਨਿਵਾਸ ਰਖਦਾ[82] ਹੈ।
ਖੰਡੀ[86] ਬ੍ਰਹਮੰਡੀ[87] ਪਾਤਾਲੀ[88] ਪੁਰੀਈ[89] [90]ਤ੍ਰਿਭਵਣ[91] ਤਾੜੀ[92] ਲਾਈ ਹੇ ॥੧੦॥	In the continents[86], solar systems[87], nether regions[88], spheres[89] and the three[90] worlds[91], the Lord is sitting in trance[92].	ਮਹਾਂਦੀਪਾਂ[86], ਬ੍ਰਹਮੰਡਾਂ[87], ਪਤਾਲਾਂ[88], ਗੋਲਾਕਾਰਾਂ[89] ਅਤੇ ਤਿੰਨਾਂ[90] ਜਹਾਨਾਂ[91] ਅੰਦਰ ਸਾਹਿਬ ਸਮਾਧੀ[92] ਲਾਈ ਬੈਠ ਰਿਹਾ ਹੈ।
ਸਾਚੀ ਨਗਰੀ[93] ਤਖਤੁ[94] ਸਚਾਵਾ[95] ॥ ਗਰਮੁਖਿ[96] ਸਾਚੁ[97] ਮਿਲੈ ਸੁਖੁ ਪਾਵਾ[98]॥	True is the body-village[93] and true[95] the heart-throne[94] of those, who meeting with the True Lord[97], through the Guru's grace[96], obtain bliss[98].	ਸੱਚਾ ਹੈ ਦੇਹ ਰੂਪੀ ਨਗਰੀ[93] ਅਤੇ ਸੱਚਾ[95] ਦਿਲ ਰਾਜ-ਸਿੰਘਾਸਨ[94] ਉਨ੍ਹਾਂ ਦਾ, ਜੋ ਗੁਰਾਂ ਦੀ ਦਇਆ[96] ਦੁਆਰਾ, ਸੱਚੇ ਸੁਆਮੀ[97] ਨਾਲ ਮਿਲ ਕੇ ਪ੍ਰਸੰਨਤਾ[98] ਨੂੰ ਪ੍ਰਾਪਤ ਹੁੰਦੇ ਹਨ।
ਸਾਚੇ[99] ਸਾਚੈ ਤਖਤਿ[100] ਵਡਾਈ[2] ਹਉਮੈ[3] ਗਣਤ[4] ਗਵਾਈ[5] ਹੇ ॥੧੧॥	Through the True Name[99], man is blessed with honour[2] from the True Throne[100] and effaced[5] stand his ego[3] and counting of deeds[4].	ਸੱਚੇ ਨਾਮ[99] ਦੇ ਰਾਹੀਂ ਬੰਦੇ ਨੂੰ ਸੱਚੇ ਰਾਜਸਿੰਘਾਸਨ[100] ਤੋਂ ਇੱਜ਼ਤ ਆਬਰੂ ਪ੍ਰਾਪਤ ਹੁੰਦੀ ਹੈ ਅਤੇ ਮਿੱਟ ਜਾਂਦੀ[5] ਹੈ ਉਸ ਦੀ ਹੰਗਤਾ[3] ਅਤੇ ਕਰਮਾਂ ਦੀ ਗਿਣਤੀ ਮਿਣਤੀ[4]।
ਗਣਤ[6] ਗਣੀਐ[7] ਸਹਸਾ[8] ਜੀਐ[9] ॥	By entering[7] into accounts[6] the soul[9] is involved in anxiety[8].	ਹਿਸਾਬ ਕਿਤਾਬ[6] ਕਰਨ ਦੁਆਰਾ[7] ਜਿੰਦੜੀ[9] ਫ਼ਿਕਰ ਚਿੰਤਾ[8] ਅੰਦਰ ਫਸ ਜਾਂਦੀ ਹੈ।
ਕਿਉ[10] ਸੁਖੁ[12] ਪਾਵੈ ਦੂਐ[13] ਤੀਐ[14] ॥	Through duality[13] and three dispositions[14], how[10] can one attain peace[12]?	ਦਵੈਤ-ਭਾਵ[13] ਅਤੇ ਤਿੰਨਾਂ ਸੁਭਾਵਾਂ[14]ਦੇ ਰਾਹੀਂ ਇਨਸਾਨ ਆਰਾਮ[12] ਕਿਸ ਤਰ੍ਹਾਂ[10] ਪਾ ਸਕਦਾ ਹੈ?
ਨਿਰਮਲੁ[15] ਏਕੁ[16] ਨਿਰੰਜਨੁ[17] ਦਾਤਾ[18] ਗੁਰ ਪੂਰੇ[19] ਤੇ[20] ਪਤਿ[21] ਪਾਈ ਹੇ ॥੧੨॥	Blotless[15] and immaculate[17] is the Beneficent[18] Lord alone[16]. It is rhrough[20] the Perfect[19] Guru, that honour[21] is obtained.	ਕੇਵਲ ਦਾਤਾਰ[18] ਪ੍ਰਭੂ ਹੀ ਬੇਦਾਗ[15] ਅਤੇ ਪਾਵਨ ਪਵਿੱਤ੍ਰ[17] ਹੈ। ਪੂਰਨ[19] ਗੁਰਦੇਵ ਜੀ ਦੇ ਰਾਹੀਂ[20] ਹੀ ਪਤਿ-ਆਬਰੂ[21] ਪ੍ਰਾਪਤ ਹੁੰਦੀ ਹੈ।
ਜੁਗਿ ਜੁਗਿ[22] ਵਿਰਲ ਗੁਰਮੁਖਿ[24] ਜਾਤਾ[25] ॥	In every age[22], rare[23] is the one, who realises[25] the Lord by the Guru's	ਹਰ ਯੁੱਗ[22] ਅੰਦਰ ਕੋਈ ਟਾਵਾਂ ਟੱਲਾ[23] ਪੁਰਸ਼ ਹੀ ਗੁਰੂ ਦੀ ਦਇਆ[24] ਦੁਆਰਾ ਸਾਹਿਬ ਨੂੰ ਅਨੁਭਵ[25] ਕਰਦਾ ਹੈ।
ਸਾਚਾ[26] ਰਵਿ ਰਹਿਆ[27] ਮਨੁ[28] ਰਾਤਾ[29] ॥	His soul[28] remains imbued[29] with the True Lord[26] who is pervading[27] all.	ਉਸ ਦੀ ਜਿੰਦੜੀ[28] ਉਸ ਸੱਚੇ ਸੁਆਮੀ[26] ਨਾਲ ਰੰਗੀ ਰਹਿੰਦੀ[29] ਹੈ ਜੋ ਸਾਰੇ ਵਿਆਪਕ[27] ਹੋ ਰਿਹਾ ਹੈ।
ਤਿਸ[30] ਕੀ ਓਟ[31] ਗਹੀ[32]	Seeking[32] His[30] pretection[31], man is	ਉਸ[30] ਦੀ ਪਨਾਹ[31] ਲੈਣ[32] ਦੁਆਰਾ ਇਨਸਾਨ ਨੂੰ

ਸੁਖੁ ਪਾਇਆ ਮਨਿ[33] ਤਨਿ[34] ਮੈਲੁ[35] ਨ ਕਾਈ ਹੇ ॥੧੩॥

blessed with peace and no filth[35] remains attached to his soul[33] and body[34].

ਆਰਾਮ ਪ੍ਰਾਪਤ ਹੁੰਦਾ ਹੈ ਅਤੇ ਉਸ ਦੀ ਜ਼ਿੰਦੜੀ[33] ਅਤੇ ਦੇਹ[34] ਨੂੰ ਕੋਈ ਮਲੀਣਤਾ[35] ਚਿਮੜੀ ਨਹੀਂ ਰਹਿੰਦੀ ।

ਜੀਭ[14] ਰਸਾਇਣਿ[15] ਸਾਚੈ[16] ਰਾਤੀ[17] ॥ ਹਰਿ ਪ੍ਰਭੁ ਸੰਗੀ[18] ਭਉ[19] ਨ ਭਰਾਤੀ[20] ॥

He, whose tongue[14] is imbued[17] with the True Lord[16], the Home of Nectar[15], abides with[18] his Lord-God and is purged of dread[19] and doubt[20].

ਜਿਸ ਦੀ ਜੀਭ੍ਹਾ[14], ਅੰਮ੍ਰਿਤ ਦੇ ਘਰ[15], ਸੱਚੇ ਸੁਆਮੀ[16] ਨਾਲ ਰੰਗੀ ਜਾਂਦੀ[17] ਹੈ ਉਹ ਆਪਣੇ ਸੁਆਮੀ ਵਾਹਿਗੁਰੂ ਨਾਲ[18] ਵਸਦਾ ਹੈ ਅਤੇ ਡਰ[19] ਤੇ ਵਹਿਮ[20] ਤੋਂ ਖ਼ਲਾਸੀ ਪਾ ਜਾਂਦਾ ਹੈ ।

ਸ੍ਰਵਣ[21] ਸੂਤ[22] ਰਜੇ[23] ਗੁਰਬਾਣੀ ਜੋਤੀ[24] ਜੋਤਿ[25] ਮਿਲਾਈ[26] ਹੇ ॥੧੪॥

Hearing[22] the Guru's word, his ears[21] are satiated[23] and his light[25] blends[36] with the Supreme Light[24].

ਗੁਰਾਂ ਦੀ ਬਾਣੀ ਸੁਣਨ ਦੁਆਰਾ[22] ਉਸ ਦੇ ਕੰਨ[21] ਰੱਜ ਜਾਂਦੇ[23] ਹਨ ਅਤੇ ਉਸ ਦਾ ਨੂਰ[25] ਪਰਮ ਨੂਰ[24] ਨਾਲ ਅਭੇਦ[26] ਥੀ ਵੰਞਦਾ ਹੈ ।

ਰਖਿ[27] ਰਖਿ ਪੈਰ[28] ਧਰੇ[29] ਪਉ[30] ਧਰਣਾ[31] ॥

Very carefully[27] place[29] I my foot[28] on[30] the ground[31].

ਬਹੁਤ ਸੋਚ ਵਿਚਾਰ ਕੇ[27] ਮੈਂ ਆਪਣਾ ਪੈਰ[28] ਧਰਤੀ[31] ਉੱਤੇ[30] ਰਖਦਾ[29] ਹਾਂ ।

ਜਤ ਕਤ[33] ਦੇਖਉ[34] ਤੇਰੀ ਸਰਣਾ[35] ॥

Wheresoever[33] I am, I look[34] to Thine refuge[35].

ਜਿੱਥੇ ਕਿਤੇ[33] ਭੀ ਮੈਂ ਹੁੰਦਾ ਹਾਂ, ਮੈਂ ਤੇਰੀ ਪਨਾਹ[35] ਤਕਾਉ ਦਾ[34] ਹਾਂ ।

ਦੂਖੁ[36] ਸੁਖੁ[37] ਦੇਹਿ[38] ਤੂਹੈ ਮਨਿ[43] ਭਾਵਹਿ[39] ਤੁਝ[40] ਹੀ ਸਿਉ[41] ਬਣਿ ਆਈ[42] ਹੇ ॥੧੫॥

Whether Thou blesset[38] with woe[36] or weal[37], Thou art sweet[39] unto my mind[43]. With[41] Thee[40], O my Lord, I have immense attachment[42].

ਭਾਵੇਂ ਤੂੰ ਮੈਨੂੰ ਗਮੀ[36] ਬਖਸ਼ੇਂ[38] ਜਾਂ ਖ਼ੁਸ਼ੀ[37], ਤੂੰ ਮੇਰੇ ਚਿੱਤ[43] ਨੂੰ ਮਿੱਠਾ ਲਗਦਾ[39] ਹੈਂ । ਤੇਰੇ ਨਾਲ[41], ਹੇ ਮੇਰੇ ਸੁਆਮੀ ! ਮੇਰੀ ਅਤਿਅੰਤ ਲਗਨ[42] ਹੈ ।

ਅੰਤ[44] ਕਾਲਿ[45] ਕੋ ਬੇਲੀ[46] ਨਾਹੀ ॥ ਗੁਰਮੁਖਿ[47] ਜਾਤਾ[48] ਤੁਧੁ ਸਾਲਾਹੀ[48] ॥

No one is man's succourer[46] at the last[44] moment[45]. So, realising[48] Thee by Guru's grace[47], I praise[49] Thee.

ਅਖ਼ੀਰ[44] ਦੇ ਵੇਲੇ[45] ਬੰਦੇ ਦਾ ਕੋਈ ਸਹਾਇਕ[46] ਨਹੀਂ । ਸੋ ਗੁਰਾਂ ਦੀ ਦਇਆ[47] ਦੁਆਰਾ, ਤੈਨੂੰ ਅਨੁਭਵ[48] ਕਰ, ਮੈਂ ਤੇਰਾ ਜੱਸ ਕਰਦਾ[49] ਹਾਂ ।

ਨਾਨਕ ਨਾਮਿ ਰਤੇ[50] ਬੈਰਾਗੀ[52] ਨਿਜ[53] ਘਰਿ[55] ਤਾੜੀ[54] ਲਾਈ ਹੇ ॥੧੬॥੩॥

Imbued[50] with the Lord's Name, I have become detached[52] and now, in my own[53] home[55], sit I in trance[54].

ਸਾਹਿਬ ਦੇ ਨਾਮ ਨਾਲ ਰੰਗੀਜ[50] ਕੇ ਮੈਂ ਇੱਛਾ-ਰਹਿਤ[52] ਹੋ ਗਿਆ ਹਾਂ ਅਤੇ ਹੁਣ ਮੈਂ ਆਪਣੇ ਨਿੱਜ[53] ਦੇ ਧਾਮ[55] ਅੰਦਰ ਸਮਾਧੀ[54] ਅੰਦਰ ਇਸਥਿਤ ਹਾਂ ।

ਮਾਰੂ ਮਹਲਾ ੧ ॥

Maru 1st Guru

ਮਾਰੂ ਪਹਿਲੀ ਪਾਤਿਸ਼ਾਹੀ ।

ਆਦਿ[56] ਜੁਗਾਦੀ[59] ਅਪਰ[57] ਅਪਾਰੇ[58] ॥

O my Infinite[57] and Unequalled[58] Lord, Thou art from the very beginning[56] and the beginning of ages[59].

ਹੇ ਮੇਰੇ ਬੇਅੰਤ[57] ਅਤੇ ਬੇਮਿਸਾਲ[58] ਪ੍ਰਭੂ ! ਤੂੰ ਐਨ ਅਰੰਭ[56] ਅਤੇ ਯੁੱਗਾਂ ਦੇ ਆਰੰਭ[59] ਤੋਂ ਹੈਂ ।

ਆਦਿ[59]*ਨਿਰੰਜਨ[60] ਖਸਮ[61] ਹਮਾਰੇ ॥

O Primordial[59]* and immaculate[60] Lord, Thou art my Beloved Spouse[61].

ਹੇ ਪਰਾ ਪੂਰਬਲੇ[59]* ਪਵਿੱਤ੍ਰ[60] ਪ੍ਰਭੂ ! ਤੂੰ ਮੇਰਾ ਪਿਆਰਾ ਪਤੀ[61] ਹੈਂ ।

ਸਾਚੇ[62] ਜੋਗ[63] ਜੁਗਤਿ[64] ਵੀਚਾਰੀ[65] ਸਾਚੇ ਤਾੜੀ[66] ਲਾਈ[67] ਹੇ ॥੧॥

I reflect[65] on the way[64] to unite[63] with the True One[62], and fix[67] I my attention[66] in the True One.

ਮੈਂ, ਸਤਿਪੁਰਖ[62] ਨਾਲ ਮਿਲਣ[63] ਦੇ ਰਸਤੇ[64] ਨੂੰ ਸੋਚਦਾ[65] ਹਾਂ ਅਤੇ ਸਤਿਪੁਰਖ ਅੰਦਰ ਹੀ ਆਪਣੀ ਬਿਰਤੀ[66] ਜੋੜਦਾ[67] ਹਾਂ ।

ਕੇਤੜਿਆ[68] ਜੁਗ ਧੂੰਧੂ

For many[68] ages there was inky

ਅਨੇਕਾਂ[68] ਯੁੱਗ ਕਾਲਾਬੋਲਾ[69] ਅਨ੍ਹੇਰ ਹੀ ਸੀ ਅਤੇ

ਕਾਰੈ[69] ॥ ਤਾੜੀ[70] ਲਾਈ ਸਿਰਜਣਹਾਰੈ[71] ॥

darkness[69] and the Creator[71]-Lord sat in trance[70].

ਤਦ ਕੇਵਲ ਤੇਰਾ ਸੱਚਾ ਨਾਮ ਤੇਰੀ ਸੱਚੀ ਪ੍ਰਭੁਤਾ[71]* ਅਤੇ ਤੇਰੇ ਸੱਚੇ ਰਾਜਸਿੰਘਾਸਣ[72] ਦੀ ਵਿਸ਼ਾਲਤਾ[73] ਹੀ ਸੀ।

ਸਚੁ ਨਾਮੁ ਸਚੀ ਵਡਿਆਈ[71]* ਸਾਚੈ ਤਖਤਿ[72] ਵਡਾਈ[73] ਹੇ ॥੨॥

Then there were only Thy True Name, Thy True glory[71]* and the greatness[73] of Thy True throne[72].

ਸਤਿਜੁਗਿ ਸਤੁ[74] ਸੰਤੋਖੁ[75] ਸਰੀਰਾ[76] ॥

In the True age, truth[74] and contentment[75] permeated the human bodies[76].

ਸੱਚੇ ਯੁੱਗ ਅੰਦਰ ਸੱਚ[74] ਅਤੇ ਸੰਤੁਸ਼ਟਤਾ[75], ਮਨੁਖੀ ਦੇਹਾਂ[76] ਅੰਦਰ ਰਮੇ ਹੋਏ ਸਨ।

ਸਤਿ[77] ਸਤਿ[78] ਵਰਤੈ[79] ਗਹਿਰ[80] ਗੰਭੀਰਾ[81] ॥

In truth[77] and Thee, O Deep[80] and Unfathomable[81] True Lord[78], the mortals then remained absorbed[79].

ਓਦੋਂ ਪ੍ਰਾਣੀ ਸੱਚ[77] ਅਤੇ ਤੇਰੇ ਵਿਚ, ਹੇ ਡੂੰਘੇ[80] ਅਤੇ ਅਥਾਹ[81] ਸੱਚੇ ਸੁਆਮੀ[78], ਲੀਨ ਹੋਏ ਰਹਿੰਦੇ[79] ਹਨ।

ਸਚਾ ਸਾਹਿਬੁ ਸਚੁ ਪਰਖੈ[82] ਸਾਚੈ ਹੁਕਮਿ[83] ਚਲਾਈ[84] ਹੇ ॥੩॥

The True Lord assays[22] the mortals on the touchstone of truth and issues[84] True commands[83].

ਸੱਚਾ ਸੁਆਮੀ ਸੱਚ ਦੀ ਕਸਵੱਟੀ ਉਤੇ ਪ੍ਰਾਣੀਆਂ ਨੂੰ ਪਰਖਦਾ[82] ਹੈ ਅਤੇ ਸੱਚੇ ਫ਼ੁਰਮਾਨ[83] ਜਾਰੀ ਕਰਦਾ[84] ਹੈ।

ਸਤ[85] ਸੰਤੋਖੀ[86] ਸਤਿਗੁਰੁ ਪੂਰਾ[87] ॥

True[85] and content[86] is my Perfect[87] True Guru.

ਸੱਚੇ[85] ਅਤੇ ਸੰਤੁਸ਼ਟ[86] ਹਨ ਮੇਰੇ ਪੂਰਨ[87] ਸੱਚੇ ਗੁਰਦੇਵ ਜੀ।

ਗੁਰ ਕਾ ਸਬਦੁ[88] ਮਨੇ[89] ਸੋ[90] ਸੂਰਾ[91] ॥

He[90] alone is a hero[91], who believes[89] in the Guru's word[88].

ਕੇਵਲ ਉਹ[90] ਹੀ ਸੂਰਮਾ[91] ਹੈ ਜੋ ਗੁਰਾਂ ਦੀ ਬਾਣੀ[88] ਉਤੇ ਭਰੋਸਾ ਧਾਰਦਾ[89] ਹੈ।

ਸਾਚੀ ਦਰਗਹ[92] ਸਾਚੁ ਨਿਵਾਸਾ[93] ਮਾਨੈ[94] ਹੁਕਮੁ[95] ਰਜਾਈ[96] ਹੇ ॥੪॥

He, who submits[94] to the command[95] of the commandant[96] obtains true seat[93] in the True Court[92].

ਜੋ ਰਜ਼ਾ ਵਾਲੇ[96] ਸਾਈਂ ਦੀ ਰਜਾ[95] ਨੂੰ ਕਬੂਲ ਕਰਦਾ[94] ਹੈ, ਉਹ ਸੱਚੇ ਦਰਬਾਰ[92] ਅੰਦਰ ਸੱਚਾ ਟਿਕਾਣਾ[93] ਪਾ ਲੈਂਦਾ ਹੈ।

ਸਤਿਜੁਗਿ[97] ਸਾਚੁ ਕਹੈ ਸਭੁ ਕੋਈ ॥ ਸਚਿ[98] ਵਰਤੈ[99] ਸਾਚਾ ਸੋਈ[100] ॥

In the Goldage[97] every one spoke the the truth and he[100] alone was deemed to be true who practised[99] truth[98].

ਸੁਨਹਿਰੀ ਯੁੱਗ[97] ਅੰਦਰ ਹਰ ਕੋਈ ਸੱਚ ਬੋਲਦਾ ਸੀ ਅਤੇ ਕੇਵਲ ਉਹ[100] ਹੀ ਸੱਚਾ ਜਾਣਿਆ ਜਾਂਦਾ ਸੀ ਜੋ ਸੱਚ[98] ਦੀ ਕਮਾਈ ਕਰਦਾ[99] ਸੀ।

ਮਨਿ[2] ਮੁਖਿ[3] ਸਾਚੁ ਭਰਮ[4] ਭਉ[5] ਭੰਜਨੁ[6] ਗੁਰਮੁਖਿ[7] ਸਾਚੁ ਸਖਾਈ[8] ਹੇ ॥੫॥

The mortals had truth in their mind[2] and mouth[3] and truth being their friend[8], by the Guru's grace[7], they were rid of[6] doubt[4] and dread[5].

ਪ੍ਰਾਣੀਆਂ ਦੇ ਹਿਰਦੇ[2] ਅਤੇ ਮੂੰਹ[3] ਵਿਚ ਸੱਚ ਸੀ ਅਤੇ ਗੁਰਾਂ ਦੀ ਦਇਆ[7] ਦੁਆਰਾ ਸੱਚ ਉਨ੍ਹਾਂ ਦਾ ਮਿੱਤਰ[8] ਹੋਣ ਕਰਕੇ, ਉਨ੍ਹਾਂ ਦਾ ਸੰਦੇਹ[4] ਤੇ ਡਰ[5] ਦੂਰ ਹੋਇਆ ਹੋਇਆ[6] ਸੀ।

ਤ੍ਰੇਤੈ[9] ਧਰਮ[10] ਕਲਾ[12] ਇਕ ਚੂਕੀ[13] ॥

In the Silver-age[9], one potency[12] of faith[10] was lost[13].

ਚਾਂਦੀ ਦੇ ਯੁੱਗ[9] ਅੰਦਰ ਧਰਮ ਈਮਾਨ[10] ਦੀ ਇਕ ਸ਼ਕਤੀ[12] ਦੂਰ ਹੋ ਗਈ[13]।

ਤੀਨਿ ਚਰਣ[14] ਇਕ ਦੁਬਿਧਾ[15] ਸੂਕੀ[16] ॥

Three feet[14] remained and through duality[15]the fourth feet was shorn off[16].

ਤਿੰਨ ਪੈਰ[14] ਰਹਿ ਗਏ ਅਤੇ ਦਵੈਤ-ਭਾਵ[15] ਰਾਹੀਂ ਚੌਥਾ ਪੈਰ ਝੜ ਗਿਆ[16]।

ਗੁਰਮੁਖਿ[17] ਹੋਵੈ ਸੁ[18] ਸਾਚੁ[19] ਵਖਾਣੈ[20] ਮਨਮੁਖਿ[21] ਪਚੈ[22] ਅਵਾਈ[23] ਹੇ ॥੬॥

He[18] who got resigned to Guru's will[17], uttered[20] the True Name[19] and the way-ward[21] one was wasted away[22], in vain[23].

ਜੋ ਗੁਰੂ-ਅਨੁਸਾਰੀ[17] ਹੋ ਜਾਂਦਾ ਸੀ ਉਹ[18] ਸੱਚੇ ਨਾਮ[19] ਦਾ ਉਚਾਰਨ[20] ਕਰਦਾ ਸੀ ਅਤੇ ਆਪ-ਹੁਦਰਾ[21] ਬੇਫਾਇਦਾ[23] ਹੀ ਬਰਬਾਦ ਹੁੰਦਾ[22] ਸੀ।

ਮਨਮੁਖਿ ਕਦੇ[26] ਨ ਦਰਗਹ[24] ਸੀਝੈ[25] ॥	An apostate succeeds[25] not ever[26] in the Lord's court[24].	ਅਧਰਮੀ ਪ੍ਰਭੂ ਦੇ ਦਰਬਾਰ[24] ਅੰਦਰ ਕਦਾਚਿਤ[26] ਕਾਮਯਾਬ ਨਹੀਂ ਹੁੰਦਾ[25]।
ਬਿਨੁ ਸਬਦੈ[27] ਕਿਉ[28] ਅੰਤਰੁ[29] ਰੀਝੈ[30] ॥	Without the Name[27], how[28] can the soul[29] be pleased[30]?	ਨਾਮ[27] ਦੇ ਬਾਝੋਂ ਆਤਮਾ[29] ਕਿਸ ਤਰ੍ਹਾਂ[28] ਪ੍ਰਸੰਨ ਹੋ ਸਕਦੀ[30] ਹੈ ?
ਬਾਧੇ[31] ਆਵਹਿ ਬਾਧੇ ਜਾਵਹਿ ਸੋਝੀ[32] ਬੂਝ[33] ਨ ਕਾਈ ਹੇ ॥੭॥	Bound[31] by deeds, men come and bound by deeds they go. They know[32] and understand[33] but nothing.	ਕਰਮਾਂ ਦੇ ਬਨ੍ਹੇ ਹੋਏ[31] ਬੰਦੇ ਆਉਂਦੇ ਹਨ ਅਤੇ ਕਰਮਾਂ ਦੇ ਬਨ੍ਹੇ ਹੋਏ ਹੀ ਉਹ ਜਾਂਦੇ ਹਨ। ਉਹ ਕੁਝ ਭੀ ਜਾਣਦੇ[32] ਤੇ ਸਮਝਦੇ[33] ਨਹੀਂ।
ਦਇਆ[34] ਦੁਆਪੁਰਿ[35] ਅਧੀ[36] ਹੋਈ ॥	In the Brass-age[35], compassion[34] in men was halved[36].	ਪਿੱਤਲ ਦੇ ਯੁਗ[35] ਅੰਦਰ, ਬੰਦਿਆਂ ਵਿਚ ਰਹਿਮ[34] ਅੱਧਾ ਹੋ ਗਿਆ[36]।
ਗੁਰਮੁਖਿ[37] ਵਿਰਲਾ[38] ਚੀਨੈ[39] ਕੋਈ ॥	Some rare one[38] contemplated[39] the Lord by Guru's grace[37].	ਕੋਈ ਇਕ ਅੱਧਾ ਜਣਾ[38] ਹੀ ਗੁਰਾਂ ਦੀ ਦਇਆ[37] ਦੁਆਰਾ ਸਾਹਿਬ ਦਾ ਸਿਮਰਨ ਕਰਦਾ[39] ਸੀ।
੧੦੨੪		
ਦੁਇ[40] ਪਗ[41] ਧਰਮੁ[42] ਧਰੇ[43] [44]ਧਰਣੀਧਰ[45] ਗੁਰਮੁਖਿ[46] ਸਾਚੁ[47] ਤਿਥਾਈ[48] ਹੇ ॥੩॥	The faith[42] which upholds[43] and supports[45] the earth[44] became two[40]-footed[41] and then[48] too, the True-Lord[47] was obtained by Guru's grace[46].	ਧਰਮ ਈਮਾਨ, ਜੋ ਧਰਤੀ[44] ਨੂੰ ਠਲ੍ਹਦਾ[43] ਅਤੇ ਆਸਰਾ ਦਿੰਦਾ[45] ਹੈ, ਦੋ[40] ਪੈਰਾਂ ਵਾਲਾ[41] ਹੋ ਗਿਆ ਅਤੇ ਤਦ[48] ਭੀ ਸੱਚਾ ਸੁਆਮੀ[47] ਗੁਰਾਂ ਦੀ ਦਇਆ[46] ਦੁਆਰਾ ਹੀ ਪ੍ਰਾਪਤ ਹੁੰਦਾ ਸੀ।
ਰਾਜੇ[49] ਧਰਮੁ[50] ਕਰਹਿ ਪਰਥਾਇ[51] ॥	The kings[49] did good deeds[50] for some self-interest[51].	ਪਾਤਿਸ਼ਾਹ[49] ਕਿਸੇ ਸਵੈ-ਮਨੋਰਥ[51] ਲਈ ਚੰਗੇ ਕਰਮ[50] ਕਰਦੇ ਸਨ।
ਆਸਾ[52] ਬੰਧੇ[53] ਦਾਨੁ[54] ਕਰਾਇ ॥	Tied[53] to some hope[52], they gave, in charity[54].	ਕਿਸੇ ਉਮੈਦ[52] ਨਾਲ ਬੱਝ[53] ਕੇ ਉਹ ਪੁੰਨ ਦਾਨ[54] ਕਰਦੇ ਸਨ।
ਰਾਮ ਨਾਮ ਬਿਨੁ ਮੁਕਤਿ[55] ਨ ਹੋਈ ਥਾਕੇ[56] ਕਰਮ[57] ਕਮਾਈ ਹੇ ॥੪॥	Without the Lord's Name, they could be emancipated[55] not, though they grew weary[56] of performing other deeds[57].	ਸਾਂਈਂ ਦੇ ਨਾਮ ਦੇ ਬਗੈਰ, ਉਹ ਮੁਕਤ ਨਹੀਂ ਹੋ ਸਕਦੇ[55] ਸਨ, ਭਾਵੇਂ ਉਹ ਹੋਰ ਅਮਲ[57] ਕਮਾਉਂਦੇ ਹਾਰ ਹੁੱਟ[56] ਗਏ ਹਨ।
ਕਰਮ[58] ਧਰਮ[54] ਕਰਿ[64] ਮੁਕਤਿ ਮੰਗਾਹੀ[60] ॥ ਮੁਕਤਿ ਪਦਾਰਥੁ[61] ਸਬਦਿ[62] ਸਲਾਹੀ[63] ॥	Practising[64] religious[59] rituals[48], they sought[60] salvation, but the wealth[61] of salvation is attained to by praising[63] the Lord[62].	ਮਜ਼ਹਬੀ[59] ਕਰਮਕਾਂਡ[58] ਕਰਨ ਦੁਆਰਾ[64], ਉਹ ਕਲਿਆਣ ਦੀ ਚਾਹਨਾਂ ਕਰਦੇ[60] ਸਨ, ਪ੍ਰੰਤੂ ਕਲਿਆਣ ਦੀ ਦੌਲਤ[61] ਸਾਹਿਬ[62] ਦੀ ਸਿਫਤ ਸ਼ਲਾਘਾ ਕਰਨ[63] ਦੁਆਰਾ ਪ੍ਰਾਪਤ ਹੁੰਦੀ ਹੈ।
ਬਿਨੁ ਗੁਰ ਸਬਦੈ[65] ਮੁਕਤਿ ਨ ਹੋਈ ਪਰਪੰਚੁ[66] ਕਰਿ ਭਰਮਾਈ[67] ਹੇ ॥੧੦॥	Without the Guru's word[65], man is emancipated not. Practising hypocrisy[66], he wanders[67] in species.	ਗੁਰਾਂ ਦੀ ਬਾਣੀ[65] ਦੇ ਬਾਝੋਂ, ਮਨੁਖ ਮੁਕਤ ਨਹੀਂ ਹੁੰਦਾ। ਪਾਖੰਡ[66] ਕਰਨ ਦੁਆਰਾ ਉਹ ਜੂਨੀਆਂ ਅੰਦਰ ਭਟਕਦਾ[67] ਹੈ।
ਮਾਇਆ[68] ਮਮਤਾ[69] ਛੋਡੀ[70] ਨ ਜਾਈ ॥	One can abandon[70] not mammon's[68] love[69].	ਇਨਸਾਨ ਧਨ-ਦੌਲਤ[68] ਦੇ ਪਿਆਰ[69] ਨੂੰ ਛੱਡ[70] ਨਹੀਂ ਸਕਦਾ।

ਸੇ[71] ਛੂਟੇ[72] ਸਚੁ[73] ਕਾਰ[74] ਕਮਾਈ ॥	They[71] alone are released[72], who do virtuous[73] deeds[74].	ਕੇਵਲ ਉਹ[71] ਹੀ ਬੰਦਖ਼ਲਾਸ ਹੁੰਦੇ[72] ਹਨ ਜੋ ਨੇਕ[73] ਅਮਲ[74] ਕਮਾਉਂਦੇ ਹਨ ।
[75]ਅਹਿਨਿਸਿ[76] ਭਗਤਿ[77] ਰਤੇ[78] ਵੀਚਾਰੀ[79] ਠਾਕੁਰ[80] ਸਿਉ ਬਣਿ ਆਈ[81] ਹੇ ॥ ੧੧॥	Day[74] and night[76], the men of meditation[79] remain imbued[78] with the Lord's service[77] and this-wise please[81] they, their Lord[80].	ਦਿਹੁੰ[75] ਰੈਣ[76] ਬੰਦਗੀ ਵਾਲੇ ਬੰਦੇ[79] ਸਾਂਈਂ ਦੀ ਚਾਕਰੀ[77] ਵਿਚ ਰੰਗੇ ਰਹਿੰਦੇ[78] ਹਨ ਤੇ ਇਸ ਤਰ੍ਹਾਂ ਉਹ ਆਪਣੇ ਸਾਂਈਂ[80] ਨੂੰ ਖ਼ੁਸ਼ ਕਰ ਲੈਂਦੇ[81] ਹਨ ।
ਇਕਿ[92] ਜਪ[98] ਤਪ[94] ਕਰਿ[97] ਕਰਿ ਤੀਰਥ[95] ਨਾਵਹਿ[96] ॥	Some[92] there are, who practise[97] recitation[93] and penance[94] and bathe[96] at holies[95].	ਕਈ[92] ਪਾਠ[93] ਅਤੇ ਤਪੱਸਿਆ[94] ਕਰਦੇ[97] ਹਨ ਅਤੇ ਧਰਮ ਅਸਥਾਨਾਂ[95] ਤੇ ਇਸ਼ਨਾਨ ਵੀ[96] ।
ਜਿਉ[98] ਤੁਧੁ ਭਾਵੈ[99] ਤਿਵੈ[100] ਚਲਾਵਹਿ[2] ॥	As[98] Thou willest[99], so[100] makest Thou them walk[2].	ਜਿਸ ਤਰ੍ਹਾਂ[98] ਤੈਨੂੰ ਚੰਗਾ ਲਗਦਾ[99] ਹੈ, ਉਸੇ ਤਰ੍ਹਾਂ[100] ਹੀ ਤੂੰ ਉਨ੍ਹਾਂ ਨੂੰ ਟੋਰਦਾ[2] ਹੈਂ ।
ਹਠਿ[3] ਨਿਗ੍ਰਹਿ[4] ਅਪਤੀਜੁ[5] ਨ ਭੀਜੈ[7] ਬਿਨੁ[6] ਹਰਿ ਗੁਰ[8] ਕਿਨਿ[9] ਪਤਿ[10] ਪਾਈ ਹੇ ॥੧੨॥	Through obstinate[3] rituals[4], the inconvincible[5] soul is pleased[7] not. Without[6] the Guru-God[8], who[9] has ever obtained honour[10] ?	ਹਠੀਲੇ[3] ਕਰਮਕਾਂਡਾਂ[4] ਰਾਹੀਂ ਨਾ-ਪਤੀਜਣ ਵਾਲੀ[5] ਆਤਮਾ ਪ੍ਰਸੰਨ ਨਹੀਂ ਹੁੰਦੀ । ਗੁਰੂ-ਪ੍ਰਮੇਸ਼ਰ[8] ਦੇ ਬਾਝੋਂ[6], ਕਦੋਂ ਕਿਸੇ[9] ਨੂੰ ਇੱਜ਼ਤ[10] ਪ੍ਰਾਪਤ ਹੋਈ ਹੈ ?
ਕਲੀ ਕਾਲ[12] ਮਹਿ[13] ਇਕ ਕਲ ਰਾਖੀ[15] ॥	In[13] the Iron-age[12], only one potency[14] remained[15].	ਕਲਯੁੱਗ[12] ਅੰਦਰ[13] ਕੇਵਲ ਇਕ ਸ਼ਕਤੀ[14] ਹੀ ਰਹਿ ਗਈ[15] ।
ਬਿਨੁ ਗੁਰ ਪੂਰੇ[16] ਕਿਨੈ ਨ ਭਾਖੀ[17] ॥	Without the Perfect[16] Guru, none has described[17] it.	ਪੂਰਨ[16] ਗੁਰਾਂ ਦੇ ਬਗ਼ੈਰ ਕਿਸੇ ਨੇ ਇਸ ਨੂੰ ਵਰਨਣ ਨਹੀਂ ਕੀਤਾ[17] ।
ਮਨਮੁਖਿ[18] ਕੂੜੁ[19] ਵਰਤੈ[30] ਵਰਤਾਰਾ[31] ਬਿਨੁ ਸਤਿਗੁਰ ਭਰਮੁ[32] ਨ ਜਾਈ[33] ਹੇ॥੧੩॥	The apostates[18] stage[30] the show[31] of falsehood[19]. Without the True Guru, their doubt[32] departs[33] not.	ਅਧਰਮੀ[18] ਝੂਠ[19] ਦੀ ਖੇਡ[31] ਖੇਡਦੇ[30] ਹਨ । ਸੱਚੇ ਗੁਰਾਂ ਦੇ ਬਾਝੋਂ ਉਨ੍ਹਾਂ ਦਾ ਸੰਦੇਹ[32] ਦੂਰ ਨਹੀਂ[33] ਹੁੰਦਾ ।
ਸਤਿਗੁਰੁ ਵੇਪਰਵਾਹੁ[34] ਸਿਰੰਦਾ[35] ॥	The True Guru, of himself, is the care-free[34] Creator-Lord[35].	ਸੱਚੇ ਗੁਰੂ ਜੀ ਖ਼ੁਦ ਮੁਫ਼ੰਦਗੀ-ਰਹਿਤ[34] ਸਿਰਜਣਹਾਰ-ਸੁਆਮੀ[35] ਹਨ ।
ਨਾ ਜਮ[36] ਕਾਣਿ[37] ਨ ਛੰਦਾ[38] ਬੰਦਾ[39] ॥	He has neither the fear[37] of death[36] nor dependence[38] on men[39].	ਉਸ ਨੂੰ ਨਾ ਮੌਤ[36] ਦਾ ਡਰ[37] ਹੈ ਨਾ ਹੀ ਲੋਕਾਂ[39] ਦੀ ਮੁਥਾਜੀ[38] ।
ਜੋ ਤਿਸੁ ਸੇਵੇ[45] ਸੋ[40] ਅਬਿਨਾਸੀ[41] ਨਾ ਤਿਸੁ[42] ਕਾਲੁ[43] ਸੰਤਾਈ[44] ਹੇ ॥੧੪॥	He[40], who serves[45] him becomes immortalised[41] and him[42], the death[43] tortures[44] not.	ਜੋ ਉਨ੍ਹਾਂ ਦੀ ਟਹਿਲ ਕਮਾਉਂਦਾ[45] ਹੈ ਉਹ[40] ਅਮਰ[41] ਥੀ ਵੰਞਦਾ ਹੈ ਅਤੇ ਉਸ[42] ਨੂੰ ਮੌਤ[43] ਦੁਖ ਨਹੀਂ ਦਿੰਦੀ[44] ।
ਗੁਰ ਮਹਿ[45] ਆਪੁ[46] ਰਖਿਆ ਕਰਤਾਰੇ[47] ॥	Within[45] the Guru, the Creator[47] has placed His-own-self[46].	ਗੁਰਾਂ ਦੇ ਅੰਦਰ[45] ਕਰਤੇ[47] ਨੇ ਆਪਣੇ ਆਪ[46] ਨੂੰ ਰੱਖਿਆ ਹੋਇਆ ਹੈ ।
ਗੁਰਮੁਖਿ[48] ਕੋਟਿ[49] ਅਸੰਖ[50] ਉਧਾਰੇ[51] ॥	By Guru's grace[48], countless[50] millions[49] are saved[51].	ਗੁਰਾਂ ਦੀ[48] ਦਇਆ ਦੁਆਰਾ, ਅਣਗਿਣਤ[50] ਕ੍ਰੋੜਾਂ[49] ਹੀ ਪਾਰ ਉੱਤਰ ਜਾਂਦੇ[51] ਹਨ ।
ਸਰਬ[52] ਜੀਆ [53]ਜਗ	God, the Life[54] of the world[53], is the	ਜਗਤ[53] ਦੀ ਜਿੰਦ ਜਾਨ[54] ਵਾਹਿਗੁਰੂ ਸਾਰੇ[52] ਜੀਵਾਂ

ਜੀਵਨੁ[54] ਦਾਤਾ[55] ਨਿਰਭਉ[56] ਮੈਲੁ[57] ਨ ਕਾਈ ਹੇ ॥੧੫॥	Giver[55] of all[52] the beings. The Fear-free Lord[56] has no filth[57].	ਦਾ ਦਾਤਾਰ[55] ਹੈ। ਭੈ-ਰਹਿਤ ਪ੍ਰਭੂ[56] ਵਿੱਚ ਕੋਈ ਮਲੀਣਤਾ[57] ਨਹੀਂ।
ਸਗਲੇ[58] ਜਾਚਹਿ[60] ਗੁਰ ਭੰਡਾਰੀ[59] ॥	Everyone[58] asks for[60] alms from the Guru, the Lord's treasurer[59].	ਹਰ ਕੋਈ[58] ਪ੍ਰਭੂ ਦੇ ਖ਼ਜ਼ਾਨਚੀ[50], ਗੁਰਾਂ, ਪਾਸੋਂ ਖ਼ੈਰ ਮੰਗਦਾ[66] ਹੈ।
ਆਪਿ ਨਿਰੰਜਨੁ[51] ਅਲਖ[62] ਅਪਾਰੀ[63] ॥	The Guru Himself is the Immaculate[61], Inscrutable[62] and Infinite[63] Lord.	ਗੁਰੂ ਜੀ ਆਪੇ ਹੀ ਪਵਿੱਤ੍ਰ[61], ਅਗਾਧ[62] ਅਤੇ ਬੇਅੰਤ[63] ਪ੍ਰਭੂ ਹਨ।
ਨਾਨਕੁ ਸਾਚੁ ਕਹੈ[68] ਪ੍ਰਭ ਜਾਚੈ[64] ਮੈ ਦੀਜੈ[65] ਸਾਚੁ[66] ਰਜਾਈ[67] ਹੇ ॥੧੬॥੪॥	Nanak tells[68] the truth, that he begs[64] from the Lord alone. O Lord of the will[67], bless[65] Thou me with Thy True Name[66].	ਨਾਨਕ ਸੱਚ ਆਖਦਾ[68] ਹੈ ਕਿ ਉਹ ਕੇਵਲ ਸਾਹਿਬ ਪਾਸੋਂ ਹੀ ਮੰਗਦਾ[64] ਹੈ। ਹੇ ਰਜ਼ਾ[67] ਦੇ ਮਾਲਕ! ਤੂੰ ਮੈਨੂੰ ਆਪਣਾ ਸੱਚਾ[66] ਨਾਮ ਪ੍ਰਦਾਨ[65] ਕਰ।
ਮਾਰੂ ਮਹਲਾ ੧ ॥	Maru Ist Guru.	ਮਾਰੂ ਪਹਿਲੀ ਪਾਤਿਸ਼ਾਹੀ।
ਸਾਚੈ[70] ਮੇਲੇ[71] ਸਬਦਿ[72] ਮਿਲਾਏ[73] ॥	They who are united[73] with His Name[72]; Them the True Lord[70] blends[71] with Himself.	ਜੋ ਉਸ ਦੇ ਨਾਮ[72] ਨਾਲ ਜੁੜਦੇ[73] ਹਨ; ਉਨ੍ਹਾਂ ਨੂੰ ਸੱਚਾ ਸੁਆਮੀ[70] ਆਪਣੇ ਨਾਲ ਅਭੇਦ ਕਰ ਲੈਂਦਾ[71] ਹੈ।
ਜਾ ਤਿਸੁ[75] ਭਾਣਾ[76] ਸਹਜਿ[77] ਸਮਾਏ[78] ॥	When[74] it pleases[76] Him[75], one is absorbed[78] in equipoise[77].	ਜਦ[74] ਉਸ[75] ਨੂ ਚੰਗਾ ਲਗਦਾ[76] ਹੈ, ਇਨਸਾਨ ਅਡੋਲਤਾ[77] ਅੰਦਰ ਲੀਨ ਹੋ ਜਾਂਦਾ[78] ਹੈ।
[79]ਤ੍ਰਿਭਵਣ[80] ਜੋਤਿ[81] ਧਰੀ[82] ਪਰਮੇਸਰਿ ਅਵਰੁ ਨ ਦੂਜਾ ਭਾਈ[83] ਹੇ ॥੧॥	The Lord's Light[81] pervades[82] the three[79] worlds[80]. There is not any other but He, O brother[83].	ਤਿੰਨਾਂ[79] ਜਹਾਨਾਂ[80] ਅੰਦਰ ਪ੍ਰਭੂ ਦਾ ਪ੍ਰਕਾਸ਼[81] ਵਿਆਪਕ ਹੋ ਰਿਹਾ[82] ਹੈ। ਉਸ ਦੇ ਬਗ਼ੈਰ ਹੋਰ ਦੂਸਰਾ ਕੋਈ ਨਹੀਂ, ਹੇ ਵੀਰ[83]!
ਜਿਸ ਕੇ ਚਾਕਰ[84] ਤਿਸ ਕੀ ਸੇਵਾ[85] ॥	I serve[85] Him, whose servant[84] I am.	ਮੈਂ ਉਸ ਦੀ ਟਹਿਲ ਸੇਵਾ[85] ਕਰਦਾ ਹਾਂ ਜਿਸ ਦਾ ਮੈਂ ਨੌਕਰ[84] ਹਾਂ।
ਸਬਦਿ[86] ਪਤੀਜੈ[77] ਅਲਖ[88] ਅਭੇਵਾ[89] ॥	The Unseeable[88] and Inscrutable[89] Lord is propitiated[87] through the Guru's word[86].	ਅਦ੍ਰਿਸ਼ਟ[88] ਅਤੇ ਭੇਦ-ਰਹਿਤ[89] ਠਾਕੁਰ ਗੁਰਾਂ ਦੀ ਬਾਣੀ[86] ਰਾਹੀਂ ਪ੍ਰਸੰਨ ਹੁੰਦਾ[87] ਹੈ।
ਭਗਤਾ[90] ਕਾ ਗੁਣਕਾਰੀ[91] ਕਰਤਾ[92] ਬਖਸਿ[93] ਲਏ ਵਡਿਆਈ[94] ਹੇ ॥੨॥	The Creator[92] is the Benefactor[91] of His saints[90]. He forgives[93] them. Such is His greatness[94].	ਸਿਰਜਣਹਾਰ[92] ਆਪਣੇ ਸਾਧੂਆਂ[90] ਨਾਲ ਨੇਕੀ ਕਰਨ-ਹਾਰ[91] ਹੈ। ਉਹ ਉਨ੍ਹਾਂ ਨੂੰ ਮਾਫ਼ ਕਰ ਦਿੰਦਾ[93] ਹੈ। ਐਹੋ ਜੇਹੀ ਹੈ ਉਸ ਦੀ ਮਹਾਨਤਾ[94]।
ਦੇਦੇ[95] ਤੋਟਿ[96] ਨ ਆਵੈ ਸਾਚੇ[97] ॥	The True Lord[97] ever gives[95] and His bounties exhaust[96] not.	ਸੱਚਾ ਸਾਂਈਂ[97] ਸਦਾ ਹੀ ਦਿੰਦਾ[95] ਹੈ ਅਤੇ ਉਸ ਦੀਆਂ ਦਾਤਾਂ ਮੁਕਦੀਆਂ[98] ਨਹੀਂ।
ਲੈਦੇ[98] ਲੈ ਮੁਕਰਿ[99] ਪਉਦੇ ਕਾਚੇ[100] ॥	The false ones[100] receive[98] and deny[99] their receipt.	ਝੂਠੇ ਜੀਵ[100] ਲੈਂਦੇ[98] ਹਨ ਅਤੇ ਉਨ੍ਹਾਂ ਦੀ ਵਸੂਲੀ ਤੋਂ ਮੁਨਕਰ ਹੋ ਜਾਂਦੇ[99] ਹਨ।
ਮੂਲੁ[2] ਨ ਬੂਝਹਿ[3] ਸਾਚਿ	They know[3] not their origin[2], are not	ਉਹ ਆਪਣੇ ਮੁੱਢ[2] ਨੂੰ ਨਹੀਂ ਜਾਣਦੇ[3], ਸੱਚ ਨਾਲ

ਨ ਰੀਝਹਿ[4] ਦੂਜੈ[5] ਭਰਮਿ ਭੁਲਾਈ[7] ਹੇ ॥੩॥	pleased[4] with truth and stray[7] in duality[5] and doubt[6].	ਖ਼ੁਸ਼ ਨਹੀਂ ਹੁੰਦੇ[4] ਅਤੇ ਦਵੈਤ-ਭਾਵ[5] ਅਤੇ ਸੰਦੇਹ[6] ਅੰਦਰ ਭਟਕਦੇ[7] ਹਨ ।
ਗੁਰਮੁਖਿ[8] ਜਾਗਿ[9] ਰਹੇ ਦਿਨ ਰਾਤੀ ॥	The Guru-wards[8] keep awake[9] day and night.	ਗੁਰੂ-ਸਮਰਪਨ[8] ਦਿਹੁੰ ਰੈਣ ਜਾਗਦੇ[9] ਰਹਿੰਦੇ ਹਨ ।
ਸਾਚੇ[10] ਕੀ ਲਿਵ[12] ਗੁਰਮਤਿ[13] ਜਾਤੀ[14] ॥	Through the Guru's instruction[13], they realise[14] the worth of the True[10] Lord's love[12].	ਗੁਰਾਂ ਦੀ ਸਿਖਮਤ[13] ਰਾਹੀਂ, ਉਹ ਸੱਚੇ ਪ੍ਰਭੂ[10] ਦੀ ਪ੍ਰੀਤ[12] ਦੀ ਕਦਰ ਨੂੰ ਅਨੁਭਵ ਕਰ ਲੈਂਦੇ[14] ਹਨ ।
ਮਨਮੁਖ[15] ਸੋਇ[16] ਰਹੇ[17] ਸੇ ਲੂਟੇ[18] ਗੁਰਮੁਖਿ[21] ਸਾਬਤੁ[19] ਭਾਈ[20] ਹੇ ॥੪॥	The egocentrics[15] remain asleep[16] and they[17] are plundered[18]. The Lord-conscious beings[21] remain safe and sound[19], O brother[20].	ਆਪ ਹੁਦਰੇ[15] ਸੁੱਤੇ[16] ਰਹਿੰਦੇ ਹਨ ਅਤੇ ਉਹ[17] ਲੁਟੇ ਪੁਟੇ ਜਾਂਦੇ[18] ਹਨ । ਸਾਂਈਂ ਨੂੰ ਜਾਨਣ ਵਾਲੇ[21] ਸਹੀ ਸਲਾਮਤ[19] ਰਹਿੰਦੇ ਹਨ, ਹੇ ਵੀਰ[20] !
ਕੂੜੇ[22] ਆਵੈ ਕੂੜੇ ਜਾਵੈ ॥ ਕੂੜੇ ਰਾਤੀ[23] ਕੂੜੁ ਕਮਾਵੈ[24]॥	The false one[22] comes, the false one goes and imbued[23] with falsehood, she practises[24] falsehood.	ਝੂਠੀ[22] ਆਉਂਦੀ ਹੈ, ਝੂਠੀ ਜਾਂਦੀ ਹੈ ਅਤੇ ਝੂਠ ਨਾਲ ਰੰਗੀ ਹੋਈ ਉਹ[23] ਉਹਦੀ ਕਮਾਈ ਕਰਦੀ[24] ਹੈ ।
ਸਬਦਿ[25] ਮਿਲੇ[26] ਸੇ[37] ਦਰਗਹ[28] ਪੈਧੇ[29] ਗੁਰਮੁਖਿ[30] ਸੁਰਤਿ[31] ਸਮਾਈ[32] ਹੇ ॥੫॥	They[27], who are blessed[26] with the Name[25], by the Guru's grace[30], are robed[29] in the Lord's court[28] and their attention[31] remains absorbed[32] in Him.	ਜਿਨ੍ਹਾਂ ਨੂੰ ਗੁਰਾਂ ਦੀ ਦਇਆ[30] ਦੁਆਰਾ, ਨਾਮ[25] ਦੀ ਦਾਤ ਮਿਲੀ[26] ਹੈ, ਉਹ[27] ਪ੍ਰਭੂ ਦੇ ਦਰਬਾਰ[28] ਅੰਦਰ ਪਹਿਰਾਏ ਜਾਂਦੇ[29] ਹਨ ਅਤੇ ਉਨ੍ਹਾਂ ਦੀ ਬਿਰਤੀ[31] ਉਸ ਅੰਦਰ ਲੀਨ[32] ਰਹਿੰਦੀ ਹੈ ।
ਕੂੜਿ[33] ਮੁਠੀ[34] ਠਗੀ[35] ਠਗਵਾੜੀ[36] ॥	The false one[33] is cheated[34] and plundered[35] by the cheats[36].	ਝੂਠੀ[33] ਨੂੰ ਛਲੀਆਂ[36] ਨੇ ਛਲ[34] ਅਤੇ ਲੁਟਪੁਟ ਲਿਆ[35] ਹੈ ।
ਜਿਉ[37] ਵਾੜੀ[38] ਓਜਾੜਿ[39] ਉਜਾੜੀ[40] ॥	Her Divine garden[38] is laid waste[40] like[37] a wilderness[39].	ਉਸ ਦਾ ਈਸ਼ਵਰੀ ਬਾਗ਼[38], ਬੀਆਬਾਨ[39] ਦੀਂ ਤਰ੍ਹਾਂ[37] ਉਜੜਿਆ ਪਿਆ[40] ਹੈ ।
ਨਾਮ ਬਿਨਾ ਕਿਛੁ ਸਾਦਿ[41] ਨ ਲਾਗੈ ਹਰਿ ਬਿਸਰਿਐ[42] ਦੁਖੁ[43] ਪਾਈ[44] ਹੇ ॥੬॥	Without the Name, nothing tastes sweet[41]. Forgetting[42] the Lord, one suffers[44] great sorrow[43].	ਨਾਮ ਦੇ ਬਗੈਰ ਕੁਝ ਭੀ ਮਿੱਠਾ[41] ਨਹੀਂ ਲਗਦਾ । ਨਾਮ ਨੂੰ ਭੁਲਾ[42] ਇਨਸਾਨ ਬਹੁਤ ਤਕਲੀਫ਼[43] ਉਠਾਉਂਦਾ[44] ਹੈ ।
ਭੋਜਨੁ[45] ਸਾਚੁ ਮਿਲੈ[46] ਆਘਾਈ[47] ॥	Obtaining[46] the diet[45] of truth, one is satiated[47].	ਸੱਚ ਦਾ ਆਹਾਰ[45] ਪਾਣ[46] ਨਾਲ, ਜੀਵ ਰੱਜ ਜਾਂਦਾ[47] ਹੈ ।
ਨਾਮ ਰਤਨੁ[48] ਸਾਚੀ ਵਡਿਆਈ[49] ॥	True is the grandeur[49] of the Name-jewel[48].	ਸੱਚਾ ਹੈ ਤੇਜ ਪਰਤਾਪ[49] ਨਾਮ ਦੇ ਹੀਰੇ[48] ਦਾ ।
ਚੀਨੈ[50] ਆਪੁ[51] ਪਛਾਣੈ[52] ਸੋਈ[53] ਜੋਤੀ[54] ਜੋਤਿ[55] ਮਿਲਾਈ[56] ਹੇ ॥੭॥	He[53], who understands[50] himself[51], realises[52] the Lord and his light[55] blends[56] with the Supreme Light[54].	ਜੋ ਆਪਣੇ ਆਪ[51] ਨੂੰ ਸਮਝਦਾ[50] ਹੈ ਉਹ[53] ਸਾਂਈਂ ਨੂੰ ਅਨੁਭਵ ਕਰ ਲੈਂਦਾ[52] ਹੈ ਅਤੇ ਉਸ ਦਾ ਨੂਰ[55] ਪਰਮ ਨੂਰ[54] ਨਾਲ ਅਭੇਦ ਹੋ ਜਾਂਦਾ[56] ਹੈ ।
ਨਾਵਹੁ[57] ਭੁਲੀ[58] ਚੋਟਾ[59] ਖਾਏ[60] ॥	Straying[58] from the path of the Lord's Name[57], she bears[60] blows[59].	ਸੁਆਮੀ ਦੇ ਨਾਮ[57] ਦੇ ਮਾਰਗ ਤੋਂ ਘੁੱਸ[58] ਕੇ ਉਹ ਸੱਟਾਂ[59] ਸਹਾਰਦੀ[60] ਹੈ ।

੧੦੨੫

ਬਹੁਤੁ[61] ਸਿਆਣਪ[62] ਭਰਮੁ[63] ਨ ਜਾਏ[64] ॥	Through excessive[61] cleverness[62], her doubt[63] is dispelled[64] not.	ਬਹੁਤੀ[61] ਚਤੁਰਾਈ[62] ਰਾਹੀਂ, ਉਸ ਦਾ ਸੰਦੇਹ[63] ਦੂਰ ਨਹੀਂ ਹੁੰਦਾ[64]।
ਪਚਿ ਪਚਿ[65] ਮੁਏ[66] ਅਚੇਤ[67] ਨ ਚੇਤਹਿ[68] ਅਜਗਰਿ[69] ਭਾਰਿ[70] ਲਦਾਈ[71] ਹੇ ॥੮॥	The unmindful bride[67] remembers[68] not her Lord, carries[71] the very heavy[69] load[70] of sins and rots and putrefies[65] to death[66].	ਗਾਫ਼ਲ ਪਤਨੀ[67] ਆਪਣੇ ਸਾਂਈਂ ਨੂੰ ਯਾਦ ਨਹੀਂ ਕਰਦੀ[68], ਉਹ ਪਾਪਾਂ ਦਾ ਭਾਰੀ[69] ਬੋਝ[70] ਚੁੱਕਦੀ[71] ਹੈ ਅਤੇ ਗਲ ਸੜ ਕੇ[65] ਮਰ ਮੁਕ ਜਾਂਦੀ[66] ਹੈ।
ਬਿਨੁ[72] ਬਾਦ[73] ਬਿਰੋਧਹਿ[74] ਕੋਈ ਨਾਹੀ ॥	There is none, who is free[72] from contention[73] and strife[74].	ਕੋਈ ਭੀ ਝਗੜੇ[73] ਅਤੇ ਫ਼ਸਾਦ[74] ਤੋਂ ਸੱਖਣਾ[72] ਨਹੀਂ।
ਮੈ ਦੇਖਾਲਿਹੁ[75] ਤਿਮੁ[76] ਸਾਲਾਹੀ[77] ॥	If Thou showest[75] me any, who has not these; Him[76] I shall eulogise[77].	ਜੇਕਰ ਤੂੰ ਮੈਨੂੰ ਕੋਈ ਐਹੋ ਜੇਹਾ ਵਿਖਾਲ ਦੇਵੇਂ[75] ਜਿਸ ਵਿਚ ਇਹ ਵੈਰ ਵਿਰੋਧ ਨਹੀਂ, ਉਸ[76] ਦੀ ਮੈਂ ਤਾਰੀਫ਼ ਕਰਾਂਗਾ[77]।
ਮਨੁ[78] ਤਨੁ[79] ਅਰਪਿ[80] ਮਿਲੈ[81] [82]ਜਗਜੀਵਨੁ[83] ਹਰਿ ਸਿਉ[84] ਬਣਤ ਬਣਾਈ[85] ਹੇ ॥੯॥	By dedication[80] his soul[78] and body[79] to God, the Life[83] of the World[82], man makes up[85] and meets[81] with[84] Him.	ਆਪਣੀ ਜਿੰਦੜੀ[78] ਤੇ ਦੇਹ[79], ਜਗਤ[82]ਦੀ ਜਿੰਦਜਾਨ[83], ਰੱਬ ਨੂੰ ਸਮਰਪਨ ਕਰ[80], ਬੰਦਾ ਉਸ ਨਾਲ[84] ਗੰਢ[85] ਕੇ, ਉਸ ਨੂੰ ਮਿਲ ਪੈਂਦਾ[81] ਹੈ।
ਪ੍ਰਭ ਕੀ ਗਤਿ[86] ਮਿਤਿ[87] ਕੋਇ ਨ ਪਾਵੈ[88] ॥	None knows[88] the state[86] and extent[87] of the Lord.	ਗੁਸਾਂਈਂ ਦੀ ਅਵਸਥਾ[86] ਅਤੇ ਵਿਸਥਾਰ[87] ਨੂੰ ਕੋਈ ਨਹੀਂ ਜਾਣਦਾ[88]।
ਜੋ ਕੋ[89] ਵਡਾ ਕਹਾਇ[90] ਵਡਾਈ ਖਾਵੈ[92] ॥	Whosoever[89] calls[90] himself great, his greatness[91] eats[92] him.	ਜਿਹੜਾ[89]ਕੋਈ ਭੀ ਆਪਣੇ ਆਪ ਨੂੰ ਵੱਡਾ ਅਖਵਾਉਂਦਾ[90] ਹੈ, ਉਸ ਦਾ ਵਡੱਪਣ[91] ਉਸ ਨੂੰ ਖਾ ਜਾਂਦਾ[92] ਹੈ।
ਸਾਚੇ ਸਾਹਿਬ ਤੋਟਿ[93] ਨ ਦਾਤੀ[94] ਸਗਲੀ[95] ਤਿਨਹਿ[96] ਉਪਾਈ[97] ਹੇ ॥੧੦॥	There is no dearth[93] of the True Lord's bounties[94]. It is He[96], who has created[97] all[95].	ਸੱਚੇ ਸੁਆਮੀ ਦੀਆਂ ਬਖ਼ਸ਼ੀਸ਼ਾਂ[94] ਦੀ ਕੋਈ ਥੋੜ੍ਹ[93] ਨਹੀਂ। ਉਸ[96] ਨੇ ਹੀ ਸਾਰਿਆਂ[95] ਨੂੰ ਰੱਚਿਆ[97] ਹੈ।
ਵਡੀ[98] ਵਡਿਆਈ[99] ਵੇਪਰਵਾਹੇ[100] ॥	Great[98] is the greatness[99] of the Independent Lord[100].	ਵਿਸ਼ਾਲ[98] ਹੈ ਵਿਸ਼ਾਲਤਾ[99], ਸਵਤੰਤਰ ਸੁਆਮੀ[100] ਦੀ।
ਆਪਿ ਉਪਾਏ[2] ਦਾਨੁ[3] ਸਮਾਹੇ[4] ॥	Himself creating[2] all, he reaches[4] them sustenance[3].	ਆਪੇ ਹੀ ਸਾਰਿਆਂ ਨੂੰ ਰੱਚ ਕੇ[2], ਉਹ ਉਨ੍ਹਾਂ ਨੂੰ ਰੋਜ਼ੀ[3] ਪੁਚਾਉਂਦਾ[4] ਹੈ।
ਆਪਿ[5] ਦਇਆਲੁ[6] ਦੂਰਿ[7] ਨਹੀ ਦਾਤਾ[8] ਮਿਲਿਆ[12] ਸਹਜਿ[9] ਰਜਾਈ[10] ਹੇ ॥੧੧॥	The Beneficent[8], Merciful Master[6] is not far[7]. If such be His will[10], He, of Himself[5], naturally[9] meets[12] His slave.	ਦਾਤਾਰ[8] ਮਿਹਰਬਾਨ[6] ਮਾਲਕ ਦੁਰੇਡੇ[7] ਨਹੀਂ। ਜੇਕਰ ਐਸੀ ਹੋਵੇ ਉਸ ਦੀ ਰਜ਼ਾ[10], ਤਾਂ ਉਹ ਆਪੇ ਸੁਭਾਵਿਕ ਹੀ[9] ਆਪਣੇ ਗੋਲੇ ਨੂੰ ਮਿਲ ਪੈਂਦਾ[12] ਹੈ।
ਇਕਿ[12*] ਸੋਗੀ[13] ਇਕਿ ਰੋਗਿ[14] ਵਿਆਪੇ[15] ॥	Some[12*] are woe-begone[13] and some are afflicted[15] by disease[14],	ਕਈ[12*] ਸ਼ੋਕਵਾਨ[13] ਹਨ ਅਤੇ ਕਈਆਂ ਨੂੰ ਬੀਮਾਰੀ[14] ਨੇ ਪੀੜਤ ਕੀਤਾ ਹੋਇਆ[15] ਹੈ।
ਜੋ ਕਿਛੁ[16] ਕਰੇ ਸੁ[17] ਆਪੇ ਆਪੇ[18] ॥	Whatever[16] He does, He does that[17] all by Himself[18].	ਜਿਹੜਾ ਕੁੱਛ[16] ਉਹ ਕਰਦਾ ਹੈ, ਉਸ ਨੂੰ[17] ਉਹ ਆਪਣੇ ਆਪ[18] ਹੀ ਕਰਦਾ ਹੈ।
ਭਗਤਿ ਭਾਉ[19] ਗੁਰ ਕੀ	Through the Lord's love-worship[19]	ਪ੍ਰਭੂ ਦੀ ਪ੍ਰੇਮ-ਮਈ ਉਪਾਸ਼ਨਾ[19] ਅਤੇ ਗੁਰਾਂ ਦੀ ਪੂਰਨ[21]

ਮਤਿ[20] ਪੂਰੀ[21] ਅਨਹਦਿ ਸਬਦਿ[22] ਲਖਾਈ[23] ਹੇ॥੧੨॥

and the perfect[21] instruction[20] of the Guru, celestial strain[22] is realised[23].

ਸਿਖਮਤ[20] ਰਾਹੀਂ ਈਸ਼ਵਰੀ ਕੀਰਤਨ[22] ਅਨੁਭਵ[23] ਕੀਤਾ ਜਾਂਦਾ ਹੈ ।

ਇਕਿ[24] ਨਾਗੇ[25] ਭੂਖੇ[26] ਭਵਹਿ[27] ਭਵਾਏ[28] ॥

Some[24] ramble[27] and roam[28] about hungry[26] and naked[25].

ਕਈ[24] ਭੁੱਖੇ[26] ਨੰਗੇ[25] ਤੇ ਭੌਂਦੇ[27] ਭਟਕਦੇ[28] ਫਿਰਦੇ ਹਨ ।

ਇਕਿ ਹਠੁ[29] ਕਰਿ[33] ਮਰਹਿ[30] ਨ ਕੀਮਤਿ[31] ਪਾਏ[32] ॥

Some ramble[30] through[33] abstinacy[29] and know[32] not the Lord's worth[81].

ਕਈ ਜ਼ਿੱਦ[29] ਰਾਹੀਂ[33] ਨਾਸ ਹੋ ਜਾਂਦੇ[30] ਹਨ ਅਤੇ ਸਾਹਿਬ ਦੇ ਮੁਲ[31] ਨੂੰ ਨਹੀਂ ਜਾਣਦੇ[32] ।

ਗਤਿ[34] ਅਵਿਗਤਿ[35] ਕੀ ਸਾਰ[36] ਨ ਜਾਣੈ ਬੂਝੈ[37] ਸਬਦੂ[38] ਕਮਾਈ[39] ਹੇ ॥੧੩॥

They know not the quintessence[36] of good[34] and bad[35]. Through the practice[39] of the Name[38], this truth is revealed[37].

ਉਹ ਚੰਗੇ[34] ਤੇ ਮੰਦੇ[35] ਦੀ ਅਸਲੀਅਤ[36] ਨੂੰ ਨਹੀਂ ਜਾਣਦੇ । ਨਾਮ[38] ਦੀ ਕਮਾਈ[39] ਰਾਹੀਂ ਇਹ ਸੱਚ ਪ੍ਰਗਟ[37] ਹੁੰਦਾ ਹੈ ।

ਇਕਿ ਤੀਰਥਿ[40] ਨਾਵਹਿ ਅੰਨੁ[41] ਨ ਖਾਵਹਿ ॥

Some bathe at holies[40] and eat not corn[41].

ਕਈ ਯਾਤ੍ਰਾ ਅਸਥਾਨਾਂ[40] ਤੇ ਨ੍ਹਾਉਂਦੇ ਹਨ ਅਤੇ ਅਨਾਜ[41] ਨਹੀਂ ਖਾਂਦੇ ।

ਇਕਿ ਅਗਨਿ[42] ਜਲਾਵਹਿ[43] ਦੇਹ[44] ਖਪਾਵਹਿ[45] ॥

Some there are, who burn[43] fire[42] and torment[45] their body[44].

ਕਈ ਅੱਗ[42] ਬਾਲਦੇ[43] ਹਨ ਅਤੇ ਆਪਣੇ ਸਰੀਰ[44] ਨੂੰ ਦੁਖ ਦਿੰਦੇ[45] ਹਨ ।

ਰਾਮ ਨਾਮ ਬਿਨੁ ਮੁਕਤਿ[46] ਨ ਹੋਈ ਕਿਤੁ[47] ਬਿਧਿ[48] ਪਾਰਿ ਲੰਘਾਈ[49] ਹੇ ॥੧੪॥

Without the Lord's Name, salvation[46] is obtained not, In what[47] other way[48] can one across[49] ?

ਸੁਆਮੀ ਦੇ ਨਾਮ ਦੇ ਬਗੈਰ ਮੋਖ਼ਸ਼[46] ਪ੍ਰਾਪਤ ਨਹੀਂ ਹੁੰਦੀ । ਹੋਰ ਕਿਹੜੇ[47] ਤਰੀਕੇ[48] ਨਾਲ ਇਨਸਾਨ ਪਾਰ ਉੱਤਰ ਸਕਦਾ[49] ਹੈ ?

ਗੁਰਮਤਿ[50] ਛੋਡਹਿ ਉਝੜਿ[51] ਜਾਈ[52] ॥

He leaves off the Guru's path[50] and wanders[52] in wilderness[51].

ਉਹ ਗੁਰਾਂ ਦੇ ਮਾਰਗ[50] ਨੂੰ ਛੱਡ ਕੇ ਬੀਆਬਾਨ[51] ਅੰਦਰ ਭਟਕਦਾ[52] ਹੈ ।

ਮਨਮੁਖਿ[53] ਰਾਮੁ ਨ ਜਪੈ[54] ਅਵਾਈ[55] ॥

The way-ward[55] apostate[53] contemplates[64] not his Lord.

ਆਪ ਮੁਹਾਰਾ[55] ਅਧਰਮੀ[53] ਆਪਣੇ ਸਾਹਿਬ ਦਾ ਸਿਮਰਨ[54] ਨਹੀਂ ਕਰਦਾ ।

ਪਚਿ ਪਚਿ[56] ਬੂਡਹਿ[57] ਕੂੜੁ ਕਮਾਵਹਿ[53] ਕੂੜਿ ਕਾਲੁ[59] ਬੈਰਾਈ[60] ਹੇ ॥੧੫॥

He practises[58] falsehood and is destroyed[56] and drowned[57], as death[59] is the enemy[60] of falsehood.

ਉਹ ਝੂਠ ਦੀ ਕਿਰਤ ਕਰਦਾ[58] ਹੈ ਅਤੇ ਬਰਬਾਦ[56] ਹੋ ਡੁੱਬ ਜਾਂਦਾ[57] ਹੈ, ਕਿਉਂਜੁ ਮੌਤ[59] ਝੂਠ ਦੀ ਵੈਰਣ[60] ਹੈ ।

ਹੁਕਮੇ[61] ਆਵੈ ਹੁਕਮੇ ਜਾਵੈ[62] ॥

In the Lord's will[61] man comes and in the Lord's will he goes[62].

ਸਾਂਈਂ ਦੀ ਰਜ਼ਾ[61] ਵਿੱਚ ਬੰਦਾ ਆਉਂਦਾ ਹੈ ਅਤੇ ਸਾਂਈਂ ਦੀ ਰਜ਼ਾ ਵਿਚ ਉਹ ਟੁਰ ਜਾਂਦਾ[62] ਹੈ ।

ਬੂਝੈ[63] ਹੁਕਮੁ ਸੋ[64] ਸਾਚਿ[65] ਸਮਾਵੈ[66] ॥

He[64], who realises[63] the will, merges[66] in the True Lord[65].

ਜੋ ਰਜ਼ਾ ਨੂੰ ਅਨੁਭਵ ਕਰਦਾ[63] ਹੈ, ਉਹ[64] ਸੱਚੇ ਸਾਂਈਂ[65] ਵਿਚ ਲੀਨ[66] ਹੋ ਵੰਞਦਾ ਹੈ ।

ਨਾਨਕ ਸਾਚੁ[67] ਮਿਲੈ[73] ਮਨਿ[68] ਭਾਵੈ[69] ਗੁਰਮੁਖਿ[70] ਕਾਰ[71] ਕਮਾਈ[72] ਹੇ ॥੧੬॥੫॥

O Nanak, such a person[68] loves[69] the True One[67], performs[72] His service[71] through the Guru[70] and ultimately meet[73] with Him.

ਹੇ ਨਾਨਕ ! ਐਹੋ ਜੇਹਾ ਪੁਰਸ਼[68] ਸਤਿਪੁਰਖ[67] ਨੂੰ ਪਿਆਰ ਕਰਦਾ[19] ਹੈ, ਗੁਰਾਂ ਦੇ ਰਾਹੀਂ[70] ਉਸ ਦੀ ਟਹਿਲ[71] ਕਮਾਉਂਦਾ[72] ਹੈ ਅਤੇ ਅੰਤ ਨੂੰ ਉਸ ਨਾਲ ਮਿਲ ਜਾਂਦਾ[73] ਹੈ ।

ਮਾਰੂ ਮਹਲਾ ੧ ॥

Maru Ist Guru.

ਮਾਰੂ ਪਹਿਲੀ ਪਾਤਿਸ਼ਾਹੀ ।

ਆਪੇ ਕਰਤਾ[73*] ਪੁਰਖੁ[74]

God[75] Himself is the Creator[73*]-

ਵਾਹਿਗੁਰੂ[75] ਆਪ ਸਿਰਜਣਹਾਰ[73*] ਸੁਆਮੀ[74] ਹੈ ਜੋ

ਬਿਧਾਤਾ[75] ॥ ਜਿਨਿ ਆਪੇ ਆਪਿ[76] ਉਪਾਇ[77] ਪਛਾਤਾ[78] ॥	Lord[74], who of Himself[76] creating[77] the creatures, assays[78] them.	ਖ਼ੁਦ[76] ਜੀਵਾਂ ਨੂੰ ਰੱਚ ਕੇ[77] ਉਨ੍ਹਾਂ ਨੂੰ ਪਰਖਦਾ[78] ਹੈ ।
ਆਪੇ ਸਤਿਗੁਰੁ ਆਪੇ ਸੇਵਕੁ[79] ਆਪੇ ਸ੍ਰਿਸਟਿ[80] ਉਪਾਈ[81] ਹੇ ॥੧॥	He Himself is the True Guru, Himself the attendant[79] and of Himself creates[81] the world[80].	ਉਹ ਆਪ ਸੱਚਾ ਗੁਰੂ ਹੈ, ਆਪ ਹੀ ਟਹਿਲੂਆਂ[79] ਅਤੇ ਆਪ ਹੀ ਸੰਸਾਰ[80] ਨੂੰ ਸਾਜਦਾ[81] ਹੈ ।
ਆਪੇ ਨੇੜੈ[82] ਨਾਹੀ ਦੂਰੇ[83] ॥	He Himself is near[82], not far[83].	ਉਹ ਆਪ ਨਜ਼ਦੀਕ[82] ਹੈ, ਦੂਰੇਡੇ[83] ਨਹੀਂ ।
ਬੂਝਹਿ[84] [85]ਗੁਰਮੁਖਿ[86] ਸੇ ਜਨ[87] ਪੂਰੇ[88] ॥	Perfect[88] are the[86] persons[87], who understand[84] this; by Guru's grace[85].	ਪੂਰਨ[88] ਹਨ ਉਹ[86] ਪੁਰਸ਼[87], ਜੋ ਇਸ ਨੂੰ ਗੁਰਾਂ ਦੀ ਦਇਆ[85] ਦੁਆਰਾ ਸਮਝਦੇ[84] ਹਨ ।
ਤਿਨ[89] ਕੀ ਸੰਗਤਿ [91]ਅਹਿਨਿਸਿ[92] ਲਾਹਾ[93] ਗੁਰ ਸੰਗਤਿ ਏਹ ਵਡਾਈ[94] ਹੇ ॥੨॥	There is profit[93] in associating[90] with them[89] day[91] and night[92]. This is the glory[94] of the Guru's association.	ਦਿਨ[91] ਰਾਤ[92] ਉਨ੍ਹਾਂ[89] ਨਾਲ ਮੇਲ-ਮਿਲਾਪ[90] ਕਰਨ ਵਿਚ ਲਾਭ[93]ਹੈ । ਇਹ ਹੈ ਪ੍ਰਭਤਾ[94] ਗੁਰਾਂ ਦੀ ਸਤਿਸੰਗਤ ਦੀ ।
ਜੁਗਿ ਜੁਗਿ[95] ਸੰਤ ਭਲੇ[96] ਪ੍ਰਭ ਤੇਰੇ ॥	Sublime[96] are Thine saints in every age[95], O Lord.	ਸ੍ਰੇਸ਼ਟ[66] ਹਨ ਤੇਰੇ ਸਾਧੂ ਹਰ ਯੁਗ[95] ਅੰਦਰ, ਹੇ ਸੁਆਮੀ !
ਹਰਿ ਗੁਣ[97] ਗਾਵਹਿ[99] ਰਸਨ[99] ਰਸੇਰੇ[100] ॥	With their tongue[99], happily[100] sing[98] they the Lord's praise[97].	ਆਪਣੀ ਜੀਭ[99] ਨਾਲ ਉਹ ਖ਼ੁਸ਼ੀ[100] ਸਹਿਤ ਸਾਂਈਂ ਦਾ ਜੱਸ[97] ਗਾਉਂਦੇ[98] ਹਨ ।
ਉਸਤਤਿ[2] ਕਰਹਿ[3] ਪਰਹਰਿ[4] ਦੁਖੁ[5] ਦਾਲਦੁ[6] ਜਿਨ ਨਾਹੀ ਚਿੰਤ[7] ਪਰਾਈ[8] ਹੇ ॥੩॥	They utter[3] the Lord's praise[2], are rid of[4] pain[5] and poverty[6] and fear[7] not anyone[8].	ਉਹ ਪ੍ਰਭੂ ਦੀ ਕੀਰਤੀ[2] ਉਚਾਰਨ[3] ਕਰਦੇ ਹਨ, ਤਕਲੀਫ਼[5] ਤੇ ਗ਼ਰੀਬੀ[6] ਤੋਂ ਖ਼ਲਾਸੀ ਪਾ ਜਾਂਦੇ[4] ਹਨ ਅਤੇ ਕਿਸੇ ਕੋਲੋਂ[8] ਭੀ ਨਹੀਂ ਡਰਦੇ[7] ।
ਓਇ ਜਾਗਤ[9] ਰਹਹਿ ਨ ਸੂਤੇ[10] ਦੀਸਹਿ[12] ॥ ਸੰਗਤਿ[12] ਕੁਲ[14] ਤਾਰੇ[15] ਸਾਚੁ ਪਰੀਸਹਿ[16] ॥	They remain awake[9] and are not seen[12] asleep[10]. By serving[16] up truth they save[15] their associates[13] and lineage[14].	ਉਹ ਜਾਗਦੇ[9] ਰਹਿੰਦੇ ਹਨ, ਕਦੀ ਸੁੱਤੇ[10] ਪਏ ਨਹੀਂ ਦਿਸਦੇ[12] । ਸੱਚ ਨੂੰ ਪਰੋਸ[16] ਕੇ ਉਹ ਆਪਣੇ ਮੇਲੀਆਂ[13] ਅਤੇ ਵੰਸ[14] ਦਾ ਪਾਰ ਉਤਾਰਾ[15] ਕਰ ਦਿੰਦੇ ਹਨ ।
ਕਲਿਮਲ[17] ਮੈਲੁ[18] ਨਾਹੀ ਤੇ[19] ਨਿਰਮਲ[20] ਓਇ ਰਹਹਿ ਭਗਤਿ[21] [22]ਲਿਵ ਲਾਈ[22] ਹੇ ॥੪॥	They have not the filth[18] of sin[17], they[19] are immaculate[20] and ever remain absorbed[23] in the Lord's devotion[21] and love[22].	ਉਨ੍ਹਾਂ ਨੂੰ ਪਾਪ[17] ਦੀ ਗੰਦਗੀ[18] ਨਹੀਂ ਲੱਗੀ ਹੋਈ, ਉਹ[19] ਪਵਿੱਤ੍ਰ[20] ਹਨ ਅਤੇ ਸਦਾ ਹੀ ਪ੍ਰਭੂ ਦੇ ਅਨੁਰਾਗ[21] ਅਤੇ ਪਿਆਰ[22] ਅੰਦਰ ਲੀਨ[23] ਰਹਿੰਦੇ ਹਨ ।
ਬੂਝਹੁ ਹਰਿ ਜਨ[25] ਸਤਿਗੁਰ ਬਾਣੀ ॥ ਏਹੁ ਜੋਬਨੁ[26] ਸਾਸੁ[27] ਹੈ ਦੇਹ[28] ਪੁਰਾਣੀ[29] ॥	O God's saints[25] ! understand[24] ye the True Guru's word. This youth[26], breath[27] and body[28], age[29] and waste away.	ਹੇ ਰੱਬ ਦੇ ਸੰਤੋਂ[25] ! ਤੁਸੀਂ ਸੱਚੇ ਗੁਰਾਂ ਦੀ ਬਾਣੀ ਨੂੰ ਸੋਚੋ ਸਮਝੋ[24] । ਇਹੋ ਜੁਆਨੀ[26], ਸੁਆਸ[27] ਅਤੇ ਸਰੀਰ[28] ਬੁੱਢੇ[29] ਹੋ ਜਾਂਦੇ ਹਨ ।
ਆਜੁ ਕਾਲਿ[30] ਮਰਿ ਜਾਈਐ ਪ੍ਰਾਣੀ[31] ਹਰਿ	O mortal[31], thou shalt die today or tomorrow[30]. Utter[33] thou the Lord's	ਹੇ ਫ਼ਾਨੀ ਬੰਦੇ[31] ! ਤੂੰ ਅੱਜ ਜਾਂ ਸਵੇਰੇ[30] ਮਰ ਵੰਞੇਗਾ । ਤੂੰ ਸਾਂਈਂ ਦੇ ਨਾਮ[32] ਦਾ ਉਚਾਰਨ[33] ਕਰ

ਜਪੁ[32] ਜਪਿ[33] ਰਿਦੈ[34] ਧਿਆਈ[35] ਹੇ ॥੫॥	Name[32] and meditate[33] on it in thy mind[34].	ਅਤੇ ਇਸ ਨੂੰ ਆਪਣੇ ਹਿਰਦੇ[34] ਅੰਦਰ ਆਰਾਧ[35]।
ਛੋਡਹੁ[36] ਪ੍ਰਾਣੀ ਕੂੜ[37] ਕਬਾੜਾ[38] ॥	O mortal, eschew[36] thou falsehood[37] and idle talk[38].	ਹੇ ਜੀਵ ! ਤੂੰ ਝੂਠ[37] ਅਤੇ ਵਿਹਲੀਆਂ ਗੱਲਾਂ[38] ਨੂੰ ਤਿਆਗ[36] ਦੇ।
ਕੂੜੁ[39] ਮਾਰੇ ਕਾਲੁ[40] ਉਛਾਹਾੜਾ[41] ॥	Death[40] flays[41] and kills the false one[39].	ਝੂਠੇ[39] ਨੂੰ ਮੌਤ[40] ਖੱਲ ਲਾਹ ਕੇ ਮਾਰਦੀ[41] ਹੈ।
੧੦੨੬		
ਸਾਕਤ[42] ਕੂੜਿ[43] ਪਚਹਿ[44] ਮਨਿ[45] ਹਉਮੈ[46] ਦੂਹੁ[47] ਮਾਰਗਿ[48] ਪਚੈ ਪਚਾਈ[49] ਹੇ ॥੬॥	The mammon worshipper[42] is ruined[44] through falsehood[43] and mental[45] pride[46] and putrefies[49] in the way[48] of duality[47].	ਮਾਇਆ ਦਾ ਪੁਜਾਰੀ[42] ਝੂਠ[43] ਅਤੇ ਮਾਨਸਕ[45] ਹੰਕਾਰ[46] ਰਾਹੀਂ ਬਰਬਾਦ[44] ਥੀ ਵੰਞਦਾ ਹੈ ਅਤੇ ਦਵੈਤ-ਭਾਵ[47] ਦੇ ਰਸਤੇ[48] ਅੰਦਰ ਗਲਸੜ ਜਾਂਦਾ[49] ਹੈ।
ਛੋਡਿਹੁ[50] ਨਿੰਦਾ[51] ਤਾਤਿ[52] ਪਰਾਈ[53] ॥	Abandon[50] thou slander[51] and jealousy[52] of others[53].	ਤੂੰ ਹੋਰਨਾਂ[53] ਦੀ ਬਦਖੋਈ[51] ਅਤੇ ਈਰਖਾ[52] ਨੂੰ ਤਿਆਗ[50] ਦੇ।
ਪੜਿ ਪੜਿ[54] ਦਝਹਿ[55] ਸਾਤਿ[56] ਨ ਆਈ[57] ॥	By reading and perusing[54], men burn[55] in pride and obtain[57] not peace[56].	ਪੜ੍ਹਨ ਅਤੇ ਵਾਚਣ[54]ਦੁਆਰਾ, ਬੰਦੇ ਹੰਕਾਰ ਅੰਦਰ ਸੜਦੇ[55] ਹਨ ਅਤੇ ਉਨ੍ਹਾਂ ਨੂੰ ਠੰਢ-ਚੈਣ[56] ਪ੍ਰਾਪਤ[57] ਨਹੀਂ ਹੁੰਦੀ।
ਮਿਲਿ ਸਤਸੰਗਤਿ ਨਾਮੁ ਸਲਾਹਹੁ[58] ਆਤਮ[59] ਰਾਮੁ ਸਖਾਈ[60] ਹੇ ॥੭॥	Meeting the saints' society, praise[58] thou the Name and Pervading God[59] shall be thy Helper[60].	ਸਾਧ ਸੰਗਤ ਨਾਲ ਮਿਲ ਕੇ ਤੂੰ ਨਾਮ ਦੀ ਪ੍ਰਸੰਸਾ[58] ਕਰ ਅਤੇ ਵਿਆਪਕ ਵਾਹਿਗੁਰੂ[59] ਤੇਰਾ ਸਹਾਇਕ[60] ਹੋਵੇਗਾ।
ਛੋਡਹੁ[61] ਕਾਮ[62] ਕ੍ਰੋਧੁ[63] ਬੁਰਿਆਈ[64] ॥	Renounce[61] thou lust[62], wrath[63] and wickedness[64].	ਤੂੰ ਵਿਸ਼ੇ ਭੋਗ[62], ਗੁੱਸੇ[63] ਅਤੇ ਬਦੀ[64] ਨੂੰ ਤਿਲਾਂਜਲੀ[61] ਦੇ ਦੇ।
ਹਉਮੈ[65] ਧੰਧੁ[66] ਛੋਡਹੁ ਲੰਪਟਾਈ[64] ॥	Renounce thou also involvement[67] in the deeds[66] of pride[65].	ਤੂੰ ਹੰਕਾਰ[65] ਦੇ ਵਿਹਾਰਾਂ[66] ਅੰਦਰ ਖੱਚਤ[67] ਹੋਣਾ ਭੀ ਤਿਆਗ ਦੇ।
ਸਤਿਗੁਰ ਸਰਣਿ[68] ਪਰਹੁ[69] ਤਾ[70] ਉਬਰਹੁ[71] ਇਉ[72] ਤਰੀਐ[73] [74]ਭਵਜਲੁ[75] ਭਾਈ[76] ਹੇ ॥੮॥	If thou repair[69] to the True Guru's refuge[68], then[70] alone shalt thou be saved[71]. This wise[72], O brother[76], the dreadful[74] world-ocean[75] is crossed[73].	ਜੇਕਰ ਤੂੰ ਸੱਚੇ ਗੁਰਾਂ ਦੀ ਪਨਾਹ[68] ਲਵੇਂ[69], ਕੇਵਲ ਤਦ[70] ਹੀ ਤੇਰਾ ਛੁਟਕਾਰਾ ਹੋਵੇਗਾ[71]। ਇਸ ਤਰ੍ਹਾਂ[72] ਹੇ ਵੀਰ[76] ! ਭਿਆਨਕ[74] ਸੰਸਾਰ ਸਮੁੰਦਰ[75] ਤੋਂ ਪਾਰ ਉਤਰਿਆ ਜਾਂਦਾ[73] ਹੈ।
ਆਗੈ[77] ਬਿਮਲ[78] ਨਦੀ[79] ਅਗਨਿ[80] ਬਿਖੁ[81] ਝੇਲਾ[82] ॥	Hereafter[77] one has to cross the river[79] of all[78] fire[80] with poisonous[81] flame[82].	ਅਗਾੜੀ[77] ਬੰਦੇ ਨੂੰ ਜ਼ਹਿਰੀਲੀ[81] ਲਾਟ[82] ਵਾਲੇ ਨਿਰੋਲ[78] ਅੱਗ[80] ਦੇ ਦਰਿਆ[79] ਵਿਚ ਦੀ ਲੰਘਣਾ ਪੈਣਾ ਹੈ।
ਤਿਥੈ[83] ਅਵਰੁ[84] ਨ ਕੋਈ ਜੀਉ[85] ਇਕੇਲਾ[86] ॥	None else[84] shall be there[83]. The soul[85] shall be all alone[86].	ਓਥੇ[83] ਹੋਰ ਕੋਈ[84] ਭੀ ਨਹੀਂ ਹੋਣਾ। ਜਿੰਦੜੀ[85] ਕੱਲਮਕੱਲੀ[86] ਹੀ ਹੋਵੇਗੀ।
ਭੜ ਭੜ[87] ਅਗਨਿ[88]ਸਾਗਰੁ[89] ਦੇ[90] ਲਹਰੀ[91] ਪੜਿ[92] ਦਝਹਿ[93] ਮਨਮੁਖ ਤਾਈ[95] ਹੇ ॥੯॥	The ocean[89] of fire[88] emits[90] virulently hissing[87] waves[91]. The perverse persons[94] fall therein[92] and are burtn down[93].	ਅੱਗ[88] ਦਾ ਸਮੁੰਦਰ[89] ਸਖਤ ਗੂੰਜ[87] ਵਾਲੇ ਤਰੰਗ[91] ਛੱਡਦਾ[90] ਹੈ। ਪ੍ਰਤੀਕੂਲ ਪੁਰਸ਼[94] ਉਸ ਵਿਚ[95] ਪੈ ਕੇ[92] ਸੜ ਜਾਂਦੇ[93] ਹਨ।

ਗੁਰ ਪਹਿ[97] ਮੁਕਤਿ[98] ਦਾਨੁ[99] ਦੇ[100] ਭਾਣੈ[2] ॥	Salvation[98] is with[97] the Guru. He gives[100] its gift[99] in his will[2].	ਮੋਖ਼ਸ਼[98] ਗੁਰਾਂ ਦੇ ਕੋਲ[97] ਹੈ। ਉਹ ਆਪਣੀ ਰਜ਼ਾ[2] ਅੰਦਰ ਇਸ ਦੀ ਦਾਤ[99] ਦਿੰਦੇ[100] ਹਨ।
ਜਿਨਿ ਪਾਇਆ[3] ਸੋਈ[4] ਬਿਧਿ[5] ਜਾਣੈ ॥	He[4] alone knows the way[5] to it, who meets[3] with the Guru.	ਕੇਵਲ ਉਹ[4] ਹੀ ਇਸ ਦੇ ਮਾਰਗ[5] ਨੂੰ ਜਾਣਦਾ ਹੈ ਜੋ ਗੁਰਾਂ ਨਾਲ ਮਿਲ ਪੈਂਦਾ[3] ਹੈ।
ਜਿਨ ਪਾਇਆ[6] ਤਿਨ[7] ਪੂਛਹੁ[8] ਭਾਈ[9] ਸੁਖੁ[10] ਸਤਿਗੁਰ ਸੇਵ[12] ਕਮਾਈ[13] ਹੇ ॥੧੦॥	O brother[9], ask[8] thou him[7], who has been blessed with[6] such a gift. Peace[10] is procured by performing[23] the True Guru's service[12].	ਹੇ ਵੀਰ[9] ! ਤੂੰ ਉਸ[7] ਪਾਸੋਂ ਪਤਾ ਕਰ[8], ਜਿਸ ਨੂੰ ਐਸੀ ਦਾਤ ਦੀ ਬਖਸ਼ਸ਼ ਹੋਈ[6] ਹੈ। ਸੱਚੇ ਗੁਰਾਂ ਦੀ ਟਹਿਲ ਸੇਵਾ[12] ਕਰਨ[13] ਦੁਆਰਾ ਆਰਾਮ[10] ਪ੍ਰਾਪਤ ਹੁੰਦਾ ਹੈ।
ਗੁਰ ਬਿਨੁ ਉਰਝਿ[14] ਮਰਹਿ ਬੇਕਾਰਾ[15] ॥	Without the Guru, one dies entangled[14] in sins[15].	ਗੁਰਾਂ ਦੇ ਬਾਝੋਂ, ਬੰਦਾ ਪਾਪਾਂ[15] ਅੰਦਰ ਫੱਸ ਕੇ[14] ਮਰ ਜਾਂਦਾ ਹੈ।
ਜਮੁ[16] ਸਿਰਿ[17] ਮਾਰੇ[18] ਕਰੇ ਖੁਆਰਾ[19] ॥	The Death's courier[16] strikes[18] him on his head[17] and humiliates[19] him.	ਮੌਤ ਦਾ ਦੂਤ[16] ਉਸ ਦੇ ਸਿਰ[17] ਉਤੇ ਸੱਟ ਮਾਰਦਾ[18] ਹੈ ਅਤੇ ਉਸ ਨੂੰ ਖ਼ਜਲ ਖ਼ੁਆਰ ਕਰਦਾ[19] ਹੈ।
ਬਾਧੇ[20] ਮੁਕਤਿ[21] ਨਾਹੀ ਨਰ[22] ਨਿੰਦਕ[23] ਡੂਬਹਿ[24] ਨਿੰਦ[25] ਪਰਾਈ[26] ਹੇ ॥੧੧॥	The slanderous[23] person[22] is not freed[21] of his bonds[20] and is drowned[24] to death in slandering[25] others[26].	ਨਿੰਦਾ ਕਰਨ ਵਾਲਾ[23] ਪੁਰਸ਼[22] ਮਾਇਆ ਬੰਧਨਾਂ[20] ਤੋਂ ਖ਼ਲਾਸੀ[21] ਨਹੀਂ ਪਾਉਂਦਾ ਅਤੇ ਹੋਰਨਾਂ[26] ਦੀ ਬਦਖ਼ੋਈ ਕਰਨ[25] ਵਿਚ ਡੁੱਬ ਮਰਦਾ[24] ਹੈ।
ਬੋਲਹੁ ਸਾਚੁ ਪਛਾਣਹੁ[27] ਅੰਦਰਿ ॥	Utter thou the truth and realise[27] the Lord within.	ਤੂੰ ਸੱਚ ਬੋਲ ਅਤੇ ਸੁਆਮੀ ਨੂੰ ਅੰਦਰ ਅਨੁਭਵ ਕਰ[27]।
ਦੂਰਿ[28] ਨਾਹੀ ਦੇਖਹੁ[29] ਕਰਿ ਨੰਦਰਿ[30] ॥	He is not far off[28]. See[29] thou Him by casting a glance[30].	ਉਹ ਦੁਰੇਡੇ[28] ਨਹੀਂ। ਨਜ਼ਰ[30] ਪਾ ਕੇ ਤੂੰ ਉਸ ਨੂੰ ਤੱਕ ਲੈ[29]।
ਬਿਘਨੁ[31] ਨਾਹੀ ਗੁਰਮੁਖਿ[32] ਤਰੁ[33] ਤਾਰੀ[34] ਇਉ [35]ਭਵਜਲੁ[36] ਪਾਰਿ ਲੰਘਾਈ[37] ਹੇ ॥੧੨॥	Embarking on the supreme Guru's[32] boat[34], cross[33] thou over and no obstacle[31] shall befall thee. Thus is the dreadful[35] world-ocean[36] ferried across[37].	ਸ੍ਰੇਮਣੀ[32] ਗੁਰਾਂ ਦੀ ਬੇੜੀ[34] ਉਤੇ ਚੜ੍ਹ ਕੇ ਤੂੰ ਪਾਰ ਹੋ ਜਾ[33] ਅਤੇ ਤੈਨੂੰ ਕੋਈ ਔਕੜ[31] ਪੇਸ਼ ਨਹੀਂ ਆਵੇਗੀ। ਇਸ ਤਰ੍ਹਾਂ ਭਿਆਨਕ[35] ਸੰਸਾਰ ਸਮੁੰਦਰ[36] ਤਰਿਆ ਜਾਂਦਾ[37] ਹੈ।
ਦੇਹੀ[38] ਅੰਦਰਿ ਨਾਮੁ ਨਿਵਾਸੀ[39] ॥	Within the body[38] abides[39] the Lord's Name.	ਸਰੀਰ[38] ਦੇ ਅੰਦਰ ਪ੍ਰਭੂ ਦਾ ਨਾਮ ਵਸਦਾ[39] ਹੈ।
ਆਪੇ ਕਰਤਾ[40] ਹੈ ਅਬਿਨਾਸੀ[41] ॥	Of Himself, the Creator-Lord[40] is Imperishable[41].	ਆਪ ਸਿਰਜਣਹਾਰ-ਸੁਆਮੀ[40] ਅਮਰ[41] ਹੈ।
ਨਾ ਜੀਉ[42] ਮਰੈ ਨ ਮਾਰਿਆ[43] ਜਾਈ ਕਰਿ[44] ਦੇਖੈ[45] ਸਬਦਿ[46] ਰਜਾਈ[47] ਹੇ ॥੧੩॥	The soul[42] dies not, nor can it be slain[43]. The Lord creates[44] and cares for[45] all. Through the Name[46] is realised His will[47].	ਆਤਮਾ[42] ਮਰਦੀ ਨਹੀਂ, ਨਾ ਹੀ ਮਾਰੀ ਜਾ ਸਕਦੀ[43] ਹੈ। ਸੁਆਮੀ ਸਾਰਿਆਂ ਨੂੰ ਰਚਦਾ[44] ਤੇ ਸੰਭਾਲਦਾ[45] ਹੈ। ਨਾਮ[46] ਦੇ ਰਾਹੀਂ ਉਸ ਦੀ ਰਜ਼ਾ[47] ਅਨੁਭਵ ਕੀਤੀ ਜਾਂਦੀ ਹੈ।
ਓਹੁ ਨਿਰਮਲੁ[48] ਹੈ ਨਾਹੀ ਅੰਧਿਆਰਾ[49] ॥	He is immaculate[41] and in Him there is no darkness[49].	ਉਹ ਪਵਿੱਤ੍ਰ[48] ਹੈ ਤੇ ਉਸ ਵਿੱਚ ਅਨ੍ਹੇਰਾ[49] ਨਹੀਂ।

ਓਹੁ ਆਪੇ ਤਖਤਿ[50] ਬਹੈ ਸਚਿਆਰਾ[51] ॥	He, the True Lord[51], Himself sits on the Throne[50].	ਉਹ ਸੱਚਾ ਸੁਆਮੀ[51] ਆਪ ਹੀ ਰਾਜਸਿੰਘਾਸਣ[50] ਤੇ ਬੈਠਦਾ ਹੈ।
ਸਾਕਤ[52] ਕੂੜੇ[53] ਬੰਧਿ[54] ਭਵਾਈਅਹਿ[55] ਮਰਿ ਜਨਮਹਿ ਆਈ ਜਾਈ ਹੇ ॥ ੧੪॥	The false[53] mammon-worshipper[52] are bound[54] and made to wander[55] in existences. They die, are reborn and continue coming and going.	ਝੂਠੇ[53] ਮਾਇਆ ਦੇ ਪੁਜਾਰੀ[52] ਨਰੜ ਕੇ[54] ਜੂਨੀਆਂ ਅੰਦਰ ਭਟਕਾਏ ਜਾਂਦੇ[55] ਹਨ। ਉਹ ਮਰ ਜਾਂਦੇ, ਮੁੜ ਜੰਮਦੇ ਅਤੇ ਆਉਂਦੇ ਤੇ ਜਾਂਦੇ ਰਹਿੰਦੇ ਹਨ।
ਗੁਰ ਕੇ ਸੇਵਕ[56] ਸਤਿਗੁਰ ਪਿਆਰੇ[57] ॥	The Guru's slaves[56] are the beloveds[57] of the True Guru.	ਗੁਰਾਂ ਦੇ ਗੋਲੇ[56], ਸੱਚੇ ਗੁਰਾਂ ਨੂੰ, ਮਿਠੜੇ[57] ਲਗਦੇ ਹਨ।
ਓਇ ਬੈਸਹਿ[58] ਤਖਤਿ[62] ਸੁ[59] ਸਬਦੁ[60] ਵੀਚਾਰੇ[61] ॥	They meditate[61] on that[59] Lord[60] and sit[58] on the throne[62].	ਉਹ ਉਸ[59] ਸਾਈਂ[60] ਨੂੰ ਸਿਮਰਦੇ[61] ਹਨ ਅਤੇ ਰਾਜ-ਸਿੰਘਾਸਣ[62] ਉੱਤੇ ਬੈਠਦੇ[58] ਹਨ।
ਤਤੁ[63] ਲਹਹਿ[64] ਅੰਤਰ[65] ਗਤਿ[66] ਜਾਣਹਿ ਸਤ ਸੰਗਤਿ ਸਾਚੁ ਵਡਾਈ[67] ਹੇ ॥੧੫॥	They obtain[64] the Lord's quintessence[63] and know the state[66] of their innerself[65]. Such is the True glory[67] of those who join the society of the saints.	ਉਹ ਪ੍ਰਭੂ ਦੇ ਜੌਹਰ[63] ਨੂੰ ਪਾ ਲੈਂਦੇ[64] ਹਨ ਅਤੇ ਆਪਣੀ ਅੰਦਰਲੀ[65] ਅਵਸਥਾ[66] ਨੂੰ ਜਾਣ ਲੈਂਦੇ ਹਨ। ਐਹੋ ਜੇਹੀ ਹੈ ਸੱਚੀ ਪ੍ਰਭਤਾ[67] ਸਾਧ ਸੰਗਤ ਨਾਲ ਜੁੜਨ ਵਾਲਿਆਂ ਦੀ।
ਆਪਿ ਤਰੈ[69] ਜਨੁ[68] ਪਿਤਰਾ[70] ਤਾਰੇ ॥	God's slave[68] saves[69] himself and saves his ancestors[70] as well.	ਰੱਬ ਦਾ ਗੋਲਾ[68] ਖੁਦ ਪਾਰ ਉੱਤਰ ਜਾਂਦਾ[69] ਹੈ ਅਤੇ ਆਪਣੇ ਵੱਡਿਆਂ ਵਡੇਰਿਆਂ[70] ਦਾ ਭੀ ਪਾਰ ਉਤਾਰਾ ਕਰ ਲੈਂਦਾ ਹੈ।
ਸੰਗਤਿ[71] ਮੁਕਤਿ[72] ਸੁ[73] ਪਾਰਿ ਉਤਾਰੇ[74] ॥	His associates[71] are emancipated and them[73] he ferries across[74].	ਤੇਸ ਦੇ ਮੇਲ-ਮਿਲਾਪੀ[71] ਮੋਖਸ਼ ਹੋ ਜਾਂਦੇ[72] ਹਨ ਅਤੇ ਉਨ੍ਹਾਂ[73] ਨੂੰ ਉਹ ਪਾਰ ਲੰਘਾ ਦਿੰਦਾ[74] ਹੈ।
ਨਾਨਕੁ ਤਿਸ ਕਾ ਲਾਲਾ[75] ਗੋਲਾ[76] ਜਿਨਿ ਗੁਰਮੁਖਿ[77] ਹਰਿ ਲਿਵ[78] ਲਾਈ ਹੇ ॥ ੧੬॥੬॥	Nanak is the serf[75] and slave[76] of him, who by the Guru's grace[77], enshrines love[78] for the Lord.	ਨਾਨਕ ਉਸ ਦਾ ਗ਼ੁਲਾਮ[75] ਅਤੇ ਗੁਮਾਸ਼ਤਾ[76] ਹੈ ਜੋ ਗੁਰਾਂ ਦੀ ਦਇਆ[77] ਦੁਆਰਾ, ਪ੍ਰਭੂ ਨਾਲ ਪ੍ਰੀਤ[78] ਪਾਉਂਦਾ ਹੈ।
ਮਾਰੂ ਮਹਲਾ ੧ ॥	Maru Ist Guru.	ਮਾਰੂ ਪਹਿਲੀ ਪਾਤਿਸ਼ਾਹੀ।
ਕੇਤੇ[79] ਜੁਗ ਵਰਤੇ[80] ਗੁਬਾਰੈ[81] ॥ ਤਾੜੀ[82] ਲਾਈ[83] ਅਪਰ[84] ਅਪਾਰੈ[85] ॥	For good many[72] ages there was[80] all-darkness[81] and the Infinite[84] and Illimitable[85] Lord was seated[83] in trance[82].	ਅਨੇਕਾਂ[79] ਹੀ ਯੁੱਗ ਸਮੂਹ-ਅਨ੍ਹੇਰਾ[81] ਹੀ ਸੀ[80] ਅਤੇ ਬੇਅੰਤ[84] ਅਤੇ ਹਦ-ਬੰਨਾ-ਰਹਿਤ[85] ਪ੍ਰਭੂ ਸਮਾਧੀ[82] ਲਾਈ ਬੈਠਾ ਸੀ[83]।
ਧੁੰਧੂਕਾਰਿ[86] ਨਿਰਾਲਮੁ[87] ਬੈਠਾ[88] ਨਾ ਤਦਿ[89] ਧੰਧੁ[90] ਪਸਾਰਾ[91] ਹੇ ॥੧॥	The Lord sat[83] all alone[87] in inky darkness[86] and the world[91] of strife[90] was not in existence then[89].	ਪ੍ਰਭੂ ਕੱਲਮਕੱਲਾ[87] ਹੀ ਅਨ੍ਹੇਰ ਘੁਪ[86] ਅੰਦਰ ਬਿਰਾਜ-ਮਾਨ[88] ਸੀ ਅਤੇ ਬਖੇੜੇ ਵਾਲੇ[90] ਸੰਸਾਰ[91] ਦੀ ਉਦੋਂ[89] ਹੋਂਦ ਹੀ ਨਹੀਂ ਸੀ।
ਜੁਗ ਛਤੀਹ ਤਿਨੈ[92] ਵਰਤਾਏ[93] ॥	This wise, passed[93] He[92] the thirtysix ages.	ਇਸ ਤਰ੍ਹਾਂ ਉਸ[92] ਨੇ ਛੱਤੀ ਯੁੱਗ ਬਤੀਤ ਕਰ ਦਿਤੇ[93]।

ਜਿਉ[94] ਤਿਸੁ[95] ਭਾਣਾ[96] ਤਿਵੈ[97] ਚਲਾਏ[98] ॥	As[94] is His[95] will[96], so[97] He sets agoing[98] everything.	ਜਿਸ ਤਰ੍ਹਾਂ[94] ਉਸ[95] ਦੀ ਰਜ਼ਾ[96] ਹੈ, ਉਸੇ ਤਰ੍ਹਾਂ[97] ਹੀ ਉਹ ਹਰ ਸ਼ੈ ਨੂੰ ਤੋਰਦਾ[98] ਹੈ ।
ਤਿਸਹਿ[99] ਸਰੀਕੁ[100] ਨ ਦੀਸੈ ਕੋਈ ਆਪੇ ਅਪਰ[2] ਅਪਾਰਾ[3] ਹੇ ॥੨॥	No rival[100] of His[99] see I. He Himself is Infinite[2] and Boundless[3].	ਉਸ[99] ਦੇ ਬਰਾਬਰ[100] ਦਾ ਮੈਨੂੰ ਕੋਈ ਦਿਸ ਨਹੀਂ ਆਉਂਦਾ । ਉਹ ਆਪ ਹੀ ਬੇਅੰਤ[2] ਅਤੇ ਹੱਦਬੰਨਾ-ਰਹਿਤ[3] ਹੈ ।
ਗੁਪਤੇ[4] ਬੂਝਹੁ[5] ਜੁਗ ਚਤੁਆਰੇ[6] ॥	Understand[5] thou that the Lord is discernibly[4] pervading the four[6] ages.	ਤੂੰ ਸਮਝ ਲੈ[5] ਕਿ ਸੁਆਮੀ ਅਦ੍ਰਿਸ਼ਟ ਤੌਰ ਉਤੇ[4] ਚੌਹਾਂ[6] ਹੀ ਯੁੱਗਾਂ ਅੰਦਰ ਵਿਆਪ ਰਿਹਾ ਹੈ ।
ਘਟਿ ਘਟਿ[7] ਵਰਤੈ[8] ਉਦਰ[9] ਮਝਾਰੇ[10] ॥	In[10] all the hearts[7] and the belly[9] is He contained[8].	ਸਾਰਿਆਂ ਦਿਲਾਂ[7] ਅਤੇ ਪੇਟ[9] ਅੰਦਰ[10] ਉਹ ਰੱਮ ਰਿਹਾ[8] ਹੈ ।
ਜੁਗੁ ਜੁਗੁ[12] ਏਕਾ ਏਕੀ[13] ਵਰਤੈ ਕੋਈ[14] ਬੂਝੈ[15] ਗੁਰ ਵੀਚਾਰਾ[16] ਹੇ ॥੩॥	All alone[13],the Lord is pervading all the ages[12]. Some rare one[14] understands[15] this through the Guru's counsel[16].	ਕੱਲਮਕੱਲਾ[13] ਹੀ ਪ੍ਰਭੂ ਸਾਰਿਆਂ ਯੁੱਗਾਂ[12] ਅੰਦਰ ਸਮਾ ਰਿਹਾ ਹੈ । ਕੋਈ ਵਿਰਲਾ ਜਣਾ[14] ਹੀ ਗੁਰਾਂ ਦੀ ਸਿੱਖਮਤ[16] ਰਾਹੀਂ ਇਸ ਨੂੰ ਸਮਝਦਾ[15] ਹੈ ।
ਬਿੰਦੁ[17] ਰਕਤੁ[18] ਮਿਲਿ[19] ਪਿੰਡੁ[20] ਸਰੀਆ[21] ॥	From the union[19] of sperm[17] and ovum[18], God has created[21] the body[20].	ਵੀਰਜ[17] ਅਤੇ ਅੰਡੇ[18] ਦੇ ਮਿਲਾਪ[19] ਤੋਂ ਵਾਹਿਗੁਰੂ ਨੇ ਦੇਹ[20] ਰਚੀ[21] ਹੈ ।
ਪਉਣੁ[22] ਪਾਣੀ[23] ਅਗਨੀ[24] ਮਿਲਿ ਜੀਆ[25] ॥	Uniting the air[22], water[23] and fire[24], the mortal[25] is made.	ਹਵਾ[22], ਜਲ[23] ਅਤੇ ਅੱਗ[24] ਨੂੰ ਮਿਲਾ ਕੇ ਜੀਵ[25] ਬਣਾਇਆ ਗਿਆ ਹੈ ।
ਆਪੇ ਚੋਜ[26] ਕਰੇ ਰੰਗ[27] ਮਹਲੀ[28] ਹੋਰ ਮਾਇਆ[29] ਮੋਹ[30] ਪਸਾਰਾ[31] ਹੇ ॥੪॥	Himself He sports[26] in the body joy[27]-mansion[28]. All else is the extension[31] of the love[30] of mammon[29].	ਖੁਦ ਹੀ ਉਹ ਦੇਹ ਦੇ ਅਨੰਦ[27]-ਮੰਦਰ[28] ਅੰਦਰ ਖੇਡਦਾ[26] ਹੈ । ਹੋਰ ਸਾਰਾ ਮਾਇਆ ਮੋਹਨੀ[29] ਦੀ ਮਮਤਾ[30] ਦਾ ਖਿਲਾਰਾ[31] ਹੈ ।
ਗਰਭ[32] ਕੁੰਡਲ[33] ਮਹਿ[34] ਉਰਧ[35] ਧਿਆਨੀ[36] ॥	With head-downwards[85], in[34] the mother's round[33] belly[32], the mortal was wrapt[36] in the Lord.	ਮਾਤਾ ਦੇ ਗੋਲ[33] ਪੇਟ[32] ਅੰਦਰ[34] ਮੂਧੇ ਮੂੰਹ[35], ਪ੍ਰਾਣੀ ਪ੍ਰਭੂ ਅੰਦਰ ਲੀਨ[36] ਸੀ ।

੧੦੨੭

ਆਪੇ ਜਾਣੈ ਅੰਤਰਜਾਮੀ[37]॥	God, the Searcher of hearts[37], Himself knows everything.	ਦਿਲਾਂ ਦੀਆਂ ਜਾਣਨਹਾਰ[37], ਹਰੀ ਆਪ ਹੀ ਸਾਰਾ ਕੁੱਛ ਜਾਣਦਾ ਹੈ ।
ਸਾਸਿ ਸਾਸਿ[38] ਸਚੁ ਨਾਮੁ[43] ਸਮਾਲੇ[39] ਅੰਤਰਿ[40] ਉਦਰ[41] ਮਝਾਰਾ[42] ਹੇ ॥੫॥	Within[42] the mother's belly[41], with every breath[38], man remembered[39] the True Name[43] in his mind[40].	ਮਾਤਾ ਦੇ ਢਿੱਡ[41] ਅੰਦਰ[42], ਹਰ ਸੁਆਸ[38] ਨਾਲ ਬੰਦਾ ਆਪਣੇ ਹਿਰਦੇ[40] ਅੰਦਰ ਸੱਚੇ ਨਾਮ[43] ਦਾ ਸਿਮਰਨ ਕਰਦਾ[39] ਸੀ ।
ਚਾਰਿ ਪਦਾਰਥ[44] ਲੈ[44] ਜਗਿ ਆਇਆ ॥ ਸਿਵ[46] ਸਕਤੀ[47] ਘਰਿ[48] ਵਾਸਾ[49] ਪਾਇਆ[50] ॥	He came into the world to obtain[45] the four cardinal boons[44] and obtained[50] an abode[49] in the house[48] of the Lord's mammon[47].	ਉਹ ਚਾਰ ਉਤਮ ਦਾਤਾਂ[44] ਲੈਣ ਲਈ[45] ਜਹਾਨ ਵਿੱਚ ਆਇਆ ਅਤੇ ਉਸ ਨੂੰ ਪ੍ਰਮਾਤਮਾ[46] ਦੀ ਮਾਇਆ[47] ਦੇ ਗ੍ਰਹਿ[48] ਅੰਦਰ ਨਿਵਾਸ[49] ਮਿਲਿਆ[50] ।
ਏਕੁ[56] ਵਿਸਾਰੇ[51] ਤਾ[52] ਪਿੜ[53] ਹਾਰੇ ਅੰਧੁਲੈ[54] ਨਾਮੁ ਵਿਸਾਰਾ[55] ਹੇ ॥੬॥	When he forgets[51] the One Lord[56], then[52] loses he the game[53]. The blind man[54] abandons[55] the Name.	ਜਦ ਉਹ ਇੱਕ ਸਾਂਈ[56] ਨੂੰ ਭੁਲਾ ਦਿੰਦਾ[51] ਹੈ, ਤਦ[52] ਉਹ ਬਾਜੀ ਹਾਰ ਜਾਂਦਾ ਹੈ । ਅੰਨ੍ਹਾ ਆਦਮੀ[54] ਨਾਮ ਨੂੰ ਤਿਆਗ ਦਿੰਦਾ[55] ਹੈ ।

ਬਾਲਕੁ[57] ਮਰੈ ਬਾਲਕ ਕੀ ਲੀਲਾ[58] ॥	The child[57] dies amidst his child-like frolics[58].	ਬੱਚਾ[57] ਆਪਣੇ ਬਚਪਣੇ ਦੇ ਕਲੋਲਾਂ[58] ਅੰਦਰ ਮਰ ਜਾਂਦਾ ਹੈ ।
ਕਹਿ ਕਹਿ[59] ਰੋਵਹਿ[60] ਬਾਲੁ ਰੰਗੀਲਾ[61] ॥	They wail[60] saying and crying[59] that he was a playful[61] child.	"ਉਹ ਖਿਲੰਦੜਾ ਬੱਚਾ ਸੀ", ਆਖ ਤੇ ਪੁਕਾਰ ਕੇ[59] ਉਹ ਵਿਰਲਾਪ ਕਰਦੇ[60] ਹਨ ।
ਜਿਸ ਕਾ ਸਾ ਸੋ[62] ਤਿਨ ਹੀ ਲੀਆ ਭੂਲਾ[63] ਰੋਵਣਹਾਰਾ[64] ਹੇ ॥੭॥	He[62], to whom he belonged, has taken him away. The weeper[64] is in the wrong[63].	ਜਿਸ ਦੀ ਉਹ ਮਲਕੀਅਤ ਸੀ, ਉਹ[62] ਉਸ ਨੂੰ ਲੈ ਗਿਆ ਹੈ । ਵਿਰਲਾਪ ਕਰਨ ਵਾਲਾ[64] ਭੁਲੇਖੇ[63] ਅੰਦਰ ਹੈ ।
ਭਰਿ[65] ਜੋਬਨਿ[66] ਮਰਿ ਜਾਹਿ ਕਿ ਕੀਜੈ[67] ॥ ਮੇਰਾ[68] ਮੇਰਾ ਕਰਿ[69] ਰੋਵੀਜੈ[70] ॥	What[67] can one do, were he to die in the hey-day[65] of his youth[66], now that he wails[70], calling[69] him-mine[68], mine ?	ਬੰਦਾ ਕੀ[67] ਕਰ ਸਕਦਾ ਹੈ, ਜੇਕਰ ਉਹ ਪੂਰੀ[65] ਜੁਆਨੀ[66] ਚੜ੍ਹ ਮਰ ਜਾਵੇ, ਹੁਣ ਜੋ ਉਹ ਉਸ ਨੂੰ ਮੇਂਡਾ[68] ਮੇਂਡਾ ਆਖ ਕੇ[69] ਰੋਂਦਾ[70] ਹੈ ?
ਮਾਇਆ[71] ਕਾਰਣਿ[72] ਰੋਇ[73] ਵਿਗੂਚਹਿ[74] ਧ੍ਰਿਗੁ[75] ਜੀਵਣੁ[76] ਸੰਸਾਰਾ[77] ਹੇ ॥੮॥	In this world[77], accursed[75] is the life[76] of those, who come to grief[74] by wailing[73] for the sake of[72] wealth[71].	ਇਸ ਜੱਗ[77] ਵਿਚ ਲਾਨ੍ਹਤ ਮਾਰੀ[75] ਹੈ, ਉਨ੍ਹਾਂ ਦੀ ਜ਼ਿੰਦਗੀ, ਜੋ ਧਨ-ਦੌਲਤ[71] ਦੀ ਖ਼ਾਤਰ[72] ਰੋ ਕੇ[73] ਦੁਖੀ ਹੁੰਦੇ[74] ਹਨ ।
ਕਾਲੀ ਹੂ ਫੁਨਿ[78] ਧਉਲੇ[79] ਆਏ ॥	The black hair, ultimately[78] turn grey[79].	ਕਾਲੇ ਵਾਲ, ਅੰਤ[78] ਨੂੰ ਚਿੱਟੇ[79] ਹੋ ਜਾਂਦੇ ਹਨ ।
ਵਿਣੁ ਨਾਵੈ ਗਬੁ[80] ਗਇਆ[81] ਗਵਾਏ[82] ॥	Without the Name, one departs[81] losing[82] his capital[89].	ਨਾਮ ਦੇ ਬਾਝੋਂ, ਬੰਦਾ ਆਪਣੀ ਰਾਸ[80] ਗਵਾ[82] ਕੇ ਟੁਰ ਜਾਂਦਾ[81] ਹੈ ।
ਦੁਰਮਤਿ[83] ਅੰਧੁਲਾ[84] ਬਿਨਸ ਬਿਨਾਸੈ[85] ਮੂਠੇ[86] ਰੋਇ[87] ਪੂਕਾਰਾ[88] ਹੇ ॥੯॥	The evil-intellected[83] blind man[84] is utterly ruined[85] and being robbed[86] wails[87] and cries[88].	ਖੋਟੀ ਮਤ ਵਾਲਾ[83] ਅੰਨ੍ਹਾ ਇਨਸਾਨ[84] ਹੱਢੋਂ ਹੀ ਤਬਾਹ ਹੋ ਜਾਂਦਾ[85] ਹੈ ਅਤੇ ਲੁੱਟਿਆ ਪੁੱਟਿਆ[86] ਜਾ ਕੇ, ਰੋਂਦਾ[87] ਅਤੇ ਚੀਕਦਾ[88] ਹੈ ।
ਆਪੁ[89] ਵੀਚਾਰਿ[90] ਨ ਰੋਵੈ ਕੋਈ ॥	He, who understands[90] his ownself[89], weeps not.	ਜੋ ਆਪਣੇ ਆਪ[89] ਨੂੰ ਸਮਝਦਾ[90]ਹੈ, ਉਹ ਰੋਂਦਾ ਨਹੀਂ ।
ਸਤਿਗੁਰੁ ਮਿਲੈ[91] ਤੇ ਸੋਝੀ[92] ਹੋਈ ॥	When man meets with the True Guru, then[91] obtains he the real understanding[92],	ਜਦ ਬੰਦਾ ਸੱਚੇ ਗੁਰਾਂ ਨਾਲ ਮਿਲ ਪੈਂਦਾ ਹੈ, ਤਦ[91] ਹੀ ਉਸ ਨੂੰ ਯਥਾਰਥ ਸਮਝ[92] ਆਉਂਦੀ ਹੈ ।
ਬਿਨੁ ਗੁਰ ਬਜਰ[93] ਕਪਾਟ[94] ਨ ਖੂਲਹਿ ਸਬਦਿ[95] ਮਿਲੈ ਨਿਸਤਾਰਾ[96] ਹੇ ॥੧੦॥	Without the Guru, the admantine[99] door[94] opens not. Obtaining the Lord's Name[95], one is emancipated[96].	ਗੁਰਾਂ ਦੇ ਬਗੈਰ, ਸਖ਼ਤ ਕਰੜਾ[92] ਬੂਹਾ[94] ਖੁਲ੍ਹਦਾ ਨਹੀਂ । ਸੁਆਮੀ ਦਾ ਨਾਮ[95] ਪ੍ਰਾਪਤ ਕਰਨ ਦੁਆਰਾ ਬੰਦੇ ਦਾ ਪਾਰ ਉਤਾਰਾ ਹੋ ਜਾਂਦਾ[96] ਹੈ ।
ਬਿਰਧਿ[97] ਭਇਆ ਤਨੁ[98] ਛੀਜੈ ਦੇਹੀ[99] ॥ ਰਾਮੁ[100] ਨ ਜਪਈ[2] ਅੰਤਿ[3] ਸਨੇਹੀ[4]॥	When man grows old[97], his body[98] is beaten out of shape[99]. Even then he remembers[2] not the Lord[100], his Friend[4], in the end[3].	ਜਦ ਇਨਸਾਨ ਬੁੱਢਾ[97] ਹੋ ਜਾਂਦਾ ਹੈ, ਉਸ ਦਾ ਸਰੀਰ[98] ਕਰੂਪ[99] ਥੀ ਵੇਂਝਦਾ ਹੈ । ਤਦ ਭੀ ਉਹ ਆਪਣੇ ਅਖ਼ੀਰ[3] ਦੇ ਵੇਲੇ ਦੇ ਮਿੱਤ੍ਰ[4], ਸਾਹਿਬ[100], ਦਾ ਸਿਮਰਨ ਨਹੀਂ ਕਰਦਾ[2] ।
ਨਾਮੁ ਵਿਸਾਰਿ[5] ਚਲੈ ਮੁਹਿ	He, who forgets[5] the Name departs	ਜੋ ਨਾਮ ਨੂੰ ਭੁਲਾਉਂਦਾ[5] ਹੈ, ਉਹ ਕਾਲੇ ਮੂੰਹ[6] ਨਾਲ

ਕਾਲੈ[6] ਦਰਗਹ[7] ਝੂਠੁ[8] ਖੁਆਰਾ[9] ਹੇ ॥੧੧॥	black-faced[6]. The false one[8] is humiliated[9] in the Lord's court[7].	ਟੁਰ ਜਾਂਦਾ ਹੈ। ਕੂੜਾ ਪ੍ਰਾਣੀ[8] ਸਾਂਈਂ ਦੇ ਦਰਬਾਰ[7] ਵਿੱਚ ਖੱਜਲ[9] ਖ਼ੁਆਰ ਹੁੰਦਾ[9] ਹੈ।
ਨਾਮੁ ਵਿਸਾਰਿ[10] ਚਲੈ[12] ਕੂੜਿਆਰੋ[13] ॥	The false one[13] departs[12] forgetting[10] the Name.	ਕੂੜਾ ਪ੍ਰਾਣੀ[13] ਨਾਮ ਨੂੰ ਭੁਲਾ[10] ਕੇ ਤੁਰ ਜਾਂਦਾ[12] ਹੈ।
ਆਵਤ ਜਾਤ ਪੜੈ[14] ਸਿਰਿ[15] ਛਾਰੋ[16] ॥	Coming and going dust[16], falls[14] on his head[15].	ਆਉਂਦੇ ਤੇ ਜਾਂਦੇ ਹੋਏ ਦੇ ਉਸ ਦੇ ਸਿਰ[15] ਉਤੇ ਖੇਹ[16] ਪੈਂਦੀ[14] ਹੈ।
ਸਾਹੁਰੜੈ[17] ਘਰਿ ਵਾਸੁ[14] ਨ ਪਾਏ ਪੇਈਅੜੈ[19] ਸਿਰਿ[20] ਮਾਰਾ[21] ਹੇ ॥੧੨॥	She, who worries[21] her head[20] in duality here, in her parent's[19] home, finds no abode[18] hereafter, in her Father-in-law's[17].	ਜੋ ਏਥੇ ਆਪਣੇ ਪੇਕੇ[19] ਘਰ ਵਿਚ, ਦਵੈਤ-ਭਾਵ ਅੰਦਰ ਆਪਣਾ ਸਿਰ[20] ਖਪਾਉਂਦੀ[21] ਹੈ, ਉਹ ਅਗੇ ਆਪਣੇ ਸਹੁਰੇ[17] ਘਰ ਵਿਚ ਵਸੇਬਾ[18] ਨਹੀਂ ਪਾਂਦੀ।
ਖਾਜੈ[22] ਪੈਝੈ[29] ਰਲੀ[24] ਕਰੀਜੈ ॥ ਬਿਨੁ ਅਭ[25] ਭਗਤੀ[26] ਬਾਦਿ[27] ਮਰੀਜੈ ॥	Man eats[22], wears[23] and revels in joy[24], but without the Lord's hearty[25]-service[26], he dies, in vain[27].	ਆਦਮੀ ਖਾਂਦਾ[22], ਪਹਿਨਦਾ[23] ਅਤੇ ਅਨੰਦ[24] ਮਾਣਦਾ ਹੈ, ਪ੍ਰੰਤੂ ਸਾਹਿਬ ਦੀ ਦਿਲੀ[25]-ਸੇਵਾ[26] ਦੇ ਬਾਝੋਂ ਵਿਅਰਥ[27] ਮਰ ਜਾਂਦਾ ਹੈ।
ਸਰ[28] ਅਪਸਰ[29] ਕੀ ਸਾਰ[30] ਨ ਜਾਣੈ ਜਮੁ[31] ਮਾਰੇ ਕਿਆ[33] ਚਾਰਾ[32] ਹੇ ॥੧੩॥	Yama strikes him, who discriminates not[30] between good[28] and evil[29]. What[33] can be the way out[32] of it ?	ਯਮ[31] ਉਸ ਨੂੰ ਮਾਰਦਾ ਹੈ ਜੋ ਭਲੇ[28] ਤੇ ਬੁਰੇ[29] ਵਿੱਚ ਪਛਾਣ ਨਹੀਂ[30] ਕਰਦਾ। ਇਸ ਤੋਂ ਬਚਾਅ ਦਾ ਕੀ[33] ਹੀਲਾ[32] ਹੋ ਸਕਦਾ ਹੈ ?
ਪਰਵਿਰਤੀ[34] ਨਰਵਿਰਤਿ[35] ਪਛਾਣੈ[36] ॥ ਗੁਰਿ ਕੈ ਸੰਗਿ[37] ਸਬਦਿ[38] ਘਰੁ[39] ਜਾਣੈ[40] ॥	If man knows[36] what he is to possess[34] or abandon[35], then associating[37] with the Guru, he realises[40] the Lord[38] in his very home[39].	ਜੇਕਰ ਬੰਦਾ,ਜੋ ਉਸਨੇ ਗ੍ਰਹਿਨ ਕਰਨਾ[34]ਜਾਂ ਤਿਆਗਣਾ[35] ਹੈ, ਨੂੰ ਜਾਣ ਲਵੇ[36], ਤਦ ਗੁਰਾਂ ਦੀ ਸੰਗਤ ਕਰਨ[37] ਦੁਆਰਾ ਉਹ ਆਪਣੇ ਹਿਰਦੇ[39]-ਘਰ ਅੰਦਰ ਹੀ ਸਾਹਿਬ ਨੂੰ ਅਨੁਭਵ ਕਰ ਲੈਂਦਾ[40] ਹੈ।
ਕਿਸ ਹੀ ਮੰਦਾ[41] ਆਖਿ[46] ਨ ਚਲੈ[42] ਸਚਿ[43] ਖਰਾ[44] ਸਚਿਆਰਾ[45] ਹੇ ॥੧੪॥	Unto the True One[45], truth[43] seems sublime[44]. He calls[46] no one bad[41]. This is his way of life[42].	ਸੱਚੇ ਪੁਰਸ਼[45] ਨੂੰ ਸੱਚ[43] ਸ੍ਰੇਸ਼ਟ[44] ਲਗਦਾ ਹੈ। ਉਹ ਕਿਸੇ ਨੂੰ ਭੀ ਬੁਰਾ[41] ਨਹੀਂ ਆਖਦਾ[46]। ਇਹ ਹੈ ਉਸ ਦਾ ਜੀਵਨ-ਮਾਰਗ[42]।
ਸਾਚ ਬਿਨਾ ਦਰਿ[46*] ਸਿਝੈ[47] ਨ ਕੋਈ ॥	Without truth, none succeeds[47] in the Lord's court[46*].	ਸੱਚ ਦੇ ਬਗੈਰ, ਕੋਈ ਭੀ ਸਾਂਈਂ ਦੇ ਦਰਬਾਰ[46*] ਵਿੱਚ ਕਾਮਯਾਬ ਨਹੀਂ ਹੁੰਦਾ[47]।
ਸਾਚ ਸਬਦਿ[48] ਪੈਝੈ[49] ਪਤਿ[50] ਹੋਈ ॥	Through the True Name[48], one is robed[49] and honoured[50] in the True court,	ਸੱਚੇ ਨਾਮ[48] ਦੇ ਰਾਹੀਂ, ਆਦਮੀ ਸੱਚੇ ਦਰਬਾਰ ਅੰਦਰ ਪਹਿਰਾਇਆ[49] ਅਤੇ ਵਡਿਆਇਆ ਜਾਂਦਾ[50] ਹੈ।
ਆਪੇ[51] ਬਖਸਿ[52] ਲਏ ਤਿਸੁ[53] ਭਾਵੈ[54] ਹਉਮੈ[55] ਗਰਬੁ[56] ਨਿਵਾਰਾ[57] ਹੇ ॥੧੫॥	Whosoever silences[57] his ego[55] and self-conceit[56], becomes pleasing[54] to that[53] Lord, and He of Himself[51] forgives[52] him.	ਜਿਹੜਾ ਕੋਈ ਭੀ ਆਪਣੇ ਹੰਕਾਰ[55] ਅਤੇ ਸਵੈ-ਹੰਗਤਾ[56] ਨੂੰ ਮੇਟ ਦਿੰਦਾ[57] ਹੈ, ਉਹ ਉਸ[53] ਸੁਆਮੀ ਨੂੰ ਚੰਗਾ[54] ਲਗਦਾ ਹੈ ਅਤੇ ਉਹ ਆਪ[51] ਹੀ ਉਸ ਨੂੰ ਮਾਫ਼ ਕਰ ਦਿੰਦਾ[52] ਹੈ।
ਗੁਰ ਕਿਰਪਾ[58] ਤੇ[59] ਹੁਕਮੁ[60] ਪਛਾਣੈ[61] ॥ ਜੁਗਹ ਜੁਗੰਤਰ[62]	He, who by[59] Guru's grace[58] knows[61] the Lord's will[60], comes to realise[64]	ਜੋ ਗੁਰਾਂ ਦੀ ਦਇਆ[58] ਦੁਆਰਾ[59], ਸਾਂਈਂ ਦੀ ਰਜ਼ਾ[60] ਨੂੰ ਜਾਣਦਾ[61] ਹੈ, ਉਹ ਸਾਰਿਆਂ ਯੁਗਾਂ[62] ਦੀ ਜੀਵਨ

ਕੀ ਬਿਧਿ[63] ਜਾਣੈ[64] ॥	the way of life[63] of all the ages[62].	ਰਹੁ-ਰੀਤੀ[63] ਨੂੰ ਅਨੁਭਵ[64] ਕਰ ਲੈਂਦਾ ਹੈ।
ਨਾਨਕ ਨਾਮੁ ਜਪਹੁ[65] ਤਰੁ[66] ਤਾਰੀ[67] ਸਚੁ ਤਾਰੇ[68] ਤਾਰਣਹਾਰਾ[69] ਹੇ ॥੧੬॥ ੧॥੭॥	O Nanak, utter[65] thou the Name, which is a boat[67] to cross[66]. This wise, the True Saviour[69] saves[68] the mortal.	ਹੇ ਨਾਨਕ! ਤੂੰ ਨਾਮ ਦਾ ਉਚਾਰਨ[65] ਕਰ, ਜੋ ਪਾਰ ਹੋਣ ਲਈ[66] ਇਕ ਬੇੜੀ[67] ਹੈ। ਇਸ ਤਰ੍ਹਾਂ ਬਚਾਉਣ-ਹਾਰ[69] ਸੱਚ ਹਰੀ ਪ੍ਰਾਨੀ ਨੂੰ ਬਚਾ ਲੈਂਦਾ[68] ਹੈ।
ਮਾਰੂ ਮਹਲਾ ੧ ॥	Maru Ist Guru.	ਮਾਰੂ ਪਹਿਲੀ ਪਾਤਿਸ਼ਾਹੀ।
ਹਰਿ ਸਾ[70] ਮੀਤੁ[71] ਨਾਹੀ ਮੈ ਕੋਈ ॥ ਜਿਨਿ[72] ਤਨੁ[73] ਮਨੁ[74] ਦੀਆ[75] ਸੁਰਤਿ[76] ਸਮੋਈ[77] ॥	I have no friend[71] like[70] the Lord, who[72] has blessed[75] me with body[73] and soul[74] and has infused[77] into me understanding[76].	ਪ੍ਰਭੂ ਵਰਗਾ[70] ਮੇਰਾ ਕੋਈ ਮਿੱਤ੍ਰ[71] ਨਹੀਂ, ਜਿਸ[72] ਨੇ ਮੈਨੂੰ ਦੇਹ[73] ਅਤੇ ਜਿੰਦੜੀ[74] ਬਖ਼ਸ਼ੀ[75] ਹੈ ਅਤੇ ਮੇਰੇ ਅੰਦਰ ਸਮਝ[76] ਪਾਈ[77] ਹੈ।
ਸਰਬ[78] ਜੀਆ[79] ਪ੍ਰਤਿਪਾਲਿ[80] ਸਮਾਲੇ[81] ਸੋ[82] ਅੰਤਰਿ[83] ਦਾਨਾ[84] ਬੀਨਾ[85] ਹੇ ॥੧॥	He cherishes[80] and watches[81] over all[78] the beings[79]. He[82], the wise[84] and Omniscient[85] Lord, abides within[83] all.	ਉਹ ਸਮੂਹ[78] ਜੀਵਾਂ[79] ਦੀ ਪਾਲਣਾ-ਪੋਸਣਾ[80] ਅਤੇ ਸੰਭਾਲ ਕਰਦਾ[81] ਹੈ। ਉਹ[82] ਸਿਆਣਾ[84] ਅਤੇ ਸਰਬੱਗ[85] ਸੁਆਮੀ ਸਾਰਿਆਂ ਦੇ ਅੰਦਰ[83] ਵਸਦਾ ਹੈ।
ਗੁਰੁ ਸਰਵਰੁ[86] ਹਮ[87] ਹੰਸ[88] ਪਿਆਰੇ[89] ॥	The Guru is the tank[86] of Nectar and I[87] am his beloved[89] swan[88].	ਗੁਰੂ ਜੀ ਅੰਮ੍ਰਿਤ ਦੇ ਸਰੋਵਰ[86] ਹਨ ਅਤੇ ਮੈਂ[87] ਉਨ੍ਹਾਂ ਦਾ ਪਿਆਰਾ[89] ਰਾਜਹੰਸ[88] ਹਾਂ।
ਸਾਗਰ[90] ਮਹਿ[91] ਰਤਨ[92] ਲਾਲ[93] ਬਹੁ ਸਾਰੇ[94] ॥	In[91] the Guru-ocean[90] are many[94] jewels[92] and rubies[93].	ਗੁਰਦੇਵ ਸਮੁੰਦਰ[90] ਵਿੱਚ[91] ਬਹੁਤ[94] ਸਾਰੇ ਜਵੇਹਰ[92] ਤੇ ਮਾਣਕ[93] ਹਨ।
ਮੋਤੀ[95] ਮਾਣਕ[96] ਹੀਰਾ[97] ਹਰਿ ਜਸੁ[98] ਗਾਵਤ[99] ਮਨੁ[100] ਤਨੁ[2] ਭੀਨਾ[3] ਹੇ ॥ ੨॥	God's praises[98] are pearls[95], gems[96] and diamonds[97]. Hymning[99] them, my soul[100] and body[2] are drenched[3] with the Lord's love.	ਵਾਹਿਗੁਰੂ ਦੀਆਂ ਸਿਫ਼ਤਾਂ[98]—ਮਣੀਆਂ[95], ਲਾਲ[96] ਅਤੇ ਰਤਨ[97] ਹਨ। ਉਨ੍ਹਾਂ ਨੂੰ ਗਾਇਨ[99] ਕਰਨ ਦੁਆਰਾ ਮੇਰੀ ਜਿੰਦੜੀ[100] ਤੇ ਦੇਹ[2] ਪ੍ਰਭੂ ਦੀ ਪ੍ਰੀਤ ਨਾਲ ਗੱਚ[3] ਥੀ ਗਏ ਹਨ।
ਹਰਿ ਅਗਮ[4] ਅਗਾਹੁ[5] ਅਗਾਧਿ[6] ਨਿਰਾਲਾ[7] ॥	My Lord is Inaccessible[4], Incomprehensible[5], Unfathomable[6] and Detached[7].	ਮੇਰਾ ਵਾਹਿਗੁਰੂ ਪਹੁੰਚ ਤੋਂ[4] ਪਰੇ, ਸੋਚ ਸਮਝ ਤੋਂ[5] ਉਚੇਰਾ, ਅਥਾਹ[6] ਅਤੇ ਨਿਰਲੇਪ[7] ਹੈ।
ਹਰਿ ਅੰਤੁ[8] ਨ ਪਾਈਐ ਗੁਰ ਗੋਪਾਲਾ[9] ॥	The limit[8] of the Guru-God[9] can be found not.	ਗੁਰੂ-ਪ੍ਰਮੇਸ਼ਰ[9] ਦਾ ਪਾਰਾਵਾਰ[8] ਪਾਇਆ ਨਹੀਂ ਜਾ ਸਕਦਾ।
ਸਤਿਗੁਰ ਮਤਿ[10] ਤਾਰੇ[12] ਤਾਰਣਹਾਰਾ[13] ਮੇਲਿ ਲਏ[14] ਰੰਗਿ[15] ਲੀਨਾ[16] ਹੇ ॥੩॥	Through the True Guru's instruction[10], the Saviour[13] Lord saves[12] the mortals and blends[14] with Himself those, who are merged[16] in his love[15].	ਸੱਚੇ ਗੁਰਾਂ ਦੇ ਉਪਦੇਸ਼[10] ਰਾਹੀਂ ਤਾਰਨ ਵਾਲਾ[13] ਸੁਆਮੀ ਪਰਾਣੀਆਂ ਦਾ ਪਾਰ ਉਤਾਰਾ ਕਰ ਦਿੰਦਾ[12] ਹੈ ਅਤੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ[14] ਹੈ। ਜੋ ਉਸ ਦੇ ਪ੍ਰੇਮ[15] ਅੰਦਰ ਸਮਾਏ ਹੋਏ[11] ਹਨ।
ਸਤਿਗੁਰ ਬਾਝਹੁ ਮੁਕਤਿ[17] ਕਿਨੇਹੀ[18] ॥	Without the True Guru, how[18] can there be emancipation[17]?	ਸੱਚੇ ਗੁਰਾਂ ਦੇ ਬਿਨਾ ਕਲਿਆਨ[17] ਕਿਸ ਤਰ੍ਹਾਂ[18] ਹੋ ਸਕਦੀ ਹੈ?
ਓਹੁ ਆਦਿ[19] ਜੁਗਾਦੀ[20]	The Guru is the friend[22] of the Lord[21],	ਜੋ ਸੁਆਮੀ[21] ਐਨ ਆਰੰਭ[19] ਅਤੇ ਯੁਗਾਂ ਦੇ ਸ਼ੁਰੂ[20]

ਰਾਮ[21] ਸਨੇਹੀ[22] ॥

who is since the very commencement[19] and the beginning of ages[20].

ਤੋਂ ਹੈ, ਗੁਰੂ ਜੀ ਉਸ ਦੇ ਮਿੱਤ੍ਰ[22] ਹਨ ।

੧੦੨੮

ਦਰਗਹ[23] ਮੁਕਤਿ[24] ਕਰੇ ਕਰਿ ਕਿਰਪਾ[25] ਬਖਸੇ[26] ਅਵਗੁਣ[27] ਕੀਨਾ[28] ਹੇ ॥੪॥

The Lord, mercifully[25] pardons[26] the sins[27], committed[28] by man, and emancipates[24] him in His court[23].

ਸਾਂਈਂ ਦਇਆ ਧਾਰ ਕੇ[25], ਬੰਦੇ ਨੂੰ ਉਸ ਦੇ ਕੀਤੇ ਹੋਏ[28] ਪਾਪ[27] ਮਾਫ ਕਰ ਦਿੰਦਾ[26] ਹੈ ਅਤੇ ਆਪਣੇ ਦਰਬਾਰ[23] ਅੰਦਰ ਉਸ ਦੀ ਕਲਿਆਨ ਕਰ ਦਿੰਦਾ[24] ਹੈ ।

ਸਤਿਗੁਰੁ ਦਾਤਾ[29] ਮੁਕਤਿ[30] ਕਰਾਏ ॥ ਸਭਿ ਰੋਗ[31] ਗਵਾਏ[32] ਅੰਮ੍ਰਿਤੁ[33] ਰਸੁ[34] ਪਾਏ[35] ॥

It is through Sat-Guru, the Giver[29], that man is emancipated[30], is rid[32] of all the diseases[31] and is blessed[35] with the Immortalising[33] Name-Nectar[34].

ਦਾਤਾਰ[29], ਸਤਿਗੁਰੂ ਦੇ ਰਾਹੀਂ ਬੰਦਾ ਮੋਖਸ਼[30] ਹੋ ਜਾਂਦਾ ਹੈ, ਸਮੂਹ ਬੀਮਾਰੀਆਂ[31] ਤੋਂ ਖ਼ਲਾਸੀ[32] ਪਾ ਜਾਂਦਾ ਹੈ ਅਤੇ ਉਸ ਨੂੰ ਸੁਰਜੀਤ ਕਰਨ ਵਾਲੇ[33] ਨਾਮ-ਅੰਮ੍ਰਿਤ[34] ਦੀ ਦਾਤ ਮਿਲਦੀ ਹੈ ।

ਜਮੁ[35] ਜਾਗਾਤਿ[37] ਨਾਹੀ[38] ਕਰੁ ਲਾਗੈ[39] ਜਿਸੁ ਅਗਨਿ[40] ਬੁਝੀ ਠਰੁ[41] ਸੀਨਾ[42] ਹੇ ॥੫॥

Death[36], the tax-gatherer[37] charges[39] no tax[38] from him whose inner-fire[40] is quenched and whose bosom[42] is cool[41].

ਮਸੂਲ ਲੈਣ ਵਾਲੀ[37] ਮੌਤ[36] ਉਸ ਕੋਲੋਂ ਕੋਈ ਮਸੂਲ[38] ਨਹੀਂ ਲੈਂਦੀ[39], ਜਿਸ ਦੀ ਅੰਦਰਲੀ ਅੱਗ[40] ਬੁੱਝ ਗਈ ਹੈ ਅਤੇ ਜਿਸ ਦੀ ਛਾਤੀ[42] ਠੰਡੀ[41] ਹੈ ।

ਕਾਇਆ[43] ਹੰਸ[44] ਪ੍ਰੀਤਿ[45] ਬਹੁ ਧਾਰੀ[46] ॥

The body[43] has developed[46] great love[45] for the soul[44].

ਦੇਹ[43] ਨੇ ਆਤਮਾ[44] ਨਾਲ ਬਹੁਤਾ ਪਿਆਰ[45] ਪਾ ਲਿਆ[46] ਹੈ ।

ਓਹੁ ਜੋਗੀ[47] ਪੁਰਖੁ[48] ਓਹ ਸੁੰਦਰਿ[49] ਨਾਰੀ[50] ॥

He is a wandering[47] male[48] and she a beauteous[49] woman[50].

ਉਹ ਇੱਕ ਰਮਤਾ[47] ਮਰਦ[48]ਹੈ ਤੇ ਉਹ ਸੋਹਣੀ ਸੁਨੱਖੀ[49] ਤ੍ਰੀਮਤ[50] ।

[51]ਅਹਿਨਿਸਿ[52] ਭੋਗੈ[53] ਚੋਜ[54] ਬਿਨੋਦੀ[55] ਉਠਿ[56] ਚਲਤੈ[57] ਮਤਾ[58] ਨ ਕੀਨਾ ਹੇ ॥੬॥

Day[51] and night[52] he enjoys[53] her with love[54] and dalliance[55] and arising[56] and departing[57], he consults[58] her not.

ਦਿਹੁੰ[51] ਤੇ ਰੈਣ[52], ਉਹ ਉਸ ਨੂੰ ਪਿਆਰ[54] ਅਤੇ ਚੋਜਾਂ[55] ਸਹਿਤ ਮਾਣਦਾ[53] ਹੈ ਅਤੇ ਉੱਠ[56] ਕੇ ਟੁਰਣ[57] ਵੇਲੇ, ਉਹ ਉਸ ਨਾਲ ਕੋਈ ਸਲਾਹ ਮਸ਼ਵਰਾ[58] ਨਹੀਂ ਕਰਦਾ ।

ਸ੍ਰਿਸਟਿ[59] ਉਪਾਇ[60] ਰਹੇ ਪ੍ਰਭੁ ਛਾਜੈ[61] ॥

Creating[60] the world[59], the Lord is pervading[61] it.

ਜਗਤ[59] ਨੂੰ ਰੱਚ ਕੇ[60], ਸੁਆਮੀ ਇਸ ਅੰਦਰ ਵਿਆਪਕ[61] ਹੋ ਰਿਹਾ ਹੈ ।

ਪਉਣ[62] ਪਾਣੀ[63] ਬੈਸੰਤਰੁ[64] ਗਾਜੈ[65] ॥

He roars[65] in the wind[62], water[63] and fire[64].

ਉਹ ਹਵਾ[62], ਜਲ[63] ਅਤੇ ਅੱਗ[64] ਅੰਦਰ ਗੱਜਦਾ[65] ਹੈ ।

ਮਨੂਆ ਡੋਲੈ[66] ਦੂਤ[67] ਸੰਗਤਿ ਮਿਲਿ[68] ਸੋ ਪਾਏ ਜੋ ਕਿਛੁ[69] ਕੀਨਾ[70] ਹੇ ॥੭॥

Associating[68] with evil passions[67], the mind wavers[66] and obtains the fruit of what[69] he does[70].

ਮੰਦ ਵਿਸ਼ਿਆਂ[67] ਨਾਲ ਮਿਲਾਪ ਕਰਨ ਦੁਆਰਾ[68] ਮਨ ਡਿਕਡੋਲੇ ਖਾਂਦਾ[66] ਹੈ ਅਤੇ ਜਿਹੜਾ ਕੁਛ[69] ਉਹ ਕਰਦਾ[70] ਹੈ, ਉਸ ਦਾ ਫਲ ਭੁਗਤਦਾ ਹੈ ।

ਨਾਮੁ ਵਿਸਾਰਿ[71] ਦੋਖ[72] ਦੁਖ[73] ਸਹੀਐ[74] ॥

Forgetting[71] the Name, one endures[74] miser[72] of evil[73] ways.

ਨਾਮ ਨੂੰ ਭੁਲਾ ਕੇ[71], ਬੰਦਾ ਵਿਕਾਰਾਂ[72] ਦਾ ਦੁੱਖ[73] ਸਹਾਰਦਾ[74] ਹੈ ।

ਹੁਕਮੁ[75] ਭਇਆ[76] ਚਲਣਾ[77] ਕਿਉ[78] ਰਹੀਐ[79] ॥

When the order[75] to depart[77] is issued[76], how[78] can one stay[79] here.

ਜਦ ਕੂਚ[77] ਕਰਨ ਦਾ ਫ਼ੁਰਮਾਨ[75] ਜਾਰੀ[76] ਹੋ ਜਾਂਦਾ ਹੈ, ਬੰਦਾ ਏਥੇ ਕਿਸ ਤਰ੍ਹਾਂ[78] ਠਹਿਰ[79] ਸਕਦਾ ਹੈ ?

ਨਰਕ[80] ਕੂਪ[81] ਮਹਿ[82] ਗੋਤੇ[83] ਖਾਵੈ ਜਿਉ[84] ਜਲ[85]

He plunges[83] into[82] the well[81] of hell[80] and suffers like[84] the fish[86], out

ਉਹ ਨਰਕ[80] ਦੇ ਖੂਹ[81] ਅੰਦਰ[82] ਡੁਬਕੀਆਂ[83] ਖਾਂਦਾ ਹੈ ਅਤੇ ਮੱਛੀ[86] ਦੇ, ਪਾਣੀ[85] ਤੋਂ ਬਾਹਰ ਹੋਣ ਦੀ ਮਾਨੰਦ[84],

ਤੇ ਬਾਹਰਿ ਮੀਨਾ[86] ਹੇ ॥੮॥	of water[85].	ਦੁੱਖ ਉਠਾਉਂਦਾ ਹੈ।
ਚਉਰਾਸੀਹ ਨਰਕ[87] ਸਾਕਤੁ[88] ਭੋਗਾਈਐ[89] ॥	The mammon-worshipper[88] passes[89] through eightyfour lakh species of hell[87].	ਮਾਇਆ ਦਾ ਉਪਾਸ਼ਕ[88] ਚੁਰਾਸੀ ਲੱਖ ਕਿਸਮਾਂ ਦੇ ਦੋਜ਼ਕਾਂ[87] ਨੂੰ ਭੋਗਦਾ[89] ਹੈ।
ਜੈਸਾ[90] ਕੀਚੈ[91] ਤੈਸੋ[92] ਪਾਈਐ[93] ॥	As[90] he does[91], so[82] shall he suffer[93].	ਜੇਹੋ ਜੇਹਾ[90] ਉਹ ਕਰਦਾ[91] ਹੈ, ਉਹੋ ਜੇਹਾ[92] ਹੀ ਉਹ ਫਲ ਭੁਗਤੇਗਾ[93]।
ਸਤਿਗੁਰ ਬਾਝਹੁ ਮੁਕਤਿ[94] ਨ ਹੋਈ ਕਿਰਤਿ[95] ਬਾਧਾ[96] ਗੁਸਿ[97] ਦੀਨਾ[98] ਹੇ ॥੯॥	Without the True Guru, there is no emancipation[94]. Bound[96] and seized[97] by deeds[95], one becomes helpless[98].	ਸੱਚੇ ਗੁਰਾਂ ਦੇ ਬਿਨਾ ਕਲਿਆਣ[94] ਨਹੀਂ ਹੁੰਦੀ। ਕਰਮਾਂ ਦਾ ਬੰਨ੍ਹਿਆ[96] ਤੇ ਪਕੜਿਆ[97] ਹੋਇਆ ਬੰਦਾ ਬੇਬਸ[98] ਹੋ ਜਾਂਦਾ ਹੈ।
ਖੰਡੇ[99] ਧਾਰ[100] ਗਲੀ[2] ਅਤਿ[3] ਭੀੜੀ[4] ॥	Very[3] narrow[4], like the sharp edge[100] of a sword[99], is the way[2] to the yonder world.	ਤਲਵਾਰ[99] ਦੇ ਤਿੱਖੇ ਪਾਸੇ[100] ਵਰਗਾ ਨਿਹਾਇਤ[3] ਹੀ ਤੰਗ[4] ਹੈ ਪਰਲੋਕ ਨੂੰ ਜਾਣ ਦਾ ਮਾਰਗ[2]।
ਲੇਖਾ[5] ਲੀਜੈ[6] ਤਿਲ[7] ਜਿਉ[8] ਪੀੜੀ ॥	Man's account[5] shall be called[6] and he shall be pressed like[8] sesame[7].	ਇਨਸਾਨ ਪਾਸੋਂ ਹਿਸਾਬ ਕਿਤਾਬ[5] ਲਿਆ ਜਾਵੇਗਾ[6] ਅਤੇ ਉਹ ਤਿਲ[7] ਦੀ ਤਰ੍ਹਾਂ[8] ਪੀੜ ਦਿੱਤਾ ਜਾਊਗਾ।
ਮਾਤ[16] ਪਿਤਾ[9] ਕਲਤ੍ਰ[10] ਸੁਤ[12] ਬੇਲੀ[13] ਨਾਹੀ ਬਿਨੁ ਹਰਿ ਰੰਸ[14] ਮੁਕਤਿ[15] ਨ ਕੀਨਾ ਹੇ ॥੧੦॥	The mother[16], father[9], wife[10] and son[12] shall befriend[13] him not. With out the Lord's love[14] one is emancipated[15] not.	ਮਾਂ[16], ਪਿਉ[9], ਪਤਨੀ[10] ਅਤੇ ਪੁਤ੍ਰ[12] ਉਸ ਦੇ ਮਿੱਤ੍ਰ[13] ਨਹੀਂ ਹੋਣੇ। ਪ੍ਰਭੂ ਦੀ ਪ੍ਰੀਤ[14] ਦੇ ਬਾਝੋਂ ਬੰਦੇ ਦੀ ਕਲਿਆਣ[15] ਨਹੀਂ ਹੁੰਦੀ।
ਮੀਤ[17] ਸਖੇ[18] ਕੇਤੇ[19] ਜਗ[20] ਮਾਹੀ[21] ॥ ਬਿਨੁ ਗੁਰ ਪਰਮੇਸਰ[22] ਕੋਈ ਨਾਹੀ ॥	Man may have good many[19] friends[17] and comrades[18] in[21] the world[20], but without the Guru-God[22], none is his Saviour.	ਜਗਤ[20] ਅੰਦਰ[21] ਬੰਦੇ ਦੇ ਭਾਵੇਂ ਅਨੇਕਾਂ[19] ਮਿੱਤ੍ਰ[17] ਤੇ ਸਾਥੀ[18] ਹੋਣ, ਪ੍ਰੰਤੂ ਗੁਰੂ-ਪਾਰਬ੍ਰਹਮ[22] ਦੇ ਬਗੈਰ ਉਸ ਦਾ ਪਾਰ ਉਤਾਰਾ ਕਰਨ ਵਾਲਾ ਕੋਈ ਭੀ ਨਹੀਂ।
ਗੁਰ ਕੀ ਸੇਵਾ[23] ਮੁਕਤਿ[24] ਪਰਾਇਣਿ[25] ਅਨਦਿਨੁ[26] ਕੀਰਤਨੁ[27] ਕੀਨਾ ਹੇ ॥੧੧॥	The Guru's service[23] is the way[25] to salvation[24] and through it, night and day[26], one sings the Lord's praise[27].	ਗੁਰਾਂ ਦੀ ਟਹਿਲ ਸੇਵਾ[23] ਕਲਿਆਣ[24] ਦਾ ਵਸੀਲਾ[25] ਹੈ ਅਤੇ ਇਸ ਦੇ ਰਾਹੀਂ, ਰੈਣ ਦਿਹੁੰ[26], ਬੰਦਾ ਪ੍ਰਭੂ ਦੀ ਮਹਿਮਾ[27] ਗਾਇਨ ਕਰਦਾ ਹੈ।
ਕੂੜੁ[28] ਛੋਡਿ[29] ਸਾਚੇ[30] ਕਉ ਧਾਵਹੁ[31] ॥ ਜੋ[32] ਇਛਹੁ[36] ਸੋਈ[34] ਫਲੁ[35] ਪਾਵਹੁ ॥	Abandon[29] thou falsehood[28], pursue[31] truth[30] and thou shalt obtain the[34] fruit[35], which[32] thou desireth[36].	ਤੂੰ ਝੂਠ[28] ਨੂੰ ਛੱਡ ਦੇ[29], ਸੱਚ[30] ਮਗਰ ਟੁਰ[31] ਅਤੇ ਤੂੰ ਉਹੀ[34] ਮੇਵਾ[35] ਪਾ ਲਵੇਂਗਾ ਜਿਹੜਾ[32] ਤੂੰ ਲੋੜਦਾ[36] ਹੈਂ।
ਸਾਚ ਵਖਰ[37] ਕੇ ਵਾਪਾਰੀ[38] ਵਿਰਲੇ[39] ਲੈ[40] ਲਾਹਾ[41] ਸਉਦਾ[42] ਕੀਨਾ ਹੇ ॥੧੨॥	Few[39] are the traders[38] of the true merchandise[37]. They who traffic[42] in it, obtain[40] the profit[41].	ਸੱਚੇ ਸੌਦੇ ਸੂਤ[37] ਦੇ ਬਹੁਤ ਹੀ ਥੋੜੇ[39] ਵਣਜਾਰੇ[38] ਹਨ। ਜੋ ਸੱਚ ਨੂੰ ਵਣਜਦੇ[42] ਹਨ ਉਹ ਨਫ਼ਾ[41] ਉਠਾਉਂਦੇ[40] ਹਨ।
ਹਰਿ ਹਰਿ ਨਾਮੁ ਵਖਰੁ[43] ਲੈ ਚਲਹੁ[44] ॥ ਦਰਸਨੁ[45]	Depart[44] thou with the stock-in-trade[43] of the Lord-God's Name and	ਤੂੰ ਸੁਆਮੀ ਵਾਹਿਗੁਰੂ ਦੇ ਨਾਮ ਦੀ ਸੁਦਾਗਰੀ ਦਾ ਮਾਲ[43] ਲੈ ਕੇ ਕੂਚ[44] ਕਰ ਅਤੇ ਤੂੰ ਉਸ ਦੇ ਮੰਦਰ[47]

ਪਾਵਹੁ ਸਹਜਿ[46] ਮਹਲਹੁ[47] ॥	thou shalt easily[46] obtain the Lord's sight[45] in His mansion[47].	ਵਿਚ ਸੁਆਮੀ ਦਾ ਦੀਦਾਰ[45] ਸੁਖੈਨ[46] ਹੀ ਪਾ ਲਵੇਂਗਾ ।
ਗੁਰਮੁਖਿ[48] ਖੋਜਿ[49] ਲਹਹਿ[50] ਜਨ ਪੂਰੇ[51] ਇਉ[52] ਸਮਦਰਸੀ[53] ਚੀਨਾ[54] ਹੇ ॥ ੧੩॥	By the Guru's grace[48], the perfect persons[51] search[49] and find[50] out their Lord. This wise[52] they see[54] Him, who looks upon alike[53].	ਗੁਰਾਂ ਦੀ ਦਇਆ[48] ਦੁਆਰਾ, ਪੂਰਨ ਪੁਰਸ਼[51] ਆਪਣੇ ਪ੍ਰਭੂ ਨੂੰ ਭਾਲ[49] ਕੇ ਲੱਭ ਲੈਂਦੇ[50] ਹਨ । ਇਸ ਤਰ੍ਹਾਂ[52] ਉਹ ਉਸ ਨੂੰ ਵੇਖ ਲੈਂਦੇ[54] ਹਨ, ਜੋ ਸਾਰਿਆਂ ਨੂੰ ਇਕ ਸਮਾਨ[53] ਵੇਖਦਾ ਹੈ ।
ਪ੍ਰਭ ਬੇਅੰਤ[55] ਗੁਰਮਤਿ[56] ਕੋ[57] ਪਾਵਹਿ ॥	Infinite[55] is the Lord. A few[57] obtain Him by Guru's instruction[56].	ਅਨੰਤ[55] ਹੈ ਸੁਆਮੀ । ਗੁਰਾਂ ਦੇ ਉਪਦੇਸ਼[56] ਦੁਆਰਾ ਬਹੁਤ ਹੀ ਥੋੜੇ[57] ਉਸ ਨੂੰ ਪ੍ਰਾਪਤ ਹੁੰਦੇ ਹਨ ।
ਗੁਰ ਕੈ ਸਬਦਿ[58] ਮਨ ਕਉ ਸਮਝਾਵਹਿ[59] ॥	Through the Guru-given Name[58], they instruct[59] their mind.	ਗੁਰਾਂ ਦੇ ਦਿੱਤੇ ਹੋਏ ਨਾਮ[58] ਦੇ ਰਾਹੀਂ ਉਹ ਆਪਣੇ ਮਨ ਨੂੰ ਸਿਖਮਤ[59] ਦਿੰਦੇ ਹਨ ।
ਸਤਿਗੁਰ ਕੀ ਬਾਣੀ ਸਤਿ ਸਤਿ[60] ਕਰਿ ਮਾਨਹੁ[61] ਇਉ ਆਤਮ[62] ਰਾਮੈ ਲੀਨਾ[63] ਹੇ ॥੧੪॥	Accept[61] thou as perfectly true[60] the word of the True Guru. This wise thou shalt merge[63] in the All-pervading soul[62].	ਸੱਚੇ ਗੁਰਾਂ ਦੀ ਗੁਰਬਾਣੀ ਨੂੰ ਤੂੰ ਪੂਰਨ ਸੱਚੀ[60] ਸਵੀਕਾਰ[61] ਕਰ । ਇਸ ਤਰ੍ਹਾਂ ਤੂੰ ਸਰਬ-ਵਿਆਪਕ ਰੂਹ[62] ਅੰਦਰ ਸਮਾ[63] ਜਾਵੇਂਗਾ ।
ਨਾਰਦ ਸਾਰਦ[64] ਸੇਵਕ[65] ਤੇਰੇ ॥	Narad and Saraswati[64] are Thy servants[65], O Lord.	ਨਾਰਦ[63] ਤੇ ਸਰਸਵਤੀ[64] ਤੇਰੇ ਦਾਸ[65] ਹਨ, ਹੇ ਪ੍ਰਭੂ !
[66]ਤ੍ਰਿਭਵਣਿ[67] ਸੇਵਕ ਵਡਹੁ[68] ਵਡੇਰੇ ॥	The highest of the high[68] in three[66] worlds[67], too, are Thine servants.	ਤਿੰਨਾਂ[66] ਹੀ ਜਹਾਨਾਂ[67] ਅੰਦਰ ਉਚਿਆਂ ਦੇ ਪਰਮ ਉੱਚੇ[68] ਭੀ ਤੈਂਡੇ ਹੀ ਨੌਕਰ ਹਨ ।
ਸਭ ਤੇਰੀ ਕੁਦਰਤਿ[69] ਤੂ ਸਿਰਿ ਸਿਰਿ[70] ਦਾਤਾ[71] ਸਭੁ ਤੇਰੋ ਕਾਰਣੁ[72] ਕੀਨਾ[73] ਹੇ ॥੧੫॥	My Lord, within all is Thy power[69]. Thou art the Beneficent[71] Lord of all[70] and Thou alone hast made[73] the whole world[72],	ਮੈਂਡੇ ਸੁਆਮੀ, ਸਾਰਿਆਂ ਅੰਦਰ ਤੇਰੀ ਹੀ ਸ਼ਕਤੀ[69] ਹੈ । ਤੂੰ ਸਾਰਿਆਂ[70] ਦਾ ਦਾਤਾਰ[71] ਸੁਆਮੀ ਹੈਂ ਕੇਵਲ ਤੂੰ ਹੀ ਸਾਰਾ ਸੰਸਾਰ[72] ਸਾਜਿਆ[73] ਹੈ ।
ਇਕਿ[74] ਦਰਿ[75] ਸੇਵਹਿ[76] ਦਰਦੁ[77] ਵਞਾਏ[78] ॥ ਓਇ ਦਰਗਹ[79] ਪੈਧੇ[80] ਸਤਿਗੁਰੂ ਛਡਾਏ[81] ॥	Some[74], who serve[76] Thee at Thy gate[75], dispel[78] their sufferings[77]. They are robed[80] in the Lord's court[79] and are emancipated[81] by the True Guru.	ਕਈ[74] ਜੋ ਤੇਰੇ ਬੂਹੇ[75] ਤੇ ਤੇਰੀ ਟਹਿਲ ਕਮਾਉਂਦੇ[76] ਹਨ, ਉਨ੍ਹਾਂ ਦੀਆਂ ਤਕਲੀਫ਼ਾਂ[77] ਦੂਰ ਹੋ ਜਾਂਦੀਆਂ[78] ਹਨ । ਉਹ ਸਾਈਂ ਦੇ ਦਰਬਾਰ[79] ਅੰਦਰ ਸਰੋਪਾ ਪਹਿਰਾਏ[80] ਜਾਂਦੇ ਹਨ ਅਤੇ ਸੱਚੇ ਗੁਰੂ ਜੀ ਉਨ੍ਹਾਂ ਨੂੰ ਬੰਦਖਲਾਸ[81] ਕਰ ਦਿੰਦੇ ਹਨ ।
ਹਉਮੈ[82] ਬੰਧਨ[83] ਸਤਿਗੁਰਿ ਤੋੜੇ[84] ਚਿਤੁ[85] ਚੰਚਲੁ[86] ਚਲਣਿ[87] ਨ ਦੀਨਾ ਹੇ ॥ ੧੬ ॥	The True Guru breaks[84] the bonds[83] of pride[82] and restrains[87] the mercurial[86] mind[85].	ਸੱਚੇ ਗੁਰੂ ਜੀ ਹੰਕਾਰ[82] ਦੇ ਜੂੜ[83] ਵੱਢ ਸੁਟਦੇ[84] ਹਨ ਅਤੇ ਚੁਲ-ਬੁਲੇ[86] ਮਨੂਏ[85] ਨੂੰ ਭਟਕਣ ਨਹੀਂ ਦਿੰਦੇ[87] ।
ਸਤਿਗੁਰ ਮਿਲਹੁ ਚੀਨਹੁ[88] ਬਿਧਿ[89] ਸਾਈ[90] ॥ ਜਿਤੁ ਪ੍ਰਭੁ ਪਾਵਹੁ ਗਣਤ[91] ਨ ਕਾਈ ॥	Meet thou the True Guru and look[88] for the[90] way[89], by which thou may obtain thy Lord and may have no account[91] against thee.	ਤੂੰ ਆਪਣੇ ਸੱਚੇ ਗੁਰਾਂ ਨੂੰ ਮਿਲ ਅਤੇ ਉਸ[90] ਰਸਤੇ[89] ਨੂੰ ਤੱਕ[88], ਜਿਸ ਦੁਆਰਾ ਤੂੰ ਆਪਣੇ ਸਾਹਿਬ ਨੂੰ ਪਾ ਲਵੇਂ ਅਤੇ ਤੇਰੇ ਜ਼ਿੰਮੇ ਕੋਈ ਹਿਸਾਬ-ਕਿਤਾਬ[91] ਨਾ ਰਹੇ ।

ਹਉਮੈ[92] ਮਾਰਿ[93] ਕਰਹੁ ਗੁਰ ਸੇਵਾ ਜਨ[94] ਨਾਨਕ ਹਰਿ ਰੰਗਿ[95] ਭੀਨਾ[96] ਹੇ ॥ ੧੭॥੨॥੮॥

Efface[93] thou thy ego[92] and perform thou the Guru's service. This wise, O slave[94] Nanak, thou shalt be imbued[96] with the Lord's love[95].

ਤੂੰ ਆਪਣੇ ਹੰਕਾਰ[92] ਨੂੰ ਮੇਟ[93] ਦੇ ਅਤੇ ਗੁਰਾਂ ਦੀ ਟਹਿਲ ਸੇਵਾ ਕਮਾ। ਇਸ ਤਰ੍ਹਾਂ, ਹੇ ਗੋਲੇ[54] ਨਾਨਕ! ਤੂੰ ਪ੍ਰਭੂ ਦੀ ਪ੍ਰੀਤ[95] ਨਾਲ ਰੰਗਿਆ ਜਾਵੇਂਗਾ[96]।

ਮਾਰੂ ਮਹਲਾ ੧ ॥

Maru Ist Guru.

ਮਾਰੂ ਪਹਿਲੀ ਪਾਤਿਸ਼ਾਹੀ।

ਅਸੁਰ[97] ਸਘਾਰਣ[98] ਰਾਮੁ ਹਮਾਰਾ ॥

My Lord is the Destroyer[98] of demons[97].

ਮੇਰਾ ਪ੍ਰਭੂ ਦੈਂਤਾਂ[97] ਨੂੰ ਮਾਰਣ ਵਾਲਾ[98] ਹੈ।

ਘਟਿ ਘਟਿ[99] ਰਮਈਆ[100] ਰਾਮੁ ਪਿਆਰਾ[2] ॥

My Beloved[2] Lord pervades[100] all the hearts[99].

ਮੇਰਾ ਪ੍ਰੀਤਮ[2]-ਪ੍ਰਭੂ ਸਾਰਿਆਂ[99] ਦਿਲਾਂ ਅੰਦਰ ਸਮਾ ਰਿਹਾ[100] ਹੈ।

ਨਾਲੇ[2]* ਅਲਖੁ[3] ਨ ਲਖੀਐ[4] ਮੂਲੇ[5] ਗੁਰਮੁਖਿ[6]* ਲਿਖੁ[6] ਵੀਚਾਰਾ[7] ਹੇ ॥੧॥

Though ever with[2]* us, the Unseeable[3] Lord is not at all[5] seen[4]. By dwelling upon[7] the writ[6] of the Supreme Guru[6]*, He is known.

ਭਾਵੇਂ ਸਦੀਵ ਹੀ ਸਾਡੇ ਨਾਲ[2]* ਹੈ, ਅਦ੍ਰਿਸ਼ਟ[3] ਪ੍ਰਭੂ ਉੱਕਾ ਹੀ[5] ਦੇਖਿਆ[4] ਨਹੀਂ ਜਾ ਸਕਦਾ। ਮੁਖੀ ਗੁਰਦੇਵ[6]* ਜੀ ਦੀ ਲਿਖਤ[6] ਨੂੰ ਸੋਚਣ ਸਮਝਣ ਦੁਆਰਾ[7] ਉਹ ਜਾਣਿਆ ਜਾਂਦਾ ਹੈ।

੧੦੨੯

ਗੁਰਮੁਖਿ[8] ਸਾਧੂ ਸਰਣਿ[9] ਤੁਮਾਰੀ ॥

He alone is the pious saint[8] of Thine, O Lord, who seeks Thy refuge[9].

ਕੇਵਲ ਉਹ ਤੇਰਾ ਪਵਿੱਤ੍ਰ ਸੰਤ[8] ਹੈ, ਹੇ ਸੁਆਮੀ! ਜੋ ਤੇਰੀ ਓਟ[9] ਲੈਂਦਾ ਹੈ।

ਕਰਿ[10] ਕਿਰਪਾ[12] ਪ੍ਰਭਿ ਪਾਰਿ ਉਤਾਰੀ[13] ॥

Showing[10] His mercy[12],. the Lord ferries[13] him across.

ਆਪਣੀ ਰਹਿਮਤ[12] ਧਾਰ ਕੇ[10] ਸਾਹਿਬ ਉਸ ਨੂੰ ਤਾਰ ਦਿੰਦਾ[13] ਹੈ।

ਅਗਨਿ[14] ਪਾਣੀ ਸਾਗਰੁ[15] ਅਤਿ[16] ਗਹਰਾ[17] ਗੁਰੁ[18] ਸਤਿਗੁਰੁ ਪਾਰਿ ਉਤਾਰਾ[19] ਹੇ ॥੨॥

Th Great[18] True Guru, ferries[19] one across the very[16] deep[17] ocean[15], brimful with fiery[14] water.

ਪਰਮ[16] ਡੂੰਘੇ[17], ਅੱਗ ਵਰਗੇ[14], ਪਾਣੀ ਨਾਲ ਭਰੇ ਸਮੁੰਦਰ[15] ਤੋਂ ਵੱਡੇ[18] ਸੱਚੇ ਗੁਰੂ ਜੀ ਪਾਰ ਕਰ ਦਿੰਦੇ[19] ਹਨ।

ਮਨਮੁਖ[20] ਅੰਧੁਲੇ[21] ਸੋਝੀ[22] ਨਾਹੀ ॥

The blind[21] apostate[20] has no understanding[22].

ਅੰਨ੍ਹੇ[21] ਅਧਰਮੀ[20] ਨੂੰ ਕੋਈ ਸਮਝ[22] ਨਹੀਂ।

ਆਵਹਿ[23] ਜਾਹਿ[24] ਮਰਹਿ ਮਰਿ[25] ਜਾਹੀ[26] ॥

He comes[23], goes[24] and repeatedly dies[25] and departs[26].

ਉਹ ਆਉਂਦਾ[23], ਜਾਂਦਾ[24] ਤੇ ਬਾਰੰਬਾਰ ਮਰਦਾ[25] ਤੇ ਜਾਂਦਾ[26] ਹੈ।

ਪੂਰਬਿ[28] ਲਿਖਿਆ[27] ਲੇਖੁ[29] ਨ ਮਿਟਈ[30] ਜਮ[31] ਦਰਿ[32] ਅੰਧੁ[33] ਖੁਆਰਾ[34] ਹੇ ॥੩॥

The recorded[27] writ[29] of the past[28] is erased[30] not and the blind[33] man is distressed[34] at the death's[31] door[32].

ਮੁੱਢ[28] ਦੀ ਲਿਖੀ ਹੋਈ[27] ਲਿਖਤਾਕਾਰ[29] ਮੇਸੀ[30] ਨਹੀਂ ਜਾ ਸਕਦੀ ਤੇ ਅੰਨ੍ਹਾ[33] ਇਨਸਾਨ ਮੌਤ[31] ਦੇ ਬੂਹੇ[32] ਤੇ ਅਵਾਜ਼ਾਰ[34] ਹੁੰਦਾ ਹੈ।

ਇਕਿ[36] ਆਵਹਿ ਜਾਵਹਿ ਘਰਿ[35] ਵਾਸੁ[37] ਨ ਪਾਵਹਿ॥

Some[36] there are, who come and go and obtain not abode[37] in their own home[35].

ਕਈ[36] ਐਸੇ ਹਨ ਜੋ ਆਉਂਦੇ ਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਗ੍ਰਹਿ[35] ਅੰਦਰ ਵਸੇਬਾ[37] ਨਹੀਂ ਮਿਲਦਾ।

ਕਿਰਤ[38] ਕੇ ਬਾਧੇ[39] ਪਾਪ[40] ਕਮਾਵਹਿ[41] ॥

Bound[39] to past deeds[38], they commit[41] sins[40].

ਪੂਰਬਲੇ ਕਰਮਾਂ[38] ਨਾਲ ਬੱਝੇ ਹੋਏ[39] ਉਹ ਗੁਨਾਹ[40] ਕਰਦੇ[41] ਹਨ।

ਅੰਧੁਲੇ[42] ਸੋਝੀ[43] ਬੂਝ[44] ਨ ਕਾਈ ਲੋਭੁ[45] ਬੁਰਾ[46] ਅਹੰਕਾਰਾ[47] ਹੇ ॥

The blind ones[42] have no knowledge[43] and understanding[43]. They are depraved[46] by avarice[45] and ego[47].

ਅੰਨ੍ਹੇ ਮਨੁੱਸ਼ਾਂ[42] ਨੂੰ ਕੋਈ ਗਿਆਤ[43] ਜਾਂ ਸਮਝ[44] ਨਹੀਂ। ਉਨ੍ਹਾਂ ਨੂੰ ਲਾਲਚ[45] ਅਤੇ ਹੰਕਾਰ[47] ਨੇ ਭ੍ਰਿਸ਼ਟ ਕਰ ਛੱਡਿਆ[46] ਹੈ।

ਪਿਰ[48] ਬਿਨੁ ਕਿਆ ਤਿਸੁ ਧਨ[49] ਸੀਗਾਰਾ[50] ॥ ਪਰ[51] ਪਿਰ[52] ਰਾਤੀ[53] ਖਸਮੁ[54] ਵਿਸਾਰਾ[55] ॥

Without her spouse[48], of what avail is the embelishment[50] of the bride[49]; who forsaking[55] her spouse[54], is imbued[53] with the love of another's[51] husband[52].

ਆਪਣੇ ਕੰਤ[48] ਦੇ ਬਾਝੋਂ ਉਸ ਪਤਨੀ[49] ਦਾ ਹਾਰ ਸ਼ਿੰਗਾਰ[50] ਕਿਹੜੇ ਕੰਮ ਹੈ; ਜੋ ਆਪਣੇ ਪਤੀ[54] ਨੂੰ ਛੱਡ[55] ਕੇ, ਹੋਰਸ[51] ਦੇ ਖਾਵੰਦ[52] ਦੇ ਪਿਆਰ ਨਾਲ ਰੰਗੀ[53] ਹੋਈ ਹੈ।

ਜਿਉ[56] ਬੇਸੁਆ[57] ਪੂਤ[58] ਬਾਪੁ[59] ਕੋ[60] ਕਹੀਐ ਤਿਉ[61] ਫੋਕਟ[62] ਕਾਰ[63] ਵਿਕਾਰਾ[64] ਹੇ ॥੫॥

As[56] none knows, who[60] is the father[59] of the courtesan's[57] son[58], so[61] vain[62] and useless[64] are the deeds[63] of the Guruless one.

ਜਿਸ ਤਰ੍ਹਾਂ[56] ਕੋਈ ਨਹੀਂ ਜਾਣਦਾ ਕਿ ਕੰਜਰੀ[57] ਦੇ ਪੁਤ੍ਰ[58] ਦਾ ਪਿਓ[59] ਕੌਣ[60] ਹੈ, ਇਸੇ ਤਰ੍ਹਾਂ[61] ਹੀ ਨਿਸਫਲ[62] ਅਤੇ ਵਿਅਰਥ[64] ਹਨ ਨਿਗੁਰੇ ਪ੍ਰਾਨੀ ਦੇ ਕਰਮ[63]।

ਪ੍ਰੇਤ[65] ਪਿੰਜਰ[66] ਮਹਿ[67] ਦੂਖ[68] ਘਨੇਰੇ[69] ॥

There are many[69]demerits[68](afflictions) in[67] the body cage[66] of the mind's ghost[65].

ਮਨ-ਭੂਤ[65] ਦੇ, ਦੇਹ ਦੇ ਪਿੰਜਰੇ[66] ਅੰਦਰ, ਬਹੁਤੇ[69] ਦੁਖ[68] ਹਨ।

ਨਰਕਿ[70] ਪਚਹਿ[71] ਅਗਿਆਨ[72] ਅੰਧੇਰੇ[73] ॥

Through the darkness[73] of spiritual ignorance[72] the mortals putrefy[71] in hell[70].

ਆਤਮਕ ਬੇਸਮਝੀ[72] ਦੇ ਅਨ੍ਹੇਰੇ[73] ਦੇ ਰਾਹੀਂ ਪ੍ਰਾਣੀ ਦੋਜ਼ਕ[70] ਅੰਦਰ ਅੰਦਰ ਗਲਦੇ ਸੜਦੇ[71] ਹਨ।

ਧਰਮ[74] ਰਾਇ ਕੀ ਬਾਕੀ[75] ਲੀਜੈ[76] ਜਿਨਿ[77] ਹਰਿ ਕਾ ਨਾਮੁ ਵਿਸਾਰਾ[78] ਹੇ ॥੬॥

Whosoever[77] forgets[78] the Lord's Name; He has to pay[76]up to the Lord-Justiciar[74] the balance[75] of his deeds.

ਜੋ ਕੋਈ[77] ਭੀ ਪ੍ਰਭੂ ਦੇ ਨਾਮ ਨੂੰ ਭੁਲਾਉਂਦਾ[78] ਹੈ; ਉਸ ਨੂੰ ਆਪਣੇ ਕਰਮਾਂ ਦਾ ਬਕਾਇਆ[75] (ਹਿਸਾਬ) ਧਰਮਰਾਜੇ[74] ਨੂੰ ਦੇਣਾ ਪੈਂਦਾ[76] ਹੈ।

ਸੂਰਜੁ[79] ਤਪੈ[80] ਅਗਨਿ[81] ਬਿਖੁ[82] ਝਾਲਾ[83] ॥

Within him blazes[80] the scorching[81] sun[79] of desire, with poisonous[82] flames[83]

ਉਸ ਦੇ ਅੰਦਰ ਸਾੜ ਸੁੱਟਣ ਵਾਲਾ[81], ਖ਼ਾਹਿਸ਼ ਦਾ ਸੂਰਜ[79] ਜ਼ਹਿਰੀਲੀਆਂ[82] ਲਾਟਾਂ[83] ਸਹਿਤ ਤਪਦਾ[80] ਹੈ।

ਅਪਤੁ[84] ਪਸੂ[85] ਮਨਮੁਖੁ[86] ਬੇਤਾਲਾ[87] ॥

He, the egocentric[86], is without honour[84], a beast[85] and a demon[87].

ਉਹ ਆਪ ਹੁਦਰਾ[86] ਪ੍ਰਾਣੀ, ਬੇਇੱਜ਼ਤ[87] ਡੰਗਰ[85] ਅਤੇ ਭੂਤਨਾ[87] ਹੈ।

ਆਸਾ[88] ਮਨਸਾ[89] ਕੂੜੁ[90] ਕਮਾਵਹਿ[91] ਰੋਗੁ[92] ਬੁਰਾ[93] ਬੁਰਿਆਰਾ[94] ਹੇ ॥੭॥

Involved in hope[88] and desire[89], he practises[91] falsehod[90] and is afflicted with the bad[93] disease[92] of vice[94].

ਉਮੈਦ[88] ਅਤੇ ਖ਼ਾਹਿਸ਼[89] ਅੰਦਰ ਗ੍ਰਸਿਆ ਹੋਇਆ ਉਹ ਝੂਠ[90] ਦੀ ਕਿਰਤ ਕਰਦਾ[91] ਹੈ ਤੇ ਬਦੀ[94] ਦੀ ਬੁਰੀ[93] ਬੀਮਾਰੀ[92] ਦਾ ਦੁਖੀ ਕੀਤਾ ਹੋਇਆ ਹੈ।

ਮਸਤਕਿ[95] ਭਾਰੁ[96] ਕਲਰ[97] ਸਿਰਿ[98] ਭਾਰਾ[99] ॥

He is carrying on his forehead[95] and head[98] the heavy[99] load[96] of the nitre[97] of sins.

ਉਹ ਆਪਣੇ ਮੱਥੇ[95] ਅਤੇ ਸਿਰ[98] ਉਤੇ ਪਾਪਾਂ ਦੇ ਸ਼ੋਰੇ[97] ਦਾ ਬੋਝਲ[99] ਬੋਝ[96] ਚੁੱਕੀ ਫਿਰਦਾ ਹੈ।

ਕਿਉ[100] ਕਰਿ [2]ਭਵਜਲੁ[3] ਲੰਘਸਿ[4] ਪਾਰਾ ॥

How can[100] he cross[4] the terrible[2] world-ocean[3] ?

ਉਹ ਕਿਸ ਤਰ੍ਹਾਂ[100] ਭਿਆਨਕ[2] ਸੰਸਾਰ ਸਮੁੰਦਰ[3] ਤੋਂ ਪਾਰ ਉੱਤਰ[4] ਸਕਦਾ ਹੈ ?

ਸਤਿਗੁਰੁ ਬੋਹਿਥੁ[5] ਆਦਿ

Since the ancient times[6], the True

ਮੁੱਢ ਕਦੀਮਾਂ[6] ਤੋਂ ਸੱਚੇ ਗੁਰੂ ਜੀ ਜਹਾਜ਼[5] ਹਨ ਜੋ

ਜੁਗਾਦੀ[6] ਰਾਮ[7] ਨਾਮਿ ਨਿਸਤਾਰਾ[8] ਹੇ ॥੮॥	Guru is the ship[5] who through the Lord's[9] Name ferries[8] men across.	ਸੁਆਮੀ[7] ਦੇ ਨਾਮ ਦੇ ਰਾਹੀਂ ਇਨਸਾਨ ਦਾ ਪਾਰ ਉਤਾਰਾ[8] ਕਰ ਦਿੰਦੇ ਹਨ।
ਪੁਤ੍ਰ[9] ਕਲਤ੍ਰ[10] ਜਗਿ[12] ਹੇਤੁ[13] ਪਿਆਰਾ[14] ॥	Sweet[14] is the love[13] of sons[9] and wife[10] in the world[12].	ਮਨੁਖ ਨੂੰ ਸੰਸਾਰ[12] ਵਿੱਚ ਬੇਟਿਆਂ[9] ਤੇ ਵਹੁਟੀ[10] ਦੀ ਪ੍ਰੀਤ[13] ਮਿੱਠੜੀ[14] ਲਗਦੀ ਹੈ।
ਮਾਇਆ[15] ਮੋਹੁ[16]ਪਸਰਿਆ[17] ਪਾਸਾਰਾ[18] ॥	The entire world[18] is the expanse[17] of the love[16] of mammon[15].	ਸਾਰਾ ਸੰਸਾਰ[18] ਮੋਹਨੀ[15] ਦੀ ਮਮਤਾ[16] ਦਾ ਹੀ ਖਿਲਾਰਾ[17] ਹੈ।
ਜਮ[19] ਕੇ ਫਾਹੇ[20] ਸਤਿਗੁਰਿ ਤੋੜੇ[21] ਗੁਰਮੁਖਿ[22] ਤਤੁ[23] ਬੀਚਾਰਾ[24] ਹੇ ॥੯॥	If the Lord-conscious[22] being reflects[24] upon the quintessence[23], the True Guru snaps[21] his noose[20] of death[19].	ਜੇਕਰ ਬ੍ਰਹਮ-ਬੇਤਾ[22] ਪ੍ਰਾਣੀ ਅਸਲੀਅਤ[23] ਦੀ ਵੀਚਾਰ[24] ਕਰੇ, ਤਾਂ ਸੱਚੇ ਗੁਰੂ ਜੀ ਉਸ ਦੀ ਮੌਤ[19] ਦੀ ਫਾਸੀ[20] ਨੂੰ ਕੱਟ ਦਿੰਦੇ[21] ਹਨ।
ਕੂੜਿ[25] ਮੁਠੀ[26] ਚਾਲੈ[27] ਬਹੁ[28] ਰਾਹੀ[29] ॥ ਮਨਮੁਖੁ[30] ਦਾਝੈ[31] ਪੜਿ ਪੜਿ[32]ਭਾਹੀ[33]॥	Defrauded[26] by falsehood[25], the wayward[30] woman walkes[27] in many[28] ways[29] and though highly educated[32], burns[31] in fire[33].	ਝੂਠ[25] ਦੀ ਠੱਗੀ[26] ਹੋਈ, ਆਪ ਹੁਦਰੀ[30] ਇਸਤ੍ਰੀ ਘਣੇਰਿਆਂ[28] ਰਸਤਿਆਂ[29] ਅੰਦਰ ਟੁਰਦੀ[27] ਹੈ ਅਤੇ ਬਹੁਤੀ ਪੜ੍ਹੀ ਲਿਖੀ[32] ਹੁੰਦੀ ਹੋਈ ਭੀ ਅੱਗ[33] ਵਿੱਚ ਸੜਦੀ[31] ਹੈ।
ਅੰਮ੍ਰਿਤ[34] ਨਾਮੁ ਗੁਰੂ ਵਡਦਾਣਾ[35] ਨਾਮੁ ਜਪਹੁ[36] ਸੁਖ[37] ਸਾਰਾ[88] ਹੇ ॥੧੦॥	The Guru is the great giver[35] of the Name-Nectar[34]. Uttering[36] the Name, sublime[38] bliss[37] is attained.	ਗੁਰੂ ਜੀ ਨਾਮ-ਅੰਮ੍ਰਿਤ[34] ਦੇ ਵੱਡੇ ਦਾਤਾਰ[35] ਹਨ। ਨਾਮ ਦਾ ਉਚਾਰਨ[36] ਕਰਨ ਦੁਆਰਾ ਸ੍ਰੇਸ਼ਟ[38] ਖ਼ੁਸ਼ੀ[37] ਪ੍ਰਾਪਤ ਹੁੰਦੀ ਹੈ।
ਸਤਿਗੁਰੁ ਤੁਠਾ[39] ਸਚੁ[40] ਦ੍ਰਿੜਾਏ[41] ॥ ਸਭਿ ਦੁਖ[42] ਮੇਟੇ[43] ਮਾਰਗਿ[44] ਪਾਏ ॥	In his mercy[39], the True Guru implants[41] the True Name[40] in the man's mind, effaces[43] all his sufferings[42] and puts him on the right path[44].	ਮਿਹਰਬਾਨ[39] ਹੋ ਸੱਚੇ ਗੁਰਦੇਵ ਜੀ ਬੰਦੇ ਦੇ ਅੰਦਰ ਸੱਚਾ ਨਾਮ[40] ਪੱਕਾ ਕਰ ਦਿੰਦੇ[41] ਹਨ, ਉਸ ਦੇ ਸਾਰੇ ਦੁਖੜੇ[42] ਮੇਸ ਦਿੰਦੇ[43] ਹਨ ਅਤੇ ਉਸ ਨੂੰ ਠੀਕ ਰਸਤੇ[44] ਪਾ ਦਿੰਦੇ ਹਨ।
ਕੰਡਾ[45] ਪਾਇ[46] ਨ ਗਡਈ[47] ਮੂਲੇ ਜਿਸੁ[48] ਸਤਿਗੁਰੁ ਰਾਖਣਹਾਰਾ[49] ਹੇ ॥੧੧॥	Even a thorn[45] runs[47] not ever[48] into the food[46] of him,whose Saviour[49] the True Guru is.	ਇੱਕ ਕੰਡਾ[45] ਤਕ ਭੀ ਉਸ ਦੇ ਪੈਰ[46] ਵਿਚ ਕਦਾਚਿਤ[48] ਨਹੀਂ ਲਗਦਾ[47] ਜਿਸ ਦੇ ਰੱਖਿਅਕ[49] ਸੱਚੇ ਗੁਰੂ ਜੀ ਹਨ।
ਖੇਹੂ[50] ਖੇਹ ਰਲੈ[51] ਤਨੁ[52] ਛੀਜੈ[53] ॥	When the body[52] perishes[53], the dust[50] mixes[51] with dust.	ਜਦ ਦੇਹ[52] ਨਾਸ ਹੋ ਜਾਂਦੀ[53] ਹੈ, ਮਿੱਟੀ[50] ਮਿੱਟੀ ਵਿੱਚ ਮਿਲ ਜਾਂਦੀ[51] ਹੈ।
ਮਨਮੁਖੁ[54] ਪਾਥਰੁ[55] ਸੈਲੁ[56] ਨ ਭੀਜੈ[57] ॥	The egocentric[54] is like the stone[55]-slate[56], which takes-in no[57] water.	ਆਪ ਹੁਦਰਾ[54] ਪੱਥਰ[55] ਦੀ ਸਲੇਟ[56] ਦੀ ਮਾਨੰਦ ਹੈ ਜੋ ਪਾਣੀ ਨਾਲ ਨਹੀਂ[57] ਭਿਜਦੀ।
ਕਰਣ ਪਲਾਵ[58] ਕਰੇ ਬਹੁਤੇਰੇ[59] ਨਰਕਿ[60] ਸੁਰਗਿ[61] ਅਵਤਾਰਾ[62] ਹੇ ॥੧੨॥	He wails and weeps[58] much[59] and sometimes enters[62] into hell[60] and sometimes in paradise[61].	ਉਹ ਬਥੇਰੇ[59] ਰੋਣੇ ਪਿੱਟਣੇ[58] ਕਰਦਾ ਹੈ ਅਤੇ ਕਦੇ ਦੋਜ਼ਕ[60] ਵਿਚ ਪ੍ਰਵੇਸ਼ ਕਰਦਾ[62] ਹੈ ਤੇ ਕਦੇ ਬਹਿਸ਼ਤ[61] ਵਿਚ।
ਮਾਇਆ[62*] ਬਿਖੁ[63] ਭੁਇਅੰਗਮ[64] ਨਾਲੇ[65] ॥	The mortals abide with[65] the poisonous[63] serpent[64] of riches[62*].	ਪ੍ਰਾਨੀ, ਧਨ-ਦੌਲਤ[62*] ਦੀ ਜ਼ਹਿਰੀਲੀ[63] ਸੱਪਣੀ[64] ਦੇ ਸੰਗ ਵਸਦੇ[65] ਹਨ।
ਇਨਿ ਦੁਬਿਧਾ[66] ਘਰ[68]	This duality[66] has ruined many	ਇਸ ਦਵੈਤ-ਭਾਵ[66] ਨੇ ਘਣੇਰੇ ਗ੍ਰਹਿ[68] ਬਰਬਾਦ[67] ਕਰ

ਬਹੁਤੇ ਗਾਲੇ[67] ॥	homes[68].	ਛੱਡੇ ਹਨ ।
ਸਤਿਗੁਰ ਬਾਝਹੁ ਪ੍ਰੀਤਿ[69] ਨ ਉਪਜੈ[70] ਭਗਤਿ[71] ਰਤੇ[72] ਪਤੀਆਰਾ[73] ਹੇ ॥੧੩॥	Without the True Guru, Lord's love[69] wells up[70] not. Imbued[72] with God's devotion[71], the soul is satiated[73].	ਸੱਚੇ ਗੁਰਾਂ ਦੇ ਬਿਨਾ ਪ੍ਰਭੂ ਦਾ ਪ੍ਰੇਮ[69] ਉਤਪੰਨ[70] ਨਹੀਂ ਹੁੰਦਾ । ਹਰੀ ਦੇ ਪ੍ਰੇਮ[71] ਨਾਲ ਰੰਗੀਜਣ[72] ਦੁਆਰਾ ਆਤਮਾ ਰੱਜ ਜਾਂਦੀ[73] ਹੈ ।
ਸਾਕਤ[74] ਮਾਇਆ[75] ਕਉ ਬਹੁ[76] ਧਾਵਹਿ[77] ॥	The mammon-worshippers[74] greatly[76] run[77] after riches[75].	ਮਾਇਆ ਦੇ ਪੁਜਾਰੀ[74] ਧਨ-ਦੌਲਤ[15] ਮਗਰ ਬਹੁਤ ਨਸਦੇ[77] ਹਨ ।
ਨਾਮੁ ਵਿਸਾਰਿ[78] ਕਹਾ[79] ਸੁਖੁ[80] ਪਾਵਹਿ ॥	Forgetting[78] the Name, how[79] can they obtain peace[80] ?	ਨਾਮ ਨੂੰ ਭੁਲਾ ਕੇ[78] ਉਹ ਆਰਾਮ[80] ਕਿਸ ਤਰ੍ਹਾਂ[79] ਪਾ ਸਕਦੇ ਹਨ ?
ਤ੍ਰਿਹੁ[81] ਗੁਣ[82] ਅੰਤਰਿ[83] ਖਪਹਿ ਖਪਾਵਹਿ[84] ਨਾਹੀ ਪਾਰਿ ਉਤਾਰਾ[85] ਹੇ ॥੧੪॥	In[83] three[81] modes[82] they are destroyed[84] and obtain not emancipation[85].	ਤਿੰਨਾਂ[81] ਅਵਸਥਾਵਾਂ[82] ਵਿੱਚ[83] ਉਹ ਤਬਾਹ[84] ਹੋ ਜਾਂਦੇ ਹਨ ਅਤੇ ਮੋਖ਼ਸ਼[85] ਨੂੰ ਪ੍ਰਾਪਤ ਨਹੀਂ ਹੁੰਦੇ ।
ਕੂਕਰ[86] ਸੂਕਰ[87] ਕਹੀਅਹਿ[88] ਕੂੜਿਆਰਾ[89] ॥	Man of falsehood[89] is called[88] a dog[86] and a swine[87].	ਝੂਠਾ ਆਦਮੀ[89] ਕੁੱਤਾ[86] ਅਤੇ ਸੂਰ[87] ਆਖਿਆ ਜਾਂਦਾ[88] ਹੈ ।
ਭਉਕਿ[90] ਮਰਹਿ[91] ਭਉ ਭਉ[92] ਭਉ ਹਾਰਾ[93] ॥	Ridden with fear[93], he barks, barks[92] and barks[90] Himself to death[91].	ਭੈ-ਭੀਤ[93] ਹੋਇਆ ਹੋਇਆ ਉਹ ਭੌਂਕਦਾ, ਭੌਂਕਦਾ[92], ਭੌਂਕ[90] ਕੇ ਮਰ ਜਾਂਦਾ[91] ਹੈ ।
ਮਨਿ[94] ਤਨਿ[95] ਝੂਠੇ[96] ਕੂੜੁ[97] ਕਮਾਵਹਿ[98] [99]ਦੁਰਮਤਿ[100] ਦਰਗਹ[2] ਹਾਰਾ ਹੇ ॥੧੫॥	False[96] at mind[94] and body[95], he practises[98] falsehood[97] and because of evil[99]-intellect[100] loses in the Lord's court[2].	ਚਿੱਤ[94] ਤੇ ਦੇਹ[95] ਕਰਕੇ ਕੂੜਾ[96], ਉਹ ਝੂਠ[97] ਦੀ ਕਿਰਤ ਕਰਦਾ[98] ਹੈ ਤੇ ਖੋਟੀ[99] ਬੁੱਧੀ[100] ਦੇ ਕਾਰਣ ਪ੍ਰਭੂ ਦੀ ਦਰਗਾਹ[2] ਵਿਚ ਹਾਰ ਜਾਂਦਾ ਹੈ ।
ਸਤਿਗੁਰੁ ਮਿਲੈ ਤ[3] ਮਨੂਆ[4] ਟੇਕੈ[5] ॥	If the True Guru meets, then[3] he renders the mind[4] stable[5].	ਜੇਕਰ ਸੱਚੇ ਗੁਰੂ ਜੀ ਮਿਲ ਪੈਣ ਤਦ[3] ਇਹ ਮਨ[4] ਨੂੰ ਅਸਥਿਰ[5] ਕਰ ਦਿੰਦੇ ਹਨ ।
ਰਾਮ ਨਾਮੁ[6] ਦੇ ਸਰਣਿ[7] ਪਰੇਕੈ[8] ॥	He who seeks[8] the Guru's refuge[7]; Him the Guru blesses[6] with the Lord's Name.	ਜੋ ਗੁਰਾਂ ਦੀ ਪਨਾਹ[7] ਲੈਂਦਾ[8] ਹੈ; ਉਸ ਨੂੰ ਗੁਰੂ ਜੀ ਪ੍ਰਭੂ ਦਾ ਨਾਮ ਪ੍ਰਦਾਨ ਕਰਦੇ[6] ਹਨ ।
ਹਰਿ ਧਨੁ[9] ਨਾਮੁ ਅਮੋਲਕੁ[10] ਦੇਵੈ ਹਰਿ ਜਸੁ[12] ਦਰਗਹ[13] ਪਿਆਰਾ[14] ਹੇ ॥੧੬॥	The Guru gives the wealth[9] of the invaluable[10] Name of the Lord. Whosoever hymns the Lord's praise[12], he seems pleasing[14] in His court[13].	ਗੁਰੂ ਜੀ ਸੁਆਮੀ ਦੇ ਅਣਮੁੱਲੇ[10] ਨਾਮ ਦੀ ਦੌਲਤ[9] ਦਿੰਦੇ ਹਨ । ਜੋ ਕੋਈ ਭੀ ਪ੍ਰਭੂ ਦੀ ਕੀਰਤੀ[12] ਗਾਇਨ ਕਰਦਾ ਹੈ, ਉਹ ਉਸ ਦੇ ਦਰਬਾਰ[13] ਅੰਦਰ ਮਨਮੋਹਨਾ[14] ਭਾਸਦਾ ਹੈ ।
ਰਾਮ ਨਾਮੁ ਸਾਧੂ ਸਰਣਾਈ[15] ॥	In the saints' refuge[15], one is blessed with the Lord's Name.	ਸੰਗਤ ਦੀ ਸ਼ਰਣਾਗਤ[15] ਅੰਦਰ ਇਨਸਾਨ ਨੂੰ ਪ੍ਰਭੂ ਦੇ ਨਾਮ ਦੀ ਦਾਤ ਮਿਲਦੀ ਹੈ ।
੧੦੩੦		
ਸਤਿਗੁਰ ਬਚਨੀ[16] ਗਤਿ[17] ਮਿਤਿ[18] ਪਾਈ[19] ॥	Through the True Guru's instruction[16], one knows[19] the state[17] and extent[18] of the Lord.	ਗੁਰਾਂ ਦੇ ਉਪਦੇਸ਼[16] ਰਾਹੀਂ ਬੰਦਾ ਪ੍ਰਭੂ ਦੀ ਅਵਸਥਾ[17] ਅਤੇ ਵਿਸਥਾਰ[18] ਨੂੰ ਜਾਣ ਲੈਂਦਾ[19] ਹੈ ।

ਨਾਨਕ ਹਰਿ ਜਪਿ[20] ਹਰਿ ਮਨ[21] ਮੇਰੇ ਹਰਿ ਮੇਲੇ ਮੇਲਣਹਾਰਾ[22] ਹੇ ॥੧੭॥ ੩॥੯॥

O Nanak, my soul[21], remember[20] thou, the Lord-God; and God, the Uniter[22], shall unite thee with Himself.

ਨਾਨਕ; ਹੇ ਮੇਰੀ ਜਿੰਦੇ[21] ! ਤੂੰ ਸੁਆਮੀ ਵਾਹਿਗੁਰੂ ਦਾ ਸਿਮਰਨ[20] ਕਰ ਅਤੇ ਮੇਲਣ ਵਾਲਾ[22] ਵਾਹਿਗੁਰੂ ਤੈਨੂੰ ਆਪਣੇ ਨਾਲ ਮਿਲਾ ਲਵੇਗਾ ।

ਮਾਰੂ ਮਹਲਾ ੧ ॥

Maru Ist Guru.

ਮਾਰੂ ਪਹਿਲੀ ਪਾਤਿਸ਼ਾਹੀ ।

ਘਰਿ[23] ਰਹੁ[24] ਰੇ[25] ਮਨ[26] ਮੁਗਧ[27] ਇਆਨੇ[28] ॥

O[25] my silly[27] and childish[28] soul[26], stay[24] thou in thy home[23].

ਹੇ[25] ਮੇਰੀ ਕਮਲੀ[27] ਤੇ ਨਦਾਨ[28] ਜਿੰਦੇ[26] ! ਤੂੰ ਆਪਣੇ ਘਰ[23](ਮਨ ਦੀ ਉਨ ਮਨ ਅਵਸਥਾ) ਅੰਦਰ ਟਿਕੀ ਰਹੁ[24]।

ਰਾਮੁ ਜਪਹੁ[29] ਅੰਤਰਗਤਿ[30] ਧਿਆਨੇ[31] ॥

Contemplate[29] thou thy Lord, through subjective[30] visualisation[31].

ਤੂੰ ਅੰਦਰਮੁਖੀ[30] ਸੁਰਤ ਦੁਆਰਾ[31], ਆਪਣੇ ਸਾਂਈਂ ਦਾ ਸਿਮਰਨ[29] ਕਰ ।

ਲਾਲਚ[32] ਛੋਡਿ[33] ਰਚਹੁ[34] ਅਪਰੰਪਰਿ[35] ਇਉ[36] ਪਾਵਹੁ[37] ਮੁਕਤਿ[38] ਦੁਆਰਾ[39] ਹੇ ॥੧॥

Abandon[33] thy avarice[32] and merge[34] in thy Infinite[35] Lord. This wise[36] shalt thou find[37] the door[39] of salvation[38].

ਆਪਣਾ ਲੋਭ[32] ਤਿਆਗ[33] ਦੇ ਤੇ ਆਪਣੇ ਬੇਅੰਤ[35] ਸਾਂਈਂ ਵਿਚ ਲੀਨ[34] ਥੀ ਵੰਞ । ਇਸ ਤਰ੍ਹਾਂ[36] ਤੂੰ ਮੋਖ਼ਸ਼[38] ਦਾ ਦਰਵਾਜ਼ਾ[39] ਪਾ ਲਵੇਂਗੀ[37] ।

ਜਿਸੁ ਬਿਸਰਿਐ[40] ਜਮੁ[41] ਜੋਹਣਿ[42] ਲਾਗੈ ॥ ਸਭਿ ਸੁਖ ਜਾਹਿ[43] ਦੂਖਾ[44] ਫੁਨਿ[45] ਆਗੈ[46] ॥

Forgetting[40] whom the Death's courier[41] begins to spy[42] thee, all the comforts flee[43] and[45] misery[44] confronts thee in the yond[46];

ਜਿਸ ਨੂੰ ਭੁਲਾਉਣ[40] ਕਰਕੇ, ਮੌਤ ਦਾ ਦੂਤ[41] ਤੈਨੂੰ ਤੱਕਣ[42] ਲੱਗ ਜਾਂਦਾ ਹੈ, ਸਾਰੇ ਆਰਾਮ ਦੌੜ[43] ਜਾਂਦੇ ਹਨ ਅਤੇ[45] ਪ੍ਰਲੋਕ[46] ਵਿਚ ਤੈਨੂੰ ਮੁਸੀਬਤ[44] ਵਾਪਰਦੀ ਹੈ ।

ਰਾਮ ਨਾਮੁ ਜਪਿ[47] ਗੁਰਮੁਖਿ[48] ਜੀਅੜੇ[49] ਏਹੁ ਪਰਮ[50] ਤਤੁ[51] ਵੀਚਾਰਾ[52] ਹੇ ॥੨॥

Meditate[47] thou on that Lord's Name, by the Guru's grace[48], O my soul[49]. Of all the deliberations[52] this alone is the supreme[50] quintessence[51].

ਗੁਰਾਂ ਦੀ ਦਇਆ[48] ਦੁਆਰਾ, ਤੂੰ ਸੁਆਮੀ ਦੇ ਨਾਮ ਦਾ ਸਿਮਰਨ[47] ਕਰ, ਹੇ ਮੇਰੀ ਜਿੰਦੜੀਏ[49] ! ਸਾਰੀਆਂ ਸੋਚਾਂ ਵਿਚਾਰਾਂ[52] ਦਾ ਕੇਵਲ ਇਹ ਹੀ ਮਹਾਨ[50] ਜੌਹਰ[51] ਹੈ ।

ਹਰਿ ਹਰਿ[53] ਨਾਮੁ ਜਪਹੁ[54] ਰਸੁ[55] ਮੀਠਾ[56] ॥

Utter[54] thou the sweet[56] Name-Nectar[55] of the Lord-Master[53].

ਤੂੰ ਸੁਆਮੀ ਮਾਲਕ[53] ਦੇ ਮਿੱਠੇ[56] ਨਾਮ-ਅੰਮ੍ਰਿਤ[55] ਦਾ ਉਚਾਰਨ[54] ਕਰ ।

ਗੁਰਮੁਖਿ[57] ਹਰਿ ਰਸੁ[58] ਅੰਤਰਿ[59] ਡੀਠਾ[60] ॥

By the Guru's grace[57], I have seen[60] the Lord's elixir[58] within[59] me.

ਗੁਰਾਂ ਦੀ ਦਇਆ[57] ਦੁਆਰਾ, ਮੈਂ ਪ੍ਰਭੂ ਦੇ ਅੰਮ੍ਰਿਤ[58] ਨੂੰ ਆਪਣੇ ਅੰਦਰ[59] ਹੀ ਵੇਖ ਲਿਆ[60] ਹੈ ।

[61]ਅਹਿਨਿਸਿ[62] ਰਾਮ ਰਹਹੁ ਰੰਗਿ[63] ਰਾਤੇ[64] ਏਹੁ ਜਪੁ[65] ਤਪੁ ਸੰਜਮੁ[67] ਸਾਰਾ ਹੇ ॥੩॥

Day[61] and night[62] remain thou imbued[64] with the Lord's love[63]. In this is contained all worship[65], penance[66] and self-discipline[67].

ਦਿਹੁੰ[61] ਤੇ ਰੈਣ[62] ਤੂੰ ਪ੍ਰਭੂ ਦੀ ਪ੍ਰੀਤ[63] ਨਾਲ ਰੰਗੀਜਿਆ[64] ਰਹੁ । ਇਸ ਅੰਦਰ ਹੀ ਸਾਰੀ ਉਪਾਸ਼ਨਾ[65], ਤਪੱਸਿਆ[66] ਅਤੇ ਸਵੈ-ਜ਼ਬਤ[67] ਹੈ ।

ਰਾਮ ਨਾਮੁ ਗੁਰ ਬਚਨੀ[68] ਬੋਲਹੁ ॥

Through the Guru's word[68] utter thou the Lord's Name.

ਗੁਰਾਂ ਦੇ ਸ਼ਬਦ[68] ਰਾਹੀਂ ਤੂੰ ਪ੍ਰਭੂ ਦੇ ਨਾਮ ਦਾ ਉਚਾਰਨ ਕਰ ।

ਸੰਤ[69] ਸਭਾ ਮਹਿ[70] ਇਹੁ ਰਸੁ[71] ਟੋਲਹੁ[72] ॥

This Name-Nectar[71], search[72] thou in[70] the saints' society[69].

ਇਸ ਨਾਮ ਦੇ ਅੰਮ੍ਰਿਤ[71] ਦੀ ਤੂੰ ਸਤਿਸੰਗਤ[69] ਅੰਦਰ[70] ਭਾਲ[72] ਕਰ ।

ਗੁਰਮਤਿ[73] ਖੋਜਿ ਲਹਹੁ[74]

Under the Guru's instruction[73] find

ਗੁਰਾਂ ਦੀ ਸਿੱਖਮਤ[73] ਤਾਬੇ ਤੂੰ ਆਪਣੇ ਨਿੱਜ ਦੇ ਧਾਮ

ਘਰੁ ਅਪਨਾ ਬਹੁੜਿ[75] ਨ ਗਰਭ[76] ਮਝਾਰਾ[77] ਹੇ ॥੪॥	out[74] thou thy own home and thereafter thou shalt not be cast into[77] the womb[76] again[75].	ਨੂੰ ਲੱਭ[74] ਲੈ ਅਤੇ ਓਦੋਂ ਮਗਰੋਂ ਤੂੰ ਮੁੜ[75] ਕੇ ਜੂਨਾਂ[76] ਵਿਚ[77] ਨਹੀਂ ਪਾਇਆ ਜਾਵੇਂਗਾ।
ਸਚੁ ਤੀਰਥਿ[78] ਨਾਵਹੁ ਹਰਿ ਗੁਣ[79] ਗਾਵਹੁ[80] ॥ ਤਤੁ[81] ਵੀਚਾਰਹੁ[82] ਹਰਿ ਲਿਵ ਲਾਵਹੁ ॥	Bathe thou at the pilgrim station[78] of truth, hymn[80] the Lord's praise[79], reflect[82] upon reality[81] and be attuned[83] to thy Lord.	ਤੂੰ ਸੱਚ ਦੇ ਧਰਮ ਅਸਥਾਨ[78] ਉੱਤੇ ਨ੍ਹਾ, ਪ੍ਰਭੂ ਦੀ ਕੀਰਤੀ[79] ਗਾਇਨ[80] ਕਰ, ਅਸਲੀਅਤ[81] ਨੂੰ ਸੋਚ ਸਮਝ[82] ਅਤੇ ਆਪਣੇ ਪ੍ਰਭੂ ਨਾਲ ਪ੍ਰੀਤ[83] ਪਾ।
ਅੰਤ[84] ਕਾਲਿ[85] ਜਮੁ[86] ਜੋਹਿ[87] ਨ ਸਾਕੈ ਹਰਿ ਬੋਲਹੁ[88] ਰਾਮੁ ਪਿਆਰਾ[89] ਹੇ ॥੫॥	Utter[88] thou the Name of thy loved[89] Lord-God and at the last[84] moment[85] the Death's myrmidon[86] can touch[87] thee not.	ਤੂੰ ਆਪਣੇ ਲਾਡਲੇ[89] ਸੁਆਮੀ ਵਾਹਿਗੁਰੂ ਦੇ ਨਾਮ ਦਾ ਉਚਾਰਨ[88] ਕਰ, ਇਸ ਕਰਕੇ ਅਖ਼ੀਰ[84] ਦੇ ਵੇਲੇ[85] ਮੌਤ ਦਾ ਫ਼ਰੇਸ਼ਤਾ[86] ਤੈਨੂੰ ਛੂਹ[87] ਨਹੀਂ ਸਕਦਾ।
ਸਤਿਗੁਰੁ ਪੁਰਖੁ[90] ਦਾਤਾ[91] ਵਡੁ[92] ਦਾਨਾ[93] ॥	The Omnipotent[90] and great[92] True Guru is All-wise[93] and Beneficient[91].	ਸਰਬ-ਸ਼ਕਤੀਵਾਨ[90] ਅਤੇ ਵਿਸ਼ਾਲ[92] ਸੱਚੇ ਗੁਰੂ ਸਰਬ-ਸਿਆਣੇ[93] ਅਤੇ ਦਾਤਾਰ[91] ਹਨ।
ਜਿਸੁ ਅੰਤਰਿ[94] ਸਾਚੁ ਸੁ[95] ਸਬਦਿ[96] ਸਮਾਣਾ[97] ॥	Whosoever has truth within[94] himself; He[95] merges[97] in the Lord[96].	ਜਿਸ ਕਿਸੇ ਦੇ ਅੰਦਰ[94] ਸੱਚ ਹੈ; ਉਹ[95] ਸਾਹਿਬ[96] ਅੰਦਰ ਲੀਨ[97] ਹੋ ਜਾਂਦਾ ਹੈ।
ਜਿਸ ਕਉ ਸਤਿਗੁਰੁ ਮੇਲਿ[98] ਮਿਲਾਏ[99] ਤਿਸੁ[100] ਚੂਕਾ[2] ਜਮ[3] ਭੈ[4] ਭਾਰਾ[5] ਹੇ ॥੬॥	He, whom the True Guru unites[99] in the Lord's union[98]; He[100] is rid[2] of the great[5] fear[4] of death[3].	ਜਿਸ ਨੂੰ ਸੱਚੇ ਗੁਰੂ, ਸਾਂਈਂ ਦੇ ਮਿਲਾਪ[98] ਅੰਦਰ, ਮਿਲਾ ਦਿੰਦੇ[99] ਹਨ; ਉਸ ਦਾ[100] ਮੌਤ[3] ਦਾ ਵੱਡਾ[5] ਡਰ[4] ਦੂਰ ਹੋ ਜਾਂਦਾ[2] ਹੈ।
ਪੰਚ ਤਤੁ[6] ਮਿਲਿ[7] ਕਾਇਆ[8] ਕੀਨੀ[9] ॥	Uniting[7] together the five elements[6], the body[8] is fashioned[9].	ਪੰਜਾਂ ਮੂਲ ਅੰਸ਼ਾਂ[6] ਨੂੰ ਮਿਲਾ[7] ਕੇ ਸਰੀਰ[8] ਸਾਜਿਆ[9] ਗਿਆ ਹੈ।
ਤਿਸ[10] ਮਹਿ[12] ਰਾਮ ਰਤਨੁ[13] ਲੈ ਚੀਨੀ[14] ॥	Within[12] that[10] see[14] thou the Lord's jewel[13].	ਉਸ[10] ਅੰਦਰ[12] ਤੂੰ ਪ੍ਰਭੂ ਦੇ ਜਵੇਹਰ[13] ਨੂੰ ਵੇਖ[14] ਲੈ।
ਆਤਮ[15] ਰਾਮੁ[16] ਰਾਮੁ ਹੈ ਆਤਮ ਹਰਿ ਪਾਈਐ ਸਬਦਿ[17] ਵੀਚਾਰਾ[18] ਹੇ ॥੭॥	The soul[15] is the Lord[16] and the Lord is the soul. God is obtained by pondering[18] over the Name[17].	ਆਤਮਾ[15] ਪ੍ਰਭੂ[18] ਹੈ ਅਤੇ ਪ੍ਰਭੂ ਆਤਮਾ ਹੈ। ਨਾਮ[17] ਦਾ ਆਰਾਧਨ[18] ਕਰਨ ਦੁਆਰਾ ਵਾਹਿਗੁਰੂ ਪਾਇਆ ਜਾਂਦਾ ਹੈ।
ਸਤ[19] ਸੰਤੋਖਿ[20] ਰਹਹੁ ਜਨ[21] ਭਾਈ[22] ॥ ਖਿਮਾ[23] ਗਹਹੁ[24] ਸਤਿਗੁਰ ਸਰਣਾਈ[25] ॥	O my brother[22] mortals[21], abide ye in truth[19] and contentment[20] and be attached[24] to compassion[23] and the True Guru's refuge[25].	ਹੇ ਮੇਰੇ ਵੀਰ[22] ਪ੍ਰਾਨੀਓ[21]! ਤੁਸੀਂ ਸੱਚ[19] ਤੇ ਸਬਰ ਸਿਦਕ[20] ਅੰਦਰ ਵੱਸੋ ਤੇ ਦਇਆ[23] ਅਤੇ ਗੁਰਾਂ ਦੀ ਸ਼ਰਣਾਗਤ[25] ਨਾਲ ਜੁੜ ਜਾਓ[24]।
ਆਤਮੁ ਚੀਨਿ[26] ਪਰਾਤਮੁ[27] ਚੀਨਹੁ ਗੁਰ ਸੰਗਤਿ[28] ਇਹੁ ਨਿਸਤਾਰਾ[29] ਹੇ ॥੮॥	Knowing[26] the soul, know ye the supreme[27] soul. This is how ye can be emancipated[29], associating[28] with the Guru.	ਆਤਮਾ ਨੂੰ ਸਮਝ[26] ਕੇ ਤੁਸੀਂ ਪਰਮ[27] ਆਤਮਾ ਨੂੰ ਸਮਝੋ, ਗੁਰਾਂ ਨਾਲ ਮੇਲ ਜੋਲ ਕਰਕੇ[28]। ਇਸ ਤਰ੍ਹਾਂ ਤੁਹਾਡੀ ਕਲਿਆਣ[29] ਹੋ ਜਾਊਗੀ।
ਸਾਕਤ[30] ਕੂੜ[31] ਕਪਟ[32] ਮਹਿ[33] ਟੇਕਾ[34] ॥	The mammon-worshipper[30] is fixed[34] in[33] falsehood[31] and deceit[32].	ਮਾਇਆ ਦਾ ਪੁਜਾਰੀ[30] ਝੂਠ[31] ਅਤੇ ਵਲਛਲ[32] ਅੰਦਰ[33] ਟਿਕਿਆ ਹੋਇਆ[34] ਹੈ।

[35]ਅਹਿਨਿਸਿ[36] ਨਿੰਦਾ[37] ਕਰਹਿ ਅਨੇਕਾ[38] ॥	Day[35] and night[36], he slanders[37] one and all[38].	ਦਿਹੁੰ[35] ਅਤੇ ਰੈਣ[36] ਉਹ ਅਨੇਕਾਂ[38] ਦੀ ਬਦਖੋਈ[37] ਕਰਦਾ ਹੈ।
ਬਿਨੁ ਸਿਮਰਨ[39] ਆਵਹਿ ਫੁਨਿ[40] ਜਾਵਹਿ ਗ੍ਰਭ[41] ਜੋਨੀ[42] ਨਰਕ[43] ਮਝਾਰਾ[44] ਹੇ ॥੯॥	Withou the Lord's meditation[39], he comes and goes[40] and is cast into[44] the hell[43] of womb[41] species[42].	ਸਾਂਈਂ ਦੀ ਬੰਦਗੀ[39] ਦੇ ਬਾਝੋਂ ਉਹ ਆਉਂਦਾ[40] ਅਤੇ ਜਾਂਦਾ ਹੈ ਅਤੇ ਉਦਰ[41] ਦੀਆਂ ਜੂਨੀਆਂ[42] ਦੇ ਦੋਜ਼ਕ[43] ਅੰਦਰ[44] ਪਾਇਆ ਜਾਂਦਾ ਹੈ।
ਸਾਕਤ[45] ਜਮ[46] ਕੀ ਕਾਣਿ[47] ਨ ਚੂਕੈ[48] ॥	The fear[47] of death[46] of the materialist[45] is removed[48] not.	ਮਾਦਾਪ੍ਰਸਤ[45] ਦਾ, ਮੌਤ[46] ਦਾ ਡਰ[47], ਦੂਰ[48] ਨਹੀਂ ਹੁੰਦਾ।
ਜਮ ਕਾ ਡੰਡੁ[48*] ਨ ਕਬਹੂ ਮੂਕੈ ॥	The rod[48*] of Yama ever hangs over his head.	ਯਮ ਦਾ ਡੰਡਾ[48*] ਹਮੇਸ਼ਾ ਹੀ ਉਸ ਦੇ ਸਿਰ ਤੇ ਖੜ੍ਹਾ ਰਹਿੰਦਾ ਹੈ।
ਬਾਕੀ[50] ਧਰਮ[51] ਰਾਇ ਕੀ ਲੀਜੈ[52] ਸਿਰਿ[53] ਅਫਰਿਓ[54] ਭਾਰੁ[55] ਅਫਾਰਾ[56] ਹੇ ॥੧੦॥	The balance[50] of his deeds he has to account[52] for before the Lord Justiciar[51]. The man of ego[54] carries the unbearable[56] load[55] of sins over his head[53].	ਆਪਣੇ ਅਮਲਾਂ ਦੇ ਬਕਾਏ[50] ਦਾ ਉਸ ਨੇ ਧਰਮ ਰਾਜੇ[51] ਅਗੇ ਹਿਸਾਬ ਕਿਤਾਬ[52] ਦੇਣਾ ਹੈ। ਹੰਕਾਰੀ ਬੰਦਾ[54] ਆਪਣੇ ਸਿਰ[53] ਉਤੇ ਪਾਪਾਂ ਦਾ ਅਸਹਿ[56] ਬੋਝ[55] ਚੁੱਕੀ ਫਿਰਦਾ ਹੈ।
ਬਿਨੁ ਗੁਰ ਸਾਕਤੁ[57] ਕਹਹੁ[58] ਕੋ[59] ਤਰਿਆ[60] ॥ ਹਉਮੈ[61] ਕਰਤਾ[62] [63]ਭਵਜਲਿ[64] ਪਰਿਆ[65] ॥	Without the Guru, say[58], who[59] is the infidel[57] that has been saved[60]? Practising[62] self-conceit[61], he falls[65] into the dreadful[63] world-ocean[64].	ਗੁਰਾਂ ਦੇ ਦੱਸੋ[58] ਬਗ਼ੈਰ ਕਿਹੜਾ[59] ਅਧਰਮੀ[47] ਹੈ ਜੋ ਪਾਰ ਉੱਤਰ ਗਿਆ[60] ਹੈ? ਸਵੈ-ਹੰਗਤਾ[61] ਕਰਦਾ[62] ਹੋਇਆ ਉਹ ਭਿਆਨਕ[63] ਸੰਸਾਰ ਸਮੁੰਦਰ[64] ਵਿੱਚ ਜਾ ਡਿਗਦਾ[65] ਹੈ।
ਬਿਨੁ ਗੁਰ ਪਾਰੁ[66] ਨ ਪਾਵੈ ਕੋਈ ਹਰਿ ਜਪੀਐ[67] ਪਾਰਿ[68] ਉਤਾਰਾ ਹੇ ॥੧੧॥	Without the Guru, no one is saved[66]. Remembering[67] the Lord, one is ferried across[68].	ਗੁਰਾਂ ਦੇ ਬਾਝੋਂ ਕਿਸੇ ਦਾ ਭੀ ਬਚਾ[66] ਨਹੀਂ ਹੁੰਦਾ। ਸਾਂਈਂ ਦਾ ਸਿਮਰਨ[67] ਕਰਨ ਦੁਆਰਾ ਬੰਦਾ ਪਾਰ ਉੱਤਰ ਜਾਂਦਾ[68] ਹੈ।
ਗੁਰ ਕੀ ਦਾਤਿ[69] ਨ ਮੇਟੈ[70] ਕੋਈ ॥	No one can undo[70] the bounty[69] of the Guru.	ਗੁਰਾਂ ਦੀ ਬਖ਼ਸ਼ੀਸ਼[69] ਨੂੰ ਕੋਈ ਭੀ ਮੇਸ[70] ਨਹੀਂ ਸਕਦਾ।
ਜਿਸੁ ਬਖਸੇ[71] ਤਿਸੁ[72] ਤਾਰੇ[73] ਸੋਈ[74] ॥	He, whom, the Lord forgives[71]; Him[72] He[74] ferries across[73].	ਜਿਸ ਨੂੰ ਉਹ ਸੁਆਮੀ ਮਾਫ਼[71] ਕਰ ਦਿੰਦਾ ਹੈ; ਉਸ ਦਾ[72] ਉਹ[74] ਪਾਰ ਉਤਾਰਾ[73] ਕਰ ਦਿੰਦਾ ਹੈ।
ਜਨਮ ਮਰਣ ਦੁਖੁ ਨੇੜਿ[75] ਨ ਆਵੈ ਮਨਿ[76] ਸੋ[77] ਪ੍ਰਭੁ ਅਪਰ[78] ਅਪਾਰਾ[79] ਹੇ ॥ ੧੨॥	The pain of birth and death draws not near[75] him, for the[77] Limitless[78] and Infinite[79] Lord abides within his mind[76].	ਜੰਮਣ ਤੇ ਮਰਨ ਦੀ ਪੀੜ ਉਸ ਦੇ ਲਾਗੇ[75] ਨਹੀਂ ਲਗਦੀ, ਕਿਉਂਜੋ ਉਹ[77] ਹਦਬੰਨਾ-ਰਹਿਤ[78] ਅਤੇ ਬੇਅੰਤ[79] ਸੁਆਮੀ ਉਸ ਦੇ ਹਿਰਦੇ[76] ਅੰਦਰ ਵੱਸਦਾ ਹੈ।
ਗੁਰ ਤੇ ਭੂਲੇ[80] ਆਵਹੁ ਜਾਵਹੁ ॥	They, who forget[80] the Guru, come and go.	ਜੋ ਗੁਰੂ ਨੂੰ ਭੁਲਾਉਂਦੇ[80] ਹਨ ਉਹ ਆਉਂਦੇ ਤੇ ਜਾਂਦੇ ਹਨ।
ਜਨਮਿ ਮਰਹੁ ਫੁਨਿ[81] ਪਾਪ[82] ਕਮਾਵਹੁ[83] ॥	They are born to die and[81] commit[83] sins[82].	ਉਹ ਮਰਨ ਅਤੇ[81] ਗੁਨਾਹ[82] ਕਰਨ[83] ਨੂੰ ਜੰਮੇ ਹਨ।

ਸਾਕਤ[84] ਮੂੜ[85] ਅਚੇਤ[86] ਨ ਚੇਤਹਿ[87] ਦੁਖੁ[88] ਲਾਗੈ[89] ਤਾ[90] ਰਾਮੁ[91] ਪੁਕਾਰਾ[92] ਹੇ ॥ ੧੩॥	The unmindful[86] and foolish[85] worshippers of mammon[84], contemplate[87] not their God, but when stricken[89] with misery[88], then[90] cry[92] out they to their Lord[91].	ਬੇਪਰਵਾਹ[86] ਅਤੇ ਮੂਰਖ[85] ਮਾਇਆ ਦੇ ਉਪਾਸ਼ਕ[84] ਆਪਣੇ ਵਾਹਿਗੁਰੂ ਨੂੰ ਯਾਦ[87] ਨਹੀਂ ਕਰਦੇ ਪਰ ਜਦ ਮੁਸੀਬਤ[88] ਆ ਬਣਦੀ[89]ਹੈ, ਤਦ[90] ਉਹ ਆਪਣੇ ਪ੍ਰਭੂ[91] ਮੂਹਰੇ ਪੁਕਾਰ ਕਰਦੇ[92] ਹਨ ।
ਸੁਖੁ[94] ਦੁਖੁ[93] ਪੁਰਬ[95] ਜਨਮ[96] ਕੇ ਕੀਏ[97] ॥	Weal[94] and woe[93] are the fruits of the past[95] birth's[96] deeds[97].	ਖੁਸ਼ੀ ਤੇ ਗ਼ਮੀ[93] ਪਿਛਲੇ[95] ਜਨਮਾਂ[96] ਦੇ ਅਮਲਾਂ[97] ਦੇ ਫਲ ਹਨ ।
ਸੋ[98] ਜਾਣੈ[99] ਜਿਨਿ ਦਾਤੈ[100] ਦੀਏ[2] ॥	He[98], the Beneficent Lord[100], who blesses[2] us with these, alone knows[99] their mystery.	ਉਹ[98] ਦਾਤਾਰ ਸੁਆਮੀ[100] ਹੀ ਜੋ ਇਨ੍ਹਾਂ ਦੀ ਸਾਡੇ ਤੇ ਬਖ਼ਸ਼ਸ਼ ਕਰਦਾ[2] ਹੈ, ਇਨ੍ਹਾਂ ਦੇ ਭੇਤ ਨੂੰ ਜਾਣਦਾ[99] ਹੈ ।
ਕਿਸ[3] ਕਉ ਦੋਸੁ[4] ਦੇਹਿ ਤੂ ਪ੍ਰਾਣੀ[5] ਸਹੁ[6] ਅਪਣਾ[7] ਕੀਆ[8] ਕਰਾਰਾ[9] ਹੇ ॥੧੪॥	Whom[3] canst thou blame[4], O mortal[5] ? Thou art undergoing[6] the hard[9] misery for thine own[7] deeds[8].	ਤੂੰ ਕੀਹਦੇ[3] ਉੱਤੇ ਦੂਸ਼ਣ[4] ਲਾ ਸਕਦਾ ਹੈਂ, ਹੇ ਫ਼ਾਨੀ ਬੰਦੇ[5] ! ਤੂੰ ਆਪਣੇ ਨਿੱਜ[7] ਦੇ ਕਰਮਾਂ[8] ਦੇ ਬਦਲੇ ਸਖਤ[9] ਮੁਸੀਬਤ ਭੋਗ[6] ਰਿਹਾ ਹੈਂ ।
੧੦੩੧		
ਹਉਮੈ[10] ਮਮਤਾ[12] ਕਰਦਾ[13] ਆਇਆ[14] ॥	Because of practising[13] ego[10] and mineness[12], thou hast come[14] in this world.	ਹੰਗਤਾ[10] ਅਤੇ ਮੈਂ ਮੇਰੀ[12] ਕਰਨ[13] ਦੇ ਸਬਬ, ਤੂੰ ਇਸ ਸੰਸਾਰ ਦੇ ਅੰਦਰ ਆਇਆ[14] ਹੈਂ ।
ਆਸਾ[15] ਮਨਸਾ[16] ਬੰਧਿ[17] ਚਲਾਇਆ[18] ॥	Hope[15] and desire[16] bind[17] and drive[18] thee.	ਉਮੈਦ[15] ਅਤੇ ਖ਼ਾਹਿਸ਼[16] ਤੈਨੂੰ ਬੰਨ੍ਹਦੀਆਂ[17] ਤੇ ਤੋਰਦੀਆਂ[18] ਹਨ ।
ਮੇਰੀ[19] ਮੇਰੀ ਕਰਤ[20] ਕਿਆ ਲੇ ਚਾਲੇ ਬਿਖੁ[21] ਲਾਦੇ[22] ਛਾਰ[23] ਬਿਕਾਰਾ[24] ਹੇ ॥੧੫॥	By indulging[20] in egoism[19], what else shalt thou carry along with thee,except loading[22] the worthless[24] ashes[23] of sins[21] ?	ਅਪਣਤ[19] ਅੰਦਰ ਗ਼ਲਤਾਨ ਹੋਣ[20] ਦੇ ਕਾਰਨ, ਪਾਪਾਂ[21] ਦੀ ਨਿਕੰਮੀ[24] ਸੁਆਹ[23] ਲੱਦਣ[22] ਦੇ ਬਗ਼ੈਰ ਹੋਰ ਤੂੰ ਆਪਣੇ ਨਾਲ ਕੀ ਲੈ ਕੇ ਜਾਵੇਂਗਾ ?
ਹਰਿ ਕੀ ਭਗਤਿ[25] ਕਰਹੁ[26] ਜਨ[27] ਭਾਈ[28] ॥	O God's saints[27] my brethren[28], perform[26] ye the Lord's devotional service[25].	ਹੇ ਰੱਬ ਦੇ ਸਾਧੂਓ[27] ! ਮੇਰੇ ਭਰਾਓ[28] ! ਤੁਸੀਂ ਸੁਆਮੀ ਦੀ ਪ੍ਰੇਮਮਈ ਸੇਵਾ[25] ਕਮਾਓ[26] ।
ਅਕਥੁ[29] ਕਥਹੁ[30] ਮਨੁ[31] ਮਨਹਿ[32] ਸਮਾਈ[33] ॥	Utter[30] ye the unutterable gospel[29] of God and your mental[31] desires shall be silenced[33] in the mind[32] itself.	ਤੁਸੀਂ ਹਰੀ ਦੀ ਅਕਹਿ ਵਾਰਤਾ[29] ਨੂੰ ਆਖੋ[30] ਅਤੇ ਤੁਹਾਡੀਆਂ ਚਿੱਤ[31] ਦੀਆਂ ਖ਼ਹਿਸ਼ਾਂ ਚਿੱਤ ਅੰਦਰ[32] ਹੀ ਲੀਨ ਹੋ ਜਾਣਗੀਆਂ[33] ।
ਉਠਿ ਚਲਤਾ[34] ਠਾਕਿ ਰਖਹੁ[35] ਘਰਿ[38] ਅਪੁਨੈ ਦੁਖੁ[36] ਕਾਟੇ ਕਾਟਣਹਾਰਾ[37] ਹੇ॥੧੬॥	Restrain[35] thou thy outgoing[34] mind in its very home[38] and the Destroyer[37] Lord shall destory all thy pains[36].	ਤੂੰ ਆਪਣੇ ਬਾਹਰ ਜਾਂਦੇ[34] ਮਨੂਏ ਨੂੰ ਇਸ ਦੇ ਆਪਣੇ ਗ੍ਰਹਿ[38] ਅੱਦਰ ਰੋਕ[35] ਕੇ ਰੱਖ ਅਤੇ ਮੇਟਣਹਾਰ[37] ਸੁਆਮੀ ਤੇਰੀਆਂ ਤਕਲੀਫ਼ਾਂ[36] ਨੂੰ ਮੇਟ ਦੇਵੇਗਾ ।
ਹਰਿ ਗੁਰ[39] ਪੂਰੇ[40] ਕੀ ਓਟ[41] ਪਰਾਤੀ[42] ॥	I have fallen[42] under protection[41] of the Perfect[50] Guru-God[39].	ਮੈਂ ਪੂਰਨ[40] ਗੁਰੂ-ਪਰਮੇਸ਼ਰ[39] ਦੀ ਪਨਾਹ[41] ਹੇਠ ਆ ਡਿੱਗਾ[42] ਹਾਂ ।

ਗੁਰਮੁਖਿ[43] ਹਰਿ ਲਿਵ[44] ਗੁਰਮੁਖਿ[45] ਜਾਤੀ[46] ॥	By the Guru's grace[43], I have become God-conscious[45] and have realised[46] my Lord's love[44].	ਗੁਰਾਂ ਦੀ ਦਇਆ[43] ਦੁਆਰਾ, ਮੈਂ ਬ੍ਰਹਮ-ਗਿਆਨੀ[45] ਥੀ ਗਿਆ ਹਾਂ ਅਤੇ ਮੈਂ ਆਪਣੇ ਪ੍ਰਭੂ ਦੀ ਪ੍ਰੀਤ[44] ਨੂੰ ਅਨੁਭਵ ਕਰ ਲਿਆ[46] ਹੈ।
ਨਾਨਕ ਰਾਮ ਨਾਮਿ ਮਤਿ[47] ਉਤਮ[48] ਹਰਿ ਬਖਸੇ[49] ਪਾਰਿ ਉਤਾਰਾ[50] ਹੇ ॥੧੭॥ ੪॥੧੦॥	Nanak, through the Lord's Name, my intellect[47] is rendered sublime[48] and granting pardon[49], that Lord has ferried me across[50].	ਨਾਨਕ, ਪ੍ਰਭੂ ਦੇ ਨਾਮ ਦੇ ਰਾਹੀਂ ਮੇਰੀ ਅਕਲ[47] ਸ੍ਰੇਸ਼ਟ[48] ਥੀ ਗਈ ਹੈ ਅਤੇ ਮੁਆਫ਼ੀ ਬਖ਼ਸ਼[49] ਕੇ ਪ੍ਰਭੂ ਨੇ ਮੈਨੂੰ ਤਾਰ ਦਿੱਤਾ[50] ਹੈ।
ਮਾਰੂ ਮਹਲਾ ੧ ॥	Maru 1st Guru.	ਮਾਰੂ ਪਹਿਲੀ ਪਾਤਿਸ਼ਾਹੀ।
ਸਰਣਿ[51] ਪਰੇ[53] ਗੁਰਦੇਵ[52] ਤੁਮਾਰੀ ॥	O my Guru-God[52], I have entered[53] thy sanctuary[51].	ਹੇ ਮੇਰੇ ਗੁਰੂ-ਪਰਮੇਸ਼ਰ[52] ! ਮੈਂ ਤੇਰੀ ਸ਼ਰਣਾਗਤ[51] ਸੰਭਾਲੀ[53] ਹੈ।
ਤੂ ਸਮਰਥੁ[54] ਦਇਆਲੁ[55] [56]ਮੁਰਾਰੀ[57] ॥	Thou thyself art the Omnipotent[54] and compassionate[55] Lord, the enemy[57] of ego[56].	ਤੂੰ ਆਪ ਹੀ ਸਰਬ-ਸ਼ਕਤੀਵਾਨ[54] ਅਤੇ ਮਇਆਵਾਨ[55] ਸੁਆਮੀ, ਹੰਕਾਰ[56] ਦਾ ਵੈਰੀ[57] ਹੈਂ।
ਤੇਰੇ ਚੋਜ[58] ਨ ਜਾਣੇ ਕੋਈ ਤੂ ਪੂਰਾ[59] ਪੁਰਖੁ[60] ਬਿਧਾਤਾ[61] ਹੇ ॥੧॥	My Master, none knows Thine wondrous plays[58]. Thou art the perfectly[59] Powerful[60] Creator-Lord[61].	ਮੇਰੇ ਮਾਲਕ ਕੋਈ ਭੀ ਤੇਰੀਆਂ ਅਦਭੁੱਤ ਖੇਡਾਂ[58] ਨੂੰ ਨਹੀਂ ਜਾਣਦਾ। ਤੂੰ ਪੂਰਨ[59] ਬਲਵਾਨ[60] ਸਿਰਜਣਹਾਰ[61] ਸੁਆਮੀ ਹੈਂ।
ਤੂ ਆਦਿ[62] ਜੁਗਾਦਿ ਕਰਹਿ ਪ੍ਰਤਿਪਾਲਾ[63] ॥	From the very beginning[62] and the commencement of ages, Thou art sustaining[63] the beings, O Lord.	ਐਨ ਆਰੰਭ[62] ਅਤੇ ਯੁੱਗਾਂ ਦੇ ਸ਼ੁਰੂ ਤੋਂ ਤੂੰ ਜੀਵਾਂ ਦੀ ਪਾਲਣਾ-ਪੋਸਣਾ[63] ਕਰਦਾ ਹੈਂ।
ਘਟਿ ਘਟਿ[64] ਰੂਪੁ[65] ਅਨੂਪੁ[66] ਦਇਆਲਾ[67] ॥	O Compassionate[67] Lord of Incomparable[66] beauty[65], Thou art contained in all the hearts[64].	ਹੇ ਲਾਸਾਨੀ[66] ਸੁੰਦਰਤਾ[65] ਵਾਲੇ ਮਇਆਵਾਨ[67] ਮਾਲਕ ! ਤੂੰ ਸਾਰਿਆਂ ਦਿਲਾਂ[64] ਅੰਦਰ ਰਮ ਰਿਹਾ ਹੈਂ।
ਜਿਉ[68] ਤੁਧੁ[69] ਭਾਵੈ ਤਿਵੈ[70] ਚਲਾਵਹਿ[71] ਸਭੁ[72] ਤੇਰੋ ਕੀਆ[73] ਕਮਾਤਾ[74] ਹੇ ॥੨॥	As[68] Thou willest[69], so[70] doest Thou make men walk[71]. Everyone[72] does[74] as is the order issued[73] by Thee.	ਜਿਸ ਤਰ੍ਹਾਂ[68] ਤੂੰ ਚਾਹੁੰਦਾ[69] ਹੈਂ, ਉਸ ਤਰ੍ਹਾਂ[70] ਹੀ ਤੂੰ ਬੰਦਿਆਂ ਨੂੰ ਚਲਾਉਂਦਾ[71] ਹੈਂ। ਹਰ ਜਣਾ[72] ਉਸੇ ਤਰ੍ਹਾਂ ਕਰਦਾ[74] ਹੈ ਜਿਸ ਤਰ੍ਹਾਂ ਤੇਰਾ ਜਾਰੀ ਕੀਤਾ ਹੋਇਆ[73] ਹੁਕਮ ਹੁੰਦਾ ਹੈ।
ਅੰਤਰਿ[75] ਜੋਤਿ[76] ਭਲੀ[77] [78]ਜਗਜੀਵਨ[79] ॥	Within[75] us is the sublime[77] Light[76] of God, the Life[78] of the World[78].	ਸਾਡੇ ਅੰਦਰ[75] ਜਗਤ[78] ਦੀ ਜਿੰਦ-ਜਾਨ[79], ਵਾਹਿਗੁਰੂ, ਦਾ ਸ੍ਰੇਸ਼ਟ[77] ਪ੍ਰਕਾਸ਼[76] ਹੈ।
ਸਭਿ[80] ਘਟ ਭੋਗੈ[81] ਹਰਿ ਰਸੁ[82] ਪੀਵਨ[83] ॥	God enjoys[81] all the hearts[80] and tastes[83] their relish[82].	ਵਾਹਿਗੁਰੂ ਸਾਰਿਆਂ ਦਿਲਾਂ[80] ਨੂੰ ਮਾਣਦਾ[81] ਹੈ ਤੇ ਉਨ੍ਹਾਂ ਦਾ ਸੁਆਦ[82] ਚੱਖਦਾ[83] ਹੈ।
ਆਪੇ ਲੇਵੈ[84] ਆਪੇ ਦੇਵੈ[85] ਤਿਹੁ[86] ਲੋਈ[87] ਜਗਤ[88] ਪਿਤ[89] ਦਾਤਾ[90] ਹੇ ॥੩॥	God Himself gives[85] and Himself takes[84] everything. He is the Beneficent[90] Father[89] of the beings[88] of the three[88] worlds[87].	ਵਾਹਿਗੁਰੂ ਹਰ ਸ਼ੈ ਆਪ ਦਿੰਦਾ[85] ਹੈ ਅਤੇ ਆਪ ਹੀ ਲੈ ਲੈਂਦਾ[84] ਹੈ। ਤਿੰਨਾਂ[86] ਜਹਾਨਾਂ[87] ਦੇ ਜੀਵਾਂ[88] ਦਾ ਉਹ ਹੀ ਦਾਤਾਰ[90] ਪਿਤਾ[89] ਹੈ।

ਜਗਤੁ[91] ਉਪਾਇ[92] ਖੇਲੁ[93] ਰਚਾਇਆ[94] ॥	Creating[92] the world[91], the Lord has staged[94] His play[93].	ਸੰਸਾਰ[91] ਨੂੰ ਸਾਜ[92] ਕੇ ਸੁਆਮੀ ਨੇ ਆਪਣੀ ਖੇਡ[93] ਰਚੀ[94] ਹੈ ।
ਪਵਣੈ[95] ਪਾਣੀ[96] ਅਗਨੀ[97] ਜੀਉ[98] ਪਾਇਆ[99] ॥	In the body of air[95], water[96] and fire[97], He has infused[98] life[98].	ਹਵਾ[95], ਜਲ[96] ਅਤੇ ਅੱਗ[97] ਦੀ ਦੇਹ ਅੰਦਰ ਉਸ ਨੇ ਜਿੰਦ-ਜਾਨ[98] ਪਾ ਦਿੱਤੀ[99] ਹੈ ।
ਦੇਹੀ[100] ਨਗਰੀ[2] ਨਉ ਦਰਵਾਜੇ[3] ਸੋ[4] ਦਸਵਾ ਗੁਪਤੁ[5] ਰਹਾਤਾ ਹੇ ॥੪॥	The body[100] township[2] has nine gates[3] and the[4] tenth one remains unmanifest[5].	ਸਰੀਰ[100] ਦੇ ਸ਼ਹਿਰ[2] ਦੇ ਨੌ ਦਰ[3] ਹਨ ਅਤੇ ਉਹ[4] ਦਸਵਾਂ ਅਲੋਪ ਰਹਿੰਦਾ[5] ਹੈ ।
ਚਾਰਿ ਨਦੀ[6] ਅਗਨੀ[7] ਅਸਰਾਲਾ[8] ॥	The four dreadful[8] streams[6] of fire[7] flow through the body.	ਅੱਗ[7] ਦੀਆਂ ਚਾਰ ਭਿਆਨਕ[8] ਨਦੀਆਂ[6] ਦੇਹ ਵਿਚ ਵਗਦੀਆਂ ਹਨ ।
ਕੋਈ[9] ਗੁਰਮੁਖਿ[10] ਬੂਝੈ[12] ਸਬਦਿ[13] ਨਿਰਾਲਾ[14] ॥	Some rare[9] Guru-ward[10], remaining detached[14] by Guru's instruction[13], understands[12] this.	ਗੁਰਾਂ ਦੇ ਉਪਦੇਸ਼[13] ਦੁਆਰਾ, ਨਿਰਲੇਪ[14] ਰਹਿ ਕੇ, ਕੋਈ ਵਿਰਲਾ[9] ਗੁਰੂ-ਅਨੁਸਾਰੀ[10] ਹੀ ਇਸ ਨੂੰ ਸਮਝਦਾ[12] ਹੈ ।
ਸਾਕਤ[15] [16]ਦੁਰਮਤਿ[17] ਡੂਬਹਿ[18] ਦਾਝਹਿ[19] ਗੁਰਿ ਰਾਖੇ[20] ਹਰਿ [21]ਲਿਵਰਾਤਾ[22] ਹੇ ॥੫॥	Through evil[16]-understanding[17], the materialists[15] are drowned[18] and burnt[19]. The Guru saves[20] those, who are imbued[22] with the Lord's love[21].	ਖੋਟੀ[16]-ਸਮਝ[17] ਰਾਹੀਂ ਮਾਦਾਪ੍ਰਸਤ[15] ਡੁਬ[18] ਅਤੇ ਸੜ ਜਾਂਦੇ[19] ਹਨ । ਗੁਰੂ ਜੀ ਉਨ੍ਹਾਂ ਨੂੰ ਬਚਾ ਲੈਂਦੇ[20] ਹਨ, ਜੋ ਪ੍ਰਭੂ ਦੀ ਪ੍ਰੀਤ[21] ਨਾਲ ਰੰਗੇ ਹੋਏ[22] ਹਨ ।
ਅਪੁ[23] ਤੇਜੁ[24] ਵਾਇ[25] ਪ੍ਰਿਥਮੀ[26] ਆਕਾਸਾ[27] ॥	There are water[23], fire[24], air[25], dust[26] and the sky[27].	ਪਾਣੀ[23], ਅੱਗ[24], ਹਵਾ[25], ਮਿੱਟੀ[26] ਅਤੇ ਆਸਮਾਨ[27] ।
ਤਿਨ[28] ਮਹਿ[29] ਪੰਚ ਤਤੁ[30] ਘਰਿ[31] ਵਾਸਾ[32] ॥	In[29] that[28] house[31] of five elements[30] abides[32] the mortal.	ਉਸ[28] ਪੰਜਾਂ ਮੂਲ ਅੰਸ਼ਾਂ[30] ਦੇ ਗ੍ਰਹਿ[31] ਅੰਦਰ[29] ਪ੍ਰਾਨੀ ਵੱਸਦਾ[32] ਹੈ ।
ਸਤਿਗੁਰ ਸਬਦਿ[33] ਰਹਹਿ ਰੰਗਿ[34] ਰਾਤਾ[36] ਤਜਿ[35] ਮਾਇਆ[37] ਹਉਮੈ[38] ਭ੍ਰਾਤਾ[39] ਹੇ ॥੬॥	Whosoever remains imbued[36] with the love[34] of the True Guru's word[33], he renounces[35] mammon's[37] attachment, ego[38] and duality[39].	ਜੋ ਕੋਈ ਭੀ ਸੱਚੇ ਗੁਰਾਂ ਦੀ ਬਾਣੀ[33] ਦੀ ਪ੍ਰੀਤ[34] ਨਾਲ ਰੰਗਿਆ ਰਹਿੰਦਾ[36] ਹੈ, ਉਹ ਮੋਹਨੀ[37] ਦੀ ਲਗਨ ਹੰਕਾਰ[38] ਅਤੇ ਦਵੈਤ-ਭਾਵ[39] ਨੂੰ ਛੱਡ ਦਿੰਦਾ[35] ਹੈ ।
ਇਹੁ ਮਨੁ[40] ਭੀਜੈ[41] ਸਬਦਿ[42] ਪਤੀਜੈ[43] ॥	Being propitiated[43] with the Guru's word[42], this soul[40] is enraptured[41].	ਗੁਰਾਂ ਦੀ ਬਾਣੀ[42] ਨਾਲ ਸੰਤੁਸ਼ਟ[43] ਹੋ, ਇਹ ਆਤਮਾ[40] ਪਰਮ ਪ੍ਰਸੰਨ ਥੀ ਵੰਞਦੀ[41] ਹੈ ।
ਬਿਨੁ ਨਾਵੈ ਕਿਆ[44] ਟੇਕ[45] ਟਿਕੀਜੈ[46] ॥	Without the Name, what[44] other support[45] can one have[46] ?	ਨਾਮ ਦੇ ਬਗੈਰ, ਬੰਦਾ ਹੋਰ ਕੀ[44] ਆਸਰਾ[45] ਲੈ ਸਕਦਾ[46] ਹੈ ?
ਅੰਤਰਿ[47] ਚੋਰੁ[48] ਮੁਹੈ[49] ਘਰੁ[50] ਮੰਦਰੁ[51] ਇਨਿ[52] ਸਾਕਤਿ[53] ਦੂਤੁ[54] ਨ ਜਾਤਾ[55] ਹੇ ॥੭॥	This body[50]-place[51] is being plundered[49] by the thieves[48], but this mammon-worshipper[53] knows[55] not these[52] demons[54] within[47].	ਇਸ ਦੇਹ[50] ਦੇ ਮਹਿਲ[51] ਨੂੰ ਚੋਰ[48] ਲੁੱਟੀ[49] ਜਾ ਰਹੇ ਹਨ, ਪਰ ਇਹ ਮਾਇਆ ਦਾ ਪੁਜਾਰੀ[53] ਇਨ੍ਹਾਂ[52] ਅੰਦਰਲਿਆਂ[47] ਭੂਤਨਿਆਂ[54] ਨੂੰ ਜਾਣਦਾ[55] ਨਹੀਂ ।
ਦੁੰਦਰ[56] ਦੂਤ[57] ਭੂਤ[58] ਭੀਹਾਲੇ[59] ॥	Within the mortal are quarrelsome[56], evil[57] and dreadful[59] goblins[58].	ਪ੍ਰਾਨੀ ਦੇ ਅੰਦਰ ਝਗੜਾਲੂ[56], ਦੁਸ਼ਟ[57] ਅਤੇ ਭਿਆਨਕ[59] ਪ੍ਰੇਤ[58] ਹਨ ।

ਖਿਚੋਤਾਣਿ[60] ਕਰਹਿ[61] ਬੇਤਾਲੇ[62] ॥	He picks up[61] strife[60] like demons[62].	ਉਹ ਭੂਤਨਿਆਂ[62] ਦੀ ਮਾਨੰਦ ਲੜਾਈ ਝਗੜਾ[60] ਖੜਾ ਕਰਦਾ[61] ਹੈ ।
ਸਬਦ[63] ਸੁਰਤਿ[64] ਬਿਨੁ ਆਵੈ ਜਾਵੈ[65] ਪਤਿ[66] ਖੋਈ[67] ਆਵਤ ਜਾਤਾ[68] ਹੇ ॥੮॥	Without reflecting[64] on the Guru's word[63], he suffers transmigration[65], loses[67] honour[66] and continues coming and going[68].	ਗੁਰਾਂ ਦੀ ਬਾਣੀ[63] ਨੂੰ ਵੀਚਾਰਨ[44] ਦੇ ਬਗੈਰ ਉਹ ਆਵਾਗਉਣ[65] ਵਿਚ ਪੈਂਦਾ ਹੈ, ਇੱਜ਼ਤ[66] ਗੁਆ ਲੈਂਦਾ[67] ਹੈ ਅਤੇ ਆਉਂਦਾ ਤੇ ਜਾਂਦਾ ਰਹਿੰਦਾ[68] ਹੈ ।
ਕੂੜੁ[69] ਕਲਰੁ[70] ਤਨੁ[71] ਭਸਮੈ[72] ਢੇਰੀ[73] ॥	The body[71] of a falseman[69] is a heap[73] of baren[70] land[72].	ਝੂਠੇ ਬੰਦੇ[69] ਦੀ ਦੇਹ[71], ਬੰਜਰ[70] ਧਰਤੀ[72] ਦਾ ਇਕ ਅੰਬਾਰ[73] ਹੈ ।
ਬਿਨੁ ਨਾਵੈ ਕੈਸੀ[74] ਪਤਿ[75] ਤੇਰੀ[76] ॥	Without the Name what[74] honour[75] canst thou[76] have, O man ?	ਨਾਮ ਦੇ ਬਗੈਰ ਤੂੰ[76] ਕੀ[74] ਇੱਜ਼ਤ[75] ਪ੍ਰਾਪਤ ਕਰ ਸਕਦਾ ਹੈਂ, ਹੇ ਇਨਸਾਨ ?
ਬਾਧੋ[77] ਮੁਕਤਿ[78] ਨਾਹੀ ਜੁਗੋ ਚਾਰੇ ਜਮਕੰਕਰਿ[79] ਕਾਲਿ[80] ਪਰਾਤਾ[81] ਹੇ ॥੯॥	Without the Name, he is bound down[77] the four ages through and is emancipated[78] not. The Death's[80] courier[79] ever keeps his eye[81] on him.	ਨਾਮ ਦੇ ਬਿਨਾ ਉਹ ਚਾਰੇ ਜੁੱਗ ਹੀ ਨਰੜਿਆ ਰਹਿੰਦਾ[77] ਹੈ ਅਤੇ ਬੰਦਖ਼ਲਾਸ[78] ਨਹੀਂ ਹੁੰਦਾ । ਮੌਤ[80] ਦਾ ਦੂਤ[79] ਹਮੇਸ਼ਾ ਹੀ ਉਸ ਨੂੰ ਤਕਦਾ[81] ਰਹਿੰਦਾ ਹੈ ।
ਜਮ[82] ਦਰਿ[83] ਬਾਧੋ[84] ਮਿਲਹਿ ਸਜਾਈ[85] ॥ ਤਿਸੁ[86] ਅਪਰਾਧੀ[87] ਗਤਿ[88] ਨਹੀ ਕਾਈ ॥	At the Yama's[82] door[83], he is bound down[84] and punished[85]. He[86], the sinner[87], obtains not salvation[88].	ਯਮ[82] ਦੇ ਬੂਹੇ[83] ਉੱਤੇ ਉਹ ਜਕੜਿਆ ਜਾਂਦਾ[84] ਹੈ ਅਤੇ ਡੰਡ ਸਹਾਰਦਾ[85] ਹੈ । ਉਸ[86] ਪਾਪੀ[87] ਨੂੰ ਮੁਕਤੀ[88] ਪ੍ਰਾਪਤ ਨਹੀਂ ਹੁੰਦੀ ।
ਕਰਣ ਪਲਾਵ[89] ਕਰੇ ਬਿਲਲਾਵੈ[90] ਜਿਉ[91] ਕੁੰਡੀ[92] ਮੀਨੁ[93] ਪਰਾਤਾ[94] ਹੇ ॥੧੦॥	Like[91] the fish[93] pierced[94] with the hook[92], the sinner wails[89] and cries[90].	ਕਾਂਟੇ[92] ਦੇ ਨਾਲ ਪਰੋਤੀ[94] ਹੋਈ ਮੱਛੀ[93] ਦੀ ਮਾਨੰਦ[91], ਪਾਪੀ ਵਿਰਲਾਉਂਦਾ[89] ਅਤੇ ਪੁਕਾਰਦਾ[90] ਹੈ ।
ਸਾਕਤੁ[95] ਫਾਸੀ[96] ਪੜੈ ਇਕੇਲਾ[97] ॥	An apostate[95] faces the guillotine[96] all alone[97].	ਅਧਰਮੀ[95] ਕਲਮਕੱਲਾ[97] ਹੀ ਫਾਹੇ ਚੜ੍ਹਦਾ[96] ਹੈ ।
ਜਮ ਵਸਿ[98] ਕੀਆ ਅੰਧੁ[99] ਦੂਹੇਲਾ[100] ॥	The miserable[100] blind man[99] comes under the sway[98] of Yama.	ਦੁਖੀ[100], ਅੰਨ੍ਹਾ[99] ਇਨਸਾਨ ਯਮ ਦੇ ਕਾਬੂ ਆ ਜਾਂਦਾ[98] ਹੈ ।
ਰਾਮ ਨਾਮ ਬਿਨੁ ਮੁਕਤਿ[2] ਨ ਸੂਝੈ[3] ਆਜੁ ਕਾਲਿ ਪਚਿ ਜਾਤਾ[4] ਹੇ ॥੧੧॥	Without the Lord's Name, one knows[3] not emancipation[2] and is wasted away[4] today or the day after.	ਸਾਂਈਂ ਦੇ ਨਾਮ ਦੇ ਬਾਝੋਂ ਆਦਮੀ ਕਲਿਆਨ[2] ਨੂੰ ਨਹੀਂ ਜਾਣਦਾ[3] ਅਤੇ ਅੱਜ ਜਾਂ ਕਲ੍ਹ ਤਬਾਹ ਹੋ ਜਾਂਦਾ[4] ਹੈ ।
ਸਤਿਗੁਰ ਬਾਝੁ[5] ਨ ਬੇਲੀ[6] ਕੋਈ ॥	Without[5] the True Guru, no one is man's friend[6].	ਸਾਚੇ ਗੁਰਾਂ ਦੇ ਬਗੈਰ[5] ਕੋਈ ਜਣਾ ਭੀ ਬੰਦੇ ਦਾ ਮਿੱਤ[6] ਨਹੀਂ ।
ਐਥੇ ਓਥੈ ਰਾਖਾ[7] ਪ੍ਰਭੁ ਸੋਈ[8] ॥	Here and hereafter, He[8] the Lord, is the mortal's saviour[7].	ਏਥੇ ਅਤੇ ਓਥੇ ਉਹ[8] ਸਾਹਿਬ ਹੀ ਪ੍ਰਾਨੀ ਦਾ ਰੱਖਿਅਕ[7] ਹੈ ।
ਰਾਮ ਨਾਮੁ ਦੇਵੈ ਕਰਿ[9] ਕਿਰਪਾ[10] ਇਉ ਸਲਲੈ[12]	Showing[9] His mercy[10], the Guru blesses man with the Lord's Name	ਆਪਣੀ ਮਿਹਰ[10] ਧਾਰ[9] ਕੇ ਗੁਰੂ ਜੀ ਬੰਦੇ ਨੂੰ ਸੁਆਮੀ ਦਾ ਨਾਮ ਬਖ਼ਸ਼ਦੇ ਹਨ ਅਤੇ ਪਾਣੀ[12] ਦੇ ਨਾਲ ਮਿਲਣ

ਸਲਲ ਮਿਲਾਤਾ[13] ਹੇ ॥੧੨॥	and he merges[13] in Him as water[12] does with water.	ਦੀ ਤਰ੍ਹਾਂ ਇਹ ਉਸ ਵਿਚ ਲੀਨ ਹੋ ਜਾਂਦਾ[13] ਹੈ ।
੧੦੩੨		
ਭੂਲੇ ਸਿਖ ਗੁਰੂ ਸਮਝਾਏ ॥ ਉਝੜਿ[14] ਜਾਦੇ ਮਾਰਗਿ[15] ਪਾਏ ॥	The Guru instructs the erring sikhs, and if they go astray[94]. he puts them on the right path[15].	ਭੁਲਿਆਂ ਹੋਇਆਂ ਸਿੱਖਾਂ ਨੂੰ ਗੁਰੂ ਜੀ ਸਮਝਾਉਂਦੇ ਹਨ, ਅਤੇ ਜੇਕਰ ਉਹ ਕੁਰਾਹੇ ਪੈ ਜਾਣ[14], ਤਾਂ ਗੁਰੂ ਜੀ ਉਨ੍ਹਾਂ ਨੂੰ ਠੀਕ ਰਸਤੇ[15] ਪਾ ਦਿੰਦੇ ਹਨ ।
ਤਿਸੁ[16] ਗੁਰ ਸੇਵਿ[17] ਸਦਾ ਦਿਨੁ ਰਾਤੀ ਦੁਖ[18] ਭੰਜਨ[19] ਸੰਗਿ[20] ਸਖਾਤਾ[21] ਹੇ ॥੧੩॥	Day and night, ever serve[17] thou the[16] Guru, who is the destroyer[19] of distress[18] and the friend[20] and comrade[21] of thine.	ਦਿਹੁੰ ਅਤੇ ਰੈਣ ਸਦੀਵ ਹੀ ਤੂੰ ਉਸ[16] ਗੁਰੂ ਦੀ ਟਹਿਲ[17] ਕਮਾ, ਜੋ ਦੁਖੜੇ[18] ਦੂਰ ਕਰਨ ਵਾਲਾ[19] ਅਤੇ ਤੇਰਾ ਮਿੱਤ੍ਰ[20] ਤੇ ਸਾਥੀ[21] ਹੈ ।
ਗੁਰ ਕੀ ਭਗਤਿ[22] ਕਰਹਿ ਕਿਆ ਪ੍ਰਾਣੀ[23] ॥	O mortal[23] what devotional service[22], canst thou render unto the Guru ?	ਹੇ ਫਾਨੀ ਬੰਦੇ[23] ! ਤੂੰ ਗੁਰਾਂ ਦੀ ਕੀ ਪ੍ਰੇਮਮਈ ਸੇਵਾ[22] ਕਮਾ ਸਕਦਾ ਹੈ ?
ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥	Even Brahma, Indra and Shiva know it not.	ਬ੍ਰਹਮਾ, ਇੰਦ੍ਰ ਅਤੇ ਸ਼ਿਵਜੀ ਭੀ ਇਸ ਨੂੰ ਨਹੀਂ ਜਾਣਦੇ ।
ਸਤਿਗੁਰੁ ਅਲਖੁ[24] ਕਹਹੁ[25] ਕਿਉ[26] ਲਖੀਐ[27] ਜਿਸੁ ਬਖਸੇ[28] ਤਿਸਹਿ[29] ਪਛਾਤਾ[30] ਹੇ ॥੧੪॥	Inscrutable[24] is the True Guru, say[25], how[26] can he be comprehended[27] ? He[29] alone, whom he forgives[28], does realise[30] him ?	ਅਗਾਧ[24] ਹਨ ਸੱਚੇ ਗੁਰੂ ਜੀ, ਦੱਸੋ[25] ਉਹ ਕਿਸ ਤਰ੍ਹਾਂ[56] ਜਾਣੇ ਜਾ ਸਕਦੇ[27] ਹਨ ? ਕੇਵਲ ਉਹ[29] ਹੀ ਉਨ੍ਹਾਂ ਨੂੰ ਅਨੁਭਵ[30] ਕਰਦਾ ਹੈ ਜਿਸ ਨੂੰ ਉਹ ਮਾਫ ਕਰ ਦਿੰਦੇ[28] ਹਨ ।
ਅੰਤਰਿ[31] ਪ੍ਰੇਮੁ[32] ਪਰਾਪਤਿ[33] ਦਰਸਨੁ[34] ॥	He, who has love[32] within[31], obtain[33] the Lord's vision[34].	ਜਿਸ ਦੇ ਅੰਦਰ[31] ਪ੍ਰੀਤ[32] ਹੈ ਉਹ ਸਾਹਿਬ ਦਾ ਦੀਦਾਰ[34] ਪਾ ਲੈਂਦਾ[33] ਹੈ ।
ਗੁਰਬਾਣੀ ਸਿਉ ਪ੍ਰੀਤਿ[35] ਸੁ[36] ਪਰਸਨੁ[37] ॥	He[36] who cnshrines affection[36] for the Guru's word, meets[37] with the Lord.	ਜੋ ਗੁਰਾਂ ਦੀ ਬਾਣੀ ਨਾਲ ਪਿਆਰ[35] ਕਰਦਾ ਹੈ ਉਹ[36] ਸਾਹਿਬ ਨਾਲ ਮਿਲ ਜਾਂਦਾ[37] ਹੈ ।
[38]ਅਹਿਨਿਸਿ[39] ਨਿਰਮਲ[40] ਜੋਤਿ[41] ਸਬਾਈ[42] ਘਟਿ[43] ਦੀਪਕੁ[44] ਗੁਰਮੁਖਿ[45] ਜਾਤਾ[46] ਹੇ ॥੧੫॥	Day[38] and night[39], the Guru-ward[45] sees[46] the Immaculate[40] Light[41] pervading everywhere[42] and the lamp[44] of divine knowledge burns within his mind[43].	ਗੁਰੂ-ਸਮਰਪਨ[45] ਦਿਹੁੰ[38] ਅਤੇ ਰੈਣ[39] ਪਵਿੱਤ੍ਰ[40] ਪ੍ਰਕਾਸ਼[41] ਨੂੰ ਸਾਰੇ[42] ਵ੍ਯਾਪਕ ਵੇਖਦਾ[46] ਹੈ ਅਤੇ ਉਸ ਦੇ ਹਿਰਦੇ[43] ਅੰਦਰ ਬ੍ਰਹਮ ਗਿਆਨ ਦਾ ਦੀਵਾ[44] ਬਲਦਾ ਹੈ ।
ਭੋਜਨ[47] ਗਿਆਨੁ[48] ਮਹਾ[49] ਰਸੁ[50] ਮੀਠਾ[51] ॥	The viand[47] of gnosis[48] is the sweet[51], supreme[49] elixir[50].	ਬ੍ਰਹਮ-ਬੋਧ[48] ਦਾ ਖਾਣਾ[47] ਮਿੱਠਾ[51], ਪਰਮ[49] ਅੰਮ੍ਰਿਤ[50] ਹੈ ।
ਜਿਨਿ[52] ਚਾਖਿਆ[53] ਤਿਨਿ[54] ਦਰਸਨੁ[55] ਡੀਠਾ[56] ॥	Whosoever[52] tastes[53] it, he[54] sees[56] the Lord's vision[55].	ਜੋ ਕੋਈ ਭੀ[52] ਇਸ ਨੂੰ ਛਕਦਾ[53] ਹੈ, ਉਹ[54] ਸਾਂਈਂ ਦੇ ਦੀਦਾਰ[55] ਨੂੰ ਵੇਖ ਲੈਂਦਾ[56] ਹੈ ।
ਦਰਸਨੁ[57] ਦੇਖਿ ਮਿਲੇ ਬੈਰਾਗੀ[58] ਮਨੁ[59] ਮਨਸਾ[60]	Seeing His vision[57], the Lord's lover[58], meets with the Lord and	ਉਸ ਦਾ ਦੀਦਾਰ[57] ਦੇਖ ਕੇ ਪ੍ਰਭੂ ਦਾ ਪ੍ਰੇਮੀ[58], ਪ੍ਰਭੂ ਨਾਲ ਮਿਲ ਜਾਂਦਾ ਹੈ ਅਤੇ ਆਪਣੇ ਮਨ[59] ਦੀ

ਮਾਰਿ[61] ਸਮਾਤਾ[62] ਹੇ ॥੧੬॥	stilling[61] his mind's[59] craving[60], he merges[62] in Him.	ਖ਼ਾਹਿਸ਼[60] ਨੂੰ ਮੇਟ[61] ਕੇ ਉਸ ਵਿਚ ਲੀਨ ਥੀ ਵੰਞਦਾ[62] ਹੈ।
ਸਤਿਗੁਰੁ ਸੇਵਹਿ[63] ਸੇ[64] ਪਰਧਾਨਾ[65] ॥ ਤਿਨ ਘਟ ਘਟ[66] ਅੰਤਰਿ[67] ਬ੍ਰਹਮੁ[68] ਪਛਾਨਾ[69] ॥	The most supreme[65] are they[64], who serve[63] the True Guru. In[67] every heart[66], recognise[69] they the Transcendent Lord[68].	ਪਰਮ ਮਹਾਨ[65] ਹਨ ਉਹ[64] ਜੋ ਸੱਚੇ ਗੁਰਾਂ ਦੀ ਚਾਕਰੀ ਕਰਦੇ[63] ਹਨ। ਹਰ ਦਿਲ[66] ਅੰਦਰ[67] ਉਹ ਪਰਮ ਪ੍ਰਭੂ[68] ਨੂੰ ਸਿੰਞਾਣਦੇ[69] ਹਨ।
ਨਾਨਕ ਹਰਿ ਜਸੁ[70] ਹਰਿ ਜਨ[71] ਕੀ ਸੰਗਤਿ[72] ਦੀਜੈ[73] ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ[74] ਹੇ ॥੧੭॥੫॥੧੧॥	My Guru, bless[73] thou Nanak, with God's praise[70] and the association[72] of the Lord's slaves[71], who realise[74] the Lord-God, through the True Guru.	ਮੇਰੇ ਗੁਰਦੇਵ ਜੀ, ਤੂੰ ਨਾਨਕ ਨੂੰ ਵਾਹਿਗੁਰੂ ਦੀ ਕੀਰਤੀ[70] ਅਤੇ ਸਾਹਿਬ ਦੇ ਗੋਲਿਆਂ[71] ਦਾ ਮੇਲ-ਮਿਲਾਪ[72] ਪ੍ਰਦਾਨ[73] ਕਰ ਜੋ ਸੱਚੇ ਗੁਰਾਂ ਦੇ ਰਾਹੀਂ ਸੁਆਮੀ ਵਾਹਿਗੁਰੂ ਨੂੰ ਅਨੁਭਵ[74] ਕਰਦੇ ਹਨ।
ਮਾਰੂ ਮਹਲਾ ੧ ॥	Maru 1st Guru.	ਮਾਰੂ ਪਹਿਲੀ ਪਾਤਿਸ਼ਾਹੀ।
ਸਾਚੇ ਸਾਹਿਬ ਸਿਰਜਣਹਾਰੇ[75] ॥	The True Lord is the Creator[75] of the universe.	ਸੱਚਾ ਸੁਆਮੀ ਕੁਲ ਆਲਮ ਦਾ ਰਚਣਹਾਰ[75] ਹੈ।
ਜਿਨਿ[76] ਧਰ[77] ਚਕ੍ਰ[78] ਧਰੇ[79] ਵੀਚਾਰੇ[80] ॥	He has thougthfully[80] sustained[79] the earth[77] globe[78].	ਉਸ[76] ਨੇ ਸੋਚ ਵਿਚਾਰ ਕੇ[80] ਧਰਤੀ[77] ਦੇ ਗੋਲਾਕਾਰ[78] ਨੂੰ ਟਿਕਾਇਆ[79] ਹੈ।
ਆਪੇ[86] ਕਰਤਾ[81] ਕਰਿ[82] ਕਰਿ[83] ਵੇਖੈ ਸਾਚਾ[84] ਵੇਪਰਵਾਹਾ[85] ਹੇ ॥੧॥	Creating[82] the creation[83], the Creator[81] Himself[86] beholds it. True[84] and Independent[85] is He.	ਰਚਨਾ[83] ਨੂੰ ਰੱਚ[82] ਕੇ, ਰਚਨਹਾਰ[81] ਖ਼ੁਦ[86] ਹੀ ਇਸ ਨੂੰ ਵੇਖਦਾ ਹੈ। ਸੱਚਾ[84] ਅਤੇ ਸੁਤੰਤਰ[85] ਹੈ ਉਹ।
ਵੇਕੀ ਵੇਕੀ[86] ਜੋਤ[87] ਉਪਾਏ[88] ॥	The Lord has created[88] the being[87] of different kinds[86].	ਸਾਂਈਂ ਨੇ ਤਿੰਨ ਕਿਸਮਾਂ[86] ਦੇ ਜੀਵ[87] ਪੈਦਾ ਕੀਤੇ[88] ਹਨ।
ਦੁਇ[89] ਪੰਦੀ[90] ਦੁਇ ਰਾਹ[91] ਚਲਾਏ[92] ॥	The two[89] travellers[90] have struck[92] out two ways[91].	ਦੋ[89] ਰਾਹੀਆਂ[90] ਨੇ ਦੋ ਰਸਤੇ[91] ਜਾਰੀ ਕੀਤੇ[92] ਹਨ।
ਗੁਰ ਪੂਰੇ[93] ਵਿਣੁ ਮੁਕਤਿ[94] ਨ ਹੋਈ ਸਚੁ ਨਾਮੁ ਜਪਿ[95] ਲਾਹਾ[96] ਹੇ ॥੨॥	Without the Perfect[93] Guru, one is emancipated[94] not. By uttering[95] the True Name, profit[96] is obtained.	ਪੂਰਨ[93] ਗੁਰਾਂ ਦੇ ਬਗ਼ੈਰ ਬੰਦੇ ਦੀ ਕਲਿਆਨ[94] ਨਹੀਂ ਹੁੰਦੀ। ਸਤਿਨਾਮ ਦਾ ਉਚਾਰਨ[95] ਕਰਨ ਦੁਆਰਾ ਲਾਭ[96] ਪ੍ਰਾਪਤ ਹੁੰਦਾ ਹੈ।
ਪੜਹਿ[97] ਮਨਮੁਖ[98] ਪਰੁ ਬਿਧਿ[99] ਨਹੀ ਜਾਨਾ ॥	The perverse[98] men read[97], but know not the way[99].	ਪ੍ਰਤਿਕੂਲ[98] ਬੰਦੇ ਵਾਚਦੇ[97] ਹਨ; ਪ੍ਰੰਤੂ, ਮਾਰਗ[99] ਨੂੰ ਨਹੀਂ ਜਾਣਦੇ।
ਨਾਮੁ ਨ ਬੂਝਹਿ[100] ਭਰਮਿ[2] ਭੁਲਾਨਾ[3] ॥	They understand[100] not the Name, and stray[3] in doubt[2].	ਉਹ ਨਾਮ ਨੂੰ ਨਹੀਂ ਸਮਝਦੇ[100] ਤੇ ਸੰਦੇਹ[2] ਅੰਦਰ ਭਟਕਦੇ[3] ਹਨ।
ਲੈ ਬੈ[4] ਵਦੀ[5] ਦੇਨਿ ਉਗਾਹੀ[6] ਦੁਰਮਤਿ[7] ਕਾ ਗਲਿ[8] ਫਾਹਾ[9] ਹੇ ॥੩॥	The halter[9] of vice[7] is round the neck[8] of those, who give false evidence[6] by taking[4] a bribe[6].	ਪਾਪ[7] ਦੀ ਫਾਹੀ[9] ਉਨ੍ਹਾਂ ਦੀ ਗਰਦਨ[8] ਦੁਆਲੇ ਪੈਂਦੀ ਹੈ, ਜੋ ਰਿਸ਼ਵਤ[5] ਲੈ ਕੇ[4] ਝੂਠੀ ਗਵਾਹੀ[6] ਦਿੰਦੇ ਹਨ।
ਸਿਮ੍ਰਿਤਿ ਸਾਸਤ੍ਰ ਪੜਹਿ[10] ਪੁਰਾਣਾ ॥ ਵਾਦੁ[12]	People read[10] the Simirtis, the Shashtras and the Puranas. They	ਲੋਕ ਸਿਮਰਤੀਆਂ, ਸ਼ਾਸਤਰਾਂ ਅਤੇ ਪੁਰਾਣਾਂ ਨੂੰ ਵਾਚਦੇ[10] ਹਨ। ਉਹ ਬਹਿਸ[12] ਮੁਬਾਹਸੇ ਕਰਦੇ[13] ਹਨ ਪ੍ਰੰਤੂ

ਵਖਾਣਹਿ[13] ਤਤੁ[14] ਨ ਜਾਣਾ ॥	enter into[13] controversies[12] but know not the quintessence[14]. '	ਅਸਲੀਅਤ[14] ਨੂੰ ਨਹੀਂ ਜਾਣਦੇ ।
ਵਿਣੁ ਗੁਰ ਪੂਰੇ[15] ਤਤੁ[18] ਨ ਪਾਈਐ ਸਚ ਸੂਚੇ[16] ਸਚੁ ਰਾਹਾ[17] ਹੇ ॥੪॥	Without the Perfect[15] Guru, the Real Thing[18] is attained not. The true and pure[16] ones walk along the true track[17].	ਪੂਰਨ[15] ਗੁਰਾਂ ਦੇ ਬਾਝੋਂ ਅਸਲ ਵਸਤੂ[18] ਪ੍ਰਾਪਤ ਨਹੀਂ ਹੁੰਦੀ । ਸੱਚੇ ਤੇ ਪਵਿੱਤ੍ਰ[16] ਪ੍ਰਾਨੀ ਸੱਚੇ ਰਸਤੇ[17] ਟੁਰਦੇ ਹਨ ।
ਸਭ[19] ਸਾਲਾਹੇ[20] ਸੁਣਿ ਸੁਣਿ[21] ਆਖੈ[22] ॥	All[19] praise[20], hear[21] and utter[22] Him, the Lord.	ਸਾਰੇ ਜਣੇ[19] ਉਸ ਸੁਆਮੀ ਨੂੰ ਸਲਾਹੁੰਦੇ[20], ਸੁਣਦੇ[21] ਅਤੇ ਉਚਾਰਦੇ[22] ਹਨ ।
ਆਪੇ ਦਾਨਾ[23] ਸਚੁ[24] ਪਰਾਖੈ[25] ॥	God is wise[23] and Himself assays[25] true[24].	ਵਾਹਿਗੁਰੂ ਸਿਆਣਾ[23] ਹੈ ਅਤੇ ਆਪ ਹੀ ਸਚਿਆਰਾਂ[24] ਨੂੰ ਪਰਖਦਾ[25] ਹੈ ।
ਜਿਨ ਕਉ ਨਦਰਿ[26] ਕਰੇ[30] ਪ੍ਰਭੁ ਅਪਨੀ ਗੁਰਮੁਖਿ[27] ਸਬਦੁ[28] ਸਲਾਹਾ[29] ਹੇ ॥੫॥	They, on whom the Lord casts[30] His merciful glance[26], sing the praise[29] of His Name[28], by the Guru's grace[27].	ਜਿਨ੍ਹਾਂ ਉਤੇ ਉਹ ਆਪਣੀ ਮਿਹਰ ਦੀ ਨਜ਼ਰ[26] ਧਾਰਦਾ[30] ਹੈ, ਗੁਰਾਂ ਦੀ ਦਇਆ[27] ਦੁਆਰਾ, ਉਹ ਉਸ ਦੇ ਨਾਮ[28] ਦਾ ਜੱਸ[29] ਗਾਉਂਦੇ ਹਨ ।
ਸੁਣਿ ਸੁਣਿ ਆਖੈ[32] ਕੇਤੀ[31] ਬਾਣੀ[33] ॥	Good many[31] hear and utter[32] the Lord's word[33].	ਅਨੇਕਾਂ[31] ਹੀ ਪ੍ਰਭੂ ਦੀ ਬਾਣੀ[33] ਨੂੰ ਸੁਣਦੇ ਅਤੇ ਉਚਾਰਨ ਕਰਦੇ[32] ਹਨ ।
ਸੁਣਿ ਕਹੀਐ ਕੋ ਅੰਤੁ[34] ਨ ਜਾਣੀ ॥	By hearing and uttering, none can know the Lord's limit[34].	ਸ੍ਰਵਣ ਕਰਨ ਅਤੇ ਆਖਣ ਦੁਆਰਾ, ਕੋਈ ਭੀ ਪ੍ਰਭੂ ਦੇ ਪਾਰਾਵਰ[34] ਨੂੰ ਨਹੀਂ ਜਾਣ ਸਕਦਾ ।
ਜਾ ਕਉ ਅਲਖੁ[35] ਲਖਾਏ[36] ਆਪੇ ਅਕਥ[37] ਕਥਾ[38] ਬੁਧਿ[39] ਤਾਹਾ[40] ਹੇ ॥੬॥	He[40] alone is wise[39], to whom the Unseeable Lord[35] shows[36] Himself and it is he who utters the ineffable[37] discourse[38] of the Lord.	ਕੇਵਲ ਉਹ[40] ਹੀ ਸਿਆਣਾ[39] ਹੈ, ਜਿਸ ਨੂੰ ਅਦ੍ਰਿਸ਼ਟ ਸੁਆਮੀ[35] ਆਪਣੇ ਆਪ ਨੂੰ ਵਿਖਾਲਦਾ[36] ਹੈ ਅਤੇ ਉਹ ਹੀ ਪ੍ਰਭੂ ਦੀ ਅਕਹਿ[37] ਵਾਰਤਾ[38] ਨੂੰ ਵਰਣਨ ਕਰਦਾ ਹੈ ।
ਜਨਮੇ[41] ਕਉ ਵਾਜਹਿ[42] ਵਾਧਾਏ[43] ॥ ਸੋਹਿਲੜੇ[44] ਅਗਿਆਨੀ[45] ਗਾਏ ॥	When the child is born[41], congratulations[43] resound[42] and the igrorant ones[45] sing songs of joy[44].	ਜਦ ਬੱਚਾ ਜੰਮਦਾ[41] ਹੈ, ਵਧਾਈਆਂ[43] ਗੂੰਜਦੀਆਂ[42] ਹਨ ਤੇ ਬੇਸਮਝ ਬੰਦੇ[45] ਖ਼ੁਸ਼ੀ ਦੇ ਗੀਤ[44] ਗਾਉਂਦੇ ਹਨ ।
ਜੋ ਜਨਮੈ ਤਿਸੁ[46] ਸਰਪਰ[47] ਮਰਣਾ ਕਿਰਤੁ[48] ਪਇਆ[49] ਸਿਰਿ[50] ਸਾਹਾ[51] ਹੇ ॥੭॥	He[46], who is born, shall assuredly[47] die, according to the destiny[48] inscribed[49] on his head[50] by Lord, the King[51].	ਜੋ ਕੋਈ ਜੰਮਿਆ ਹੈ ਉਹ[46] ਆਪਣੇ ਸਿਰ[50] ਉਤੇ ਪ੍ਰਭੂ ਪਾਤਿਸ਼ਾਹ[51] ਦੀ ਲਿਖੀ[49] ਹੋਈ ਭਾਵੀ[48] ਅਨੁਸਾਰ ਨਿਸਚਿਤ[47] ਹੀ ਮਰ ਜਾਵੇਗਾ ।
ਸੰਜੋਗੁ[52] ਵਿਜੋਗੁ[53] ਮੇਰੈ ਪ੍ਰਭਿ ਕੀਏ[54] ॥	Both union[52] and separation[53] my Lord has created[54].	ਦੋਨੋਂ ਮਿਲਾਪ[52] ਅਤੇ ਵਿਛੋੜਾ[53], ਮੇਰੇ ਸੁਆਮੀ ਨੇ ਰਚੇ[54] ਹਨ ।
ਸ੍ਰਿਸਟਿ[55] ਉਪਾਇ[56] ਦੁਖਾ[57] ਸੁਖ[58] ਦੀਏ[59] ॥	Creating[56] the creation[55], He has endowed[59] it with weal[58] and woe[57].	ਰਚਨਾ[55] ਨੂੰ ਰਚ[56] ਕੇ ਉਸ ਨੇ ਇਸ ਨੂੰ ਖ਼ੁਸ਼ੀ[58] ਅਤੇ ਗ਼ਮੀ[57] ਬਖ਼ਸ਼ੀ[59] ਹੈ ।
ਦੁਖ ਸੁਖ ਹੀ ਤੇ ਭਏ	The Guru-wards[61] remain unaffected[60]	ਗੁਰੂ ਸਮਰਪਣ[61] ਪੀੜ ਅਤੇ ਪ੍ਰਸੰਨਤਾ ਤੋਂ ਨਿਰਲੇਪ[60]

ਨਿਰਾਲੇ[60] ਗੁਰਮੁਖਿ[61] ਸੀਲੁ[62] ਸਨਾਹਾ[63] ਹੇ ॥੮॥	by pain and pleasure and wear the armour[63] of humility[62].	ਰਹਿੰਦੇ ਹਨ ਅਤੇ ਨਿਮਰਤਾ[62] ਦੀ ਸੰਜੋਅ[63] ਪਹਿਨਦੇ ਹਨ ।
ਨੀਕੇ[64] ਸਾਚੇ[65] ਕੇ ਵਾਪਾਰੀ[68] ॥	The good[64] are the dealers[66] of the True Lord[65].	ਭਲੇ[64] ਹਨ ਸੱਚੇ ਸੁਆਮੀ[65] ਦੇ ਵਣਜਾਰੇ[66] ।
ਸਚੁ ਸਉਦਾ[67] ਲੈ[68] ਗੁਰ ਵੀਚਾਰੀ[69] ॥	By the Guru's counsel[69], they purchase[68] the True merchandise[67].	ਗੁਰਾਂ ਦੇ ਸਲਾਹ ਮਸ਼ਵਰੇ[69] ਦੁਆਰਾ ਉਹ ਸੱਚਾ ਸੌਦਾ ਸੂਤ[67] ਖਰੀਦਦੇ[68] ਹਨ ।
ਸਚਾ ਵਖਰੁ[70] ਜਿਸੁ ਧਨੁ[71] ਪਲੈ[72] ਸਬਦਿ[73] ਸਚੈ ਓਮਾਹਾ[74] ਹੇ ॥੯॥	He, who has the wealth[71] of true commodity[70] in his lap[72]; He is blessed with the ecstasy[74] of the True Name[73].	ਜਿਸ ਦੀ ਝੋਲੀ[72] ਵਿਚ ਸੱਚੀ ਰਾਸ[70] ਦੀ ਦੌਲਤ[71] ਹੈ; ਉਸ ਨੂੰ ਸੱਚੇ ਨਾਮ[73] ਦੀ ਪਰਮ ਪ੍ਰਸੰਨਤਾ[74] ਦੀ ਦਾਤ ਮਿਲਦੀ ਹੈ ।
ਕਾਚੀ[75] ਸਉਦੀ[76] ਤੋਟਾ[77] ਆਵੈ[78] ॥ ਗੁਰਮੁਖਿ[79] ਵਣਜੁ[80] ਕਰੇ ਪ੍ਰਭ ਭਾਵੈ[81] ॥	Loss[77] accrues[78] from the false[75] dealings[76]. He, who bargains[80] through the Guru[79], is dear[81] unto the Lord.	ਕੂੜੇ[75] ਵਣਜ ਵਾਪਾਰ[76] ਦੁਆਰਾ ਘਾਟਾ[77] ਪੈਂਦਾ[78] ਹੈ । ਜੋ ਗੁਰਾਂ ਦੇ ਰਾਹੀਂ[79] ਵਾਪਾਰ ਕਰਦਾ[80] ਹੈ, ਉਹ ਪ੍ਰਭੂ ਨੂੰ ਪਿਆਰਾ[81] ਲਗਦਾ ਹੈ ।
ਪੂੰਜੀ[82] ਸਾਬਤੁ[83] ਰਾਸਿ[48] ਸਲਾਮਤਿ[85] ਚੂਕਾ[86] ਜਮ[87] ਕਾ ਫਾਹਾ[88] ਹੇ ॥੧੦॥	He, whose stock-in-trade[82] is whole[83] and whose capital[40] is intact[85]; His death's[87] noose[88] is snapped[86].	ਜਿਸ ਦਾ ਮਾਲ-ਮਤਾ[82] ਠੀਕ ਪੂਰਾ[83] ਹੈ ਅਤੇ ਜਿਸ ਦਾ ਵੱਖਰ[84] ਐਨ ਮੁਕੰਮਲ[85] ਹੈ ਉਸ ਦੀ; ਮੌਤ[87] ਦੀ ਫਾਹੀ[88] ਕੱਟੀ ਜਾਂਦੀ[86] ਹੈ ।
੧੦੩੩		
ਸਭੁ ਕੋ ਬੋਲੈ ਆਪਣ ਭਾਣੈ[89] ॥	Every one talks as he pleases[89].	ਹਰ ਕੋਈ, ਜਿਸ ਤਰ੍ਹਾਂ ਉਸ ਨੂੰ ਚੰਗਾ ਲਗਦਾ[89] ਹੈ, ਗੱਲਾਂ ਕਰਦਾ ਹੈ ।
ਮਨਮੁਖੁ[90] ਦੂਜੈ[91] ਬੋਲਿ ਨ ਜਾਣੈ ॥	On account of duality[91], the perverse person[90] knows not how to talk.	ਦਵੈਤ-ਭਾਵ[91] ਦੇ ਕਾਰਣ ਪ੍ਰਤਿਕੂਲ ਪੁਰਸ਼ ਗੱਲ[90] ਕਰਨੀ ਨਹੀਂ ਜਾਣਦਾ ।
ਅੰਧੁਲੇ[92] ਕੀ ਮਤਿ[93] ਅੰਧਲੀ[94] ਬੋਲੀ[95] ਆਇ ਗਇਆ ਦੁਖੁ[96] ਤਾਹਾ[97] ਹੇ॥੧੧॥	The blind man[92] has blind[94] and deaf[95] understanding[93]. He[97] suffers the pain[96] of coming and going.	ਅੰਨ੍ਹੇ ਇਨਸਾਨ[92] ਦੀ ਸਮਝ[93] ਅੰਨ੍ਹੀ[94] ਅਤੇ ਬੱਲੀ[95] ਹੈ । ਉਹ[97] ਆਉਣ ਤੇ ਜਾਣ ਦੀ ਪੀੜ[96] ਸਹਾਰਦਾ ਹੈ ।
ਦੁਖ ਮਹਿ[98] ਜਨਮੈ ਦੁਖ ਮਹਿ ਮਰਣਾ ॥	In[98] pain, he is born and in pain he dies.	ਕਸ਼ਟ ਅੰਦਰ[98] ਉਹ ਜੰਮਦਾ ਹੈ ਤੇ ਕਸ਼ਟ ਵਿਚ ਹੀ ਉਹ ਮਰ ਜਾਂਦਾ ਹੈ ।
ਦੂਖੁ ਨ ਮਿਟੈ[99] ਬਿਨੁ ਗੁਰ ਕੀ ਸਰਣਾ[100] ॥	Pain is stilled[99] not without seeking the Guru's refuge[100].	ਗੁਰਾ ਦੀ ਪਨਾਹ[100] ਲੈਣ ਦੇ ਬਾਝੋਂ ਪੀੜ ਦੂਰ[99] ਨਹੀਂ ਹੁੰਦੀ ।
ਦੂਖੀ ਉਪਜੈ[2] ਦੂਖੀ ਬਿਨਸੈ[3] ਕਿਆ ਲੈ ਆਇਆ ਕਿਆ ਲੈ ਜਾਹਾ ਹੇ ॥੧੨॥	In pain man is born[2] and in pain he perishes[3]. What does he brought and what shall he take with him ?	ਤਕਲੀਫ਼ ਅੰਦਰ ਇਨਸਾਨ ਜੰਮਦਾ[2] ਹੈ ਅਤੇ ਤਕਲੀਫ਼ ਅੰਦਰ ਹੀ ਉਹ ਨਾਸ ਹੋ ਜਾਂਦਾ[3] ਹੈ । ਉਹ ਆਪਣੇ ਨਾਲ ਕੀ ਲਿਆਇਆ ਸੀ ਅਤੇ ਕੀ ਲੈ ਕੇ ਜਾਵੇਗਾ ?
ਸਚੀ ਕਰਣੀ[4] ਗੁਰ ਕੀ ਸਿਰਕਾਰਾ[5] ॥	True are the deeds[4] of those, who are under the sway[5] of the Guru.	ਸੱਚੇ ਹਨ ਅਮਲ[4] ਉਨ੍ਹਾਂ ਦੇ ਜੋ ਗੁਰਾਂ ਦੀ ਹਕੂਮਤ[5] ਤਾਬੇ ਹਨ ।

ਆਵਣੁ ਜਾਣੁ ਨਹੀ ਜਮ[6] ਧਾਰਾ[7] ॥

They come and go not, nor are they subject to the laws[7] of death[6].

ਉਹ ਆਉਂਦੇ ਤੇ ਜਾਂਦੇ ਨਹੀਂ; ਨਾ ਹੀ ਉਹ ਮੌਤ[6] ਦੇ ਕਾਨੂੰਨਾਂ[7] ਦੇ ਅਧੀਨ ਹਨ ।

ਡਾਲ[8] ਛੋਡਿ[9] ਤਤੁ[10] ਮੂਲੁ[12] ਪਰਾਤਾ[13] ਮਨਿ[14] ਸਾਚਾ ਓਮਾਹਾ[15] ਹੇ ॥੧੩॥

Abandoning[9] the branches[8], whosoever clings[13] to the Real[10] Root[12], he enjoys True bliss[15] within his mind[14].

ਡਾਲੀਆਂ[8] ਨੂੰ ਤਿਆਗ ਕੇ[9] ਜੋ ਕੋਈ ਭੀ ਅਸਲ[10] ਜੜ[12] ਨਾਲ ਜੁੜਦਾ[13] ਹੈ, ਉਹ ਆਪਣੇ ਚਿੱਤ[14] ਅੰਦਰ ਸੱਚੀ ਖੁਸ਼ੀ[15] ਮਾਣਦਾ ਹੈ ।

ਹਰਿ ਕੇ ਲੋਗ[16] ਨਹੀ ਜਮੁ[17] ਮਾਰੈ[18] ॥

Godly people[16]. the Death's courier[17], smites[18] not.

ਰੱਬ ਦੇ ਬੰਦਿਆਂ[16] ਨੂੰ ਮੌਤ ਦਾ ਦੂਤ[17] ਡੰਡ ਨਹੀਂ ਦਿੰਦਾ[18] ।

ਨਾ ਦੁਖੁ ਦੇਖਹਿ ਪੰਥਿ[19] ਕਰਾਰੈ[20] ॥

They behold not the pain of the difficult[20] road[19].

ਉਹ ਔਖੇ[20] ਰਸਤੇ[19] ਦੀ ਪੀੜ ਨੂੰ ਨਹੀਂ ਵੇਖਦੇ ।

ਰਾਮ ਨਾਮੁ ਘਟ[21] ਅੰਤਰਿ[22] ਪੂਜਾ[23] ਅਵਰੁ ਨ ਦੂਜਾ ਕਾਹਾ[24] ਹੇ ॥੧੪॥

In[22] their mind[21], they worship[23] the Lord's Name and have no other engagement[24].

ਆਪਣੇ ਹਿਰਦੇ[21] ਅੰਦਰ[22] ਉਹ ਸੁਆਮੀ ਦੇ ਨਾਮ ਦੀ ਉਪਾਸ਼ਨਾ ਕਰਦੇ[23] ਹਨ ਅਤੇ ਉਨ੍ਹਾਂ ਨੂੰ ਹੋਰ ਕੋਈ ਰੁਝੇਵਾਂ[24] ਨਹੀਂ ।

ਓੜੁ[25] ਨ ਕਥਨੈ[26] ਸਿਫਤਿ[27] ਸਜਾਈ[28] ॥

There is no limit[35] to the Lord's, embellished[28] discourse[26] and praise[27].

ਸਾਹਿਬ ਦੇ ਸੁਹਾਵਣੇ[28] ਭਾਸ਼ਨ[26] ਅਤੇ ਸਿਫ਼ਤ ਸ਼ਲਾਘਾ[27] ਦਾ ਕੋਈ ਓੜਕ[25] ਨਹੀਂ ।

ਜਿਉ[29] ਤੁਧੁ ਭਾਵਹਿ[30] ਰਹਹਿ[31] ਰਜਾਈ[32] ॥

O Lord of the will[32], as[29] it pleases[30] Thee, so do I remain[31].

ਹੇ ਰਜ਼ਾ ਦੇ ਸੁਆਮੀ[32] ! ਜਿਸ ਤਰ੍ਹਾਂ[29] ਤੈਨੂੰ ਚੰਗਾ ਲਗਦਾ[30] ਹੈ, ਉਸੇ ਤਰ੍ਹਾਂ ਹੀ ਮੈਂ ਰਹਿੰਦਾ[31] ਹਾਂ ।

ਦਰਗਹ[33] ਪੈਧੇ[34] ਜਾਨਿ[38] ਸੁਹੇਲੇ[35] ਹੁਕਮਿ[36] ਸਚੇ ਪਾਤਿਸਾਹਾ[37] ਹੇ ॥੧੫॥

They, who obey the True King's[37] order[36]; are robed[34] and embellishingly[35] go[38] to the Lord's court[33].

ਜੋ ਸੱਚੇ ਰਾਜੇ[37] ਦੇ ਫ਼ੁਰਮਾਨ[36] ਨੂੰ ਮੰਨਦੇ ਹਨ, ਉਹ ਪਹਿਨਾਏ ਜਾਂਦੇ[34] ਹਨ ਅਤੇ ਸ਼ਸ਼ੋਭਤ[35] ਹੋ, ਸਾਈਂ ਦੇ ਦਰਬਾਰ[33] ਨੂੰ ਜਾਂਦੇ[38] ਹਨ ।

ਕਿਆ[38] ਕਹੀਐ[39] ਗੁਣ[40] ਕਥਹਿ[41] ਘਨੇਰੇ[42] ॥

Countless[42] utter[41] the Lord's merits[40] How[38] can I narrate[39] them ?

ਅਣਗਿਣਤ[42] ਹੀ ਸਾਹਿਬ ਦੀਆਂ ਖੂਬੀਆਂ[40]ਨੂੰ ਉਚਾਰਦੇ[41] ਹਨ । ਮੈਂ ਉਨ੍ਹਾਂ ਨੂੰ ਕਿਸ ਤਰ੍ਹਾਂ[38]ਬਿਆਨ[39]ਕਰ ਸਕਦਾ ਹਾਂ?

ਅੰਤੁ[43] ਨ ਪਾਵਹਿ[44] ਵਡੇ ਵਡੇਰੇ[45] ॥

Even the greatest of the great[45] knows[44] not the Lord's limit[43].

ਵਿਸ਼ਾਲਾਂ ਦੇ ਪਰਮ ਵਿਸ਼ਾਲ[45] ਭੀ, ਪ੍ਰਭੂ ਦੇ ਓੜਕ[43] ਨੂੰ ਨਹੀਂ ਜਾਣਦੇ[44] ।

ਨਾਨਕ ਸਾਚੁ ਮਿਲੈ[46] ਪਤਿ[47] ਰਾਖਹੁ ਤੂ ਸਿਰਿ[48] ਸਾਹਾ[49] ਪਾਤਿਸਾਹਾ[50] ਹੇ ॥੧੬॥੬॥੧੨॥

Thou, O Lord, are the Emperor[50] over the heads[48] of all the Kings[49]. Preserve Thou Nanak's honour[47] and bless[49] him with Thy truth.

ਤੂੰ, ਹੇ ਸਾਹਿਬ ! ਸਾਰਿਆਂ ਰਾਜਿਆਂ[49] ਦੇ ਸਿਰਾਂ[48] ਉੱਤੇ ਮਹਾਰਾਜਾ[50] ਹੈਂ । ਤੂੰ ਨਾਨਕ ਦੀ ਇੱਜ਼ਤ ਆਬਰੂ[47] ਰੱਖ ਅਤੇ ਉਸ ਨੂੰ ਆਪਣਾ ਸੱਚ ਪ੍ਰਦਾਨ ਕਰ[49] ।

ਮਾਰੂ ਮਹਲਾ ੧ ਦਖਣੀ ॥

Maru 1st Guru Dakhni.

ਮਾਰੂ ਪਹਿਲੀ ਪਾਤਿਸ਼ਾਹੀ ਦੱਖਣੀ ।

ਕਾਇਆ[51] ਨਗਰੁ[52] ਨਗਰ ਗੜ[53] ਅੰਦਰਿ[54] ॥

Within[54] the body-village[52], is the castle[53] of the mind.

ਦੇਹ[51] ਰੂਪੀ ਪਿੰਡ[52] ਵਿਚ[54] ਮਨ ਦਾ ਕਿਲ੍ਹਾ[53] ਹੈ ।

ਸਾਚਾ[55] ਵਾਸਾ[56] ਪੁਰਿ[57] [58]ਗਗਨੰਦਰਿ[59] ॥

Within[59] the city[57] of the Tenth Gate[58], is the abode[56] of the True Lord[55].

ਦਸਮ ਦੁਆਰ[58] ਦੇ ਸ਼ਹਿਰ[57]ਦੇ ਅੰਦਰ[59] ਸੱਚੇ ਸਾਈਂ[55] ਦਾ ਨਿਵਾਸ ਅਸਥਾਨ[56] ਹੈ ।

ਅਸਥਿਰੁ[60] ਥਾਨੁ[61] ਸਦਾ[62] ਨਿਰਮਾਇਲੁ[63] ਆਪੇ ਆਪੁ[64] ਉਪਾਇਦਾ[65] ॥੧॥	Ever[62] stable[60] and immaculate[63] is this place[61]. The Lord Himself[64] has created[65] it.	ਸਦੀਵੀ[62] ਸਥਿਰ[60] ਅਤੇ ਪਵਿੱਤਰ[63]ਹੈ ਇਹ ਅਸਥਾਨ[61]। ਸੁਆਮੀ ਨੇ ਆਪ[64] ਹੀ ਇਸ ਨੂੰ ਰਚਿਆ[65] ਹੈ।
ਅੰਦਰਿ ਕੋਟ[66] ਛਜੇ[67] ਹਟਨਾਲੇ[68] ॥	Within the fortress[66] are balconies[67] and bazars[68].	ਕਿਲ੍ਹੇ[66] ਦੇ ਅੰਦਰ ਬਾਲੇਖਾਨੇ[67] ਅਤੇ ਬਾਜ਼ਾਰ[68] ਹਨ।
ਆਪੇ ਲੇਵੈ ਵਸਤੁ[69] ਸਮਾਲੇ[70] ॥	The Lord Himself takes care[70] of the goods[69].	ਸਾਹਿਬ ਆਪ ਹੀ ਵਸਤ ਵਲੇਵੇਂ[69] ਦੀ ਸੰਭਾਲ ਕਰਦਾ[70] ਹੈ।
ਬਜਰ[71] ਕਪਾਟ[72] ਜੜੇ ਜੜਿ[73] ਜਾਣੈ[74] ਗੁਰ ਸਬਦੀ[75] ਖੋਲਾਇਦਾ[76] ॥ ੨॥	The admantine[71] doors[72] of the Tenth Gate are knowingly[74] closed and shut[73]. Through the Guru's word[4], they are wide-opened[76].	ਦਸਮ ਦੁਆਰ ਦੇ ਕਰੜੇ[71] ਬੂਹੇ[72] ਜਾਣ ਬੁਝ ਕੇ[74] ਮੀਟੇ ਤੇ ਬੰਦ ਕੀਤੇ ਹੋਏ[73] ਹਨ। ਗੁਰਾਂ ਦੀ ਬਾਣੀ[75] ਦੁਆਰਾ, ਉਹ ਪੂਰੀ ਤਰ੍ਹਾਂ ਖੁਲ੍ਹ ਜਾਂਦੇ[76] ਹਨ।
ਭੀਤਰਿ[77] ਕੋਟ[78] ਗੁਫਾ[79] ਘਰ[80] ਜਾਈ[81] ॥	Within[77] the fortress[78], is the cave[79] of Tenth Gate, the Lord's Home[80] place[81].	ਕਿਲ੍ਹੇ[78] ਦੇ ਅੰਦਰ[77] ਦਸਮ ਦੁਆਰ ਦੀ ਕੰਦਰਾ[79], ਸਾਹਿਬ ਦਾ ਗ੍ਰਹਿ[80] ਅਸਥਾਨ[81] (ਟਿਕਾਣਾ) ਹੈ।
ਨਉਘਰ[82] ਥਾਪੇ[83] ਹੁਕਮਿ[84] ਰਜਾਈ[85] ॥	By His order[84], tne Lord of will[85] has established[83] nine apertures to the body-house[82].	ਆਪਣੀ ਰਜ਼ਾ[84] ਦੁਆਰਾ ਰਚਾ ਦੇ ਸੁਆਮੀ[85] ਨੇ ਦੇਹ ਦੇ ਗ੍ਰਹਿ[82] ਨੂੰ ਨੌ ਗੋਲਕਾਂ ਜੜੀਆਂ[83] ਹਨ।
ਦਸਵੈ[86] ਪੁਰਖੁ[87] ਅਲੇਖੁ[88] ਅਪਾਰੀ[89] ਆਪੇ ਅਲਖੁ[90] ਲਖਾਇਦਾ[91] ॥੩॥	The Incomputable[88] and Infinite[89] Lord[87] abides in the Tenth Gate[86]. The Unseeable God[90] of Himself reveals[91] His ownself.	ਅਣਗਿਣਤ[88] ਅਤੇ ਅਨੰਤ[89] ਸੁਆਮੀ[87] ਦਸਮ ਦੁਆਰ[86] ਅੰਦਰ ਵਸਦਾ ਹੈ। ਅਦ੍ਰਿਸ਼ਟ ਵਾਹਿਗੁਰੂ[90] ਖੁਦ ਹੀ ਆਪਣੇ ਆਪ ਨੂੰ ਦਰਸਾਉਂਦਾ[91] ਹੈ।
ਸੱਚੇ ਦਰਬਾਰ[44] ਅੰਦਰ ਉਸ ਨੂੰ ਮੱਖਸ਼[45] ਅਤੇ ਇੱਜ਼ਤ ਆਬਰੂ[44] ਦੀ ਦਾਤ ਮਿਲਦੀ[47] ਹੈ ।

ਸਾਕਤ[48] ਠਉਰ[49] ਨਾਹੀ ਹਰਿ ਮੰਦਰ[50] ਜਨਮ[51] ਮਰੈ[52] ਦੁਖੁ[53] ਪਾਇਆ[54] ॥੭॥

The mammon-worshipper[48] gets no seat[46] in the God's palace[50] and suffers[54] pain[53] in coming[51] and going[52].

ਮਾਇਆ ਦੇ ਉਪਾਸ਼ਕ[48] ਨੂੰ ਵਾਹਿਗੁਰੂ ਦੇ ਮਹਿਲ[50] ਅੰਦਰ ਟਿਕਾਣਾ[49] ਨਹੀਂ ਮਿਲਦਾ ਅਤੇ ਆਉਣ[51] ਤੇ ਜਾਣ[52] ਵਿੱਚ ਉਹ ਕਸ਼ਟ[53] ਉਠਾਉਂਦਾ[50] ਹੈ ।

ਸੇਵਹੁ[55] ਸਤਿਗੁਰ ਸਮੁੰਦੁ[56] ਅਥਾਹਾ[57] ॥ ਪਾਵਹੁ ਨਾਮੁ

O man, serve[55] thou the True Guru, the Unfathomable[57] ocean[56]

ਹੇ ਬੰਦੇ ! ਤੂੰ ਬੇਥਾਹ[57] ਸਮੁੰਦਰ[56] ਰੂਪੀ ਸੱਚੇ ਗੁਰਾਂ ਦੀ ਘਾਲ ਕਮਾ[55] ਅਤੇ ਤੈਨੂੰ ਨਾਮ ਦੇ ਜਵੇਹਰ[58] ਦੀ ਦੌਲਤ[59]

ਰਤਨੁ[58] ਧਨੁ[59] ਲਾਹਾ[60] ॥	and thou shalt obtain the profit[60] of the wealth[59] of the Name jewel[58].	ਦਾ ਮੁਨਾਫ਼ਾ[60] ਪ੍ਰਾਪਤ ਹੋਵੇਗਾ ।
ਬਿਖਿਆ[61] ਮਲੁ[62] ਜਾਇ[63] [64]ਅੰਮ੍ਰਿਤਸਰਿ[65] ਨਾਵਹੁ[66] ਗੁਰਸਰਿ[67]ਸੰਤੋਖੁ[68]ਪਾਇਆ[69] ॥੮॥	Meeting[69] with the Guru, the ocean[67] of contentment[68] and bathing[66] in the tank[65] of the Name-Nectar[64], the sins[61] filth[62] is washed off[63].	ਸੰਤੁਸ਼ਟਤਾ[68] ਦੇ ਸਮੁੰਦਰ[67], ਗੁਰਾਂ, ਨਾਲ ਮਿਲਣ[69] ਅਤੇ ਨਾਮ-ਸੁਧਾਰਸ[64] ਦੇ ਸਰੋਵਰ[65] ਅੰਦਰ ਨ੍ਹਾਉਣ[66] ਦੁਆਰਾ ਪਾਪਾਂ[61] ਦੀ ਮੈਲ[62] ਧੋਤੀ ਜਾਂਦੀ[63] ਹੈ ।
ਸਤਿਗੁਰ ਸੇਵਹੁ[70] ਸੰਕ[71] ਨ ਕੀਜੈ ॥	Serve[70] thou the True Guru and hesitate[71] not.	ਤੂੰ ਸੱਚੇ ਗੁਰਾਂ ਦੀ ਘਾਲ ਕਮਾ[70] ਅਤੇ ਝਿਜਕ[71] ਨਾ ।
ਆਸਾ[72] ਮਾਹਿ[73] ਨਿਰਾਸੁ[74] ਰਹੀਜੈ ॥	In[73] the midst hope[72], remain thou without hope[74].	ਉਮੈਦ[72] ਅੰਦਰ[73] ਤੂੰ ਬੇ-ਉਮੈਦ[74] ਹੋ ਵਿਚਰ ।
ਸੰਸਾ[75] ਦੂਖ[76] ਬਿਨਾਸਨੁ[77] ਸੇਵਹੁ[82] ਫਿਰਿ[78] ਬਾਹੁੜਿ[79] ਰੋਗੁ[80] ਨ ਲਾਇਆ[81] ॥੯॥	Serve[82] thou the Destroyer[77] of doubt[75] and pain[76] and afterwards[78] thou shalt not be gripped[81] by malady[80] again[79].	ਤੂੰ ਸੰਦੇਹ[75] ਅਤੇ ਪੀੜ[76] ਨਾਸ ਕਰਨ ਵਾਲੇ[77] ਦੀ ਚਾਕਰੀ ਕਰ[82] ਅਤੇ ਮਗਰੋਂ[78] ਤੈਨੂੰ ਮੁੜ ਕੇ[79] ਕੋਈ ਜ਼ਹਿਮਤ[80] ਨਹੀਂ ਚਿਮੜੇਗੀ[81] ।
ਸਾਚੇ ਭਾਵੈ[83] ਤਿਸੁ[84] ਵਡੀਆਏ[85] ॥ ਕਉਨੁ[86] ਸੁ ਦੂਜਾ[87] ਤਿਸੁ ਸਮਝਾਏ[88] ॥	He, who is pleasing[83] to the True Lord; Him[84] He blesses with glory[85]. Who[86] else[87] can instruct[88] him ?	ਜੋ ਸੱਚੇ ਸੁਆਮੀ ਨੂੰ ਚੰਗਾ ਲਗਦਾ[83] ਹੈ, ਉਸ ਨੂੰ[84] ਉਹ ਪ੍ਰਭਤਾ[85] ਪ੍ਰਦਾਨ ਕਰਦਾ ਹੈ । ਹੋਰ[87] ਕਿਹੜਾ[86] ਉਸ ਨੂੰ ਸਿੱਖਮਤ[88] ਦੇ ਸਕਦਾ ਹੈ ?
ਹਰਿ ਗੁਰ ਮੂਰਤਿ[89] ਏਕਾ ਵਰਤੈ[90] ਨਾਨਕ ਹਰਿ ਗੁਰ ਭਾਇਆ[91] ॥੧੦॥	The Lord and the Guru work[90] on the same plane[89]. O Nanak, and the Lord loves[91] the Guru.	ਪ੍ਰਭੂ ਅਤੇ ਗੁਰੂ ਇਕੋ ਸੱਤ੍ਰਾ[89] ਤੇ ਹੀ ਕੰਮ ਕਰਦੇ[90] ਹਨ, ਹੇ ਨਾਨਕ ! ਤੇ ਪ੍ਰਭੂ, ਗੁਰਾਂ ਨੂੰ, ਪਿਆਰ ਕਰਦਾ[91] ਹੈ ।
ਵਾਚਹਿ[92] ਪੁਸਤਕ[93] ਵੇਦ ਪੁਰਾਨਾਂ ॥	Some read[92] books[93], the Vedas and Puranas.	ਕਈ ਗ੍ਰੰਥਾਂ[93], ਵੇਦਾਂ ਅਤੇ ਪੁਰਾਣਾਂ ਨੂੰ ਪੜ੍ਹਦੇ[92] ਹਨ ।
ਇਕਿ[94] ਬਹਿ[95] ਸੁਨਹਿ[96] ਸੁਨਾਵਹਿ[97] ਕਾਨਾਂ[98] ॥	Some[94] sit down[95], read to others[97] and hear[96] with their ears[98].	ਕਈ[94] ਬੈਠ ਕੇ[95] ਹੋਰਨਾਂ ਨੂੰ ਸੁਣਾਉਂਦੇ[97] ਅਤੇ ਆਪਣੇ ਕੰਨਾਂ[98] ਨਾਲ ਸੁਣਦੇ[96] ਹਨ ।
ਅਜਗਰ[99] ਕਪਟੁ[100] ਕਹਹੁ[2] ਕਿਉ[3] ਖੁਲ੍ਹੈ ਬਿਨੁ ਸਤਿਗੁਰ ਤਤੁ[4] ਨ ਪਾਇਆ ॥੧੧॥	Say[2], how[3] can the huge[99] shutters[100] be opened ? Without the True Guru, quintessence[4] can be obtained not.	ਦੱਸੋ[2], ਭਾਰੇ[99] ਤਖਤੇ[100] ਕਿਸ ਤਰ੍ਹਾਂ[3] ਖੋਲ੍ਹੇ ਜਾ ਸਕਦੇ ਹਨ ? ਗੁਰਾਂ ਦੇ ਬਾਝੋਂ ਅਸਲੀਅਤ[4] ਪ੍ਰਾਪਤ ਨਹੀਂ ਹੋ ਸਕਦੀ ।
ਕਰਹਿ[5] ਬਿਭੂਤਿ[6] ਲਗਾਵਹਿ[7] ਭਸਮੈ[8] ॥ ਅੰਤਰਿ[9] ਕ੍ਰੋਧੁ[10] ਚੰਡਾਲੁ ਸੁ ਹਉਮੈ[13] ॥	Some amass[5] dust[6] and with dust[8] they besmear[7] their bodies, but within[9] them are the pariahs[12] of wrath[100] and pride[13].	ਕਈ ਸੁਆਹ[6] ਇਕੱਤਰ ਕਰਦੇ[5] ਹਨ ਅਤੇ ਸੁਆਹ[8] ਨੂੰ ਆਪਣੇ ਸਰੀਰਾਂ ਨੂੰ ਮਲਦੇ ਹਨ[7], ਪ੍ਰੰਤੂ, ਉਨ੍ਹਾਂ ਦੇ ਅੰਦਰ[9] ਗੁੱਸੇ[10] ਤੇ ਹੰਕਾਰ[13] ਦੇ ਨੀਚ[12] ਹਨ ।
ਪਾਖੰਡ[14] ਕੀਨੇ[15] ਜੋਗੁ[16] ਨ ਪਾਈਐ ਬਿਨੁ ਸਤਿਗੁਰ ਅਲਖੁ[17] ਨ ਪਾਇਆ ॥	By practising[15] hypocrisy[14], union[16] with the Lord is procured not. Without the True Guru, one attains not the Unseeable[17] Lord.	ਦੰਭ[14] ਕਰਨ[15] ਨਾਲ ਮਾਲਕ ਨਾਲ ਮਿਲਾਪ[16] ਪ੍ਰਾਪਤ ਨਹੀਂ ਹੁੰਦਾ । ਸੱਚੇ ਗੁਰਾਂ ਦੇ ਬਗ਼ੈਰ ਇਨਸਾਨ ਅਦ੍ਰਿਸ਼ਟ[17] ਸੁਆਮੀ ਨੂੰ ਨਹੀਂ ਪਾਉਂਦਾ ।

ਤੀਰਥ[18] ਵਰਤ[19] ਨੇਮ ਕਰਹਿ[20] ਉਦਿਆਨਾ[21] ॥

Some take vow[20] to visit holies[18], observe fasts[19] and live in woods[21].

ਕਈ ਧਰਮ ਅਸਥਾਨਾਂ ਦੀ ਯਾਤ੍ਰਾ ਕਰਨ, ਉਪਹਾਸ[19] ਰੱਖਣ ਅਤੇ ਜੰਗਲਾਂ[21] ਵਿਚ ਰਹਿਣ ਦੀ ਪ੍ਰਤੱਗਿਆ[20] ਕਰਦੇ ਹਨ।

ਜਤੁ[22] ਸਤੁ[23] ਸੰਜਮੁ[24] ਕਥਹਿ[25] ਗਿਆਨਾ[26] ॥

Some practise chastity[22], charity[23] and self-control[24] and discourse[25] on the gnosis[26].

ਕਈ ਇੱਕ ਪ੍ਰਹੇਜ਼ਗਾਰੀ[22], ਪੁੰਨਦਾਨ[23] ਤੇ ਸਵੈ-ਜ਼ਬਤ[25] ਕਮਾਉਂਦੇ ਹਨ ਅਤੇ ਬ੍ਰਹਮ ਵਿਚਾਰ[26] ਦੀਆਂ ਗੱਲਾਂ[25] ਕਰਦੇ ਹਨ।

ਰਾਮ[27] ਨਾਮ ਬਿਨੁ ਕਿਉ[28] ਸੁਖੁ ਪਾਈਐ ਬਿਨੁ ਸਤਿਗੁਰ ਭਰਮੁ[29] ਨ ਜਾਇਆ[30] ॥ ੧੩॥

Without the Lord's[27] Name, how[28] can peace be obtained ? Without the True Guru, doubt[29] is dispelled[30] not.

ਪ੍ਰਭੂ[27] ਦੇ ਨਾਮ ਦੇ ਬਾਝੋਂ ਆਰਾਮ ਕਿਸ ਤਰ੍ਹਾਂ[28] ਪ੍ਰਾਪਤ ਹੋ ਸਕਦਾ ਹੈ ? ਸੱਚੇ ਗੁਰਾਂ ਦੇ ਬਗੈਰ, ਸੰਸਾ[29] ਦੂਰ[30] ਨਹੀਂ ਹੁੰਦਾ।

ਨਿਉਲੀ[31] ਕਰਮ ਭੁਇਅੰਗਮ[32] ਭਾਠੀ[33] ॥ ਰੇਚਕ[34] ਕੁੰਭਕ[35] ਪੂਰਕ[36] ਮਨ[37] ਹਾਠੀ[38] ॥

Inlywashing[31] and mounting of breath to the Tenth Gate[33], through the coiled pipe[32] and exhaling[34], inhaling[36] and stopping[35] of breath through mind's[37] obstinacy[38];

ਅੰਦਰ-ਧੋਣਾ[31] ਤੇ ਕੁੰਡਲਦਾਰ[32] ਨਾੜੀ ਰਾਹੀਂ ਦਸਮ ਦੁਆਰ[33] ਵਿੱਚ ਸਾਹ ਚੜ੍ਹਾਉਣਾ[32] ਅਤੇ ਮਨੂਏ[37] ਦੀ ਜ਼ਿੱਦ[38] ਰਾਹੀਂ ਸੁਆਸਾਂ ਦਾ ਬਾਹਰ ਕਢਣਾ[34], ਅੰਦਰ ਖਿਚਣਾ[36] ਤੇ ਰੋਕਣਾ[35]।

ਪਾਖੰਡ[39] ਧਰਮੁ[40] ਪ੍ਰੀਤਿ[41] ਨਹੀ ਹਰਿ ਸਿਉ ਗੁਰ ਸਬਦ[42] [43]ਮਹਾਰਸੁ[44] ਪਾਇਆ ॥੧੪॥

By such hypocritical[39] creeds[40], love[41] for the Lord is enshrined not. It is through the Guru's gospel[42] that the Name's supreme[43] elixir[44] is obtained.

ਐਸਿਆਂ ਦੰਭੀ[39] ਕਰਮਾਂ[40] ਦੁਆਰਾ ਪ੍ਰਭੂ ਨਾਲ ਪਿਰਹੜੀ[41] ਨਹੀਂ ਪੈਂਦੀ। ਗੁਰਾਂ ਦੇ ਉਪਦੇਸ਼[42] ਰਾਹੀਂ ਹੀ ਨਾਮ ਦਾ ਪਰਮ[43] ਅੰਮ੍ਰਿਤ[44] ਪ੍ਰਾਪਤ ਹੁੰਦਾ ਹੈ।

ਕੁਦਰਤਿ[45] ਦੇਖਿ ਰਹੇ ਮਨੁ[46] ਮਾਨਿਆ[47] ॥

Seeing the Lord's Omnipotence[45], my soul[46] is propitiated[47].

ਪ੍ਰਭੂ ਦੀ ਅਪਾਰ ਸ਼ਕਤੀ[45] ਨੂੰ ਵੇਖ, ਮੇਰੀ ਆਤਮਾ[46] ਪਤੀਜ[47] ਗਈ ਹੈ।

ਗੁਰ ਸਬਦੀ[48] ਸਭੁ[49] ਬ੍ਰਹਮੁ[50] ਪਛਾਨਿਆ[51] ॥

Through the Guru's word[48], I have realised[51] the Creator-Lord[50] everywhere[49].

ਗੁਰਾਂ ਦੀ ਬਾਣੀ[48] ਰਾਹੀਂ ਮੈਂ ਸਿਰਜਣਹਾਰ-ਸੁਆਮੀ[50] ਨੂੰ ਹਰ ਥਾਂ[49] ਅਨੁਭਵ ਕਰ ਲਿਆ[51] ਹੈ।

ਨਾਨਕ ਆਤਮੁ ਰਾਮੁ[52] ਸਬਾਇਆ[53] ਗੁਰ[54] ਸਤਿਗੁਰ ਅਲਖੁ[55] ਲਖਾਇਆ[56] ॥ ੧੫॥੫॥੨੨॥

Nanak, the All-pervading Lord[52] is contained amongst all[53]. The Great[54] True Guru, has shown[56] me the invisible God[55].

ਨਾਨਕ ਸਰਬ-ਵਿਆਪਕ ਸੁਆਮੀ[52] ਸਾਰਿਆਂ[53] ਅੰਦਰ ਰਮਿਆ ਹੋਇਆ ਹੈ। ਵਿਸ਼ਾਲ[54] ਸੱਚੇ ਗੁਰਾਂ ਨੇ ਮੈਨੂੰ ਅਦ੍ਰਿਸ਼ਟ ਵਾਹਿਗੁਰੂ[55] ਵਿਖਾਲ ਦਿੱਤਾ[56] ਹੈ।

ਮਾਰੂ ਸੋਲਹੇ
ਮਹਲਾ ੩

Maru Solhe
3rd Guru

ਮਾਰੂ ਸੋਲਹੇ
ਤੀਜੀ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਹੁਕਮੀ[57] ਸਹਜੇ[58] ਸ੍ਰਿਸਟਿ[59] ਉਪਾਈ[60] ॥	In His will, the Lord has effortlessly[58] created[60] the world[59].	ਆਪਣੀ ਰਜ਼ਾ[57] ਅੰਦਰ ਪ੍ਰਭੂ ਨੇ ਨਿਰਯਤਨ[58] ਹੀ ਸੰਸਾਰ[59] ਰਚਿਆ[60] ਹੈ।
ਕਰਿ[61] ਕਰਿ[62] ਵੇਖੈ ਅਪਣੀ ਵਡਿਆਈ[63] ॥	Creating[61] the creation[62], he beholds the feat of His greatness[63].	ਰਚਨਾ[62] ਨੂੰ ਰਚ[61] ਕੇ ਉਹ ਆਪਣੀ ਵਿਸ਼ਾਲਤਾ[63] ਦੇ ਕੰਮ ਨੂੰ ਦੇਖਦਾ ਹੈ।
ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ[64] ਹੇ ॥੧॥	God Himself does and Himself makes others do. In His will, He is pervading[64] all.	ਵਾਹਿਗੁਰੂ ਆਪ ਕਰਦਾ ਹੈ ਅਤੇ ਆਪ ਹੀ ਹੋਰਨਾਂ ਤੋਂ ਕਰਾਉਂਦਾ ਹੈ। ਆਪਣੀ ਰਜ਼ਾ ਅੰਦਰ ਹੀ ਉਹ ਸਾਰੇ ਵਿਆਪਕ[64] ਹੋ ਰਿਹਾ ਹੈ।
ਮਾਇਆ[65] ਮੋਹੁ[66] ਜਗਤੁ[67] ਗੁਬਾਰਾ[68] ॥	The World[67] is enveloped by the darkness[68] of the love[66] of riches[65].	ਸੰਸਾਰ[67] ਨੂੰ ਧਨ-ਦੌਲਤ[65] ਦੀ ਮਮਤਾ[66] ਦੇ ਅਨ੍ਹੇਰੇ[68] ਨੇ ਘੇਰਿਆ ਹੋਇਆ ਹੈ।
ਗੁਰਮੁਖਿ[69] ਬੂਝੈ[70] ਕੋ[71] ਵੀਚਾਰਾ[72] ॥	Rare is[71] the person who realises[70] and reflects[72] on it, by the Guru's grace[69].	ਕੋਈ ਵਿਰਲਾ[71] ਪੁਰਸ਼ ਹੀ ਗੁਰਾਂ ਦੀ ਦਇਆ[69] ਦੁਆਰਾ ਇਸ ਨੂੰ ਅਨੁਭਵ ਕਰਦਾ[70] ਅਤੇ ਸੋਚਦਾ ਵੀਚਾਰਦਾ[72] ਹੈ।
੧੦੪੪		
ਆਪੇ ਨਦਰਿ[73] ਕਰੇ ਸੋ[74] ਪਾਏ ਆਪੇ ਮੇਲਿ[75] ਮਿਲਾਈ[76] ਹੇ ॥੨॥	He[74] alone attains to Him, to whom the Lord Himself shows His grace[73]. Of Himself, the Lord units[76] man in His union[75].	ਕੇਵਲ ਉਹ[74] ਹੀ ਉਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਉਤੇ ਸੁਆਮੀ ਖ਼ੁਦ ਆਪਣੀ ਮਿਹਰ[73] ਧਾਰਦਾ ਹੈ। ਸੁਆਮੀ ਖ਼ੁਦ ਹੀ ਬੰਦੇ ਨੂੰ ਆਪਣੇ ਮਿਲਾਪ[75] ਅੰਦਰ ਮਿਲਾਉਂਦਾ[76] ਹੈ।
ਆਪੇ ਮੇਲੇ ਦੇ[77] ਵਡਿਆਈ[78] ॥ ਗੁਰ ਪਰਸਾਦੀ[79] ਕੀਮਤਿ[80] ਪਾਈ[81] ॥	Uniting man with the Guru, the Lord Himself blesses[77] him with glory[78] an he, by the Guru's grace[79], comes to know[81] the Lord's worth[80].	ਬੰਦੇ ਨੂੰ ਗੁਰਾਂ ਨਾਲ ਜੋੜ ਕੇ ਸਾਂਈਂ ਖ਼ੁਦ ਉਸ ਨੂੰ ਪ੍ਰਭੁਤਾ[78] ਪ੍ਰਦਾਨ ਕਰਦਾ[77] ਹੈ ਤੇ ਗੁਰਾਂ ਦੀ ਦਇਆ[79] ਦੁਆਰਾ ਉਹ ਸਾਂਈਂ ਦੇ ਮੁੱਲ[80] ਨੂੰ ਜਾਣ ਲੈਂਦਾ[81] ਹੈ।
ਮਨਮੁਖਿ[82] ਬਹੁਤੁ[83] ਫਿਰੈ[84] ਬਿਲਲਾਦੀ[85] ਦੂਜੈ[86] ਭਾਇ[87] ਖੁਆਈ[88] ਹੇ ॥੩॥	The perverse person[82] greatly[83] wander[84] bewailing[85] and is utterly ruined[88] by another's[86] love[87].	ਮਨਮੁਖ[82] ਰੋਂਦੀ ਕੁਰਲਾਂਦੀ[85] ਘਣੇਰੀ[83] ਭਟਕਦੀ[84] ਫਿਰਦੀ ਹੈ ਅਤੇ ਹੋਰਸ[86] ਦੇ ਪਿਆਰ ਨੇ ਉਸ ਨੂੰ ਬਿਲਕੁਲ ਤਬਾਹ ਕਰ ਦਿੱਤਾ[88] ਹੈ।
ਹਉਮੈ[89] ਮਾਇਆ[90] ਵਿਚੇ ਪਾਈ[91] ॥	He, who harbours[91] pride[89] of riches[90];	ਜੋ ਧਨ-ਦੌਲਤ[90] ਦਾ ਗੁਮਾਨ[89] ਧਾਰਨ ਕਰਦਾ[91] ਹੈ;
ਮਨਮੁਖ[92] ਭੂਲੇ[93] ਪਤਿ[94] ਗਵਾਈ[95] ॥	That egocentric[92] goes astray[93] and loses[95] his honour[94].	ਉਹ ਆਪ-ਹੁਦਰਾ[92] ਕੁਰਾਹੇ[93] ਪੈ, ਆਪਣੀ ਇੱਜ਼ਤ[94] ਗੁਆ ਲੈਂਦਾ[95] ਹੈ।
ਗੁਰਮੁਖਿ[96] ਹੋਵੈ ਸੋ[98] ਨਾਇ ਰਾਚੈ[97] ਸਾਚੈ[99] ਰਹਿਆ ਸਮਾਈ[100] ਹੇ ॥੪॥	He[98] who becomes God-conscious[96], is absorbed[97] in His Name and remains merged[100] in the True Lord[99].	ਜੋ ਰੱਬ ਨੂੰ ਜਾਣਨ ਵਾਲਾ[96] ਥੀ ਵੰਞਦਾ ਹੈ, ਉਹ[98] ਉਸ ਦੇ ਨਾਮ ਅੰਦਰ ਸਮਾ ਜਾਂਦਾ[97] ਹੈ ਅਤੇ ਸੱਚੇ ਸਾਹਿਬ[99] ਅੰਦਰ ਲੀਨ ਹੋਇਆ ਰਹਿੰਦਾ[100] ਹੈ।
ਗੁਰ[2] ਤੇ ਗਿਆਨੁ[3] ਨਾਮ[4] ਰਤਨੁ ਪਾਇਆ ॥ ਮਨਸਾ[5]	He, who obtains gnosis[3] and the Name-jewel[4] from[2] the Guru; He	ਜੋ ਗੁਰਾਂ ਪਾਸੋਂ[2] ਬ੍ਰਹਮ ਗਿਆਤ[3] ਅਤੇ ਨਾਮ ਦਾ ਹੀਰਾ[4] ਪ੍ਰਾਪਤ ਕਰ ਲੈਂਦਾ ਹੈ ਉਹ ਆਪਣੀ ਖ਼ਾਹਿਸ਼[5] ਨੂੰ ਮੇਟ[6],

ਮਾਰਿ[6] ਮਨ[7] ਮਾਹਿ[8] ਸਮਾਇਆ[9] ॥	silences[6] his desire[5] and merges[9] in[8] the supreme soul[7].	ਪਰਮ ਆਤਮਾ[7] ਅੰਦਰ[8] ਲੀਨ ਹੋ ਜਾਂਦਾ[9] ਹੈ ।
ਆਪੇ ਖੇਲ[10] ਕਰੇ[12] ਸਭਿ ਕਰਤਾ[13] ਆਪੇ ਦੇਇ[14] ਬੁਝਾਈ[15] ਹੇ ॥੫॥	Of Himself, the Creator-Lord[13] stages[12] all the plays[10] and of Himself blesses[14] with understanding[15].	ਆਪ ਸਿਰਜਣਹਾਰ-ਸੁਆਮੀ[13] ਸਾਰੀਆਂ ਖੇਡਾਂ[10] ਰਚਦਾ[12] ਹੈ ਅਤੇ ਆਪ ਹੀ ਸਮਝ[15] ਪ੍ਰਦਾਨ ਕਰਦਾ[14] ਹੈ ।
ਸਤਿਗੁਰੁ ਸੇਵੇ[16] ਆਪੁ[17] ਗਵਾਏ[18] ॥ ਮਿਲਿ ਪ੍ਰੀਤਮ[20] ਸਬਦਿ ਸੁਖੁ[21] ਪਾਏ[19] ॥	He, who serves[16] the True Guru and effaces[18] his self-conceit[17]; He meets with his Love Lord[20] and attains[19] peace[21].	ਜੋ ਸੱਚੇ ਗੁਰਾਂ ਦੀ ਘਾਲ ਕਮਾਉਂਦਾ[16] ਹੈ ਅਤੇ ਆਪਣੀ ਸਵੈ-ਹੰਗਤਾ[17] ਨੂੰ ਮੇਟ ਦਿੰਦਾ[18] ਹੈ; ਉਹ ਆਪਣੇ ਪਿਆਰੇ[19] ਪ੍ਰਭੂ[20] ਨਾਲ ਮਿਲ ਕੇ ਆਰਾਮ[21] ਪਾਉਂਦਾ[19] ਹੈ ।
ਅੰਤਰਿ[22] ਪਿਆਰ[23] ਭਗਤੀ[24] ਰਾਤਾ[25] ਸਹਜਿ[26] ਮਤੇ ਬਣਿ ਆਈ[27] ਹੇ ॥੬॥	His heart[22] is imbued[25] with the Lord's love[23] and service[24] and naturally[26] he becomes one[27] with the Lord.	ਉਸ ਦਾ ਦਿਲ[22] ਪ੍ਰਭੂ ਦੇ ਪ੍ਰੇਮ[23] ਅਤੇ ਸੇਵਾ[24] ਨਾਲ ਰੰਗਿਆ ਜਾਂਦਾ[25] ਹੈ ਅਤੇ ਕੁਦਰਤੀ ਤੌਰ ਤੇ[26] ਉਹ ਸਾਂਈਂ ਨਾਲ ਇੱਕਮਿੱਕ ਹੋ ਜਾਂਦਾ[27] ਹੈ ।
ਦੂਖ[28] ਨਿਵਾਰਣੁ[29] ਗੁਰ ਤੇ[30] ਜਾਤਾ[31] ॥	Through[30] the Guru, I have realised[31] God, the Destroyer[29] of pain[28].	ਗੁਰਾਂ ਦੇ ਰਾਹੀਂ[30] ਮੈਂ ਦੁਖੜੇ[28] ਨੂੰ ਦੂਰ ਕਰਨ ਵਾਲੇ[29] ਵਾਹਿਗੁਰੂ ਨੂੰ ਅਨੁਭਵ[31] ਕਰ ਲਿਆ ਹੈ ।
ਆਪਿ ਮਿਲਿਆ ਜਗ[32] ਜੀਵਨੁ[33] ਦਾਤਾ[34] ॥	Beneficient[34] God, the Life[33] of the world[32], has Himself met me, now.	ਜਗਤ[32] ਦੀ ਜਿੰਦ-ਜਾਨ[33], ਦਾਤਾਰ[34] ਸੁਆਮੀ, ਖੁਦ ਹੀ ਹੁਣ ਮੈਨੂੰ ਮਿਲ ਪਿਆ ਹੈ ।
ਜਿਸ ਨੋ ਲਾਏ[37] ਸੋਈ[35] ਬੂਝੈ[36] ਭਉ[38] ਭਰਮੁ[39] ਸਰੀਰਹੁ[40] ਜਾਈ[41] ਹੇ ॥੭॥	He[35] alone understands[36] the Lord, whom He yokes[37] to Himself and dread[38] and doubt[39] flee[41] from his body[40].	ਕੇਵਲ ਉਹ[35] ਹੀ ਸਾਹਿਬ ਨੂੰ ਸਮਝਦਾ[36] ਹੈ, ਜਿਸ ਨੂੰ ਉਹ ਆਪਣੇ ਨਾਲ ਜੋੜਦਾ[37] ਹੈ ਅਤੇ ਡਰ[38] ਤੇ ਸੰਦੇਹ[39] ਉਸ ਦੀ ਦੇਹ[40] ਤੋਂ ਦੌੜ ਜਾਂਦੇ[41] ਹਨ ।
ਆਪੇ ਗੁਰਮੁਖਿ[42] ਆਪੇ ਦੇਵੈ[43] ॥	God Himself is the supreme Guru[42] and Himself blesses[43] with his association.	ਵਾਹਿਗੁਰੂ ਖੁਦ ਮੁਖੀ ਗੁਰੂ[42] ਮਹਾਰਾਜ ਹੈ ਅਤੇ ਖੁਦ ਹੀ ਉਨ੍ਹਾਂ ਦੀ ਸੰਗਤ ਬਖਸ਼ਦਾ[43] ਹੈ ।
ਸਚੈ[44] ਸਬਦਿ ਸਤਿਗੁਰੁ ਸੇਵੈ[45] ॥	By the True Name's[44] blessing one serves[45] the True Guru.	ਸੱਚੇ ਨਾਮ[44] ਦੀ ਬਰਕਤ ਦੁਆਰਾ ਬੰਦਾ ਸੱਚੇ ਗੁਰਾਂ ਨੂੰ ਸੇਵਦਾ[45] ਹੈ ।
ਜਰਾ[46] ਜਮੁ[47] ਤਿਸੁ[48] ਜੋਹਿ[49] ਨ ਸਾਕੈ ਸਾਚੇ ਸਿਉ ਬਣਿ[50] ਆਈ ਹੇ ॥੮॥	Old age[46] and death[47] can touch[49] not him[48], with whom his True Lord is pleased[50].	ਬੁਢੇਪਾ[46] ਅਤੇ ਮੌਤ[47] ਉਸ ਨੂੰ[48] ਛੂਹ[49] ਨਹੀਂ ਸਕਦੇ ਜਿਸ ਦੇ ਨਾਲ ਉਸ ਦਾ ਸੱਚਾ ਸਾਹਿਬ ਪ੍ਰਸੰਨ[50] ਹੈ ।
ਤ੍ਰਿਸਨਾ[51] ਅਗਨਿ[52] ਜਲੈ[53] ਸੰਸਾਰਾ[54] ॥	The world[54] is burning[53] in the fire[52] of desire[51].	ਜਗਤ[54], ਖ਼ਾਹਿਸ਼[51] ਦੀ ਅੱਗ[52] ਅੰਦਰ, ਸੜ ਰਿਹਾ[53] ਹੈ ।
ਜਲਿ ਜਲਿ ਖਪੈ[55] ਬਹੁਤੁ[56] ਵਿਕਾਰਾ[57] ॥	In many[56] sins[57], it burns, burns and is wasted away[55].	ਘਣੇਰਿਆਂ[56] ਪਾਪਾਂ[57] ਅੰਦਰ ਇਹ ਸੜ ਸੜ ਕੇ ਤਬਾਹ ਹੁੰਦਾ[55] ਹੈ ।
ਮਨਮੁਖੁ[58] ਠਉਰ[59] ਨ ਪਾਏ	The egocentric[58] finds not refuge[59]	ਆਪ-ਹੁਦਰੇ[58] ਨੂੰ ਕਿਧਰੇ[60] ਭੀ ਪਨਾਹ[59] ਨਹੀਂ ਮਿਲਦੀ ।

ਕਬਹੂ[60] ਸਤਿਗੁਰ ਬੂਝ[61] ਬੁਝਾਈ[62] ਹੇ ॥੯॥	anywhere[60]. The True Guru has imparted[62] this understanding[61] unto me.	ਸੱਚੇ ਗੁਰਾਂ ਨੇ ਇਹ ਸਮਝ[61] ਮੈਨੂੰ ਦਰਸਾਈ[61] ਹੈ।
ਸਤਿਗੁਰੁ ਸੇਵਨਿ[63] ਸੇ[64] [65]ਵਡਭਾਗੀ[66] ॥ ਸਾਚੈ[70] ਨਾਮਿ ਸਦਾ[67] ਲਿਵ[68] ਲਾਗੀ[69] ॥	Very[65] lucky[66] are they[64], who serve[63] their True Guru. They ever[67] remain absorbed[69] in the love[68] of the True Name[70].	ਵੱਡੇ[65] ਨਸੀਬਾਂ[66] ਵਾਲੇ ਹਨ ਉਹ[64] ਜੋ ਆਪਣੇ ਸੱਚੇ ਗੁਰਾਂ ਦੀ ਚਾਕਰੀ ਕਰਦੇ[63] ਹਨ। ਉਹ ਸਦੀਵ[67] ਹੀ ਸਤਿਨਾਮ[70] ਦੀ ਪ੍ਰੀਤ[68] ਅੰਦਰ ਲੀਨ[69] ਰਹਿੰਦੇ ਹਨ।
ਅੰਤਰਿ[71] ਨਾਮੁ ਰਵਿਆ[72] ਨਿਹਕੇਵਲੁ[73] ਤ੍ਰਿਸਨਾ[74] ਸਬਦਿ[75] ਬੁਝਾਈ[76] ਹੇ ॥ ੧੦॥	Their mind[71] is permeated[72] with the immaculate[73] Name and their desire[74], the Name[75] has quenched[76].	ਪਵਿੱਤਰ[73] ਨਾਮ ਉਨ੍ਹਾਂ ਦੇ ਹਿਰਦੇ[71] ਅੰਦਰ ਰਮਿਆ[72] ਰਹਿੰਦਾ ਹੈ ਅਤੇ ਨਾਮ ਨੇ ਉਨ੍ਹਾਂ ਦੀ ਲਾਲਸਾ[74] ਬੁਝਾ ਦਿੱਤੀ[76] ਹੈ।
ਸਚਾ ਸਬਦੁ[77] ਸਚੀ ਹੈ ਬਾਣੀ[78] ॥	True is the Lord[77] and true is His Gurbani[78].	ਸੱਚਾ ਹੈ ਸੁਆਮੀ[77] ਅਤੇ ਸੱਚੀ ਹੈ ਉਸ ਦੀ ਗੁਰਬਾਣੀ[78]।
ਗੁਰਮੁਖਿ[79] ਵਿਰਲੈ[80] ਕਿਨੈ ਪਛਾਣੀ[81] ॥	Rare is the one[80], who by Guru's grace[79] understands[82] this thing.	ਕੋਈ ਇੱਕ ਅੱਧਾ ਜਣਾ[80] ਹੀ, ਗੁਰਾਂ ਦੀ ਦਇਆ[79] ਦੁਆਰਾ ਇਸ ਗੱਲ ਨੂੰ ਸਮਝਦਾ[81] ਹੈ।
ਸਚੈ ਸਬਦਿ[82] ਰਤੇ[83] ਬੈਰਾਗੀ[84] ਆਵਣੁ ਜਾਣੁ ਰਹਾਈ[85] ਹੇ ॥੧੧॥	Detached[84] are they, who are imbued[83] with the True Name[82] and ended[85] are their coming and goings.	ਨਿਰਲੇਪ[84] ਹਨ ਉਹ ਜੋ ਸੱਚੇ ਨਾਮ[82] ਨਾਲ ਰੰਗੀਜੇ[83] ਹਨ ਅਤੇ ਮੁਕ ਜਾਂਦੇ[85] ਹਨ ਉਨ੍ਹਾਂ ਦੇ ਆਉਣੇ ਅਤੇ ਜਾਣੇ।
ਸਬਦੁ[90] ਬੁਝੈ[86] ਸੋ[87] ਮੈਲੁ[88] ਚੁਕਾਏ[89] ॥	He[87], who realises[86] the Lord[90], is purged[89] of the filth[88] of sins.	ਜੋ ਸੁਆਮੀ[90] ਨੂੰ ਅਨੁਭਵ ਕਰਦਾ[86] ਹੈ, ਉਹ[87] ਪਾਪਾਂ ਦੀ ਮਲੀਣਤਾ[88] ਤੋਂ ਖ਼ਲਾਸੀ ਪਾ ਜਾਂਦਾ[89] ਹੈ।
ਨਿਰਮਲੁ[91] ਨਾਮੁ ਵਸੈ[92] ਮਨਿ ਆਏ ॥	The immaculate[91] Name comes and abides[92] within his mind.	ਪਵਿੱਤਰ[91] ਨਾਮ ਆ ਕੇ ਉਸ ਦੇ ਚਿੱਤ ਅੰਦਰ ਟਿੱਕ ਜਾਂਦਾ[92] ਹੈ।
ਸਤਿਗੁਰੁ ਅਪਣਾ ਸਦਹੀ[93] ਸੇਵਹਿ[94] ਹਉਮੈ[95] ਵਿਚਹੁ[96] ਜਾਈ[97] ਹੇ ॥੧੨॥	He ever[93] serves[94] his True Guru and his self-conceit[95] is eradicated[97] from within[96] him.	ਉਹ ਹਮੇਸ਼ਾ[93] ਆਪਣੇ ਸੱਚੇ ਗੁਰਾਂ ਦੀ ਟਹਿਲ ਕਮਾਉਂਦਾ[94] ਹੈ ਤੇ ਉਸ ਦੀ ਸਵੈ-ਹੰਗਤਾ[95] ਉਸ ਦੇ ਅੰਦਰੋਂ[96] ਦੂਰ ਹੋ ਜਾਂਦੀ[97] ਹੈ।
ਗੁਰ ਤੇ[98] ਬੂਝੈ[99] ਤਾ[100] ਦਰੁ[2] ਸੂਝੈ[3] ॥	Through[98] the Guru, if one understands[99] the Lord, then[100] sees[2] he the Lord's door[2].	ਗੁਰਾਂ ਦੇ ਰਾਹੀਂ[98] ਜੇਕਰ ਬੰਦਾ ਪ੍ਰਭੂ ਨੂੰ ਸਮਝ ਲਵੇ[99], ਤਦ[100] ਉਹ ਸੁਆਮੀ ਦੇ ਬੂਹੇ[2] ਨੂੰ ਵੇਖ ਲੈਂਦਾ[3] ਹੈ।
ਨਾਮ ਵਿਹੂਣਾ[4] ਕਥਿ[5] ਕਥਿ[6] ਲੂਝੈ[7] ॥	Bereft[4] of the Name, the mortal utters[5], prattles[6] and quarrels[7] in vain.	ਨਾਮ ਤੋਂ ਸੱਖਣਾ[4] ਪ੍ਰਾਣੀ ਬੇਫ਼ਾਇਦਾ ਹੀ ਬੋਲਦਾ[5] ਬਕਦਾ[6] ਅਤੇ ਝਗੜਦਾ[7] ਹੈ।
ਸਤਿਗੁਰ ਸੇਵੇ[8]ਕੀ ਵਡਿਆਈ[9] ਤ੍ਰਿਸਨਾ[10] ਭੂਖ[12] ਗਵਾਈ[13] ਹੇ ॥੧੩॥	The glory[9] of serving[8] the True Guru is that man is rid of[13] his thirst[10] and hunger[12].	ਸੱਚੇ ਗੁਰਾਂ ਦੀ ਘਾਲ[8] ਕਮਾਉਣ ਦੀ ਇਹ ਪ੍ਰਭਤਾ[9] ਹੈ ਕਿ ਇਨਸਾਨ ਤ੍ਰੇਹ[10] ਅਤੇ ਭੁੱਖ[12] ਤੋਂ ਖ਼ਲਾਸੀ ਪਾ ਜਾਂਦਾ[13] ਹੈ।

ਆਪੇ ਆਪਿ[14] ਮਿਲੈ[15] ਤਾ[16] ਬੂਝੈ[17] ॥	When one understands[17] his ownself[14], then[16] meets he with the Lord.	ਜਦ ਬੰਦਾ ਆਪਣੇ ਆਪ[14] ਨੂੰ ਸਮਝ ਲੈਂਦਾ[17] ਹੈ ਤਦ[16] ਉਹ ਸੁਆਮੀ ਨਾਲ ਮਿਲ ਪੈਂਦਾ[15] ਹੈ।
ਗਿਆਨ[18] ਵਿਹੂਣਾ[19] ਕਿਛੂ ਨ ਸੂਝੈ[20] ॥	Without[19] Divine knowledge[18], one understands[20] nothing.	ਬ੍ਰਹਮ-ਬੋਧ[18] ਦੇ ਬਿਨਾ[19] ਬੰਦਾ ਕੁਝ ਭੀ ਨਹੀਂ ਸਮਝਦਾ[20]।
ਗੁਰ ਕੀ ਦਾਤਿ[21] ਸਦਾ[22] ਮਨ[23] ਅੰਤਰਿ[24] ਬਾਣੀ[25] ਸਬਦਿ[26] ਵਜਾਈ[27] ਹੇ॥੧੪॥	He, in[24] whose mind[23] abides ever[22] the gift[21] of the Guru's teaching; within him resounds[27] the Lord's[26] Gurbani[25].	ਜਿਸ ਦੇ ਰਿਦੇ[23] ਵਿੱਚ[24] ਗੁਰਾਂ ਦੇ ਉਪਦੇਸ਼ ਦੀ ਬਖਸ਼ੀਸ਼[21] ਹਮੇਸ਼ਾ[22] ਵਸਦੀ ਹੈ; ਉਸ ਦੇ ਅੰਦਰ ਸੁਆਮੀ[26] ਦੀ ਗੁਰਬਾਣੀ[25] ਗੂੰਜਦੀ[27] ਹੈ।
ਜੋ[28] ਧੁਰਿ[29] ਲਿਖਿਆ[30] ਸੁ[31] ਕਰਮ[32] ਕਮਾਇਆ[33]॥	What[28] is pre[29]-ordained[30] for man, that[31] deed he does[33].	ਜੋ ਕੁੱਛ[28] ਬੰਦੇ ਲਈ ਮੁੱਢ[29] ਤੋਂ ਲਿਖਿਆ ਹੋਇਆ[30] ਹੈ, ਉਹੀ[31] ਕੰਮ[32] ਉਹ ਕਰਦਾ[33] ਹੈ।
ਕੋਇ ਨ ਮੇਟੈ[34] ਧੁਰਿ[35] ਫੁਰਮਾਇਆ[36] ॥	None can erase[34] the order[36] of the Primal Lord[35].	ਕੋਈ ਭੀ ਆਦੀ ਪ੍ਰਭੂ[35] ਦੇ ਹੁਕਮ[36] ਨੂੰ ਮੇਸ[34] ਨਹੀਂ ਸਕਦਾ।
ਸਤਸੰਗਤਿ ਮਹਿ[37] ਤਿਨ[38] ਹੀ ਵਾਸਾ[39] ਜਿਨ ਕਉ ਧੁਰਿ[40] ਲਿਖਿ ਪਾਈ ਹੇ ॥ ੧੫॥	They[38] alone abide[39] in[37] the saints society, in whose destiny it is so writ by the Lord[40].	ਕੇਵਲ ਉਹ[38] ਹੀ ਸਤਿਸੰਗਤ ਅੰਦਰ[37] ਵਸਦੇ[39] ਹਨ ਜਿਨ੍ਹਾਂ ਦੀ ਕਿਸਮਤ ਵਿਚ ਸੁਆਮੀ[40] ਨੇ ਇਸ ਤਰ੍ਹਾਂ ਲਿਖਿਆ ਹੋਇਆ ਹੈ।
ਅਪਣੀ ਨਦਰਿ[41] ਕਰੇ ਸੋ[42] ਪਾਏ[43] ॥	He[42] alone obtains[43] the Lord, on whom is His grace[41].	ਕੇਵਲ ਉਹ[42] ਹੀ ਪ੍ਰਭੂ ਨੂੰ ਪਾਉਂਦਾ[43] ਹੈ, ਜਿਸ ਉੱਤੇ ਉਸ ਦੀ ਮਿਹਰ[41] ਹੈ।
ਸਚੈ ਸਬਦਿ[44] ਤਾੜੀ[45] ਚਿਤੁ[46] ਲਾਏ[47] ॥	Yokes[47] he his mind[46] to the trance[45] of the True Name[44].	ਸੱਚੇ ਨਾਮ[44] ਦੀ ਸਮਾਧੀ[45] ਅੰਦਰ ਉਹ ਆਪਣੇ ਮਨ[46] ਨੂੰ ਜੋੜਦਾ[47] ਹੈ।
ਨਾਨਕ ਦਾਸੁ[48] ਕਹੈ ਬੇਨੰਤੀ[49] ਭੀਖਿਆ[50] ਨਾਮੁ ਦਰਿ[51] ਪਾਈ[52] ਹੇ ॥੧੬॥੧॥	Prays[49] slave[48] Nanak, "O Lord, bless[52] me, a mumper at Thine Door[51], with the alm[50] of Thy Name".	ਗੋਲਾ ਨਾਨਕ ਪ੍ਰਾਰਥਨਾ ਕਰਦਾ[49] ਹੈ, "ਹੇ ਪ੍ਰਭੂ! ਮੈਨੂੰ ਆਪਣੇ ਦਰ[51] ਦੇ ਮੰਗਤੇ ਨੂੰ, ਆਪਣੇ ਨਾਮ ਦੀ ਖ਼ੈਰ[50] ਪ੍ਰਦਾਨ[52] ਕਰ"।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ।
ਏਕੋ ਏਕੁ[53] ਵਰਤੈ[54] ਸਭੁ[55] ਸੋਈ[56] ॥	He[56], the One alone[53], is pervading[54] everywhere[53].	ਉਹ[56] (ਪ੍ਰਭੂ) ਕੇਵਲ ਇਕੱਲਾ[53] ਹੀ ਹਰ ਥਾਂ ਰਵ ਰਹਿਆ[54] ਹੈ।
ਗੁਰਮੁਖਿ[57] ਵਿਰਲਾ[58] ਬੂਝੈ[59] ਕੋਈ ॥	By the Guru's grace[57], some rare one[58] understands[59] this.	ਗੁਰਾਂ ਦੀ ਦਇਆ[57] ਦੁਆਰਾ ਕੋਈ ਟਾਂਵਾਂ ਟੱਲਾ ਜਣਾ[58] ਹੀ ਇਸ ਨੂੰ ਸਮਝਦਾ[59] ਹੈ।
ਏਕੋ ਰਵਿ ਰਹਿਆ ਸਭ ਅੰਤਰਿ[60] ਤਿਸੁ[61] ਬਿਨੁ ਅਵਰੁ[62] ਨ ਕੋਈ ਹੇ ॥੧॥	The One Lord is contained amongst[60] all. Without Him[61], there is not another[62].	ਇਕ ਸਾਹਿਬ ਹੀ ਸਾਰਿਆਂ ਅੰਦਰ[60] ਵਿਆਪਕ ਹੋ ਰਿਹਾ ਹੈ। ਉਸ[61] ਦੇ ਬਗ਼ੈਰ ਹੋਰ ਕੋਈ[62] ਨਹੀਂ।
ਲਖ ਚਉਰਾਸੀਹ ਜੀਅ[63] ਉਪਾਏ[64] ॥	God has created[64] eightyfour lakhs of species[63].	ਵਾਹਿਗੁਰੂ ਨੇ ਚੁਰਾਸੀ ਲੱਖ ਜੂਨੀਆਂ[63] ਰਚੀਆਂ[64] ਹਨ।

ਗਿਆਨੀ[65] ਧਿਆਨੀ[66] ਆਖਿ[67] ਸੁਣਾਏ[68] ॥	This is what the theologians[65] and the visualisers[66] utter[66] and proclaim[68].	ਇਹ ਹੈ ਜੋ ਬ੍ਰਹਮ ਬੇਤੇ[65] ਅਤੇ ਵਿਚਾਰਵਾਨ[66] ਕਹਿੰਦੇ[67] ਅਤੇ ਪੁਕਾਰਦੇ[68] ਹਨ ।
੧੦੪੫		
ਸਭਨਾ ਰਿਜਕੁ[69] ਸਮਾਹੇ[70] ਆਪੇ ਕੀਮਤਿ[71] ਹੋਰ ਨ ਹੋਈ[72] ਹੇ ॥੨॥	Of Himself, He reaches[70] sustenance[69] to all. None else can appraise[79] His worth[71].	ਖ਼ੁਦ ਹੀ ਉਹ ਸਾਰਿਆਂ ਨੂੰ ਰੋਜ਼ੀ[69] ਪੁਚਾਉਂਦਾ[70] ਹੈ ! ਹੋਰ ਕੋਈ ਉਸ ਦਾ ਮੁਲ[71] ਨਹੀਂ ਪਾ[72] ਸਕਦਾ ।
ਮਾਇਆ[73] ਮੋਹੁ[74] ਅੰਧੁ[75] ਅੰਧਾਰਾ[76] ॥	Inky[75] darkness[76] is the love[74] of riches[73].	ਕਾਲਾ[75], ਬੋਲਾ ਅਨ੍ਹੇਰਾ[76] ਹੈ : ਧਨ-ਦੌਲਤ[73] ਦਾ ਪਿਆਰ[74] ।
ਹਉਮੈ[77] ਮੇਰਾ[78] ਪਸਰਿਆ[79] ਪਸਾਰਾ[80] ॥	The entire world[80] is the expanse[79] of ego[77] and selfhood[78].	ਸਾਰਾ ਸੰਸਾਰ[80] ਹੰਗਤਾ[77] ਅਤੇ ਅਪਣੱਤ[78] ਦਾ ਖਿਲਾਰਾ[79] ਹੈ ।
ਅਨਦਿਨੁ[81] ਜਲਤ[82] ਰਹੈ ਦਿਨੁ ਰਾਤੀ[83] ਗੁਰ ਬਿਨੁ ਸਾਂਤਿ[84] ਨ ਹੋਈ ਹੇ ॥੩॥	Night[81] and day, the mortal ever[83] continues to burn[82] and without the Guru, he obtains not peace[84].	ਰੈਣ[81] ਅਤੇ ਦਿਹੁੰ ਪ੍ਰਾਣੀ ਸਦਾ[83] ਹੀ ਸੜਦਾ ਬਲਦਾ[82] ਰਹਿੰਦਾ ਹੈ ਅਤੇ ਗੁਰਾਂ ਦੇ ਬਿਨਾ ਉਸ ਨੂੰ ਠੰਡ-ਚੈਨ[84] ਪ੍ਰਾਪਤ ਨਹੀਂ ਹੁੰਦੀ ।
ਆਪੇ ਜੋੜਿ[85] ਵਿਛੋੜੇ[86] ਆਪੇ ॥	The Lord Himself unites[85] and Himself separates[86].	ਸਾਂਈਂ ਆਪ ਜੋੜਦਾ[85] ਹੈ ਅਤੇ ਆਪ ਹੀ ਵਿਛੋੜਦਾ[86] ਹੈ ।
ਆਪੇ ਥਾਪਿ[87] ਉਥਾਪੇ[88] ਆਪੇ ॥	He Himself establishes[87] and Himself disestablishes[88].	ਉਹ ਖ਼ੁਦ ਅਸਥਾਪਨ ਕਰਦਾ[87] ਹੈ ਅਤੇ ਖ਼ੁਦ ਹੀ ਉਖੇੜ ਦਿੰਦਾ[88] ਹੈ ।
ਸਚਾ ਹੁਕਮੁ[89] ਸਚਾ ਪਾਸਾਰਾ[96] ਹੋਰਨਿ ਹੁਕਮੁ ਨ ਹੋਈ[91] ਹੇ ॥੪॥	True is His command[89] and true His expanse[90]. Without, Him none else can issue[91] a command.	ਸੱਚਾ ਹੈ ਉਸ ਦਾ ਫ਼ੁਰਮਾਨ[89] ਅਤੇ ਸੱਚਾ ਉਸ ਦਾ ਖਿਲਾਰਾ[90] । ਉਸ ਦੇ ਬਾਝੋਂ, ਹੋਰ ਕੋਈ ਫ਼ੁਰਮਾਨ ਜਾਰੀ[91] ਨਹੀਂ ਕਰ ਸਕਦਾ ।
ਆਪੇ ਲਾਇ[91]* ਲਏ ਸੋ[92] ਲਾਗੈ ।	He[92] alone, whom He attaches[91]* to Himself, is attached to Him.	ਜਿਸ ਨੂੰ ਉਹ ਆਪਣੇ ਨਾਲ ਜੋੜਦਾ[91] ਹੈ ਕੇਵਲ ਉਹ[92] ਹੀ ਉਸ ਨਾਲ ਜੁੜਦਾ ਹੈ ।
ਗੁਰ ਪਰਸਾਦੀ[93] ਜਮ[94] ਕਾ ਭਉ[95] ਭਾਗੈ[96] ॥	By the Guru's grace[93], the fear[95] of death[94] flees[96].	ਗੁਰਾਂ ਦੀ ਦਇਆ[93] ਦੁਆਰਾ ਮੌਤ[94] ਦਾ ਡਰ[95] ਦੌੜ ਜਾਂਦਾ[96] ਹੈ ।
ਅੰਤਰਿ[97] ਸਬਦੁ[98] ਸਦਾ[4] ਸੁਖਦਾਤਾ[99] ਗੁਰਮੁਖਿ[100] ਬੂਝੈ[2] ਕੋਈ[3] ਹੇ ॥੫॥	Within[97] man abides the ever[4] Peace-giving[99] Lord[98], but through the Guru's grace[100], only a few[3] realise[2] it.	ਇਨਸਾਨ ਦੇ ਅੰਦਰ[96] ਸਦੀਵੀ[4] ਆਰਾਮ[49]-ਬਖ਼ਸ਼ਣਹਾਰ[99] ਸੁਆਮੀ[98] ਵਸਦਾ ਹੈ, ਪ੍ਰੰਤੂ ਗੁਰਾਂ ਦੀ ਦਇਆ[100] ਰਾਹੀਂ ਬਹੁਤ ਹੀ ਥੋੜੇ ਇਸ ਨੂੰ ਅਨੁਭਵ ਕਰਦੇ[2] ਹਨ ।
ਆਪੇ[4]* ਮੇਲੇ[5] ਮੇਲਿ[6] ਮਿਲਾਏ[7] ॥	They, who associate[7] with the saints' society[6]; Them the Lord unites[5] with Himself[4]*.	ਜੋ ਸਤਿਸੰਗਤ[6] ਨਾਲ ਜੁੜਦੇ[7] ਹਨ, ਉਨ੍ਹਾਂ ਨੂੰ ਪ੍ਰਭੂ ਆਪਣੇ[4]* ਨਾਲ ਮਿਲਾ ਲੈਂਦਾ[5] ਹੈ ।
ਪੂਰਬਿ[8] ਲਿਖਿਆ[12] ਸੋ[9] ਮੇਟਣਾ[10] ਨ ਜਾਏ ॥	What is pre[8]-destined[12], that[9] can be erased[10] not.	ਜੋ ਕੁੱਛ ਮੁੱਢ[8] ਤੋਂ ਲਿਖਿਆ ਹੋਇਆ[12] ਹੈ, ਉਹ[9] ਮੇਸਿਆ[10] ਨਹੀਂ ਜਾ ਸਕਦਾ ।

ਅਨਦਿਨੁ[12] ਭਗਤਿ[13] ਕਰੇ ਦਿਨ ਰਾਤੀ[14] ਗੁਰਮੁਖਿ[15] ਸੇਵਾ[16] ਹੋਈ ਹੇ ॥੬॥	By the Guru's grace[15], the mortal, night[12] and day ever[14], remembers[13] and serves[16] his Lord.	ਗੁਰਾਂ ਦੀ ਦਇਆ[15] ਦੁਆਰਾ ਪ੍ਰਾਣੀ ਰਾਤ[12] ਅਤੇ ਦਿਨ, ਸਦਾ[14] ਹੀ, ਆਪਣੇ ਸੁਆਮੀ ਦੀ ਬੰਦਗੀ[13] ਅਤੇ ਟਹਿਲ ਸੇਵਾ ਕਰਦਾ[16] ਹੈ।
ਸਤਿਗੁਰੁ ਸੇਵਿ[17] ਸਦਾ ਸੁਖੁ[18] ਜਾਤਾ[19] ॥	Serving[17] the True Guru, experience[19] I the eternal-peace[18].	ਸੱਚੇ ਗੁਰਾਂ ਦੀ ਘਾਲ[17] ਕਮਾਉਣ ਦੁਆਰਾ ਮੈਂ ਸਦੀਵੀ ਆਰਾਮ ਮਾਣਦਾ[19] ਹਾਂ।
ਆਪੇ ਆਇ ਮਿਲਿਆ ਸਭਨਾ[20] ਕਾ ਦਾਤਾ[21] ॥	God, the Giver[21] of all[20], of Himself, has come and met me.	ਸਾਰਿਆਂ[20] ਦਾ ਦਾਤਾਰ[21], ਵਾਹਿਗੁਰੂ ਆਪ ਹੀ ਮੈਨੂੰ ਆ ਕੇ ਮਿਲ ਪਿਆ ਹੈ।
ਹਉਮੈ[22] ਮਾਰਿ[23] ਤ੍ਰਿਸਨਾ[24] ਅਗਨਿ[25] ਨਿਵਾਰੀ[26] ਸਬਦੁ[27] ਚੀਨਿ[28] ਸੁਖੁ[29] ਹੋਈ ਹੇ ॥੭॥	I have silenced[23] my ego[22], quenched[26] the fire[25] of my desires[24] and contemplating[27] the Name[28] have obtained peace[29].	ਮੈਂ ਆਪਣੀ ਹੰਗਤਾ[22] ਨਾਸ ਕਰ ਦਿੱਤੀ[23]ਹੈ, ਆਪਣੀਆਂ ਖ਼ਾਹਿਸ਼ਾਂ[24] ਦੀ ਅੱਗ[25] ਬੁਝਾ ਛੱਡੀ[26] ਹੈ ਅਤੇ ਨਾਮ[27] ਦਾ ਆਰਾਧਨ ਕਰਨ ਦੁਆਰਾ ਆਰਾਮ[29] ਪਾ ਲਿਆ ਹੈ।
ਕਾਇਆ[30] ਕੁਟੰਬੁ[31] ਮੋਹੁ[32] ਨ ਬੂਝੈ[33] ॥	Through the love[32] of his body[30] and the family[31], one understands[33] not his Lord.	ਆਪਣੇ ਸਰੀਰ[30] ਅਤੇ ਪਰਵਾਰ[31] ਦੀ ਮਮਤਾ[32] ਰਾਹੀਂ ਬੰਦਾ ਆਪਣੇ ਪ੍ਰਭੂ ਨੂੰ ਨਹੀਂ ਸਮਝਦਾ[33]।
ਗੁਰਮੁਖਿ[34] ਹੋਵੈ[35] ਤ[36] ਆਖੀ[37] ਸੂਝੈ[38] ॥	If he becomes[35] God-conscious[34], then[36] sees[38] he his Lord with his eyes[37].	ਜੇਕਰ ਉਹ ਰੱਬ[34] ਨੂੰ ਜਾਣਨ ਵਾਲਾ ਬੀ ਵੰਝੂ[35] ਤਦ[36] ਉਹ ਆਪਣੀਆਂ ਅੱਖਾਂ[37] ਨਾਲ ਆਪਣੇ ਸਾਂਈਂ ਨੂੰ ਵੇਖ ਲੈਂਦਾ[38] ਹੈ।
ਅਨਦਿਨੁ[39] ਨਾਮੁ ਰਵੈ[40] ਦਿਨੁ ਰਾਤੀ[41] ਮਿਲਿ ਪ੍ਰੀਤਮ[42] ਸੁਖੁ[43] ਹੋਈ[44] ਹੇ ॥੮॥	Night[39] and day, he utters[40] ever[41] the Name and meeting with his love[42] attains[44] bliss[43].	ਰਾਤ[39] ਦਿਨ ਉਹ ਹਮੇਸ਼ਾ[41] ਨਾਮ ਦਾ ਉਚਾਰਨ ਕਰਦਾ[40] ਹੈ ਅਤੇ ਆਪਣੇ ਪਿਆਰੇ[42] ਨੂੰ ਮਿਲ ਕੇ ਪ੍ਰਸੰਨਤਾ[43] ਨੂੰ ਪ੍ਰਾਪਤ ਹੁੰਦਾ[44] ਹੈ।
ਮਨਮੁਖ[45] ਧਾਤੁ[46] ਦੂਜੈ[47] ਹੈ ਲਾਗਾ[48] ॥	The mind of the perverse person[45] wanders about[46] and is attached[48] to duality[47].	ਪ੍ਰਤੀਕੂਲ[45] ਪੁਰਸ ਦਾ ਮਨ ਭਟਕਦਾ ਫਿਰਦਾ[46] ਹੈ ਅਤੇ ਦਵੈਤ-ਭਾਵ[47] ਨਾਲ ਜੁੜਿਆ ਹੋਇਆ[48] ਹੈ।
ਜਨਮਤ[49] ਕੀ ਨ ਮੂਓ ਆਭਾਗਾ[50] ॥	Why did not he, the unfortunate one[50] die, as soon as he was born ?	ਉਹ ਨਿਕਰਮਣ ਬੰਦਾ[50], ਜੰਮਦੇ ਸਾਰ[49] ਹੀ ਕਿਉਂ ਨਾ ਮਰ ਗਿਆ ?
ਆਵਤ ਜਾਤ ਬਿਰਥਾ[51] ਜਨਮੁ[52] ਗਵਾਇਆ[53] ਬਿਨੁ ਗੁਰ ਮੁਕਤਿ[54] ਨ ਹੋਈ ਹੇ ॥੯॥	Incoming and going, he loses[53] his life[52] in vain[51]. Without the Guru, he is emancipated[54] not.	ਆਉਣ ਅਤੇ ਜਾਣ ਵਿਚ ਉਹ ਆਪਣਾ ਜੀਵਨ[52] ਵਿਅਰਥ[51] ਗੁਆ ਲੈਂਦਾ[53] ਹੈ। ਗੁਰਾਂ ਦੇ ਬਗੈਰ ਉਸ ਦਾ ਕਲਿਆਨ[54] ਨਹੀਂ ਹੁੰਦਾ।
ਕਾਇਆ[55] ਕੁਸੁਧੁ[56] ਹਉਮੈ[57] ਮਲੁ[58] ਲਾਈ[59] ॥	Impure[56] is the body[55] which is soiled[59] with the filth[58] of ego[57].	ਅਪਵਿੱਤ੍ਰ[56] ਹੈ ਉਹ ਦੇਹ[55] ਜਿਸ ਨੂੰ ਹੰਕਾਰ[57] ਦੀ ਗੰਦਗੀ[58] ਲੱਗੀ ਹੋਈ[59] ਹੈ।
ਜੇ[60] ਸਉ[61] ਧੋਵਹਿ ਤਾ[62] ਮੈਲੁ ਨ ਜਾਈ[63] ॥	Though[60] washed a hundred[61] times, even then[62] this filth is removed[63] not.	ਭਾਵੇਂ[60] ਸੌ[61] ਵਾਰੀ ਭੀ ਧੋਤੀ ਜਾਵੇ, ਤਦ[62] ਭੀ ਇਹ ਗਿਲਾਜ਼ਤ ਦੂਰ[63] ਨਹੀਂ ਹੁੰਦੀ।

ਸਬਦਿ[64] ਧੋਪੈ[69] ਤਾ ਹਛੀ[65] ਹੋਵੈ ਫਿਰਿ[66] ਮੈਲੀ[67] ਮੂਲਿ[68] ਨ ਹੋਈ ਹੇ ॥੧੦॥	If washed[69] with the Name[64], then alone it is cleansed[65] and goes not ever[68] dirty[67] again[66].	ਜੇਕਰ ਇਹ ਨਾਮ[64] ਨਾਲ ਧੋਤੀ ਜਾਵੇ[69], ਕੇਵਲ ਤਦ ਹੀ ਇਹ ਸਵੱਛ ਹੁੰਦੀ[65] ਹੈ ਅਤੇ ਮੁੜ[66] ਕਦੇ[68] ਭੀ ਗੰਦੀ[67] ਨਹੀਂ ਹੁੰਦੀ।
ਪੰਚ ਦੂਤ[70] ਕਾਇਆ[71] ਸੰਘਾਰਹਿ[72] ॥	The five demons[70] destroy[72] the body[71].	ਪੰਜ ਭੂਤਨੇ[70] (ਵਿਕਾਰ) ਦੇਹ ਨੂੰ ਨਾਸ ਕਰ ਦਿੰਦੇ[72] ਹਨ।
ਮਰਿ[76] ਮਰਿ ਜੰਮਹਿ[73] ਸਬਦੂ[74] ਨ ਵੀਚਾਰਹਿ[75] ॥	The mortal reflects[75] not on the Name[74]. He dies[76] and suffers transmigration[73].	ਪ੍ਰਾਣੀ ਨਾਮ[74] ਦਾ ਚਿੰਤਨ[75] ਨਹੀਂ ਕਰਦਾ। ਉਹ ਮਰ ਵੰਝਦਾ[76] ਹੈ ਅਤੇ ਆਵਾਗਉਣ[73] ਵਿਚ ਪੈਂਦਾ ਹੈ।
ਅੰਤਰਿ[77] ਮਾਇਆ[78] ਮੋਹ[79] ਗੁਬਾਰਾ[80] ਜਿਉ[81] ਸੁਪਨੈ[82] ਸੁਧਿ[83] ਨ ਹੋਈ ਹੇ ॥੧੧॥	Within[77] him is the darkness[80] of riches[78] and wordly love[79] and as[81] in dream[82], he has no knowledge[83] of his ownself.	ਉਸ ਦੇ ਅੰਦਰ[77] ਧਨ-ਦੌਲਤ[78] ਅਤੇ ਸੰਸਾਰੀ[79] ਮਮਤਾ ਦਾ ਅਨ੍ਹੇਰਾ ਹੈ ਅਤੇ ਸੁਫਨੇ[82] ਵਿਚ ਹੋਣ ਦੀ ਮਾਨੰਦ[81] ਉਸ ਨੂੰ ਆਪਣੇ ਆਪ ਦੀ ਕੋਈ ਗਿਆਤ[82] ਨਹੀਂ।
ਇਕਿ[84] ਪੰਚਾ[85] ਮਾਰਿ[86] ਸਬਦਿ[87] ਹੈ ਲਾਗੇ[88] ॥	Some[84] there are, who overcoming[86] the five[85] demons, are yoked[88] to the Lord's Name[87].	ਕਈ[84] ਪੰਜਾਂ[85] ਵਿਕਾਰਾਂ ਨੂੰ ਵਸ ਕਰਕੇ[86] ਪ੍ਰਭੂ ਦੇ ਨਾਮ[87] ਨਾਲ ਜੁੜੇ ਹੋਏ[88] ਹਨ।
ਸਤਿਗੁਰੁ ਆਇ ਮਿਲਿਆ ਵਡਭਾਗੇ[89] ॥	Them, the very fortunate one[89], the True Guru comes and meets.	ਉਨ੍ਹਾਂ ਭਾਰੇ ਨਸੀਬਾਂ ਵਾਲਿਆਂ[89] ਨੂੰ ਸੱਚੇ ਗੁਰੂ ਜੀ ਆ ਕੇ ਮਿਲ ਪੈਂਦੇ ਹਨ।
ਅੰਤਰਿ[90] ਸਾਚੁ[97] ਰਵਹਿ[91] ਰੰਗਿ[92] ਰਾਤੇ[93] ਸਹਜਿ[94] ਸਮਾਵੈ[95] ਸੋਈ[96] ਹੇ ॥੧੨॥	Within[90] them is truth[97], imbued[93] with the Lord's love[92] they[96] utter[91] the Name and merge[95] in God[94].	ਉਨ੍ਹਾਂ ਦੇ ਅੰਦਰ[90] ਸੱਚ[97] ਹੈ ਪ੍ਰਭੂ ਦੀ ਪ੍ਰੀਤ[92] ਨਾਲ ਰੰਗੇ ਹੋਏ[93] ਉਹ[96] ਨਾਮ ਦਾ ਉਚਾਰਨ ਕਰਦੇ[91] ਤੇ ਹਰੀ[94] ਵਿੱਚ ਲੀਨ ਹੁੰਦੇ[95] ਹਨ।
ਗੁਰ ਕੀ ਚਾਲ[98] ਗੁਰੂ[99] ਤੇ ਜਾਪੈ[100] ॥	The Guru's way[98] is known[100] only through[99] the Guru.	ਗੁਰਾਂ ਦਾ ਮਾਰਗ[98] ਕੇਵਲ ਗੁਰਾਂ ਦੇ ਰਾਹੀਂ[99] ਹੀ ਪਤਾ ਲਗਦਾ[100] ਹੈ।
ਪੂਰਾ[2] ਸੇਵਕੁ[3] ਸਬਦਿ[4] ਸਿਞਾਪੈ[5] ॥	The perfect[2] slave[3] is known[5], through his living upto the Guru's teaching[4].	ਪੂਰਨ[2] ਗੋਲਾ[3], ਗੁਰਾਂ ਦੇ ਉਪਦੇਸ਼[4] ਦੀ ਕਮਾਈ ਕਰਨ ਰਾਹੀਂ, ਜਾਣਿਆ ਜਾਂਦਾ[5] ਹੈ।
ਸਦਾ ਸਬਦੁ[6] ਰਵੈ[7] ਘਟ[8] ਅੰਤਰਿ[9] ਰਸਨਾ[10] ਰਸੁ[12] ਚਾਖੈ[13] ਸਚੁ[14] ਸੋਈ[15] ਹੇ ॥ ੧੩॥	Within[9] his mind[8], he ponders over[7] the True Name[6] and he alone[10] tastes[13] the true[14] elixir[12] with his tongue[10].	ਆਪਣੇ ਰਿਦੇ[8] ਅੰਦਰ[9] ਉਹ ਸੱਚੇ ਨਾਮ[6] ਦਾ ਆਰਾਧਨ ਕਰਦਾ[7] ਹੈ ਅਤੇ ਕੇਵਲ ਉਹ[15] ਹੀ ਆਪਣੀ ਜੀਭਾ[10] ਨਾਲ ਸੱਚੇ[14] ਅੰਮ੍ਰਿਤ[12] ਨੂੰ ਚੱਖਦਾ[13] ਹੈ।
ਹਉਮੈ[16] ਮਾਰੇ[17] ਸਬਦਿ[18] ਨਿਵਾਰੇ[19] ॥	Through the Lord's Name[18] I have stilled[17] and silenced[19] my self-conceit[16].	ਪ੍ਰਭੂ ਦੇ ਨਾਮ[18] ਦੇ ਰਾਹੀਂ ਮੈਂ ਆਪਣੀ ਸਵੈ-ਹੰਗਤਾ[16] ਮੇਟ[17] ਅਤੇ ਦੂਰ ਕਰ ਛੱਡੀ[19] ਹੈ।
ਹਰਿ ਕਾ ਨਾਮੁ ਰਖੈ ਉਰਿ[20] ਧਾਰੇ[21] ॥	God's Name, I have enshrined[21] within my mind[20].	ਰੱਬ ਦੇ ਨਾਮ ਨੂੰ ਮੈਂ ਆਪਣੇ ਹਿਰਦੇ[20] ਅੰਦਰ ਟਿਕਾ ਲਿਆ[21] ਹੈ।

ਏਕਸੁ ਬਿਨੁ ਹਉ ਹੋਰੁ[22] ਨ ਜਾਣਾ ਸਹਜੇ[23] ਹੋਇ ਸੁ ਹੋਈ ਹੇ ॥	Without the One Lord, I know none else[22]. Come what may naturally[23] come.	ਇੱਕ ਪ੍ਰਭੂ ਦੇ ਬਾਝੋਂ ਮੈਂ ਹੋਰਸ[22] ਕਿਸੇ ਨੂੰ ਨਹੀਂ ਜਾਣਦਾ। ਜੋ ਕੁੱਛ ਹੋਣਾ ਹੈ, ਸੁਤੇ ਸਿੱਧ[23] ਪਿਆ ਹੋਵੇ।
ਬਿਨੁ ਸਤਿਗੁਰ ਸਹਜੁ[24] ਕਿਨੈ ਨਹੀ ਪਾਇਆ ॥	Without the True Guru no one obtains the Divine knowledge[24].	ਸੱਚੇ ਗੁਰਾਂ ਦੇ ਬਗੈਰ ਕਿਸੇ ਨੂੰ ਭੀ ਬ੍ਰਹਮ[24] ਗਿਆਨ ਪ੍ਰਾਪਤ ਨਹੀਂ ਹੁੰਦਾ।
ਗੁਰਮੁਖਿ[25] ਬੂਝੈ[26] ਸਚਿ[27] ਸਮਾਇਆ[28] ॥	He who knows[26] by the Guru's grace[25], merges[28] in the True Lord[27].	ਜੋ ਗੁਰਾਂ ਦੀ[25] ਦਇਆ ਦੁਆਰਾ ਸਮਝਦਾ[26] ਹੈ, ਉਹ ਸੱਚੇ[27] ਸੁਆਮੀ ਅੰਦਰ ਲੀਨ ਹੋ ਜਾਂਦਾ[28] ਹੈ।
ਸਚਾ[29] ਸੇਵਿ[30] ਸਬਦਿ[31] ਸਚ ਰਾਤੇ[32] ਹਉਮੈ[33] ਸਬਦੇ[34] ਖੋਈ[35] ਹੇ ॥੧੫॥	He serves[30] the True Lord[29], is imbued[32] with the True Name[31] and banishes[35] his pride[33] through the Lord's Name[34].	ਉਹ ਸੱਚੇ[29] ਸਾਂਈਂ ਦੀ ਘਾਲ ਕਮਾਉਂਦਾ[30] ਹੈ, ਸੱਚੇ ਨਾਮ[31] ਨਾਲ ਰੰਗੀਜਿਆ[32] ਹੈ ਅਤੇ ਸਾਂਈਂ ਦੇ ਨਾਮ[34] ਦੇ ਰਾਹੀਂ ਆਪਣੀ ਹੰਗਤਾ[33] ਨੂੰ ਦੂਰ ਕਰ ਦਿੰਦਾ[35] ਹੈ।
ਆਪੇ [36]ਗੁਣਦਾਤਾ[37] ਬੀਚਾਰੀ[38] ॥	God, the Giver[37] of virtue[36], is Himself the Discerner[38].	ਨੇਕੀ[53]-ਬਖਸ਼ਣਹਾਰ[37] ਹਰੀ, ਖੁਦ ਹੀ ਵੀਚਾਰਵਾਨ[38] ਹੈ।
ਗੁਰਮੁਖਿ[39] ਦੇਵਹਿ[40] ਪਕੀ[41] ਸਾਰੀ[42] ॥	The Guru-ward[39] surrenders[40] unto the Lord his perfected[41] soul chess-figure[42].	ਗੁਰੂ-ਸਮਰਪਣ[39] ਆਪਣੀ ਆਤਮਾ ਦੀ ਪੱਕੀ ਹੋਈ[41] ਨਰਦ[42] ਪ੍ਰਭੂ ਦੇ ਸਮਰਪਨ ਕਰਦਾ[40] ਹੈ।
ਨਾਨਕ ਨਾਮਿ ਸਮਾਵਹਿ[43] ਸਾਚੈ[44] ਸਾਚੇ ਤੇ[47] ਪਤਿ[45] ਹੋਈ ਹੇ ॥੧੬॥੨॥	Nanak, the true one[44] merges[43] in the Name and through[46] the True Name obtains he the honour[45].	ਨਾਨਕ ਸੱਚਾ ਪੁਰਖ[44] ਨਾਮ ਅੰਦਰ ਲੀਨ ਹੋ ਜਾਂਦਾ[43] ਹੈ ਅਤੇ ਸਤਿਨਾਮ ਦੇ ਰਾਹੀਂ[46] ਹੀ ਉਹ ਇੱਜ਼ਤ ਆਬਰੂ[45] ਪਾਉਂਦਾ ਹੈ।
ਮਾਰੂ ਮਹਲਾ ੩ ॥	Maru 3rd Guru,	ਮਾਰੂ ਤੀਜੀ ਪਾਤਿਸ਼ਾਹੀ।
[47]ਜਗਜੀਵਨੁ[48] ਸਾਚਾ[49] ਏਕੋ ਦਾਤਾ[50] ॥	The One Beneficent[50] True Lord[49] is the Life[48] of the universe[47].	ਇੱਕ ਦਾਤਾਰ[50] ਸੁਆਮੀ[49] ਹੀ ਜਗ[47] ਦੀ ਜਿੰਦ ਜਾਨ[48] ਹੈ।
ਗੁਰ ਸੇਵਾ[51] ਤੇ[52] ਸਬਦਿ[53] ਪਛਾਤਾ[54] ॥	Through the Guru's service[51] and[52] instruction[53] is He realised[54].	ਗੁਰਾਂ ਦੀ ਟਹਿਲ ਸੇਵਾ[51] ਅਤੇ[52] ਉਪਦੇਸ਼[53] ਰਾਹੀਂ ਉਹ ਅਨੁਭਵ ਕੀਤਾ ਜਾਂਦਾ[54] ਹੈ।
੧੦੪੬		
ਏਕੋ ਅਮਰੁ[55] ਏਕਾ ਪਾਤਿਸਾਹੀ[56] ਜੁਗੁ ਜੁਗੁ[57] ਸਿਰਿ[58] ਕਾਰ[59] ਬਣਾਈ[60] ਹੇ ॥੧॥	There is but one Rule[56] and one Command[55] and in every age[57], the Lord yokes[60] each one[58] to his task[59],	ਕੇਵਲ ਇਹ ਹੀ ਹਕੂਮਤ[56] ਹੈ ਅਤੇ ਇੱਕੋ ਹੀ ਹੁਕਮ[55] ਅਤੇ ਹਰ[57] ਯੁੱਗ ਅੰਦਰ ਪ੍ਰਭੂ ਹਰ ਇੱਕ[58] ਨੂੰ ਉਸ ਦੇ ਕੰਮ[59] ਕਾਜ ਲਾਉਂਦਾ[60] ਹੈ।
ਸੋ ਜਨੁ[61] ਨਿਰਮਲੁ[62] ਜਿਨਿ ਆਪੁ ਪਛਾਤਾ[63] ॥	Immaculate[62] is the man[61] who knows[63] himself.	ਪਵਿੱਤਰ[62] ਹੈ ਉਹ ਪੁਰਸ਼[61] ਜੋ ਆਪਣੇ ਆਪ ਨੂੰ ਜਾਣਦਾ[63] ਹੈ।
ਆਪੇ ਆਇ ਮਿਲਿਆ ਸੁਖਦਾਤਾ[64] ॥	Him, the Peace-giving[64] Lord comes to meet of himself.	ਉਸ ਨੂੰ ਆਰਾਮ-ਬਖਸ਼ਣਹਾਰ[64] ਸਾਂਈਂ ਖੁਦ ਆ ਕੇ ਮਿਲ ਪੈਂਦਾ ਹੈ।
ਰਸਨਾ[65] ਸਬਦਿ[66] ਰਤੀ[67] ਗੁਣ[68] ਗਾਵੈ[69] ਦਰਿ[70]	Imbued[67] with the Name[66], his tongue[65] hymns[69] the Lord's praise[68]	ਨਾਮ[66] ਨਾਲ ਰੰਗੀਜੀ ਹੋਈ[67], ਉਸ ਦੀ ਜੀਭ[65] ਪ੍ਰਭੂ ਦਾ ਜੱਸ[68] ਗਾਇਨ ਕਰਦੀ[69] ਹੈ ਅਤੇ ਸੱਚੇ

ਸਾਚੈ ਪਤਿ ਪਾਈ[71] ਹੇ ॥੨॥	and he obtains honour[71] in the Court[70].	ਦਰਬਾਰ[70] ਅੰਦਰ ਉਹ ਮਾਨ ਪ੍ਰਤਿਸ਼ਟਾ[71] ਪਾਉਂਦਾ ਹੈ।
ਗੁਰਮੁਖਿ[72] ਨਾਮਿ ਮਿਲੈ[73] ਵਡਿਆਈ[47] ॥	The Guru-ward[79] is blessed[73] with the Name's glory[74],	ਗੁਰੂ-ਅਨੁਸਾਰੀ[72] ਨੂੰ ਨਾਮ ਦੀ ਪ੍ਰਭਤਾ[74] ਪ੍ਰਦਾਨ ਹੁੰਦੀ[73] ਹੈ।
ਮਨਮੁਖਿ[75] ਨਿੰਦਕਿ[76] ਪਤਿ[77] ਗਵਾਈ ॥	The apostate[75] slanderer[76] loses his honour[77].	ਅਧਰਮੀ[75], ਦੂਸ਼ਨ ਲਾਉਣ ਵਾਲਾ[76], ਆਪਣੀ ਇੱਜ਼ਤ[77] ਗੁਆ ਲੈਂਦਾ ਹੈ।
ਨਾਮਿ ਰਤੇ[78] [79]ਪਰਮਹੰਸ[80] ਬੈਰਾਗੀ[81] ਨਿਜ[82] ਘਰਿ[83] ਤਾੜੀ[84] ਲਾਈ[85] ਹੇ ॥੩॥	Imbued[78] with the Name, the supreme[79] swans[80] remain detached[81] anb sit[85] in trance[84] in their[82] own home[83].	ਨਾਮ ਨਾਲ ਰੰਗੇ[78] ਹੋਏ, ਮਹਾਨ[76] ਰਾਜਹੰਸ[80] ਨਿਰਲੇਪ[81] ਰਹਿੰਦੇ ਹਨ ਅਤੇ ਆਪਣੇ ਨਿੱਜ ਦੇ[82] ਧਾਮ[83] ਅੰਦਰ ਸਮਾਧੀ[84] ਅੰਦਰ ਬੈਠਦੇ[85] ਹਨ।
ਸਬਦਿ[86] ਮਰੈ ਸੋਈ[87] ਜਨੁ[88] ਪੂਰਾ[89] ॥	Perfect[89] is the[87] person[88], who dies through the Name[86].	ਪੂਰਨ[88] ਹੈ ਉਹ[87] ਪੁਰਸ਼[88] ਜੋ ਨਾਮ ਦੇ ਰਾਹੀਂ ਮਰਦਾ ਹੈ।
ਸਤਿਗੁਰੁ ਆਖਿ[90] ਸੁਣਾਏ[91] ਸੂਰਾ[92] ॥	This is what True Guru, the hero[92] utters[90] and proclaims[91].	ਇਹ ਹੈ ਜੋ ਯੋਧਾ[92], ਸੱਚਾ ਗੁਰੂ ਕਹਿ[90] ਕੇ ਸੁਣਾਉਂਦਾ[91] ਹੈ।
ਕਾਇਆ[93] ਅੰਦਰਿ [94]ਅੰਮ੍ਰਿਤਸਰੁ[95] ਸਾਚਾ ਮਨੁ[96] ਪੀਵੈ[97] ਭਾਇ[98] ਸੁਭਾਈ[99] ਹੇ ॥੪॥	In the body[93] is the true tank[95] of Nectar[96] and the soul[96] indrinks[97] it with love[98] and devotion[99].	ਦੇਹ[93] ਦੇ ਵਿਚ ਸੱਚਾ ਅੰਮ੍ਰਿਤ[94] ਦਾ ਸਰੋਵਰ ਹੈ ਅਤੇ ਪ੍ਰੇਮ[98] ਸ਼ਰਧਾ[99] ਨਾਲ ਆਤਮਾ[96] ਇਸ ਨੂੰ ਪਾਨ ਕਰਦੀ[97] ਹੈ।
ਪੜਿ[100] ਪੰਡਿਤੁ ਅਵਰਾ[2] ਸਮਝਾਏ[3] ॥ ਘਰ[4] ਜਲਤੇ[6] ਕੀ ਖਬਰਿ[5] ਨ ਪਾਏ ॥	The Brahman reads[100] and instructs[3] others[2], but knows[5] he not that his own home[4] is on fire[6].	ਬ੍ਰਾਹਮਣ ਵਾਚਦਾ[100] ਅਤੇ ਹੋਰਨਾਂ[2] ਨੂੰ ਸਿੱਖਮਤ ਦਿੰਦਾ[3] ਹੈ; ਪ੍ਰੰਤੂ, ਉਹਨੂੰ ਪਤਾ[5] ਨਹੀਂ ਕਿ ਉਸ ਦਾ ਆਪਣਾ ਝੁੱਗਾ[4] ਸੜ ਰਿਹਾ[6] ਹੈ।
ਬਿਨੁ ਸਤਿਗੁਰ ਸੇਵੇ[7] ਨਾਮੁ ਨ ਪਾਈਐ[8] ਪੜਿ[9] ਥਾਕੇ[10] ਸਾਂਤਿ[12] ਨ ਆਈ ਹੇ ॥੫॥	Without serving[7] the True Guru, one is blest not with the Name. Even by growing weary[10] through reading[9] man obtains not peace[12].	ਸੱਚੇ ਗੁਰਾਂ ਦੀ ਘਾਲ ਕਮਾਉਣ[7] ਦੇ ਬਾਝੋਂ ਬੰਦੇ ਨੂੰ ਨਾਮ ਦੀ ਦਾਤ ਨਹੀਂ ਮਿਲਦੀ, ਲਿਖਣ[9] ਪੜ੍ਹਨ ਰਾਹੀਂ, ਹਾਰ ਹੁੱਟ[10] ਜਾਣ ਦੇ ਬਾਵਜੂਦ ਭੀ, ਬੰਦੇ ਨੂੰ ਠੰਡ-ਚੈਨ[12] ਪ੍ਰਾਪਤ ਨਹੀਂ ਹੁੰਦੀ।
ਇਕਿ[13] ਭਸਮ[14] ਲਗਾਇ[15] ਫਿਰਹਿ[16] ਭੇਖਧਾਰੀ[17] ॥	Some[13] there are, who becoming disguisers[17], smear[15] their body with dust[14] and roam about[16].	ਕਈ[13] ਬਰੂਪੀਏ[17] ਹੋ, ਆਪਣੀ ਦੇਹ ਨੂੰ ਸੁਆਹ[14] ਮਲ[15] ਕੇ ਭਟਕਦੇ ਫਿਰਦੇ[16] ਹਨ।
ਬਿਨੁ ਸਬਦੇ[18] ਹਉਮੈ[19] ਕਿਨਿ[20] ਮਾਰੀ[21] ॥	Without the Name[18], who[20] has ever stilled[21] his ego[19] ?	ਨਾਮ ਦੇ ਬਗੈਰ ਕਦੋਂ ਕਿਸੇ[20] ਨੇ ਆਪਣਾ ਹੰਕਾਰ[19] ਨਵਿਰਤ ਕੀਤਾ[21] ਹੈ।
ਅਨਦਿਨੁ[22] ਜਲਤ[23] ਰਹਹਿ ਦਿਨੁ[24] ਰਾਤੀ ਭਰਮਿ[25] ਭੇਖਿ[26] ਭਰਮਾਈ[27] ਹੇ ॥੬॥	Night[22] and day, they ever[24] continue burning[23]. Deluded by doubt[25] and dress[26] they keep wandering about[27].	ਰੈਣ[22] ਤੇ ਦਿਹੁੰ ਉਹ ਹਮੇਸ਼ਾ[24] ਸੜਦੇ[23] ਰਹਿੰਦੇ ਹਨ। ਕਰਮ[25] ਅਤੇ ਭੇਸ[26] ਦੇ ਬਹਿਕਾਏ ਹੋਏ ਉਹ ਭਟਕਦੇ ਫਿਰਦੇ[27] ਹਨ।
ਇਕਿ[28] ਗ੍ਰਿਹ[29] ਕੁਟੰਬ[30]	Some[28] there are who ever[32] remain	ਕਈ[28] ਆਪਣੇ ਘਰ[29] ਅਤੇ ਪਰਵਾਰ[30] ਅੰਦਰ[31] ਹਮੇਸ਼ਾ[32]

ਮਹਿ[31] ਸਦਾ[32] ਉਦਾਸੀ[33] ॥	detached[33] midst[31] their home[29] and kith and kin[30],	ਨਿਰਲੇਪ[33] ਰਹਿੰਦੇ ਹਨ ।
ਸਬਦਿ[34] ਮੁਏ ਹਰਿ ਨਾਮਿ ਨਿਵਾਸੀ[35] ॥	They die through the Guru's word[34] and abide[35] in the Lord's Name.	ਉਹ ਗੁਰਾਂ ਦੇ ਉਪਦੇਸ਼[34] ਰਾਹੀਂ ਮਰ ਵੰਝਦੇ ਹਨ ਅਤੇ ਪ੍ਰਭੂ ਦੇ ਨਾਮ ਅੰਦਰ ਵਸਦੇ[35] ਹਨ ।
ਅਨਦਿਨੁ[36] ਸਦਾ[37] ਰਹਹਿ ਰੰਗਿ[38] ਰਾਤੇ[39] ਭੈ[40] ਭਾਇ[41] ਭਗਤਿ[42] ਚਿਤੁ[43] ਲਾਈ[44] ਹੇ ॥੭॥	Night[36] and day, they ever[37] remain imbued[39] with bliss[38] and yoke[44] their mind[43] to the fear[40], love[41] and the service[42] of their Lord.	ਰੈਣ[36] ਤੇ ਦਿਨ, ਉਹ ਹਮੇਸ਼ਾ[37] ਖ਼ੁਸ਼ੀ[38] ਨਾਲ ਰੰਗੀਜੇ[39] ਰਹਿੰਦੇ ਹਨ ਅਤੇ ਆਪਣੇ ਮਨ[43] ਨੂੰ ਆਪਣੇ ਪ੍ਰਭੂ ਦੇ ਡਰ[40], ਪ੍ਰੇਮ[41] ਅਤੇ ਸੇਵਾ[42] ਨਾਲ ਜੋੜਦੇ[44] ਹਨ ।
ਮਨਮੁਖੁ[45] ਨਿੰਦਾ[46] ਕਰਿ ਕਰਿ ਵਿਗੁਤਾ[47] ॥ ਅੰਤਰਿ[48] ਲੋਭੁ[49] ਭਉਕੈ[50] ਜਿਸੁ[51] ਕੁਤਾ[52] ॥	The egocentric[45], within[44] whom[51] barks[50] the dog[52] of greed[49], continually induleges in slander[46] and is thus wasted away[47].	ਆਪ-ਹੁਦਰਾ[45], ਜਿਸ[51] ਦੇ ਅੰਦਰ[48] ਲਾਲਚ[49] ਦਾ ਕੂਕਰ[52] ਭੌਂਕਦਾ[50] ਹੈ, ਲਗਾਤਾਰ ਬਦਖੋਈ ਕਰਦਾ[46] ਹੈ ਅਤੇ ਇਸ ਤਰ੍ਹਾਂ ਤਬਾਹ ਹੋ ਜਾਂਦਾ[47] ਹੈ ।
ਜਮ[53] ਕਾਲੁ[54] ਤਿਸੁ[55] ਕਦੇ[56] ਨ ਛੋਡੈ ਅੰਤਿ[57] ਗਇਆ[58] ਪਛੁਤਾਈ[59] ਹੇ ॥੮॥	Death's[54] courier[53] leaves him[55] not ever[36] and in the end[57], he regretfully[59] quits[58] the world.	ਮੌਤ[54] ਦਾ ਦੂਤ[53] ਉਸ[55] ਨੂੰ ਕਦਾਚਿੱਤ[56] ਨਹੀਂ ਛੱਡਦਾ ਅਤੇ ਅਖ਼ੀਰ[57] ਨੂੰ ਉਹ ਝੂਰਦਾ ਹੋਇਆ[59] ਦੁਨੀਆ ਤੋਂ ਟੁਰ ਜਾਂਦਾ[58] ਹੈ ।
ਸਚੈ ਸਬਦਿ[60] ਸਚੀ ਪਤਿ[61] ਹੋਈ ॥	Through the True Name[60], one obtains true honour[61].	ਸੱਚੇ ਨਾਮ[60] ਦੇ ਰਾਹੀਂ ਬੰਦੇ ਨੂੰ ਸੱਚੀ ਇੱਜ਼ਤ[61] ਪ੍ਰਾਪਤ ਹੁੰਦੀ ਹੈ ।
ਬਿਨੁ ਨਾਵੈ ਮੁਕਤਿ[62] ਨ ਪਾਵੈ ਕੋਈ ॥	Without the Name, none attains emancipation[62].	ਨਾਮ ਦੇ ਬਾਝੋਂ, ਕਿਸੇ ਨੂੰ ਭੀ ਮੋਖ਼ਸ਼[62] ਪ੍ਰਾਪਤ ਨਹੀਂ ਹੁੰਦੀ ।
ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ[63] ਬਣਤ[64] ਬਣਾਈ[65] ਹੇ ॥੯॥	Without the True Guru, no one finds the Name. Such[63] is the rule[64], which my Lord has established[65].	ਸੱਚੇ ਗੁਰਾਂ ਦੇ ਬਗੈਰ ਕੋਈ ਭੀ ਨਾਮ ਨੂੰ ਪ੍ਰਾਪਤ ਨਹੀਂ ਹੁੰਦਾ । ਐਹੋ[63] ਜੇਹੀ ਮਰਯਾਦਾ[64] ਮੇਰੇ ਸਾਂਈਂ ਨੇ ਕਾਇਮ ਕੀਤੀ[65] ਹੈ ।
ਇਕਿ[70] ਸਿਧ[66] ਸਾਧਿਕ[67] ਬਹੁਤੁ[68] ਵੀਚਾਰੀ[69] ॥	Some[70] there are who are adepts[66], strivers[67] and the great[68] thinkers[69].	ਕਈ[70] ਹਨ ਪੂਰਨ ਪੁਰਸ਼[66], ਅਭਿਆਸੀ[67] ਅਤੇ ਵੱਡੇ[68] ਵੀਚਾਰਵਾਨ[69] ।
ਇਕਿ [71]ਅਹਿਨਿਸਿ[72] ਨਾਮਿ ਰਤੇ[73] ਨਿਰੰਕਾਰੀ[74] ॥	Some, day[71] and night[72]; remain imbued[73] in the Name of the formless[74] Lord.	ਕਈ ਦਿਹੁੰ[71] ਅਤੇ ਰੈਣ[72] ਸਰੂਪ-ਰਹਿਤ[74] ਸੁਆਮੀ ਦੇ ਨਾਮ ਅੰਦਰ ਰੰਗੇ[73] ਰਹਿੰਦੇ ਹਨ ।
ਜਿਸ[76] ਨੋ ਆਪਿ[75] ਮਿਲਾਏ ਸੋ[77] ਬੂਝੈ[78] ਭਗਤਿ ਭਾਇ[79] ਭਉ[80] ਜਾਈ[81] ਹੇ ॥੧੦॥	Whomsoever[76] the Lord unites with Himself[75], he[77] alone understands[78] Him. Through the Lord's loving-adoration[79] one is rid of[81] one's fear[80].	ਜਿਸ ਕਿਸੇ[76] ਨੂੰ ਮਾਲਕ ਆਪਣੇ[75] ਨਾਲ ਮਿਲਾ ਲੈਂਦਾ ਹੈ, ਕੇਵਲ ਉਹ[77] ਹੀ ਉਸ ਨੂੰ ਸਮਝਦਾ[78] ਹੈ । ਸਾਂਈਂ ਦੀ ਪਿਆਰੀ-ਉਪਾਸ਼ਨਾ[79] ਰਾਹੀਂ ਇਨਸਾਨ ਦਾ ਡਰ[80] ਦੂਰ ਹੋ ਜਾਂਦਾ[81] ਹੈ ।
ਇਸਨਾਨੁ[82] ਦਾਨੁ[83] ਕਰਹਿ	Some take bath[82] and give in	ਕਈ ਨ੍ਹਾਉਂਦੇ[82] ਅਤੇ ਦਾਨ ਪੁੰਨ[83] ਕਰਦੇ ਹਨ, ਪ੍ਰੰਤੂ

ਨਹੀ ਬੂਝਹਿ[84] ॥	charity[83], but understand[84] not.	ਸਮਝਦੇ[84] ਨਹੀਂ ।
ਇਕਿ ਮਨੂਆ ਮਾਰਿ[85] ਮਨੈ[86] ਸਿਉ[87] ਲੂਝਹਿ[88] ॥	Some struggle[88] with[87] their mind[86] and ultimately subdue[85] it.	ਕਈ ਆਪਣੇ ਮਨ[86] ਨਾਲ[87] ਯੁੱਧ[88] ਕਰਦੇ ਹਨ ਅਤੇ ਓੜਕ ਨੂੰ ਇਸ ਨੂੰ ਕਾਬੂ ਕਰ ਲੈਂਦੇ[85] ਹਨ ।
ਸਾਚੈ ਸਬਦਿ[89] ਰਤੇ[90] ਇਕ[91] ਰੰਗੀ[92] ਸਾਚੈ ਸਬਦਿ[93] ਮਿਲਾਈ[94] ਹੇ ॥ ੧੧॥	Some[91] are imbued[90] with the love[92] of the True Name[89] and this wise blend with[94] the True Lord[93].	ਕਈ[91] ਸਤਿਨਾਮ[89] ਦੀ ਪ੍ਰੀਤ[92] ਨਾਲ ਰੰਗੀਜੇ ਹੋਏ[90] ਹਨ ਅਤੇ ਇਸ ਤਰ੍ਹਾਂ ਸੱਚੇ ਸੁਆਮੀ[93] ਨਾਲ ਅਭੇਦ ਹੋ ਜਾਂਦੇ[94] ਹਨ ।
ਆਪੇ ਸਿਰਜੇ[95] ਦੇ[96] ਵਡਿਆਈ[97] ॥	Of Himself, the Lord creates[95] and blesses[96] with glory[96].	ਖ਼ੁਦ ਸਾਹਿਬ ਰਚਦਾ[95] ਅਤੇ ਪ੍ਰਭੁਤਾ[97] ਪ੍ਰਦਾਨ ਕਰਦਾ[98] ਹੈ ।
ਆਪੇ ਭਾਣੈ[98] ਦੇਇ ਮਿਲਾਈ[99] ॥	In His will[98] the Lord Himself unites[99] such a man with Himself.	ਆਪਣੀ ਰਜ਼ਾ[98] ਅੰਦਰ ਸਾਹਿਬ ਖ਼ੁਦ ਹੀ ਐਹੋ ਜੇਹੇ ਪ੍ਰਾਣੀ ਨੂੰ ਆਪਣੇ ਨਾਲ ਮਿਲਾ ਲੈਂਦਾ[99] ਹੈ ।
ਆਪੇ ਨਦਰਿ[100] ਕਰੇ[2] ਮਨਿ ਵਸਿਆ[3] ਮੇਰੈ ਪ੍ਰਭਿ ਇਉ[4] ਫੁਰਮਾਈ[5] ਹੇ ॥੧੨॥	Showering[2] His benediction[100], He Himself abides[3] in man's mind. Such[4] is the command[5] of my Master.	ਆਪਣੀ ਰਹਿਮਤ[100] ਧਾਰ ਕੇ[2] ਉਹ ਖ਼ੁਦ ਹੀ ਮਨੁਸ਼ ਦੇ ਮਨ ਅੰਦਰ ਵਸਦਾ[3] ਹੈ । ਐਕੁਰ[4] ਦਾ ਹੈ ਫੁਰਮਾਨ[5] ਮੇਰੇ ਮਾਲਕ ਦਾ ।
ਸਤਿਗੁਰੁ ਸੇਵਹਿ[6] ਸੇ[7] ਜਨ[8] ਸਾਚੇ ॥	True are the[7] mortals[8] who serve[6] their True Guru.	ਸੱਚੇ ਹਨ ਉਹ[7] ਪ੍ਰਾਣੀ[8], ਜੋ ਸੱਚੇ ਗੁਰਾਂ ਦੀ ਘਾਲ ਕਮਾਉਂਦੇ[6] ਹਨ ।
ਮਨਮੁਖ[9] ਸੇਵਿ ਨ ਜਾਣਨਿ ਕਾਚੇ[10] ॥	The false[10] way-ward[9] know not the Guru's service.	ਕੂੜੇ[10] ਤੇ ਆਪ-ਹੁਦਰੇ[9], ਗੁਰਾਂ ਦੀ ਸੇਵਾ ਨੂੰ ਨਹੀਂ ਜਾਣਦੇ ।
ਆਪੇ ਕਰਤਾ[12] ਕਰਿ[13] ਕਰਿ[14] ਵੇਖੈ[19] ਜਿਉ[15] ਭਾਵੈ[16] ਤਿਉ[17] ਲਾਈ[18] ਹੇ ॥੧੩॥	Creating[14] the creation[13], the Creator[12] Himself sees[19] it. As[15] He wills[16], so[17] He yokes[18] all.	ਰਚਨਾ[13] ਨੂੰ ਰਚ ਕੇ[14], ਰਚਨਹਾਰ[12] ਖ਼ੁਦ ਹੀ ਇਸ ਨੂੰ ਦੇਖਦਾ[19] ਹੈ । ਜਿਸ ਤਰ੍ਹਾਂ[15] ਉਸ ਨੂੰ ਚੰਗਾ ਲਗਦਾ[16] ਹੈ ਉਸੇ ਤਰ੍ਹਾਂ[17] ਹੀ ਉਹ ਸਾਰਿਆਂ ਨੂੰ ਜੋੜਦਾ[18] ਹੈ ।
ਜੁਗਿ ਜੁਗਿ[20] ਸਾਚਾ[21] ਏਕੋ[22] ਦਾਤਾ[23] ॥	All the ages through[20], the True Lord[21] alone[22] is the Giver[23].	ਸਾਰਿਆਂ ਯੁੱਗਾਂ[20] ਅੰਦਰ ਕੇਵਲ[22] ਸੱਚਾ ਸੁਆਮੀ[21] ਹੀ ਦਾਨ ਦੇਣਹਾਰ[23] ਹੈ ।
ਪੂਰੈ[24] ਭਾਗਿ[25] ਗੁਰ ਸਬਦੁ[26] ਪਛਾਤਾ[27] ॥	When mortal's destiny[25] is perfect[24], he realises[27] the Lord, through the Guru's gospel[26].	ਜਦ ਪ੍ਰਾਣੀ ਦੀ ਪੂਰਨ[24] ਪ੍ਰਾਲਭਧ[25] ਹੁੰਦੀ ਹੈ, ਉਹ, ਗੁਰਾਂ ਦੇ ਉਪਦੇਸ਼[26] ਰਾਹੀਂ, ਪ੍ਰਭੂ ਨੂੰ ਅਨੁਭਵ ਕਰ ਲੈਂਦਾ[27] ਹੈ ।
ਸਬਦਿ[28] ਮਿਲੇ ਸੇ[29] ਵਿਛੁੜੇ[33] ਨਾਹੀ ਨਦਰੀ[30] ਸਹਜਿ[31] ਮਿਲਾਈ[32] ਹੇ ॥੧੪॥	They[29] who meet with the Lords[28], separate[33] not again. By His grace[30], God[31] blends[32] them with Himself.	ਜੋ ਸੁਆਮੀ[28] ਨਾਲ ਮਿਲ ਜਾਂਦੇ ਹਨ, ਉਹ[29] ਮੁੜ ਕੇ ਵਿਛੜਦੇ[33] ਨਹੀਂ । ਆਪਣੀ ਮਿਹਰ[30] ਦੁਆਰਾ, ਹਰੀ[31] ਉਨ੍ਹਾਂ ਨੂੰ ਆਪਣੇ ਨਾਲ ਅਭੇਦ ਕਰ ਲੈਂਦਾ[32] ਹੈ ।
ਹਉਮੈ[34] ਮਾਇਆ[35] ਮੈਲੁ[36] ਕਮਾਇਆ[37] ॥	One practises pride[34] and amasses[37] filthy[36] riches[35].	ਬੰਦਾ ਹੰਕਾਰ[34] ਕਰਦਾ ਹੈ ਅਤੇ ਮਲੀਨ[36] ਦੌਲਤ[35] ਨੂੰ ਇਕੱਤਰ ਕਰਦਾ[37] ਹੈ ।
ਮਰਿ[38] ਮਰਿ ਜੰਮਹਿ[39] ਦੂਜਾ ਭਾਇਆ[40] ॥	He dies[38] and due to duality[40] suffers transmigration[39].	ਉਹ ਮਰ ਜਾਂਦਾ[38] ਹੈ ਅਤੇ ਦਵੈਤ[40]-ਭਾਵ ਦੇ ਕਾਰਨ ਆਵਾਗਉਣ[39] ਵਿਚ ਪੈਂਦਾ ਹੈ ।

ਬਿਨੁ ਸਤਿਗੁਰ ਸੇਵੇ ਮੁਕਤਿ[41] ਨ ਹੋਈ ਮਨਿ ਦੇਖਹੁ[42] ਲਿਵ ਲਾਈ[43] ਹੇ ॥੧੫॥	Without serving the True Guru, one is emancipated[41] not. O mind! ponder[43] thou over this and see[42].	ਸੱਚੇ ਗੁਰਾਂ ਦੀ ਚਾਕਰੀ ਕਮਾਏ ਬਗੈਰ ਬੰਦਾ ਮੋਖ਼ਸ਼[41] ਨਹੀਂ ਹੁੰਦਾ। ਹੇ ਮਨ! ਤੂੰ ਇਸ ਤੇ ਵੀਚਾਰ[43] ਕਰਕੇ ਵੇਖ ਲੈ[42]।
ਜੋ[44] ਤਿਸੁ[45] ਭਾਵੈ[46] ਸੋਈ[47] ਕਰਸੀ[48] ॥	Whatever[44] He[45] wills[46], that[47] alone He does[48].	ਜਿਹੜਾ[44] ਕੁੱਛ ਉਹ[45] ਚਾਹੁੰਦਾ[46] ਹੈ, ਕੇਵਲ ਉਹ[47] ਹੀ ਉਹ ਕਰਦਾ[48] ਹੈ।
ਆਪਹੁ[49] ਹੋਆ ਨ ਕਿਛੁ ਹੋਸੀ ॥	Of oneself[49], one has done nothing, nor will he ever do.	ਆਪਣੇ ਆਪ[49], ਨਾ ਬੰਦੇ ਨੇ ਕੁਝ ਕੀਤਾ ਹੈ, ਨਾ ਹੀ ਉਹ ਕਦੇ ਕਰੇਗਾ।
੧੦੪੭		
ਨਾਨਕ ਨਾਮੁ ਮਿਲੈ[53] ਵਡਿਆਈ[50] ਦਰਿ ਸਾਚੈ[51] ਪਤਿ ਪਾਈ[52] ਹੇ[54]॥੧੬॥੩॥	Nanak, through the Name, one is blessed[53] with glory[50] and obtains[54] honour[52] in the True Court[51].	ਨਾਨਕ, ਨਾਮ ਦੇ ਰਾਹੀਂ ਜੀਵ ਨੂੰ ਪ੍ਰਭਤਾ[50] ਦੀ ਦਾਤ ਮਿਲਦੀ[53] ਹੈ ਅਤੇ ਸੱਚੇ ਦਰਬਾਰ[51] ਅੰਦਰ ਉਹ ਇੱਜ਼ਤ[52] ਪਾਉਂਦਾ[54] ਹੈ।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ।
ਜੋ[59] ਆਇਆ ਸੋ[56] ਸਭੁ[57] ਕੋ ਜਾਸੀ[58] ॥	They who[59] are come; They[56] all[57] shall assuredly depart[58].	ਜਿਹੜੇ[59] ਆਏ ਹਨ, ਉਹ[56] ਸਾਰੇ[57] ਨਿਸਚਿਤ ਹੀ ਚਲੇ ਜਾਣਗੇ[58]।
ਦੂਜੈ[60] ਭਾਇ[61] ਬਾਧਾ[62] ਜਮ[63] ਫਾਸੀ[64] ॥	Attached[92] to another's[60] love[61], one falls into the Yama's[63] noose[64].	ਹੋਰਸ[60] ਦੇ ਪਿਆਰ[61] ਨਾਲ ਜੁੜਨ[62] ਦੁਆਰਾ ਇਨਸਾਨ ਯਮ[63] ਦੀ ਫਾਹੀ[64] ਵਿਚ ਪੈਂਦਾ ਹੈ।
ਸਤਿਗੁਰਿ ਰਾਖੇ[65] ਸੇ[66] ਜਨ[67] ਉਬਰੇ[68] ਸਾਚੇ ਸਾਚਿ[69] ਸਮਾਈ[70] ਹੇ ॥੧॥	The[66] persons[67], whom the True Guru saves[65], swim across[68] and merge[70] in the Truest of the True[69].	ਜਿਨ੍ਹਾਂ[66] ਪੁਰਸ਼ਾਂ[67] ਦੀ, ਸੱਚੇ ਗੁਰੂ ਜੀ ਰਖਿਆ ਕਰਦੇ[65] ਹਨ, ਉਹ ਪਾਰ ਉਤਰ ਜਾਂਦੇ[68]ਹਨ ਅਤੇ ਉਹ ਸਚਿਆਰਾਂ ਦੇ ਪਰਮ ਸਚਿਆਰ[69] (ਹਰੀ) ਅੰਦਰ ਲੀਨ ਹੋ ਜਾਂਦੇ[70] ਹਨ।
ਆਪੇ ਕਰਤਾ[71] ਕਰਿ[72] ਕਰਿ[73] ਵੇਖੈ ॥	Of Himself the Creator[71] creates[73] the creation[71] and then watches it.	ਖ਼ੁਦ ਹੀ ਰਚਨਹਾਰ[71] ਰਚਨਾ[72] ਨੂੰ ਰਚਦਾ[73] ਹੈ ਅਤੇ ਇਸ ਨੂੰ ਦੇਖਦਾ ਹੈ।
ਜਿਸ ਨੋ ਨਦਰਿ[74] ਕਰੇ[75] ਸੋਈ ਜਨੁ[76] ਲੇਖੈ[77] ॥	That person[76] alone becomes acceptable[77], to whom the Lord shows[75] mercy[74].	ਕੇਵਲ ਉਹ ਪੁਰਸ਼[76] ਹੀ ਕਬੂਲ[77] ਪੈਂਦਾ ਹੈ, ਜਿਸ ਉਤੇ ਸੁਆਮੀ ਮਿਹਰ[74] ਧਾਰਦਾ[75] ਹੈ।
ਗੁਰਮੁਖਿ[78] ਗਿਆਨੁ[79] ਤਿਸੁ[80] ਸਭੁ[81] ਕਿਛੁ ਸੂਝੈ[82] ਅਗਿਆਨੀ[83] ਅੰਧੁ[84] ਕਮਾਈ[85] ਹੇ ॥੨॥	The Guru-ward[78] attains Divine comprehension[79] and he understands[82] quintessence[80] and everything[81]. The man of ignorance[83] does[85] blind[84] deeds.	ਗੁਰੂ-ਸਮਰਪਣ[78] ਰੱਬੀ ਗਿਆਤ[79] ਪਾ ਲੈਂਦਾ ਹੈ ਅਤੇ ਉਹ ਅਸਲੀਅਤ[80] ਤੇ ਹਰ ਸ਼ੈ[81] ਨੂੰ ਸਮਝਦਾ[82] ਹੈ। ਬੇਸਮਝ ਬੰਦਾ[83] ਅੰਨ੍ਹੇ[84] ਕੰਮ ਕਰਦਾ[85] ਹੈ।
ਮਨਮੁਖ[86] ਸਹਸਾ[87] ਬੂਝ[88] ਨ ਪਾਈ ॥	The egocentric[86] is involved in doubt[87] and obtains not understanding[88].	ਆਪ-ਹੁਦਰਾ[86] ਸੰਦੇਹ[87] ਅੰਦਰ ਫਾਥਾ ਹੋਇਆ ਹੈ ਅਤੇ ਉਸ ਨੂੰ ਕੋਈ ਸਮਝ[88] ਨਹੀਂ ਪੈਂਦੀ।
ਮਰਿ[89] ਮਰਿ ਜੰਮੈ[90] ਜਨਮੁ[91] ਗਵਾਈ[92] ॥	He loses[92] his life[91] in vain, dies[89] and transmigrates[90].	ਉਹ ਆਪਣਾ ਜੀਵਨ[91] ਵੇਅਰਥ ਗੁਆ ਲੈਂਦਾ[92] ਹੈ, ਮਰ[89] ਵੰਝਦਾ ਹੈ ਅਤੇ ਆਵਾਗਉਣ[90] ਵਿਚ ਪੈਂਦਾ ਹੈ।

ਗੁਰਮੁਖਿ[93] ਨਾਮਿ ਰਤੇ[94] ਸੁਖੁ[98] ਪਾਇਆ ਸਹਜੇ[95] ਸਾਚਿ[96] ਸਮਾਈ[97] ਹੇ ॥੩॥

The Guru-ward[93] is imbued[94] with the Name, obtains peace[98] and easily[98] merges[97] in the True Lord[96].

ਗੁਰੂ-ਅਨੁਸਾਰੀ[93] ਨਾਮ ਨਾਲ ਰੰਗਿਆ ਹੋਇਆ ਹੈ, ਉਹ ਆਰਾਮ[98] ਪਾਉਂਦਾ ਹੈ ਅਤੇ ਸੁਖੈਨ[95] ਹੀ ਸੱਚੇ ਸਾਈਂ[96] ਵਿਚ ਲੀਨ[97] ਹੋ ਜਾਂਦਾ ਹੈ ।

ਧੰਧੈ[99] ਧਾਵਤ[100] ਮਨੁ ਭਇਆ ਮਨੂਰਾ[2] ॥

Running[100] after the worldly pursuits[99], the mind has rusted[2].

ਸੰਸਾਰੀ ਵਿਹਾਰਾਂ[99] ਮਗਰ ਦੌੜ ਭੱਜ[100] ਕੇ, ਮਨ ਜੰਗਾਲਿਆ ਗਿਆ[2] ਹੈ ।

ਫਿਰਿ[3] ਹੋਵੈ[4] ਕੰਚਨੁ[5] ਭੇਟੈ[6] ਗੁਰੁ ਪੂਰਾ[7] ॥

Meeting[6] with the Perfect[7] Guru, it is transmuted[4] into gold[5] again[3].

ਪੂਰਨ[7] ਗੁਰਾਂ ਨਾਲ ਮਿਲ ਕੇ[6] ਇਹ ਮੁੜ[3] ਕੇ ਸੋਨਾ[5] ਥੀ ਵੰਞਦਾ[4] ਹੈ ।

ਆਪੇ ਬਖਸਿ[8] ਲਏ ਸੁਖੁ[9] ਪਾਏ ਪੂਰੈ[10] ਸਬਦਿ[12] ਮਿਲਾਈ ਹੇ ॥੪॥

When the Lord, of Himself forgives[8] the mortal, he is blessed with bliss[9] and meets with the Lord through the Perfect[10] Gurbani[12].

ਜਦ ਪ੍ਰਭੂ ਆਪ ਪ੍ਰਾਣੀ ਨੂੰ ਮਾਫ ਕਰ ਦਿੰਦਾ[8] ਹੈ, ਤਾਂ ਉਸ ਨੂੰ ਖੁਸ਼ੀ[9] ਪ੍ਰਦਾਨ ਹੁੰਦੀ ਹੈ ਤੇ ਪੂਰਨ[10] ਗੁਰਬਾਣੀ[12] ਰਾਹੀਂ ਉਹ ਪ੍ਰਭੂ ਨਾਲ ਮਿਲ ਜਾਂਦਾ ਹੈ ।

ਦੂਰ[12*] ਮਤਿ[13] ਝੂਠੀ[14] ਬੁਰੀ[15] ਬੁਰਿਆਰਿ[16] ॥

The evil[12*]-intellected[13] bride is false[14], wicked[15] and pernicious[16],

ਮੰਦੀ[12*]-ਅਕਲ[13] ਵਾਲੀ ਪਤਨੀ ਕੂੜੀ[14], ਮਾੜੀ[15] ਅਤੇ ਭੈੜੀ[16] ਹੈ ।

ਅਉਗਣਿਆਰੀ[17] ਅਉਗਣਿਆਰਿ ॥

Of the sinners, she is the worst sinner[17].

ਪਾਪੀਆਂ ਵਿੱਚੋਂ ਉਹ ਪਰਮ ਪਾਪਣ[17] ਹੈ ।

ਕਚੀ[18] ਮਤਿ[19] ਫੀਕਾ[20] ਮੁਖਿ[21] ਬੋਲੈ[22] ਦੂਰ[23] ਮਤਿ[24] ਨਾਮੁ ਨ ਪਾਈ ਹੇ ॥੫॥

False[18] is her mind[19], insipid[20] her words[22] of mouth[21] and being of mal[23]-understanding[24], she obtains not the Name.

ਕੂੜਾ[18] ਹੈ ਉਸ ਦਾ ਮਨ[19], ਫਿਲੇ[20] ਹਨ ਉਸ ਦੇ ਮੂੰਹ[21] ਦੇ ਬਚਨ ਬਿਲਾਸ[22] ਅਤੇ ਖੋਟੀ[23] ਸਮਝ[24] ਦੇ ਕਾਰਨ ਉਹ ਨਾਮ ਨੂੰ ਪ੍ਰਾਪਤ ਨਹੀਂ ਹੁੰਦੀ ।

ਅਉਗਣਿਆਰੀ[25] ਕੰਤ[26] ਨ ਭਾਵੈ[27] ॥

The unvirtuous bride[25] is liked[27] not by her spouse[26].

ਕੁਕਰਮਣ ਪਤਨੀ[25] ਆਪਣੇ ਪਤੀ[26] ਨੂੰ ਚੰਗੀ ਨਹੀਂ ਲਗਦੀ[27] ।

ਮਨ[28] ਕੀ ਜੂਠੀ[29] ਜੂਠੁ[30] ਕਮਾਵੈ[31] ॥

Impure[29] at heart[28], she practises[31] impiety[30].

ਦਿਲ[28] ਦੀ ਮਲੀਣ[29] ਉਹ ਅਧਰਮ[30] ਦੀ ਕਿਰਤ ਕਰਦੀ[31] ਹੈ ।

ਪਿਰ[32] ਕਾ ਸਾਉ[33] ਨ ਜਾਣੈ ਮੂਰਖਿ[34] ਬਿਨੁ ਗੁਰ ਬੂਝ[35] ਨ ਪਾਈ ਹੇ ॥੬॥

The stupid[34] bride knows not the will[33] of her Groom[32]. Without the Guru, she obtains not understanding[35].

ਮੂੜ[34] ਪਤਨੀ ਆਪਣੇ ਪਤੀ[32] ਦੀ ਰਜ਼ਾ[33] ਨੂੰ ਨਹੀਂ ਜਾਣਦੀ । ਗੁਰਾਂ ਦੇ ਬਾਝੋਂ ਉਸ ਨੂੰ ਸਮਝ[35] ਪ੍ਰਾਪਤ ਨਹੀਂ ਹੁੰਦੀ ।

ਦੂਰ[36] ਮਤਿ[37] ਖੋਟੀ[38] ਖੋਟੂ[39] ਕਮਾਵੈ ॥

The evil[36]-intellected[37], wicked[28] wife practises wickedness[39].

ਮੰਦੀ[36] ਅਕਲ ਵਾਲੀ[37] ਪਾਪਣ[38] ਪਤਨੀ ਪਾਪ ਕਰਦੀ[39] ਹੈ ।

ਸੀਗਾਰੁ[40] ਕਰੇ ਪਿਰ[41] ਖਸਮ[42] ਨ ਭਾਵੈ[43] ॥

She makes decorations[40], but the Dear[41] spouse[42] loves[43] her not.

ਉਹ ਹਾਰਸ਼ਿੰਗਾਰ ਲਾਉਂਦੀ ਹੈ ਪਰ ਪਿਆਰਾ[41] ਪਤੀ[42] ਉਸ ਨੂੰ ਪਿਆਰ[43] ਨਹੀਂ ਕਰਦਾ ।

ਗੁਣਵੰਤੀ[44] ਸਦਾ ਪਿਰੁ ਰਾਵੈ[45] ਸਤਿਗੁਰਿ ਮੇਲਿ[46] ਮਿਲਾਈ[47] ਹੇ ॥੭॥

The virtuous bride[44] ever enjoys[45] her Groom and the True Guru unites[47] her in her Lord's union[46].

ਨੇਕੀ ਨਿਪੁੰਨ ਵਹੁਟੀ[44] ਹਮੇਸ਼ਾ ਆਪਣੇ ਕੰਤ ਨੂੰ ਮਾਣਦੀ[45] ਹੈ ਅਤੇ ਸੱਚੇ ਗੁਰੂ ਜੀ, ਉਸ ਨੂੰ, ਉਸ ਦੇ ਸਾਈਂ ਦੇ ਮਿਲਾਪ[46] ਵਿਚ ਮਿਲਾ ਦਿੰਦੇ[47] ਹਨ ।

ਆਪੇ ਹੁਕਮੁ[48] ਕਰੇ ਸਭੁ[50] ਵੇਖੈ[49] ॥	Of Himself the Lord commands[48] and beholds[49] all[50].	ਸਾਂਈਂ ਆਪ ਹੀ ਸਾਰਿਆਂ[50] ਨੂੰ ਹੁਕਮ ਦਿੰਦਾ[48] ਤੇ ਦੇਖਦਾ[49] ਹੈ।
ਇਕਨਾ[51] ਬਖਸਿ[52] ਲਏ ਧੁਰਿ[53] ਲੇਖੈ[54] ॥	There are some[51], whom the Lord forgives[52], in accordance with His eternal[53] writ[54].	ਕਈਆਂ[51] ਨੂੰ ਪ੍ਰਭੂ ਆਪਣੀ ਪਰਾਪੂਰਬਲੀ[53] ਲਿਖਤ-ਕਾਰ[54] ਅਨੁਸਾਰ ਮਾਫ਼ ਕਰ ਦਿੰਦਾ[52] ਹੈ।
ਅਨਦਿਨੁ[55] ਨਾਮਿ ਰਤੇ[56] ਸਚੁ[57] ਪਾਇਆ ਆਪੇ ਮੇਲਿ[58] ਮਿਲਾਈ[59] ਹੇ ॥੮॥	Night[56] and day they remain imbued[56] with the Name and obtain the True Lord. Of Himself the Lord unites[59] them in His union[58].	ਰਾਤ ਅਤੇ ਦਿਨ ਉਹ ਨਾਮ ਨਾਲ ਰੰਗੇ[56] ਰਹਿੰਦੇ ਹਨ ਅਤੇ ਸੱਚੇ ਸੁਆਮੀ[57] ਨੂੰ ਪਾ ਲੈਂਦੇ ਹਨ। ਆਪ ਹੀ ਸੁਆਮੀ ਉਨ੍ਹਾਂ ਨੂੰ ਆਪਣੇ ਮਿਲਾਪ[58] ਅੰਦਰ ਮਿਲਾ ਲੈਂਦਾ[59] ਹੈ।
ਹਉਮੈ[60] ਧਾਤੁ[61] ਮੋਹ[62] ਰਸਿ[63] ਲਾਈ[64] ॥	Self-conceit[60] attaches[64] man to the relish[63] of mammon[61] and worldly love[62].	ਸਵੈ-ਹੰਗਤਾ[60] ਬੰਦੇ ਨੂੰ ਮਾਇਆ[61] ਅਤੇ ਸੰਸਾਰੀ ਮਮਤਾ[62] ਦੇ ਸੁਆਦ[63] ਨਾਲ ਜੋੜ ਦਿੰਦੀ[64] ਹੈ।
ਗੁਰਮੁਖਿ[65] ਲਿਵ[66] ਸਾਚੀ ਸਹਜਿ[67] ਸਮਾਈ[68] ॥	Through true love[66], the Guru-ward[65] merges[68] in the Lord[67].	ਸੱਚੀ ਪ੍ਰੀਤ[66] ਰਾਹੀਂ, ਗੁਰੂ ਅਨੁਸਾਰੀ[65] ਸੁਆਮੀ[67] ਅੰਦਰ ਲੀਨ ਹੋ ਜਾਂਦਾ[68] ਹੈ।
ਆਪੇ ਮੇਲੈ[69] ਆਪੇ ਕਰਿ[70] ਵੇਖੈ[71] ਬਿਨੁ ਸਤਿਗੁਰ ਬੂਝ[72] ਨ ਪਾਈ ਹੇ ॥੯॥	The Lord Himself unites[69], Himself does[70] and sees[71] all. Without the True Guru, this understanding[72] is obtained not.	ਸੁਆਮੀ ਆਪ ਮਿਲਾਉਂਦਾ ਹੈ, ਆਪ ਹੀ ਸਾਰਾ ਕੁਛ ਕਰਦਾ[70] ਅਤੇ ਦੇਖਦਾ[71] ਹੈ। ਸੱਚੇ ਗੁਰਾਂ ਦੇ ਬਗੈਰ ਇਹ ਗਿਆਤ[72] ਪ੍ਰਾਪਤ ਨਹੀਂ ਹੁੰਦੀ।
ਇਕਿ[73] ਸਬਦੁ[74] ਵੀਚਾਰਿ[75] ਸਦਾ[76] ਜਨ[77] ਜਾਗੇ[78] ॥	There are some[73] persons[77] who reflect[75] on the Name[74] and ever[76] remain awake[78].	ਕਈ[73] ਪੁਰਸ਼[77] ਨਾਮ[74] ਦਾ ਚਿੰਤਨ ਕਰਦੇ[75] ਹਨ ਅਤੇ ਸਦੀਵ[76] ਹੀ ਜਾਗਦੇ[78] ਰਹਿੰਦੇ ਹਨ।
ਇਕਿ ਮਾਇਆ[79] ਮੋਹਿ[80] ਸੋਇ[81] ਰਹੇ ਅਭਾਗੇ[82] ॥	Some unfortunate[82] ones remain asleep[81] in the love[80] of worldly valuables[79].	ਕਈ ਨਿਕਰਮਣ[82] ਬੰਦੇ ਸੰਸਾਰੀ ਪਦਾਰਥਾਂ[79] ਦੀ ਪ੍ਰੀਤ[80] ਅੰਦਰ ਸੁੱਤੇ[81] ਰਹਿੰਦੇ ਹਨ।
ਆਪੇ ਕਰੇ[83] ਕਰਾਏ ਆਪੇ ਹੋਰੁ ਕਰਣਾ ਕਿਛੂ ਨ ਜਾਈ ਹੇ ॥੧੦॥	The Lord Himself does[83] and Himself makes others do. None else can do a thing.	ਪ੍ਰਭੂ ਆਪ ਕਰਦਾ[83] ਹੈ ਅਤੇ ਆਪ ਹੀ ਹੋਰਨਾਂ ਪਾਸੋਂ ਕਰਵਾਉਂਦਾ ਹੈ। ਹੋਰ ਕੋਈ ਜਣਾ ਕੁਝ ਨਹੀਂ ਕਰ ਸਕਦਾ।
ਕਾਲੁ[84] ਮਾਰਿ[85] ਗੁਰ ਸਬਦਿ[86] ਨਿਵਾਰੇ[87] ॥ ਹਰਿ ਕਾ ਨਾਮੁ ਰਖੈ ਉਰ[88] ਧਾਰੇ[89] ॥	Through the Guru's word[86], man overcomes[87] and slays[85] death[84] and keeps clasped[89] God's Name to his heart[88].	ਗੁਰਾਂ ਦੇ ਬਚਨ[86] ਰਾਹੀਂ, ਬੰਦਾ ਮੌਤ[84] ਨੂੰ ਕਾਬੂ[87] ਕਰਕੇ ਮਾਰ ਲੈਂਦਾ[85] ਹੈ ਅਤੇ ਵਾਹਿਗੁਰੂ ਦੇ ਨਾਮ ਨੂੰ ਆਪਣੇ ਦਿਲ[88] ਨਾਲ ਲਾਈ ਰਖਦਾ[89] ਹੈ।
ਸਤਿਗੁਰ ਸੇਵਾ[90] ਤੇ ਸੁਖੁ ਪਾਇਆ ਹਰਿ ਕੈ ਨਾਮਿ ਸਮਾਈ[91] ਹੇ ॥੧੧॥	By the True Guru's service[90], he attains peace and merges[91] in the God's Name.	ਗੁਰਾਂ ਦੀ ਘਾਲ[90] ਦੁਆਰਾ ਉਹ ਆਰਾਮ ਪਾਉਂਦਾ ਹੈ ਅਤੇ ਵਾਹਿਗੁਰੂ ਦੇ ਨਾਮ ਵਿੱਚ ਲੀਨ ਹੋ ਜਾਂਦਾ[91] ਹੈ।

ਦੂਜੈ[92] ਭਾਇ[91] ਫਿਰੈ[94] ਦੇਵਾਨੀ[93] ॥ ਮਾਇਆ[95] ਮੋਹਿ[96] ਦੁਖ[97] ਮਾਹਿ[98] ਸਮਾਨੀ[99] ॥	Due to another's[92] love the world wanders[94] about madly[93] and is engrossed[99] in[98] the pain[97] of worldly[95] love[96]	ਹੋਰਸ[92] ਦੀ ਪ੍ਰੀਤ[91] ਕਾਰਨ ਦੁਨੀਆ ਕਮਲੀ[93] ਹੋਈ ਫਿਰਦੀ[94] ਹੈ ਅਤੇ ਸੰਸਾਰੀ[95] ਮਮਤਾ[96] ਦੀ ਪੀੜ[97] ਅੰਦਰ[98] ਖੱਚਤ ਹੋਈ ਹੋਈ[99] ਹੈ ।
ਬਹੁਤੇ[100] ਭੇਖ[2] ਕਰੈ[3] ਨਹ ਪਾਏ ਬਿਨੁ ਸਤਿਗੁਰ ਸੁਖੁ[4] ਨ ਪਾਈ[5] ਹੇ ॥੧੨॥	Wearing[3] many[100] garb[2], the Lord is attained not. Without the True Guru, it finds[5] not bliss[4].	ਘਣੇਰੇ[100] ਭੇਸ[2] ਧਾਰਨ ਕਰਨ[3] ਦੁਆਰਾ, ਪ੍ਰਭੂ ਪ੍ਰਾਪਤ ਨਹੀਂ ਹੁੰਦਾ ਸੱਚੇ ਗੁਰਾਂ ਦੇ ਬਾਝੋਂ ਇਸ ਨੂੰ ਖ਼ੁਸ਼ੀ[4] ਨਹੀਂ ਮਿਲਦੀ[5] ।
ਕਿਸ[6] ਨੋ ਕਹੀਐ[7] ਜਾ[8] ਆਪਿ ਕਰਾਏ ॥	When the Lord Himself does everything, whom[6] should one blame[7], then ?	ਜਦ[8] ਸੁਆਮੀ ਖ਼ੁਦ ਹੀ ਸਭ ਕੁਝ ਕਰਦਾ ਹੈ ਤਾਂ ਆਦਮੀ ਕੀਹਦੇ[6] ਤੇ ਦੂਸ਼ਣ ਲਾਵੇ[7] ?
ਜਿਤੁ[9] ਭਾਵੈ[10] ਤਿਤੁ[12] ਰਾਹਿ[13] ਚਲਾਏ[14] ॥	As is His will[10], so[12] is tke path[13] he makes man take[14].	ਜੇਹੋ ਜੇਹੀ[9] ਉਸ ਦੀ ਰਜ਼ਾ[10] ਹੈ, ਉਹੋ ਜੇਹੇ[12] ਹੀ ਰਸਤੇ[13] ਉਹ ਬੰਦੇ ਨੂੰ ਪਾਉਂਦਾ[14] ਹੈ ।
ਆਪੇ ਮਿਹਰਵਾਨੁ[15] ਸੁਖ ਦਾਤਾ[16] ਜਿਉ[17] ਭਾਵੈ ਤਿਵੈ[18] ਚਲਾਈ[19] ਹੇ ॥੧੩॥	The Lord Himself is mercifull[15] and peace-giving[15]. As[17] is His will, so[18] drives[19] He the mortals.	ਮਾਲਕ ਖ਼ੁਦ ਮੇਹਰਵਾਨ[15] ਅਤੇ ਆਰਾਮ-ਦੇਣਹਾਰ[16] ਹੈ । ਜਿਸ ਤਰ੍ਹਾਂ[17] ਉਸ ਦੀ ਰਜ਼ਾ ਹੈ ਉਸੇ ਤਰ੍ਹਾਂ[18] ਹੀ ਉਹ ਪ੍ਰਾਣੀਆਂ ਨੂੰ ਤੋਰਦਾ[19] ਹੈ ।
ਆਪੇ ਕਰਤਾ[20] ਆਪੇ ਭੁਗਤਾ[21] ॥	He Himself is the Creator[20] and Himself the Enjoyer[21].	ਉਹ ਆਪ ਕਰਤਾਰ[20] ਹੈ ਤੇ ਆਪ ਹੀ ਅਨੰਦ ਮਾਣਨ ਵਾਲਾ[21] ।
ਆਪੇ ਸੰਜਮੁ[22] ਆਪੇ ਜੁਗਤਾ[23] ॥	He Himself is detached[22] and Himself attached[23].	ਉਹ ਆਪ ਨਿਰਲੇਪ[22] ਹੈ ਅਤੇ ਆਪ ਹੀ ਜੁੜਿਆ ਹੋਇਆ[23] ।
ਆਪੇ ਨਿਰਮਲੁ[24] ਮਿਹਰ ਵਾਨੁ[25] [26]ਮਧੁਸੂਦਨੁ[27] ਜਿਸ ਦਾ ਹੁਕਮੁ[28] ਨ ਮੇਟਿਆ[29] ਜਾਈ ਹੇ ॥੧੪॥	He Himself is immaculate[24], compassionate[25] and the Lover[27] of Nectar[26], whose will[28] can be erased[29] not.	ਉਹ ਖ਼ੁਦ ਹੀ ਪਵਿੱਤ੍ਰ[24] ਦਇਆਲੂ[25] ਅਤੇ ਅੰਮ੍ਰਿਤ[26] ਦਾ ਪਿਆਰਾ[27] ਹੈ, ਜਿਸ ਦੀ ਰਜ਼ਾ[28] ਮੇਸੀ[29] ਨਹੀਂ ਜਾ ਸਕਦੀ ।
ਸੇ[30] ਵਡ[31] ਭਾਗੀ[32] ਜਿਨੀ ਏਕੋ ਜਾਤਾ[33] ॥	They[30] alone are very[31] fortunate[32], who know[33] but One Lord.	ਕੇਵਲ ਉਹ[30] ਹੀ ਭਾਰੇ[31] ਨਸੀਬਾਂ ਵਾਲੇ[32]ਹਨ, ਜੋ ਸਿਰਫ਼ ਇੱਕ ਵਾਹਿਗੁਰੂ ਨੂੰ ਹੀ ਜਾਣਦੇ[33] ਹਨ ।
ਘਟਿ ਘਟਿ[34] ਵਸਿ[35] ਰਹਿਆ [36]ਜਗਜੀਵਨੁ[37] ਦਾਤਾ[38] ॥	The Beneficent[38] Lord, the Life[37] of world[36], abides[35] in all the hearts[34].	ਜਗਤ[36] ਦੀ ਜਿੰਦਜਾਨ[37], ਦਾਤਾਰ[38] ਸੁਆਮੀ, ਸਾਰਿਆਂ[34] ਦਿਲਾਂ ਅੰਦਰ ਵਸਦਾ[35] ਹੈ ।
ਇਕਥੈ[39] ਗੁਪਤੁ[40] ਪਰਗਟੁ[41] ਹੈ ਆਪੇ[42] ਗੁਰਮੁਖਿ[43] ਭਮੁ[44] ਭਉ[45] ਜਾਈ[46] ਹੇ ॥੧੫॥	He[42] is Unmanifest[40] and Manifest[41] at the same time[39]. By the Guru's gracc[43], doubt[44] and dread[45] are dispelled[46].	ਇੱਕੋ ਵਕਤ[39] ਹੀ ਉਹ[42] ਅਪ੍ਰਤੱਖ[40] ਅਤੇ ਪ੍ਰਤੱਖ[41] ਹੈ । ਗੁਰਾਂ ਦੀ ਦਇਆ[43] ਦੁਆਰਾ, ਸੰਦੇਹ[44] ਅਤੇ ਡਰ[45] ਦੂਰ ਹੁੰਦੇ[46] ਹਨ ।
੧੦੪੮		
ਗੁਰਮੁਖਿ ਹਰਿ ਜੀਉ[47] ਏਕੋ ਜਾਤਾ[48] ॥	By the Guru's grace, the mortal knows[48] the One[47] Sire Lord.	ਗੁਰਾਂ ਦੀ ਦਇਆ ਦੁਆਰਾ, ਪ੍ਰਾਣੀ ਇਕ ਮਹਾਰਾਜ[47] ਮਾਲਕ ਨੂੰ ਹੀ ਜਾਣਦਾ[48] ਹੈ ।

ਅੰਤਰਿ[49] ਨਾਮੁ ਸਬਦਿ[50] ਪਛਾਤਾ[51] ॥	Within[49] him is the Name and he knows[51] the Lord[50] alone.	ਉਸ ਦੇ ਅੰਦਰ[49] ਨਾਮ ਹੈ ਅਤੇ ਉਹ ਕੇਵਲ ਪ੍ਰਭੂ[50] ਨੂੰ ਹੀ ਪਛਾਣਦਾ[51] ਹੈ ।
ਜਿਸੁ ਤੂ ਦੇਹਿ ਸੋਈ[52] ਜਨੁ[53] ਪਾਏ ਨਾਨਕ ਨਾਮਿ ਵਡਾਈ[54] ਹੇ ॥੧੬॥੪॥	He whom Thou givest; That[52] man[53] alone receives the Name. O Nanak, greatness[54] lies only in the God's Name.	ਜਿਸ ਨੂੰ ਤੂੰ ਦਿੰਦਾ ਹੈਂ, ਕੇਵਲ ਉਹ[52] ਇਨਸਾਨ[53] ਹੀ ਨਾਮ ਨੂੰ ਪਾਉਂਦਾ ਹੈ । ਹੇ ਨਾਨਕ ! ਬਜ਼ੁਰਗੀ[54] ਰੱਬ ਦੇ ਨਾਮ ਵਿਚ ਹੀ ਹੈ ।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ ।
ਸਚੁ ਸਾਲਾਹੀ[55] ਗਹਿਰ[56] ਗੰਭੀਰੈ[57] ॥	I praise[55] my True, Deep[56] and Unfathomable[57] Lord.	ਮੈਂ ਆਪਣੇ ਸੱਚੇ, ਡੂੰਘੇ[56] ਅਤੇ ਬੇਥਾਹ[57] ਸੁਆਮੀ ਦਾ ਜੱਸ ਕਰਦਾ[55] ਹਾਂ ।
ਸਭੁ ਜਗੁ ਹੈ ਤਿਸ[58] ਹੀ ਕੈ ਚੀਰੈ[59] ॥	The whole world is in His[58] power[59].	ਸਾਰਾ ਸੰਸਾਰ ਉਸ[58] ਦੇ ਵਸ[59] ਵਿੱਚ ਹੈ ।
ਸਭਿ ਘਟ[60] ਭੋਗਵੈ[61] ਸਦਾ ਦਿਨੁ ਰਾਤੀ ਆਪੇ ਸੂਖ ਨਿਵਾਸੀ[62] ਹੇ ॥੧॥	Day and night, He ever enjoys[61] in all hearts[60] and Himself is the abode[62] of bliss.	ਦਿਨ ਅਤੇ ਰਾਤ ਉਹ ਹਮੇਸ਼ਾਂ ਸਾਰਿਆਂ ਦਿਲਾਂ[60] ਵਿੱਚ[61] ਅਨੰਦ ਮਾਣਦਾ ਹੈ ਅਤੇ ਖੁਦ ਪ੍ਰਸੰਨਤਾ ਦਾ ਟਿਕਾਣਾ[62] ਹੈ ।
ਸਚਾ ਸਾਹਿਬੁ ਸਚੀ ਨਾਈ[63] ॥	True is ths Lord and true is His Name[63].	ਸੱਚਾ ਹੈ ਸੁਆਮੀ ਅਤੇ ਸੱਚਾ ਹੈ ਉਸ ਦਾ ਨਾਮ[63] ।
ਗੁਰ ਪਰਸਾਦੀ[64] ਮੰਨਿ ਵਸਾਈ[65] ॥	By the Guru's grace[64], I enshrine[65] Him in my mind.	ਗੁਰਾਂ ਦੀ ਦਇਆ[64] ਦੁਆਰਾ ਮੈਂ ਉਸ ਨੂੰ ਚਿੱਤ ਵਿੱਚ ਟਿਕਾਉਂਦਾ[65] ਹਾਂ ।
ਆਪੇ ਆਇ ਵਸਿਆ ਘਟ[66] ਅੰਤਰਿ[67] ਤੂਟੀ[68] ਜਮ[69] ਕੀ ਫਾਸੀ[70] ਹੇ ॥੨॥	Of Himself, He has come to abide in[67] my mind and the death's[69] noose[70] is loosened[69] for me.	ਖੁਦ ਹੀ ਉਹ ਆ ਕੇ ਮੇਰੇ ਮਨ[66] ਵਿੱਚ[67] ਵੱਸ ਗਿਆ ਹੈ ਅਤੇ ਮੇਰੇ ਲਈ ਮੌਤ[69] ਦੀ ਫਾਹੀ[70] ਕੱਟੀ ਗਈ[68] ਹੈ ।
ਕਿਸੁ[71] ਸੇਵੀ[72] ਤੈ[73] ਕਿਸੁ ਸਾਲਾਹੀ[74] ॥	Whom[71] shonld I serve[72] and[72] whom praise[74] ?	ਮੈਂ ਕੀਹਦੀ[71] ਟਹਿਲ ਕਰਾਂ[72] ਅਤੇ[73] ਕੀਹਦੀ ਉਸਤਤੀ[74] ?
ਸਤਿਗੁਰੁ ਸੇਵੀ ਸਬਦਿ[75] ਸਾਲਾਹੀ[76] ॥	I serve the True Guru and praise[76] my Lord[75].	ਮੈਂ ਸੱਚੇ ਗੁਰਾਂ ਦੀ ਟਹਿਲ ਕਮਾਉਂਦਾ ਹਾਂ ਅਤੇ ਆਪਣੇ ਪ੍ਰਭੂ[75] ਦੀ ਕੀਰਤੀ ਗਾਇਨ ਕਰਦਾ[76] ਹਾਂ ।
ਸਚੈ ਸਬਦਿ[77] ਸਦਾ[78] ਮਤਿ[79] ਊਤਮ[80] ਅੰਤਰਿ[81] ਕਮਲੁ[82] ਪ੍ਰਗਾਸੀ[83] ਹੇ ॥੩॥	With the True Name[77], one's intellect[79] is rendered sublime[80] for aye[78] and his heart[81]-lotus[82] blooms[83].	ਸੱਚੇ ਨਾਮ[77] ਨਾਲ ਬੰਦੇ ਦੀ ਅਕਲ[79] ਸਦੀਵ[78] ਲਈ ਸ੍ਰੇਸ਼ਟ[80] ਹੋ ਜਾਂਦੀ ਹੈ ਅਤੇ ਉਸ ਦਾ ਦਿਲ[81]-ਕੰਵਲ[82] ਖਿੜ ਜਾਂਦਾ[83] ਹੈ ।
ਦੇਹੀ[84] ਕਾਚੀ[85] ਕਾਗਦ[86] ਮਿਕਦਾਰਾ[87] ॥	The body[84] is perishable[85] like[87] the paper[86].	ਕਾਗਜ਼[86] ਮਾਨੰਦ[87], ਸਰੀਰ[84] ਨਾਸਵੰਤ[85] ਹੈ ।
ਬੂੰਦ[88] ਪਵੈ[89] ਬਿਨਸੈ[90] ਢਹਤ[91] ਨ ਲਾਗੈ ਬਾਰਾ[92] ॥	When the drop[88] of water falls[89], it crumbles[90] and is wasted away[91] without delay[92].	ਜਦ ਪਾਣੀ ਦਾ ਤੁਪਕਾ[88] ਡਿੱਗ ਪੈਂਦਾ ਹੈ, ਇਹ ਗਲ ਜਾਂਦਾ[90] ਹੈ ਅਤੇ ਬਿਨਾ ਕਿਸੇ ਦੇਰੀ[92] ਦੇ ਨਾਸ ਹੋ ਜਾਂਦਾ[94] ਹੈ ।
ਕੰਚਨ[93] ਕਾਇਆ[94]	Gold-like[93] is the body[94] of him, who	ਸੋਨੇ ਵਰਗੀ[93] ਹੈ ਉਸ ਦੀ ਦੇਹ[94] ਜੋ ਗੁਰਾਂ ਦੇ

ਗੁਰਮੁਖਿ[95] ਬੂਝੈ[96] ਜਿਸੁ ਅੰਤਰਿ[97] ਨਾਮੁ ਨਿਵਾਸੀ[98] ਹੇ ॥੪॥	realises[96] the Lord, through the Guru[96] and within whose mind[97] the Name abides[98].	ਰਾਹੀਂ[95], ਸੁਆਮੀ ਨੂੰ ਅਨੁਭਵ ਕਰਦਾ[96] ਹੈ ਅਤੇ ਜਿਸ ਦੇ ਮਨ[97] ਅੰਦਰ ਨਾਮ ਵਸਦਾ[98] ਹੈ।
ਸਚਾ[99] ਚਉਕਾ[100] ਸੁਰਤਿ[2] ਕੀ ਕਾਰਾ[3] ॥	Pure[99] is the kitchen-enclosure[100], which is enclosed with the lines[3] of Divine knowledge[8].	ਪਵਿੱਤ੍ਰ[99] ਹੈ ਰਸੋਈ ਦਾ[100] ਵਲਗਣ, ਜੋ ਬ੍ਰਹਮ-ਗਿਆਨ[2] ਦੀਆਂ ਲਕੀਰਾਂ ਨਾਲ ਘਿਰਿਆ ਹੋਇਆ ਹੈ।
ਹਰਿ ਨਾਮੁ ਭੋਜਨੁ[4] ਸਚੁ[5] ਆਧਾਰਾ[6] ॥	God's Name is my diet[4] and truthfulness[5] my life's mainstay[6],	ਵਾਹਿਗੁਰੂ ਦਾ ਨਾਮ ਮੇਰੀ ਖ਼ੁਰਾਕ[4] ਹੈ ਅਤੇ ਸਚਾਈ[5] ਮੇਰੇ ਜੀਵਨ ਦਾ ਆਸਰਾ[6]।
ਸਦਾ[13] ਤ੍ਰਿਪਤਿ[7] ਪਵਿਤ੍ਰੁ[8] ਹੈ ਪਾਵਨੁ[9] ਜਿਤੁ ਘਟਿ[10] ਹਰਿ ਨਾਮੁ ਨਿਵਾਸੀ[12] ਹੇ ॥ ੫॥	Ever[13] satiated[7], immaculate[8] and pure[9] is the person, in whose mind[10] the Lord's name abides[12].	ਹਮੇਸ਼ਾ[13] ਰੱਜਿਆ ਹੋਇਆ[7] ਨਿਰਮਲ[8] ਅਤੇ ਪੁਨੀਤ[9] ਹੈ ਉਹ ਪੁਰਸ਼, ਜਿਸ ਦੇ ਮਨ[10] ਵਿਚ ਪ੍ਰਭੂ ਦਾ ਨਾਮ ਵਸਦਾ[12] ਹੈ।
ਹਉ ਤਿਨ[14] ਬਲਿਹਾਰੀ[15] ਜੋ ਸਾਚੈ[16] ਲਾਗੇ[17] ॥	I am a sacrifice[15] unto those[14], who are attached[17] to the True Name[16].	ਮੈਂ ਉਨ੍ਹਾਂ[14] ਉੱਤੋਂ ਕੁਰਬਾਨ[15] ਜਾਂਦਾ ਹਾਂ, ਜੋ ਸੱਚੇ[16] ਨਾਮ ਨਾਲ ਜੁੜੇ ਹੋਏ[17] ਹਨ।
ਹਰਿ ਗੁਣ[18] ਗਾਵਹਿ[21] ਅਨਦਿਨੁ[19] ਜਾਗੇ[20] ॥	They celebrate[21] the Lord's praise[18] and night[19] and day remain awake[20].	ਉਹ ਸੁਆਮੀ ਦਾ ਜੱਸ[18] ਗਾਇਨ ਕਰਦੇ[21] ਹਨ ਅਤੇ ਰੈਣ[19] ਤੇ ਦਿਹੁੰ ਜਾਗਦੇ ਰਹਿੰਦੇ[20] ਹਨ।
ਸਾਚਾ ਸੂਖੁ[22] ਸਦਾ[23] ਤਿਨ ਅੰਤਰਿ[24] ਰਸਨਾ[25] ਹਰਿ ਰਸਿ[26] ਰਾਸੀ[27] ਹੇ ॥੬॥	True happiness[22] ever[23] abides within[24] them and their tongue[25] enjoys[27] the God's elixir[16].	ਸੱਚੀ ਖ਼ੁਸ਼ੀ[22] ਹਮੇਸ਼ਾ[23] ਹੀ ਉਨ੍ਹਾਂ ਦੇ ਅੰਦਰ[24] ਵਸਦੀ ਹੈ ਅਤੇ ਉਨ੍ਹਾਂ ਦੀ ਜੀਭ[25] ਵਾਹਿਗੁਰੂ ਦੇ ਅੰਮ੍ਰਿਤ[26] ਨੂੰ ਮਾਣਦੀ[27] ਹੈ।
ਹਰਿ ਨਾਮੁ ਚੇਤਾ[28] ਅਵਰੁ[29] ਨ ਦੂਜਾ[30] ॥	I remember[28] only the Lord's Name and adore not any[29] other[30].	ਮੈਂ ਸਿਰਫ਼ ਸੁਆਮੀ ਦੇ ਨਾਮ ਨੂੰ ਹੀ ਸਿਮਰਦਾ[28] ਹਾਂ ਅਤੇ ਹੋਰਸ[30] ਕਿਸੇ[29] ਨੂੰ ਨਹੀਂ ਪੂਜਦਾ।
ਏਕੋ ਸੇਵੀ[31] ਅਵਰੁ ਨ ਦੂਜਾ ॥	I serve[31] the One Lord and not another.	ਮੈਂ ਇਕ ਸਾਂਈਂ ਦੀ ਸੇਵਾ ਕਰਦਾ[31] ਹਾਂ ਤੇ ਕਿਸੇ ਹੋਰਸ ਦੀ ਨਹੀਂ।
ਪੂਰੈ[32] ਗੁਰਿ ਸਭੁ[33] ਸਚੁ ਦਿਖਾਇਆ ਸਚੈ ਨਾਮਿ ਨਿਵਾਸੀ[34] ਹੇ ॥੭॥	The Perfect[32] Guru has shown me the entire[33] truth and I abide[34] in the True Name.	ਪੂਰਨ[32] ਗੁਰਦੇਵ ਜੀ ਨੇ ਮੈਨੂੰ ਸਮੂਹ[33] ਸੱਚ ਵਿਖਾਲ ਦਿੱਤਾ ਹੈ ਅਤੇ ਮੈਂ ਸਤਿਨਾਮ ਅੰਦਰ ਵਸਦਾ[34] ਹਾਂ।
ਭ੍ਰਮਿ[35] ਭ੍ਰਮਿ ਜੋਨੀ[36] ਫਿਰਿ[37] ਫਿਰਿ ਆਇਆ ॥	Wandering[35], wandering through species[36] again[37] and again, the mortal has come.	ਮੁੜ[37] ਮੁੜ ਕੇ ਜੂਨੀਆਂ[36] ਅੰਦਰ ਭਟਕਦਾ[35], ਭਟਕਦਾ ਹੋਇਆ ਪ੍ਰਾਣੀ ਆਇਆ ਹੈ।
ਆਪਿ[38] ਭੁਲਾ[39] ਜਾ[40] ਖਸਮਿ[41] ਭੁਲਾਇਆ[42] ॥	When[40] duped[42] by the Lord[41], he automatlcally[38] goes astray[39].	ਜਦ[40] ਸੁਆਮੀ[41] ਗੁਮਰਾਹ ਕਰਦਾ[42] ਹੈ, ਉਹ ਖ਼ੁਦ-ਬ-ਖ਼ੁਦ[38] ਹੀ ਕੁਰਾਹੇ ਪੈ ਜਾਂਦਾ[39] ਹੈ।
ਹਰਿ ਜੀਉ[43] ਮਿਲੈ[43*] ਤਾ[44] ਗੁਰਮੁਖਿ[45] ਬੂਝੈ[46] ਚੀਨੈ[47] ਸਬਦੁ[48] ਅਬਿਨਾਸੀ[49] ਹੇ ॥ ੮॥	When by Guru's grace[45], man understands[46] and remembers[47] the Name[48] of the Immortal Lord[49], then[44] meets[43*] he with the reverend[43] God.	ਜਦ ਗੁਰਾਂ ਦੀ ਦਇਆ[45] ਦੁਆਰਾ, ਬੰਦਾ ਅਮਰ ਸੁਆਮੀ[49] ਨੂੰ ਸਮਝ ਲੈਂਦਾ[46] ਹੈ ਤੇ ਉਸ ਦੇ ਨਾਮ[48] ਦਾ ਆਰਾਧਨ ਕਰਦਾ[47] ਹੈ, ਤਦ[44] ਉਹ ਮਾਣਨੀਯ[43] ਵਾਹਿਗੁਰੂ ਨਾਲ ਮਿਲ[43*] ਜਾਂਦਾ ਹੈ।

ਕਾਮਿ[50] ਕ੍ਰੋਧਿ[51] ਭਰੇ[52] ਹਮ[53] ਅਪਰਾਧੀ[54] ॥

I[53], the sinner[54], am brimful[52] with lust[50] and wrath[51].

ਮੈਂ[53] ਪਾਪੀ[54], ਵਿਸ਼ੇ ਭੋਗ[50] ਅਤੇ ਗੁੱਸੇ[51] ਨਾਲ ਪਰੀਪੂਰਨ[52] ਹਾਂ ।

ਕਿਆ[55] ਮੁਹੁ[57] ਲੈ ਬੋਲਹ[58] ਨਾ ਹਮ ਗੁਣ[59] ਨ ਸੇਵਾ ਸਾਧੀ[61] ॥

I have no virtue[59], nor have I rendered[61] any service[60]. With what[55] face[57], therefore, can I utter[58] aught ?

ਮੇਰੇ ਵਿਚ ਕੋਈ ਨੇਕੀ[59] ਨਹੀਂ, ਨਾ ਹੀ ਮੈਂ ਕੋਈ ਟਹਿਲ[60] ਕਮਾਈ[61] ਹੈ । ਕਿਹੜੇ[55] ਮੂੰਹ[57] ਨਾਲ ਇਸ ਲਈ ਮੈਂ ਕੁਝ ਕਹਿ ਸਕਦਾ[58] ਹਾਂ ?

ਡੂਬਦੇ[62] ਪਾਥਰ[63] ਮੇਲਿ[64] ਲੈਹੁ ਤੁਮ ਆਪੇ[65] ਸਾਚੁ ਨਾਮੁ ਅਬਿਨਾਸੀ[66] ਹੇ ॥੯॥

Thou Thyself[65], O Lord, unite[64] me, the sinking[62] stone[63], with Thee. Ever eternal[66] is Thine True Name.

ਤੂੰ ਆਪ[65] ਹੀ, ਹੇ ਸੁਆਮੀ ! ਮੈਂ ਡੁਬਦੇ[62] ਹੋਏ ਪੱਥਰ[63] ਨੂੰ ਆਪਣੇ ਨਾਲ ਮਿਲਾ ਲੈ[64] । ਸਦੀਵੀ ਕਾਲ[66] ਸਥਾਈ ਹੈ ਤੇਰਾ ਸੱਚਾ ਨਾਮ ।

ਨਾ ਕੋਈ ਕਰੇ[67] ਨ ਕਰਣੈ ਜੋਗਾ[68] ॥

None can do[67] a thing, nor is any one potent[68] to do.

ਕੋਈ ਜਣਾ ਕੁਝ ਨਹੀਂ ਕਰ[67] ਸਕਦਾ, ਨਾ ਹੀ ਕੋਈ ਜਣਾ ਕਰਨ ਨੂੰ ਸਮਰਥ[68] ਹੈ ।

ਆਪੇ[69] ਕਰਹਿ[70] ਕਰਾਵਹਿ ਸੁ[71] ਹੋਇਗਾ[72] ॥

Whatever He Himself[69] does[70] or causes to be done; That[71] alone comes to pass[72].

ਜਿਹੜਾ ਕੁੱਛ ਉਹ ਹਰੀ ਖ਼ੁਦ[69] ਕਰਦਾ[70] ਹੈ ਜਾਂ ਕਰਾਉਂਦਾ ਹੈ; ਕੇਵਲ ਉਹ[71] ਹੀ ਹੁੰਦਾ[72] ਹੈ ।

ਆਪੇ ਬਖਸਿ[73] ਲੈਹਿ ਸੁਖੁ[74] ਪਾਏ[75] ਸਦ ਹੀ[76] ਨਾਮਿ ਨਿਵਾਸੀ[77] ਹੇ ॥੧੦॥

He, whom He Himself forgives[73], is blest[75] with bliss[74] and ever[76] abides[77] in the Name.

ਜਿਸ ਨੂੰ ਉਹ ਖ਼ੁਦ ਮਾਫ਼ ਕਰ ਦਿੰਦਾ[73] ਹੈ, ਉਸ ਨੂੰ ਖ਼ੁਸ਼ੀ[74] ਪਰਦਾਨ[75] ਹੁੰਦੀ ਹੈ ਤੇ ਉਹ ਹਮੇਸ਼ਾ[76] ਨਾਮ ਅੰਦਰ ਵਸਦਾ[77] ਹੈ ।

ਇਹੁ ਤਨੁ[78] ਧਰਤੀ[79] ਸਬਦੁ[80] ਬੀਜਿ[81] ਅਪਾਰਾ[82]॥ ਹਰਿ ਸਾਚੇ[86] ਸੇਤੀ[83] ਵਣਜੁ[84] ਵਾਪਾਰਾ[85] ॥

If this body[78] be the earth[79] and the Infinite[82] Name[80] the seed[81], then man has trade[84] and dealings[85] with[83] the True Lord[86] alone.

ਜੇਕਰ ਇਹ ਦੇਹ[78] ਜ਼ਿਮੀਂ[79] ਹੋਵੇ ਅਤੇ ਬੇਅੰਤ[82] ਨਾਮ[80] ਬੀਜ[81], ਤਦ ਬੰਦਾ ਕੇਵਲ ਸੱਚੇ ਸੁਆਮੀ[86] ਨਾਲ[83] ਹੀ ਸੌਦਾ ਸੂਤ[84] ਤੇ ਲੈਣ ਦੇਣ[85] ਕਰਦਾ ਹੈ ।

ਸਚੁ ਧਨੁ[86*] ਜੰਮਿਆ[87] ਤੋਟਿ[88] ਨ ਆਵੈ ਅੰਤਰਿ[89] ਨਾਮੁ ਨਿਵਾਸੀ[90] ਹੇ ॥੧੧॥

Within him grows[87] the true wealth[86*] and it exhausts[88] not and within[89] him abides[90] the Name.

ਉਸ ਦੇ ਅੰਦਰ ਸੱਚੀ ਦੌਲਤ[86*] ਵਧਦੀ ਫੁਲਦੀ[87] ਹੈ, ਤੇ ਇਹ ਮੁਕਦੀ[88] ਨਹੀਂ ਅਤੇ ਉਸ ਦੇ ਅੰਦਰ[89] ਨਾਮ ਟਿਕ ਜਾਂਦਾ[90] ਹੈ ।

ਹਰਿ ਜੀਉ[91] ਅਵਗਣਿ ਆਰੇ[92] ਨੋ ਗੁਣੁ[93] ਕੀਜੈ ॥ ਆਪੇ[94] ਬਖਸਿ[95] ਲੈਹਿ ਨਾਮੁ ਦੀਜੈ[96] ॥

O my Reverned[91] Lord, do thou good[93] unto me, the sinner[92]. Forgive[95] Thou me Thyself[94] and bless[96] me with Thine Name.

ਹੇ ਮੇਰੇ ਪੂਜਯ[91] ਪ੍ਰਭੂ ! ਤੂੰ, ਮੈਂ ਪਾਪੀ[92] ਦਾ, ਭਲਾ[93] ਕਰ । ਤੂੰ ਮੈਨੂੰ ਖ਼ੁਦ[94] ਮਾਫ਼ੀ ਦੇ ਦੇ[95] ਅਤੇ ਮੈਨੂੰ ਆਪਣਾ ਨਾਮ ਪ੍ਰਦਾਨ[96] ਕਰ ।

ਗੁਰਮੁਖਿ[97] ਹੋਵੈ ਸੋ[98] ਪਤਿ[99] ਪਾਏ ਇਕਤੁ[100] ਨਾਮਿ ਨਿਵਾਸੀ ਹੇ ॥੧੨॥

He[98], who gets resigned to the Guru's will[97], obtains honour[99] and resides in the Name of the One Lord[100].

ਜੋ ਗੁਰੂ-ਅਨੁਸਾਰੀ[97] ਬੀ ਵੰਝਦਾ ਹੈ, ਉਹ[98] ਇੱਜ਼ਤ[99] ਪਾਉਂਦਾ ਹੈ ਅਤੇ ਇਕ ਸੁਆਮੀ[100] ਦੇ ਨਾਮ ਅੰਦਰ ਵਸਦਾ ਹੈ ।

ਅੰਤਰਿ[2] ਹਰਿ ਧਨੁ[3] ਸਮਝ[4] ਨ ਹੋਈ ॥

God's wealth[3] is within[2] the mortal but he knows[4] it not.

ਵਾਹਿਗੁਰੂ ਦੀ ਦੌਲਤ[3] ਪ੍ਰਾਣੀ ਦੇ ਅੰਦਰ[2] ਹੈ ਪ੍ਰੰਤੂ ਉਹ ਇਸ ਨੂੰ ਜਾਣਦਾ[4] ਨਹੀਂ ।

ਗੁਰ ਪਰਸਾਦੀ[5] ਬੂਝੈ[6] ਕੋਈ[7] ॥

By the Guru's grace[5], some rare[7] one knows[6] it.

ਗੁਰਾਂ ਦੀ ਦਇਆ[5] ਦੁਆਰਾ, ਕੋਈ ਵਿਰਲਾ[7] ਇਸ ਨੂੰ ਜਾਣ ਲੈਂਦਾ[6] ਹੈ ।

ਗੁਰਮੁਖਿ[8] ਹੋਵੈ ਸੋ ਧਨੁ[9] ਪਾਏ[10] ਸਦ ਹੀ ਨਾਮਿ ਨਿਵਾਸੀ ਹੇ ॥੧੩॥

He, who is Guru-ward[8], is blessed[10] with the Lord's wealth[9] and lives he ever in the Name.

ਜੋ ਗੁਰੂ-ਅਨੁਸਾਰੀ[8] ਹੈ, ਉਸ ਨੂੰ ਸੁਆਮੀ ਦੀ ਦੌਲਤ[9] ਦੀ ਦਾਤ ਮਿਲਦੀ[10] ਹੈ ਅਤੇ ਸਦੀਵ ਹੀ ਉਹ ਨਾਮ ਅੰਦਰ ਵਸਦਾ ਹੈ।

ਅਨਲ[12] ਵਾਉ[13] ਭਰਮਿ[14] ਭੁਲਾਈ[15] ॥

The fire[12] of desire, and the wind[13] of hope stray[15] the man in doubt[14].

ਖ਼ਾਹਿਸ਼ ਦੀ ਅੱਗ[12] ਅਤੇ ਉਮੈਦ ਦੀ ਹਵਾ[13], ਬੰਦੇ ਨੂੰ ਭਰਮ[14] ਅੰਦਰ ਭੁਲਾ ਦਿੰਦੇ[15] ਹਨ।

ਮਾਇਆ[16] ਮੋਹਿ[17] ਸੁਧਿ[18] ਨ ਕਾਈ ॥

In the love[17] of riches[16] he has no understanding[18].

ਧਨ-ਦੌਲਤ[16] ਦੇ ਪਿਆਰ[17] ਅੰਦਰ ਉਸ ਨੂੰ ਕੋਈ ਸਮਝ[18] ਨਹੀਂ ਪੈਂਦੀ।

ਮਨਮੁਖ[19] ਅੰਧੇ[20] ਕਿਛੁ ਨ[21] ਸੂਝੈ ਗੁਰਮਤਿ[22] ਨਾਮੁ ਪ੍ਰਗਾਸੀ[23] ਹੇ ॥੧੪॥

The blind[20] egocentric[19] sees[21] but nothing. By the Guru's teaching[22] the Name is manifested[23].

ਅੰਨ੍ਹੇ[20], ਆਪ-ਹੁਦਰੇ[19] ਨੂੰ ਕੁਝ ਭੀ ਨਹੀਂ ਦਿਸਦਾ[21]। ਗੁਰਾਂ ਦੇ ਉਪਦੇਸ਼[22] ਦੁਆਰਾ ਨਾਮ ਪ੍ਰਗਟ[23] ਹੁੰਦਾ ਹੈ।

੧੦੪੯

ਮਨਮੁਖ ਹਉਮੈ[24] ਮਾਇਆ[25] ਸੂਤੇ[26] ॥

The way-ward are asleep[26] in self-conceit[24] and worldly valuables[25].

ਆਪ-ਹੁਦਰੇ, ਸਵੈ-ਹੰਗਤਾ[24] ਅਤੇ ਸੰਸਾਰੀ ਪਦਾਰਥਾਂ[25] ਅੰਦਰ ਸੁੱਤੇ ਪਏ[26] ਹਨ।

ਅਪਣਾ ਘਰੁ[27] ਨ ਸਮਾਲਹਿ[28] ਅੰਤਿ[29] ਵਿਗੂਤੇ[35] ॥

They guard[29] not their home[27] and are ruined[30] in the end[29].

ਉਹ ਆਪਣੇ ਧਾਮ[27] ਦੀ ਰਖਵਾਲੀ[28] ਨਹੀਂ ਕਰਦੇ ਅਤੇ ਅਖ਼ੀਰ[29] ਨੂੰ ਤਬਾਹ ਹੋ ਜਾਂਦੇ[30] ਹਨ।

ਪਰ[31] ਨਿੰਦਾ[32] ਕਰਹਿ ਬਹੁ[33] ਚਿੰਤਾ[34] ਜਾਲੈ[35] ਦੁਖੇ ਦੁਖਿ[36] ਨਿਵਾਸੀ ਹੇ ॥੧੫॥

They slander[32] others[31], burn[35] in the fire of great[33] care[34] and abide in terrible pain[36].

ਉਹ ਹੋਰਨਾਂ[31] ਦੀ ਬਦਖ਼ੋਈ[32] ਕਰਦੇ ਹਨ, ਵੱਡੇ[33] ਫ਼ਿਕਰ[34] ਦੀ ਅੱਗ ਵਿਚ ਸੜਦੇ[35] ਹਨ ਅਤੇ ਭਿਆਨਕ ਤਕਲੀਫ਼[36] ਅੰਦਰ ਰਹਿੰਦੇ ਹਨ।

ਆਪੇ ਕਰਤੈ[37] ਕਾਰ[38] ਕਰਾਈ[39] ॥

Of Himself the Creator[37] has accomplished[39] the deed[38].

ਸਿਰਜਣਹਾਰ[37] ਨੇ ਆਪ ਹੀ ਕੰਮ[38] ਸਿਰੇ ਚਾੜ੍ਹਿਆ[39] ਹੈ।

ਆਪੇ ਗੁਰਮੁਖਿ[40] ਦੇਇ ਬੁਝਾਈ[41] ॥

The Guru-ward[40], He Himself blesses with understanding[41].

ਗੁਰੂ-ਅਨੁਸਾਰੀ[40] ਨੂੰ ਉਹ ਆਪ ਹੀ ਸਮਝ[41] ਪਰਦਾਨ ਕਰਦਾ ਹੈ।

ਨਾਨਕ ਨਾਮਿ ਰਤੇ[12] ਮਨੁ[43] ਨਿਰਮਲੁ[41] ਨਾਮੇ ਨਾਮਿ[45] ਨਿਵਾਸੀ ਹੇ ॥੧੬॥੫॥

Nanak, imbued[42] with the Name, man[43] becomes immaculate[44] and abides in nothing but the Name[45].

ਨਾਨਕ, ਨਾਮ ਨਾਲ ਰੰਗੀਜ[42] ਕੇ ਬੰਦਾ[43] ਪਵਿੱਤਰ[44] ਹੋ ਜਾਂਦਾ ਹੈ ਅਤੇ ਨਿਰੋਲ ਨਾਮ[45] ਅੰਦਰ ਹੀ ਵਸਦਾ ਹੈ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ।

ਏਕੋ ਸੇਵੀ[46] ਸਦਾ[87] ਥਿਰੁ[48] ਸਾਚਾ ॥

Serve[46] I the One Lord, who is ever[47]-stable[48] and true.

ਮੈਂ ਇੱਕ ਸੁਆਮੀ ਦੀ ਘਾਲ ਕਮਾਉਂਦਾ[46] ਹਾਂ, ਜੋ ਸਦੀਵੀ[47] ਸਥਿਰ[48] ਤੇ ਸੱਚਾ ਹੈ।

ਦੂਜੈ[49] ਲਾਗਾ[50] ਸਭੁ ਜਗੁ ਕਾਚਾ[51] ॥

Attached[50] to duality[49], the entire world is false[51].

ਦਵੈਤ ਭਾਵਨਾ[49] ਨਾਲ ਜੁੜੀ ਹੋਈ[50] ਸਾਰੀ ਦੁਨੀਆਂ ਕੂੜੀ[51] ਹੈ।

ਗੁਰਮਤੀ[52] ਸਦਾ ਸਚੁ[53] ਸਾਲਾਹੀ[54] ਸਾਚੇ ਹੀ ਸਾਚਿ[55]

Through the Guru's instruction[52], praise[54] I ever the True Lord[53] and

ਗੁਰਾਂ ਦੇ ਉਪਦੇਸ਼[52] ਰਾਹੀਂ ਮੈਂ ਸਦੀਵ ਹੀ ਸੱਚੇ ਸਾਂਈ[53] ਦੀ ਸਿਫ਼ਤ ਸ਼ਲਾਘਾ[54] ਕਰਦਾ ਹਾਂ ਅਤੇ ਸਚਿਆਰਾਂ[55]

ਪਤੀਜੈ[56] ਹੇ ॥੧॥	with the Truest of the true[55] my soul is pleased[56].	ਦੇ ਪਰਮ-ਸਚਿਆਰ ਨਾਲ ਮੇਰੀ ਆਤਮਾ ਪ੍ਰਸੰਨ[56] ਥੀ ਗਈ ਹੈ ।
ਤੇਰੇ ਗੁਣ[57] ਬਹੁਤੇ ਮੈ ਏਕੁ ਨ ਜਾਤਾ[58] ॥	Thine virtues[57] are many, O Lord. I know[58] not even one.	ਤੇਰੀਆਂ ਨੇਕੀਆਂ[57] ਘਣੇਰੀਆਂ ਹਨ ਹੇ ਸੁਆਮੀ ! ਮੈਂ ਇਕ ਨੂੰ ਭੀ ਨਹੀਂ ਜਾਣਦਾ[58] ।
ਆਪੇ ਲਾਇ[59] ਲਏ[60] ਜਗਜੀਵਨੁ[61] ਦਾਤਾ[62] ॥	The Beneficent Lord[62], the Life[61] of the world[60], Himself attaches[59] one to his service.	ਜਗਤ[60] ਦੀ ਜਿੰਦ ਜਾਨ[61], ਦਾਤਾਰ ਸੁਆਮੀ[62] ਆਪ ਹੀ ਜੀਵ ਨੂੰ ਆਪਣੀ ਸੇਵਾ ਵਿਚ ਜੋੜ ਲੈਂਦਾ[59] ਹੈ ।
ਆਪੇ ਬਖਸੇ[63] ਦੇ[64] ਵਡਿਆਈ[65] ਗੁਰਮਤਿ[66] ਇਹੁ ਮਨੁ[67] ਭੀਜੈ[68] ਹੇ ॥੨॥	The Lord Himself forgives[63] and blesses[64] with glory[65]. By the Guru's instruction[66] this soul[67] is delighted[68].	ਸਾਹਿਬ ਖੁਦ ਮਾਫ ਕਰਦਾ[63] ਅਤੇ ਪ੍ਰਭੁਤਾ[65] ਬਖਸ਼ਦਾ[64] ਹੈ । ਗੁਰਾਂ ਦੇ ਉਪਦੇਸ਼[66] ਦੁਆਰਾ ਇਹ ਮਨ[67] ਹਰੀ-ਰਸ ਵਿਚ ਭਿਜਦੀ[68] ਹੈ ।
ਮਾਇਆ[69] ਲਹਰਿ[70] ਸਬਦਿ[71] ਨਿਵਾਰੀ[72] ॥ਇਹੁ ਮਨੁ[73] ਨਿਰਮਲੁ[74] ਹਉਮੈ[75] ਮਾਰੀ[76] ॥	Through the Name[71], I am now rid[72] of the tide[70] of mammon[69] and by stilling[76] ego[75], this soul[73] of mine is rendered immaculate[74].	ਨਾਮ[71] ਦੇ ਰਾਹੀਂ ਮੈਂ ਹੁਣ ਮੋਹਣੀ[69] ਦੀ ਲਹਿਰ[70] (ਵੇਗ, ਮਾਰ) ਤੋਂ ਖਲਾਸੀ ਪਾ ਗਿਆ[72] ਹਾਂ ਅਤੇ ਹੰਕਾਰ[75] ਨਵਿਰਤ[76] ਕਰਨ ਦੁਆਰਾ ਮੇਰੀ ਇਹ ਆਤਮਾ[73] ਪਵਿੱਤਰ[74] ਹੋ ਗਈ ਹੈ ।
ਸਹਜੇ[77] ਗੁਣ[78] ਗਾਵੈ ਰੰਗਿ[79] ਰਾਤਾ[80] ਰਸਨਾ[81] ਰਾਮੁ[82] ਰਵੀਜੈ[83] ਹੇ ॥੩॥	Imbued[80] with the Lord's love[79], I now easily[77] sing His praise[78] and my tongue[81] utters[83] the Lord's[82] Name.	ਪ੍ਰਭੂ ਦੀ ਪ੍ਰੀਤ[79] ਨਾਲ ਰੰਗਿਆ ਹੋਇਆ[80] ਮੈਂ ਹੁਣ ਸੁਖੈਨ[77] ਹੀ ਉਸ ਦਾ ਜੱਸ[78] ਗਾਇਨ ਕਰਦਾ ਹਾਂ ਅਤੇ ਮੇਰੀ ਜੀਭ੍ਹਾ[81] ਪ੍ਰਭੂ[82] ਦੇ ਨਾਮ ਦਾ ਉਚਾਰਨ ਕਰਦੀ[83] ਹੈ ।
ਮੇਰੀ[84] ਮੇਰੀ ਕਰਤ[86] ਵਿਹਾਣੀ[85] ॥	The mortal passes[85] his life saying[86] "This is mine[84], mine".	"ਇਹ ਮੇਂਡੀ[84] ਹੈ, ਮੇਂਡੀ ਹੈ" ਕਹਿੰਦਾ ਹੋਇਆ[86] ਪ੍ਰਾਨੀ ਆਪਣਾ ਜੀਵਨ ਗੁਜ਼ਾਰ ਦਿੰਦਾ[85] ਹੈ ।
ਮਨਮੁਖਿ[87] ਨ ਬੂਝੈ[88] ਫਿਰੈ[89] ਇਆਣੀ[90] ॥	The egocentric[87] chastens[88] not herself and wanders[89] about in ignorance[90].	ਆਪ-ਹੁਦਰੀ[87] ਆਪਣੇ ਆਪ ਨੂੰ ਸੁਧਾਰਦੀ[88] ਨਹੀਂ ਅਤੇ ਬੇਸਮਝੀ[90] ਅੰਦਰ ਭਟਕਦੀ ਫਿਰਦੀ[89] ਹੈ ।
ਜਮ[91] ਕਾਲੁ[92] ਘੜੀ[93] ਮੁਹਤੁ[94] ਨਿਹਾਲੇ[95] ਅਨ ਦਿਨੁ[96] ਆਰਜਾ[97] ਛੀਜੈ[98] ਹੇ ॥੪॥	The Death's[92] courier[91] watches[95] her every moment[93] and trice[94]. By night[96] and day her life[97] is wearing[98] off.	ਮੌਤ[92] ਦਾ ਦੂਤ[91] ਹਰ ਨਿਮਖ[93] ਤੇ ਛਿਨ[94] ਉਸ ਨੂੰ ਤਕਦਾ[95] ਹੈ । ਰੈਣ[96] ਅਤੇ ਦਿਹੁੰ ਉਸ ਦੀ ਉਮਰ[97] ਘਟਦੀ[98] ਜਾ ਰਹੀ ਹੈ ।
ਅੰਤਰਿ[99] ਲੋਭੁ[100] ਕਰੈ ਨਹੀ ਬੂਝੈ[2] ॥	One inwardly[99] practises avarice[100] and knows[2] not his Lord.	ਇਨਸਾਨ ਅੰਦਰੋਂ[99] ਲਾਲਚ[100] ਕਰਦਾ ਹੈ ਅਤੇ ਆਪਣੇ ਪ੍ਰਭੂ ਨੂੰ ਨਹੀਂ ਜਾਣਦਾ[2] ।
ਸਿਰ[3] ਊਪਰਿ[4] ਜਮ[5] ਕਾਲੁ[6] ਨ ਸੂਝੈ[7] ॥	He sees[7] not the Death's[6] myrmidon[5] hovering over[4] his head[3].	ਆਪਣੇ ਸਿਰ[3] ਉਤੇ[4] ਮੰਡਲਾਉਂਦੇ ਹੋਏ ਮੌਤ[6] ਦੇ ਫਰੇਸ਼ਤੇ[5] ਨੂੰ ਉਹ ਨਹੀਂ ਦੇਖਦਾ[7] ।
ਐਥੈ[8] ਕਮਾਣਾ[9] ਸੁ[10] ਅਗੈ[12] ਆਇਆ ਅੰਤ[13] ਕਾਲਿ[14]	Whatever man does[9] here[8], that[10] confronts him in the yond[12]. He	ਜਿਹੜਾ ਕੁਛ ਬੰਦਾ ਏਥੇ[8] ਕਰਦਾ[9] ਹੈ, ਏਦੂੰ ਮਗਰੋਂ[12] ਉਹ[10] ਉਸਦੇ ਮੂਹਰੇ ਆ ਖੜ੍ਹਾ ਹੁੰਦਾ ਹੈ । ਜਦ ਅਖੀਰ[13]

ਕਿਆ ਕੀਜੈ[15] ਹੇ ॥੫॥	can do[15] nothing when the last[13] moment[14] arrives.	ਵੇਲਾ[14] ਆ ਪੁੱਜਦਾ ਹੈ, ਉਹ ਕੁੱਝ ਭੀ ਨਹੀਂ ਕਰ[15] ਸਕਦਾ ।
ਜੋ ਸਚਿ[16] ਲਾਗੇ[17] ਤਿਨ ਸਾਚੀ ਸੋਇ[18] ॥	True is the repute[18] of those, who are attached[17] to the True Lord[16].	ਸੱਚੀ ਹੈ ਸ਼ੁਹਰਤ[18] ਉਨ੍ਹਾਂ ਦੀ ਜੋ ਸੱਚੇ ਸੁਆਮੀ[16] ਨਾਲ ਜੁੜੇ[17] ਹਨ ।
ਦੂਜੈ[19] ਲਾਗੇ[20] ਮਨਮੁਖਿ[21] ਰੋਇ[22] ॥	Attached[20] to duality[19], the egocentrics[21] bewail[22] in the end.	ਦਵੈਤ-ਭਾਵ[19] ਨਾਲ ਜੁੜੇ ਹੋਏ[20] ਆਪ-ਹੁਦਰੇ[21] ਅੰਤ ਨੂੰ ਵਿਰਲਾਪ ਕਰਦੇ[22] ਹਨ ।
ਦੁਹਾ ਸਿਰਿਆ[23] ਕਾ ਖਸਮੁ[24] ਹੈ ਆਪੇ ਆਪੇ ਗੁਣ[25] ਮਹਿ[26] ਭੀਜੈ[27]ਹੇ ॥ ੬॥	He Himself is the Lord[24] of both the ends[23] and of Himself He is delighted[27] in[26] virtue[25].	ਉਹ ਖ਼ੁਦ ਦੋਨਾਂ ਕਿਨਾਰਿਆਂ[23] ਦਾ ਸੁਆਮੀ[24] ਹੈ ਅਤੇ ਆਪ ਹੀ ਉਹ ਨੇਕੀ[25] ਅੰਦਰ[26] ਪ੍ਰਸੰਨ ਹੁੰਦਾ[27] ਹੈ ।
ਗੁਰ ਕੈ ਸਬਦਿ[28] ਸਦਾ[29] ਜਨੁ[30] ਸੋਹੈ[31] ॥	Through the Guru's word[28], one[30] is decked[31] for aye[29].	ਗੁਰਾਂ ਦੀ ਬਾਣੀ[28] ਦੁਆਰਾ ਬੰਦਾ[30] ਹਮੇਸ਼ਾ[29] ਲਈ ਸ਼ਸ਼ੋਭਤ[31] ਹੋ ਜਾਂਦਾ ਹੈ ।
ਨਾਮ '[32]ਰਸਾਇਣਿ[33] ਇਹੁ ਮਨੁ[34] ਮੋਹੈ[35] ॥	With the Lord's Name, the Home[33] of elixir[32], this soul[34] is captivated[35].	ਅੰਮ੍ਰਿਤ[32] ਦੇ ਘਰ[33], ਸੁਆਮੀ ਦੇ ਨਾਮ ਨਾਲ ਇਹ ਜਿੰਦੜੀ[34] ਫ਼ਰੇਫ਼ਤਾ[35] ਥੀ ਵੰਝਦੀ ਹੈ ।
ਮਾਇਆ[36] ਮੋਹ[37] ਮੈਲੁ[38] ਪਤੰਗੁ[39] ਨ ਲਾਗੈ[42] ਗੁਰਮਤੀ[40] ਹਰਿ ਨਾਮਿ ਭੀਜੈ[41] ਹੇ ॥੭॥	The soul is soiled[42] not a bit[39] with the filth[38] of the love[37] of mammon[36] and through the Guru's instruction[40] it is ecstasied[41] with the God's Name.	ਮੋਹਨੀ[36] ਦੀ ਲਗਨ[37] ਦੀ ਆਤਮਾ ਨੂੰ ਭੋਰਾ ਭਰ[39] ਭੀ ਮਲੀਣਤਾ[38] ਨਹੀਂ ਲਗਦੀ[42] ਅਤੇ ਗੁਰਾਂ ਦੀ ਸਿਖਮਤ[40] ਰਾਹੀਂ ਇਹ ਵਾਹਿਗੁਰੂ ਦੇ ਨਾਮ ਨਾਲ ਪਰਮ ਪ੍ਰਸੰਨ[41] ਹੋ ਜਾਂਦੀ ਹੈ ।
ਸਭਨਾ ਵਿਚਿ ਵਰਤੈ[43] ਇਕੁ ਸੋਈ[44] ॥	He[44], the One Lord is contained[43] amidst all.	ਉਹ[44] ਇਕ ਸੁਆਮੀ ਹੀ ਸਾਰਿਆਂ ਅੰਦਰ ਰਮਿਆ ਹੋਇਆ[43] ਹੈ ।
ਗੁਰ ਪਰਸਾਦੀ[45] ਪਰਗਟੁ[46] ਹੋਈ ॥	By the Guru's grace[45], He becomess manifest[46].	ਗੁਰਾਂ ਦੀ ਦਇਆ[45] ਦੁਆਰਾ ਉਹ ਜ਼ਾਹਰ ਹੁੰਦਾ[46] ਹੈ ।
ਹਉਮੈ[47] ਮਾਰਿ[48] ਸਦਾ ਸੁਖੁ[49] ਪਾਇਆ ਨਾਇ[50] ਸਾਚੈ ਅੰਮ੍ਰਿਤੁ ਪੀਜੈ[51] ਹੇ ॥ ੮॥	He who silences[48] his ego[47], obtains lasting peace[49] and in-drink[51] the Nectar of the True Name[50].	ਜੋ ਆਪਣੀ ਹੰਗਤਾ[47] ਨੂੰ ਮਾਰਦਾ[48] ਹੈ, ਉਹ ਸਦੀਵੀ ਆਰਾਮ[49] ਪਾ ਲੈਂਦਾ ਹੈ ਅਤੇ ਸਤਿਨਾਮ[50] ਦੇ ਅੰਮ੍ਰਿਤ ਨੂੰ ਪਾਨ ਕਰਦਾ[51] ਹੈ ।
ਕਿਲ ਬਿਖ[52] ਦੂਖ[53] ਨਿਵਾਰਣਹਾਰਾ[54] ॥	The Lord is Destroyer[54] of sin[52] and pain[53].	ਪ੍ਰਭੂ ਪਾਪ[52] ਅਤੇ ਪੀੜ[53] ਨੂੰ ਨਾਸ ਕਰਨ ਵਾਲਾ[54] ਹੈ ।
ਗੁਰਮੁਖਿ[55] ਸੇਵਿਆ[56] ਸਬਦਿ[57] ਵੀਚਾਰਾ[58] ॥	By the Guru's grace[55], one serves[56] Him and reflects[58] on His Name[57].	ਗੁਰਾਂ ਦੀ ਦਇਆ ਦੁਆਰਾ[55] ਜੀਵ ਉਸ ਦੀ ਘਾਲ ਕਮਾਉਂਦਾ[56] ਤੇ ਉਸ ਦੇ ਨਾਮ[57]ਦਾ ਚਿੰਤਨ ਕਰਦਾ[58]ਹੈ ।
ਸਭੁ ਕਿਛੁ[59] ਆਪੇ ਆਪਿ[60] ਵਰਤੈ[61] ਗੁਰਮੁਖਿ[62] ਤਨੁ[63] ਮਨੁ[64] ਭੀਜੈ[65] ਹੇ॥੯॥	Of Himself[60], the Lord is pervading[61] all[59]. The Guru-ward's[62] body[63] and mind[64] are welled with glee[65].	ਖ਼ੁਦ[60] ਹੀ ਸਾਹਿਬ ਸਾਰੇ[59] ਰੱਮ ਰਿਹਾ[61] ਹੈ । ਗੁਰੂ-ਅਨੁਸਾਰੀ[62] ਦੀ ਦੇਹ[63] ਅਤੇ ਆਤਮਾ[64] ਖ਼ੁਸ਼ੀ[65] ਨਾਲ ਭਿੱਜੇ ਹੋਏ ਹਨ ।
ਮਾਇਆ[66] ਅਗਨਿ[67] ਜਲੈ[68]	In the fire[67] of worldly valuables[66],	ਸੰਸਾਰੀ ਪਦਾਰਥਾਂ[66] ਦੀ ਅੱਗ[67] ਅੰਦਰ ਦੁਨੀਆ[69] ਮੱਚ

ਸੰਸਾਰੇ[69] ॥	the world[69] is burning[68].	ਰਹੀ[68] ਹੈ ।
ਗੁਰਮੁਖਿ[70] ਨਿਵਾਰੈ[71] ਸਬਦਿ[72] ਵੀਚਾਰੇ[73] ॥	Pondering[73] over the Name[72], the pious person[70] quenches[71] this fire.	ਨਾਮ[72] ਦਾ ਆਰਾਧਨ ਕਰਨ[73] ਦੁਆਰਾ ਪਵਿੱਤਰ ਪੁਰਸ਼[70] ਇਸ ਅੱਗ ਨੂੰ ਬੁਝਾ ਦਿੰਦਾ[71] ਹੈ ।
ਅੰਤਰਿ[74] ਸਾਂਤਿ[75] ਸਦਾ[76] ਸੁਖੁ[77] ਪਾਇਆ ਗੁਰਮਤੀ[78] ਨਾਮੁ ਲੀਜੈ[79] ਹੇ ॥੧੦॥	Within[74] him is peace[75] and he obtains eternal[76] bliss[77]. By the Guru's instruction[78], he is blest[79] with the Lord's Name.	ਉਸ ਦੇ ਅੰਦਰ[74] ਠੰਢ-ਚੈਨ[75] ਹੈ ਅਤੇ ਉਹ ਸਦੀਵੀ[76] ਖ਼ੁਸ਼ੀ[77] ਨੂੰ ਪ੍ਰਾਪਤ ਹੁੰਦਾ ਹੈ । ਗੁਰਾਂ ਦੇ ਉਪਦੇਸ਼[78] ਦੁਆਰਾ ਉਸ ਨੂੰ ਪ੍ਰਭੂ ਦਾ ਨਾਮ ਪ੍ਰਦਾਨ[79] ਹੁੰਦਾ ਹੈ ।
ਇੰਦ੍ਰ ਇੰਦ੍ਰਾਸਣਿ[80] ਬੈਠੇ ਜਮ[81] ਕਾ ਭਉ[82] ਪਾਵਹਿ ॥	Indaras, seated on their thrones[80] are in the fear[82] of death[81].	ਇੰਦ੍ਰ ਆਪਣੇ ਰਾਜ ਸਿੰਘਾਸਣਾਂ[80] ਤੇ ਬੈਠੇ ਹੋਏ ਮੌਤ[81] ਦੇ ਡਰ[82] ਅੰਦਰ ਹਨ ।
ਜਮੁ ਨ ਛ੡ੈ[86] ਬਹੁ[83] ਕਰਮ[84] ਕਮਾਵਹਿ[85] ॥	They do[85] many[83] deeds[84], but Yama spares[86] them not.	ਉਹ ਘਣੇ[83] ਕਰਮ[84] ਕਰਦੇ[85] ਹਨ ਪਰ ਯਮ ਉਨ੍ਹਾਂ ਨੂੰ ਨਹੀਂ ਛੱਡਦਾ[86] ।
ਸਤਿਗੁਰੁ ਭੇਟੈ[87] ਤਾ[88] ਮੁਕਤਿ[89] ਪਾਈਐ ਹਰਿ ਹਰਿ[90] ਰਸਨਾ[91] ਪੀਜੈ[92] ਹੇ ॥੧੧॥	When man meets[87] with the True Guru, then[88] is he emancipated[89] and indrinks[92] the Lord Master's[90] elixir with his tongue[91].	ਜਦ ਜੀਵ ਸੱਚੇ ਗੁਰਾਂ ਨੂੰ ਮਿਲ ਪੈਂਦਾ[87] ਹੈ, ਤਦ[88] ਉਹ ਮੋਖਸ਼ ਹੋ ਜਾਂਦਾ[89] ਹੈ, ਅਤੇ ਸੁਆਮੀ ਮਾਲਕ[90] ਦੇ ਅੰਮ੍ਰਿਤ ਨੂੰ ਆਪਣੀ ਜੀਭ੍ਹਾ[91] ਨਾਲ ਪਾਨ ਕਰਦਾ[92] ਹੈ ।
ਮਨਮੁਖਿ[93] ਅੰਤਰਿ[94] ਭਗਤਿ[95] ਨ ਹੋਈ[96] ॥	Within the mind[94] of the egocentric[93] Lord's devotional service[95] abides[96] not.	ਆਪ-ਹੁਦਰੇ[93] ਦੇ ਹਿਰਦੇ[94] ਅੰਦਰ ਸੁਆਮੀ ਦੀ ਪ੍ਰੇਮਮਈ ਸੇਵਾ[95] ਟਿਕਦੀ[96] ਨਹੀਂ ।
ਗੁਰਮੁਖਿ[97] ਭਗਤਿ ਸਾਂਤਿ[98] ਸੁਖੁ[99] ਹੋਈ[100] ॥	Through the Lord's devotional service, the God-conscious[97] being is blessed[100] with peace[98] and pleasure[99].	ਪ੍ਰਭੂ ਦੀ ਪ੍ਰੇਮਮਈ ਸੇਵਾ ਦੁਆਰਾ ਹਰੀ ਨੂੰ ਜਾਣਨ ਵਾਲੇ[97] ਜੀਵ ਨੂੰ ਠੰਡ-ਚੈਨ[98] ਤੇ ਖ਼ੁਸ਼ੀ[99] ਦੀ ਦਾਤ ਮਿਲਦੀ[100] ਹੈ ।
ਪਵਿਤ੍ਰ[2] ਪਾਵਨ[3] ਸਦਾ[4] ਹੈ ਬਾਣੀ[5] ਗੁਰਮਤਿ[6] ਅੰਤਰੁ[7] ਭੀਜੈ[8] ਹੇ ॥੧੨॥	Ever[4] pure[2] and immaculate[3] is the Gurbani[5] and through the Guru's instruction[6], the mortal's mind[7] is drenched[8] with it.	ਸਦੀਵੀ[4] ਸ਼ੁੱਧ[2] ਅਤੇ ਪੁਨੀਤ[3] ਹੈ ਗੁਰਬਾਣੀ[5], ਅਤੇ ਗੁਰਾਂ ਦੇ ਉਪਦੇਸ਼[6] ਰਾਹੀਂ ਇਸ ਨਾਲ ਬੰਦੇ ਦਾ ਮਨ[7] ਗੱਚ ਥੀ ਵੰਝਦਾ[8] ਹੈ ।
ਬ੍ਰਹਮਾ ਬਿਸਨੁ ਮਹੇਸੁ ਵੀਚਾਰੀ[9] ॥	I have thought about[9] Brahma, Vishnu and Shiva.	ਮੈਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਬਾਰੇ ਸੋਚਿਆ[9] ਹੈ ।
ਤ੍ਰੈ[10] ਗੁਣ[12] ਬਧਕ[13] ਮੁਕਤਿ[14] ਨਿਕਾਰੀ[15] ॥	They are bound down[13] by the three[10] dispositions[12]; so, salvation[14] remains far[15] from them.	ਉਹ ਤਿੰਨਾਂ[10] ਸੁਭਾਵਾਂ[12] (ਰਜੋ, ਸਤੋ, ਤਮੋ) ਦੇ ਜਕੜੇ ਹੋਏ[13] ਹਨ, ਇਸ ਲਈ ਮੋਖਸ਼[14] ਉਨ੍ਹਾਂ ਤੋਂ ਦੂਰ[15] ਰਹਿੰਦੀ ਹੈ ।
ਗੁਰਮੁਖਿ[16] ਗਿਆਨੁ[17] ਏਕੋ[18] ਹੈ ਜਾਤਾ[19] ਅਨਦਿਨੁ[20] ਨਾਮੁ ਰਵੀਜੈ[21] ਹੇ ॥੧੩॥	The Guru-ward[16] knows[19] the wisdom[17] of the One[18] Lord and night[20] and day utters[21] His Name.	ਗੁਰੂ-ਅਨੁਸਾਰੀ[16] ਇੱਕ[18] ਸੁਆਮੀ ਦੀ ਸਿਆਣਪ[17] ਨੂੰ ਜਾਣਦਾ[19] ਹੈ ਅਤੇ ਰੈਣ[20] ਤੇ ਦਿਹੁੰ ਉਸ ਦੇ ਨਾਮ ਦਾ ਹੀ ਉਚਾਰਨ ਕਰਦਾ[21] ਹੈ ।

੧੦੫੦

ਬੇਦ ਪੜਹਿ ਹਰਿ ਨਾਮੁ ਨ ਬੂਝਹਿ[22] ॥ ਮਾਇਆ[23] ਕਾਰਣਿ[24] ਪੜਿ ਪੜਿ ਲੂਝਹਿ[25] ॥

One reads the Vedas, but realises[22] not God's Name and reading and reciting quarrels[25] for the sake[24] of wealth[23].

ਬੰਦਾ ਵੇਦਾਂ ਨੂੰ ਵਾਚਦਾ ਹੈ, ਪ੍ਰੰਤੂ ਸਾਂਈਂ ਦੇ ਨਾਮ ਨੂੰ ਅਨੁਭਵ[22] ਨਹੀਂ ਕਰਦਾ ਅਤੇ ਪੜ੍ਹ ਤੇ ਵਾਚ ਕੇ ਧਨ[23] ਦੀ ਖ਼ਾਤਰ[24] ਝਗੜਾ ਕਰਦਾ[25] ਹੈ।

ਅੰਤਰਿ[26] ਮੈਲੁ[27] ਅਗਿਆਨੀ[28] ਅੰਧਾ[29] ਕਿਉ ਕਰਿ[30] ਦੁਤਰੁ[31] ਤਰੀਜੈ[32] ਹੇ ॥੧੪॥

Within[26] the ignorant[28] and blind[29] mortal is the filth[27] of sin. How[30] can he cross[32] the impassable[31] world-ocean ?

ਬੇਸਮਝ[28] ਅਤੇ ਅੰਨ੍ਹੇ[29] ਪ੍ਰਾਣੀ ਦੇ ਅੰਦਰ[26] ਪਾਪ ਦੀ ਮਲੀਣਤਾ[27] ਹੈ। ਉਹ ਨਾ ਪਾਰ ਕੀਤੇ ਜਾਣ ਵਾਲੇ[31] ਸੰਸਾਰ ਸਮੁੰਦਰ ਤੋਂ ਕਿਸ ਤਰ੍ਹਾਂ[30] ਪਾਰ ਉੱਤਰ ਸਕਦਾ[32] ਹੈ ?

ਬੇਦ ਬਾਦ[33] ਸਭਿ ਆਖਿ ਵਖਾਣਹਿ[34] ॥ ਨ ਅੰਤਰ[35] ਭੀਜੈ[36] ਨ ਸਬਦੁ[37] ਪਛਾਣਹਿ[38] ॥

He expounds[34] all the controversial view points[33] of the Vedas, but his soul[35] is pacified[36] not, nor realises[38] he the Name[37].

ਉਹ ਵੇਦਾਂ ਦੇ ਸਮੂਹ ਤਕਰਾਰੀ (ਬਹਸ ਵਾਲੇ) ਮਸਲਿਆਂ[33] ਦੀ ਵਿਆਖਿਆ ਕਰਦਾ[34] ਹੈ; ਪ੍ਰੰਤੂ, ਉਸ ਦੀ ਆਤਮਾ[35] ਦੀ ਨਿਸ਼ਾ[36] ਨਹੀਂ ਹੁੰਦੀ, ਨਾਂ ਹੀ ਉਹ ਨਾਮ[37] ਨੂੰ ਅਨੁਭਵ[38] ਕਰਦਾ ਹੈ।

ਪੁੰਨੁ[39] ਪਾਪੁ[40] ਸਭੁ ਬੇਦਿ ਦ੍ਰਿੜਾਇਆ[41] ਗੁਰਮੁਖਿ[42] ਅੰਮ੍ਰਿਤੁ[43] ਪੀਜੈ[44] ਹੇ ॥੧੫॥

The Vedas tell[41] of all the virtues[39] and vices[40], but it is through the Guru[42] alone, that the Name-Nectar[43] is quaffed[44].

ਵੇਦ ਸਮੂਹ ਨੇਕੀਆਂ[39] ਤੇ ਬਦੀਆਂ[40] ਬਾਰੇ ਦਸਦੇ[41] ਹਨ ਪ੍ਰੰਤੂ ਕੇਵਲ ਗੁਰਾਂ ਦੇ ਰਾਹੀਂ[42] ਹੀ ਨਾਮ-ਸੁਧਾਰਸ[43] ਪਾਨ ਕੀਤਾ[44] ਜਾਂਦਾ ਹੈ।

ਆਪੇ[45] ਸਾਚਾ[48] ਏਕੋ[46] ਸੋਈ[47] ॥ ਤਿਸੁ[49] ਬਿਨੁ ਦੂਜਾ[50] ਅਵਰੁ[51] ਨ ਕੋਈ ॥

He[47], the Unique[46] Trne Lord[48] is all by Himself[45]. Without Him[49] there is not any[51] other[50].

ਉਹ[47] ਅਦੁੱਤੀ[46] ਸੱਚਾ ਸੁਆਮੀ[48] ਆਪਣੇ ਆਪ[45] ਤੋਂ ਹੀ ਹੈ। ਉਸ[49] ਦੇ ਬਗੈਰ ਹੋਰ[51] ਦੂਸਰਾ[50] ਕੋਈ ਨਹੀਂ।

ਨਾਨਕ ਨਾਮਿ ਰਤੇ[52] ਮਨੁ[53] ਸਾਚਾ ਸਚੋ ਸਚੁ[54] ਰਵੀਜੈ[55] ਹੇ ॥੧੬॥੬॥

Nanak, true is the soul[53] of him, who is imbued[52] with the Name and who tells[55] nothing but truth[54].

ਨਾਨਕ, ਸੱਚੀ ਹੈ ਉਸ ਦੀ ਆਤਮਾ[53] ਜੋ ਨਾਮ ਨਾਲ ਰੰਗਿਆ ਹੋਇਆ[52] ਹੈ ਅਤੇ ਜੋ ਨਿਰੋਲ ਸੱਚ[54] ਹੀ ਆਖਦਾ[55] ਹੈ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ।

ਸਚੈ ਸਚਾ ਤਖਤੁ[56] ਰਚਾਇਆ[57] ॥

The True Lord has established[57] His True Throne[56].

ਸੱਚੇ ਸੁਆਮੀ ਨੇ ਆਪਣਾ ਸੱਚਾ ਰਾਜਸਿੰਘਾਸਨ[56] ਕਾਇਮ ਕੀਤਾ[57] ਹੈ।

ਨਿਜ ਘਰਿ ਵਸਿਆ ਤਿਥੈ[58] ਮੋਹੁ[59] ਨ ਮਾਇਆ ॥

He abides in His own Home and there is no worldly attachment[59] and mammon[60] there[58].

ਉਹ ਆਪਣੇ ਨਿੱਜ ਦੇ ਧਾਮ ਅੰਦਰ ਵਸਦਾ ਹੈ ਤੇ ਓਥੇ[58] ਕੋਈ ਸੰਸਾਰੀ ਲਗਨ[59] ਅਤੇ ਮੋਹਣੀ[60] ਨਹੀਂ।

ਸਦਹੀ ਸਾਚੁ ਵਸਿਆ[61] ਘਟ[62] ਅੰਤਰਿ[63] ਗੁਰਮੁਖਿ[64] ਕਰਣੀ[65] ਸਾਰੀ[66] ਹੇ ॥੧॥

Sublime[66] are the deeds[65] of the Guru-ward[64], within[63] whose mind[62], the True Lord ever abides[61].

ਸ੍ਰੇਸ਼ਟ[66] ਹਨ ਗੁਰੂ-ਸਮਰਪਨ[64] ਦੇ ਅਮਲ[65], ਜਿਸ ਦੇ ਅੰਤਰ[63] ਆਤਮੇ[62] ਸੱਚਾ ਸੁਆਮੀ ਸਦਾ ਨਿਵਾਸ ਰਖਦਾ[61] ਹੈ।

ਸਾਚਾ ਸਉਦਾ[67] ਸਚੁ ਵਾਪਾਰਾ[68] ॥

True is his merchandise[67] and true his trade[68].

ਸੱਚਾ ਹੈ ਉਸ ਦਾ ਸੌਦਾ ਸੂਤ[67] ਅਤੇ ਸੱਚਾ ਉਸ ਦਾ ਵਣਜ[68]।

ਨ ਤਿਥੈ[69] ਭਰਮੁ[70] ਨ

There[69] in him there is no doubt[70],

ਓਥੇ[69] ਉਸ ਵਿੱਚ ਕੋਈ ਸੰਦੇਹ[70] ਨਹੀਂ, ਨਾ ਹੀ ਹੋਰ[71]

ਦੂਜਾ[71] ਪਸਾਰਾ[72] ॥	nor is their anyother[71] ostentation[72].	ਕੋਈ ਅਡੰਬਰ[72] ਹੈ ।
ਾਚਾ ਧਨੁ[73] ਖਟਿਆ[74] ਕਦੇ[75] ਤੋਟਿ[76] ਨ ਆਵੈ ਬੂਝੈ[77] ਕੋ[78] ਵੀਚਾਰੀ[79] ਹੋ ॥੨॥	He has earned[74] the true wealth[73], which exhausts[76] not ever[75]. Hardly any one[78] understands[77] this through deep deliberation[79].	ਉਸ ਨੇ ਸੱਚੀ ਦੌਲਤ[73] ਦੀ ਕਮਾਈ[74] ਕੀਤੀ ਹੈ ਜੋ ਕਿ ਕਦਾਚਿੱਤ[75] ਮੁਕਦੀ[76] ਨਹੀਂ । ਗੂੜ੍ਹੀ ਸੋਚ ਵਿਚਾਰ[79] ਰਾਹੀਂ ਕੋਈ ਵਿਰਲਾ ਜਣਾ[78] ਹੀ ਇਸ ਨੂੰ ਸਮਝਦ[77] ਹੈ ।
ਸਚੈ[80] ਲਾਏ ਸੇ[82] ਜਨ[83] ਲਾਗੇ[81] ॥	Only those[82] persons[83] attach[81] to the Name, whom the True Lord[80] attaches.	ਕੇਵਲ ਉਹ[82] ਪੁਰਸ਼[83] ਹੀ ਨਾਮ ਨਾਲ ਜੁੜਦੇ[81] ਹਨ ਜਿਨ੍ਹਾਂ ਨੂੰ ਸੱਚਾ ਸੁਆਮੀ[80] ਜੋੜਦਾ ਹੈ ।
ਅੰਤਰਿ[84] ਸਬਦੁ[85] ਮਸਤਕਿ[86] [87]ਵਡਭਾਗੇ[88] ॥	On their brow[86] is recorded good[87] fortune[88] and within their mind[84] abides the Name[85].	ਉਨ੍ਹਾਂ ਦੇ ਮੱਥੇ[86] ਉੱਤੇ ਚੰਗੀ[87] ਕਿਸਮਤ[88] ਲਿਖੀ ਹੋਈ ਹੈ ਅਤੇ ਉਨ੍ਹਾਂ ਦੇ ਹਿਰਦੇ[84] ਅੰਦਰ ਨਾਮ[85] ਵਸਦਾ ਹੈ ।
ਸਚੈ ਸਬਦਿ[89] ਸਦਾ ਗੁਣ[90] ਗਾਵਹਿ[91] ਸਬਦਿ[92] ਰਤੇ[93] ਵੀਚਾਰੀ[94] ਹੇ ॥੩॥	Through the True Gurbani[89], they ever celebrate[91] the Lord's praise[90] and are imbued[93] with the Name's[92] meditation.	ਸੱਚੀ ਗੁਰਬਾਣੀ[89] ਰਾਹੀਂ ਉਹ ਸਦੀਵ ਹੀ ਸੁਆਮੀ ਦਾ ਜੱਸ[90] ਗਾਇਨ ਕਰਦੇ[91] ਹਨ ਅਤੇ ਨਾਮ[92] ਦੇ ਸਿਮਰਨ[94] ਨਾਲ ਰੰਗੇ ਹੋਏ[93] ਹਨ ।
ਸਚੋ ਸਚਾ[95] ਸਚੁ[96] ਸਾਲਾਹੀ[97] ॥	Praise[97] I the True Lord[96], the Truest of the true[95].	ਸਚਿਆਰਾਂ ਦੇ ਪਰਮ ਸਚਿਆਰਾਂ[95] ਅਤੇ ਸੁਆਮੀ ਦੀ ਮੈਂ ਕੀਰਤੀ[97] ਕਰਦਾ ਹਾਂ ।
ਏਕੋ ਵੇਖਾ ਦੂਜਾ[98] ਨਾਹੀ ॥	I see the One alone and not another[98].	ਮੈਂ ਕੇਵਲ ਇੱਕ ਨੂੰ ਹੀ ਦੇਖਦਾ ਹਾਂ ਤੇ ਹੋਰਸ[98]ਨੂੰ ਨਹੀਂ ।
ਗੁਰਮਤਿ[99] ਊਚੋ ਊਚੀ[100] ਪਉੜੀ[2] ਗਿਆਨਿ[3] ਰਤਨਿ[4] ਹਉਮੈ[5] ਮਾਰੀ[6] ਹੇ ॥੪॥	Guru's gospel[99] is the ladder[2] to reach the highest of the high[100] spiritual status and with the jewel[4] of gnosis[3], self-conceit[5] it stilled[6].	ਗੁਰਾਂ ਦਾ ਉਪਦੇਸ਼[99] ਬੁਲੰਦ ਤੋਂ ਪਰਮ ਬੁਲੰਦ[100] ਰੂਹਾਨੀ ਮਰਤਬੇ ਨੂੰ ਪੁੱਜਣ ਲਈ ਇੱਕ ਪੌੜੀ[2] ਹੈ ਅਤੇ ਰੱਬੀ ਗਿਆਤ[3] ਦੇ ਹੀਰੇ[4] ਨਾਲ ਸਵੈ-ਹੰਗਤਾ[5] ਨਵਿਰਤ ਹੋ ਜਾਂਦੀ[6] ਹੈ ।
ਮਾਇਆ[7] ਮੋਹੁ[8] ਸਬਦਿ[9] ਜਲਾਇਆ[10] ॥	The love[8] of riches[7] is burnt down[10] through the Lord's Name[9].	ਧਨ-ਦੌਲਤ[7] ਦਾ ਪਿਆਰ[8] ਪ੍ਰਭੂ ਦੇ ਨਾਮ[9] ਦੇ ਰਾਹੀਂ ਸੜ ਜਾਂਦਾ[10] ਹੈ ।
ਸਚੁ[12] ਮਨਿ ਵਸਿਆ[13] ਜਾ[14] ਤੁਧੁ ਭਾਇਆ[15] ॥	When[14] it so pleases[15] Thee, O Lord, the True Name[12] abides[13] in man's mind.	ਜਦ[14] ਤੈਨੂੰ ਇਸ ਤਰ੍ਹਾਂ ਚੰਗਾ ਲਗਦਾ[15] ਹੈ, ਹੇ ਸੁਆਮੀ ! ਸੱਚਾ ਨਾਮ[12] ਬੰਦੇ ਦੇ ਹਿਰਦੇ ਅੰਦਰ ਟਿਕ ਜਾਂਦਾ[13] ਹੈ ।
ਸਚੇ ਕੀ ਸਭ[18] ਸਚੀ ਕਰਣੀ[16] ਹਉਮੈ[17] ਤਿਖਾ[19] ਨਿਵਾਰੀ[20] ਹੇ ॥	True is the entire[18] way of life[16] of the man of truth[15]. and he overcomes[20]the thirst[19]of his self-conceit[17].	ਸੱਚੀ ਹੈ ਜੱਗ[18]-ਜੀਵਨ ਰਹੁ ਰੀਤੀ[16] ਸੱਚੇ ਇਨਸਾਨ[15] ਦੀ ਅਤੇ ਉਹ ਆਪਣੀ ਸਵੈ-ਹੰਗਤਾ[17] ਦੀ ਤ੍ਰੇਹ[19] ਨੂੰ ਕਾਬੂ ਕਰ ਲੈਂਦਾ[20] ਹੈ ।
ਮਾਇਆ[21] ਮੋਹੁ[22] ਸਭੁ[23] ਆਪੇ[25] ਕੀਨਾ[24] ॥	All[23] by Himself[25], the Lord has created[24] the love[22] of worldly valuables[21].	ਸੁਆਮੀ ਨੇ ਸਮੂਹ[23] ਹੀ ਸੰਸਾਰੀ ਪਦਾਰਥਾਂ[21] ਨਾਲ ਸਭ[25] ਪਿਆਰ[22] ਪੈਦਾ ਕੀਤਾ[24] ਹੈ ।
ਗੁਰਮੁਖਿ[26] ਵਿਰਲੈ ਕਿਨ[27] ਹੀ ਚੀਨਾ[28] ॥	Rare is the one[27], who by the Guru's grace[26] realises[28] the Lord.	ਕੋਈ ਇੱਕ ਅੱਧਾ[27] ਜਣਾ ਹੀ ਗੁਰਾਂ ਦੀ ਦਇਆ[26] ਦੁਆਰਾ ਸੁਆਮੀ ਨੂੰ ਅਨੁਭਵ ਕਰਦਾ[28] ਹੈ ।

ਗੁਰਮੁਖਿ[29] ਹੋਵੈ ਸੁ[30] ਸਚੁ ਕਮਾਵੈ ਸਾਚੀ ਕਰਣੀ[31] ਸਾਰੀ[32] ਹੇ ॥੬॥

He[30], who gets resigned to the Guru's will[29], practises truth and true and sublime[32] becomes his way of life[31].

ਜੋ ਗੁਰੂ-ਅਨੁਸਾਰੀ[29] ਥੀ ਵੰਞਦਾ ਹੈ, ਉਹ[30] ਸੱਚ ਦੀ ਕਮਾਈ ਕਰਦਾ ਹੈ ਅਤੇ ਸੱਚੀ ਅਤੇ ਸ੍ਰੇਸਟ[32] ਹੋ ਵੰਞਦੀ ਹੈ ਉਸ ਦੀ ਜੀਵਨ-ਰਹੁ ਰੀਤੀ[31] ।

ਕਾਰ[33] ਕਮਾਈ[34] ਜੋ ਮੇਰੇ ਪ੍ਰਭ ਭਾਈ[35] ॥ ਹਉਮੈ[36] ਤ੍ਰਿਸਨਾ[37] ਸਬਦਿ[38] ਬੁਝਾਈ[39] ॥

He does[34] such deeds[33], which are pleasing[35] to my Lord and through the Name[38], he burns[39] his self-conceit[36] and desire[37].

ਉਹ ਐਸੇ ਕਰਮ[33] ਕਰਦਾ[34] ਹੈ ਜੋ ਮੇਰੇ ਮਾਲਕ ਨੂੰ ਭਾਉਂਦੇ[35] ਹਨ ਅਤੇ ਨਾਮ[38] ਦੇ ਰਾਹੀਂ ਉਹ ਆਪਣੀ ਸਵੈ-ਹੰਗਤਾ[36] ਅਤੇ ਖ਼ਾਹਿਸ਼[37] ਨੂੰ ਸਾੜ ਸੁਟਦਾ[39] ਹੈ ।

ਗੁਰਮਤਿ[40] ਸਦ[41] ਹੀ ਅੰਤਰੁ[42] ਸੀਤਲੁ[43] ਹਉਮੈ[44] ਮਾਰਿ[45] ਨਿਵਾਰੀ[46] ਹੇ ॥੭॥

By the Guru's instruction[40], his mind[42] ever[41] remains cool[43] and he stills[45] and silences[46] his ego[44].

ਗੁਰਾਂ ਦੀ ਸਿੱਖਮਤ[40] ਰਾਹੀਂ ਉਸ ਦਾ ਮਨ[42] ਹਮੇਸ਼ਾ[41] ਠੰਡਾ-ਠਾਰ[43] ਰਹਿੰਦਾ ਹੈ ਅਤੇ ਉਹ ਆਪਣੀ ਹੰਗਤਾ[44] ਨੂੰ ਹਟਾ[45] ਅਤੇ ਮੇਟ ਸੁੱਟਦਾ[46] ਹੈ ।

ਸਚਿ ਲਗੇ[47] ਤਿਨ[48] ਸਭੁ ਕਿਛੁ[49] ਭਾਵੈ[50] ॥

They[48], who are attached[47] to truth, like[50] everything[49].

ਜੋ ਸੱਚ ਨਾਲ ਜੁੜੇ[47] ਹਨ, ਉਨ੍ਹਾਂ[48] ਨੂੰ ਸਾਰਾ ਕੁਝ[49] ਚੰਗਾ ਲਗਦਾ[50] ਹੈ ।

ਸਚੈ ਸਬਦੇ[51] ਦਰਿ[55] ਸੁਹਾਵੈ[53] ॥

Through the True Name[51], they are truly[52] embellished[53].

ਸੱਚੇ ਨਾਮ[51] ਰਾਹੀਂ ਉਹ ਵਾਸਤਵ[52] ਵਿਚ ਸ਼ਸ਼ੋਭਤ[53] ਹੋ ਜਾਂਦੇ ਹਨ ।

ਐਥੈ ਸਾਚੇ ਸੇ[54] ਦਰਿ[55] ਸਾਚੇ ਨਦਰੀ[56] ਨਦਰਿ[57] ਸਵਾਰੀ[58] ਹੇ ॥੮॥

They[54], who are true here, are also true in the Lord's court[55]. The Merciful Master[56] adorns[58] them by His mercy[57].

ਜੋ ਏਥੇ ਸੱਚੇ ਹਨ ਉਹ[54] ਪ੍ਰਭੂ ਦੇ ਦਰਬਾਰ[55] ਅੰਦਰ ਭੀ ਸੱਚੇ ਹਨ । ਮਿਹਰਬਾਨ ਮਾਲਕ[56], ਆਪਣੀ ਮਿਹਰ[57] ਦੁਆਰਾ ਉਨ੍ਹਾਂ ਨੂੰ ਚਾਰ ਚੰਨ ਲਾ ਦਿੰਦਾ[58] ਹੈ ।

ਬਿਨੁ[59] ਸਾਚੇ ਜੋ ਦੂਜੈ[60] ਲਾਇਆ[61] ॥ ਮਾਇਆ[62] ਮੋਹ[63] ਦੁਖ[64] ਸਬਾਇਆ[65]॥

He, who is yoked[61] to another[60] but the truth, suffers nothing[65] but pain[64], through the love[63] of mammon[62].

ਜਿਸ ਨੂੰ ਸੱਚ ਦੇ ਬਗ਼ੈਰ[59] ਹੋਰਸ ਕਿਸੇ[60] ਨਾਲ ਜੋੜਿਆ ਗਿਆ[61] ਹੈ ਉਹ ਮੋਹਨੀ[62] ਦੀ ਮਮਤਾ[63] ਰਾਹੀਂ ਸਮੂਹ[65] ਕਸ਼ਟ[64] ਹੀ ਉਠਾਉਂਦਾ ਹੈ ।

ਬਿਨੁ ਗੁਰ ਦੁਖੁ[69] ਸੁਖੁ[70] ਜਾਪੈ[66] ਨਾਹੀ ਮਾਇਆ[71] ਮੋਹ[72] ਦੁਖੁ[67] ਭਾਰੀ[68] ਹੇ॥੯॥

Without the Guru, one knows[66] not, what real pain[69] and pleasure[70] is. There is great[68] misery[67] in the love[72] of worldly valuables[71].

ਗੁਰਾਂ ਦੇ ਬਗ਼ੈਰ ਇਨਸਾਨ ਨਹੀਂ ਜਾਣਦਾ[66] ਕਿ ਅਸਲ ਪੀੜ[69] ਅਤੇ ਖ਼ੁਸ਼ੀ[70] ਕੀ ਹੈ । ਸੰਸਾਰੀ ਪਦਾਰਥਾਂ[71] ਦੇ ਪਿਆਰ[72] ਅੰਦਰ ਘਣੇਰਾ[68] ਕਸਟ[67] ਹੈ ।

ਸਾਚਾ ਸਬਦੁ[73] ਜਿਨਾ ਮਨਿ ਭਾਇਆ[74] ॥ ਪੂਰਬਿ[75] ਲਿਖਿਆ[76] ਤਿਨੀ[77] ਕਮਾਇਆ[78] ॥

They, to whose mind, the True Name[73] is pleasing[74]; They[77] practise[78] the pre[75]-destined[76] virtuous deeds.

ਜਿਨ੍ਹਾਂ ਦੇ ਚਿੱਤ ਨੂੰ ਸੱਚਾ ਨਾਮ[73] ਚੰਗਾ ਲਗਦਾ[74] ਹੈ; ਉਹ[77] ਮੁਢਲੇ[75] ਲਿਖੇ ਹੋਏ[76] ਨੇਕ ਅਮਲ ਕਮਾਉਂਦੇ[78] ਹਨ ।

ਸਚੋ[79] ਸੇਵਹਿ[80] ਸਚੁ ਧਿਆਵਹਿ[81] ਸਚਿ ਰਤੇ[81] ਵੀਚਾਰੀ[83] ਹੇ ॥੧੦॥

The True One[79] they serve[80], the True one they contemplate[81], and the True one's meditation[83] they are imbued[82] with.

ਸਤਿਪੁਰਖ[79] ਦੀ ਉਹ ਘਾਲ ਕਮਾਉਂਦੇ[80] ਹਨ, ਸਤਿਪੁਰਖ ਨੂੰ ਉਹ ਸਿਮਰਦੇ[81] ਹਨ ਅਤੇ ਸਤਿਪੁਰਖ ਦੀ ਬੰਦਗੀ[83] ਨਾਲ ਹੀ ਉਹ ਰੰਗੇ ਹੋਏ[82] ਹਨ ।

ਗੁਰ ਕੀ ਸੇਵਾ[84] ਮੀਠੀ[85] ਲਾਗੀ ॥

The Guru's service[84] is sweet[85] unto them.

ਗੁਰਾਂ ਦੀ ਚਾਕਰੀ[84] ਉਨ੍ਹਾਂ ਨੂੰ ਮਿੱਠੀ[85] ਲਗਦੀ ਹੈ ।

ਅਨਦਿਨੁ[86] ਸੂਖ ਸਹਜ[87] ਸਮਾਧੀ[88] ॥	Night[86] and day they remain inebriated in the trance[88] of celestial bliss[87].	ਰੈਣ[86] ਤੇ ਦਿਹੁੰ ਉਹ ਬੈਕੁੰਠੀ ਅਨੰਦ[87] ਦੀ ਤਾੜੀ[88] ਅੰਦਰ ਮਤਵਾਲੇ ਰਹਿੰਦੇ ਹਨ।
ਹਰਿ ਹਰਿ[89] ਕਰਤਿਆ[90] ਮਨੁ ਨਿਰਮਲੁ[91] ਹੋਆ ਗੁਰ ਕੀ ਸੇਵ[92] ਪਿਆਰੀ[83] ਹੇ ॥੧੧॥	Uttering[90] the Lord's Name[89] their mind becomes immaculate[91] and they come to love[93] the Guru's service[92].	ਸੁਆਮੀ ਦੇ ਨਾਮ[89] ਦਾ ਉਚਾਰਨ[90] ਕਰਨ ਦੁਆਰਾ, ਉਨ੍ਹਾਂ ਦਾ ਮਨ ਪਵਿੱਤਰ[91] ਹੋ ਜਾਂਦਾ ਹੈ ਅਤੇ ਉਹ ਗੁਰਾਂ ਦੀ ਟਹਿਲ-ਸੇਵਾ[92] ਨੂੰ ਪਿਆਰ[93] ਕਰਨ ਲੱਗ ਜਾਂਦੇ ਹਨ।
ਸੇ[94] ਜਨ[95] ਸੁਖੀਏ[96] ਸਤਿਗੁਰਿ ਸਚ ਲਾਏ[97] ॥	Blissful[96] are the[94] persons[95], whom the True Guru attaches[97] with the True Lord.	ਆਨੰਦ[96] ਪ੍ਰਸੰਨ ਹਨ ਉਹ[94] ਪੁਰਸ਼[95] ਜਿਨ੍ਹਾਂ ਨੂੰ ਸੱਚੇ ਗੁਰੂ ਜੀ ਸੱਚੇ ਸੁਆਮੀ ਨਾਲ ਜੋੜ ਦਿੰਦੇ[67] ਹਨ।
ਆਪੇ ਭਾਣੈ[98] ਆਪਿ[99] ਮਿਲਾਏ[100] ॥	By His pleasure[98] the Lord unites[100] them with Himself[99].	ਆਪਣੀ ਪ੍ਰਸੰਨਤਾ[98] ਦੁਆਰਾ ਸੁਆਮੀ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ[100] ਹੈ।
ਸਤਿਗੁਰਿ ਰਾਖੇ[2] ਸੇ ਜਨ ਉਬਰੇ[3] ਹੋਰ ਮਾਇਆ ਮੋਹ[5] ਖੁਆਰੀ[4] ਹੇ ॥੧੨॥	The mortals whom the True Guru saves[2], are emancipated[3]. Other are ruined[4] through the love[5] of mammon.	ਜਿਨ੍ਹਾਂ ਪ੍ਰਾਣੀਆਂ ਦੀ ਸੱਚੇ ਗੁਰਦੇਵ ਜੀ ਰੱਖਿਆ ਕਰਦੇ[2] ਹਨ, ਉਹ ਪਾਰ ਉੱਤਰ ਜਾਂਦੇ[3] ਹਨ। ਦੂਜੇ ਧਨ-ਦੌਲਤ ਦੀ ਲਗਨ[5] ਰਾਹੀਂ ਬਰਬਾਦ ਹੋ ਜਾਂਦੇ[4] ਹਨ।
੧੦੫੧		
ਗੁਰਮੁਖਿ[6] ਸਾਚਾ ਸਬਦਿ[7] ਪਛਾਤਾ[8] ॥	By the Guru's grace[6], the True Name[7] is recognised[8].	ਗੁਰਾਂ ਦੀ ਦਇਆ[6] ਦੁਆਰਾ ਸੱਚਾ ਨਾਮ[7] ਸਿੰਞਾਣਿਆ ਜਾਂਦਾ[8] ਹੈ।
ਨਾ ਤਿਸੁ[9] ਕੁਟੰਬੁ[10] ਨਾ ਤਿਸੁ ਮਾਤਾ[12] ॥	He[9] has no family[10], nor has he a mother[12].	ਉਸ[9] ਦਾ ਕੋਈ ਪਰਵਾਰ[10] ਨਹੀਂ, ਨਾ ਹੀ ਹੈ ਉਸ ਦੀ ਕੋਈ ਅੰਮੜੀ[12]।
ਏਕੋ ਏਕੁ[12*] ਰਵਿਆ[13] ਸਭ ਅੰਤਰਿ[14] ਸਭਨਾ ਜੀਆ[15] ਕਾ ਆਧਾਰੀ[16] ਹੇ ॥੧੩॥	The One alone[12*] is contained[13] amidst[14] all. Of all the beings[15], He is the mainstay[16].	ਕੇਵਲ ਇੱਕ[12*] (ਹਰੀ) ਹੀ ਸਾਰਿਆਂ ਅੰਦਰ[14] ਰਮਿਆ ਹੋਇਆ[13] ਹੈ। ਸਮੂਹ ਪ੍ਰਾਨਧਾਰੀਆਂ[15] ਦਾ ਉਹ ਹੀ ਆਸਰਾ[16] ਹੈ।
ਹਉਮੈ[17] ਮੇਰਾ[18] ਦੂਜਾ[19] ਭਾਇਆ[20] ॥	Self-hood[17], I-amness[18] and another's[19] love[20];	ਸਵੈ-ਹੰਗਤਾ[17], ਅਪਣੱਤ[18] ਅਤੇ ਹੋਰਸ[19] ਦਾ ਪਿਆਰ[20]।
ਕਿਛੁ ਨ ਚਲੈ[21] ਧੁਰਿ[22] ਖਸਮਿ[23] ਲਿਖਿ ਪਾਇਆ[24] ॥	None of these goes[21] with the mortal. Such is the pre[22]-ordained[24] will of the Lord[23].	ਇਨ੍ਹਾਂ ਵਿਚੋਂ ਕੋਈ ਵੀ ਪ੍ਰਾਣੀ ਦੇ ਨਾਲ ਨਹੀਂ ਜਾਂਦਾ[21]। ਐਹੋ ਜੇਹੀ ਹੈ ਸੁਆਮੀ[23] ਦੀ ਮੁਢ[22] ਦੀ ਲਿਖੀ ਹੋਈ[24] ਰਜ਼ਾ।
ਗੁਰ ਸਾਚੇ ਤੇ[25] ਸਾਚੁ ਕਮਾਵਹਿ ਸਾਚੈ[26] ਦੂਖ[27] ਨਿਵਾਰੀ[28] ਹੇ ॥੧੪॥	Through[25] the True Guru, they who practise truth; Them the True One[26] rids[28] of the sorrow[27].	ਸੱਚੇ ਗੁਰਾਂ ਦੇ ਰਾਹੀਂ[25] ਜੋ ਸੱਚ ਦੀ ਕਮਾਈ ਕਰਦੇ ਹਨ; ਉਨ੍ਹਾਂ ਨੂੰ ਸਤਿਪੁਰਖ[26] ਦੁਖ ਦਰਦ[27] ਤੋਂ ਬੰਦ ਖਲਾਸ ਕਰ ਦਿੰਦਾ[28] ਹੈ।
ਜਾ[29] ਤੂ ਦੇਹਿ[30] ਸਦਾ[31] ਸੁਖੁ ਪਾਏ ॥	If[29] Thou so blessth[30], then alone obtain I everlastin[31] peace.	ਜੇਕਰ[29] ਤੂੰ ਐਸ ਤਰ੍ਹਾਂ ਬਖਸ਼ਸ਼[30]ਕਰੇਂ ਤਾਂ ਮੈਂ ਸਦੀਵੀ[31] ਆਰਾਮ ਨੂੰ ਪਰਾਪਤ ਹੁੰਦਾ ਹਾਂ।
ਸਾਚੈ ਸਬਦੇ[32] ਸਾਚੁ ਕਮਾਏ[33] ॥	Through the Guru's true instruction[32] practise[33] I the truth.	ਗੁਰਾਂ ਦੇ ਸੱਚੇ ਉਪਦੇਸ਼[32] ਦੇ ਰਾਹੀਂ ਮੈਂ ਸੱਚ ਦੀ ਕਮਾਈ ਕਰਦਾ[33] ਹਾਂ।

ਅੰਦਰੁ[34] ਸਾਚਾ ਮਨੁ ਤਨੁ ਸਾਚਾ ਭਗਤਿ[35] ਭਰੇ[36] ਭੰਡਾਰੀ[37] ਹੇ ॥੧੫॥

Within[34] me is the True Lord[35] and my mind and body have become true and my treasures[37] are brimful[36] with the Lord's devotion.

ਮੇਰੇ ਅੰਦਰ[34] ਸੱਚਾ ਸੁਆਮੀ[35] ਹੈ ਅਤੇ ਮੇਰਾ ਚਿੱਤ ਅਤੇ ਸਰੀਰ ਸੱਚੇ ਥੀ ਗਏ ਹਨ, ਅਤੇ ਮੇਰੇ ਖਜ਼ਾਨੇ[37] ਸੁਆਮੀ ਦੇ ਸ਼ਰਧਾ, ਪ੍ਰੇਮ ਨਾਲ ਪਰੀਪੂਰਨ[36] ਹਨ ।

ਆਪੇ ਵੇਖੈ ਹੁਕਮਿ[38] ਚਲਾਏ[39] ॥

The Lord Himself sees all and issues[39] commands[38].

ਸੁਆਮੀ ਖੁਦ ਸਾਰਿਆਂ ਨੂੰ ਦੇਖਦਾ ਹੈ ਤੇ ਫੁਰਮਾਨ[38] ਜਾਰੀ ਕਰਦਾ[39] ਹੈ ।

ਅਪਣਾ ਭਾਣਾ[40] ਆਪਿ ਕਰਾਏ[41] ॥

His will[40], He Himself makes men obey[41].

ਆਪਣੀ ਰਜ਼ਾ[40] ਦੀ ਉਹ ਆਪ ਹੀ ਬੰਦਿਆਂ ਤੋਂ ਪਾਲਣਾ ਕਰਵਾਉਂਦਾ[41] ਹੈ ।

ਨਾਨਕ ਨਾਮਿ[42] ਰਤੇ ਬੈਰਾਗੀ[43] ਮਨੁ ਤਨੁ ਰਸਨਾ[44] ਨਾਮਿ ਸਵਾਰੀ[45] ਹੇ ॥੧੬॥੭॥

Nanak, detached[43] are they, who are imbued[42] with the Name. Their mind, body and tongue[44] are embellished[45] with the Lord's Name.

ਨਾਨਕ, ਨਿਰਲੇਪ[43] ਹਨ ਉਹ ਜੋ ਨਾਮ ਨਾਲ ਰੰਗੀਜੇ[42] ਹਨ । ਉਨ੍ਹਾਂ ਦਾ ਹਿਰਦਾ, ਸਰੀਰ ਅਤੇ ਜੀਭ੍ਹਾ[44] ਸੁਆਮੀ ਦੇ ਨਾਮ ਨਾਲ ਸ਼ਸ਼ੋਭਤ ਹੋਏ ਹੋਏ[45] ਹਨ ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ ।

ਆਪੇ[46] ਆਪੁ[47] ਉਪਾਇ[48] ਉਪੰਨਾ[49] ॥

The Lord, Himself[46] created[48] Himself[47] and became manifest[49].

ਸੁਆਮੀ ਨੇ, ਆਪ[46] ਹੀ ਆਪਣੇ[47] ਆਪ ਨੂੰ ਉਤਪੰਨ[48] ਅਤੇ ਪਰਗਟ ਕੀਤਾ[49] ਹੈ ।

ਸਭ ਮਹਿ[50] ਵਰਤੈ[53] ਏਕੁ[51] ਪਰਛੰਨਾ[52] ॥

The One Lord[51] is hiddenly[52] contained[53] amongst[50] all.

ਇੱਕੋ ਸੁਆਮੀ[51] ਗੁਪਤ ਤੌਰ ਤੇ[52] ਸਾਰਿਆਂ ਅੰਦਰ[50] ਵਿਆਪਕ ਹੋ ਰਿਹਾ[53] ਹੈ ।

ਸਭਨਾ ਸਾਰ[54] ਕਰੇ ਜਗ[55] ਜੀਵਨੁ[56] ਜਿਨਿ ਅਪਣਾ ਆਪੁ[57] ਪਛਾਤਾ[58] ਹੇ ॥੧॥

God, the Life[56] of the world[55], takes care[54] of all. Whosoever knows[58] himself[57], knows his Lord as well.

ਵਾਹਿਗੁਰੂ ਜਗਤ[55] ਦੀ ਜਿੰਦ ਜਾਨ[56] ਸਾਰਿਆਂ ਦੀ ਸੰਭਾਲ ਕਰਦਾ[54] ਹੈ। ਜੋ ਕੋਈ ਆਪਣੇ ਆਪੇ[57] ਨੂੰ ਜਾਣਦਾ[58] ਹੈ, ਉਹ ਆਪਣੇ ਸੁਆਮੀ ਨੂੰ ਭੀ ਜਾਣ ਲੈਂਦਾ ਹੈ ।

ਜਿਨਿ[59] ਬ੍ਰਹਮਾ ਬਿਸਨੁ ਮਹੇਸੁ ਉਪਾਏ[60] ॥ ਸਿਰਿ[61] ਸਿਰਿ ਧੰਧੈ[64] ਆਪੇ[62] ਲਾਏ[63] ॥

He, who[59] created[60] Brahma, Vishnu and Shiva, He Himself[62] yokes[63] each one[61] to his task[64].

ਜਿਸ[59] ਨੇ ਬ੍ਰਹਮਾ ਵਿਸ਼ਨੂੰ ਅਤੇ ਸ਼ਿਵਜੀ ਰਚੇ[60] ਹਨ, ਉਹ ਖੁਦ[62] ਹੀ ਹਰ ਇਕਸੁ[61] ਨੂੰ ਉਸ ਦੇ ਕੰਮ[64] ਲਾਉਂਦਾ[63] ਹੈ ।

ਜਿਸੁ[65] ਭਾਵੈ[66] ਤਿਸੁ[68] ਆਪੇ[67] ਮੇਲੇ[69] ਜਿਨਿ[70] ਗੁਰਮੁਖਿ[71] ਏਕੋ[72] ਜਾਤਾ[73] ਹੇ ॥੨॥

Whosoever[65] is pleasing[66] to Him; him[68] He blends[69] with Himself[67]. He is the One who[70], by the Guru's grace[71], realises[73] the One alone[72].

ਜਿਹੜਾ ਕੋਈ[65] ਉਸ ਨੂੰ ਚੰਗਾ ਲਗਦਾ[66] ਹੈ; ਉਸ[68] ਨੂੰ ਉਹ ਆਪਣੇ[67] ਨਾਲ ਅਭੇਦ ਕਰ ਲੈਂਦਾ[69] ਹੈ । ਉਹ, ਉਹ ਜਣਾ ਹੈ, ਜੋ[70] ਗੁਰਾਂ ਦੀ ਦਇਆ[71] ਦੁਆਰਾ, ਕੇਵਲ ਇੱਕ[72] ਨੂੰ ਹੀ ਅਨੁਭਵ ਕਰਦਾ[73] ਹੈ ।

ਆਵਾਗਉਣੁ ਹੈ ਸੰਸਾਰਾ[74] ॥

The world[74] is subject to coming and going.

ਜਗਤ[74] ਆਉਣ ਅਤੇ ਜਾਣ ਦੇ ਅਧੀਨ ਹੈ ।

ਮਾਇਆ[75] ਮੋਹੁ[76] ਬਹੁ[77] ਚਿਤੈ[78] ਬਿਕਾਰਾ[79] ॥

Due to love[76] of mammon[75], it thinks[78] of many[77] sins[79].

ਧਨ-ਦੌਲਤ[75] ਦੀ ਲਗਨ[76] ਕਾਰਨ, ਇਹ ਘਣੇਰਿਆਂ[77] ਪਾਪਾਂ[79] ਦਾ ਖਿਆਲ ਕਰਦਾ[78] ਹੈ ।

ਥਿਰੁ[80] ਸਾਚਾ[81] ਸਾਲਾਹੀ[82] ਸਦਹੀ[83] ਜਿਨਿ ਗੁਰ ਕਾ ਸਬਦੁ[84] ਪਛਾਤਾ[85] ਹੇ ॥੩॥

He, who realises[85] the Guru's word[84]; ever[83] praises[82] the ever-stable[80] True Lord[81].

ਜੋ ਗੁਰਾਂ ਦੀ ਬਾਣੀ[84] ਨੂੰ ਅਨੁਭਵ ਕਰਦਾ[85] ਹੈ, ਉਹ ਹਮੇਸ਼ਾ[83], ਸਦਾ ਸਦੀਵੀ-ਸਥਿਰ[80] ਸੱਚੇ ਸੁਆਮੀ[81] ਦੀ ਸਿਫਤ ਸਾਲਾਹ ਕਰਦਾ[82] ਹੈ ।

ਇਕਿ[85] ਮੂਲਿ[86] ਲਗੇ[87] ਓਨੀ[88] ਸੁਖੁ[90] ਪਾਇਆ[89] ॥
ਡਾਲੀ[91] ਲਾਗੇ ਤਿਨੀ[92] ਜਨਮੁ[93] ਗਵਾਇਆ[94] ॥
ਅੰਮ੍ਰਿਤ ਫਲ[95] ਤਿਨ[96] ਜਨ[97] ਕਉ ਲਾਗੇ[98] ਜੋ ਬੋਲਹਿ[99] ਅੰਮ੍ਰਿਤ[2] ਬਾਤਾ[100] ਹੇ ॥੪॥

Some[85] are attached[87] to the Root[86]; they[88] are blessed[89] with peace[90].
They[92], who are attached to the branches[91], lose[94] their life[93] in vain.
The persons[97], who[96] utter[99] the Nectar[2]-Lord[100], bear[98] the fruit of Nectar[95].

ਉਹ[85] ਜੋ ਹਰੀ ਰੂਪੀ ਜੜ[86] ਨਾਲ ਜੁੜੇ ਹਨ[87]; ਉਨ੍ਹਾਂ[88] ਨੂੰ ਆਰਾਮ[90] ਪ੍ਰਦਾਨ ਹੁੰਦਾ[89] ਹੈ।
ਜੋ ਟਹਿਣੀਆਂ[91] ਨਾਲ ਜੁੜੇ ਹਨ, ਉਹ[92] ਆਪਣਾ ਜੀਵਨ[93] ਵਿਅਰਥ ਗੁਆ ਲੈਂਦੇ[94] ਹਨ।
ਜਿਹੜੇ[96] ਪੁਰਸ਼[97] ਅੰਮ੍ਰਿਤਮਈ[2] ਬਾਣੀ[100] ਦਾ ਉਚਾਰਨ ਕਰਦੇ[99] ਹਨ ਉਨ੍ਹਾਂ ਨੂੰ ਅੰਮ੍ਰਿਤਮਈ ਮੇਵੇ[95] ਲਗਦੇ[98] ਹਨ।

ਹਮ[3] ਗੁਣ[4] ਨਾਹੀ ਕਿਆ[5] ਬੋਲਹ[6] ਬੋਲ[7] ॥

I[3] have no virtues[4]. What[5] words[7] can I address[6] unto Thee, O my Lord ?

ਮੇਰੇ[3] ਵਿੱਚ ਕੋਈ ਨੇਕੀਆਂ[4] ਨਹੀਂ। ਮੈਂ ਕਿਹੜੇ[5] ਬਚਨ[7] ਤੈਨੂੰ ਬੋਲ[6] ਸਕਦਾ ਹਾਂ, ਹੇ ਮੇਰੇ ਸੁਆਮੀ ?

ਤੂ ਸਭਨਾ ਦੇਖਹਿ[8] ਤੋਲਹਿ[9] ਤੋਲ[10] ॥

Thou seest[8] all and weighest[9] them in Thy scale[10].

ਤੂੰ ਸਾਰਿਆਂ ਨੂੰ ਵੇਖਦਾ[8] ਹੈਂ ਅਤੇ ਉਨ੍ਹਾਂ ਨੂੰ ਆਪਣੀ ਤੱਕੜੀ[10] ਵਿਚ ਜੋਖਦਾ[9] ਹੈਂ।

ਜਿਉ[12] ਭਾਵੈ[13] ਤਿਉ[14] ਰਾਖਹਿ[15] ਰਹਣਾ[16] ਗੁਰਮੁਖਿ[17] ਏਕੋ[18] ਜਾਤਾ[19] ਹੇ ॥੫॥

As[12] Thou willest[13] to keep[15] me, so[14] do I live[16]. By the Guru's grace[17], I know[19] but One[18] Lord.

ਜਿਸ ਤਰ੍ਹਾਂ[12] ਤੂੰ ਮੈਨੂੰ ਰਖਣਾ[15] ਪਸੰਦ ਕਰਦਾ[13] ਹੈਂ, ਉਸੇ ਤਰ੍ਹਾਂ[14] ਹੀ ਮੈਂ ਰਹਿੰਦਾ[16] ਹਾਂ। ਗੁਰਾਂ ਦੀ ਦਇਆ[17] ਦੁਆਰਾ, ਮੈਂ ਕੇਵਲ ਇੱਕ[18] ਪ੍ਰਭੂ ਨੂੰ ਹੀ ਜਾਣਦਾ[19] ਹਾਂ।

ਜਾ[20] ਤੁਧੁ ਭਾਣਾ[21] ਤਾ[22] ਸਚੀ ਕਾਰੈ[23] ਲਾਏ[24] ॥

When[20] such is Thy will[21], then[22] Thou yokest[24] me to Thine true task[23].

ਜਦ[20] ਤੇਰੀ ਐਹੋ ਜੇਹੀ ਰਜ਼ਾ[21] ਹੁੰਦੀ ਹੈ, ਤਦ[22] ਤੂੰ ਮੈਨੂੰ ਆਪਣੇ ਸੱਚੇ ਕੰਮ[23] ਵਿਚ ਲਾਉਂਦਾ[24] ਹੈਂ।

ਅਵਗਣ[25] ਛੋਡਿ[26] ਗੁਣ[27] ਮਾਹਿ[28] ਸਮਾਏ[29] ॥

Shedding[26] sins[25], merge[29] I then in[28] virtues[27].

ਪਾਪਾਂ[25] ਨੂੰ ਤਿਆਗ[26] ਤਦ ਮੈਂ ਨੇਕੀਆਂ[27] ਅੰਦਰ[28] ਲੀਨ[29] ਹੋ ਜਾਂਦਾ ਹਾਂ।

ਗੁਣ[30] ਮਹਿ[31] ਏਕੋ[32] ਨਿਰਮਲੁ[33] ਸਾਚਾ ਗੁਰ ਕੈ ਸਬਦਿ[34] ਪਛਾਤਾ[35] ਹੇ ॥੬॥

The Pure[33] True Lord alone[32] abides in[31] virtues[30]. By the Guru's instruction[34] is He realised[35].

ਕੇਵਲ[32] ਪਵਿੱਤ੍ਰ[33] ਪ੍ਰਭੂ ਹੀ ਨੇਕੀਆਂ[30] ਅੰਦਰ[31] ਵਸਦਾ ਹੈ। ਗੁਰਾਂ ਦੇ ਉਪਦੇਸ਼[34] ਦੁਆਰਾ ਉਹ ਅਨੁਭਵ[35] ਕੀਤਾ ਜਾਂਦਾ ਹੈ।

ਜਹ[36] ਦੇਖਾ ਤਹ[37] ਏਕੋ ਸੋਈ[38] ॥

Wherever[36] I see, there[37] I see Him[38] alone.

ਜਿੱਥੇ ਕਿਤੇ[36] ਭੀ ਮੈਂ ਵੇਖਦਾ ਹਾਂ, ਉਥੇ[37] ਮੈਂ ਕੇਵਲ ਉਸ[38] ਨੂੰ ਹੀ ਵੇਖਦਾ ਹਾਂ।

ਦੂਜੀ[39] [40]ਦੁਰਮਤਿ[41] ਸਬਦੇ[42] ਖੋਈ[43] ॥

Duality[39] and evil[40]-intellect[41], I have eradicated[43] through the Name[42].

ਦਵੈਤ-ਭਾਵ[39] ਅਤੇ ਮੰਦੀ[40] ਅਕਲ[41] ਮੈਂ ਨਾਮ[42] ਦੇ ਰਾਹੀਂ ਨਾਸ ਕਰ ਦਿੱਤੀਆਂ[43] ਹਨ।

ਏਕਸੁ[44] ਮਹਿ[45] ਪ੍ਰਭੁ[46] ਏਕੁ[48] ਸਮਾਣਾ[47] ਅਪਣੈ[48] ਰੰਗਿ[49] ਸਦ[50] ਰਾਤਾ[51] ਹੇ ॥੭॥

The One Lord[46] is merged[47] in[45] His singleness[44] alone. He is imbued[51] ever[50] in His own[48] glee[49].

ਇਕ ਸੁਆਮੀ[46] ਕੇਵਲ ਆਪਣੇ ਇਕੱਲੇਪਣ[44] ਵਿਚ[45] ਹੀ ਰਮਿਆ[47] ਹੋਇਆ ਹੈ। ਉਹ ਸਦਾ[50] ਹੀ ਆਪਣੀ ਨਿੱਜ[48] ਦੀ ਖੁਸ਼ੀ[49] ਅੰਦਰ ਰੰਗੀਜਿਆ ਹੋਇਆ[51] ਹੈ।

ਕਾਇਆ[52] ਕਮਲੁ[53] ਹੈ

The body[52]-lotus[53] is withering[54]

ਦੇਹ[52]-ਕੰਵਲ[53] ਮੁਰਝਾਉਂਦੀ ਜਾ ਰਹੀ[54] ਹੈ, ਪ੍ਰੰਤੂ,

ਕੁਮਲਾਣਾ[54] ॥ ਮਨਮੁਖੁ[55] ਸਬਦੁ[56] ਨ ਬੂਝੈ[57] ਇਆਣਾ[58] ॥	away, but the ignorant[58] mind-ward[55] knows[57] not the Name[56].	ਨਾਦਾਨ[58] ਆਪ-ਹੁਦਰਾ[55] ਨਾਮ[56] ਨੂੰ ਨਹੀਂ ਜਾਣਦਾ[57]।
ਗੁਰ ਪਰਸਾਦੀ[59] ਕਾਇਆ ਖੋਜੇ[65] ਪਾਏ [61]ਜਗਜੀਵਨੁ[62] ਦਾਤਾ[63] ਹੇ ॥੮॥	Searching[60] his body, by the Guru's grace[59], the mortal finds the Bounteous[63] Lord, the Life[62] of the world[61].	ਗੁਰਾਂ ਦੀ ਦਇਆ[59] ਦੁਆਰਾ ਆਪਣੀ ਦੇਹੀ ਨੂੰ ਭਾਲ[60] ਕੇ, ਪ੍ਰਾਣੀ ਜਗਤ[61] ਦੀ ਜਿੰਦ ਜਾਨ[62], ਦਾਤਾਰ[93] ਸੁਆਮੀ, ਨੂੰ ਪਾ ਲੈਂਦਾ ਹੈ।
ਕੋਟ[64] ਗਹੀ[65] ਕੇ ਪਾਪ[66] ਨਿਵਾਰੇ[67] ॥ ਸਦਾ ਹਰਿ ਜੀਉ[08] ਰਾਖੈ ਉਰ[69] ਧਾਰੇ[70] ॥	The Lord delivers[67] the body fortress[64] seized[65] by the sins[66] and the mortal ever keeps the Sire[68] Lord enshrined[70] within his mind[69].	ਪ੍ਰਭੂ, ਪਾਪਾਂ[66] ਦੇ ਪਕੜੇ ਹੋਏ[65], ਦੇਹ ਦੇ ਕਿਲ੍ਹੇ[64] ਨੂੰ, ਆਜ਼ਾਦ ਕਰ ਦਿੰਦਾ[67] ਹੈ ਅਤੇ ਪ੍ਰਾਣੀ ਮਹਾਰਾਜ[68] ਮਾਲਕ ਨੂੰ ਸਦੀਵ ਹੀ ਆਪਣੇ ਰਿਦੇ[69] ਅੰਦਰ ਟਿਕਾਈ ਰਖਦਾ[70] ਹੈ।
ਜੋ[71] ਇਛੇ[72] ਸੋਈ[73] ਫਲੁ[74] ਪਾਏ ਜਿਉ[75] ਰੰਗੁ ਮਜੀਠੈ ਰਾਤਾ[76] ਹੇ ॥੯॥	He obtains the[73] fruit[74] that[71] he desires[72] and is imbued[76] like[75] the dye of madder.	ਉਹ ਉਸ[73] ਮੇਵੇ[74] ਨੂੰ ਪਾ ਲੈਂਦਾ ਹੈ, ਜਿਸ[71] ਨੂੰ ਉਹ ਚਾਹੁੰਦਾ[72] ਹੈ ਅਤੇ ਮਜੀਠ ਦੇ ਰੰਗ ਦੀ ਮਾਨੰਦ[75] ਰੰਗਿਆ ਜਾਂਦਾ[76] ਹੈ।
ਮਨਮੁਖੁ[77] ਗਿਆਨੁ[78] ਕਥੇ[79] ਨ ਹੋਈ[89] ॥	The way-ward[77] one utters[79] Divine knowledge[78], but realises[80] it not.	ਆਪ-ਹੁਦਰਾ[77] ਜੀਵ ਬ੍ਰਹਮ ਗਿਆਤ[78] ਦੀਆਂ ਗੱਲਾਂ ਕਰਦਾ[79] ਹੈ; ਪ੍ਰੰਤੂ, ਇਸ ਨੂੰ ਅਨੁਭਵ ਨਹੀਂ ਕਰਦਾ[80]।
ਫਿਰਿ[81] ਫਿਰਿ ਆਵੈ ਠਉਰ[82] ਨ ਕੋਈ ॥	He comes again[81] and again, and finds no refuge[82].	ਉਹ ਮੁੜ[81] ਮੁੜ ਕੇ ਆਉਂਦਾ ਹੈ ਅਤੇ ਉਸ ਨੂੰ ਕੋਈ ਪਨਾਹ[82] ਨਹੀਂ ਮਿਲਦੀ।
ਗੁਰਮੁਖਿ[83] ਗਿਆਨੁ[84] ਸਦਾ ਸਾਲਾਹੇ[85] ਜੁਗਿ ਜੁਗਿ[86] ਏਕੋ[88] ਜਾਤਾ[87] ਹੇ ॥੧੦॥	The Divine[84] Guru-ward[83], ever hymns the Lord's praise[85] and knows[87] the One alone[88], all the ages through[86].	ਗਿਆਨਵਾਨ[84] ਗੁਰੂ-ਅਨੁਸਾਰੀ[83] ਸਦੀਵ ਹੀ ਸੁਆਮੀ ਦੀ ਸਿਫ਼ਤ[85] ਗਾਇਨ ਕਰਦਾ ਹੈ ਅਤੇ ਸਾਰਿਆਂ ਯੁੱਗਾਂ[86] ਅੰਦਰ ਕੇਵਲ[88] ਇੱਕ ਨੂੰ ਹੀ ਜਾਣਦਾ[87] ਹੈ।
ਮਨਮੁਖੁ[88]* ਕਾਰ[89] ਕਰੇ ਸਭਿ[90] ਦੁਖ[91] ਸਬਾਏ[92] ॥	All[90] deeds[89] which the egocentric[88]* does lead to nothing but[92] pain[91].	ਸਾਰੇ[90] ਕਰਮ[89] ਜੋ ਆਪ-ਹੁਦਰਾ[88]* ਕਮਾਉਂਦਾ ਹੈ, ਨਿਰੋਲ[92] ਦੁਖ[91] ਨੂੰ ਹੀ ਪੈਦਾ ਕਰਦੇ ਹਨ।
ਅੰਤਰਿ[93] ਸਬਦੁ[94] ਨਾਹੀ ਕਿਉ[95] ਦਰਿ[96] ਜਾਏ[97] ॥	Within[93] him is not the Lord's Name[94]. How[95] can he enter[97] into His court[96]?	ਉਸ ਦੇ ਅੰਦਰ[93] ਪ੍ਰਭੂ ਦਾ ਨਾਮ[94] ਨਹੀਂ। ਉਹ ਉਸ ਦੇ ਦਰਬਾਰ[96] ਵਿਚ ਕਿਸ ਤਰ੍ਹਾਂ[95] ਪ੍ਰਵੇਸ਼[97] ਕਰ ਸਕਦਾ ਹੈ?
ਗੁਰਮੁਖਿ[98] ਸਬਦੁ[99] ਵਸੈ[100] ਮਨਿ[3] ਸਾਚਾ[2] ਸਦ ਸੇਵੇ[4] ਸੁਖਦਾਤਾ[5] ਹੇ ॥੧੧॥	Within the mind[3] of the God-conscious[98] being, the True[2] Name[99] dwells[100] and he serves[4] ever the Peace-giving[5] Lord.	ਵਾਹਿਗੁਰੂ ਨੂੰ ਜਾਣਨ ਵਾਲੇ[98] ਜੀਵ ਦੇ ਹਿਰਦੇ[3] ਅੰਦਰ ਸੱਚਾ[2] ਨਾਮ[99] ਨਿਵਾਸ ਰਖਦਾ[100] ਹੈ ਅਤੇ ਉਹ ਸਦੀਵ ਹੀ ਆਰਾਮ-ਬਖ਼ਸ਼ਣਹਾਰ[5] ਸਾਂਈਂ ਦੀ ਘਾਲ ਕਮਾਉਂਦਾ[4] ਹੈ।
ਜਹ[6] ਦੇਖਾ ਤੂ ਸਭਨੀ ਥਾਈ[7] ॥	Wherever[6] I see, there Thou art in all the places[7].	ਜਿੱਥੇ ਕਿਤੇ[6] ਮੈਂ ਵੇਖਦਾ, ਉਥੇ ਤੂੰ ਸਾਰੀਆਂ ਥਾਵਾਂ[7] ਵਿੱਚ ਹੈਂ।
ਪੂਰੈ[7]* ਗੁਰਿ ਸਭ ਸੋਝੀ[8] ਪਾਈ ॥	Through the Perfect[7]* Guru, I know all this.	ਪੂਰਨ[7]* ਗੁਰਾਂ ਦੇ ਰਾਹੀਂ ਮੈਂ ਇਹ ਸਾਰਾ ਕੁਛ ਜਾਣਿਆ[8] ਹੈ।

੧੦੫੨

ਨਾਮੋ[9] ਨਾਮੁ ਧਿਆਈਐ[10] ਸਦਾ[12] ਸਦ ਇਹੁ ਮਨੁ[14] ਨਾਮੇ ਰਾਤਾ[13] ਹੇ ॥੧੨॥

Ever[12], ever contemplate[10] I the Name of the Renowned Lord[9] and with His Name, this soul[14] of mine is imbued[13].

ਹਮੇਸ਼ਾ[12], ਹਮੇਸ਼ਾ ਹੀ ਮੈਂ ਨਾਮਵਰ ਸੁਆਮੀ[9] ਦੇ ਨਾਮ ਦਾ ਸਿਮਰਨ ਕਰਦਾ[10] ਹਾਂ ਅਤੇ ਉਸ ਦੇ ਨਾਮ ਨਾਲ ਹੀ ਮੇਰੀ ਇਹ ਆਤਮਾ[14] ਰੰਗੀ ਹੋਈ[13] ਹੈ ।

ਨਾਮੇ ਰਾਤਾ[16] ਪਵਿਤੁ[15] ਸਰੀਰਾ[17] ॥

Imbued[16] with the Name, the body[17] becomes sanctified[15].

ਨਾਮ ਨਾਲ ਰੰਗੀਜਣ[16] ਦੁਆਰਾ ਦੇਹ[17] ਪਵਿੱਤਰ[15] ਹੋ ਜਾਂਦੀ ਹੈ ।

ਬਿਨੁ[18] ਨਾਵੈ ਡੂਬਿ[19] ਮੁਏ ਬਿਨੁ ਨੀਰਾ[20] ॥੨॥

Bereft[18] of the Name, the mortals are drowned[19] to death, without water[20].

ਨਾਮ ਤੋਂ ਸੱਖਣੇ[18] ਪ੍ਰਾਣੀ, ਪਾਣੀ[20] ਦੇ ਬਗੈਰ, ਡੁੱਬ[19] ਕੇ ਮਰ ਜਾਂਦੇ ਹਨ ।

ਆਵਹਿ ਜਾਵਹਿ ਨਾਮੁ ਨਹੀ ਬੂਝਹਿ[21] ਇਕਨਾ[22] ਗੁਰਮੁਖਿ[23] ਸਬਦੁ[24] ਪਛਾਤਾ[25] ਹੇ ॥੧੩॥

One comes and goes but realises[21] not the Name. By the Guru's grace[23], some[22] do recognise[25] the Name[24].

ਬੰਦਾ ਆਉਂਦਾ ਤੇ ਜਾਂਦਾ ਹੈ, ਪਰ ਨਾਮ ਨੂੰ ਅਨੁਭਵ[21] ਨਹੀਂ ਕਰਦਾ । ਗੁਰਾਂ ਦੀ ਦਇਆ[23] ਦੁਆਰਾ, ਕਈ[22] ਨਾਮ[24] ਨੂੰ ਸਿੰਞਾਣਦੇ[25] ਹਨ ।

ਪੂਰੈ[26] ਸਤਿਗੁਰਿ ਬੂਝ[27] ਬੁਝਾਈ[28] ॥ ਵਿਣੁ ਨਾਵੈ ਮੁਕਤਿ[29] ਕਿਨੈ ਨ ਪਾਈ ॥

The Perfect[26] True Guru has imparted[28] this understanding[27] unto me, that without the Name, no one obtains emancipation[29].

ਪੂਰਨ[26] ਸੱਚੇ ਗੁਰਾਂ ਨੇ ਮੈਨੂੰ ਇਹ ਸਮਝ[27] ਦਰਸਾਈ[28] ਹੈ ਕਿ ਨਾਮ ਦੇ ਬਗੈਰ ਕਿਸੇ ਨੂੰ ਭੀ ਕਲਿਆਨ[29] ਪ੍ਰਾਪਤ ਨਹੀਂ ਹੁੰਦੀ ।

ਨਾਮੇ ਨਾਮਿ[30] ਮਿਲੈ[31] ਵਡਿਆਈ[32] ਸਹਜਿ[33] ਰਹੈ ਰੰਗਿ[34] ਰਾਤਾ[35] ਹੇ ॥ ੧੪॥

Through the Name alone[30], man is blest[31] with glory[32] and he easily[33] remains dyed[35] in God's love[34].

ਕੇਵਲ ਨਾਮ[30] ਦੇ ਰਾਹੀਂ ਹੀ, ਬੰਦੇ ਨੂੰ ਪ੍ਰਭਤਾ[32] ਦੀ ਦਾਤ[31] ਮਿਲਦੀ ਹੈ ਤੇ ਉਹ ਸੁਖੈਨ[33] ਹੀ ਵਾਹਿਗੁਰੂ ਦੇ ਪਿਆਰ[34] ਨਾਲ ਰੰਗਿਆ ਰਹਿੰਦਾ[35] ਹੈ ।

ਕਾਇਆ[36] ਨਗਰੁ[37] ਢਹੈ[38] ਢਹਿ ਢੇਰੀ ॥

The body[36] village[37] falls[38] and becomes a heap of dust.

ਦੇਹ[36] ਦਾ ਪਿੰਡ[37] ਢੈ ਜਾਂਦਾ[38] ਹੈ ਅਤੇ ਢੈ ਕੇ ਮਿੱਟੀ ਦੀ ਢੇਰੀ ਹੋ ਜਾਂਦਾ ਹੈ ।

ਬਿਨੁ ਸਬਦੈ[39] ਚੂਕੈ[40] ਨਹੀ ਫੇਰੀ[41] ॥

Without the Lord's Name[39] the rotation[41] of transmigration ends[40] not.

ਸੁਆਮੀ ਦੇ ਨਾਮ[39] ਦੇ ਬਾਝੋਂ ਆਵਾਗਉਣ ਦਾ ਚੱਕਰ[41] ਮੁਕਦਾ[40] ਨਹੀਂ ।

ਸਾਚੁ[42] ਸਲਾਹੇ[43] ਸਾਚਿ ਸਮਾਵੈ[45] ਜਿਨਿ ਗੁਰਮੁਖਿ[46] ਏਕੋ[47] ਜਾਤਾ[48] ਹੇ ॥੧੫॥

He, who through the Guru[46], knows[48] the One alone[47]; He praises[43] the True Lord[42] and in the True Lord he is absorbed[45].

ਜੋ ਗੁਰਾਂ[46] ਦੇ ਰਾਹੀਂ ਕੇਵਲ[47] ਇੱਕ ਨੂੰ ਹੀ ਜਾਣਦਾ[48] ਹੈ; ਉਹ ਸੱਚੇ ਸੁਆਮੀ[42] ਦੀ ਉਸਤਤੀ[43] ਕਰਦਾ ਹੈ ਅਤੇ ਸੱਚੇ ਸੁਆਮੀ ਅੰਦਰ ਹੀ ਲੀਨ ਹੋ ਜਾਂਦਾ[45] ਹੈ ।

ਜਿਸ ਨੋ ਨਦਰਿ[49] ਕਰੇ ਸੋ[50] ਪਾਏ ॥ ਸਾਚਾ ਸਬਦੁ[51] ਵਸੈ[52] ਮਨਿ ਆਏ ॥

He[50], on whom is His mercy[49], obtains the Lord and the True Name[51] comes to abide[52] in his mind.

ਜਿਸ ਉਤੇ ਉਸ ਦੀ ਮਿਹਰ[49] ਹੈ, ਉਹ[50] ਪ੍ਰਭੂ ਨੂੰ ਪਾ ਲੈਂਦਾ ਹੈ ਅਤੇ ਸਤਿਨਾਮ[51] ਆ ਕੇ ਉਸ ਦੇ ਹਿਰਦੇ ਅੰਦਰ ਟਿਕ ਜਾਂਦਾ[52] ਹੈ ।

ਨਾਨਕ ਨਾਮਿ ਰਤੇ[53] ਨਿਰੰਕਾਰੀ[54] ਦਰਿ[55] ਸਾਚੈ ਸਾਚੁ[56] ਪਛਾਤਾ[57] ਹੇ ॥ ੧੬॥੮॥

O Nanak, they who are imbued[53] with the Name of the Formless Lord[54], recognise[57] their True God[56] in the True court[55].

ਹੇ ਨਾਨਕ ! ਜੋ ਸਰੂਪ-ਰਹਿਤ ਸੁਆਮੀ[54] ਦੇ ਨਾਮ ਨਾਲ ਰੰਗੀਜੇ[53] ਹਨ, ਉਹ ਸੱਚੇ ਦਰਬਾਰ[55] ਅੰਦਰ ਆਪਣੇ ਸੱਚੇ ਵਾਹਿਗੁਰੂ[56] ਨੂੰ ਸਿੰਞਾਣ[57] ਲੈਂਦੇ ਹਨ ।

ਮਾਰੂ ਸੋਹਲੇ ੩ ॥

Maru Solhe 3rd Guru.

ਮਾਰੂ ਸੋਲਹੇ ਤੀਜੀ ਪਾਤਿਸ਼ਾਹੀ ।

ਆਪੇ ਕਰਤਾ[58] ਸਭੁ ਜਿਸੁ ਕਰਣਾ[59] ॥

Thou Thyself art the Creator[58], who hast created the whole world[59].

ਤੂੰ ਆਪ ਹੀ ਸਿਰਜਣਹਾਰ[58] ਹੈਂ ਜਿਸ ਨੇ ਸਾਰੀ ਸ੍ਰਿਸ਼ਟੀ[59] ਸਿਰਜੀ ਹੈ ।

ਜੀਅ ਜੰਤ[60] ਸਭਿ ਤੇਰੀ ਸਰਣਾ[61] ॥

All the creatures[60] are under Thine protection[61].

ਸਾਰੇ ਜੀਵ ਜੰਤੂ[60] ਤੇਰੀ ਸ਼ਰਣ[61] ਵਿਚ ਹਨ ।

ਆਪੇ ਗੁਪਤੁ[62] ਵਰਤੈ[63] ਸਭ ਅੰਤਰਿ[64] ਗੁਰ ਕੈ ਸਬਦਿ[65] ਪਛਾਤਾ[66] ਹੇ ॥੧॥

Thou Thyself are unmanifestly[62] contained[63] amongst[64] all and art recognised[66] through the Guru's hymns[65].

ਤੂੰ ਆਪ ਹੀ ਅਲੋਪ[62] ਹੋ, ਸਾਰਿਆਂ ਦੇ ਅੰਦਰ[64] ਰਮ ਰਿਹਾ[63] ਹੈਂ ਅਤੇ ਗੁਰਾਂ ਦੀ ਬਾਣੀ[65] ਰਾਹੀਂ ਸਿੰਞਾਣਿਆ[66] ਜਾਂਦਾ ਹੈਂ ।

ਹਰਿ ਕੇ ਭਗਤਿ[67] ਭਰੇ[68] ਭੰਡਾਰਾ[69] ॥ ਆਪੇ ਬਖਸੇ[70] ਸਬਦਿ[71] ਵੀਚਾਰਾ[72] ॥

God's treasures[69] are brimbful[68] with devotion[67]. He Himself blesses[70] with the Name's[71] meditation[72].

ਵਾਹਿਗੁਰੂ ਦੇ ਖ਼ਜ਼ਾਨੇ[69], ਸ਼ਰਧਾ[67] ਪ੍ਰੇਮ ਨਾਲ ਪਰੀਪੂਰਨ[68] ਹਨ ਉਹ ਖ਼ੁਦ ਹੀ ਨਾਮ[71] ਦਾ ਸਿਮਰਨ[72] ਪਰਦਾਨ ਕਰਦਾ[70] ਹੈ ।

ਜੋ ਤੁਧੁ ਭਾਵੈ[73] ਸੋਈ[74] ਕਰਸਹਿ[75] ਸਚੇ[76] ਸਿਉ[77] ਮਨੁ ਰਾਤਾ[78] ਹੇ ॥੨॥

Whatever Thou willest[73], that[74] Thou doest[75], O True Lord[76]. With[77] Thee my mind is imbued[78].

ਜਿਹੜਾ ਕੁੱਛ ਤੈਨੂੰ ਚੰਗਾ ਲਗਦਾ[73] ਹੈ, ਉਹ[74] ਹੀ ਤੂੰ ਕਰਦਾ[75] ਹੈਂ, ਹੇ ਸੱਚੇ ਸੁਆਮੀ[76] ! ਤੇਰੇ ਨਾਲ[77] ਹੀ ਮੇਰਾ ਮਨੂਆ ਰੰਗਿਆ ਹੋਇਆ[78] ਹੈ ।

ਆਪੇ ਹੀਰਾ[79] ਰਤਨੁ[80] ਅਮੋਲੋ[81] ॥

Thou Thyself art the priceless[81] gem[79] and emerald[80].

ਤੂੰ ਆਪ ਹੀ ਅਣਮੁੱਲਾ[81] ਜਵੇਹਰ[79] ਅਤੇ ਮਾਣਕ[80] ਹੈਂ ।

ਆਪੇ ਨਦਰੀ[82] ਤੋਲੇ[83] ਤੋਲੋ[84] ॥

In Thy scale[84], Thou Thyself weigh-set[83] with Thine grace[82].

ਆਪਣੀ ਤੱਕੜੀ[84] ਵਿੱਚ ਤੂੰ ਆਪ ਹੀ ਆਪਣੀ ਮਿਹਰ[82] ਨਾਲ ਤੋਲਦਾ[83] ਹੈਂ ।

ਜੀਅ ਜੰਤ[85] ਸਭਿ ਸਰਣਿ[86] ਤੁਮਾਰੀ ਕਰਿ[87] ਕਿਰਪਾ[88] ਆਪਿ[89] ਪਛਾਤਾ[90] ਹੇ ॥੩॥

All the sentient beings[85] are in Thine refuge[86]. He, to whom Thou showest[87] mercy[88], recognises[90] his ownself[89].

ਸਾਰੇ ਪ੍ਰਾਣਧਾਰੀ[85] ਤੇਰੀ ਸ਼ਰਣਾਗਤ[86] ਅੰਦਰ ਹਨ । ਜਿਸ ਉਤੇ ਤੂੰ ਮਿਹਰ[88] ਧਾਰਦਾ[87] ਹੈਂ ਉਹ ਆਪਣੇ ਆਪ[89] ਦੀ ਪਛਾਣ ਕਰ ਲੈਂਦਾ[90] ਹੈ ।

ਜਿਸ ਨੋ ਨਦਰਿ[91] ਹੋਵੈ ਧੁਰਿ[92] ਤੇਰੀ ॥ ਮਰੈ ਨ ਜੰਮੈ ਚੂਕੈ[93] ਫੇਰੀ[94] ॥

He, on whom is Thy grace[91], O Lord[92]; He dies not, nor is he born, and his comings and goings[94] are ended[93].

ਜਿਸ ਉਤੇ ਤੇਰੀ ਮਿਹਰ[91] ਹੈ, ਹੇ ਸੁਆਮੀ[92] ! ਉਹ ਮਰਦਾ ਨਹੀਂ, ਨਾ ਹੀ ਉਹ ਜਨਮਦਾ ਹੈ ਅਤੇ ਉਸ ਦੇ ਆਉਣੇ ਅਤੇ ਜਾਣੇ[94] ਮੁੱਕ ਜਾਂਦੇ[93] ਹਨ ।

ਸਾਚੇ[99] ਗੁਣ[95] ਗਾਵੈ[96] ਦਿਨੁ ਰਾਤੀ ਜੁਗਿ ਜੁਗਿ[97] ਏਕੋ[98] ਜਾਤਾ[100] ਹੇ ॥੪॥

Day and night, he hymns[96] the True Lord's[99] praise[95] and all the ages through[97], he recognises[100] the One alone[98].

ਦਿਹੁੰ ਅਤੇ ਰੈਣ ਉਹ ਸੱਚੇ ਸੁਆਮੀ[99] ਦੀ ਮਹਿਮਾ[95] ਗਾਇਨ ਕਰਦਾ[96] ਹੈਂ ਅਤੇ ਸਾਰਿਆਂ ਯੁਗਾਂ ਅੰਦਰ[97] ਉਹ ਕੇਵਲ ਇੱਕ[98] ਨੂੰ ਹੀ ਸਿੰਞਾਣਦਾ[100] ਹੈ ।

ਮਾਇਆ[2] ਮੋਹਿ[3] ਸਭੁ[4] ਜਗਤੁ[5] ਉਪਾਇਆ[6] ॥ ਬ੍ਰਹਮਾ ਬਿਸਨੁ ਦੇਵ[7] ਸਬਾਇਆ[8] ॥

The Lord has produced[6] the love[3] of wealth[2] in the whole[4] world[5] including Brahma, Vishnu and all[8] other gods[7].

ਸਾਹਿਬ ਨੇ ਸਾਰੇ[4] ਜਹਾਨ[5], ਬ੍ਰਹਮਾ, ਵਿਸ਼ਨੂੰ ਅਤੇ ਹੋਰ ਸਮੂਹ[8] ਦੇਵਤਿਆਂ[7] ਅੰਦਰ ਧਨ-ਦੌਲਤ[2] ਦਾ ਪਿਆਰ[3] ਪੈਦਾ ਕੀਤਾ[6] ਹੈ ।

ਜੋ ਤੁਧੁ ਭਾਣੇ[9] ਸੇ[10] ਨਾਮਿ ਲਾਗੇ[12] ਗਿਆਨ[13] ਮਤੀ[14] ਪਛਾਤਾ[15] ਹੇ ॥੫॥

They[10], who are pleasing[9] to Thee, O Lord, are dedicated[12] to Thy Name and recognise[15] Thee through gnostic[13] understanding[14].

ਜਿਹੜੇ ਤੈਨੂੰ ਚੰਗੇ ਲਗਦੇ[9] ਹਨ, ਹੇ ਸੁਆਮੀ ! ਉਹ[10] ਤੇਰੇ ਨਾਮ ਦੇ ਸਮਰਪਣ[12] ਹੁੰਦੇ ਹਨ ਅਤੇ ਰੱਬੀ ਵਿਚਾਰ ਵਾਲੀ[13] ਸਮਝ[14] ਰਾਹੀਂ ਤੈਨੂੰ ਸਿੰਞਾਣ ਲੈਂਦੇ[15] ਹਨ ।

ਪਾਪ[16] ਪੁੰਨ[17] ਵਰਤੈ[18] ਸੰਸਾਰਾ[19] ॥

In vice[16] and virtue[17] the world[19] is involved[18].

ਬਦੀ[16] ਅਤੇ ਨੇਕੀ[17] ਅੰਦਰ ਦੁਨੀਆ[19] ਉਲਝੀ ਹੋਈ[18] ਹੈ ।

ਹਰਖੁ[20] ਸੋਗੁ[21] ਸਭੁ ਦੁਖੁ[22] ਹੈ ਭਾਰਾ[23] ॥

Weal[20] and woe[21] all entail great[23] pains[22].

ਖ਼ੁਸ਼ੀ[20] ਅਤੇ ਗ਼ਮੀ[21] ਵੱਡੇ[23] ਦੁਖੜੇ[22] ਹਨ ।

ਗੁਰਮੁਖਿ[24] ਹੋਵੈ ਸੋ[25] ਸੁਖੁ[26] ਪਾਏ ਜਿਨਿ ਗੁਰਮੁਖਿ[27] ਨਾਮੁ ਪਛਾਤਾ[28] ਹੇ ॥੬॥

He[25], who becomes God-conscious[24] and who by the Guru's grace[27] realises[28] the Name, is blessed with peace[26].

ਜੋ ਵਾਹਿਗੁਰੂ ਨੂੰ ਜਾਣਨ ਵਾਲਾ[24] ਥੀ ਵੰਞਦਾ ਹੈ ਅਤੇ ਜੋ ਗੁਰਾਂ ਦੀ ਦਇਆ[27] ਦੁਆਰਾ ਨਾਮ ਨੂੰ ਅਨੁਭਵ ਕਰਦਾ[28] ਹੈ, ਉਹ[25] ਆਰਾਮ[26] ਪਾ ਲੈਂਦਾ ਹੈ ।

ਕਿਰਤ[29] ਨ ਕੋਈ ਮੇਟਣਹਾਰਾ[30] ॥

No one is potent to erase[30] writ of deeds[29].

ਕੋਈ ਜਣਾ ਕਰਮਾਂ ਦੀ ਲਿਖਤਾਕਾਰ[29] ਨੂੰ ਮੇਸਣ[30] ਲਈ ਸਮਰਥ ਨਹੀਂ ।

ਗੁਰ ਕੈ ਸਬਦੇ[31] ਮੋਖ[32] ਦੁਆਰਾ[33] ॥

By the Guru's gospel[31], one obtains the door[33] of salvation[32].

ਗੁਰਾਂ ਦੇ ਉਪਦੇਸ਼[31] ਦੁਆਰਾ, ਜੀਵ ਮੁਕਤੀ[32] ਦੇ ਦਰਵਾਜ਼ੇ[33] ਨੂੰ ਪਾ ਲੈਂਦਾ ਹੈ ।

ਪੂਰਬਿ[34] ਲਿਖਿਆ[35] ਸੋ[37] ਫਲੁ[36] ਪਾਇਆ ਜਿਨਿ ਆਪੁ[38] ਮਾਰਿ[39] ਪਛਾਤਾ[40] ਹੇ ॥੭॥

He, who stills[39] his self[38]-conceit and realises[40] his Lord, obtains the[37] fruit[36], which is pre[34]-destined[35] for him.

ਜੋ ਆਪਣੀ ਸਵੈ-ਹੰਗਤਾ[38] ਨੂੰ ਮਾਰਦਾ[39] ਅਤੇ ਆਪਣੇ ਸੁਆਮੀ ਨੂੰ ਅਨੁਭਵ ਕਰਦਾ[40] ਹੈ, ਉਹ ਉਸ[37] ਮੇਵੇ[36] ਨੂੰ ਪਾ ਲੈਂਦਾ ਹੈ, ਜੋ ਉਸ ਲਈ ਧੁਰ[34] ਤੋਂ ਲਿਖਿਆ[35] ਹੋਇਆ ਹੈ ।

ਮਾਇਆ[41] ਮੋਹਿ[42] ਹਰਿ ਸਿਉ[43] ਚਿਤੁ[44] ਨ ਲਾਗੈ[45]॥ ਦੂਜੈ[46] ਭਾਇ[47] ਘਣਾ[48] ਦੁਖੁ[49] ਆਗੈ[50] ॥

In the love[42] of worldly valuables[41], man's mind[44] attaches[45] not to[43] God. Loving[47] another[46], the mortal suffers great[48] sorrow[49] in the yonder world[50].

ਸੰਸਾਰੀ ਪਦਾਰਥਾਂ[41] ਦੇ ਪਿਆਰ[42] ਅੰਦਰ, ਮਨੁਸ਼ ਦਾ ਮਨੂਆ[44], ਵਾਹਿਗੁਰੂ ਨਾਲ[43] ਨਹੀਂ ਜੁੜਦਾ[45] । ਹੋਰਸ[46] ਨੂੰ ਪਿਆਰ ਕਰਨ ਦੁਆਰਾ[47], ਪ੍ਰਾਣੀ, ਪ੍ਰਲੋਕ[50] ਵਿਚ ਬਹੁਤਾ[48] ਕਸ਼ਟ[49] ਉਠਾਉਂਦਾ ਹੈ ।

ਮਨਮੁਖ[51] ਭਰਮਿ[52] ਭੁਲੇ[53] ਭੇਖਧਾਰੀ[54] ਅੰਤ[55] ਕਾਲਿ[56] ਪਛੁਤਾਤਾ[57] ਹੇ॥੮॥

The hypocritical[54] egocentrics[51] stray[53] in doubt[52] and regret[57] at the last[55] moment[56].

ਪਖੰਡੀ[54] ਆਪ-ਹੁਦਰੇ[51] ਸੰਦੇਹ[52] ਅੰਦਰ ਭਟਕਦੇ[53] ਹਨ, ਅਤੇ ਅਖ਼ੀਰ[55] ਦੇ ਵੇਲੇ[56] ਪਸਚਾਤਾਪ[57] ਕਰਦੇ ਹਨ ।

ਹਰਿ ਕੈ ਭਾਣੈ[58] ਹਰਿ ਗੁਣ[59] ਗਾਏ ॥

In the God's will[58], man sings God's praise[59].

ਰੱਬ ਦੀ ਰਜ਼ਾ[58] ਅੰਦਰ ਜੀਵ ਰੱਬ ਦਾ ਜੱਸ[59] ਗਾਇਨ ਕਰਦਾ ਹੈ ।

ਸਭਿ[60] ਕਿਲਬਿਖ[61] ਕਾਟੇ[62] ਦੂਖ[63] ਸਬਾਏ[64] ॥	He is rid[62] of all[60] his sins[61] and all[64] his sorrows[63].	ਉਹ ਆਪਣਿਆਂ ਸਾਰਿਆਂ[60] ਪਾਪਾਂ[61] ਅਤੇ ਸਾਰਿਆਂ[64] ਦੁਖੜਿਆਂ[63] ਤੋਂ ਖ਼ਲਾਸੀ[62] ਪਾ ਜਾਂਦਾ ਹੈ।
ਹਰਿ ਨਿਰਮਲ[65] ਨਿਰਮਲ ਹੈ ਬਾਣੀ[66] ਹਰਿ ਸੇਤੀ[67] ਮਨੁ ਰਾਤਾ[68] ਹੇ ॥੯॥	Immaculate[65] is the Lord and Immaculate is His Gurbani[66] and with[67] the Lord, my mind is imbued[68].	ਪਵਿੱਤ੍ਰ[65] ਹੈ ਪ੍ਰਭੂ ਅਤੇ ਪਵਿੱਤ੍ਰ ਹੈ ਉਸ ਦੀ ਗੁਰਬਾਣੀ[66] ਅਤੇ ਪ੍ਰਭੂ ਨਾਲ[67] ਹੀ ਮੇਰਾ ਮਨੂਆ ਰੰਗੀਜਿਆ[68] ਹੋਇਆ ਹੈ।
ਜਿਸ ਨੋ ਨਦਰਿ[69] ਕਰੇ[70] ਸੋ[71] ਗੁਣ[72] ਨਿਧਿ[73] ਪਾਏ ॥ ਹਉਮੈ[74] ਮੇਰਾ[75] ਠਾਕਿ ਰਹਾਏ[76] ॥	He[71], unto whom the Lord shows[70] grace[69], obtains God, the Treasure[73] of virtues[72] and is rid of[76] ego[74] and I-amness[75].	ਜਿਸ ਉਤੇ ਮਾਲਕ ਮਿਹਰ[69] ਧਾਰਦਾ[70] ਹੈ ਉਹ[71] ਨੇਕੀਆਂ[72] ਦੇ ਖ਼ਜ਼ਾਨੇ[73] ਵਾਹਿਗੁਰੂ ਨੂੰ ਪਾ ਲੈਂਦਾ ਹੈ ਅਤੇ ਹੰਕਾਰ[74] ਤੇ ਅਪਣਤ[75] ਤੋਂ ਖ਼ਲਾਸੀ ਪਾ ਜਾਂਦਾ[76] ਹੈ।
ਗੁਣ[77] ਅਵਗਣ[78] ਕਾ ਏਕੋ[79] ਦਾਤਾ[80] ਗੁਰਮੁਖਿ[81] ਵਿਰਲੀ[82] ਜਾਤਾ[83] ਹੇ ॥ ੧੦॥	God alone[79] is the Giver[80] of merits[77] and demerits[78]. Rare[82] is the person, who understands[83] this by the Guru's grace[81].	ਕੇਵਲ[79] ਵਾਹਿਗੁਰੂ ਹੀ ਨੇਕੀਆਂ[77] ਅਤੇ ਬਦੀਆਂ[78] ਦੇਣਹਾਰ[80] ਹੈ। ਕੋਈ ਟਾਵਾਂ[82] ਪੁਰਸ਼ ਹੀ ਗੁਰਾਂ ਦੀ ਦਇਆ[81] ਦੁਆਰਾ ਇਸ ਨੂੰ ਸਮਝਦਾ[83] ਹੈ।
ਮੇਰਾ ਪ੍ਰਭੁ ਨਿਰਮਲੁ[84] ਅਤਿ[85] ਅਪਾਰਾ[86] ॥	My Immaculate[84] Lord is exceedingly[85] Infinite[86].	ਮੇਰਾ ਪਵਿੱਤ੍ਰ[84] ਪ੍ਰਭੂ ਪਰਮ[85] ਬੇਅੰਤ[86] ਹੈ।
ਆਪੇ[87] ਮੇਲੈ[88] ਗੁਰ ਸਬਦਿ[89] ਵੀਚਾਰਾ[90] ॥	When man reflects[90] on the Guru's word[89], the Lord units[88] him with Himself[87].	ਜਦ ਇਨਸਾਨ ਗੁਰਬਾਣੀ[89] ਨੂੰ ਸੋਚਦਾ[90] ਵਿਚਾਰਦਾ ਹੈ, ਸੁਆਮੀ ਉਸ ਨੂੰ ਆਪਣੇ[87] ਨਾਲ ਮਿਲਾ ਲੈਂਦਾ[88] ਹੈ।
ਆਪੇ ਬਖਸੇ[91] ਸਚੁ[92] ਦ੍ਰਿੜਾਏ[93] ਮਨੁ[94] ਤਨੁ[95] ਸਾਚੈ[96] ਰਾਤਾ[97] ਹੇ ॥੧੧॥	He Himself forgives[91] and implants[93] the True Name[92] in the mortal and then his mind[94] and body[95] are imbued[97] with the True Lord[96].	ਉਹ ਆਪ ਹੀ ਮੁਆਫ਼ੀ[91] ਦਿੰਦਾ ਹੈ ਅਤੇ ਪ੍ਰਾਣੀ ਦੇ ਅੰਦਰ ਸੱਚਾ ਨਾਮ[92] ਪੱਕਾ ਕਰਦਾ[93] ਹੈ ਅਤੇ ਤਦ ਉਸ ਦਾ ਚਿੱਤ[94] ਤੇ ਸਰੀਰ[95] ਸੱਚੇ ਸੁਆਮੀ[96] ਨਾਲ ਰੰਗੇ ਜਾਂਦੇ[97] ਹਨ।
੧੦੫ਤ		
ਮਨੁ ਤਨੁ ਮੈਲਾ[98] ਵਿਚਿ ਜੋਤਿ[99] ਅਪਾਰਾ[100] ॥	Within the filthy[98] mind and body is the Light[99] of the Infinite[100] Lord.	ਗੰਦੇ[98] ਮਨੂਏ ਅਤੇ ਦੇਹ ਅੰਦਰ ਅਨੰਤ[100] ਪ੍ਰਭੂ ਦਾ ਪ੍ਰਕਾਸ਼[99] ਹੈ।
ਗੁਰਮਤਿ[2] ਬੂਝੈ[3] ਕਰਿ ਵੀਚਾਰਾ[4] ॥	He who reflects[4] over Guru's gospel[2] understands[3] this.	ਜੋ ਗੁਰਾਂ ਦੇ ਉਪਦੇਸ਼[2] ਨੂੰ ਵੀਚਾਰਦਾ[4] ਹੈ, ਉਹ ਇਸ ਨੂੰ ਸਮਝਦਾ[3] ਹੈ।
ਹਉਮੈ[5] ਮਾਰਿ[6] ਸਦਾ[7] ਮਨੁ[8] ਨਿਰਮਲੁ[9] ਰਸਨਾ[10] ਸੇਵਿ[12] ਸੁਖ ਦਾਤਾ[13] ਹੇ ॥੧੨॥	He, who stills[6] his self-conceit[5] his soul[8] becomes blotless[9] for aye[7] and with his tongue[10] he serves[12] the Peace-giving[13] Lord.	ਜੋ ਆਪਣੀ ਸਵੈ-ਹੰਗਤਾ[5] ਨੂੰ ਮਾਰ ਸੁਟਦਾ[6] ਹੈ, ਉਸ ਦੀ ਆਤਮਾ[8] ਹਮੇਸ਼ਾ[7] ਲਈ ਬੇਦਾਗ਼[9] ਹੋ ਜਾਂਦੀ ਹੈ ਅਤੇ ਉਸ ਦੀ ਜੀਭ੍ਹਾ[10] ਆਰਾਮ-ਬਖ਼ਸ਼ਣਹਾਰ ਸੁਆਮੀ ਦੀ ਸੇਵਾ ਕਮਾਉਂਦੀ[12] ਹੈ।
ਗੜ[14] ਕਾਇਆ[15] ਅੰਦਰਿ ਬਹੁ ਹਟ[16] ਬਾਜਾਰਾ[17] ॥	In the body[15] fortress[14] are many shops[16] and bazars[17].	ਦੇਹ[15] ਦੇ ਕਿਲ੍ਹੇ[14] ਅੰਦਰ ਘਣੇਰੀਆਂ ਹੱਟੀਆਂ[16] ਅਤੇ ਬਜ਼ਾਰ[17] ਹਨ।
ਤਿਸੁ[18] ਵਿਚਿ[19] ਨਾਮੁ ਹੈ ਅਤਿ[20] ਅਪਾਰਾ[21] ॥	There[18]-in[19] is the Name of the exceedingly[20] Infiite[21] Lord.	ਉਨ੍ਹਾਂ[18] ਅੰਦਰ[19] ਪਰਮ[20] ਬੇਅੰਤ[21] ਪ੍ਰਭੂ ਦਾ ਨਾਮ ਹੈ।

ਗੁਰ ਕੈ ਸਬਦਿ[22] ਸਦਾ[23] ਦਰਿ[24] ਸੋਹੈ[25] ਹਉਮੈ[26] ਮਾਰਿ[27] ਪਛਾਤਾ[28] ਹੇ ॥੧੩॥	Slaying[27] his ego[26] by the Guru's word[22], man recognises[28] the Lord and ever[23] looks beauteous[25] in His court[24].	ਗੁਰਾਂ ਦੀ ਬਾਣੀ[22] ਦੁਆਰਾ ਆਪਣੀ ਹੰਗਤਾ[26] ਮਾਰ[27] ਕੇ, ਬੰਦਾ ਸੁਆਮੀ ਨੂੰ ਸਿੰਞਾਣ ਲੈਂਦਾ[28] ਹੈ ਅਤੇ ਹਮੇਸ਼ਾ[23] ਉਸ ਦੇ ਦਰਬਾਰ[24] ਅੰਦਰ ਸੋਹਣਾ[25] ਲਗਦਾ ਹੈ।
ਰਤਨੁ[29] ਅਮੋਲਕੁ[30] ਅਗਮ[31] ਅਪਾਰਾ[32] ॥	The jewel[29] of the Name is Invaluable[30], Inaccessible[31] and Infinite[32].	ਨਾਮ ਦਾ ਜਵੇਹਰ[29] ਅਣਮੁਲਾ[30], ਪਹੁੰਚ ਤੋਂ ਪਰੇ[31] ਅਤੇ ਅਨੰਤ[32] ਹੈ।
ਕੀਮਤਿ[33] ਕਵਣੁ[34] ਕਰੇ[36] ਵੇਚਾਰਾ[35] ॥	How[34] can poor man[35] appraise[36] its worth[33] ?	ਗਰੀਬ ਬੰਦਾ[35] ਇਸ ਦਾ ਮੁਲ[33] ਕਿਸ ਤਰ੍ਹਾਂ[34] ਪਾ ਸਕਦਾ[36] ਹੈ ?
ਗੁਰ ਕੈ ਸਬਦੇ[37] ਤੋਲਿ[38] ਤੋਲਾਏ[39] ਅੰਤਰਿ[40] ਸਬਦਿ[41] ਪਛਾਤਾ[42] ਹੇ ॥੧੪॥	By the Guru's bani[37], its weight[38] is weighed[39] and it is through Gurbani[41] alone, that it is realised[42] in the mind[40].	ਗੁਰਾਂ ਦੀ ਬਾਣੀ[37] ਦੁਆਰਾ ਇਸ ਦਾ ਵਜ਼ਨ[38] ਜੋਖਿਆ[39] ਜਾਂਦਾ ਹੈ ਅਤੇ ਗੁਰਾਂ ਦੀ ਬਾਣੀ[41] ਰਾਹੀਂ ਹੀ ਇਹ ਮਨ[40] ਵਿਚ ਅਨੁਭਵ ਕੀਤਾ ਜਾਂਦਾ[42] ਹੈ।
ਸਿਮ੍ਰਿਤਿ ਸਾਸਤ੍ਰ ਬਹੁਤੁ[43] ਬਿਸਥਾਰਾ[44] ॥ ਮਾਇਆ[45] ਮੋਹੁ[46] ਪਸਰਿਆ[47] ਪਾਸਾਰਾ[48] ॥	The greatly[43] voluminous[44] Simirtis and Shastras stretch[47] out the extension[48] of worldly[45] love[46].	ਘਣੇਰੇ[43] ਵਿਸਥਾਰ ਵਾਲੀਆਂ ਸਿਮਰਤੀਆਂ ਅਤੇ ਸ਼ਾਸਤ੍ਰ ਸੰਸਾਰੀ[45] ਲਗਨ[46] ਦਾ ਖਿਲਾਰਾ[48] ਖਿਲਾਰਦੀਆਂ[47] ਹਨ।
ਮੂਰਖ[49] ਪੜਹਿ[50] ਸਬਦੁ[51] ਨ ਬੂਝਹਿ[52] ਗੁਰਮੁਖਿ[53] ਵਿਰਲੇ[54] ਜਾਤਾ[55] ਹੇ ॥੧੫॥	The fools[49] read[50] them, but know[52] not their Lord[51]. Some rare[54] one knows[55] Him by the Guru's grace[53].	ਮੂੜ੍ਹ[49] ਉਨ੍ਹਾਂ ਨੂੰ ਵਾਚਦੇ[50] ਹਨ ਪਰ ਆਪਣੇ ਪ੍ਰਭੂ[51] ਨੂੰ ਨਹੀਂ ਜਾਣਦੇ[52]। ਕੋਈ ਵਿਰਲਾ ਜਣਾ[54] ਹੀ ਗੁਰਾਂ ਦੀ ਦਇਆ[53] ਦੁਆਰਾ ਉਸ ਨੂੰ ਜਾਣਦਾ[55] ਹੈ।
ਆਪੇ ਕਰਤਾ[56] ਕਰੇ ਕਰਾਏ[57] ॥	Of Himself the Creator[56] does and makes others do[57].	ਖ਼ੁਦ ਹੀ ਸਿਰਜਣਹਾਰ[56] ਕਰਦਾ ਤੇ ਹੋਰਨਾਂ ਤੋਂ ਕਰਾਉਂਦਾ[57] ਹੈ।
ਸਚੀ ਬਾਣੀ[58] ਸਚੁ ਦ੍ਰਿੜਾਏ[59] ॥	By means of the True Gurbani[58], He implants[59] truth within the mortal.	ਸੱਚੀ ਗੁਰਬਾਣੀ[58] ਦੇ ਜ਼ਰੀਏ, ਉਹ ਸੱਚ ਨੂੰ ਪ੍ਰਾਣੀ ਦੇ ਅੰਦਰ ਪੱਕਾ ਕਰਦਾ[59] ਹੈ।
ਨਾਨਕ ਨਾਮੁ ਮਿਲੈ[60] ਵਡਿਆਈ[61] ਜੁਗਿ ਜੁਗਿ[62] ਏਕੋ[63] ਜਾਤਾ[64] ਹੇ ॥੧੬॥੯॥	It is through the Name that one is blessed[60] with glory[61], O Nanak, and he knows[64] the One Lord[63] all the ages through[62].	ਨਾਮ ਦੇ ਰਾਹੀਂ ਹੀ ਬੰਦੇ ਨੂੰ ਪ੍ਰਭਤਾ[61] ਪ੍ਰਾਪਤ ਹੁੰਦੀ[60] ਹੈ, ਹੇ ਨਾਨਕ ! ਅਤੇ ਉਹ ਸਾਰਿਆਂ ਯੁੱਗਾਂ ਅੰਦਰ[62] ਇਕ ਪ੍ਰਭੂ[63] ਨੂੰ ਹੀ ਜਾਣਦਾ[64] ਹੈ।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ।
ਸੋ[65] ਸਚੁ ਸੇਵਿਹੁ[66] ਸਿਰਜਣਹਾਰਾ[67] ॥	Serve[66] thou Him[65], the True Creator-Lord[67].	ਤੂੰ ਉਸ[65] ਸੱਚੇ ਰਚਣਹਾਰ ਸੁਆਮੀ[67] ਦੀ ਸੇਵਾ ਕਰ[66]।
ਸਬਦੇ[68] ਦੂਖ[69] ਨਿਵਾਰਣ ਹਾਰਾ[70] ॥	He is the Destroyer[70] of distress[69] through the Name[68].	ਨਾਮ[68] ਦੇ ਰਾਹੀਂ ਉਹ ਦੁਖੜਾ[69] ਦੂਰ ਕਰਨ ਵਾਲਾ[70] ਹੈ।
ਅਗਮੁ[71]ਅਗੋਚਰੁ[72] ਕੀਮਤਿ[73] ਨਹੀ ਪਾਈ ਆਪੇ [74]ਅਗਮ[75]	He is Inaccessible[71] and Incomprehensible[72] and one can evaluate[73]	ਉਹ ਪਹੁੰਚ ਤੋਂ ਪਰੇ[71] ਅਤੇ ਸੋਚ ਸਮਝ ਤੋਂ ਉਚੇਰਾ[72] ਹੈ ਅਤੇ ਬੰਦਾ ਉਸ ਦਾ ਮੁਲ ਪਾ[73]

ਅਥਾਹਾ[76] ਹੇ ॥੧॥	Him not. Care[75]-free[74] and Unfathomable[76] He Himself is.	ਨਹੀਂ ਸਕਦਾ । ਉਹ ਖ਼ੁਦ ਬੇ[74]-ਫ਼ਿਕਰ[75] ਅਤੇ ਹਦ-ਬੰਨਾ[76] ਰਹਿਤ ਹੈ ।
ਆਪੇ ਸਚਾ[77] ਸਚੁ ਵਰਤਾਏ[78] ॥	Of Himself the True Lord[77] distributes[78] truth.	ਆਪ ਹੀ ਸੱਚਾ[77] ਸੁਆਮੀ ਸੱਚ ਵੰਡਦਾ[78] ਹੈ ।
ਇਕਿ[79] ਜਨੁ[80] ਸਾਚੈ[81] ਆਪੇ ਲਾਏ[82] ॥	Some[79] persons[80], He Himself yokes[82] to truth[81].	ਕਈਆਂ[79] ਪੁਰਸ਼ਾਂ[80] ਨੂੰ ਉਹ ਆਪ ਹੀ ਸੱਚ[81] ਨਾਲ ਜੋੜਦਾ[82] ਹੈ ।
ਸਾਚੋ[83] ਸੇਵਹਿ ਸਾਚੁ ਕਮਾਵਹਿ[84] ਨਾਮੇ[85] ਸਚਿ[87] ਸਮਾਹਾ[86] ਹੇ ॥੨॥	They serve the True Lord[83], practice[84] truth and through the Name[85] merge[86] in the True One[87].	ਉਹ ਸੱਚੇ ਸਾਂਈਂ[83] ਨੂੰ ਸੇਂਵਦੇ ਹਨ, ਸੱਚ ਦੀ ਕਮਾਈ[84] ਕਰਦੇ ਹਨ ਅਤੇ ਨਾਮ[85] ਦੇ ਰਾਹੀਂ ਸਤਿਪੁਰਖ[87] ਅੰਦਰ ਲੀਨ[86] ਹੋ ਜਾਂਦੇ ਹਨ ।
ਧੁਰਿ[88] ਭਗਤਾ[89] ਮੇਲੇ[90] ਆਪਿ[91] ਮਿਲਾਏ[92] ॥	His saints[89], the Lord[88] unites[90] and blends[92] with Himself[91].	ਆਪਣਿਆਂ ਸਾਧੂਆਂ[89] ਨੂੰ ਸੁਆਮੀ[88] ਆਪਣੇ[91] ਨਾਲ ਮਿਲਾ[90] ਅਤੇ ਅਭੇਦ[92] ਕਰ ਲੈਂਦਾ ਹੈ ।
ਸਚੀ ਭਗਤੀ[93] ਆਪੇ ਲਾਏ[94] ॥	Attaches[94] He Himself to His true devotion[93].	ਆਪਣੇ ਸੱਚੇ ਪ੍ਰੇਮ[93] ਨਾਲ ਉਹ ਆਪ ਹੀ ਜੋੜਦਾ[94] ਹੈ ।
ਸਾਚੀ ਬਾਣੀ ਸਦਾ ਗੁਣ[95] ਗਾਵੈ[98] ਇਸੁ ਜਨਮੈ[96] ਕਾ ਲਾਹਾ[97] ਹੇ ॥੩॥	The mortal. who through the True Gurbani, sings[98] ever the praise[95] of God, earns the profit[97] of this life[96].	ਜੋ ਪ੍ਰਾਣੀ, ਸੱਚੀ ਗੁਰਬਾਣੀ ਰਾਹੀਂ ਹਮੇਸ਼ਾ ਵਾਹਿਗੁਰੂ ਦਾ ਜੱਸ[95] ਗਾਇਨ ਕਰਦਾ[98] ਹੈ, ਉਹ ਇਸ ਜੀਵਨ[96] ਦਾ ਨਫ਼ਾ[97] ਕਮਾ ਲੈਂਦਾ ਹੈ ।
ਗੁਰਮੁਖਿ[99] ਵਣਜੁ[100] ਕਰਹਿ ਪਰੁ[2] ਆਪੁ[3] ਪਛਾਣਹਿ[4] ॥	The Guru-ward[99] traffics[100] and well[2] understands[4] himself[3].	ਗੁਰੂ ਅਨੁਸਾਰੀ[99] ਵਾਪਾਰ ਕਰਦਾ[100] ਹੈ ਅਤੇ ਆਪਣੇ ਆਪ[3] ਨੂੰ ਚੰਗੀ ਤਰ੍ਹਾਂ[2] ਸਮਝਦਾ[4] ਹੈ ।
ਏਕਸ[5] ਬਿਨੁ[6] ਕੋ[7] ਅਵਰੁ[8] ਨ ਜਾਣਹਿ[9] ॥	Without[6] the One Lord[5], he knows[9] not any[7] other[8].	ਇਕ ਸੁਆਮੀ[5] ਦੇ ਬਗ਼ੈਰ[6] ਉਹ ਹੋਰਸ[8] ਕਿਸੇ[7] ਨੂੰ ਨਹੀਂ ਜਾਣਦਾ[9] ।
ਸਚਾ ਸਾਹੁ[10] ਸਚੇ ਵਣਜਾਰੇ[12] ਪੂੰਜੀ[13] ਨਾਮੁ ਵਿਸਾਹਾ[14] ਹੇ ॥੪॥	True is the Banker[10] and true His dealers[12], who buy up[14] the merchandise[13] of the Name.	ਸੱਚਾ ਹੈ ਸ਼ਾਹੂਕਾਰ[10] ਅਤੇ ਸੱਚੇ ਉਸ ਦੇ ਵਾਪਾਰੀ[12], ਜੋ ਨਾਮ ਦੇ ਸੌਦੇ ਸੂਤ[13] ਨੂੰ ਖ਼ਰੀਦਦੇ[14] ਹਨ ।
ਆਪੇ ਸਾਜੇ[15] ਸ੍ਰਿਸਟਿ[16] ਉਪਾਏ[17] ॥	Himself the Lord makes[15] the beings and creates[17] the world[16].	ਆਪ ਹੀ ਪ੍ਰਭੂ ਜੀਵਾਂ ਨੂੰ ਬਣਾਉਂਦਾ[15] ਅਤੇ ਜਗਤ[16] ਨੂੰ ਰਚਦਾ[17] ਹੈ ।
ਵਿਰਲੇ[18] ਕਉ ਗੁਰ ਸਬਦੁ[19] ਬੁਝਾਏ[20] ॥	A few[18], He makes realise[20] the Guru's word[19].	ਬਹੁਤ ਹੀ ਥੋੜਿਆਂ[18] ਨੂੰ ਉਹ ਗੁਰਬਾਣੀ[19] ਨੂੰ ਅਨੁਭਵ ਕਰਾਉਂਦਾ[20] ਹੈ ।
ਸਤਿਗੁਰੁ ਸੇਵਹਿ[21] ਸੇ[22] ਜਨ[23] ਸਾਚੇ ਕਾਟੇ[26] ਜਮ[24] ਕਾ ਫਾਹਾ[25] ਹੇ ॥੫॥	True are the[22] persons[23], who serve[21] their True Guru. The Guru snaps[26] their noose[25] of the Yama[24].	ਸੱਚੇ ਹਨ ਉਹ[22] ਪੁਰਸ਼[23], ਜੋ ਆਪਣੇ ਸੱਚੇ ਗੁਰਾਂ ਦੀ ਘਾਲ ਕਮਾਉਂਦੇ[21] ਹਨ । ਗੁਰੂ ਜੀ ਉਨ੍ਹਾਂ ਦੀ ਯਮ[24] ਦੀ ਫਾਹੀ[25] ਨੂੰ ਕੱਟ ਦਿੰਦੇ[26] ਹਨ ।
ਭੰਨੈ[27] ਘੜੈ[28] ਸਵਾਰੇ[29] ਸਾਜੇ[30] ॥ ਮਾਇਆ[31] ਮੋਹਿ[32] ਦੂਜੈ[33] ਜੰਤ[34] ਪਾਜੇ[35] ॥	The Lord destroys[27], fashions[28], creates[30] and embellishes[29] the beings[34] and attaches[35] them with mammon[31], worldly love[32] and duality[33].	ਸਾਹਿਬ ਜੀਵਾਂ[34] ਨੂੰ ਮਾਰਦਾ[27], ਸਾਜਦਾ[28], ਰਚਦਾ[30] ਅਤੇ ਸ਼ਸ਼ੋਭਤ ਕਰਦਾ[29] ਹੈ ਅਤੇ ਉਨ੍ਹਾਂ ਨੂੰ ਧਨ-ਦੌਲਤ[31] ਸੰਸਾਰੀ[32] ਮਮਤਾ ਅਤੇ ਦਵੈਤ-ਭਾਵ[33] ਨਾਲ ਜੋੜਦਾ[35] ਹੈ ।

ਮਨਮੁਖ[36] ਫਿਰਹਿ[37] ਸਦਾ[38] ਅੰਧੁ[39] ਕਮਾਵਹਿ[40] ਜਮ[41] ਕਾ ਜੇਵੜਾ[42] ਗਲਿ[43] ਫਾਹਾ[44] ਹੇ ॥੬॥	The egocentrics[36] wander[37] about, ever[38] act[40] blindly[39] and round their neck[43] is the rope[42] of Death's[41] noose[44].	ਆਪ-ਹੁਦਰੇ[36] ਭਟਕਦੇ ਫਿਰਦੇ[37] ਹਨ, ਹਮੇਸ਼ਾ[38] ਅੰਨ੍ਹੇ ਵਾਹ[39] ਕੰਮ ਕਰਦੇ[40] ਹਨ ਅਤੇ ਉਨ੍ਹਾਂ ਦੀ ਗਰਦਨ[43] ਦੁਆਲੇ ਮੌਤ ਦੀ[41] ਫ਼ਾਂਸੀ[44] ਦਾ ਰੱਸਾ[42] ਹੈ।
ਆਪੇ ਬਖਸੇ[45] ਗੁਰ ਸੇਵਾ[46] ਲਾਏ[47] ॥	Of Himself, the Lord forgives[45] and yokes[47] one to the Guru's service[46].	ਆਪ ਹੀ ਸਾਂਈਂ ਮੁਆਫ਼ ਕਰਦਾ[45] ਹੈ ਅਤੇ ਜੀਵ ਨੂੰ ਗੁਰਾਂ ਦੀ ਟਹਿਲ ਸੇਵਾ[46] ਅੰਦਰ ਜੋੜਦਾ[47] ਹੈ।
ਗੁਰਮਤੀ ਨਾਮੁ[48] ਮੰਨਿ[49] ਵਸਾਏ[50] ॥	Through the Guru's teaching[48], He enshrines[50] the Name in man's mind[49].	ਗੁਰਾਂ ਦੇ ਉਪਦੇਸ਼[48] ਰਾਹੀਂ ਉਹ ਨਾਮ ਨੂੰ ਇਨਸਾਨ ਦੇ ਹਿਰਦੇ[49] ਅੰਦਰ ਟਿਕਾ ਦਿੰਦਾ[50] ਹੈ।
ਅਨਦਿਨ[51] ਨਾਮੁ ਧਿਆਏ[52] ਸਾਚਾ ਇਸੁ ਜਗ[53] ਮਹਿ[54] ਨਾਮੋ ਲਾਹਾ[55] ਹੇ ॥੭॥	Night[51] and day, he meditates[52] on the True Name and earns the profit[55] of the Name in[54] this world[53].	ਰੈਣ[51] ਅਤੇ ਦਿਹੁੰ ਉਹ ਸੱਚੇ ਨਾਮ ਦਾ ਸਿਮਰਨ ਕਰਦਾ[52] ਹੈ ਅਤੇ ਇਸ ਜਹਾਨ[53] ਅੰਦਰ[54] ਨਾਮ ਦੀ ਖੱਟੀ ਖੱਟਦਾ[55] ਹੈ।
ਆਪੇ ਸਚਾ ਸਚੀ ਨਾਈ[56] ॥	Himself the Lord is true and true is His Name[56],	ਖ਼ੁਦ ਸਾਂਈਂ ਸੱਚਾ ਹੈ ਅਤੇ ਸੱਚਾ ਹੈ ਉਸ ਦਾ ਨਾਮ[56]।
ਗੁਰਮੁਖਿ[57] ਦੇਵੈ[58] ਮੰਨਿ[59] ਵਸਾਈ[65] ॥	Through the Guru[57], He blesses[58] man with the Name and enshrines[60] it within his mind.	ਗੁਰਾਂ ਦੇ ਰਾਹੀਂ[57] ਉਹ ਬੰਦੇ ਨੂੰ ਨਾਮ ਪ੍ਰਦਾਨ ਕਰਦਾ[58] ਹੈ ਅਤੇ ਇਸ ਨੂੰ ਉਸ ਦੇ ਅੰਤਸ਼-ਕਰਨ[59] ਅੰਦਰ ਟਿਕਾ ਦਿੰਦਾ[60] ਹੈ।
ਜਿਨ ਮਨਿ ਵਸਿਆ ਸੇ[65] ਜਨ[61] ਸੋਹਹਿ[62] ਤਿਨ ਸਿਰਿ[63] ਚੂਕਾ[64] ਕਾਹਾ[66] ਹੇ ॥੮॥	Beauteous[62] are the[65] persons[61], within whose mind the Lord abides and their heads[63] are freed[64] of entanglements[66].	ਸੁੰਦਰ[72] ਹਨ ਉਹ[65] ਪੁਰਸ਼[61] ਜਿਨ੍ਹਾਂ ਦੇ ਰਿਦੇ ਅੰਦਰ ਸੁਆਮੀ ਵਸਦਾ ਹੈ ਅਤੇ ਉਨ੍ਹਾਂ ਦੇ ਸੀਸ[63] ਪੁਆੜਿਆਂ[66] ਤੋਂ ਖ਼ਲਾਸੀ ਪਾ ਜਾਂਦੇ[64] ਹਨ।
ਅਗਮ[67] ਅਗੋਚਰੁ[68] ਕੀਮਤਿ[69] ਨਹੀ ਪਾਈ ॥	Unfathomable[67] and Unknowable[68] is the Lord. He can be evaluated[69] not.	ਬੇਥਾਹ[67] ਅਤੇ ਗਿਆਤ ਤੋਂ ਪਰੇ[68] ਹੈ ਪ੍ਰਭੂ। ਉਸ ਦਾ ਮੁਲ[69] ਪਾਇਆ ਨਹੀਂ ਜਾ ਸਕਦਾ।
ਗੁਰ ਪਰਸਾਦੀ[70] ਮੰਨਿ ਵਸਾਈ ॥	By the Guru's grace[70], He is enshrined in the mind.	ਗੁਰਾਂ ਦੀ ਦਇਆ[70] ਦੁਆਰਾ, ਉਹ ਚਿੱਤ ਅੰਦਰ ਵਸਦਾ ਹੈ।
ਸਦਾ ਸਬਦਿ[71] ਸਾਲਾਹੀ[72] ਗੁਣ[73] ਦਾਤਾ[74] ਲੇਖਾ[75] ਕੋਇ ਨ ਮੰਗੈ ਤਾਹਾ[76] ਹੇ ॥੯॥	No one calls him[76] to account[75], who praises[72] the True Lord[71], the Giver[74] of virtues[73].	ਕੋਈ ਭੀ ਉਸ ਕੋਲੋਂ[76] ਹਿਸਾਬ ਕਿਤਾਬ[75] ਨਹੀਂ ਮੰਗਦਾ, ਜੋ ਨੇਕੀਆਂ[73] ਦੇਣਹਾਰ[74] ਸੱਚੇ ਸੁਆਮੀ[71] ਦੀ ਸਿਫਤ-ਸਨਾ[72] ਕਰਦਾ ਹੈ।
ਬ੍ਰਹਮਾ ਬਿਸਨੁ ਰੁਦ੍ਰ[78] ਤਿਸ[77] ਕੀ ਸੇਵਾ ॥	Brahme, Vishnu and Shiva[78] serve Him[77], the Lord.	ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ[78] ਉਸ[77] ਸੁਆਮੀ ਦੀ ਸੇਵਾ ਕਰਦੇ ਹਨ।
ਅੰਤੁ[78*] ਨ ਪਾਵਹਿ[79] ਅਲਖ[80] ਅਭੇਵਾ[81] ॥	They can know[79] not the limit[78*] of the Invisible[80] and Inscrutable[81] Lord.	ਉਹ ਅਦ੍ਰਿਸ਼ਟ[80] ਅਤੇ ਭੇਦ-ਰਹਿਤ[81] ਪ੍ਰਭੂ ਦੇ ਓੜਕ[78*] ਨੂੰ ਨਹੀਂ ਜਾਣ ਸਕਦੇ[79]।

ਜਿਨ ਕਉ ਨਦਰਿ[82] ਕਰਹਿ[83] ਤੂ ਅਪਣੀ ਗੁਰਮੁਖਿ[84] ਅਲਖੁ[85] ਲਖਾਹਾ[86] ਹੇ ॥੧੦॥	They, unto whom Thou showest[83] Thy mercy[82], comprehend[86] the Incomprehensible[85] Lord by the Guru's[84] grace.	ਜਿਨ੍ਹਾਂ ਉਤੇ ਤੂੰ ਆਪਣੀ ਮਿਹਰ[82] ਧਾਰਦਾ[83] ਹੈਂ, ਉਹ ਗੁਰਾਂ ਦੀ[84] ਰਹਿਮਤ ਸਦਕਾ, ਅਗਾਧ[85] ਸੁਆਮੀ ਨੂੰ ਜਾਣ ਲੈਂਦੇ[86] ਹਨ।
ਪੂਰੈ[87] ਸਤਿਗੁਰਿ ਸੋਝੀ[88] ਪਾਈ[89] ॥ ਏਕੋ ਨਾਮੁ ਮੰਨਿ[90] ਵਸਾਈ[91] ॥	The Perfect[87] Guru has imparted[89] understanding[88] unto me and the One Name, I have enshrined[91] in my mind[90].	ਪੂਰਨ[87] ਗੁਰਾਂ ਨੇ ਮੈਨੂੰ ਸਮਝ[88] ਦਰਸਾ ਦਿੱਤੀ[89] ਹੈ, ਅਤੇ ਇਕ ਨਾਮ ਨੂੰ ਮੈਂ ਆਪਣੇ ਹਿਰਦੇ[90] ਅੰਦਰ ਟਿਕਾ ਲਿਆ[91] ਹੈ।
ਨਾਮੁ ਜਪੀ[92] ਤੈ[93] ਨਾਮੁ ਧਿਆਈ[94] ਮਹਲੁ[95] ਪਾਇ[96] ਗੁਣ[97] ਗਾਹਾ[98] ਹੇ ॥੧੧॥	I utter[92] the Name and[93] the Name do I contemplate[94]. Entering[96] into the Lord's presence[95] sing[98] I His praise[97].	ਮੈਂ ਨਾਮ ਦਾ ਉਚਾਰਨ[92] ਕਰਦਾ ਹਾਂ ਅਤੇ[93] ਨਾਮ ਨੂੰ ਹੀ ਮੈਂ ਸਿਮਰਦਾ[94] ਹਾਂ। ਸੁਆਮੀ ਦੀ ਹਜ਼ੂਰੀ[65] ਨੂੰ ਪ੍ਰਾਪਤ[96] ਹੋ, ਮੈਂ ਉਸ ਦੀ ਮਹਿਮਾ[97] ਅਲਾਪਦਾ[98] ਹਾਂ।
੧੦੫੪		
ਸੇਵਕ[99] ਸੇਵਹਿ[100] ਮੰਨਿ[2] ਹੁਕਮੁ[3] ਅਪਾਰਾ[4] ॥	The slave[99] serves[100] his Infinite Lord[4] and obeys[2] His command[3].	ਸੇਵਕ[99] ਆਪਣੇ ਬੇਅੰਤ ਸੁਆਮੀ[4] ਦੀ ਘਾਲ ਕਮਾਉਂਦਾ[100] ਹੈ ਅਤੇ ਉਸ ਦੀ ਆਗਿਆ[3] ਦੀ ਪਾਲਣਾ ਕਰਦਾ[2] ਹੈ।
ਮਨਮੁਖ[5] ਹੁਕਮੁ[6] ਨ ਜਾਣਹਿ ਸਾਰਾ[7] ॥	The mind-wards[5] know not the worth[7] of the Lord's will[6].	ਮਨ-ਮਤੀਏ[5], ਸਾਹਿਬ ਦੀ ਰਜ਼ਾ[6] ਦੀ ਕਦਰ[7] ਨੂੰ, ਨਹੀਂ ਜਾਣਦੇ।
ਹੁਕਮੇ[8] ਮੰਨੇ[9] ਹੁਕਮੇ ਵਡਿਆਈ[10] ਹੁਕਮੇ ਵੇਪਰਵਾਹਾ[12] ਹੇ ॥੧੨॥	By the Lord's order[8], man is renowned[9], by His order; he is glorfied[10] and by His order, he becomes carefree[12].	ਸੁਆਮੀ ਦੀ ਰਜ਼ਾ[8] ਦੁਆਰਾ ਬੰਦਾ ਨਾਮਵਰ ਹੋ ਜਾਂਦਾ[9] ਹੈ, ਉਸ ਦੀ ਰਜ਼ਾ ਦੁਆਰਾ ਉਹ ਪ੍ਰਭਤਾ[10] ਪਾਉਂਦਾ ਹੈ ਅਤੇ ਉਸ ਦੀ ਰਜ਼ਾ ਦੁਆਰਾ ਹੀ ਬੇਫਿਕਰ ਥੀ ਵੰਞਦਾ[12] ਹੈ।
ਗੁਰ ਪਰਸਾਦੀ[13] ਹੁਕਮੁ ਪਛਾਣੈ[14] ॥ ਧਾਵਤੁ[15] ਰਾਖੈ[16] ਇਕਤੁ[17] ਘਰਿ[18] ਆਣੈ[19]॥	By the Guru's grace[13], one recognt-ses[14] the Lord's will, restrains[16] the wandering[15] mind and brings[19] it back to the One Lord's[17] House[18].	ਗੁਰਾਂ ਦੀ ਦਇਆ[13] ਦੁਆਰਾ, ਜੀਵ ਸਾਂਈਂ ਦੀ ਰਜ਼ਾ ਨੂੰ ਸਿੰਞਾਣ ਲੈਂਦਾ[14] ਹੈ, ਭਟਕਦੇ[15] ਹੋਏ ਮਨੂਏ ਨੂੰ ਰੋਕ ਰਖਦਾ[16] ਹੈ ਅਤੇ ਇਸ ਨੂੰ ਇਕ ਪ੍ਰਭੂ[17] ਦੇ ਘਰ[18] ਵਿਚ ਮੋੜ ਲਿਆਉਂਦਾ[19] ਹੈ।
ਨਾਮੇ ਰਾਤਾ[20] ਸਦਾ ਬੈਰਾਗੀ[21] ਨਾਮੁ ਰਤਨੁ[22] ਮਨਿ ਤਾਹਾ[23] ਹੇ ॥੧੩॥	Imbued[20] with the Name, he ever remains detached[21] and the Name jewel[22] is enshrined within his[23] mind.	ਨਾਮ ਨਾਲ ਰੰਗਿਆ ਹੋਇਆ[20], ਉਹ ਸਦੀਵ ਹੀ ਨਿਰਲੇਪ[21] ਰਹਿੰਦਾ ਹੈ ਅਤੇ ਨਾਮ ਦਾ ਹੀਰਾ[22] ਉਸ[23] ਦੇ ਰਿਦੇ ਅੰਦਰ ਟਿਕਿਆ ਹੋਇਆ ਹੈ।
ਸਭ ਜਗ ਮਹਿ[24] ਵਰਤੈ[25] ਏਕੋ ਸੋਈ[26] ॥	He[26], the One Lord is contained[25] in[24] the whole world.	ਉਹ[26] ਇੱਕ ਸੁਆਮੀ ਸਾਰੇ ਸੰਸਾਰ ਅੰਦਰ[24] ਵਿਆਪਕ[25] ਹੋ ਰਿਹਾ ਹੈ।
ਗੁਰ ਪਰਸਾਦੀ[27] ਪਰਗਟੁ[28] ਹੋਈ ॥	By the Guru's grace[27], He becomes manifest[28].	ਗੁਰਾਂ ਦੀ ਦਇਆ[27] ਦੁਆਰਾ, ਉਹ ਜ਼ਾਹਰ[28] ਹੋ ਜਾਂਦਾ ਹੈ।
ਸਬਦੁ[29] ਸਲਾਹਹਿ[30] ਸੇ ਜਨ[31] ਨਿਰਮਲ[32] ਨਿਜ[33] ਘਰਿ ਵਾਸਾ[34] ਤਾਹਾ ਹੇ ॥੧੪॥	Immaculate[32] are the ones[31], who praise[30] their Lord[29] and they abide[34] in their own[33] Home.	ਪਵਿੱਤ੍ਰ[32] ਹਨ ਉਹ ਬੰਦੇ[31] ਜੋ ਆਪਣੇ ਸੁਆਮੀ[29] ਦਾ ਜੱਸ ਕਰਦੇ[30] ਹਨ ਅਤੇ ਉਹ ਆਪਣੇ ਨਿੱਜ[33] ਦੇ ਧਾਮ ਵਿਚ ਵਸੇਬਾ[34] ਪਾ ਲੈਂਦੇ ਹਨ।

ਸਦਾ ਭਗਤ[35] ਤੇਰੀ ਸਰਣਾਈ[36] ॥

The devotees[35] ever abide in Thy refuge[36], O Lord.

ਪ੍ਰਭੂ-ਭਗਤ[35] ਹਮੇਸ਼ਾ ਤੇਰੀ ਪਨਾਹ[36] ਹੇਠਾਂ ਵਸਦੇ ਹਨ, ਹੇ ਸੁਆਮੀ !

ਅਗਮ[37] ਅਗੋਚਰ[38] ਕੀਮਤਿ[39] ਨਹੀ ਪਾਈ ॥

The Unfathomable[37] and Unknowable[38] God can be evaluated[39] not.

ਬੇਥਾਹ[37] ਅਤੇ ਗਿਆਤ ਤੋਂ ਉਚੇਰੇ[38] ਵਾਹਿਗੁਰੂ ਦਾ ਮੁਲ[39] ਪਾਇਆ ਨਹੀਂ ਜਾ ਸਕਦਾ ।

ਜਿਉ[40] ਤੁਧੁ ਭਾਵੈ[41] ਤਿਉ[42] ਤੂ ਰਾਖਹਿ ਗੁਰਮੁਖਿ[43] ਨਾਮੁ ਧਿਆਹਾ[44] ਹੇ ॥੧੫॥

As[40] Thou willest[41], so[42] keepest Thou the mortal. By the Guru's grace[63] contemplates[44] he the Name.

ਜਿਸ ਤਰ੍ਹਾਂ[40] ਤੂੰ ਚਾਹੁੰਦਾ[41] ਹੈਂ, ਉਸੇ ਤਰ੍ਹਾਂ[42] ਹੀ ਤੂੰ ਪ੍ਰਾਣੀ ਨੂੰ ਰਖਦਾ ਹੈਂ । ਗੁਰਾਂ ਦੀ ਦਇਆ[43] ਦੁਆਰਾ, ਉਹ ਨਾਮ ਦਾ ਸਿਮਰਨ ਕਰਦਾ[44] ਹੈ ।

ਸਦਾ[45] ਸਦਾ ਤੇਰੇ ਗੁਣ[46] ਗਾਵਾ[47] ॥

Ever[45], ever, celebrate[47] I Thy praise[46].

ਸਦੀਵ[45], ਸਦੀਵ ਹੀ, ਮੈਂ ਤੇਰੀ ਮਹਿਮਾ[46] ਗਾਇਨ ਕਰਦਾ[47] ਹਾਂ ।

ਸਚੇ ਸਾਹਿਬ ਤੇਰੈ ਮਨਿ[48] ਭਾਵਾ[49] ॥

This wise, O True Lord, become I pleasing[49] to Thy mind[48].

ਇਸ ਤਰ੍ਹਾਂ, ਹੇ ਸੱਚੇ ਸਾਂਈਂ ! ਮੈਂ ਤੇਰੇ ਚਿੱਤ[48] ਨੂੰ ਚੰਗਾ ਲਗਦਾ[49] ਹਾਂ ।

ਨਾਨਕੁ ਸਾਚੁ ਕਹੈ ਬੇਨੰਤੀ[50] ਸਚੁ ਦੇਵਹੁ[51] ਸਚਿ ਸਮਾਹਾ[52] ਹੇ ॥੧੬॥੧॥੧੦॥

Nanak makes a true supplication[50]: O Lord bless[51] Thou me with truth, that I may merge[52] in it.

ਨਾਨਕ ਸੱਚੀ ਪ੍ਰਾਰਥਨਾ ਕਰਦਾ[50] ਹੈ, ਹੇ ਸੁਆਮੀ ! ਤੂੰ ਮੈਨੂੰ ਸੱਚ ਦੀ ਦਾਤ[51] ਦੇ, ਤਾਂ ਜੋ ਮੈਂ ਇਸ ਅੰਦਰ ਲੀਨ[52] ਹੋ ਜਾਵਾਂ ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ ।

ਸਤਿਗੁਰੁ ਸੇਵਨਿ[53] ਸੇ [54]ਵਡਭਾਗੀ[55] ॥

Very[54] fortunate[55] are they[53] who serve the True Guru.

ਭਾਰੇ[54] ਭਾਗਾਂ ਵਾਲੇ[55] ਹਨ, ਉਹ[53] ਜੋ ਸੱਚੇ ਗੁਰਾਂ ਦੀ ਘਾਲ ਕਮਾਉਂਦੇ ਹਨ ।

ਅਨਦਿਨੁ[57] ਸਾਚਿ ਨਾਮਿ ਲਿਵ ਲਾਗੀ[56] ॥

Night[57] and day they remain attuned[56] to the True Name

ਰੈਣ[57] ਤੇ ਦਿਹੁੰ ਉਹ ਸੱਚੇ ਨਾਮ ਨਾਲ ਪਿਆਰ ਪਾਈ ਰਖਦੇ[56] ਹਨ ।

ਸਦਾ ਸੁਖਦਾਤਾ[58] ਰਹਿਆ[59] ਘਟ[60] ਅੰਤਰਿ[61] ਸਬਦਿ[62] ਸਚੈ ਓਮਾਹਾ[63] ਹੇ ॥੧॥

The Peace-giving[58] Lord ever abides[59] in[61] their mind[60] and happily[63] cherish they the True Name[62].

ਆਰਾਮ-ਦੇਣਹਾਰ[58] ਸੁਆਮੀ ਸਦੀਵ ਹੀ ਉਨ੍ਹਾਂ ਦੇ ਮਨ[60] ਅੰਦਰ[61] ਵਸਦਾ[59] ਹੈ ਅਤੇ ਖੁਸ਼ੀ ਨਾਲ[63] ਉਹ ਸਤਿਨਾਮ[62] ਦਾ ਸਿਮਰਨ ਕਰਦੇ ਹਨ ।

ਨਦਰਿ[64] ਕਰੇ[65] ਤਾ[66] ਗੁਰੂ ਮਿਲਾਏ ॥ ਹਰਿ ਕਾ ਨਾਮੁ ਮੰਨਿ ਵਸਾਏ[67] ॥

When the Lord shows[65] mercy[64], then[66] He makes man meet the Guru and enshrines[67] His Name in his mind.

ਜਦ ਸਾਂਈਂ ਮਿਹਰ[64] ਧਾਰਦਾ[65] ਹੈ, ਤਦ[66] ਉਹ ਬੰਦੇ ਨੂੰ ਗੁਰਾਂ ਨਾਲ ਮਿਲਾ ਦਿੰਦਾ ਹੈ ਅਤੇ ਆਪਣੇ ਨਾਮ ਨੂੰ ਉਸ ਦੇ ਚਿੱਤ ਵਿਚ ਟਿਕਾ ਦਿੰਦਾ[67] ਹੈ ।

ਹਰਿ ਮਨਿ ਵਸਿਆ ਸਦਾ ਸੁਖਦਾਤਾ[68] ਸਬਦੇ[69] ਮਨਿ ਓਮਾਹਾ[70] ਹੇ ॥੨॥

The Bliss-giving[68] God ever dwells in his mind and he blissfully[70] remembers the Name[69] in his mind.

ਖੁਸ਼ੀ ਦੇਣ ਵਾਲਾ[68] ਵਾਹਿਗੁਰੂ ਹਮੇਸ਼ਾ ਉਸ ਦੇ ਰਿਦੇ ਅੰਦਰ ਵਸਦਾ ਹੈ ਅਤੇ ਉਹ ਪ੍ਰਸੰਨ[70] ਹੋ ਆਪਣੇ ਚਿੱਤ ਵਿੱਚ ਨਾਮ[67] ਦਾ ਚਿੰਤਨ ਕਰਦਾ ਹੈ ।

ਕ੍ਰਿਪਾ ਕਰੇ ਤਾ ਮੇਲਿ[71] ਮਿਲਾਏ[72] ॥ ਹਉਮੈ[73] ਮਮਤਾ[74] ਸਬਦਿ[75] ਜਲਾਏ[76] ॥

When the Lord shows mercy, then unites[72] He the man in His union[71] and burns[76] with the Name[75] his pride[73] and worldly love[74].

ਜਦ ਸਾਹਿਬ ਮਿਹਰ ਧਾਰਦਾ ਹੈ ਤਦ ਉਹ ਬੰਦੇ ਨੂੰ ਆਪਣੇ ਮਿਲਾਪ[71] ਅੰਦਰ ਮਿਲਾ ਲੈਂਦਾ[72] ਹੈ ਅਤੇ ਉਸ ਦੇ ਹੰਕਾਰ[73] ਤੇ ਸੰਸਾਰੀ ਮੋਹ[74] ਨੂੰ ਨਾਮ[75] ਨਾਲ ਸਾੜ ਸੁੱਟਦਾ[76] ਹੈ ।

ਸਦਾ ਮੁਕਤੁ[77] ਰਹੈ[78]

In the love[79] of the One Lord[78], he

ਇੱਕ ਸੁਆਮੀ[78] ਦੀ ਪ੍ਰੀਤ[79] ਅੰਦਰ ਉਹ ਹਮੇਸ਼ਾ

ਇਕ ਰੰਗੀ[79] ਨਾਹੀ ਕਿਸੈ ਨਾਲਿ ਕਾਹਾ[80] ਹੇ ॥੩॥

ever remains emancipated[77] and enters into strife[80] with none.

ਬੰਦਖਲਾਸ[77] ਰਹਿੰਦਾ ਹੈ ਅਤੇ ਕਿਸੇ ਨਾਲ ਭੀ ਲੜਾਈ[80] ਝਗੜਾ ਨਹੀਂ ਕਰਦਾ ।

ਬਿਨੁ ਸਤਿਗੁਰ ਸੇਵੇ[81] ਘੋਰ ਅੰਧਾਰਾ[82] ॥

Without serving[81] the True Guru, one is enveloped in inky-darkness[82].

ਸੱਚੇ ਗੁਰਾਂ ਦੀ ਟਹਿਲ[81] ਕਮਾਉਣ ਦੇ ਬਗੈਰ, ਇਨਸਾਨ ਅਤੀ ਅਨ੍ਹੇਰ-ਘੁਪ[82] ਅੰਦਰ ਘਿਰਿਆ ਹੋਇਆ ਹੈ ।

ਬਿਨੁ ਸਬਦੈ[83] ਕੋਇ ਨ ਪਾਵੈ ਪਾਰਾ ॥

Without the Name[83], none ever crosses the world-ocean.

ਨਾਮ[83] ਦੇ ਬਾਝੋਂ ਕੋਈ ਭੀ ਕਦੇ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਹੁੰਦਾ ।

ਜੋ ਸਬਦਿ[84] [85]ਰਾਤੇ[86] ਮਹਾ[87] ਬੈਰਾਗੀ[88] ਸੋ[89] ਸਚੁ[90] ਸਬਦੇ ਲਾਹਾ[91] ਹੇ ॥੪॥

The supreme[87] world-renouncers[88] are they[86] who are imbued[85] with the Name[84]. They[89] earn the profit[91] of the True Name[90].

ਪਰਮ[87] ਜਗਤ-ਤਿਆਗੀ[88] ਹਨ ਉਹ[86] ਜੋ ਨਾਮ[84] ਨਾਲ ਰੰਗੀਜੇ[85] ਹਨ । ਉਹ[89] ਸੱਚੇ ਨਾਮ[90] ਦੀ ਖੱਟੀ[91] ਖੱਟਦੇ ਹਨ ।

ਦੁਖੁ[92] ਸੁਖੁ[93] ਕਰਤੈ[94] ਧੁਰਿ[95] ਲਿਖਿ[98] ਪਾਇਆ ॥ ਦੂਜਾ[96] ਭਾਉ[97] ਆਪਿ[99] ਵਰਤਾਇਆ[100] ॥

The Creator[94]-Lord has pre[95]-destined[98] woe[92] and weal[93], and has Himself[99] disseminated[100] the love[98] of another[96].

ਸਿਰਜਣਹਾਰ[94] ਸੁਆਮੀ ਨੇ ਗ਼ਮੀ[92] ਅਤੇ ਖ਼ੁਸ਼ੀ[93] ਮੁੱਢ[95] ਤੋਂ ਹੀ ਲਿਖ ਛੱਡੀ[98] ਹੈ ਅਤੇ ਖ਼ੁਦ[99] ਹੀ ਹੋਰਸ[96] ਦਾ ਪਿਆਰ[97] ਖਿਲਾਰਿਆ[100] ਹੈ ।

ਗੁਰਮੁਖਿ[2] ਹੋਵੈ ਸੁ ਅਲਿਪਤੋ[3] ਵਰਤੈ[4] ਮਨਮੁਖ[5] ਕਾ ਕਿਆ[7] ਵੇਸਾਹਾ[6] ਹੇ ॥੫॥

He who becomes resigned to the Guru's will[2], remains[4] detached[3]. What[7] reliance[6] can be reposed in the way-ward[5] person ?

ਜੋ ਗੁਰੂ-ਅਨੁਸਾਰੀ[2] ਥੀ ਵੰਞਦਾ ਹੈ ਉਹ ਨਿਰਲੇਪ[3] ਵਿਕਰਦਾ[4] ਹੈ । ਆਪ-ਹੁਦਰੇ[5] ਪੁਰਸ਼ ਉੱਤੇ ਕੀ[7] ਇਤਬਾਰ[6] ਕੀਤਾ ਜਾ ਸਕਦਾ ਹੈ ?

ਸੇ[8] ਮਨਮੁਖ[9] ਜੋ ਸਬਦੁ[10] ਨ ਪਛਾਣਹਿ[12] ॥ ਗੁਰ ਕੇ ਭੈ[13] ਕੀ ਸਾਰ[14] ਨ ਜਾਣਹਿ[15] ॥

They[8] alone are mind-wards[9], who realise[12] not the Name[10] and understand[15] not the quintessence[14] of the Guru's Fear[13].

ਕੇਵਲ ਉਹ[8] ਹੀ ਮਨਮੱਤੀਏ[10] ਹਨ ਜੋ ਨਾਮ[10] ਨੂੰ ਅਨੁਭਵ[12] ਨਹੀਂ ਕਰਦੇ ਅਤੇ ਗੁਰਾਂ ਦੇ ਡਰ[13] ਦੀ ਅਸਲੀਅਤ[14] ਨੂੰ ਨਹੀਂ ਸਮਝਦੇ[15] ।

ਭੈ[16] ਬਿਨੁ ਕਿਉ[22] ਨਿਰਭਉ[17] ਸਚੁ[18] ਪਾਈਐ ਜਮੁ ਕਾਢਿ ਲਏਗਾ[19] ਸਾਹਾ[20] ਹੇ ॥੬॥

Without His fear[16], how[22] can the Fear-free[17] True Lord[18] be attained to and the Yama shall draw out[19] the mortal's breath[20].

ਉਸ ਦੇ ਡਰ[16] ਦੇ ਬਗੈਰ, ਨਿਡਰ[17] ਸੱਚਾ ਸੁਆਮੀ[18] ਕਿਸ ਤਰ੍ਹਾਂ[22] ਪਾਇਆ ਜਾ ਸਕਦਾ ਹੈ । ਯਮ ਪ੍ਰਾਣੀ ਦੇ ਸੁਆਸ[20] ਨੂੰ ਖਿੱਚ ਲਵੇਗਾ[19] ।

ਅਫਰਿਓ[23] ਜਮੁ[24] ਮਾਰਿਆ[25] ਨ ਜਾਈ ॥

The invulnerable[23] Death's myrmidon[24] can be slain[25] not.

ਮੌਤ ਦਾ ਅਜਿੱਤ[23] ਫ਼ਰੇਸ਼ਤਾ[24] ਨਾਸ[25] ਨਹੀਂ ਕੀਤਾ ਜਾ ਸਕਦਾ ।

ਗੁਰ ਕੈ ਸਬਦੇ[26] ਨੇੜਿ[27] ਨ ਆਈ ॥

Through the Guru's-word[26], he draws not near[27].

ਗੁਰਾਂ ਦੀ ਬਾਣੀ[26] ਰਾਹੀਂ ਉਹ ਲਾਗੇ[27] ਨਹੀਂ ਲਗਦਾ ।

ਸਬਦੁ[28] ਸੁਣੇ ਤਾ[34] ਦੂਰਹੁ[29] ਭਾਗੈ[30] ਮਤੁ[31] ਮਾਰੈ[35] ਹਰਿ ਜੀਉ[32] ਵੇਪਰਵਾਹਾ[33] ਹੇ ॥੭॥

When he hears Gurbani[28] then[34] he runs away[30] from afar[29], lest[31] the Venerable[32] Fear-free[33] Lord put him to death.

ਜਦ ਉਹ ਗੁਰਬਾਣੀ[28] ਸੁਣਦਾ ਹੈ, ਤਦ[34] ਉਹ ਦੂਰ[29] ਤੋਂ ਹੀ ਭੱਜ ਜਾਂਦਾ[30] ਹੈ, ਮਤੇ[31] ਮਾਣਨੀਯ[32] ਭੈ-ਰਹਿਤ[33] ਸੁਆਮੀ ਉਸ ਨੂੰ ਜਾਨੋਂ ਹੀ ਨਾ ਮਾਰ ਦੇਵੇਂ[35] ।

ਹਰਿ ਜੀਉ[36] ਕੀ ਹੈ ਸਭ[37] ਸਿਰਕਾਰਾ[38] ॥	Over all[37] is the rule[38] of the Sire Master[36].	ਸਾਰਿਆਂ[37] ਦੇ ਉੱਪਰ ਹਕੂਮਤ[38] ਹੈ ਪ੍ਰਭੂ ਮਾਲਕ[36] ਦੀ ।
ਏਹੁ ਜਮੁ[39] ਕਿਆ[40] ਕਰੇ ਵਿਚਾਰਾ[41] ॥	What[40] can this poor[41] Death's courier[39] do ?	ਇਹ ਗਰੀਬ[41] ਮੌਤ ਦਾ ਦੂਤ[39] ਕੀ[40] ਕਰ ਸਕਦਾ ਹੈ ?
ਹੁਕਮੀ[42] ਬੰਦਾ[43] ਹੁਕਮੁ ਕਮਾਵੈ[44] ਹੁਕਮੇ ਕਢਦਾ[45] ਸਾਹਾ[46] ਹੇ ॥੮॥	He is the obeyer[43] of the Lord's will[42], carries out His order[4] and under His command, he derives[45] one of his breath[46].	ਉਹ ਪ੍ਰਭੂ ਦੀ ਰਜ਼ਾ[42] ਦੀ ਪਾਲਣਾ ਕਰਨ ਵਾਲਾ[43] ਹੈ, ਉਸ ਦਾ ਫ਼ੁਰਮਾਨ ਬਜਾਉਂਦਾ[44]ਹੈ ਅਤੇ ਉਸ ਦੇ ਫ਼ੁਰਮਾਨ ਤਾਂਡੇ ਬੰਦੇ ਦਾ ਸਾਹ[46] ਖਿੱਚ ਲੈਂਦਾ[45] ਹੈ ।
ਗੁਰਮੁਖਿ[47] ਸਾਚੈ[48] ਕੀਆ[49] ਅਕਾਰਾ[50] ॥	The Guru-ward[47] realises that the True One[48] has created[49] the creation.[50]	ਗੁਰੂ-ਅਨੁਸਾਰੀ[47] ਅਨੁਭਵ ਕਰਦਾ ਹੈ ਕਿ ਸਤਿਪੁਰਖ[48] ਨੇ ਹੀ ਰਚਨਾ[50] ਰਚੀ[49] ਹੈ ।
ਗੁਰਮੁਖਿ ਪਸਰਿਆ[51] ਸਭੁ ਪਾਸਾਰਾ[52] ॥	The Guru-ward knows the Lord has cxtended[51] the entire expanse[52].	ਗੁਰੂ-ਅਨੁਸਾਰੀ ਜਾਣਦਾ ਹੈ ਕਿ ਸੁਆਮੀ ਨੇ ਹੀ ਸਾਰਾ ਖਿਲਾਰਾ[52] ਖਿਲਾਰਿਆ[51] ਹੈ ।
ਗੁਰਮੁਖਿ ਹੋਵੈ ਸੋ[53] ਸਚੁ[54] ਬੂਝੈ[55] ਸਬਦਿ[56] ਸਚੈ ਸੁਖੁ[58] ਤਾਹਾ[57] ਹੇ ॥੯॥	He[53], who is God-conscious, understands[55] the True Lord[54]. Through the True Name[56], obtains he[57] the peace[58].	ਜੋ ਰੱਬ ਨੂੰ ਜਾਣਨ ਵਾਲਾ ਹੈ, ਉਹ[53] ਸੱਚੇ ਸਾਂਈ[54] ਨੂੰ ਸਮਝਦਾ[55] ਹੈ । ਸੱਚੇ ਨਾਮ[56] ਦੇ ਰਾਹੀਂ ਉਹ[57] ਆਰਾਮ[58] ਪਾਉਂਦਾ ਹੈ ।
ਗੁਰਮੁਖਿ ਜਾਤਾ[59] ਕਰਮਿ ਬਿਧਾਤਾ[60] ॥	The pious person knows[59] the Lord to be the Recompenser of actions[60].	ਪਵਿੱਤ੍ਰ ਪੁਰਸ਼ ਪ੍ਰਭੂ ਨੂੰ ਅਮਲਾਂ ਦਾ ਫਲ ਦੇਣ ਵਾਲਾ[60] ਜਾਣਦਾ[59] ਹੈ ।
ਜੁਗ ਚਾਰੇ ਗੁਰ ਸਬਦਿ[61] ਪਛਾਤਾ[62] ॥	Through the Guru's instruction[61], he knows[62] the Lord contained in the four ages.	ਗੁਰਾਂ ਦੇ ਉਪਦੇਸ਼[61] ਦੁਆਰਾ ਉਹ ਪ੍ਰਭੂ ਨੂੰ ਚਾਰੇ ਹੀ ਯੁੱਗਾਂ ਅੰਦਰ ਵਿਆਪਕ ਜਾਣਦਾ[62] ਹੈ ।
ਗੁਰਮੁਖਿ[63] ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ[64] ਸਮਾਹਾ[65] ਹੇ ॥੧੦॥	The holy man[63] dies not, nor is the holy man born. It is the holy man who merges[65] in the Lord[64].	ਨੇਕ ਬੰਦਾ[63] ਮਰਦਾ ਨਹੀਂ, ਨਾ ਹੀ ਨੇਕ ਬੰਦਾ ਜਨਮ ਧਾਰਦਾ ਹੈ । ਨੇਕ ਬੰਦਾ ਹੀ ਸੁਆਮੀ[64] ਅੰਦਰ ਲੀਨ ਹੁੰਦਾ[65] ਹੈ ।
ਗੁਰਮੁਖਿ ਨਾਮਿ ਸਬਦਿ[66] ਸਾਲਾਹੇ[67] ॥ ਅਗਮ[68] ਅਗੋਚਰ[69] ਵੇਪਰਵਾਹੇ[70] ॥	The pious person sings the praise[67] of the Inaccessible[68] and Incomprehensible[69] Name of the Absolute Lord[70].	ਪਵਿੱਤ੍ਰ ਪੁਰਸ਼ ਸੁਆਮੀ ਦੇ ਨਾਮ[66] ਦੀ ਮਹਿਮਾ[67] ਗਾਇਨ ਕਰਦਾ ਹੈ ਜੋ ਪਹੁੰਚ ਤੋਂ ਪਰੇ[68] ਅਤੇ ਸੋਚ ਸਮਝ ਤੋਂ ਉਚੇਰਾ[69] ਸੁਤੰਤਰ ਸੁਆਮੀ[70] ਹੈ ।
੧੦੫੫		
ਏਕ ਨਾਮਿ ਜੁਗ ਚਾਰਿ ਉਧਾਰੇ[71] ਸਬਦੇ[72] ਨਾਮ ਵਿਸਾਹਾ[73] ਹੇ ॥੧੧॥	The One Lord's Name emancipates[71] in the four ages. It is through the Guru's teaching[72] that one deals[73] in the Name.	ਇਕ ਸੁਆਮੀ ਦਾ ਨਾਮ ਹੀ ਚੌਹਾਂ ਯੁੱਗਾਂ ਅੰਦਰ ਕਲਿਆਣ ਕਰਦਾ[71] ਹੈ । ਗੁਰਾਂ ਦੀ ਸਿਖਮਤ[72] ਰਾਹੀਂ ਹੀ ਇਨਸਾਨ ਨਾਮ ਦਾ ਵਣਜ ਕਰਦਾ[73] ਹੈ ।

ਗੁਰਮੁਖਿ ਸਾਂਤਿ[74] ਸਦਾ ਸੁਖੁ[75] ਪਾਏ ॥	The Guru-ward obtains peace[74] and eternal bliss[75].	ਗੁਰੂ-ਅਨੁਸਾਰੀ ਠੰਢ-ਚੈਨ[74] ਤੇ ਸਦੀਵੀ ਖੁਸ਼ੀ[75] ਪਾ ਲੈਂਦਾ ਹੈ।
ਗੁਰਮੁਖਿ ਹਿਰਦੈ[76] ਨਾਮੁ ਵਸਾਏ[77] ॥	The Guru-ward enshrines[77] the Lord's Name within his mind[76].	ਗੁਰੂ ਅਨੁਸਾਰੀ ਸਾਹਿਬ ਦੇ ਨਾਮ ਨੂੰ ਆਪਣੇ ਮਨ[76]ਅੰਦਰ ਟਿਕਾਉਂਦਾ[77] ਹੈ।
ਗੁਰਮੁਖਿ ਹੋਵੈ ਸੋ ਨਾਮੁ ਬੂਝੈ[78] ਕਾਟੇ[79] [80]ਦੁਰਮਤਿ[81] ਫਾਹਾ[82] ਹੇ ॥੧੨॥	He who becomes God-conscious realises[78] the Name and snaps[79] the noose[82] of evil[80]-intellect[81].	ਜੋ ਹਰੀ ਨੂੰ ਜਾਨਣ ਵਾਲਾ ਹੋ ਜਾਂਦਾ ਹੈ, ਉਹ ਨਾਮ ਨੂੰ ਅਨੁਭਵ ਕਰਦਾ[78] ਅਤੇ ਖੋਟੀ[80] ਅਕਲ[81] ਦੀ ਫਾਹੀ[82] ਨੂੰ ਵੱਢ ਸੁਟਦਾ[79] ਹੈ।
ਗੁਰਮੁਖਿ ਉਪਜੈ[83] ਸਾਚਿ[84] ਸਮਾਵੈ[85] ॥	The Guru-ward originates[83] from and merges[85] in the True Lord[84].	ਗੁਰੂ ਅਨੁਸਾਰੀ ਸਚੇ ਸੁਆਮੀ[84] ਤੋਂ ਉਤਪੰਨ[83] ਅਤੇ ਉਸ ਵਿਚ ਹੀ ਲੀਨ ਹੁੰਦਾ[85] ਹੈ।
ਨਾ ਮਰਿ[86] ਜੰਮੈ[87] ਨ ਜੂਨੀ[88] ਪਾਵੈ ॥	He comes[87] and goes[86] not, nor is he cast into existences[88].	ਉਹ ਆਉਂਦਾ[87] ਅਤੇ ਜਾਂਦਾ[87] ਨਹੀਂ, ਨਾ ਹੀ ਉਸ ਨੂੰ ਜੂਨੀਆਂ[88] ਅੰਦਰ ਪਾਇਆ ਜਾਂਦਾ ਹੈ।
ਗੁਰਮੁਖਿ ਸਦਾ ਰਹਹਿ ਰੰਗਿ[89] ਰਾਤੇ[90] ਅਨਦਿਨੁ[91] ਲੈਦੇ[92] ਲਾਹਾ[93] ਹੇ ॥੧੩॥	The Guru-wards ever remain imbued[90] with the Lord's love[89] and night and day[91] earn[92] profit[93].	ਗੁਰੂ-ਅਨੁਸਾਰੀ ਸਦੀਵ ਹੀ ਪ੍ਰਭੂ ਦੇ ਪ੍ਰੇਮ[89] ਨਾਲ ਰੰਗੇ ਰਹਿੰਦੇ[90] ਹਨ ਅਤੇ ਰੈਣ ਦਿਹੁੰ[91] ਨਫ਼ਾ[93] ਕਮਾਉਂਦੇ[92] ਹਨ।
ਗੁਰਮੁਖਿ ਭਗਤ[94] ਸੋਹਹਿ[95] ਦਰਬਾਰੇ[96] ॥	The Lord-conscious saints[94] look beauteous[95] in the Lord's Court[96].	ਪ੍ਰਭੂ ਨੂੰ ਜਾਣਨ ਵਾਲੇ ਸਾਧੂ[94], ਪ੍ਰਭੂ ਦੀ ਦਰਗਾਹ[96] ਅੰਦਰ ਸੁੰਦਰ[95] ਦਿਸਦੇ ਹਨ।
ਸਚੀ ਬਾਣੀ[97] ਸਬਦਿ[98] ਸਵਾਰੇ[99] ॥	They are embellished[99] with the True Gurbani[97] and the Lord's Name[98].	ਉਹ ਸੱਚੀ ਗੁਰਬਾਣੀ[97] ਅਤੇ ਪ੍ਰਭੂ ਦੇ ਨਾਮ[98] ਨਾਲ ਸ਼ਸ਼ੋਭਤ[99] ਹੋਏ ਹੋਏ ਹਨ।
ਅਨਦਿਨੁ[100] ਗੁਣ[2] ਗਾਵੈ[7] ਦਿਨੁ ਰਾਤੀ[3] ਸਹਜ[4] ਸੇਤੀ[5] ਘਰਿ ਜਾਹਾ[6] ਹੇ ॥੧੪॥	Night and day[100] they ever[3] hymn[7] the Lord's praise[2] and with[5] ease[4] go[6] to their own Home.	ਰੈਣ ਅਤੇ ਦਿਹੁੰ[100] ਉਹ ਹਮੇਸ਼ਾ[3] ਪ੍ਰਭੂ ਦੀ ਕੀਰਤੀ[2] ਗਾਇਨ[7] ਕਰਦੇ ਹਨ ਅਤੇ ਆਰਾਮ[4] ਨਾਲ[5] ਆਪਣੇ ਨਿੱਜ ਦੇ ਗ੍ਰਹਿ ਨੂੰ ਜਾਂਦੇ[6] ਹਨ।
ਸਤਿਗੁਰੁ ਪੂਰਾ[7*] ਸਬਦੁ[8] ਸੁਣਾਏ[9] ॥ ਅਨਦਿਨੁ[10] ਭਗਤਿ[12] ਕਰਹੁ ਲਿਵ[13] ਲਾਏ ॥	The Perfect[7*] Guru proclaims[9] the word[8]; Night[10] and day remain thou attuned[13] to the Lord's meditation[12].	ਪੂਰਨ[7*] ਗੁਰਦੇਵ ਜੀ ਬਚਨ[8] ਪੁਕਾਰਦੇ[9] ਹਨ; ਰੈਣਾਂ[10] ਅਤੇ ਦਿਹੁੰ ਤੂੰ ਪਿਆਰ ਅੰਦਰ ਪ੍ਰਭੂ ਦੇ ਸਿਮਰਨ[12] ਨਾਲ ਜੁੜਿਆ ਰਹੁ[13]।
ਹਰਿ ਗੁਣ[14] ਗਾਵਹਿ[15] ਸਦਹੀ ਨਿਰਮਲ[16] ਨਿਰਮਲ ਗੁਣ ਪਾਤਿਸਾਹਾ[17] ਹੇ ॥੧੫॥	Ever immaculate[16] is he, who celebrates[15] the Lord's praise[14]. Immaculate are the praises of the Sovereign Lord[17].	ਹਮੇਸ਼ਾ ਹੀ ਪਵਿੱਤ੍ਰ[16] ਹੈ ਉਹ ਜੋ ਸੁਆਮੀ ਦੀ ਸਿਫ਼ਤ-ਸਲਾਹ[14] ਗਾਇਨ ਕਰਦਾ[15] ਹੈ। ਪਵਿੱਤ੍ਰ ਹੈ ਸੁਆਮੀ ਸੁਲਤਾਨ[17] ਦੀ ਸਿਫ਼ਤ-ਸਨਾ।
ਗੁਣ[18] ਕਾ ਦਾਤਾ[19] ਸਚਾ ਸੋਈ[20] ॥	He, the True Lord, is the Giver[19] of virtue[18].	ਉਹ[20] ਸੱਚਾ ਸਾਹਿਬ, ਨੇਕੀ[18] ਬਖਸ਼ਣਹਾਰ[19] ਹੈ।
ਗੁਰਮੁਖਿ[21] ਬਿਰਲਾ[22] ਬੂਝੈ[23] ਕੋਈ ॥	By the Guru's grace[21], some rare one[22] understand[23] this.	ਗੁਰਾਂ ਦੀ ਦਇਆ[21] ਦੁਆਰਾ, ਕੋਈ ਟਾਂਵਾਂ ਟੱਲਾ[22] ਹੀ ਇਸ ਗੱਲ ਨੂੰ ਸਮਝਦਾ[29] ਹੈ।
ਨਾਨਕ ਜਨੁ[24] ਨਾਮੁ	Slave[24] Nanak praises[25] Name, the	ਦਾਸ[24] ਨਾਨਕ ਉਸ ਮੁਛੰਦਗੀ[26]-ਰਹਿਤ ਪ੍ਰਭੂ

ਸਲਾਹੇ[25] ਬਿਗਸੈ[26] ਸੋ[27] ਨਾਮੁ ਬੇਪਰਵਾਹਾ[28] ਹੇ ॥੧੬॥ ੨॥੧੧॥

Name of the care-free Lord[28] and blooms[26] with glee.

ਦੇ ਨਾਮ ਦੀ ਸਿਫ਼ਤ ਕਰਦਾ[25] ਹੈ ਅਤੇ ਖ਼ੁਸ਼ੀ ਨਾਲ ਪ੍ਰਫੁੱਲਤ ਹੁੰਦਾ[26] ਹੈ ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ

ਹਰਿ ਜੀਉ[29] ਸੇਵਿਹੁ ਅਗਮ[30] ਅਪਾਰਾ[31] ॥ ਤਿਸੁ[34] ਦਾ ਅੰਤੁ[32] ਨ ਪਾਈਐ ਪਾਰਾਵਾਰਾ[33] ॥

Serve thou the Unapprochable[30], Infinite[31] and Venerable[29] Lord. His[34] limit[32] and this and that[33] end can be found not.

ਤੂੰ ਪਹੁੰਚ ਤੋਂ ਪਰੇ[30] ਅਤੇ ਅਨੰਤ[31] ਪੂਜਯ[29] ਪ੍ਰਭੂ ਦੀ ਸੇਵਾ ਕਰ । ਉਸ[34] ਦਾ ਓਰਕ[32] ਅਤੇ ਇਹ ਤੇ[83] ਓਹ ਕਿਨਾਰਾ ਪਾਇਆ ਨਹੀਂ ਜਾ ਸਕਦਾ ।

ਗੁਰ ਪਰਸਾਦਿ[35] ਰਵਿਆ[36] ਘਟ[37] ਅੰਤਰਿ[38] ਤਿਤੁ[39] ਘਟਿ ਮਤਿ[40] ਅਗਾਹਾ[41] ਹੇ ॥੧॥

By the Guru's grace[35] who ever meditates[36] on the Lord in[38] his mind[37]; Within his mind abides infinite[41] wisdom[40].

ਗੁਰਾਂ ਦੀ ਦਇਆ[35] ਦੁਆਰਾ, ਜੋ ਕੋਈ ਆਪਣੇ[37] ਮਨ ਅੰਦਰ ਸੁਆਮੀ ਦਾ ਸਿਮਰਨ ਕਰਦਾ[36] ਹੈ; ਤਾਂ ਉਸ[39] ਦੇ ਮਨ ਅੰਦਰ ਬੇਅੰਤ[41] ਸਿਆਣਪ[3] ਵਸਦੀ ਹੈ ।

ਸਭ ਮਹਿ[43] ਵਰਤੈ[42] ਏਕੋ ਸੋਈ[44] ॥

He[44], the One Lord is contained[42] amidst[42] all.

ਉਹ[44] ਇੱਕ ਪ੍ਰਭੂ ਸਾਰਿਆਂ ਅੰਦਰ[43] ਰਮਿਆ ਹੋਇਆ[42] ਹੈ ।

ਗੁਰ ਪਰਸਾਦੀ[45] ਪਰਗਟੁ[46] ਹੋਈ ॥

By the Guru's grace[45], becomes He manifest[46].

ਗੁਰਾਂ ਦੀ ਦਇਆ[45] ਦੁਆਰਾ ਉਹ ਜ਼ਾਹਰ[46] ਹੋ ਜਾਂਦਾ ਹੈ ।

ਸਭਨਾ ਪ੍ਰਤਿਪਾਲ[47] ਕਰੇ ਜਗਜੀਵਨੁ ਦੇਦਾ[48] ਰਿਜਕੁ[49] ਸੰਬਾਹਾ[50] ਹੇ ॥੨॥

God, the Life of the world, nurtures[47] all and brings[48] sustenance[49] to all[50].

ਜਗਤ ਦੀ ਜਿੰਦਜਾਨ, ਵਾਹਿਗੁਰੂ, ਸਾਰਿਆਂ ਦੀ ਪਾਲਣਾ ਪੋਸਣਾ ਕਰਦਾ[47] ਹੈ ਅਤੇ ਸਾਰਿਆਂ[50] ਨੂੰ ਰੋਜ਼ੀ[49] ਪੁਚਾਉਂਦਾ[48] ਹੈ ।

ਪੂਰੈ[53] ਸਤਿਗੁਰਿ ਬੂਝਿ[51] ਬੁਝਾਇਆ[52] ॥

The Perfect[53] Guru has imparted[52] understanding[51] unto me.

ਪੂਰਨ[53] ਗੁਰਾਂ ਨੇ ਮੈਨੂੰ ਸਮਝ[51] ਬੁਝਾ ਦਿੱਤੀ[52] ਹੈ ।

ਹੁਕਮੇ[54] ਹੀ ਸਭੁ ਜਗਤੁ ਉਪਾਇਆ[55] ॥

By His order[54], the Lord has created[55] the whole world.

ਆਪਣੇ ਹੁਕਮ[54] ਦੁਆਰਾ, ਸੁਆਮੀ ਨੇ ਸਾਰਾ ਸੰਸਾਰ ਰਚਿਆ[55] ਹੈ ।

ਹੁਕਮੁ ਮੰਨੇ[56] ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ[57] ਪਾਤਿਸਾਹਾ[58] ਹੇ ॥੩॥

Whosoever submits[56] to the Lord's will, is blessed with peace. The Lord's command is over the heads of the kings[57] and emperors[58].

ਜੋ ਕੋਈ ਭੀ ਪ੍ਰਭੂ ਦੀ ਰਜ਼ਾ ਨੂੰ ਕਬੂਲ ਕਰਦਾ[56] ਹੈ, ਉਸ ਨੂੰ ਆਰਾਮ ਪ੍ਰਾਪਤ ਹੁੰਦਾ ਹੈ । ਪ੍ਰਭੂ ਦਾ ਫ਼ਰਮਾਨ ਰਾਜਿਆਂ[57] ਅਤੇ ਮਹਾਰਾਜਿਆਂ[58] ਦੇ ਸਿਰਾਂ ਉੱਪਰ ਹੈ ।

ਸਚਾ ਸਤਿਗੁਰੁ ਸਬਦੁ[59] ਅਪਾਰ[60] ॥ ਤਿਸ ਦੈ ਸਬਦਿ ਨਿਸਤਰੈ[61] ਸੰਸਾਰਾ ॥

True is the True Guru and peerless[60] is his word[59]. Through his Gurbani, the world is saved[61].

ਸੱਚੇ ਹਨ ਸੱਚੇ ਗੁਰੂ ਤੇ ਲਾਸਾਨੀ[60] ਹੈ ਉਨ੍ਹਾਂ ਦੀ ਗੁਰਬਾਣੀ[54] । ਉਨ੍ਹਾਂ ਦੀ ਗੁਰਬਾਣੀ ਰਾਹੀਂ ਜਗਤ ਪਾਰ ਉੱਤਰ ਜਾਂਦਾ[61] ਹੈ ।

ਆਪੇ ਕਰਤਾ[62] ਕਰਿ[63] ਕਰਿ[64] ਵੇਖੈ ਦੇਦਾ[65] ਸਾਸ[66] ਗਿਰਾਹਾ[67] ਹੇ ॥੪॥

Creating[63] the world[64], the Creator[62]- Lord Himself sees it and blesses[65] it with breath[66] and sustenance[67].

ਸ੍ਰਿਸ਼ਟੀ[64] ਨੂੰ ਸਾਜ ਕੇ[63] ਸਿਰਜਣਹਾਰ[62] ਸੁਆਮੀ ਆਪ ਹੀ ਇਸ ਨੂੰ ਦੇਖਦਾ ਹੈ ਅਤੇ ਇਸ ਨੂੰ ਸੁਆਸ[66] ਤੇ ਰੋਜ਼ੀ[67] ਬਖਸ਼ਦਾ[65] ਹੈ ।

ਕੋਟਿ[68] ਮਧੇ[69] ਕਿਸਹਿ[70] ਬੁਝਾਏ[71] ॥

Out of[69] millions[68], God makes a few[70] realise[71] Him.

ਕ੍ਰੋੜਾਂ[68] ਵਿਚੋਂ[69] ਬਹੁਤ ਹੀ ਥੋੜਿਆਂ[70] ਨੂੰ ਹਰੀ ਆਪਣੇ ਆਪ ਨੂੰ ਅਨੁਭਵ ਕਰਾਉਂਦਾ[71] ਹੈ ।

ਗੁਰ ਕੈ ਸਬਦਿ[72] ਰਤੇ[73] ਰੰਗੁ[74] ਲਾਏ[75] ॥	Imbued[73] with the Guru's word[72], they enshrine[75] affection[74] for their Lord.	ਗੁਰਾਂ ਦੀ ਬਾਣੀ[72] ਨਾਲ ਰੰਗੀਜੇ ਹੋਏ[73] ਉਹ ਆਪਣੇ ਪ੍ਰਭੂ ਨਾਲ ਪ੍ਰੀਤ[74] ਪਾ ਲੈਂਦੇ ਹਨ।
ਹਰਿ ਸਾਲਾਹਹਿ[76] ਸਦਾ ਸੁਖਦਾਤਾ[77] ਹਰਿ ਬਖਸੇ[78] ਭਗਤਿ[79] ਸਲਾਹਾ[80] ਹੇ ॥੫॥	They ever praise[76] their Bliss-giving[77] Lord. The Lord forgives[78] His saints[79] and blesses them with His praise[80].	ਉਹ ਸਦੀਵ ਹੀ ਖੁਸ਼ੀ-ਬਖਸ਼ਣਹਾਰ[77] ਸੁਆਮੀ ਦੀ ਕੀਰਤੀ ਕਰਦੇ[76] ਹਨ। ਸੁਆਮੀ ਆਪਣਿਆਂ ਸੰਤਾਂ[79] ਨੂੰ ਮੁਆਫ ਕਰ ਕੇ ਉਨ੍ਹਾਂ ਨੂੰ ਆਪਣੀ ਸਿਫ਼ਤ ਸਲਾਘਾ[80] ਪਰਦਾਨ ਕਰਦਾ ਹੈ।
ਸਤਿਗੁਰੁ ਸੇਵਹਿ ਸੇ ਜਨ[81] ਸਾਚੇ ॥ ਜੋ ਮਰਿ ਜੰਮਹਿ ਕਾਚਨਿ ਕਾਚੇ[82] ॥	True are the persons[81] who serve their True Guru. The falsest of the false[82] are they who die and are reborn.	ਸੱਚੇ ਹਨ ਉਹ ਪੁਰਸ਼[81] ਜੋ ਆਪਣੇ ਸੱਚੇ ਗੁਰਾਂ ਦੀ ਟਹਿਲ ਕਮਾਉਂਦੇ ਹਨ। ਕੂੜਿਆਂ ਦੇ ਕੂੜੇ[82] ਹਨ, ਜੋ ਮਰ ਵੰਞਦੇ ਹਨ ਅਤੇ ਮੁੜ ਜੰਮਦੇ ਹਨ।
ਅਗਮ[83] ਅਗੋਚਰੁ[84] ਵੇਪਰਵਾਹਾ[85] ਭਗਤਿ ਵਛਲੁ[86] ਅਥਾਹਾ[87] ਹੇ ॥੬॥	The Inaccessible[83], Inapprehensible[84], Care-free[85] and Unfathomable[87] Lord is the Lover of His saints[86].	ਪਹੁੰਚ ਤੋਂ ਪਰੇ[83], ਅਗਾਧ[84], ਮੁਫ਼ੰਦਗੀ-ਰਹਿਤ[85] ਅਤੇ ਬੇਥਾਹ[87] ਸੁਆਮੀ ਆਪਣਿਆਂ ਸਾਧੂਆਂ[86] ਨੂੰ ਪਿਆਰ ਕਰਨ ਵਾਲਾ ਹੈ।
ਸਤਿਗੁਰੁ ਪੂਰਾ[98] ਸਾਚੁ ਦ੍ਰਿੜਾਏ[89] ॥	The Perfect[88] True Guru implants[89] the truth in man.	ਪੂਰਨ[88] ਸੱਚੇ ਗੁਰੂ, ਬੰਦੇ ਅੰਦਰ, ਸੱਚ ਨੂੰ ਪੱਕਾ ਕਰਦੇ[89] ਹਨ।
ਸਚੈ ਸਬਦਿ[90] ਸਦਾ ਗੁਣ[91] ਗਾਏ ॥	Then through the True Gurbani[90], he sings ever the Lord's praise[91].	ਤਦ ਸੱਚੀ ਗੁਰਬਾਣੀ[90] ਦੇ ਰਾਹੀਂ, ਉਹ ਸਦੀਵ ਹੀ ਸਾਹਿਬ ਜਾ ਜਸ[91] ਗਾਇਨ ਕਰਦਾ ਹੈ।
ਗੁਣਦਾਤਾ[92] ਵਰਤੈ[93] ਸਭ ਅੰਤਰਿ[94] ਸਿਰਿ ਸਿਰਿ[95] ਲਿਖਦਾ ਸਾਹਾ[96] ਹੇ ॥੭॥	God, the Giver of virtue[92], works[93] in all the hearts[94]. On all the heads[95], writes He the date of their death (wedding[96]).	ਨੇਕੀਆਂ ਬਖਸ਼ਣਹਾਰ[92], ਵਾਹਿਗੁਰੂ ਸਾਰਿਆਂ ਦਿਲਾਂ[94] ਅੰਦਰ ਕੰਮ ਕਰਦਾ[93] ਹੈ। ਸਾਰਿਆਂ ਸਿਰਾਂ[95] ਉੱਤੇ ਉਹ ਉਨ੍ਹਾਂ ਦੇ ਵਿਆਹ[96] (ਮੌਤ) ਦੀ ਮਿਤੀ ਲਿਖਦਾ ਹੈ।
ਸਦਾ[97] ਹਦੂਰਿ[98] ਗੁਰਮੁਖਿ[99] ਜਾਪੈ[100] ॥	By the Guru's grace[99], the Lord ever[97] seems[100] near[100].	ਗੁਰਾਂ ਦੀ ਦਇਆ[99] ਦੁਆਰਾ, ਸਾਂਈਂ ਹਮੇਸ਼ਾਂ[97] ਨੇੜੇ[98] ਭਾਸਦਾ[100] ਹੈ।
ਸਬਦੇ ਸੇਵੈ ਸੋ ਜਨੁ[2] ਧ੍ਰਾਪੈ[3] ॥	He who serves the Lord, is satiated[3].	ਜੋ ਸਾਂਈਂ ਦੀ ਸੇਵਾ ਕਰਦਾ ਹੈ, ਉਹ ਇਨਸਾਨ[2] ਰੱਜ ਜਾਂਦਾ[3] ਹੈ।
ਅਨਦਿਨੁ[4] ਸੇਵਹਿ[5] ਸਚੀ ਬਾਣੀ[6] ਸਬਦਿ[7] ਸਚੈ ਓਮਾਹਾ[8] ਹੇ ॥੮॥	Night[4] and day he reflects[5] on the True-word[6] and is delighted[8] through the True Name[7].	ਰਾਤ[4] ਅਤੇ ਦਿਨ ਉਹ ਸੱਚੀ ਗੁਰਬਾਣੀ[6] ਦਾ ਚਿੰਤਨ ਕਰਦਾ[5] ਹੈ ਅਤੇ ਸੱਚੇ ਨਾਮ[7] ਰਾਹੀਂ ਪਰਮ ਪ੍ਰਸੰਨ ਹੁੰਦਾ[8] ਹੈ।
ਅਗਿਆਨੀ[9] ਅੰਧਾ[10] ਬਹੁ ਕਰਮ[12] ਦ੍ਰਿੜਾਏ[13] ॥ ਮਨ[14] ਹਠਿ[18] ਕਰਮ ਫਿਰਿ[16] ਜੋਨੀ[17] ਪਾਏ ॥	The ignorant[9] blind man[10] clings[13] to many rituals[12]. Through mind's[14] obstinancy[18], he performs rituals and is repeatedly[16] cast into existences[17].	ਬੇਸਮਝ[9] ਅੰਨ੍ਹਾਂ ਇਨਸਾਨ[10] ਅਨੇਕ ਕਰਮਕਾਂਡਾ[12] ਨੂੰ ਚਿਮੜਦਾ[13] ਹੈ। ਮਨ[14] ਦੀ ਜ਼ਿੱਦ[18] ਰਾਹੀਂ, ਉਹ ਕਰਮਕਾਂਡ ਕਰਦਾ ਹੈ ਅਤੇ ਮੁੜ ਕੇ[16] ਜੂਨੀਆਂ[17] ਵਿਚ ਪੈਂਦਾ ਹੈ।
ਬਿਖਿਆ[19] ਕਾਰਣਿ[20] ਲਬੁ[21] ਲੋਭੁ[22] ਕਮਾਵਹਿ[23]	For the sake of[20] poison[19] he practises[23] [greed[21] and avarice[22] and	ਜ਼ਹਿਰ[19] ਦੀ ਖ਼ਾਤਰ[20]ਉਹ ਤਮ੍ਹਾਂ[21]ਤੇ ਲਾਲਚ[22] ਕਰਦਾ[23] ਹੈ ਅਤੇ ਪਾਪ[24] ਦੇ ਰਾਹੀਂ ਉਹ ਦੁਚਿੱਤੇਪਣ[25] ਵਿਚ

ਦੂਰਮਤਿ[24] ਕਾ ਦੋਰਾਹਾ[25] ਹੇ ॥੯॥	through sin[24] is involved in double-mindedness[25].	ਖੱਚਤ ਹੋਇਆ ਹੋਇਆ ਹੈ ।
੧੦੫੬		
ਪੂਰਾ[26] ਸਤਿਗੁਰੁ ਭਗਤਿ[27] ਦ੍ਰਿੜਾਏ[28] ॥	The Perfect[26] True Guru instals[28] the Lord's devotion[27] in the mortal.	ਪੂਰਨ[26] ਸੱਚੇ ਗੁਰੂ ਪ੍ਰਾਣੀ ਦੇ ਅੰਦਰ ਸੁਆਮੀ ਦਾ ਪਿਆਰ[27] ਅਸਥਾਪਨ ਕਰਦੇ[28] ਹਨ ।
ਗੁਰ ਕੈ ਸਬਦਿ[29] ਹਰਿ ਨਾਮਿ ਚਿਤੁ[30] ਲਾਏ[31] ॥	Through the Guru's instruction[29], he fixes[31] his mind[30] with the God's Name.	ਗੁਰਾਂ ਦੇ ਉਪਦੇਸ਼[23] ਰਾਹੀਂ, ਉਹ ਆਪਣੇ ਮਨ[30] ਨੂੰ ਵਾਹਿਗੁਰੂ ਦੇ ਨਾਮ ਨਾਲ ਜੋੜ[31] ਲੈਂਦਾ ਹੈ ।
ਮਨਿ ਤਨਿ[32] ਹਰਿ ਰਵਿਆ[33] ਘਟ[34] ਅੰਤਰਿ ਮਨਿ[35] ਭੀਨੈ[36] ਭਗਤਿ[37] ਸਲਾਹਾ[38] ਹੇ ॥੧੦॥	God permeates[33] his mind body[32] and heart[34], and his soul[35] is wetted[36] with the meditation[37] and the praise[38] of the Lord.	ਉਸ ਦੇ ਚਿੱਤ ਸਰੀਰ[32] ਅਤੇ ਦਿਲ[34] ਅੰਦਰ ਵਾਹਿਗੁਰੂ ਰਮਿਆ ਹੋਇਆ[33] ਹੈ ਅਤੇ ਉਸ ਦੀ ,ਆਤਮਾ[35] ਪ੍ਰਭੂ ਦੇ ਸਿਮਰਨ[37] ਅਤੇ ਸਿਫਤ[38] ਨਾਲ ਤਰੋਤਰ ਹੋਈ ਹੋਈ[86]ਹੈ।
ਮੇਰਾ ਪ੍ਰਭੁ ਸਾਚਾ ਅਸੁਰ[39] ਸੰਘਾਰਣੁ[40] ॥	My True Lord is the Destroyer[44] of demons[39].	ਮੇਂਡਾ ਸੱਚਾ ਸਾਂਈਂ ਰਾਖਸ਼ਾਂ[39] ਨੂੰ ਮਾਰਨ ਵਾਲਾ[40] ਹੈ ।
ਗੁਰ ਕੈ ਸਬਦਿ[41] ਭਗਤਿ[42] ਨਿਸਤਾਰਣੁ[43] ॥	The Lord saves[43] those, who by Guru's instruction[41] perform His devotional service[42].	ਸੁਆਮੀ ਉਨ੍ਹਾਂ ਦਾ ਪਾਰ ਉਤਾਰਾ ਕਰ ਦਿੰਦਾ[43] ਹੈ ਜੋ ਗੁਰਾਂ ਦੀ ਸਿੱਖਮਤ[41] ਦੁਆਰਾ ਉਸ ਦੀ ਪ੍ਰੇਮਮਈ ਸੇਵਾ[42] ਕਰਦੇ ਹਨ ।
ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਸਿਰਿ[44] ਸਾਹਾ[45] ਪਾਤਿਸਾਹਾ[46] ਹੇ ॥੧੧॥	My Master is True, ever True. He is the Emperor[46] over the head[44] of all the Kings[45].	ਮੇਂਡਾ ਮਾਲਕ ਸੱਚਾ,ਸਦੀਵ ਹੀ ਸੱਚਾ ਹੈ । ਉਹ ਸਾਰਿਆਂ ਰਾਜਿਆਂ[45] ਦੇ ਸਿਰ[44] ਉੱਤੇ ਮਹਾਰਾਜਾ[46] ਹੈ ।
ਸੇ[48] ਭਗਤ[47] ਸਚੇ ਤੇਰੈ ਮਨਿ ਭਾਏ[49] ॥	True are the[48] saints[47], who are pleasing[49] to Thy mind.	ਸੱਚੇ ਹਨ ਉਹ[48] ਸਾਧੂ[47],ਜੋ ਤੇਰੇ ਚਿੱਤ ਨੂੰ ਚੰਗੇ ਲਗਦੇ[54] ਹਨ ।
ਦਰਿ[50] ਕੀਰਤਨੁ[51] ਕਰਹਿ ਗੁਰ ਸਬਦਿ[52] ਸੁਹਾਏ[53] ॥	They sing His praise[51] at the Lord's door[50] and look embellished[53] by the Guru's word[52].	ਉਹ ਸੁਆਮੀ ਦੇ ਬੂਹੇ[50] ਤੇ ਉਸ ਦਾ ਜੱਸ ਕਰਦੇ[51] ਹਨ ਅਤੇ ਗੁਰਾਂ ਦੀ ਬਾਣੀ[52] ਦੁਆਰਾ ਸ਼ਸ਼ੋਭਤ[53] ਲਗਦੇ ਹਨ।
ਸਾਚੀ ਬਾਣੀ ਅਨਦਿਨੁ[54] ਗਾਵਹਿ ਨਿਰਧਨ[55] ਕਾ ਨਾਮੁ ਵੇਸਾਹਾ[56] ਹੇ ॥੧੨॥	The True Gurbani, hymn they night[54] and day. The Lord's Name is the credit[56] of the poor man[55].	ਸੱਚੀ ਗੁਰਬਾਣੀ ਨੂੰ ਉਹ ਰੈਣ[54] ਤੇ ਦਿਹੁੰ ਗਾਇਨ ਕਰਦੇ ਹਨ । ਸੁਆਮੀ ਦਾ ਨਾਮ ਕੰਗਲੇ ਪੁਰਸ਼[55] ਦੀ ਸਾਖ[56] ਹੈ।
ਜਿਨ ਆਪੇ ਮੇਲਿ ਵਿਛੋੜਹਿ[57] ਨਾਹੀ ॥	They, whom Thou unitest with Thyself, O Lord; Them Thou separatest[57] not again.	ਜਿਨ੍ਹਾਂ ਨੂੰ ਤੂੰ ਆਪਣੇ ਨਾਲ ਮਿਲਾ ਲੈਂਦਾ ਹੈਂ,ਹੇ ਸੁਆਮੀ! ਉਨ੍ਹਾਂ ਨੂੰ ਤੂੰ ਮੁੜ ਵਿਛੋੜਦਾ[57] ਨਹੀਂ ।
ਗੁਰ ਕੈ ਸਬਦਿ[58] ਸਦਾ ਸਾਲਾਹੀ[59] ॥	By the Guru's instruction[51], they praise[59] Thee ever.	ਗੁਰਾਂ ਦੇ ਉਪਦੇਸ਼[53] ਦੁਆਰਾ, ਉਹ ਹਮੇਸ਼ਾ ਤੇਰੀ ਮਹਿਮਾਂ ਕਰਦੇ[59] ਹਨ ।
ਸਭਨਾ ਸਿਰਿ ਤੂ ਏਕੋ[60]	Thou alone[60], are the Lord[63] over	ਕੇਵਲ[60] ਤੂੰ ਹੀ ਸਾਰਿਆਂ ਦੇ ਸਿਰ ਦਾ ਸੁਆਮੀ[63] ਹੈਂ ।

ਸਾਹਿਬੁ[63] ਸਬਦੇ[61] ਨਾਮੁ ਸਲਾਹਾ[62] ਹੇ ॥੧੩॥	the heads of all. By the Guru's teaching[61] the praise[62] of the Name is lauded.	ਗੁਰਾਂ ਦੇ ਉਪਦੇਸ਼[61] ਦੁਆਰਾ ਨਾਮ ਦੀ ਮਹਿਮਾ[62]ਅਲਾਪੀ ਜਾਂਦੀ ਹੈ ।
ਬਿਨੁ ਸਬਦੈ[64] ਤੁਧੁਨੋ ਕੋਈ ਨ ਜਾਣੀ[65] ॥	Without the Name[64], none can know[65] Thee.	ਨਾਮ[64] ਦੇ ਬਗ਼ੈਰ, ਤੈਨੂੰ ਕੋਈ ਭੀ ਜਾਣ[63] ਨਹੀਂ ਸਕਦਾ।
ਤੁਧੁ ਆਪੇ ਕਥੀ[66] ਅਕਥ[67] ਕਹਾਣੀ[68] ॥	Thou Thyself narratest[66] the unnarratable[67] gospel[68].	ਤੂੰ ਖ਼ੁਦ ਹੀ ਅਕਹਿ ਕਥਾਵਾਰਤਾ[68] ਨੂੰ ਕਹਿੰਦਾ[66] ਹੈਂ ।
ਆਪੇ ਸਬਦੁ[69] ਸਦਾ[70] ਗੁਰੁ ਦਾਤਾ[71] ਹਰਿ ਨਾਮੁ ਜਪਿ[72] ਸੰਬਾਹਾ[73] ਹੇ ॥੧੪॥	For ever and aye[70], Thou, O Lord, art the Name[69], the beneficent[71] Guru and the treasure[73] of the Name's meditation[72].	ਸਦੀਵ ਹੀ, ਹਮੇਸ਼ਾ[70] ਲਈ,ਤੂੰ ਹੇ ਪ੍ਰਭੂ ! ਨਾਮ,ਦਾਤਾਰ[71] ਗੁਰਦੇਵ ਅਤੇ ਨਾਮ ਦੇ ਸਿਮਰਨ[72] ਦਾ ਖਜ਼ਾਨਾ[73] ਹੈਂ ।
ਤੂ ਆਪੇ ਕਰਤਾ[74] ਸਿਰਜਣਹਾਰਾ[75] ॥	My Creator[75] Lord, Thou Thyself art the Maker[74] of the world.	ਮੇਰੇ ਕਰਤਾਰ[75] ਸੁਆਮੀ, ਤੂੰ ਆਪ ਹੀ ਸੰਸਾਰ ਦਾ ਰਚਨਹਾਰ[74] ਹੈਂ ।
ਤੇਰਾ ਲਿਖਿਆ ਕੋਇ ਨ ਮੇਟਣਹਾਰਾ[76] ॥	None can erase[76] what is writ by Thee.	ਤੇਰੇ ਲਿਖੇ ਹੋਏ ਨੂੰ ਕੋਈ ਭੀ ਮੇਟ[76] ਨਹੀਂ ਸਕਦਾ ।
ਗੁਰਮੁਖਿ ਨਾਮੁ ਦੇਵਹਿ[77] ਤੂ ਆਪੇ ਸਹਸਾ[78] ਗਣਤ[79] ਨ ਤਾਹਾ[80] ਹੇ ॥੧੫॥	The Guru-ward, Thou Thyself blessest[77] with Thy Name. He[80] is no longer confronted with doubt[78] and reckoning[79].	ਗੁਰੂ ਅਨੁਸਾਰੀ ਨੂੰ ਤੂੰ ਆਪ ਹੀ ਨਾਮ ਬਖ਼ਸ਼ਦਾ[77] ਹੈਂ । ਉਸ[80] ਨੂੰ ਮੁੜ ਕੇ ਸੰਦੇਹ[78] ਅਤੇ ਗਿਣਤੀ ਮਿਣਤੀ[79] ਦਾ ਸਾਹਮਣਾ ਨਹੀਂ ਕਰਨਾ ਪੈਂਦਾ ।
ਭਗਤ[81] ਸਚੇ ਤੇਰੈ ਦਰਵਾਰੇ[82] ॥	The True saints[81] remain standing at Thy door[82].	ਸੱਚੇ ਸਾਧੂ[81] ਤੇਰੇ ਬੂਹੇ[82] ਉੱਤੇ ਖੜੇ ਰਹਿੰਦੇ ਹਨ ।
ਸਬਦੇ[83] ਸੇਵਨਿ[84] ਭਾਇ[85] ਪਿਆਰੇ[86] ॥	With love[85] and affection[86] utter (serve[84]) they, Thine Name[83].	ਪ੍ਰੇਮ[85] ਅਤੇ ਮੁਹੱਬਤ[86] ਨਾਲ ਉਹ ਤੇਰੇ ਨਾਮ[83] ਨੂੰ ਉਚਾਰਦੇ ਹਨ ।
ਨਾਨਕ ਨਾਮਿ ਰਤੇ[87] ਬੈਰਾਗੀ[38] ਨਾਮੇ ਕਾਰਜੁ[89] ਸੋਹਾ[90] ਹੇ ॥੧੬॥੩॥੧੨॥	Nanak, detached[88] are they, who are imbued[87] with the Name and through the Name, their affairs[89] are embellished[90].	ਨਾਨਕ, ਨਿਰਲੇਪ[88] ਹਨ ਉਹ, ਜੋ ਨਾਮ ਨਾਲ ਰੰਗੀਜੇ[87] ਹਨ ਅਤੇ ਨਾਮ ਦੇ ਰਾਹੀਂ, ਉਨ੍ਹਾਂ ਦੇ ਕੰਮ[89] ਸੁਭਾਇਮਾਨ ਥੀ ਵੰਞਦੇ[90] ਹਨ ।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ
ਮੇਰੈ ਪ੍ਰਭਿ ਸਾਚੈ ਇਕੁ ਖੇਲੁ[91] ਰਚਾਇਆ[92] ॥	My True Lord has staged[92] a play[91].	ਮੇਰੇ ਸੱਚੇ ਸੁਆਮੀ ਨੇ ਇਕ ਖੇਡ[91] ਬਣਾਈ[92] ਹੈ ।
ਕੋਇ ਨ ਕਿਸ ਹੀ ਜੇਹਾ[93] ਉਪਾਇਆ[94] ॥	He has created[94] no one like[93] unto the other.	ਉਸ ਨੇ ਕਿਸੇ ਨੂੰ ਭੀ ਕਿਸੇ ਹੋਰਸ ਵਰਗਾ[93] ਨਹੀਂ ਰਚਿਆ[94] ।
ਆਪੇ ਫਰਕੁ[95] ਕਰੇ ਵੇਖਿ ਵਿਗਸੈ[96] ਸਭਿ ਰਸ[97] ਦੇਹੀ ਮਾਹਾ[98] ਹੇ ॥੧॥	Of Himself, making distinctions[95], he is pleased[96] to see them. All the relishes[97] He has put in[98] the body.	ਆਪ ਹੀ ਵਿਤਕਰੇ[95] ਰਚ ਕੇ ਉਹ ਉਨ੍ਹਾਂ ਨੂੰ ਦੇਖ ਕੇ ਪ੍ਰਸੰਨ ਹੁੰਦਾ[96] ਹੈ । ਸਾਰੇ ਸੁਆਦ[97] ਉਸ ਨੇ ਸਰੀਰ ਅੰਦਰ[98] ਪਾ ਛੱਡੇ ਹਨ ।

ਵਾਜੈ[99] ਪਉਣੁ[100] ਤੂ[2] ਆਪਿ[3] ਵਜਾਏ[4] ॥	The breath[100] keeps its beat[99] in the body and[2] Thou Thyself[3] circulatest[4] it.	ਸਾਹ[100] ਦੇਹ ਅੰਦਰ ਆਪਣਾ ਦੌਰਾ ਜਾਰੀ[69] ਰਖਦਾ ਹੈ ਅਤੇ[2] ਤੂੰ ਆਪੇ[3] ਹੀ ਉਸ ਤੋਂ ਚੱਕਰ ਕਢਵਾਉਂਦਾ[4] ਹੈਂ।
ਸਿਵ[5] ਸਕਤੀ[6] ਦੇਹੀ[7] ਮਹਿ[8] ਪਾਏ[9] ॥	Sensitiveness[5] and stupefaction[6] Thou hast put[9] in[8] the body[7]	ਚੇਤਨਤਾ[5] ਅਤੇ ਜੜ੍ਹਤਾ[6] ਤੈਂ ਸਰੀਰ ਅੰਦਰ[8] ਟਿਕਾਈ ਆਂ[9] ਹਨ।
ਗੁਰ ਪਰਸਾਦੀ[10] ਉਲਟੀ[12] ਹੋਵੈ ਗਿਆਨ[13] ਰਤਨੁ[14] ਸਬਦੁ[15] ਤਾਹਾ[16] ਹੇ ॥੨॥	By the Guru's grace[10], man turns away[12] from the world and he[16] is blessed with the jewels[14] of gnosis[13] and the Name[15].	ਗੁਰਾਂ ਦੀ ਦਇਆ[10] ਦੁਆਰਾ, ਇਨਸਾਨ ਦੁਨੀਆਂ ਵਲੋਂ ਮੋੜਾ ਪਾ ਜਾਂਦਾ[12] ਹੈ ਅਤੇ ਉਸ[16] ਨੂੰ ਬ੍ਰਹਮ-ਬੋਧ[13] ਅਤੇ ਨਾਮ[15] ਦੇ ਜਵਾਹਿਰਾਤਾ[14] ਦੀ ਦਾਤ ਪਰਾਪਤ ਹੁੰਦੀ ਹੈ।
ਅੰਧੇਰਾ[17] ਚਾਨਣੁ[18] ਆਪੇ ਕੀਆ[19] ॥	The Lord Himself has created[19] darkness[17] and light[18].	ਪ੍ਰਭੂ ਨੇ ਆਪ ਹੀ ਅਨ੍ਹੇਰਾ[17] ਅਤੇ ਪ੍ਰਕਾਸ਼[18] ਰਚੇ[19] ਹਨ।
ਏਕੋ[20] ਵਰਤੈ[21] ਅਵਰੁ[22] ਨ ਬੀਆ[23] ॥	He alone[20] pervades[21] all. There is not any[22] other[23].	ਕੇਵਲ[20] ਉਹ ਹੀ ਸਾਰੇ ਵਿਆਪਕ[21] ਹੈ। ਹੋਰ[23] ਕੋਈ[24] ਹੈ ਹੀ ਨਹੀਂ।
ਗੁਰ ਪਰਸਾਦੀ[24] ਆਪੁ[25] ਪਛਾਣੈ[26] ਕਮਲੁ ਬਿਗਸੈ[27] ਬੁਧਿ[28] ਤਾਹਾ[30] ਹੇ ॥੩॥	He, who by the Guru's grace[24], knows[26] himself[25]; Blooms[27] the lotus of his[30] mind[28].	ਜੋ ਗੁਰਾਂ ਦੀ ਦਇਆ[24] ਦੁਆਰਾ, ਆਪਣੇ ਆਪ[25] ਨੂੰ ਜਾਣ ਲੈਂਦਾ[26] ਹੈ; ਉਸ[30] ਦੀ ਅਕਲ[28] ਦਾ ਕੰਵਲ ਖਿੜ ਜਾਂਦਾ[27] ਹੈ।
ਅਪਣੀ ਗਹਣ[31] ਗਤਿ[32] ਆਪੇ ਜਾਣੈ ॥	His depth[31] and height[32], He Himself knows.	ਆਪਣੀ ਡੂੰਘਾਈ[31] ਅਤੇ ਉਚਾਈ[32] ਨੂੰ ਉਹ ਆਪ ਹੀ ਜਾਣਦਾ ਹੈ।
ਹੋਰੁ ਲੋਕੁ ਸੁਣਿ[33] ਸੁਣਿ[34] ਆਖਿ[35] ਵਖਾਣੈ[36] ॥	Othsr people utter[35] and say[36] what they hear[33] with their ears[34].	ਹੋਰ ਲੋਕ ਜੋ ਕੁਛ ਉਹ ਆਪਣੇ ਕੰਨਾਂ[84] ਨਾਲ ਸੁਣਦੇ[83] ਹਨ, ਉਸ ਨੂੰ ਕਥਨ[35] ਤੇ ਬਿਆਨ ਕਰਦੇ[36] ਹਨ।
ਗਿਆਨੀ[37] ਹੋਵੈ ਸੁ [38]ਗੁਰਮੁਖਿ[39] ਬੂਝੈ ਸਾਚੀ ਸਿਫਤਿ[40] ਸਲਾਹਾ[41] ਹੇ ॥੪॥	He[38], who is divine[37], understands himself through the Guru[39] and utters the true praise[40] and commendation[41] of the Lord.	ਜੋ ਬ੍ਰਹਮ ਬੇਤਾ[37] ਹੈ, ਉਹ[38] ਗੁਰਾਂ[39] ਦੇ ਰਾਹੀਂ ਆਪਣੇ ਆਪ ਨੂੰ ਸਮਝਦਾ ਹੈ ਅਤੇ ਸੁਆਮੀ ਦੀ ਸੱਚੀ ਮਹਿਮਾ[40] ਅਤੇ ਕੀਰਤੀ[41] ਨੂੰ ਵਰਨਣ ਕਰਦਾ ਹੈ।
ਦੇਹੀ ਅੰਦਰਿ ਵਸਤੂ[42] ਅਪਾਰਾ[43] ॥	Within the body is a priceless[43] thing[42].	ਸਰੀਰ ਦੇ ਅੰਦਰ ਇਕ ਅਮੋਲਕ[43] ਚੀਜ਼[42] ਹੈ।
ਆਪੇ ਕਪਟ[44] ਖੁਲਾਵਣਹਾਰਾ[45] ॥	He Himself opens[45] the shutters[44].	ਉਹ ਆਪ ਹੀ ਤਖ਼ਤੇ[44] ਖੋਲ੍ਹਦਾ[45] ਹੈ।
ਗੁਰਮੁਖਿ[46] ਸਹਜੇ[47]ਅੰਮ੍ਰਿਤੁ[48] ਪੀਵੈ[49] ਤ੍ਰਿਸਨਾ[50] ਅਗਨਿ[51] ਬੁਝਾਹਾ[52] ਹੇ ॥੫॥	The Guru-ward[46] instinctively[47] indrinks[49] the Nectar[48] and quenches[52] the fire[51] of his desires[50].	ਗੁਰੂ-ਅਨੁਸਾਰੀ[48] ਸੁਤੇਸਿਧ[47] ਹੀ ਅੰਮ੍ਰਿਤ[48] ਪਾਨ ਕਰਦਾ[49] ਤੇ ਆਪਣੀਆਂ ਖ਼ਾਹਿਸ਼ਾਂ[50] ਦੀ ਅੱਗ[51] ਨੂੰ ਬੁਝਾ ਲੈਂਦਾ[52] ਹੈ।
ਸਭਿ ਰਸ[52]* ਦੇਹੀ ਅੰਦਰਿ ਪਾਏ[53] ॥	All the flavours[52], the Lord has put[53] in the body.	ਸਾਰੇ ਜ਼ਾਇਕੇ[52]*, ਸੁਆਮੀ ਨੇ ਸਰੀਰ ਅੰਦਰ ਟਿਕਾਏ[53] ਹਨ।
ਵਿਰਲੇ[54] ਕਉ ਗੁਰ ਸਬਦੁ[55] ਬੁਝਾਏ[56] ॥	Guru's gospel[55], the Lord causes a few[54] to understand[56].	ਗੁਰਾਂ ਦਾ ਉਪਦੇਸ਼[55], ਪ੍ਰਭੂ ਕਿਸੇ ਇਕ ਅੱਧੇ[54] ਨੂੰ ਹੀ ਦਰਸਾਉਂਦਾ[56] ਹੈ।

ਅੰਦਰੁ ਖੋਜੇ[57] ਸਬਦੁ[58] ਸਾਲਾਹੇ[59] ਬਾਹਰਿ ਕਾਹੇ[60] ਜਾਹਾ[61] ਹੇ ॥੬॥

One ought to search[57] his within and praise[59] the Lord[58]. Why[60] should he run[61] without ?

ਬੰਦੇ ਨੂੰ ਆਪਣੇ ਅੰਦਰਵਾਰ ਦੀ ਭਾਲ[57] ਕਰਨੀ ਤੇ ਸੁਆਮੀ[53] ਦੀ ਮਹਿਮਾ ਅਲਾਪਣੀ[59] ਉਚਿੱਤ ਹੈ। ਉਹ ਬਾਹਰਵਾਰ ਕਿਉਂ[60] ਭੱਜਿਆ[61] ਫਿਰੇ ?

ਵਿਣੁ ਚਾਖੇ[62] ਸਾਦੁ[63] ਕਿਸੈ ਨ ਆਇਆ[64] ॥

Without tasting[62], no one enjoys[64] the Name's relish[63].

ਚੱਖਣ[62] ਦੇ ਬਾਝੋਂ, ਕੋਈ ਭੀ ਨਾਮ ਦੇ ਸੁਆਦ[63] ਨੂੰ ਨਹੀਂ ਮਾਣਦਾ[64]।

ਗੁਰ ਕੈ ਸਬਦਿ[65] ਅੰਮ੍ਰਿਤੁ[66] ਪੀਆਇਆ[67] ॥

By the Guru's instruction[65], one in-drinks[67] the Lord's Nectar[66].

ਗੁਰਾਂ ਦੇ ਉਪਦੇਸ਼[65] ਦੁਆਰਾ, ਜੀਵ ਪ੍ਰਭੂ ਦੇ ਸੁਧਾਰਸ[66] ਨੂੰ ਪਾਨ ਕਰਦਾ[67] ਹੈ।

ਅੰਮ੍ਰਿਤੁ ਪੀ ਅਮਰਾਪਦੁ[68] ਹੋਏ ਗੁਰ ਕੈ ਸਬਦਿ[69] ਰਸੁ ਤਾਹਾ[70] ਹੇ ॥

In-drinking Nectar, the mortal acquires an immortal status[68] and Nectar he[70] enjoys through the Guru's gospel[69].

ਅੰਮ੍ਰਿਤ ਪਾਨ ਕਰਨ ਦੁਆਰਾ, ਪ੍ਰਾਣੀ ਅਬਿਨਾਸ਼ੀ[68] ਮਰਤਬਾ ਪਰਾਪਤ ਕਰ ਲੈਂਦਾ ਹੈ ਤੇ ਗੁਰਾਂ ਦੇ ਉਪਦੇਸ਼[69] ਦੁਆਰਾ ਉਹ[70] ਸੁਧਾਰਸ ਨੂੰ ਮਾਣਦਾ ਹੈ।

ਆਪੁ ਪਛਾਣੈ[71] ਸੋ[74] ਸਭਿ ਗੁਣ[72] ਜਾਣੈ[73] ॥

He[74], who recognises[71] himself, understand[73] all the virtues[72].

ਜੋ ਆਪਣੇ ਆਪ ਨੂੰ ਸਿੰਞਾਣਦਾ[71] ਹੈ, ਉਹ[94] ਸਮੂਹ ਨੇਕੀਆਂ[72] ਨੂੰ ਸਮਝਦਾ[73] ਹੈ।

ਗੁਰ ਕੈ ਸਬਦਿ[75] ਹਰਿ ਨਾਮੁ ਵਖਾਣੈ[76] ॥

By the Guru's instruction[75], he repeats[76] the Lord's Name.

ਗੁਰਾਂ ਦੇ ਉਪਦੇਸ਼[75] ਦੁਆਰਾ, ਉਹ ਸਾਂਈਂ ਦੇ ਨਾਮ ਨੂੰ ਉਚਾਰਦਾ[76] ਹੈ।

ਅਨਦਿਨੁ[77] ਨਾਮਿ ਰਤਾ[78] ਦਿਨੁ ਰਾਤੀ[79] ਮਾਇਆ[80] ਮੋਹੁ[81] ਚੁਕਾਹਾ[82] ਹੇ ॥੮॥

Night[77] and day, he ever[79] remains imbued[78] with the Name and is rid of[82] mammon[80] and worldly love[81].

ਰੈਣ[77] ਅਤੇ ਦਿਹੁੰ, ਉਹ ਸਦੀਵ[79] ਹੀ ਨਾਮ ਨਾਲ ਰੰਗਿਆ[78] ਰਹਿੰਦਾ ਹੈ ਅਤੇ ਮੋਹਣੀ[80] ਤੇ ਸੰਸਾਰੀ ਮਮਤਾ[81] ਤੋਂ ਖ਼ਲਾਸੀ ਪਾ ਜਾਂਦਾ[82] ਹੈ।

੧੦੫੭

ਗੁਰ ਸੇਵਾ[83] ਤੇ[84] ਸਭੁ ਕਿਛੁ[85] ਪਾਏ ॥ ਹਉਮੈ[86] ਮੇਰਾ[87] ਆਪੁ[88] ਗਵਾਏ[89] ॥

By[84] the Guru's service[83], one obtains everything[85] and is rid of[89] pride[86], egoism[87] and self-conceit[88].

ਗੁਰਾਂ ਦੀ ਘਾਲ[83] ਦੁਆਰਾ[84], ਜੀਵ ਸਭ ਕੁਝ[85] ਪਾ ਲੈਂਦਾ ਹੈ ਅਤੇ ਹੰਕਾਰ[86], ਅਪਣਤ[87] ਤੇ ਸਵੈ-ਹੰਗਤਾ[88] ਤੋਂ ਖ਼ਲਾਸੀ ਪਾ ਜਾਂਦਾ[89] ਹੈ।

ਆਪੇ ਕ੍ਰਿਪਾ[90] ਕਰੇ[91] ਸੁਖਦਾਤਾ[92] ਗੁਰ ਕੈ ਸਬਦੇ[93] ਸੋਹਾ[94] ਹੇ ॥੯॥

Of Himself, the Peace-giving[92] Lord, shows[91] mercy[90] unto him and he is adorned[94] with the Gurbani[93].

ਖ਼ੁਦ ਹੀ ਆਰਾਮ-ਬਖ਼ਸ਼ਣਹਾਰ[92] ਸੁਆਮੀ ਉਸ ਤੇ ਮਿਹਰ[90] ਧਾਰਦਾ[91] ਹੈ ਅਤੇ ਉਹ ਗੁਰਬਾਣੀ[93] ਨਾਲ ਸ਼ਿੰਗਾਰਿਆ ਜਾਂਦਾ[94] ਹੈ।

ਗੁਰ ਕਾ ਸਬਦੁ[95] ਅੰਮ੍ਰਿਤੁ[96] ਹੈ ਬਾਣੀ[97] ॥

Nectar-sweet[96] is the Guru's instruction[95] and the Gurbani[97].

ਆਬਿ-ਹਿਯਾਤ[96] ਵਰਗੀ ਮਿੱਠੀ ਹੈ ਗੁਰਾਂ ਦੀ ਸਿੱਖਮਤ[95] ਅਤੇ ਗੁਰਬਾਣੀ[97]।

ਅਨਦਿਨੁ[98] ਹਰਿ ਕਾ ਨਾਮੁ ਵਖਾਣੀ[99] ॥

Night[98] and day, utter[99] I the God's Name.

ਰੈਣ[98] ਅਤੇ ਦਿਹੁੰ, ਮੈਂ ਹਰੀ ਦੇ ਨਾਮ ਦਾ ਉਚਾਰਨ ਕਰਦਾ[99] ਹਾਂ।

ਹਰਿ ਹਰਿ[100] ਸਚਾ ਵਸੈ[2] ਘਟ[3] ਅੰਤਰਿ[4] ਸੋ[5] ਘਟੁ ਨਿਰਮਲੁ[6] ਤਾਹਾ[7] ਹੇ ॥੧੦॥

Within[4] whose heart[3], the True Lord-God[100] abides[2]; That[5] heart of the mortal becomes immaculate[7].

ਜਿਸ ਦੇ ਦਿਲ[3] ਵਿਚ[4] ਸੱਚਾ ਸੁਆਮੀ[100] ਵਾਹਿਗੁਰੂ ਵਸਦਾ[2] ਹੈ, ਉਸ[7] ਪ੍ਰਾਣੀ ਦਾ ਉਹ[5] ਦਿਲ ਪਵਿੱਤਰ[7] ਬੀ ਵੰਞਦਾ ਹੈ।

ਸੇਵਕ[8] ਸੇਵਹਿ[9] ਸਬਦਿ[10] ਸਲਾਹਹਿ[12] ॥

His slaves[8] serve[9] and eulogise[12] the Lord[10].

ਉਸ ਦੇ ਗੋਲੇ[8], ਸੁਆਮੀ[10] ਦੀ ਸੇਵਾ[9] ਕਰਦੇ ਤੇ ਉਸ ਨੂੰ ਸਲਾਹੁੰਦੇ[12] ਹਨ।

ਸਦਾ ਰੰਗਿ[13] ਰਾਤੇ[14] ਹਰਿ ਗੁਣ[15] ਗਾਵਹਿ[16] ॥	Ever imbued[14] with the God's love[13], they hymn[16] His praise[15].	ਸਦੀਵ ਹੀ ਵਾਹਿਗੁਰੂ ਦੇ ਪਿਆਰ[13] ਨਾਲ ਰੰਗੇ ਹੋਏ[14], ਉਹ ਉਸ ਦਾ ਜੱਸ[15] ਗਾਇਨ ਕਰਦੇ[16] ਹਨ।
ਆਪੇ[17] ਬਖਸੇ[18] ਸਬਦਿ[19] ਮਿਲਾਏ[20] ਪਰਮਲ[21] ਵਾਸੁ[22] ਮਨਿ[24] ਤਾਹਾ[23] ਹੇ ॥੧੧॥	The fragrance[22] of sandal wood[21] abides in the mind[24] of him[23], whom the Lord[19] forgives[18] and unites[20] with Himself[17].	ਚੰਨਣ[21] ਦੀ ਸੁਗੰਧੀ[22] ਉਸ[23] ਦੇ ਅੰਤਰ ਆਤਮੇ[24] ਵਸਦੀ ਹੈ, ਜਿਸ ਨੂੰ ਮੇਹਰ ਕਰਕੇ[18] ਸਾਂਈਂ[19] ਆਪਣੇ[17] ਨਾਲ ਮਿਲਾ ਲੈਂਦਾ[20] ਹੈ।
ਸਬਦੇ[25] ਅਕਥੁ[26] ਕਥੇ[27] ਸਾਲਾਹੇ[28] ॥ ਮੇਰੇ ਪ੍ਰਭ ਸਾਚੇ ਵੇਪਰਵਾਹੇ[29] ॥	By the Guru's instruction[25], he utters[27] and praises[28] the Ineffable[26], True and Care-free[29] Lord.	ਗੁਰਾਂ ਦੇ ਉਪਦੇਸ਼[25] ਦੁਆਰਾ, ਉਹ ਮੈਂਡੇ ਅਕਹਿ[26] ਸੱਚੇ ਅਤੇ ਮੁਫ਼ੰਦਗੀ-ਰਹਿਤ[29] ਸੁਆਮੀ ਨੂੰ ਆਖਦਾ[27] ਤੇ ਸਲਾਹੁੰਦਾ[28] ਹੈ।
ਆਪੇ[30] ਗੁਣ[31] ਦਾਤਾ[32] ਸਬਦਿ[33] ਮਿਲਾਏ ਸਬਦੈ ਕਾ ਰਸੁ[34] ਤਾਹਾ[35] ਹੇ ॥੧੨॥	God, the Giver[32] of virtues[31], Himself[30] unites him with His Name[33] and he[35] enjoys the Name-Nectar[34].	ਨੇਕੀਆਂ[31]-ਬਖ਼ਸ਼ਣਹਾਰ[32], ਹਰੀ ਖ਼ੁਦ[30] ਉਸਨੂੰ ਆਪਣੇ ਨਾਮ[33] ਨਾਲ ਜੋੜ ਦੇਂਦਾ ਹੈ ਤੇ ਉਹ[35] ਨਾਮ-ਅੰਮ੍ਰਿਤ[34] ਨੂੰ ਮਾਣਦਾ ਹੈ।'
ਮਨਮੁਖੁ[36] ਭੂਲਾ[37] ਠਉਰ[38] ਨ ਪਾਏ[39] ॥	The erring[37] mind-ward[36] finds[36] no place[38] of rest.	ਭੁੱਲੇ ਹੋਏ[37] ਮਨਮਤੀਏ[36] ਨੂੰ ਕੋਈ ਆਰਾਮ ਦੀ ਥਾਂ[38] ਨਹੀਂ ਮਿਲਦੀ[36]।
ਜੋ ਧੁਰਿ[40] ਲਿਖਿਆ[41] ਸੁ[42] ਕਰਮ ਕਮਾਏ ॥	He does the deeds[42], which are pre[40]-destined[41] for him.	ਉਹ, ਉਹ[42] ਕੰਮ ਕਰਦਾ ਹੈ ਜਿਹੜੇ ਉਸ ਲਈ ਮੁੱਢ[40] ਤੋਂ ਲਿਖੇ ਹੋਏ[41] ਹਨ।
ਬਿਖਿਆ[43] ਰਾਤੇ[44] ਬਿਖਿਆ ਖੋਜੈ[45] ਮਰਿ ਜਨਮੈ ਦੁਖੁ[46] ਤਾਹਾ[47] ਹੇ ॥੧੩॥	Imbued[44] with poison[43], he[47] searches[45] poison and suffers the pain[46] of birth and death.	ਜ਼ਹਿਰ[43] ਨਾਲ ਰੰਗਿਆ (ਮੋਹਿਆ) ਹੋਇਆ[44] ਉਹ[47] ਜ਼ਹਿਰ ਨੂੰ ਹੀ ਲਭਦਾ[45] ਹੈ ਅਤੇ ਮਰਨ ਅਤੇ ਜੰਮਣ ਦਾ ਕਸ਼ਟ[46] ਉਠਾਉਂਦਾ ਹੈ।
ਆਪੇ ਆਪਿ[48] ਆਪਿ[49] ਸਾਲਾਹੇ[50] ॥	Of Himself[48], the Lord praises[50] Himself[49].	ਖ਼ੁਦ-ਬਖ਼ੁਦ[43], ਪ੍ਰਭੂ ਆਪਣੇ[49] ਆਪ ਦਾ ਜੱਸ ਕਰਦਾ[50] ਹੈ।
ਤੇਰੇ ਗੁਣ[51] ਪ੍ਰਭ ਤੁਝ ਹੀ ਮਾਹੇ[52] ॥	Thine virtues[51], O Lord, are within[52] Thee, alone.	ਤੇਰੀਆਂ ਨੇਕੀਆਂ[51], ਹੇ ਸਾਂਈਂ! ਕੇਵਲ ਤੇਰੇ ਵਿਚ[52] ਹੀ ਹਨ।
ਤੂ ਆਪਿ ਸਚਾ ਤੇਰੀ ਬਾਣੀ[53] ਸਚੀ ਆਪੇ ਅਲਖੁ[54] ਅਥਾਹਾ[55] ਹੇ ॥੧੪॥	Thou Thyself art true and true is Thy Gurbani[53]. Thyself Thou art Unseeable[54] and Unfathomable[55].	ਤੂੰ ਖ਼ੁਦ ਸੱਚਾ ਹੈਂ ਅਤੇ ਸੱਚੀ ਹੈ ਤੇਂਡੀ ਗੁਰਬਾਣੀ[53]। ਤੂੰ ਖ਼ੁਦ ਅਦ੍ਰਿਸ਼ਟ[54] ਅਤੇ ਬੇਥਾਹ[55] ਹੈਂ।
ਬਿਨੁ ਗੁਰ ਦਾਤੇ[56] ਕੋਇ ਨ ਪਾਏ ॥ ਲਖ ਕੋਟੀ[57] ਜੇ[58] ਕਰਮ[59] ਕਮਾਏ[60] ॥	Without the beneficent[56] Guru, no one attains to the Lord, though[68] he may do[60] lacs and millions[57] of deeds[59].	ਦਾਤਾਰ[56] ਗੁਰਾਂ ਦੇ ਬਗੈਰ ਕਿਸੇ ਨੂੰ ਭੀ ਪ੍ਰਭੂ ਪਰਾਪਤ ਨਹੀਂ ਹੁੰਦਾ, ਭਾਵੇਂ[58] ਉਹ ਲਖੂਖਾਂ ਤੇ ਕਰੋੜਾਂ[57] ਕਰਮਕਾਂਡਾਂ[59] ਪਿਆ ਕਰੇ[60]।
ਗੁਰ ਕਿਰਪਾ[61] ਤੇ[62] ਘਟ[63] ਅੰਤਰਿ[64] ਵਸਿਆ ਸਬਦੇ[65] ਸਚੁ ਸਾਲਾਹਾ[66] ਹੇ ॥੧੫॥	By[62] the Guru's grace[61], He abides in[64] the man's mind[63] and he sings the praise[66] of the True Lord[65].	ਗੁਰਾਂ ਦੀ ਮਿਹਰ[61] ਦੁਆਰਾ[62], ਉਹ ਬੰਦੇ ਦੇ ਮਨ[63] ਅੰਦਰ[64] ਵਸਦਾ ਹੈ, ਤਾਂ ਉਹ ਸੱਚੇ ਸੁਆਮੀ[65] ਦਾ ਜੱਸ[66] ਗਾਇਨ ਕਰਦਾ ਹੈ।

ਸੇ[67] ਜਨ[68] ਮਿਲੇ ਧੁਰਿ[69] ਆਪਿ[70] ਮਿਲਾਏ ॥

Those[67] persons[68] alone meet Him, whom the Lord[69] unites with Himself[70].

ਕੇਵਲ ਉਹ[67] ਪੁਰਸ਼[68] ਹੀ ਉਸ ਨੂੰ ਮਿਲਦੇ ਹਨ. ਜਿਨ੍ਹਾਂ ਨੂੰ ਸੁਆਮੀ[69] ਆਪਣੇ[70] ਨਾਲ ਮਿਲਾਉਂਦਾ ਹੈ ।

ਸਾਚੀ ਬਾਣੀ ਸਬਦਿ[71] ਸੁਹਾਏ[72] ॥

They are embellished[72] with the True Gurbani and the Name[71].

ਉਹ ਸੱਚੀ ਗੁਰਬਾਣੀ ਅਤੇ ਨਾਮ[71] ਨਾਲ ਸ਼ਸ਼ੋਭਤ[72] ਥੀ ਵੰਞਦੇ ਹਨ ।

ਨਾਨਕ ਜਨੁ[73] ਗੁਣ[74] ਗਾਵੈ ਨਿਤ[75] ਸਾਚੇ[76] ਗੁਣ ਗਾਵਹ ਗੁਣੀ[77] ਸਮਾਹਾ[78] ਹੇ ॥੧੬॥੪॥੧੩॥

Slave[73] Nanak, ever[75], sings the praise[74] of the True Lord[76] and singing His praise has merged[78] in the virtuous Lord[77].

ਗੋਲਾ[73] ਨਾਨਕ, ਸਦਾ[75] ਸੱਚੇ ਸੁਆਮੀ[76] ਦੀ ਮਹਿਮਾ[75] ਗਾਇਨ ਕਰਦਾ ਹੈ ਅਤੇ ਉਸ ਦੀ ਮਹਿਮਾ ਗਾਇਨ ਕਰਨ ਦੁਆਰਾ ਗੁਣਵਾਨ ਸੁਆਮੀ[77] ਅੰਦਰ ਲੀਨ[78] ਹੋ ਗਿਆ ਹੈ ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ

ਨਿਹਚਲੁ[79] ਏਕੁ[80] ਸਦਾ[81] ਸਚੁ ਸੋਈ[82] ॥

He[82], the One[80] Lord is ever[81] Immovable[79] and True.

ਉਹ[82] ਅਦੁੱਤੀ[80] ਸਾਹਿਬ ਸਦੀਵੀ[81], ਅਹਿੱਲ[79] ਅਤੇ ਸੱਚਾ ਹੈ ।

ਪੂਰੇ[83] ਗੁਰ ਤੇ[85] ਸੋਝੀ[84] ਹੋਈ ॥

Through[85] the Perfect[83] Guru alone this understanding[84] is obtained.

ਕੇਵਲ ਪੂਰਨ[83] ਗੁਰਾਂ ਦੇ ਰਾਹੀਂ[85] ਹੀ ਇਹ ਸਮਝ[84] ਪ੍ਰਾਪਤ ਹੁੰਦੀ ਹੈ ।

ਹਰਿ ਰਸਿ[86] ਭੀਨੇ[87] ਸਦਾ ਧਿਆਇਨਿ[88] ਗੁਰਮਤਿ[89] ਸੀਲੁ[90] ਸੰਨਾਹਾ[91] ਹੇ ॥੧॥

They, who are wetted[87] with the Lord's elixir[86], ever remember[88] God and by the Guru's instruction[89], obtain the coat-of-mail[91] of humility[90].

ਜੋ ਪ੍ਰਭੂ ਦੇ ਅੰਮ੍ਰਿਤ[86] ਨਾਲ ਗੱਚ[87] ਹੋਏ ਹਨ, ਉਹ ਸਦੀਵ ਹੀ ਵਾਹਿਗੁਰੂ ਦਾ ਸਿਮਰਨ[88] ਕਰਦੇ ਹਨ ਅਤੇ ਗੁਰਾਂ ਦੇ ਉਪਦੇਸ਼[89] ਦੁਆਰਾ ਨਿਮਰਤਾ[90] ਦੇ ਸੰਜੋਅ[91] ਨੂੰ ਪਾ ਲੈਂਦੇ ਹਨ ।

ਅੰਦਰਿ ਰੰਗੁ[92] ਸਦਾ[44] ਸਚਿਆਰਾ[93] ॥

Within their mind, they evcr[94] love[92] the True Lord[93].

ਆਪਣੇ ਚਿੱਤ ਅੰਦਰ ਉਹ ਸਦੀਵ[94] ਹੀ ਸੱਚੇ ਸਾਂਈਂ[93] ਨੂੰ ਪਿਆਰ ਕਰਦੇ[92] ਹਨ ।

ਗੁਰ ਕੈ ਸਬਦਿ[95] ਹਰਿ ਨਾਮਿ ਪਿਆਰਾ[96] ॥

Through the Guru's word[95], God's Name seems sweet[96] unto them.

ਗੁਰਾਂ ਦੀ ਬਾਣੀ[95] ਰਾਹੀਂ ਵਾਹਿਗੁਰੂ ਦਾ ਨਾਮ ਉਨ੍ਹਾਂ ਨੂੰ ਮਿੱਠਾ ਲਗਦਾ[96] ਹੈ ।

ਨਉ ਨਿਧਿ[97] ਨਾਮੁ ਵਸਿਆ ਘਟ[98] ਅੰਤਰਿ[99] ਛੋਡਿਆ[100] ਮਾਇਆ[2] ਕਾ ਲਾਹਾ[3] ਹੇ ॥੨॥

They within[99] whose mind[98], the Name, the embodiment of nine treasures[97], abides, forego[100] gains[3] of wealth[2].

ਜਿਨ੍ਹਾਂ ਦੇ ਮਨ[98] ਅੰਦਰ[99] ਨੌਂ ਖਜ਼ਾਨੇ[97] ਰੂਪੀ, ਨਾਮ ਵੱਸਦਾ ਹੈ, ਉਹ ਧਨ-ਦੌਲਤ[2] ਦੇ ਲਾਭਾਂ[3] ਨੂੰ ਤਿਆਗ ਦਿੰਦੇ[100] ਹਨ ।

ਰਈਅਤਿ[4] ਰਾਜੇ[5] [6]ਦੂਰ ਮਤਿ[7] ਦੇਈ[8] ॥

Both the subjects[4] and the kings[5] are involved in evil[6] intellect[7] and duality[8].

ਪਰਜਾ[4] ਅਤੇ ਪਾਤਿਸ਼ਾਹਾਂ[5] ਦੋਨੋਂ ਹੀ ਮੰਦੀ[6] ਅਕਲ[7] ਅਤੇ ਦਵੈਤ-ਭਾਵ[8] ਅੰਦਰ ਗਰੱਸੇ ਹੋਏ ਹਨ ।

ਬਿਨੁ ਸਤਿਗੁਰ ਸੇਵੇ ਏਕੁ[9] ਨ ਹੋਈ ॥

Without serving the True Guru, they become not one[9] with the Lord.

ਸੱਚੇ ਗੁਰਾਂ ਦੀ ਘਾਲ ਕਮਾਉਣ ਦੇ ਬਗੈਰ ਉਹ ਸੁਆਮੀ ਨਾਲ ਇੱਕ-ਮਿੱਕ[9] ਨਹੀਂ ਹੁੰਦੇ ।

ਏਕੁ ਧਿਆਇਨਿ[10] ਸਦਾ ਸੁਖੁ ਪਾਇਨਿ ਨਿਹਚਲੁ[12] ਰਾਜੁ[13] ਤਿਨਾਹਾ[14] ਹੇ ॥੩॥

They who meditate[10] on One Lord ever obtain peace and eternal[12] becomes their[14] rule[13].

ਜੋ ਇਕ ਸਾਂਈਂ ਦਾ ਸਿਮਰਨ ਕਰਦੇ[10] ਹਨ,ਉਹ ਸਦੀਵੀ ਆਰਾਮ ਨੂੰ ਪਾ ਲੈਂਦੇ ਹਨ ਅਤੇ ਸਦੀਵੀ[12] ਸਥਿਰ ਹੋ ਜਾਂਦਾ ਹੈ, ਉਨ੍ਹਾਂ[14] ਦਾ ਰਾਜ ਭਾਗ[13] ।

ਆਵਣੁ[15] ਜਾਣਾ[16] ਰਖੈ ਨ ਕੋਈ ॥	From birth[15] and death[16], none can save the mortal.	ਕੋਈ ਭੀ ਪ੍ਰਾਣੀ ਨੂੰ ਜੰਮਣ[15] ਅਤੇ ਮਰਨ[16] ਤੋਂ ਬਚਾ ਨਹੀਂ ਸਕਦਾ ।
ਜੰਮਣੁ ਮਰਣੁ ਤਿਸੈ[17] ਤੇ[18] ਹੋਈ ॥	Coming and going both come from[18] Him[17] alone.	ਆਉਣਾ ਅਤੇ ਜਾਣਾ ਦੋਨੋਂ ਕੇਵਲ ਉਸ[17] ਤੋਂ[18] ਹੀ ਹੁੰਦੇ ਹਨ ।
ਗੁਰਮੁਖਿ[19] ਸਾਚਾ[20] ਸਦਾ ਧਿਆਵਹੁ[21] ਗਤਿ[22] ਮੁਕਤਿ[23] ਤਿਸੈ[24] ਤੇ ਪਾਹਾ[25] ਹੇ ॥੪॥	By the Guru's grace[19], remember[21] thou ever the True Lord[20]. Loftiness[22] and emancipation[23], thou shalt obtain[25] from Him[24] alone.	ਗੁਰਾਂ ਦੀ ਦਇਆ[19] ਦੁਆਰਾ, ਤੂੰ ਹਮੇਸ਼ਾ ਸੱਚੇ ਸਾਂਈਂ[20] ਦਾ ਸਿਮਰਨ[21] ਕਰ । ਉਚੱਤਾ[22] ਅਤੇ ਕਲਿਆਨ[23] ਤੈਨੂੰ ਕੇਵਲ ਉਸ[24] ਪਾਸੋਂ ਹੀ ਪ੍ਰਾਪਤ[25] ਹੋਣਗੀਆਂ ।
ਸਚੁ ਸੰਜਮੁ[26] ਸਤਿਗੁਰੂ ਦੁਆਰੈ[27] ॥	Truth and self-control[26] man obtains from the True Guru's door[27].	ਸੱਚ ਅਤੇ ਸਵੈ-ਜ਼ਬਤ[26] ਇਨਸਾਨ ਨੂੰ ਸੱਚੇ ਗੁਰਾਂ ਦੇ ਬੂਹੇ[27] ਤੋਂ ਪ੍ਰਾਪਤ ਹੁੰਦੇ ਹਨ ।
ਹਉਮੈ[28] ਕ੍ਰੋਧੁ[29] ਸਬਦਿ[30] ਨਿਵਾਰੈ[31] ॥	Through the Name[30], he silences[31] his ego[28] and wrath[29].	ਨਾਮ[30] ਦੇ ਰਾਹੀਂ ਉਹ ਆਪਣੀ ਹੰਗਤਾ[28] ਤੇ ਗੁੱਸੇ[29] ਨੂੰ ਮਾਰ ਲੈਂਦਾ[31] ਹੈ ।
ਸਤਿਗੁਰੁ ਸੇਵਿ ਸਦਾ[32] ਸੁਖੁ ਪਾਈਐ ਸੀਲੁ[33] ਸੰਤੋਖੁ[34] ਸਭੁ ਤਾਹਾ[35] ਹੇ ॥੫॥	Serving the True Guru, eternal[32] bliss is obtained. Humility[33] and contentment[34] are all in his[35] service.	ਸੱਚੇ ਗੁਰਾਂ ਦੀ ਘਾਲ ਕਮਾਉਣ ਦੁਆਰਾ, ਸਦੀਵੀ[32] ਖ਼ੁਸ਼ੀ ਪ੍ਰਾਪਤ ਹੋ ਜਾਂਦੀ ਹੈ । ਨਿਮਰਤਾ[33]ਅਤੇ ਸੰਤੁਸ਼ਟਤਾ[34], ਸਮੂਹ ਉਸ[35] ਦੀ ਸੇਵਾ ਵਿੱਚ ਹਨ ।
ਹਉਮੈ[36] ਮੋਹੁ[37] ਉਪਜੈ[38] ਸੰਸਾਰਾ[39] ॥	Of pride[36] and worldly attachment[37], the world[39] is born[38].	ਹੰਕਾਰ[36] ਤੇ ਸੰਸਾਰੀ ਲਗਨ[37] ਤੋਂ ਜਗਤ[39] ਉਤਪੰਨ[38] ਹੋਇਆ ਹੈ ।
ਸਭੁ ਜਗੁ ਬਿਨਸੈ[40] ਨਾਮੁ ਵਿਸਾਰਾ[41] ॥	Forgetting[41] the Name, the entire world dies[40].	ਨਾਮ ਨੂੰ ਭੁਲਾ[41] ਕੇ, ਸਾਰਾ ਜਹਾਨ ਮਰ ਮੁੱਕ ਜਾਂਦਾ[40]ਹੈ ।
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ[42] ਹੇ ॥੬॥	Without serving the True Guru, the Name is attained not. The Lord's Name is the true profit[42] in the world.	ਸੱਚੇ ਗੁਰਾਂ ਦੀ ਘਾਲ ਕਮਾਉਣ ਦੇ ਬਾਝੋਂ ਨਾਮ ਪ੍ਰਾਪਤ ਨਹੀਂ ਹੁੰਦਾ । ਸੁਆਮੀ ਦਾ ਨਾਮ ਹੀ ਜਹਾਨ ਅੰਦਰ ਸੱਚਾ ਮੁਨਾਫ਼ਾ[42] ਹੈ ।
ਸਚਾ ਅਮਰੁ[43] ਸਬਦਿ[44] ਸੁਹਾਇਆ[45] ॥	True is the Lord's will[43], which becomes pleasing[45] through the Guru's word[44].	ਸੱਚੀ ਹੈ ਪ੍ਰਭੂ ਦੀ ਰਜ਼ਾ[43], ਜੋ ਗੁਰਾਂ ਦੀ ਬਾਣੀ[44] ਰਾਹੀਂ ਚੰਗੀ ਲੱਗਣ ਲੱਗ ਜਾਂਦੀ[45] ਹੈ ।
ਪੰਚ[46] ਸਬਦਿ[47] ਮਿਲਿ[48] ਵਾਜਾ[49] ਵਾਇਆ[50] ॥	Being blessed[48] with the Guru's word, the melody[49] of the five[46] sounds[47] resounds[50] within the man.	ਗੁਰਾਂ ਦੀ ਬਾਣੀ ਦੀ ਦਾਤ ਮਿਲਣ ਦੁਆਰਾ[48], ਬੰਦੇ ਦੇ ਅੰਦਰ ਪੰਜਾਂ[46] ਧੁਨਾਂ[47] ਦਾ ਕੀਰਤਨ[49] ਗੂੰਜਦਾ[50] ਹੈ ।
ਸਦਾ[51] ਕਾਰਜੁ[52] ਸਚਿ ਨਾਮਿ ਸੁਹੇਲਾ[53] ਬਿਨੁ ਸਬਦੈ[54] ਕਾਰਜੁ ਕੇਹਾ[55] ਹੇ ॥੭॥	Through the True Name, one's deeds[52] are ever[51] embellished[63]. What[55] are one's deeds worth, without the Name[54] ?	ਸੱਚੇ ਨਾਮ ਦੇ ਰਾਹੀਂ, ਇਨਸਾਨ ਦੇ ਅਮਲ[52] ਹਮੇਸ਼ਾ[51] ਲਈ ਸ਼ਸ਼ੋਭਤ[53] ਹੋ ਜਾਂਦੇ ਹਨ । ਨਾਮ[54] ਦੇ ਬਗ਼ੈਰ, ਇਨਸਾਨ ਦੇ ਅਮਲਾਂ ਦਾ ਕੀ[55] ਮੁੱਲ ਹੈ ?
ਖਿਨ[56] ਮਹਿ[57] ਹਸੈ ਖਿਨ ਮਹਿ ਰੋਵੈ[58] ॥	In[57] an instant[56] man laughs and in an instant he bewails[58].	ਇੱਕ ਮੁਹਤ[56] ਵਿੱਚ[57] ਇਨਸਾਨ ਹੱਸਦਾ ਹੈ ਅਤੇ ਇੱਕ ਮੁਹਤ ਵਿੱਚ ਉਹ ਵਿਰਲਾਪ ਕਰਦਾ[53] ਹੈ ।

੧੦੫੮

ਦੂਜੀ[59] [60]ਦੁਰਮਤਿ[61] ਕਾਰਜੁ[62] ਨ ਹੋਵੈ[63] ॥

On account of love of another[59] and evil[60]-understanding[61] his affairs[62] are adjusted[62] not.

ਹੋਰਸ[59] ਦੇ ਪਿਆਰ ਅਤੇ ਮੰਦੀ[60] ਸਮਝ[61] ਦੇ ਕਾਰਣ ਉਸ ਦੇ ਕੰਮ ਕਾਜ[62] ਸੌਰਦੇ[63] ਨਹੀਂ ।

ਸੰਜੋਗੁ[64] ਵਿਜੋਗੁ[65] ਕਰਤੈ[66] ਲਿਖਿ ਪਾਏ ਕਿਰਤੁ[67] ਨ ਚਲੈ[68] ਚਲਾਹਾ ਹੇ ॥੮॥

Union[64] and separation[65] are writ by the Creator[66]. By undoing, the past deeds[67] can be undone[68] not.

ਮਿਲਾਪ[64] ਅਤੇ ਵਿਛੋੜਾ[65] ਸਿਰਜਣਹਾਰ[66]ਨੇ ਲਿਖ ਛੱਡੇ ਹਨ । ਮੇਟਣ ਦੁਆਰਾ, ਪੂਰਬਲੇ ਕਰਮ ਮੇਟੇ[68] ਨਹੀਂ ਜਾ ਸਕਦੇ ।

ਜੀਵਨ[69] ਮੁਕਤਿ[70] ਗੁਰ ਸਬਦੁ[71] ਕਮਾਏ[72] ॥ ਹਰਿ ਸਿਉ[72*] ਸਦ[73] ਹੀ ਰਹੈ ਸਮਾਏ[74] ॥

Practising[72] the Guru's word[71], one is emancipated[70] in life[69] and ever[73] remains blended[74] with[72*] the Lord.

ਗੁਰਾਂ ਦੀ ਬਾਣੀ[71] ਦੀ ਕਮਾਈ ਕਰਨ[72] ਦੁਆਰਾ, ਬੰਦਾ ਜੀਉਂਦੇ[69] ਜੀ ਮੋਖਸ਼[70] ਹੋ ਜਾਂਦਾ ਹੈ ਤੇ ਹਮੇਸ਼ਾ[73] ਸਾਂਈਂ ਨਾਲ[72*] ਅਭੇਦ ਹੋਇਆ ਰਹਿੰਦਾ[74] ਹੈ ।

ਗੁਰ ਕਿਰਪਾ[75] ਤੇ ਮਿਲੈ[76] ਵਡਿਆਈ[77] ਹਉਮੈ[78] ਰੋਗੁ[79] ਨ ਤਾਹਾ[80] ਹੇ ॥੯॥

By the Guru's grace[75], man is blessed[76] with glory[77] and he[80] is afflicted not with the malady[79] of self-conceit[78].

ਗੁਰਾਂ ਦੀ ਦਇਆ[75] ਦੁਆਰਾ, ਬੰਦੇ ਨੂੰ ਪ੍ਰਭੁਤਾ[77] ਪ੍ਰਦਾਨ[76] ਹੁੰਦੀ ਹੈ ਅਤੇ ਉਸ[80] ਨੂੰ ਸਵੈ-ਹੰਗਤਾ[78] ਦੀ ਬੀਮਾਰੀ[79] ਨਹੀਂ ਚਿਮੜਦੀ ।

ਰਸ ਕਸ[81] ਖਾਏ ਪਿੰਡੁ[82] ਵਧਾਏ[83] ॥ ਭੇਖ[84] ਕਰੈ[85] ਗੁਰ ਸਬਦੁ[86] ਨ ਕਮਾਏ[87] ॥

Eating the various sorts of dainties[81], the mortal fattens[83] his body[82] and wears[85] religious garbs[84], but acts[87] not unto the Guru's instruction[86].

ਅਨੇਕਾਂ ਕਿਸਮਾਂ ਦੀਆਂ ਨਿਆਮਤਾਂ[81] ਖਾ ਕੇ, ਪ੍ਰਾਣੀ ਆਪਣੀ ਦੇਹ[82] ਨੂੰ ਮੋਟਾ ਕਰਦਾ[83] ਹੈ ਤੇ ਧਾਰਮਕ ਲਿਬਾਸ[84] ਪਹਿਰਦਾ[85] ਹੈ, ਪ੍ਰੰਤੂ ਗੁਰਾਂ ਦੇ ਉਪਦੇਸ਼[86] ਉਤੇ ਅਮਲ[87] ਨਹੀਂ ਕਰਦਾ ।

ਅੰਤਰਿ[88] ਰੋਗੁ[90] ਮਹਾ[91] ਦੁਖੁ[92] ਭਾਰੀ[93] ਬਿਸਟਾ[94] ਮਾਹਿ[95] ਸਮਾਹਾ[96] ਹੇ ॥੧੦॥

Within[88] him is the supreme[91] disease[90] of sins, with which he greatly[93] suffers[92] and in the end sinks[96] into[95] ordure[94].

ਉਸ ਦੇ ਅੰਦਰ[88] ਪਾਪਾਂ ਦੀ ਮਹਾਨ[51] ਬੀਮਾਰੀ[90] ਹੈ, ਜਿਸ ਨਾਲ ਉਹ ਬਹੁਤ[93] ਕਸ਼ਟ ਉਠਾਉਂਦਾ[92] ਹੈ ਅਤੇ ਅਖੀਰ ਨੂੰ ਗੰਦਗੀ[94] ਵਿੱਚ[95] ਗ਼ਰਕ ਹੋ ਜਾਂਦਾ[96] ਹੈ ।

ਬੇਦ ਪੜਹਿ[98] ਪੜਿ ਬਾਦੁ[97] ਵਖਾਣਹਿ[99] ॥ ਘਟ[100] ਮਹਿ[96] ਬ੍ਰਹਮੁ[2] ਤਿਸੁ[3] ਸਬਦਿ[4] ਨ ਪਛਾਣਹਿ[5] ॥

The mortal reads[98] the vedas and reading them enters[99] into controversies[97]. Within[96] his mind[100] is the Lord[2], but His[3] Name[4], he realises[5] not.

ਜੀਵ ਵੇਦਾਂ ਨੂੰ ਵਾਚਦਾ[98] ਹੈ ਅਤੇ ਉਨ੍ਹਾਂ ਨੂੰ ਵਾਚ ਕੇ ਬਹਿਸ-ਮੁਬਾਹਿਸੇ[97] ਕਰਦਾ[99] ਹੈ । ਉਸ ਦੇ ਰਿਦੇ[100] ਅੰਦਰ[6] ਪ੍ਰਭੂ[2] ਹੈ; ਪ੍ਰੰਤੂ, ਉਸ[3] ਦੇ ਨਾਮ[4] ਨੂੰ ਉਹ ਅਨੁਭਵ[5] ਨਹੀਂ ਕਰਦਾ ।

ਗੁਰਮੁਖਿ[7] ਹੋਵੈ ਸੁ ਤਤੁ[8] ਬਿਲੋਵੈ[9] ਰਸਨਾ[10] ਹਰਿ ਰਸੁ[12] ਤਾਹਾ[13] ਹੇ ॥੧੧॥

He, who becomes Guru-ward[7], churns[9] up Reality[8] and his[13] tongue[10] relishes the Lord's elixir[12].

ਜੋ ਗੁਰੂ-ਅਨੁਸਾਰੀ[7] ਬੀ ਵੰਝਦਾ ਹੈ, ਉਹ ਅਸਲੀਅਤ[8] ਨੂੰ ਰਿੜਕਦਾ[9] ਹੈ ਅਤੇ ਉਸ[13] ਦੀ ਜੀਭ੍ਹਾ[10] ਪ੍ਰਭੂ ਦੇ ਅੰਮ੍ਰਿਤ[12] ਦਾ ਸੁਆਦ ਲੈਂਦੀ ਹੈ ।

ਘਰਿ ਵਥੁ[14] ਛੋਡਹਿ ਬਾਹਰਿ ਧਾਵਹਿ[15] ॥ ਮਨਮੁਖ[16]ਅੰਧੇ[17] ਸਾਦੁ[18] ਨ ਪਾਵਹਿ[19] ॥

They, who leave the thing[14] within their home and wander[15] outside; They, the blind[17] egocentrics[16], taste[19] not God's relish[18].

ਜੋ ਆਪਣੇ ਹਿਰਦੇ ਅੰਦਰ ਦੀ ਵਸਤੂ[14] ਨੂੰ ਛੱਡ ਕੇ ਬਾਹਰ ਭਟਕਦੇ[15] ਹਨ; ਉਹ ਅੰਨ੍ਹੇ[17] ਮਨਮਤੀਏ[16], ਵਾਹਿਗੁਰੂ ਦੇ ਸੁਆਦ[18] ਨੂੰ ਨਹੀਂ ਚਖਦੇ[19] ।

ਅਨ[20] ਰਸ[21] ਰਾਤੀ[22] ਰਸਨਾ[23] ਫੀਕੀ[24] ਬੋਲੇ[25] ਹਰਿ ਰਸੁ[26] ਮੂਲਿ[27] ਨ ਤਾਹਾ[28] ਹੇ ॥੧੨॥	Imbued[22] with another's savour[21], their tongue[23] utters[24] insipid[24] words and it[28] tastes not ever[27] God's Nectar[26].	ਹੋਰਸ[20] ਦੇ ਸੁਆਦ[21] ਨਾਲ ਰੰਗੀ ਹੋਈ[22] ਉਨ੍ਹਾਂ ਦੀ ਜੀਭ[23] ਫਿੱਕੇ[24] ਬਚਨ ਉਚਾਰਦੀ[25] ਹੈ ਤੇ ਇਹ[28] ਕਦੇ ਭੀ[27] ਹਰੀ ਦੇ ਅੰਮ੍ਰਿਤ[26] ਨੂੰ ਨਹੀਂ ਚੱਖਦੀ।
ਮਨਮੁਖ ਦੇਹੀ[29] ਭਰਮੁ[30] ਭਤਾਰੋ[31] ॥	Doubt[30] is the spouse[31] of the body[29] of an egocentric.	ਮਨਮੱਤੀਏ ਦੀ ਕਾਇਆਂ[29] ਦਾ ਕੰਤ[31], ਸੰਦੇਹ[30] ਹੈ।
[32]ਦੁਰਮਤਿ[33] ਮਰੈ ਨਿਤ[34] ਹੋਇ ਖੁਆਰੋ[35] ॥	He dies of evil[32]-understanding[33] and is ever[34] distressed[35].	ਉਹ ਮੰਦੀ[32] ਸਮਝ[33] ਰਾਹੀਂ ਮਰ ਮੁੱਕ ਜਾਂਦਾ ਹੈ ਅਤੇ ਹਮੇਸ਼ਾ[34] ਅਵਾਜ਼ਾਰ ਹੁੰਦਾ[35] ਹੈ।
ਕਾਮਿ[36] ਕ੍ਰੋਧਿ[37] ਮਨੁ ਦੂਜੈ[38] ਲਾਇਆ[39] ਸੁਪਨੈ[40] ਸੁਖੁ ਨ ਤਾਹਾ[41] ਹੇ ॥੧੩॥	He attaches[39] his mind to lust[36], wrath[37] and duality[38] and he[41] attains not to peace even in dream[40].	ਵਿਸ਼ੇ ਭੋਗ[36], ਗੁੱਸੇ[38] ਅਤੇ ਦਵੈਤ-ਭਾਵ[33] ਨਾਲ ਉਹ ਆਪਣੇ ਚਿੱਤ ਨੂੰ ਜੋੜ ਲੈਂਦਾ[39] ਹੈ ਤੇ ਉਸ[41] ਨੂੰ ਸੁਫਨੇ[40] ਵਿੱਚ ਭੀ ਆਰਾਮ ਪ੍ਰਾਪਤ ਨਹੀਂ ਹੁੰਦਾ।
ਕੰਚਨ[42] ਦੇਹੀ[43] ਸਬਦੁ[44] ਭਤਾਰੋ ॥	The body[48] of the Guru-ward is gold-like[42] and God's Name[44] is its spouse.	ਗੁਰੂ-ਅਨੁਸਾਰੀ ਦੀ ਕਾਇਆਂ[43] ਸੋਨੇ ਵਰਗੀ[42] ਹੈ ਅਤੇ ਵਾਹਿਗੁਰੂ ਦਾ ਨਾਮ[44] ਇਸ ਦਾ ਕੰਤ ਹੈ।
ਅਨਦਿਨੁ[45] ਭੋਗ[46] ਭੋਗੇ[47] ਹਰਿ ਸਿਉ ਪਿਆਰੋ[48] ॥	He ever[45] enjoys[47] dainties[46] and loves[48] his Lord.	ਉਹ ਸਦੀਵ[45] ਹੀ ਨਿਆਮਤਾ[46] ਮਾਣਦਾ[47] ਹੈ ਤੇ ਆਪਣੇ ਸਾਂਈਂ ਨਾਲ ਪ੍ਰੇਮ ਕਰਦਾ[48] ਹੈ।
ਮਹਲਾ ਅੰਦਰਿ ਗੈਰ[49] ਮਹਲੁ[50] ਪਾਏ ਭਾਣਾ[51] ਬੁਝਿ[52] ਸਮਾਹਾ[53] ਹੇ ॥੧੪॥	In his body mansion he finds the [50]mansionless[49] Lord and realising[52] His will[51], merges[53] in Him.	ਆਪਣੀ ਦੇਹ ਦੇ ਮੰਦਰ ਅੰਦਰ ਉਹ ਮੰਦਰ[50]-ਰਹਿਤ[49] ਸੁਆਮੀ ਨੂੰ ਪਾ ਲੈਂਦਾ ਹੈ ਅਤੇ ਉਸ ਦੀ ਰਜ਼ਾ[51] ਨੂੰ ਅਨੁਭਵ[52] ਕਰ, ਉਹ ਉਸ ਅੰਦਰ ਲੀਨ ਹੋ ਜਾਂਦਾ[53] ਹੈ।
ਆਪੇ ਦੇਵੈ[54] ਦੇਵਣਹਾਰਾ[55] ॥	The Beneficent Lord[55] Himself gives[54] gifts.	ਦਾਤਾਰ ਸੁਆਮੀ[55] ਆਪ ਹੀ ਦਾਤਾਂ ਦਿੰਦਾ[54] ਹੈ।
ਤਿਸੁ ਆਗੈ ਨਹੀ ਕਿਸੈ ਕਾ ਚਾਰਾ[56] ॥	As against Him, no one has any power[56].	ਉਸ ਦੇ ਅੱਗੇ ਕਿਸੇ ਦਾ ਭੀ ਜ਼ੋਰ[56] ਨਹੀਂ ਚਲਦਾ।
ਆਪੇ ਬਖਸੇ[57] ਸਬਦਿ[58] ਮਿਲਾਏ[59] ਤਿਸ[60] ਦਾ ਸਬਦੁ ਅਥਾਹਾ[61] ਹੇ ॥੧੫॥	Of Himself the Lord forgives[57] and unites[59] one with His Name[58]. Unfathomable[61] is His[60] Name.	ਆਪ ਹੀ ਸੁਆਮੀ ਬਖਸ਼ਿਸ਼ ਕਰ ਕੇ[57] ਜੀਵ ਨੂੰ ਆਪਣੇ ਨਾਮ[57] ਨਾਲ ਜੋੜ ਲੈਂਦਾ[59] ਹੈ। ਥਾ-ਰਹਿਤ[61] ਹੈ ਉਸ[60] ਦਾ ਨਾਮ।
ਜੀਉ[62] ਪਿੰਡੁ[63] ਸਭੁ ਹੈ ਤਿਸੁ[64] ਕੇਰਾ ॥	The soul[62] and body[63], all belong to Him[64], the Lord.	ਜਿੰਦੜੀ[62] ਅਤੇ ਦੇਹ[63] ਸਮੂਹ ਉਸ[64] ਸਾਹਿਬ ਦੀ ਮਲਕੀਅਤ ਹਨ।
ਸਚਾ ਸਾਹਿਬੁ ਠਾਕੁਰੁ[65] ਮੇਰਾ ॥	The True Lord alone is my Master[65].	ਕੇਵਲ ਸੱਚਾ ਸੁਆਮੀ ਹੀ ਮੇਰਾ ਮਾਲਕ[65] ਹੈ।
ਨਾਨਕ ਗੁਰਬਾਣੀ[69] ਹਰਿ ਪਾਇਆ ਹਰਿ ਜਪੁ[66] ਜਾਪਿ[67] ਸਮਾਹਾ[68] ਹੇ ॥ ੧੬॥੫॥੧੪॥	O Nanak, through the Guru's word[69], I have attained to my Lord and uttering[67] the Lord's Name[66], I have merged[68] in Him.	ਹੇ ਨਾਨਕ! ਗੁਰਾਂ ਦੀ ਬਾਣੀ[69] ਰਾਹੀਂ ਮੈਂ ਆਪਣੇ ਪ੍ਰਭੂ ਨੂੰ ਪ੍ਰਾਪਤ ਹੋ ਗਿਆ ਹਾਂ ਅਤੇ ਪ੍ਰਭੂ ਦੇ ਨਾਮ[66] ਦਾ ਉਚਾਰਨ[67] ਕਰਨ ਦੁਆਰਾ, ਮੈਂ ਉਸ ਵਿੱਚ ਲੀਨ ਹੋ ਗਿਆ[68] ਹਾਂ।

ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ ।
ਗੁਰਮੁਖਿ[70] ਨਾਦ[71] ਬੇਦ ਬੀਚਾਰੁ[72] ॥	The Lord's meditation[72] is the tenth gate-music[71] and the Vedas for the God-conscious being[70].	ਸੁਆਮੀ ਦਾ ਵੀਚਾਰ ਅਥਵਾ ਸਿਮਰਨ[72] ਹੀ ਰੱਬ ਨੂੰ ਜਾਣਨ ਵਾਲੇ[70] ਵਾਸਤੇ ਦਸਮ ਦੁਆਰ ਦਾ ਕੀਰਤਨ[71] ਅਤੇ ਵੇਦ[72] ਹੈ ।
ਗੁਰਮੁਖਿ ਗਿਆਨੁ[73] ਧਿਆਨੁ[74] ਆਪਾਰੁ[75] ॥	Infinite[75] are the Divine knowledge[73] and concentration[94] of the God-conscious being.	ਬੇਅੰਤ[75] ਹਨ ਬ੍ਰਹਮ-ਬੋਧ[73] ਅਤੇ ਇਕਾਗਰਤਾ[74] ਰੱਬ ਨੂੰ ਜਾਣਨ ਵਾਲੇ ਦੀਆਂ ।
ਗੁਰਮੁਖਿ ਕਾਰ[76] ਕਰੇ ਪ੍ਰਭ ਭਾਵੈ[77] ਗੁਰਮੁਖਿ ਪੂਰਾ[78] ਪਾਇਦਾ[79] ॥੧॥	The Guru-ward does the deeds[76], which are pleasing[77] to the Lord and the Guru-ward obtains[79] the Perfect Lord[78].	ਗੁਰੂ-ਅਨੁਸਾਰੀ ਉਹ ਕੰਮ[76] ਕਰਦਾ ਹੈ, ਜੋ ਸਾਂਈਂ ਨੂੰ ਚੰਗੇ ਲਗਦੇ[77] ਹਨ ਅਤੇ ਗੁਰੂ-ਅਨੁਸਾਰੀ ਪੂਰਨ ਪ੍ਰਭੂ[78] ਨੂੰ ਪਾ ਲੈਂਦਾ[79] ਹੈ ।
ਗੁਰਮੁਖਿ ਮਨੂਆ ਉਲਟਿ[80] ਪਰਾਵੈ[81] ॥	The holyman's mind turns[80] back[81] from the world.	ਨੇਕ ਬੰਦੇ ਦਾ ਮਨ ਦੁਨੀਆ ਵਲੋਂ ਮੁੜ[80] ਪੈਂਦਾ[81] ਹੈ ।
ਗੁਰਮੁਖਿ ਬਾਣੀ[82] ਨਾਦੁ[83] ਵਜਾਵੈ[84] ॥	The holyman plays[14] the melody[83] of the Guru's hymns[82].	ਨੇਕ ਬੰਦਾ ਗੁਰਾਂ ਦੀ ਬਾਣੀ[82]ਦਾ ਕੀਰਤਨ[83] ਅਲਾਪਦਾ[84] ਹੈ ।
ਗੁਰਮੁਖਿ ਸਚਿ ਰਤੇ[85] ਬੈਰਾਗੀ[86] ਨਿਜ[87] ਘਰਿ ਵਾਸਾ[88] ਪਾਇਦਾ ॥੨॥	The holyman is imbued with[85] truth, remains detached[86] and abides[88] in his own[87] Home.	ਨੇਕ ਬੰਦਾ ਸੱਚ ਨਾਲ ਰੰਗਿਆ[85] ਹੋਇਆ ਹੈ, ਉਹ ਨਿਰਲੇਪ[86] ਰਹਿੱਦਾ ਹੈ ਅਤੇ ਆਪਣੇ ਨਿੱਜ ਦੇ ਧਾਮ ਅੰਦਰ ਵਸਦਾ[88] ਹੈ ।
ਗੁਰ ਕੀ ਸਾਖੀ[89] ਅੰਮ੍ਰਿਤ[90] ਭਾਖੀ[91] ॥	I utter[92] the Guru's ambrosial[90] instruction[89].	ਮੈਂ ਗੁਰਾਂ ਦੀ ਅੰਮ੍ਰਿਤਮਈ[49] ਸਿੱਖਿਆ ਉਚਾਰਨ ਕਰਦਾ[91] ਹਾਂ ।
ਸਚੈ ਸਬਦੇ[93] ਸਚੁ[94] ਸੁਭਾਖੀ[92] ॥	I utter[91] the Lord's truth[94] through the True Gurbani[93].	ਸੱਚੀ ਗੁਰਬਾਣੀ[93] ਦੇ ਰਾਹੀਂ ਮੈਂ ਸਾਂਈਂ ਦੇ ਸੱਚ[94] ਨੂੰ ਉਚਾਰਦਾ[92] ਹਾਂ ।
ਸਦਾ ਸਚਿ[95] ਰੰਗਿ[96] ਰਾਤਾ[97] ਮਨੁ[98] ਮੇਰਾ ਸਚੇ ਸਚਿ[99] ਸਮਾਇਦਾ[100] ॥੩॥	My soul[98] ever remains imbued[97] with the love[90] of the True Lord[95] and I am merged[100] in the Truest of the true[99].	ਮੇਰੀ ਆਤਮਾ[98] ਹਮੇਸ਼ਾ ਸੱਚੇ ਸੁਆਮੀ[95] ਦੇ ਪ੍ਰੇਮ[96] ਨਾਲ ਰੰਗੀ ਰਹਿੰਦੀ[97] ਹੈ ਅਤੇ ਮੈਂ ਸੱਚਿਆਰਾਂ ਦੇ ਪਰਮ ਸਚਿਆਰ[99] ਵਿਚ ਲੀਨ ਹੋ ਗਿਆ[100] ਹਾਂ ।
ਗੁਰਮੁਖਿ ਮਨੁ ਨਿਰਮਲੁ[2] ਸਤ[3] ਸਰਿ[4] ਨਾਵੈ[5] ॥ ਮੈਲੁ[6] ਨ ਲਾਗੈ[7] ਸਚਿ[8] ਸਮਾਵੈ[9] ॥	Pure[2] is the soul of the Guru-ward, who bathes[5] in the true[3] tank[4]. No filth[6] attaches[7] to him and he merges[9] in the True One[8].	ਪਵਿੱਤਰ[2] ਹੈ ਆਤਮਾ ਗੁਰੂ-ਅਨੁਸਾਰੀ ਦੀ, ਜੋ ਸੱਚੇ[3] ਸਰੋਵਰ[4] ਅੰਦਰ ਇਸ਼ਨਾਨ ਕਰਦਾ[5] ਹੈ । ਉਸ ਨੂੰ ਕੋਈ ਮਲੀਣਤਾ[6] ਨਹੀਂ ਚਿਮੜਦੀ[7] ਤੇ ਉਹ ਸਤਿਪੁਰਖ[8] ਵਿੱਚ ਲੀਨ ਹੋ ਜਾਂਦਾ[9] ਹੈ ।
ਸਚੋ ਸਚੁ[10] ਕਮਾਵੈ[12] ਸਦ ਹੀ ਸਚੀ ਭਗਤਿ[13] ਦ੍ਰਿੜਾਇਦਾ[14] ॥੪॥	He ever practises[12] the whole truth[10] and the 'True devotion[13]' he keeps embedded[14] in his mind.	ਉਹ ਹਮੇਸ਼ਾ ਨਿਰੋਲ ਸੱਚ[10] ਦੀ ਕਮਾਈ ਕਰਦਾ[12] ਹੈ ਅਤੇ 'ਸੱਚੀ ਪ੍ਰੇਮਾ-ਭਗਤੀ[13]' ਨੂੰ ਉਹ ਆਪਣੇ ਰਿਦੇ ਵਿਚ ਪੱਕਾ[14] ਕਰੀ ਰਖਦਾ ਹੈ ।
ਗੁਰਮੁਖਿ ਸਚੁ ਬੈਣੀ[15]	Truth is in the speech[15] of the pious	ਸੱਚ ਹੈ ਪਵਿੱਤਰ ਪੁਰਸ਼ ਦੇ ਬਚਨ-ਬਿਲਾਸਾਂ[15] ਵਿੱਚ ਅਤੇ

ਗੁਰਮੁਖਿ ਸਚੁ ਨੈਣੀ[16] ॥	person and truth is in the pious person's eyes[16].	ਸੱਚ ਹੈ ਪਵਿੱਤ੍ਰ ਪੁਰਸ਼ ਦਿਆਂ ਨੇਤ੍ਰਾਂ[16] ਅੰਦਰ ।
ਗੁਰਮੁਖਿ ਸਚੁ ਕਮਾਵੈ ਕਰਣੀ[17] ॥	The pious person does the true deeds[17].	ਪਵਿੱਤ੍ਰ ਪੁਰਸ਼ ਸੱਚੇ ਅਮਲ[17] ਕਮਾਉਂਦਾ ਹੈ ।
ਸਦ[18] ਹੀ ਸਚੁ ਕਹੈ ਦਿਨੁ ਰਾਤੀ ਅਵਰਾ[19] ਸਚੁ ਕਹਾਇਦਾ ॥੫॥	Day and night, he ever[18] tells the truth and also makes others[19] utter the truth.	ਦਿਹੁੰ ਅਤੇ ਰੈਣ ਉਹ ਸਦੀਵ[18] ਹੀ ਸੱਚ ਬੋਲਦਾ ਹੈ ਅਤੇ ਹੋਰਨਾਂ[19] ਕੋਲੋਂ ਭੀ ਸੱਚ ਬੁਲਾਉਂਦਾ ਹੈ ।
ਗੁਰਮੁਖਿ ਸਚੀ ਊਤਮ[20] ਬਾਣੀ[21] ॥	True and sublime[20] is the speech[21] of the holyman.	ਸੱਚੀ ਅਤੇ ਸ੍ਰੇਸ਼ਟ[20] ਹੈ ਨੇਕ ਬੰਦੇ ਦੀ ਬੋਲ-ਬਾਣੀ[21] ।
ਗੁਰਮੁਖਿ ਸਚੋ ਸਚੁ[22] ਵਖਾਣੀ[23] ॥	The holyman utters[23] nothing but truth[22].	ਨੇਕ ਬੰਦਾ ਨਿਰੋਲ[22] ਸੱਚ ਹੀ ਆਖਦਾ[23] ਹੈ ।
ਗੁਰਮੁਖਿ ਸਦ ਸੇਵਹਿ[24] ਸਚੋ ਸਚਾ[25] ਗੁਰਮੁਖਿ ਸਬਦੁ[26] ਸੁਣਾਇਦਾ[27] ॥੬॥	The holyman ever serves[24] the Truest of the true[25] and the holyman, preaches[27] the Lord's Name[26],	ਨੇਕ ਬੰਦਾ ਸਦੀਵ ਹੀ ਸਚਿਆਰਾਂ ਦੇ ਪਰਮ ਸਚਿਆਰ[23] ਦੀ ਟਹਿਲ ਕਰਦਾ[24] ਹੈ ਅਤੇ ਨੇਕ ਬੰਦਾ ਪ੍ਰਭੂ ਦੇ ਨਾਮ[26] ਦਾ ਪ੍ਰਚਾਰ ਕਰਦਾ[27] ਹੈ ।
ਗੁਰਮੁਖਿ ਹੋਵੈ ਸੁ[28] ਸੋਝੀ[29] ਪਾਏ ॥ ਹਉਮੈ[30] ਮਾਇਆ[31] ਭਰਮੁ[32] ਗਵਾਏ[33] ॥	He[28], who becomes the Guru-ward, obtains understanding[29] and rids[33] himself of pride[30], desire of wealth[31] and doubt[32].	ਜੋ ਗੁਰੂ-ਅਨੁਸਾਰੀ ਥੀ ਵੰਞਦਾ ਹੈ, ਉਸ[28] ਨੂੰ ਸਮਝ[29] ਪ੍ਰਾਪਤ ਹੋ ਜਾਂਦੀ ਹੈ ਅਤੇ ਉਹ ਹੰਕਾਰ[30], ਧਨ-ਦੌਲਤ[31] ਦੀ ਖ਼ਾਹਿਸ਼ ਅਤੇ ਸੰਸੇ[32] ਤੋਂ ਖ਼ਲਾਸੀ[33] ਪਾ ਜਾਂਦਾ ਹੈ ।
੧੦੫੯		
ਗੁਰ ਕੀ ਪਉੜੀ[34] ਊਤਮ[35] ਊਚੀ[36] ਦਰਿ[37] ਸਾਚੈ ਹਰਿ ਗੁਣ[38] ਗਾਇਦਾ ॥੭॥	Through the Guru's sublime[35] ladder[34], he mounts high[36] and sings he the Lord's praise[38] at the True Door[37].	ਗੁਰਾਂ ਦੀ ਸ੍ਰੇਸ਼ਟ[35] ਪੌੜੀ[34] ਰਾਹੀਂ ਉਹ ਉੱਚਾ ਚੜ੍ਹ ਜਾਂਦਾ[36] ਹੈ ਅਤੇ ਸੱਚੇ ਦਰਵਾਜ਼ੇ[37] ਉੱਤੇ ਸੁਆਮੀ ਦੀ ਸਿਫ਼ਤ-ਸਾਲਾਹ[38] ਗਾਇਨ ਕਰਦਾ ਹੈ ।
ਗੁਰਮੁਖਿ ਸਚੁ ਸੰਜਮੁ[39] ਕਰਣੀ[40] ਸਾਰੁ[41] ॥	The Guru-ward practises true self-discipline[39] and does sublime[41] deeds[40].	ਗੁਰੂ-ਅਨੁਸਾਰੀ ਸਦਾ ਸਵੈ-ਜ਼ਬਤ[39] ਕਮਾਉਂਦਾ ਹੈ ਅਤੇ ਸ੍ਰੇਸ਼ਟ[41] ਕਰਮ ਕਰਦਾ[40] ਹੈ ।
ਗੁਰਮੁਖਿ ਪਾਏ ਮੋਖ[42] ਦੁਆਰੁ[43] ॥	The Guru-ward obtains the door[43] of salvation[42].	ਗੁਰੂ-ਅਨੁਸਾਰੀ ਮੁਕਤੀ[42] ਦੇ ਦਰਵਾਜ਼ੇ[43] ਨੂੰ ਪਾ ਲੈਂਦਾ ਹੈ ।
ਭਾਇ[44] ਭਗਤਿ[45] ਸਦਾ ਰੰਗਿ[46] ਰਾਤਾ[47] ਆਪੁ[48] ਗਵਾਇ[49] ਸਮਾਇਦਾ[50] ॥੮॥	Through the loving[44] adoration[45], he ever remains imbued[47] with bliss[46] and stilling[49] self-conceit[48] he merges[50] in the Lord.	ਪਿਆਰੀ[44] ਉਪਾਸ਼ਨਾ[45] ਰਾਹੀਂ ਉਹ ਹਮੇਸ਼ਾ ਹੀ ਖ਼ੁਸ਼ੀ[46] ਨਾਲ ਰੰਗਿਆ ਰਹਿੰਦਾ[47] ਹੈ ਅਤੇ ਆਪਣੀ ਸਵੈ-ਹੰਗਤਾ[48] ਨੂੰ ਮਾਰ ਕੇ[49] ਉਹ ਪ੍ਰਭੂ ਅੰਦਰ ਲੀਨ ਥੀ ਵੰਞਦਾ[50] ਹੈ ।
ਗੁਰਮੁਖਿ ਹੋਵੈ ਮਨੁ ਖੋਜਿ[51] ਸੁਣਾਏ[52] ॥	The Guru-ward searches[51] his mind and utters[52] what he sees there.	ਗੁਰੂ-ਅਨੁਸਾਰੀ ਆਪਣੇ ਮਨ ਦੀ ਢੂੰਡ ਭਾਲ ਕਰਦਾ[51] ਹੈ। ਜੋ ਕੁਛ ਉਹ ਉਥੇ ਦੇਖਦਾ ਹੈ,ਉਸ ਨੂੰ ਵਰਨਣ ਕਰਦਾ[52] ਹੈ।
ਸਚੈ ਨਾਮਿ ਸਦਾ ਲਿਵ[53]	He ever enshrines[54] love[53] for the	ਉਹ ਹਮੇਸ਼ਾ ਹੀ ਸਤਿਨਾਮ ਨਾਲ ਪ੍ਰੀਤ[53] ਪਾਉਂਦਾ[54]

ਲਾਏ[54] ॥	True Name.	ਹੈ ।
ਜੋ ਤਿਸੁ[55] ਭਾਵੈ[56] ਸੋਈ[57] ਕਰਸੀ[58] ਜੋ ਸਚੇ[59] ਮਨਿ ਭਾਇਦਾ[60] ॥੯॥	He does[58] only that[57], whatever is sweet[60] unto the True Lord's[59] mind and what He[55] likes[56].	ਉਹ ਕੇਵਲ ਉਹ[57] ਹੀ ਕਰਦਾ[58] ਹੈ ਜਿਹੜਾ ਕਿ ਸੱਚੇ ਸੁਆਮੀ[59] ਦੇ ਚਿੱਤ ਨੂੰ ਚੰਗਾ ਲਗਦਾ[60] ਹੈ ਅਤੇ ਜੋ ਉਸ[55] ਨੂੰ ਭਾਉਂਦਾ[56] ਹੈ ।
ਜਾ[61] ਤਿਸੁ ਭਾਵੈ ਸਤਿਗੁਰੂ ਮਿਲਾਏ ॥	When[61] He so wills, He makes man meet the True Guru.	ਜਦ[61] ਉਸ ਨੂੰ ਇਸ ਤਰ੍ਹਾਂ ਚੰਗਾ ਲਗਦਾ ਹੈ, ਉਹ ਬੰਦੇ ਨੂੰ ਸੱਚੇ ਗੁਰਾਂ ਨਾਲ ਮਿਲਾ ਦਿੰਦਾ ਹੈ ।
ਜਾ ਤਿਸੁ ਭਾਵੈ ਤਾ[62] ਮੰਨਿ ਵਸਾਏ[63] ॥	When it pleases Him, then[62], enshrines[63] He His Name within the man's mind.	ਜਦ ਉਸ ਨੂੰ ਚੰਗਾ ਲਗਦਾ ਹੈ, ਤਦ[62] ਉਹ ਆਪਣਾ ਨਾਮ ਬੰਦੇ ਦੇ ਚਿੱਤ ਅੰਦਰ ਟਿਕਾ ਦਿੰਦਾ[63] ਹੈ ।
ਆਪਣੈ ਭਾਣੈ[64] ਸਦਾ ਰੰਗਿ[65] ਰਾਤਾ[66] ਭਾਣੈ ਮੰਨਿ ਵਸਾਇਦਾ[67] ॥੧੦॥	By His pleasure[64], the Lord ever remains imbued[66] with glee[65] and by His pleasure, He enshrines[67] it in the mortal's mind.	ਆਪਣੀ ਰਜ਼ਾ[64] ਦੁਆਰਾ, ਸਾਂਈਂ ਹਮੇਸ਼ਾ ਖ਼ੁਸ਼ੀ[65] ਨਾਲ ਰੰਗਿਆ ਰਹਿੰਦਾ[66] ਹੈ ਅਤੇ ਆਪਣੀ ਰਜ਼ਾ ਦੁਆਰਾ ਉਹ ਇਸ ਨੂੰ ਪ੍ਰਾਣੀ ਦੇ ਚਿੱਤ ਅੰਦਰ ਟਿਕਾ ਦਿੰਦਾ[67]ਹੈ ।
ਮਨਹਠਿ[68] ਕਰਮ[69] ਕਰੇ ਸੋ[70] ਛੀਜੈ[71] ॥	He[70], who does the deeds[69], through his mind's obstinacy[68], is destroyed[71].	ਜੋ ਆਪਣੇ ਮਨ ਦੇ ਹੱਠ[68] ਰਾਹੀਂ ਕੰਮ[69] ਕਰਦਾ ਹੈ, ਉਹ[70] ਬਰਬਾਦ ਹੋ ਜਾਂਦਾ[71] ਹੈ ।
ਬਹੁਤੇ[72] ਭੇਖ[73] ਕਰੇ[74] ਨਹੀ ਭੀਜੈ[75] ॥	Wearing[74] many[72] religious garbs[73], the Lord is pleased[75] not.	ਘਨੇਰੇ[72] ਧਾਰਮਕ ਲਿਬਾਸ[73] ਪਹਿਨਣ[74] ਦੁਆਰਾ, ਪ੍ਰਭੂ ਪ੍ਰਸੰਨ[75] ਨਹੀਂ ਹੁੰਦਾ ।
ਬਿਖਿਆ[76] ਰਾਤੇ[77] ਦੂਖੁ ਕਮਾਵਹਿ[78] ਦੂਖੇ ਦੂਖਿ[79] ਸਮਾਇਦਾ[80] ॥੧੧॥	Dyed[77] with sins[76], the mortal earns[78] pain and is lost[80] in utter pain[79].	ਪਾਪਾਂ[76] ਨਾਲ ਰੰਗੀਜ[77] ਪ੍ਰਾਣੀ, ਪੀੜ ਦੀ ਖੱਟੀ ਖੱਟਦਾ[78] ਹੈ ਅਤੇ ਪਰਮ ਪੀੜ[79] ਅੰਦਰ ਹੀ ਗ਼ਰਕ[80] ਹੋ ਜਾਂਦਾ ਹੈ।
ਗੁਰਮੁਖਿ ਹੋਵੈ ਸੋ ਸੁਖੁ[81] ਕਮਾਏ ॥	He, who becomes the Guru-ward, earns peace[81].	ਜੋ ਗੁਰੂ-ਅਨੁਸਾਰੀ ਹੋ ਜਾਂਦਾ ਹੈ, ਉਹ ਆਰਾਮ[81] ਦੀ ਖੱਟੀ ਖੱਟਦਾ ਹੈ ।
ਮਰਣ[82] ਜੀਵਣ[83] ਕੀ ਸੋਝੀ[84] ਪਾਏ ॥	He comes to know[84] the mystery of birth[82] and death[83].	ਉਹ ਮੌਤ[82] ਅਤੇ ਪੈਦਾਇਸ਼[83] ਦੇ ਭੇਤ ਨੂੰ ਜਾਣ ਲੈਂਦਾ[34] ਹੈ ।
ਮਰਣੁ ਜੀਵਣੁ ਜੋ ਸਮ ਕਰਿ[85] ਜਾਣੈ ਸੋ[86] ਮੇਰੇ ਪ੍ਰਭ ਭਾਇਦਾ[87] ॥੧੨॥	He, who deems death and birth alike[85]; He[86] alone is pleasing[87] to my Lord.	ਜੋ ਮੌਤ ਅਤੇ ਜਨਮ ਨੂੰ ਇਕ-ਸਮਾਨ[85] ਜਾਣਦਾ ਹੈ; ਕੇਵਲ ਉਹ[86] ਹੀ ਮੇਰੇ ਮਾਲਕ ਨੂੰ ਚੰਗਾ ਲਗਦਾ[87] ਹੈ ।
ਗੁਰਮੁਖਿ ਮਰਹਿ[88] ਸੁ[89] ਹਹਿ[91] ਪਰਵਾਣੁ[90] ॥	The God-conscious being, who remains dead[88] in life, He[89] becomes[91] acceptable[90].	ਵਾਹਿਗੁਰੂ ਨੂੰ ਜਾਣਨ ਵਾਲਾ ਜੀਵ, ਜੋ ਜਾਉਂਦੇ ਜੀ ਮਰਿਆ ਰਹਿੰਦਾ[88] ਹੈ, ਉਹ[89] ਕਬੂਲ[90] ਪੈ ਜਾਂਦਾ[91] ਹੈ ।
ਆਵਣ ਜਾਣਾ ਸਬਦੁ[92] ਪਛਾਣੁ[93] ॥	He knows[93] that coming and going is in God's will[92].	ਉਹ ਜਾਣਦਾ[93] ਹੈ ਕਿ ਆਉਣਾ ਤੇ ਜਾਣਾ ਹਰੀ ਦੀ ਰਜ਼ਾ[92] ਅੰਦਰ ਹੈ ।
ਮਰੈ[94] ਨ ਜੰਮੈ[95] ਨਾ ਦੂਖੁ[96] ਪਾਏ[97] ਮਨ[98] ਹੀ ਮਨਹਿ[99] ਸਮਾਇਦਾ[100] ॥੧੩॥	He comes[95] and goes[94] not, nor suffers[97] he pain[96] and his soul[98] merges[100] in the supreme soul[99].	ਉਹ ਆਉਂਦਾ[95] ਤੇ ਜਾਂਦਾ[94] ਨਹੀਂ, ਨਾ ਹੀ ਉਹ ਤਕਲੀਫ਼[96] ਉਠਾਉਂਦਾ[97] ਹੈ ਅਤੇ ਉਸ ਦੀ ਆਤਮਾ[98] ਪਰਮ ਆਤਮਾ[99] ਵਿਚ ਲੀਨ ਹੋ ਜਾਂਦੀ[100] ਹੈ ।

ਸੇ[2] ਵਡਭਾਗੀ[8] ਜਿਨੀ ਸਤਿਗੁਰੁ ਪਾਇਆ ॥ ਹਉਮੈ[4] ਵਿਚਹੁ[5] ਮੋਹੁ[6] ਚੁਕਾਇਆ[7] ॥	Very[3] fortunate[8] are they[2], who attain unto the True Guru and banish[7] self-conceit[4] and worldly love[6] from within[5] them.	ਭਾਰੇ[3] ਨਸੀਬਾਂ ਵਾਲੇ[8] ਹਨ ਉਹ[2], ਜੋ ਆਪਣੇ ਸੱਚੇ ਗੁਰਾਂ ਨੂੰ ਪ੍ਰਾਪਤ ਹੁੰਦੇ ਅਤੇ ਆਪਣੇ ਅੰਦਰੋਂ[5] ਸਵੈ-ਹੰਗਤਾ[4] ਅਤੇ ਸੰਸਾਰੀ ਮਮਤਾ[6] ਨੂੰ ਦੂਰ ਕਰਦੇ[7] ਹਨ ।
ਮਨੁ ਨਿਰਮਲੁ[9] ਫਿਰਿ[10] ਮੈਲੁ[12] ਨ ਲਾਗੈ[13] ਦਰਿ[14] ਸਚੈ ਸੋਭਾ[15] ਪਾਇਦਾ ॥੧੪॥	Immaculate[9] is their mind and no filth[12] attaches[13] to it again[10] and they obtain glory[15] in the True Court[14].	ਪਵਿੱਤਰ ਹੈ ਉਨ੍ਹਾਂ ਦਾ ਹਿਰਦਾ ਅਤੇ ਇਸ ਨੂੰ ਮੁੜ ਕੇ[10] ਕੋਈ ਮਲੀਣਤਾ[12] ਨਹੀਂ ਚਿਮੜਦੀ[13] ਅਤੇ ਉਹ ਸੱਚੇ ਦਰਬਾਰ[14] ਅੰਦਰ ਮਾਨ ਪ੍ਰਤਿਸ਼ਟਾ[15] ਪਾਉਂਦੇ ਹਨ ।
ਆਪੇ ਕਰੇ[16] ਕਰਾਏ ਆਪੇ ॥	The Lord Himself does[16] and Himself causes others to do.	ਸੁਆਮੀ ਆਪ ਹੀ ਕਰਦਾ[16] ਅਤੇ ਆਪ ਹੀ ਹੋਰਨਾਂ ਕੋਲੋਂ ਕਰਾਉਂਦਾ ਹੈ ।
ਆਪੇ ਵੇਖੈ[17] ਥਾਪਿ[18] ਉਥਾਪੇ[19] ॥	Of Himself, He establishes[18], disestablishes[19] and watches[17] all.	ਆਪ ਹੀ ਉਹ ਸਾਰਿਆਂ ਨੂੰ ਟਿਕਾਉਂਦਾ[18], ਉਖੇੜਦਾ[19] ਅਤੇ ਦੇਖਦਾ[17] ਹੈ ।
ਗੁਰਮੁਖਿ ਸੇਵਾ[20] ਮੇਰੇ ਪ੍ਰਭ ਭਾਵੈ[21] ਸਚੁ[22] ਸੁਣਿ ਲੇਖੈ ਪਾਇਦਾ[23] ॥੧੫॥	The service[20] of the Guru-ward is pleasing[21] to my Lord. He, who hears the True Name[22] is approved[23] by Him.	ਗੁਰੂ-ਅਨੁਸਾਰੀ ਦੀ ਘਾਲ[20] ਮੇਰੇ ਮਾਲਕ ਨੂੰ ਚੰਗੀ ਲਗਦੀ[21] ਹੈ । ਜੋ ਸੱਚੇ ਨਾਮ[22] ਨੂੰ ਸੁਣਦਾ ਹੈ, ਉਸ ਨੂੰ ਉਹ ਕਬੂਲ ਕਰ ਲੈਂਦਾ[23] ਹੈ ।
ਗੁਰਮੁਖਿ ਸਚੋ ਸਚੁ[24] ਕਮਾਵੈ[25] ॥	The holyman practises[25] nothing but truth[24].	ਨੇਕ ਪੁਰਸ਼ ਨਿਰੋਲ ਸੱਚ[24] ਦੀ ਕਮਾਈ ਕਰਦਾ[25] ਹੈ ।
ਗੁਰਮੁਖਿ ਨਿਰਮਲੁ[26] ਮੈਲੁ[27] ਨ ਲਾਵੈ[28] ॥	Immaculate[26] is the holyman, and no filth[27] clings[28] to him.	ਪਵਿੱਤ੍ਰ[26] ਹੈ ਨੇਕ ਪੁਰਸ਼ ਅਤੇ ਉਸ ਨੂੰ ਵਿਕਾਰਾਂ ਦੀ ਕੋਈ ਭੀ ਮੈਲ[27] ਨਹੀਂ ਚਿਮੜਦੀ[28] ।
ਨਾਨਕ ਨਾਮਿ ਰਤੇ[29] ਵੀਚਾਰੀ[30] ਨਾਮੇ[31] ਨਾਮਿ ਸਮਾਇਦਾ[32] ॥੧੬॥੧॥ ੧੫॥	Nanak, they who reflect[30] on the Name, are imbued[29] therewith. It is through the Name[31], that merge[32] they in the Name.	ਨਾਨਕ, ਜੋ ਨਾਮ ਦਾ ਚਿੰਤਨ ਕਰਦੇ[30] ਹਨ, ਉਹ ਉਸ ਨਾਲ ਰੰਗੇ ਜਾਂਦੇ[29] ਹਨ । ਨਾਮ ਦੇ ਰਾਹੀਂ[31] ਹੀ ਉਹ ਨਾਮ ਅੰਦਰ ਲੀਨ ਥੀ ਵੰਞਦੇ[32] ਹਨ ।.
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ ।
ਆਪੇ ਸ੍ਰਿਸਟਿ[33] ਹੁਕਮਿ[34] ਸਭ ਸਾਜੀ[35] ॥	In His will[34], the Lord Himself created[35] all the world[33].	ਆਪਣੀ ਰਜ਼ਾ[34] ਅੰਦਰ ਸਾਂਈਂ ਨੇ ਆਪ ਹੀ ਸਾਰੀ ਦੁਨੀਆ[33] ਰਚੀ[35] ਹੈ ।
ਆਪੇ ਥਾਪਿ[36] ਉਥਾਪਿ[37] ਨਿਵਾਜੀ[38] ॥	He Himself establishes[36], disestablishes[37] and glorifies[38],	ਉਹ ਆਪ ਹੀ ਅਸਥਾਪਨ ਕਰਦਾ[36], ਉਖੇੜਦਾ[37] ਅਤੇ ਵਡਿਆਉਂਦਾ[38] ਹੈ ।
ਆਪੇ ਨਿਆਉ[39] ਕਰੇ ਸਭੁ ਸਾਚਾ[40] ਸਾਚੇ[41] ਸਾਚਿ[42] ਮਿਲਾਇਦਾ[43] ॥੧॥	The True One[40] Himself administers all justice[39]. The true[41] Lord[42] unites[43] with Himself.	ਸਤਿਪੁਰਖ[40] ਖ਼ੁਦ ਹੀ ਸਮੂਹ ਇਨਸਾਫ਼ ਕਰਦਾ[39] ਹੈ । ਸਚਿਆਰਾਂ[41] ਨੂੰ ਸੱਚਾ ਸੁਆਮੀ[42] ਆਪਣੇ ਨਾਲ ਮਿਲਾ ਲੈਂਦਾ[43] ਹੈ ।
ਕਾਇਆ[44] ਕੋਟੁ[46] ਹੈ ਆਕਾਰਾ[45] ॥	The body[44] has form[46] of the fortress[46].	ਦੇਹ[44] ਦੀ ਕਿਲ੍ਹੇ[46] ਵਰਗੀ ਸ਼ਕਲ[45] ਹੈ ।

ਮਾਇਆ[47] ਮੋਹੁ[48] ਪਸਰਿਆ[49] ਪਾਸਾਰਾ[50] ॥੨॥	In it is extended[49] the expanse[50] of the love[48] of mammon[47].	ਇਸ ਅੰਦਰ ਮੋਹਨੀ[47] ਮਾਇਆ ਦੀ ਮਮਤਾ[48] ਦਾ ਖਿਲਾਰਾ[50] ਖਿਲਰਿਆ ਹੋਇਆ[49] ਹੈ ।
ਬਿਨੁ ਸਬਦੈ[51] ਭਸਮੈ[52] ਕੀ ਢੇਰੀ[53] ਖੇਹੂ[54] ਖੇਹ ਰਲਾਇਦਾ[55] ॥੨॥	Without the Name[51], the body is a heap[53] of ashes[52] and ultimately dust[54] mingles[55] with dust.	ਨਾਮ ਦੇ ਬਗੈਰ[51] ਦੇਹ ਸੁਆਹ[52] ਦਾ ਅੰਬਾਰ[53] ਹੈ ਅਤੇ ਅੰਤ ਨੂੰ ਮਿੱਟੀ, ਮਿੱਟੀ[54] ਵਿੱਚ ਮਿਲ ਜਾਂਦੀ[55] ਹੈ ।
ਕਾਇਆ ਕੰਚਨ[56] ਕੋਟੁ[57] ਅਪਾਰਾ[58] ॥ ਜਿਸੁ ਵਿਚਿ ਰਵਿਆ[59] ਸਬਦੁ[60] ਅਪਾਰਾ[61] ॥	The body is the invaluable[58] citadel[57] of gold[56], wherein is permeating[59] the Infinite[61] Name[80].	ਦੇਹ ਸੋਨੇ[56] ਦਾ ਇਕ ਅਮੋਲਕ[58] ਗੜ੍ਹ[57] ਹੈ, ਜਿਸ ਅੰਦਰ ਬੇਅੰਤ[61] ਨਾਮ[60] ਰਮ ਰਿਹਾ[59] ਹੈ ।
ਗੁਰਮੁਖਿ[62] ਗਾਵੈ ਸਦਾ ਗੁਣ[63] ਸਾਚੇ ਮਿਲਿ ਪ੍ਰੀਤਮ[64] ਸੁਖੁ ਪਾਇਦਾ ॥੩॥	The Guru-ward[62] sings ever the Lord's praise[63] and meeting his Love[64], obtains peace.	ਗੁਰੂ-ਅਨੁਸਾਰੀ[72] ਹਮੇਸ਼ਾ ਸੱਚੇ ਸਾਂਈਂ ਦੀ ਕੀਰਤੀ[63] ਗਾਇਨ ਕਰਦਾ ਹੈ ਅਤੇ ਆਪਣੇ ਪਿਆਰੇ[64] ਨੂੰ ਮਿਲ ਕੇ ਆਰਾਮ ਪਾਉਂਦਾ ਹੈ ।
ਕਾਇਆ ਹਰਿ ਮੰਦਰੁ[65] ਹਰਿ ਆਪਿ ਸਵਾਰੇ[66] ॥	The body is the Lord's mansion[65]. God Himself embellished[66] it.	ਦੇਹ ਪ੍ਰਭੂ ਦਾ ਮਹਿਲ[65] ਹੈ । ਵਾਹਿਗੁਰੂ ਆਪੇ ਇਸ ਨੂੰ ਸ਼ਸ਼ੋਭਤ ਕਰਦਾ[66] ਹੈ ।
ਤਿਸੁ[67] ਵਿਚਿ ਹਰਿ ਜੀਉ[68] ਵਸੈ [70]ਮੁਰਾਰੇ[69] ॥	Within that[67] abides the Sire[68] Lord, the enemy[69] of ego[70].	ਉਸ[67] ਵਿਚ ਮਹਾਰਾਜ[78] ਸੁਆਮੀ, ਹੰਕਾਰ[70] ਦਾ ਵੈਰੀ[69], ਵਸਦਾ ਹੈ ।
ਗੁਰ ਕੈ ਸਬਦਿ[71] ਵਣਜਨਿ[72] ਵਾਪਾਰੀ[73] ਨਦਰੀ[74] ਆਪਿ ਮਿਲਾਇਦਾ ॥੪॥	By the Guru's instruction[71] the merchants[73] deal[72] with Him and by His grace[74] the Lord unites them with Himself,	ਗੁਰਾਂ ਦੇ ਉਪਦੇਸ਼[71] ਦੁਆਰਾ ਸੁਦਾਗਰ[78] ਉਸ ਨਾਲ ਲੈਣ ਦੇਣ ਕਰਦੇ[72] ਹਨ ਅਤੇ ਆਪਣੀ ਮਿਹਰ ਦੁਆਰਾ[74], ਸਾਂਈਂ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ।
ਸੋ[75] ਸੂਚਾ[76] ਜਿ ਕਰੋਧੁ[77] ਨਿਵਾਰੇ[78] ॥ ਸਬਦੇ[79] ਬੂਝੈ ਆਪੁ ਸਵਾਰੇ[80] ॥	He[75] alone is pure[76], who banishes[78] wrath[77], understands the Name[79] and reforms[80] himself.	ਕੇਵਲ ਉਹ[75] ਹੀ ਪਵਿੱਤਰ[76] ਹੈ ਜੋ ਆਪਣੇ ਗੁੱਸੇ[77] ਨੂੰ ਦੂਰ ਕਰਦਾ[78] ਹੈ, ਨਾਮ[79] ਨੂੰ ਸਮਝਦਾ ਹੈ ਅਤੇ ਆਪਣੇ ਆਪ ਨੂੰ ਸੁਧਾਰਦਾ[80] ਹੈ ।
ਆਪੇ ਕਰੇ ਕਰਾਏ ਕਰਤਾ[81] ਆਪੇ ਮੰਨਿ ਵਸਾਇਦਾ[82] ॥ ੫॥	The Creator[81]-Lord Himself does and makes others do and He Himself comes in the mind[82].	ਸਿਰਜਣਹਾਰ[81] ਸੁਆਮੀ ਆਪ ਹੀ ਕਰਦਾ ਤੇ ਕਰਾਉਂਦਾ ਹੈ ਅਤੇ ਆਪ ਹੀ ਚਿੱਤ ਵਿਚ ਆ ਟਿਕਦਾ[82] ਹੈ ।
ਨਿਰਮਲ[83] ਭਗਤਿ[84] ਹੈ ਨਿਰਾਲੀ[85] ॥	Immaculate[83] and unique[85] is the Lord's devotional service[84].	ਪਵਿੱਤਰ[83] ਅਤੇ ਅਦੁੱਤੀ[85] ਹੈ ਪ੍ਰਭੂ ਦੀ ਪ੍ਰੇਮਮਈ ਸੇਵਾ[84] ।
ਮਨੁ[86] ਤਨੁ[87] ਧੋਵਹਿ[88] ਸਬਦਿ[89] ਵੀਚਾਰੀ[90] ॥	Reflecting[90] on the Name[89], the soul[86] and the body[87] are washed[88] clean.	ਨਾਮ[89] ਦਾ ਸਿਮਰਨ[90] ਕਰਨ ਦੁਆਰਾ, ਆਤਮਾ[86] ਤੇ ਦੇਹ[87] ਧੋਤੇ ਜਾਂਦੇ[88] ਹਨ ।
ਅਨਦਿਨੁ[91] ਸਦਾ[92] ਰਹੈ ਰੰਗਿ[93] ਰਾਤਾ[94] ਕਤਿ ਕਿਰਪਾ[95] ਭਗਤਿ[96] ਕਰਾਇਦਾ[97] ॥੬॥	He, who night[91] and day is ever[92] imbued[94] with the Lord's love[93], him the Lord, in His mercy[95], yokes[97] to His devotional service[96].	ਜੋ ਸਦੀਵ[92] ਹੀ ਰੈਣ[91] ਤੇ ਦਿਹੁੰ ਪ੍ਰਭੂ ਦੇ ਪਿਆਰ[93] ਨਾਲ ਰੰਗਿਆ ਰਹਿੰਦਾ[94] ਹੈ, ਆਪਣੀ ਮਿਹਰ[95] ਧਾਰ ਕੇ ਸੁਆਮੀ ਉਸ ਨੂੰ ਆਪਣੀ ਪ੍ਰੇਮਮਈ ਸੇਵਾ[96] ਵਿੱਚ ਜੋੜ ਲੈਂਦਾ[97] ਹੈ ।

੧੦੬੦

ਇਸੁ ਮਨ[98] ਮੰਦਰ[99] ਮਹਿ[100] ਮਨੂਆ ਧਾਵੈ[2] ॥

In[100] this palace[99] of the soul[98], the mind wanders about[2].

ਆਤਮਾ[98] ਦੇ ਇਸ ਮਹਿਲ[99] ਅੰਦਰ[100] ਮਨ ਭਟਕਦਾ ਫਿਰਦਾ[3] ਹੈ ।

ਸੁਖੁ ਪਲਰਿ[3] ਤਿਆਗਿ[4] ਮਹਾ[5] ਦੁਖੁ[6] ਪਾਵੈ[7] ॥

Abandoning[4] peace like straw[3], it suffers[7] great[5] pain[6].

ਫੂਸ[3] ਦੀ ਤਰ੍ਹਾਂ ਆਰਾਮ ਨੂੰ ਛੱਡ ਕੇ[4] ਇਹ ਪਰਮ[5] ਕਸ਼ਟ[6] ਉਠਾਉਂਦਾ[7] ਹੈ ।

ਬਿਨੁ ਸਤਿਗੁਰ ਭੇਟੇ[8] ਠਉਰ[9] ਨ ਪਾਵੈ ਆਪੇ ਖੇਲੁ[10] ਕਰਾਇਦਾ[12] ॥੭॥

Without meeting with the True Guru, it finds no refuge[9]. The Lord Himself has set afoot[12] this play[10].

ਸੱਚੇ ਗੁਰਾਂ ਨਾਲ ਮਿਲਣ[3] ਦੇ ਬਗ਼ੈਰ ਇਸ ਨੂੰ ਕੋਈ ਪਨਾਹ[9] ਨਹੀਂ ਮਿਲਦੀ । ਸੁਆਮੀ ਨੇ ਖ਼ੁਦ ਹੀ ਇਹ ਖੇਡ[10] ਰਚੀ[12] ਹੈ ।

ਆਪਿ ਅਪਰੰਪਰੁ[13] ਆਪਿ ਵੀਚਾਰੀ[14] ॥

Infinite[13] is the Lord. Of Himself He reflects[14] on Himself.

ਬੇਅੰਤ[13] ਹੈ ਪ੍ਰਭੂ । ਖ਼ੁਦ ਹੀ ਉਹ ਆਪਣੇ ਆਪ ਦਾ ਚਿੰਤਨ ਕਰਦਾ[14] ਹੈ ।

ਆਪੇ ਮੇਲੇ[15] ਕਰਣੀ[16] ਸਾਰੀ[17] ॥

He Himself provides[15] the occasion to do sublime[17] deeds[16].

ਉਹ ਖ਼ੁਦ ਹੀ ਸ੍ਰੇਸ਼ਟ[17] ਅਮਲ[16] ਕਮਾਉਣ ਦਾ ਮੌਕਾ ਬਖ਼ਸ਼ਦਾ[15] ਹੈ ।

ਕਿਆ[23] ਕੋ ਕਾਰ[18] ਕਰੇ[19] ਵੇਚਾਰਾ[20] ਆਪੇ ਬਖਸਿ[21] ਮਿਲਾਇਦਾ[22] ॥੮॥

What[23] service[18] can the poor creature perform[19] ? Grantnig pardon[21], the Lord unites[22] man with Himself.

ਗ਼ਰੀਬਾ[20], ਜੀਵ ਕੀ[23] ਘਾਲ[19] ਕਮਾ[19] ਸਕਦਾ ਹੈ ? ਮੁਆਫ਼ੀ[21] ਬਖ਼ਸ਼ ਕੇ ਸਾਂਈਂ ਬੰਦੇ ਨੂੰ ਆਪਣੇ ਨਾਲ ਮਿਲਾ ਲੈਂਦਾ[22] ਹੈ ।

ਆਪੇ ਸਤਿਗੁਰੁ ਮੇਲੇ ਪੂਰਾ[24] ॥ ਸਚੈ ਸਬਦਿ[25] [26]ਮਹਾਬਲ[27] ਸੂਰਾ[28] ॥

The Perfect one[24], Himself unites one with the True Guru and through his instruction[25] he makes him a very powerful[27] warrior[28].

ਪੂਰਨ ਪੁਰਖ[24] ਆਪ ਹੀ ਇਨਸਾਨ ਨੂੰ ਸੱਚੇ ਗੁਰਾਂ ਨਾਲ ਮਿਲਾਉਂਦਾ ਹੈ ਅਤੇ ਆਪਣੇ ਸੱਚੇ ਉਪਦੇਸ਼[25] ਦੁਆਰਾ ਉਹ ਉਸ ਨੂੰ ਪਰਮ[26] ਬਲਵਾਨ[26] ਯੋਧਾ[28] ਬਣਾ ਦਿੰਦੇ ਹਨ ।

ਆਪੇ ਮੇਲੇ ਦੇ[29] ਵਡਿਆਈ[30] ਸਚੇ[31] ਸਿਉ[32] ਚਿਤੁ[33] ਲਾਇਦਾ[34] ॥੯॥

The Guru fixes[34] man's mind[33] with[32] the True Lord[31], who blessing[29] him with glory[30], unites him with Himself.

ਗੁਰੂ ਜੀ ਬੰਦੇ ਦੇ ਮਨ[33] ਨੂੰ ਸੱਚੇ ਸੁਆਮੀ[31] ਨਾਲ[32] ਜੋੜ ਦਿੰਦੇ[34] ਹਨ, ਜੋ ਉਸ ਨੂੰ ਮਾਨਪ੍ਰਤਿਸ਼ਟਾ[30] ਬਖ਼ਸ਼[29] ਕੇ ਆਪਣੇ ਨਾਲ ਮਿਲਾ ਲੈਂਦਾ ਹੈ ।

ਘਰ ਹੀ ਅੰਦਰਿ ਸਾਚਾ[35] ਸੋਈ[36] ॥

Within our very home is He[36], the True Lord[35].

ਸਾਡੇ ਆਪਣੇ ਗ੍ਰਹਿ ਅੰਦਰ ਹੀ ਉਹ[36] ਸੱਚਾ ਸੁਆਮੀ[35] ਹੈ ।

ਗੁਰਮੁਖਿ[37] ਵਿਰਲਾ[38] ਬੂਝੈ[39] ਕੋਈ ॥

Rare is the one[38], who realises[39] this by the Guru's grace[37].

ਕੋਈ ਇਕ ਅੱਧਾ ਜਣਾ[38] ਹੀ ਗੁਰਾਂ ਦੀ ਦਇਆ[37] ਦੁਆਰਾ ਇਸ ਨੂੰ ਅਨੁਭਵ ਕਰਦਾ[39] ਹੈ ।

ਨਾਮੁ ਨਿਧਾਨੁ[40] ਵਸਿਆ ਘਟ[41] ਅੰਤਰਿ[42] ਰਸਨਾ[43] ਨਾਮੁ ਧਿਆਇਦਾ[44] ॥੧੦॥

He within[42] whose mind[41] the Name-treasure[40] abides, utters[44] the Name with his tongue[43].

ਜਿਸ ਦੇ ਹਿਰਦੇ[41] ਅੰਦਰ[42] ਨਾਮ ਦਾ ਖ਼ਜ਼ਾਨਾ[40] ਵਸਦਾ ਹੈ, ਉਹ ਆਪਣੀ ਜੀਭ੍ਹਾ[43] ਨਾਲ ਨਾਮ ਦਾ ਉਚਾਰਨ ਕਰਦਾ[44] ਹੈ ।

ਦਿਸੰਤਰੁ[45] ਭਵੈ[46] ਅੰਤਰੁ[47] ਨਹੀ ਭਾਲੇ[48] ॥

Man wanders[46] through foreign countries[45], but searches[48] not his innerself[47].

ਇਨਸਾਨ ਪਰਦੇਸਾਂ[45] ਵਿਚ ਭਟਕਦਾ ਫਿਰਦਾ[46] ਹੈ; ਪ੍ਰੰਤੂ, ਆਪਣੇ ਅੰਦਰਵਾਰ[47] ਦੀ ਖੋਜ ਭਾਲ[48] ਨਹੀਂ ਕਰਦਾ ।

ਮਾਇਆ[49] ਮੋਹਿ[50] ਬਧਾ[51]

Bewitched[50] by worldly valuables[49],

ਉਸ, ਸੰਸਾਰੀ ਪਦਾਰਥਾਂ[49] ਦੇ ਮੋਹਿਤ[50] ਕੀਤੇ ਹੋਏ ਨੂੰ,

[52]ਜਮਕਾਲੇ[53] ॥	he is bound down[51] by the myrmidon[52] of death[53].	ਮੌਤ[53] ਦਾ ਫ਼ਰੇਸ਼ਤਾ[52] ਬੰਨ੍ਹ ਲੈਂਦਾ[51] ਹੈ।
ਜਮ[54] ਕੀ ਫਾਸੀ[55] ਕਬਹੂ[56] ਨ ਤੂਟੈ[57] ਦੂਜੈ ਭਾਇ[59] ਭਰਮਾਇਦਾ[60] ॥੧੧॥	His death's[54] noose[55] snaps[57] not ever[56] and through duality[59] he wanders[60] in existences.	ਉਸ ਦੀ ਮੌਤ[54] ਦੀ ਫਾਹੀ[55] ਕਦੇ[56] ਭੀ ਨਹੀਂ ਕੱਟੀ ਜਾਂਦੀ[57] ਅਤੇ ਦਵੈਤ-ਭਾਵ[59] ਰਾਹੀਂ ਉਹ ਜੂਨੀਆਂ ਭਟਕਦਾ[60] ਹੈ।
ਜਪੁ[61] ਤਪੁ[62] ਸੰਜਮੁ[63] ਹੋਰੁ ਕੋਈ ਨਾਹੀ ॥ ਜਬ[64] ਲਗੁ ਗੁਰ ਕਾ ਸਬਦੁ[65] ਨ ਕਮਾਹੀ[66] ॥	There can be no true worship[61], penance[62] and self-control[63], so long as[64] one acts[66] not unto Guru's instruction[65].	ਜਦ ਤਾਂਈਂ[64] ਆਦਮੀ ਗੁਰਾਂ ਦੇ ਉਪਦੇਸ਼[65]ਦੀ ਕਮਾਈ[66] ਨਹੀਂ ਕਰਦਾ, ਕੋਈ ਸੱਚੀ ਉਪਾਸ਼ਨਾ[61], ਤਪੱਸਿਆ[62] ਅਤੇ ਸਵੈ-ਜ਼ਬਤ[63] ਨਹੀਂ ਹੋ ਸਕਦਾ।
ਗੁਰ ਕੈ ਸਬਦਿ ਮਿਲਿਆ[67] ਸਚੁ ਪਾਇਆ ਸਚੈ[68] ਸਚਿ[69] ਸਮਾਇਦਾ[70] ॥੧੨॥	Attaining[67] to the Guru's instruction, one obtains truth and through truth[68], he merges[70] in the True Lord[69].	ਗੁਰਾਂ ਦੇ ਉਪਦੇਸ਼ ਨੂੰ ਪ੍ਰਾਪਤ ਹੋ[67], ਬੰਦਾ ਸੱਚ ਨੂੰ ਪਾ ਲੈਂਦਾ ਹੈ ਅਤੇ ਸੱਚ[68] ਦੇ ਰਾਹੀਂ ਸੱਚੇ ਸਾਂਈਂ[69] ਅੰਦਰ ਲੀਨ ਹੋ ਜਾਂਦਾ[70] ਹੈ।
ਕਾਮ[71] ਕਰੋਧੁ[72] ਸਬਲ[73] ਸੰਸਾਰਾ[74] ॥	Very powerful[73] are lust[71] and wrath[72] in this world[74].	ਬਹੁਤ ਬਲਵਾਨ[73] ਹਨ ਵਿਸ਼ੇ ਭੋਗ[71] ਅਤੇ ਗੁੱਸਾ[72] ਇਸ ਜਹਾਨ[74] ਅੰਦਰ।
ਬਹੁ[75] ਕਰਮ[76] ਕਮਾਵਹਿ[77] ਸਭੁ ਦੁਖ[78] ਕਾ ਪਸਾਰਾ[79] ॥	Through them, the mortal does[77] many[75] deeds[76] and they all add[79] to his miseries[78].	ਉਨ੍ਹਾਂ ਦੇ ਰਾਹੀਂ ਪ੍ਰਾਣੀ ਘਣੇਰੇ[75] ਕੰਮ[76] ਕਰਦਾ[77] ਹੈ ਅਤੇ ਉਹ ਸਾਰੇ ਉਸ ਦੀਆਂ ਮੁਸੀਬਤਾਂ[78] ਨੂੰ ਵਧੇਰਾ[79] ਕਰਦੇ ਹਨ।
ਸਤਿਗੁਰੁ ਸੇਵਹਿ[80] ਸੇ[81] ਸੁਖੁ ਪਾਵਹਿ ਸਚੈ ਸਬਦਿ[82] ਮਿਲਾਇਦਾ[73] ॥੧੩॥	They[81], who serve[80] the True Guru, obtain peace and the True Guru unites[83] them with the True Lord[82].	ਜੋ ਸੱਚੇ ਗੁਰਾਂ ਦੀ ਟਹਿਲ ਕਮਾਉਂਦੇ[80] ਹਨ ਉਹ[81] ਆਰਾਮ ਪਾਉਂਦੇ ਹਨ ਤੇ ਸੱਚੇ ਗੁਰੂ ਜੀ ਉਨ੍ਹਾਂ ਨੂੰ ਸੱਚੇ ਸੁਆਮੀ[82] ਨਾਲ ਮਿਲਾ ਦੇਂਦੇ[83] ਹਨ।
ਪਉਣੁ[84] ਪਾਣੀ[85] ਹੈ ਬੈਸੰਤਰੁ[86] ॥	The air[84], water[85] and fire[86] make the body.	ਹਵਾ[84], ਜਲ[85] ਅਤੇ ਅੱਗ[86] ਦੇਹ ਨੂੰ ਬਣਾਉਂਦੇ ਹਨ।
ਮਾਇਆ[87] ਮੋਹੁ[88] ਵਰਤੈ[89] ਸਭ ਅੰਤਰਿ[90] ॥	The love[88] of wealth[87] is contained[89] in[20] all the bodies.	ਧਨ-ਦੌਲਤ[87] ਦਾ ਪਿਆਰ[88], ਸਾਰੀਆਂ ਦੇਹਾ ਵਿੱਚ[90] ਰਮ ਰਿਹਾ[89] ਹੈ।
ਜਿਨਿ ਕੀਤੇ[91] ਜਾ ਤਿਸੈ[90] ਪਛਾਣਹਿ[92] ਮਾਇਆ ਮੋਹੁ ਚੁਕਾਇਦਾ[93] ॥੧੪॥	When[91] men know[92] Him[90], who has created them, they are purged[93] of the love of wealth.	ਜਦ[91] ਬੰਦੇ ਉਸ[90] ਨੂੰ ਜਾਣ ਲੈਂਦੇ[92] ਹਨ, ਜਿਸ ਨੇ ਉਨ੍ਹਾਂ ਨੂੰ ਰਚਿਆ ਹੈ ਤਦ ਉਹ ਧਨ-ਦੌਲਤ ਦੇ ਪਿਆਰ ਤੋਂ ਖਲਾਸੀ ਪਾ ਜਾਂਦੇ[93] ਹਨ।
ਇਕਿ[94] ਮਾਇਆ ਮੋਹਿ ਗਰਬਿ[95] ਵਿਆਪੇ[96] ॥	Some[94] are involved[96] in the love of riches and self-conceit[95].	ਕਈ[94] ਧਨ-ਦੌਲਤ ਦੇ ਪਿਆਰ ਅਤੇ ਸਵੈ-ਹੰਗਤਾ[95] ਅੰਦਰ ਗਲਤਾਨ[96] ਹੋਏ ਹੋਏ ਹਨ।
ਹਉਮੈ[97] ਹੋਇ[98] ਰਹੇ ਹੈ ਆਪੇ[99] ॥	Through ego[97], they[98] deem themselves[99] to be everything.	ਹੰਕਾਰ[97] ਦੇ ਰਾਹੀਂ ਆਪਣੇ ਆਪ[99] ਨੂੰ ਹੀ ਉਹ ਸਾਰਾ ਕੁੱਛ ਸਮਝਦੇ[98] ਹਨ।
[100]ਜਮਕਾਲੈ[2] ਕੀ ਖਬਰਿ[3] ਨ ਪਾਈ ਅੰਤਿ[4] ਗਇਆ[5] ਪਛੁਤਾਇਦਾ[6] ॥੧੫॥	They think[3] not of Death's[2] courier[100] and in the end[4] regretfully[6] quit[5] the world.	ਉਹ ਮੌਤ[2] ਦੇ ਦੂਤ[100] ਦਾ ਖਿਆਲ[3] ਹੀ ਨਹੀਂ ਕਰਦੇ ਅਤੇ ਅਖੀਰ[4] ਨੂੰ ਝੂਰਦੇ[6] ਹੋਏ ਦੁਨੀਆ ਨੂੰ ਛੱਡ ਜਾਂਦੇ[5] ਹਨ।

ਜਿਨਿ ਉਪਾਏ[7] ਸੋ[8] ਬਿਧਿ[9] ਜਾਣੈ ॥
ਗੁਰਮੁਖਿ[10] ਦੇਵੈ[12] ਸਬਦੁ[13] ਪਛਾਣੈ[14] ॥

He[8] alone knows the way[9], who has created[7] the beings.
He, whom the Supreme Guru[10] blesses[12] with the Lord's Name[13], does realise[14] Him.

ਕੇਵਲ ਉਹ[8] ਹੀ ਜੁਗਤੀ ਨੂੰ ਜਾਣਦਾ ਹੈ, ਜਿਸ ਨੇ ਜੀਵ ਪੈਦਾ ਕੀਤੇ[7] ਹਨ ।
ਜਿਸ ਨੂੰ ਮੁਖੀ ਗੁਰੂ, ਪ੍ਰਭੂ[10] ਦਾ ਨਾਮ[13] ਬਖ਼ਸ਼ਦੇ[12] ਹਨ, ਉਹ ਉਸ ਨੂੰ ਅਨੁਭਵ[14] ਕਰ ਲੈਂਦਾ ਹੈ ।

ਨਾਨਕ ਦਾਸੁ[18] ਕਹੈ ਬੇਨੰਤੀ[15] ਸਚਿ ਨਾਮਿ ਚਿਤੁ[16] ਲਾਇਦਾ[17] ॥੧੬॥ ੨॥੧੬॥

Slave[18] Nanak makes a supplication[15], then attaches[17] he his mind[16] to the Lord's True Name.

ਗੋਲਾ[18] ਨਾਨਕ ਪ੍ਰਾਰਥਨਾ[15] ਕਰਦਾ ਹੈ, ਅਤੇ ਆਪਣੇ ਮਨ[16] ਨੂੰ ਸੁਆਮੀ ਦੇ ਸੱਚੇ ਨਾਮ ਨਾਲ ਜੋੜ ਲੈਂਦਾ[17] ਹੈ ।

ਮਾਰੂ ਮਹਲਾ ੩ ॥

Maru 3rd Guru.

ਮਾਰੂ ਤੀਜੀ ਪਾਤਿਸ਼ਾਹੀ ।

ਆਦਿ[19] ਜੁਗਾਦਿ[20] [21]ਦਇਆਪਤਿ[22] ਦਾਤਾ[23] ॥

From the very begininning[19] and the beginning of ages[20], the Lord[22] of mercy[21] is the Giver[23] of the beings,

ਐਨ ਆਰੰਭ[19] ਅਤੇ ਯੁੱਗਾਂ[20] ਦੇ ਆਰੰਭ ਤੋਂ ਰਹਿਮਤ[21] ਦਾ ਸੁਆਮੀ[22] ਜੀਵਾਂ ਦਾ ਦਾਤਾਰ[23] ਹੈ ।

ਪੂਰੇ[24] ਗੁਰ ਕੈ ਸਬਦਿ[25] ਪਛਾਤਾ[26] ॥

He is realised[26] through the Perfect[24] Guru's word[25].

ਉਹ ਪੂਰਨ[24] ਗੁਰਾਂ ਦੀ ਬਾਣੀ[25] ਰਾਹੀਂ ਅਨੁਭਵ[26] ਕੀਤਾ ਜਾਂਦਾ ਹੈ ।

ਤੁਧੁ ਨੋ ਸੇਵਹਿ[27] ਸੇ ਤੁਝਹਿ ਸਮਾਵਹਿ[28] ਤੂ ਆਪੇ ਮੇਲਿ[29] ਮਿਲਾਇਦਾ[30] ॥੧॥

They who serve[27] Thee, merge[28] in Thee, O Lord. Thou Thyself unitest[30] in Thine union[29].

ਜੋ ਤੇਰੀ ਘਾਲ ਕਮਾਉਂਦੇ[27] ਹਨ, ਉਹ ਤੇਰੇ ਵਿੱਚ ਲੀਨ ਹੋ ਜਾਂਦੇ[28] ਹਨ, ਹੇ ਸਾਂਈਂ ! ਤੂੰ ਆਪ ਹੀ ਆਪਣੇ ਮਿਲਾਪ[29] ਵਿੱਚ ਮਿਲਾਉਂਦਾ[30] ਹੈਂ ।

ਅਗਮ[31] ਅਗੋਚਰੁ[32] ਕੀਮਤਿ[33] ਨਹੀ ਪਾਈ ॥

O my Inaccessible[31] and Incomprehensible[32] Lord, Thine worth[33] can be ascertained not.

ਹੇ ਮੇਰੀ ਪਹੁੰਚ ਤੋਂ ਪਰੇ[31] ਅਤੇ ਸੋਚ ਸਮਝ ਤੋਂ ਉਚੇਰੇ[32] ਸੁਆਮੀ ! ਤੇਰਾ ਮੁਲ[33] ਪਾਇਆ ਨਹੀਂ ਜਾ ਸਕਦਾ ।

ਜੀਅ ਜੰਤ[34] ਤੇਰੀ ਸਰਣਾਈ[35] ॥

All the creatures[34] seek Thy refuge[35].

ਸਮੂਹ ਜੀਵ[34] ਤੇਰੀ ਪਨਾਹ[35] ਲੋੜਦੇ ਹਨ ।

ਜਿਉ[36] ਤੁਧੁ ਭਾਵੈ[37] ਤਿਵੈ[38] ਚਲਾਵਹਿ[39] ਤੂ ਆਪੇ ਮਾਰਗਿ[40] ਪਾਇਦਾ[41] ॥੨॥

As[36] Thou willest[37], so[38] drivest[39] Thou them. Thou Thyself puttest[41] them on Thy path.

ਜਿਸ ਤਰ੍ਹਾਂ[36] ਤੂੰ ਚਾਹੁੰਦਾ[37] ਹੈਂ, ਉਸੇ ਤਰ੍ਹਾਂ[38] ਹੀ ਤੂੰ ਉਨ੍ਹਾਂ ਨੂੰ ਟੋਰਦਾ[39] ਹੈਂ । ਤੂੰ ਖ਼ੁਦ ਹੀ ਉਨ੍ਹਾਂ ਨੂੰ ਆਪਣੇ ਰਾਹੇ[40] ਪਾਉਂਦਾ[41] ਹੈਂ ।

ਹੈ ਭੀ ਸਾਚਾ[42] ਹੋਸੀ ਸੋਈ[43] ॥

The True Lord[42] is and He[43] shall also be.

ਸੱਚਾ ਸੁਆਮੀ[42] ਹੈ ਅਤੇ ਉਹ[43] ਹੋਵੇਗਾ ਭੀ ।

ਆਪੇ ਸਾਜੇ[44] ਅਵਰੁ ਨ ਕੋਈ ॥

He Himself creates[44]. There is not an other.

ਉਹ ਆਪ ਹੀ ਰਚਦਾ[44] ਹੈ । ਹੋਰ ਕੋਈ ਹੈ ਹੀ ਨਹੀਂ ।

ਸਭਨਾ ਸਾਰ[45] ਕਰੇ ਸੁਖਦਾਤਾ[46] ਆਪੇ ਰਿਜਕੁ[47] ਪਹੁਚਾਇਦਾ[48] ॥੩॥

The Peace-giving-Lord[46] takes care[45] of all and Himself provides[48] them sustenance[47].

ਆਰਾਮ-ਬਖ਼ਸ਼ਣਹਾਰ ਸੁਆਮੀ[46] ਸਾਰਿਆਂ ਦੀ ਸੰਭਾਲ ਕਰਦਾ[45] ਹੈ ਅਤੇ ਖ਼ੁਦ ਹੀ ਉਨ੍ਹਾਂ ਨੂੰ ਰੋਜ਼ੀ[47] ਪੁਚਾਉਂਦਾ[48] ਹੈ ।

ਅਗਮ[49] ਅਗੋਚਰੁ[50] ਅਲਖ[51]

O Unfathomable[49], Unknowable[50],

ਹੇ ਅਥਾਹ[49], ਨਾ ਜਾਣੇ ਜਾਣ ਵਾਲੇ[50], ਅਦ੍ਰਿਸ਼ਟ[51]

ਅਪਾਰਾ[52] ॥ ਕੋਇ ਨ ਜਾਣੈ ਤੇਰਾ ਪਰਵਾਰਾ[53] ॥	Unseeable[51] and Infinite[52] Lord, no one knows Thine bounds[53].	ਅਤੇ ਬੇਅੰਤ[52] ਸੁਆਮੀ ! ਕੋਈ ਭੀ ਤੇਰੇ ਹਦਬੰਨੇ[53] ਨੂੰ ਨਹੀਂ ਜਾਣਦਾ ।
ਆਪਣਾ[54] ਆਪੁ ਪਛਾਣਹਿ[55] ਆਪੇ ਗੁਰਮਤੀ[56] ਆਪਿ ਬੁਝਾਇਦਾ[57] ॥੪॥	Thine ownself[54], Thou Thyself knowest[55]. Through the Guru's instruction[56], Thou revealest[57] Thyself.	ਆਪਣੇ ਆਪ[54] ਨੂੰ ਤੂੰ ਆਪ ਹੀ ਜਾਣਦਾ[55] ਹੈਂ । ਗੁਰਾਂ ਦੀ ਸਿਖਮਤ[56] ਰਾਹੀਂ ਤੂੰ ਆਪਣੇ ਆਪ ਨੂੰ ਦਰਸਾਉਂਦਾ[57] ਹੈਂ ।
ਪਾਤਾਲ[56] ਪੁਰੀਆ[59] ਲੋਅ[60] ਆਕਾਰਾ[61] ॥ ਤਿਸੁ[62] ਵਿਚਿ[63] ਵਰਤੈ[64] ਹੁਕਮੁ[65] ਕਰਾਰਾ[66] ॥	The under-worlds[58], the universes[59], the countries[60] and the forms[61]; over all is or within[63] them[62] works[64] Thine all-powerful[66] command[67].	ਪਾਤਾਲਾਂ[58], ਆਲਮਾਂ[59], ਮੁਲਕਾਂ[60] ਅਤੇ ਸਰੂਪਾਂ[61] ਰਾਹੀਂ ਤੇਰਾ ਸਰਬ-ਸ਼ਕਤੀਵਾਨ[66] ਅਮਰ[65] ਉਨ੍ਹਾਂ ਸਾਰਿਆਂ ਤੇ ਜਾਂ ਉਨ੍ਹਾਂ[62] ਅੰਦਰ[63] ਵਰਤ ਰਿਹਾ[64] ਹੈ ।
ਹੁਕਮੇ[67] ਸਾਜੇ[68] ਹੁਕਮੇ ਢਾਹੇ[69] ਹੁਕਮੇ ਮੇਲਿ[70] ਮਿਲਾਇਦਾ[71] ॥੫॥	In His will[67] He creates[68], in His will He destroys[69] and in His will He unites[71] in His union[70].	ਆਪਣੀ ਰਜ਼ਾ[67] ਅੰਦਰ ਉਹ ਰਚਦਾ[68] ਹੈ, ਆਪਣੀ ਰਜ਼ਾ ਅੰਦਰ ਉਹ ਨਾਸ ਕਰਦਾ[69] ਹੈ ਅਤੇ ਆਪਣੀ ਰਜ਼ਾ ਅੰਦਰ ਉਹ ਆਪਣੇ ਮਿਲਾਪ[70] ਅੰਦਰ ਮਿਲਾ ਲੈਂਦਾ[71] ਹੈ ।
੧੦੬੧		
ਹੁਕਮੈ[75] ਬੂਝੈ[72] ਸੁ[73] ਹੁਕਮੁ ਸਲਾਹੇ[74] ॥	He[73], who knows[72] Thy order[75], praises[74] Thy order.	ਜੋ ਤੇਰੇ ਅਮਰ[75] ਨੂੰ ਜਾਣਦਾ[72] ਹੈ, ਉਹ[73] ਤੇਰੇ ਅਮਰ ਦੀ ਤਾਰੀਫ਼ ਕਰਦਾ[74] ਹੈ ।
ਅਗਮ[76] ਅਗੋਚਰ[77] ਵੇਪਰਵਾਹੇ[78] ॥	O Inaccessible[76], Incomprehensible[77], and care-free[78] Lord !	ਹੇ ਪਹੁੰਚ ਤੋਂ ਪਰੇ[76], ਅਗਾਧ[77] ਤੇ ਮੁਫ਼ੰਦਗੀ-ਰਹਿਤ[78] ਸੁਆਮੀ !
ਜੇਹੀ[79] ਮਤਿ[80] ਦੇਹਿ[81] ਸੋ[82] ਹੋਵੈ[83] ਤੂ ਆਪੇ ਸਬਦਿ[84] ਬੁਝਾਇਦਾ[85] ॥੬॥	As[79] is the understanding[80] Thou givest[81], so[82] do I become[83]. Thou Thyself revealest[85] Thy Name[84] unto me.	ਜੇਹੋ ਜੇਹੀ[79] ਸਮਝ[80] ਤੂੰ ਬਖ਼ਸ਼ਦਾ[81] ਹੈਂ ਉਹੋ ਜੇਹਾ[82] ਹੀ ਮੈਂ ਹੋ ਵੰਞਦਾ[83] ਹਾਂ । ਤੂੰ ਆਪ ਹੀ ਮੈਨੂੰ ਆਪਣਾ ਨਾਮ[84] ਦਰਸਾਉਂਦਾ[85] ਹੈਂ ।
ਅਨਦਿਨੁ[86] ਆਰਜਾ[87] ਛਿਜਦੀ[88] ਜਾਏ ॥	By night[86] and day, the age[87] is wearing off[86].	ਰੈਣ[86] ਤੇ ਦਿਹੁੰ ਉਮਰ[87] ਘਟਦੀ ਜਾ ਰਹੀ[88] ਹੈ ।
ਰੈਣਿ ਦਿਨਸੁ ਦੁਇ ਸਾਖੀ[89] ਆਏ ॥	Both night and day are the witnesses[89] unto the loss.	ਦੋਨੋਂ, ਰਾਤ ਅਤੇ ਦਿਨ, ਘਾਟੇ ਦੇ ਗਵਾਹ[89] ਹਨ ।
ਮਨਮੁਖੁ[90] ਅੰਧੁ[91] ਨ ਚੇਤੈ[92] ਮੂੜਾ[93] ਸਿਰ[94] ਊਪਰਿ ਕਾਲੁ[95] ਰੁਆਇਦਾ[96] ॥੭॥	The blind[91] and silly[93] egocentric contemplates[92] not his Lord and death[95] roars[96] over his head[94].	ਅੰਨ੍ਹਾ[91] ਅਤੇ ਮੂਰਖ[93], ਆਪ-ਹੁਦਰਾ[90] ਬੰਦਾ ਆਪਣੇ ਸੁਆਮੀ ਨੂੰ ਨਹੀਂ ਸਿਮਰਦਾ[92] ਅਤੇ ਮੌਤ[95] ਉਸ ਦੇ ਸਿਰ[94] ਤੇ ਗੱਜਦੀ[96] ਹੈ ।
ਮਨੁ ਤਨੁ ਸੀਤਲੁ[98] ਗੁਰ ਚਰਣੀ[97] ਲਾਗਾ[99] ॥	Clinging[99] to the Guru's feet[97] man's mind and body are cooled[98].	ਗੁਰਾਂ ਦੇ ਪੈਰਾਂ[97] ਨਾਲ ਜੁੜ ਕੇ[99] ਬੰਦੇ ਦਾ ਚਿੱਤ ਅਤੇ ਸਰੀਰ ਠੰਢੇ ਠਾਰ[98] ਹੋ ਜਾਂਦੇ ਹਨ ।
ਅੰਤਰਿ[100] ਭਰਮੁ[2] ਗਇਆ[3] ਭਉ[4] ਭਾਗਾ[5] ॥	His heart's[100] doubt[2] is dispelled[3] and flees[5] his fear.	ਉਸ ਦੇ ਦਿਲ[100] ਦਾ ਸੰਦੇਹ[2] ਦੂਰ ਹੋ ਜਾਂਦਾ[3] ਹੈ ਅਤੇ ਭੱਜ ਜਾਂਦਾ[5] ਹੈ ਉਸ ਦਾ ਡਰ[4] ।
ਸਦਾ ਅਨੰਦੁ[6] ਸਚੇ[7] ਗੁਣ[8] ਗਾਵਹਿ ਸਚੁ ਬਾਣੀ[9]	He is ever in bliss[6], sings the praise[8] of the True Lord[7] and utters[10] the	ਉਹ ਸਦੀਵ ਹੀ ਖ਼ੁਸ਼ ਰਹਿੰਦਾ[6] ਹੈ, ਸੱਚੇ ਸੁਆਮੀ[7] ਦੀ ਮਹਿਮਾ[8] ਗਾਇਨ ਕਰਦਾ ਹੈ ਤੇ ਸੱਚੀ ਗੁਰਬਾਣੀ[9]

ਬੋਲਾਇਦਾ[10] ॥੮॥	True Gurbani[9].	ਨੂੰ ਉਚਾਰਦਾ[10] ਹੈ।
ਜਿਨਿ ਤੂ ਜਾਤਾ[12] ਕਰਮ ਬਿਧਾਤਾ[13] ॥ ਪੂਰੈ[14] ਭਾਗਿ[16] ਗੁਰ ਸਬਦਿ ਪਛਾਤਾ[15] ॥	He, who knows[12] Thee as the Builder of destiny[13]; he, of perfect[14] fortune[16]. comes to recognise[15] Thee through the Guru's hymns.	ਜੋ ਤੈਨੂੰ ਪ੍ਰਾਲਭਧ ਦੇ ਬਣਾਉਣ ਵਾਲਾ[13] ਕਰਕੇ ਜਾਣਦਾ[12] ਹੈ; ਉਹ ਪੂਰਨ[14] ਭਾਗਾਂ ਵਾਲਾ[16], ਗੁਰਾਂ ਦੀ ਬਾਣੀ ਰਾਹੀਂ, ਤੈਨੂੰ ਸਿੰਞਾਣ ਲੈਂਦਾ[15] ਹੈ।
ਜਤਿ[17] ਪਤਿ[18] ਸਚੁ[19] ਸਚਾ[20] ਸਚੁ ਸੋਈ[21] ਹਉਮੈ[22] ਮਾਰਿ[23] ਮਿਲਾਇਦਾ[24] ॥੯॥	Verily[19], He[21], the Truest of the True[20] Lord, is his caste[17] and honour[18]. Silencing[23] his ego[22] the Lord unites[24] him with Himself.	ਨਿਸਚਿਤ[19] ਹੀ ਉਹ[21], ਸੱਚਿਆਂ ਦਾ ਪਰਮ ਸੱਚਾ[20] ਸੁਆਮੀ, ਉਸ ਦੀ ਜਾਤੀ[17] ਤੇ ਇੱਜ਼ਤ[18] ਹੈ। ਉਸ ਦੀ ਹੰਗਤਾ[22] ਨੂੰ ਮੇਟ ਕੇ[23] ਸੁਆਮੀ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ[24] ਹੈ।
ਮਨੁ ਕਠੋਰੁ[25] ਦੂਜੈ ਭਾਇ[26] ਲਾਗਾ[27] ॥	Relentless[25] is the man, who is attached[27] to duality[26].	ਨਿਰਦਈ[25] ਹੈ ਉਹ ਮਨੁਸ਼ ਜੋ ਦਵੈਤ-ਭਾਵ[26] ਨਾਲ ਜੁੜਿਆ ਹੋਇਆ[27] ਹੈ।
ਭਰਮੇ[28] ਭੂਲਾ[29] ਫਿਰੈ[30] ਅਭਾਗਾ[31] ॥	Lost[29] in doubt[28], the unfortunate one[31] wanders about[30].	ਭਰਮ[28] ਅੰਦਰ ਭੁਲਿਆ ਹੋਇਆ[29] ਉਹ ਨਿਕਰਮਣ[31] ਭਟਕਦਾ ਫਿਰਦਾ[30] ਹੈ।
ਕਰਮੁ[32] ਹੋਵੈ ਤਾ[33] ਸਤਿਗੁਰੁ ਸੇਵੇ[34] ਸਹਜੇ[35] ਹੀ ਸੁਖੁ[36] ਪਾਇਦਾ ॥੧੦॥	If God's grace[32] be upon him, then[33] serves[34] he the True Guru and easily[35] obtains peace[36].	ਜੇਕਰ ਰੱਬ ਦੀ ਮਿਹਰ[32] ਉਸ ਉਤੇ ਹੋਵੇ, ਤਦ[33] ਉਹ ਸੱਚੇ ਗੁਰਾਂ ਦੀ ਟਹਿਲ ਕਮਾਉਂਦਾ[34] ਹੈ ਤੇ ਸੁਖੈਨ[35] ਹੀ ਆਰਾਮ[36] ਪਾ ਲੈਂਦਾ ਹੈ।
ਲਖ ਚਉਰਾਸੀਹ ਆਪਿ ਉਪਾਏ[37] ॥	The Lord of Himself has created[37] the eightyfour lakhs of species.	ਸਾਹਿਬ ਨੇ ਆਪੇ ਹੀ ਚੁਰਾਸੀ ਲੱਖ ਜੂਨੀਆਂ ਰੱਚੀਆਂ[37] ਹਨ।
ਮਾਨਸ ਜਨਮਿ ਗੁਰ[38] ਭਗਤਿ[39] ਦ੍ਰਿੜਾਏ[40] ॥	It is in human life alone, that one can enshrine[40] the Great[38] God's meditation[39].	ਕੇਵਲ ਮਨੁੱਖੀ ਜਨਮ ਵਿਚ ਹੀ ਜੀਵ ਵਿਸ਼ਾਲ[38] ਵਾਹਿਗੁਰੂ ਦੀ ਬੰਦਗੀ[39] ਧਾਰਨ[40] ਕਰ ਸਕਦਾ ਹੈ।
ਬਿਨੁ ਭਗਤੀ ਬਿਸਟਾ[41] ਵਿਚਿ ਵਾਸਾ[42] ਬਿਸਟਾ ਵਿਚਿ ਫਿਰਿ[43] ਪਾਇਦਾ[44] ॥ ੧੧॥	Without the Lord's meditation, he abides[42] in ordure[41] and in ordure he falls[44] again and again[43].	ਸੁਆਮੀ ਦੇ ਸਿਮਰਨ ਦੇ ਬਾਝੋਂ ਉਹ ਗੰਦਗੀ[41] ਅੰਦਰ ਵਸਦਾ[42] ਹੈ ਅਤੇ ਗੰਦਗੀ ਵਿੱਚ ਹੀ ਮੁੜ ਮੁੜ[43] ਕੇ ਡਿਗਦਾ[44] ਹੈ।
ਕਰਮੁ[45] ਹੋਵੈ ਗੁਰੁ ਭਗਤਿ[46] ਦ੍ਰਿੜਾਏ[47] ॥	When God's grace[45] is upon the man, then devotion[46] unto the Guru, is implanted[47] in him.	ਜਦ ਵਾਹਿਗੁਰੂ ਦੀ ਮਿਹਰ[45] ਬੰਦੇ ਤੇ ਹੁੰਦੀ ਹੈ ਤਦ ਹੀ ਗੁਰਾਂ ਦਾ ਅਨੁਰਾਗ[46] ਉਸ ਦੇ ਅੰਦਰ ਪੱਕਾ ਹੁੰਦਾ[47] ਹੈ।
ਵਿਣੁ ਕਰਮਾ ਕਿਉ[48] ਪਾਇਆ ਜਾਏ ॥	Without God's grace, how[48] can he attain unto the Guru ?	ਰੱਬ ਦੀ ਰਹਿਮਤ ਦੇ ਬਾਝੋਂ ਉਹ ਕਿਸ ਤਰ੍ਹਾਂ[48] ਗੁਰਾਂ ਨੂੰ ਪਾ ਸਕਦਾ ਹੈ ?
ਆਪੇ ਕਰੇ[49] ਕਰਾਏ ਕਰਤਾ[50] ਜਿਉ[51] ਭਾਵੈ[52] ਤਿਵੈ[53] ਚਲਾਇਦਾ[54] ॥੧੨॥	The Creator[50]-Lord Himself does[49] and causes everything to be done. As[51] He wills[52], so[53] drives[54] He the mortals.	ਸਿਰਜਣਹਾਰ[50] ਸੁਆਮੀ ਆਪ ਹੀ ਸਾਰਾ ਕੁੱਛ ਕਰਦਾ[49] ਅਤੇ ਕਰਵਾਉਂਦਾ ਹੈ। ਜਿਸ ਤਰ੍ਹਾਂ[51] ਉਹ ਚਾਹੁੰਦਾ[52] ਹੈ ਉਸੇ ਤਰ੍ਹਾਂ[53] ਹੀ ਉਹ ਪ੍ਰਾਣੀਆਂ ਨੂੰ ਤੋਰਦਾ[54] ਹੈ।

ਸਿਮ੍ਰਿਤਿ ਸਾਸਤ ਅੰਤੁ[55] ਨ ਜਾਣੈ ॥	The Simirtis and Shashtras know not His limit[55].	ਸਿਮਰਤੀਆਂ ਅਤੇ ਸ਼ਾਸਤਰ ਉਸ ਦੇ ਓੜਕ[55] ਨੂੰ ਨਹੀਂ ਜਾਣਦੇ ।
ਮੂਰਖੁ[56] ਅੰਧਾ[57] ਤਤੁ[58] ਨ ਪਛਾਣੈ[59] ॥	The blind[57] fool[56] recognises[59] not the Reality[58].	ਅੰਨ੍ਹਾ[57], ਬੇਵਕੂਫ[56] ਅਸਲੀਅਤ[58]ਨੂੰ ਨਹੀਂ ਸਿੰਞਾਣਦਾ[59] ।
ਆਪੇ ਕਰੇ ਕਰਾਏ ਕਰਤਾ[60] ਆਪੇ ਭਰਮਿ[61] ਭੁਲਾਇਦਾ[62] ॥੧੩॥	The Creator[60]-Lord Himself does and makes others do and He Himself strays[62] one in doubt[61].	ਸਿਰਜਣਹਾਰ[60] ਸੁਆਮੀ ਆਪੇ ਹੀ ਕਰਦਾ ਤੇ ਹੋਰਨਾਂ ਤੋਂ ਕਰਾਉਂਦਾ ਹੈ ਅਤੇ ਆਪ ਹੀ ਉਹ ਬੰਦੇ ਨੂੰ ਸੰਦੇਹ[61] ਵਿਚ ਗੁਮਰਾਹ ਕਰਦਾ[62] ਹੈ ।
ਸਭੁ ਕਿਛੁ[63] ਆਪੇ ਆਪਿ[64] ਕਰਾਏ ॥ ਆਪੇ ਸਿਰਿ ਸਿਰਿ[65] ਧੰਧੈ[66] ਲਾਏ[67] ॥	Of Himself[64], the Lord causes everything[63] to be done and of Himself He yokes[67] each[65] to his task[66].	ਖੁਦ[64] ਹੀ ਪ੍ਰਭੂ ਸਾਰਾ ਕੁੱਛ[63] ਕਰਾਉਂਦਾ ਹੈ ਅਤੇ ਖੁਦ ਹੀ ਉਹ ਹਰ ਇਕਸ[65] ਨੂੰ ਆਪਣੇ ਕੰਮ[66] ਲਾਉਂਦਾ[67] ਹੈ ।
ਆਪੇ ਥਾਪਿ[68] ਉਥਾਪੇ[69] ਵੇਖੈ ਗੁਰਮੁਖਿ[70] ਆਪਿ ਬੁਝਾਇਦਾ[71] ॥੧੪॥	He Himself establishes[68], disestablishes[69] and watches all. By the Guru's grace[70], He reveals[71] Himself unto the man.	ਉਹ ਆਪ ਹੀ ਸਾਰਿਆਂ ਨੂੰ ਟਿਕਾਉਂਦਾ[68], ਉਖੇੜਦਾ[69] ਅਤੇ ਦੇਖਦਾ ਹੈ । ਗੁਰਾਂ ਦੀ ਦਇਆ[70] ਦੁਆਰਾ ਉਹ ਆਪਣੇ ਆਪ ਨੂੰ ਬੰਦੇ ਉੱਤੇ ਜ਼ਾਹਰ ਕਰ ਦਿੰਦਾ[71] ਹੈ ।
ਸਚਾ ਸਾਹਿਬੁ ਗਹਿਰ[72] ਗੰਭੀਰਾ[73] ॥	The True Lord is Unfathomable[73] and deep[72].	ਸੱਚਾ ਸੁਆਮੀ ਬੇਥਾਹ[73] ਅਤੇ ਡੂੰਘਾ[72] ਹੈ ।
ਸਦਾ[78] ਸਲਾਹੀ[74] ਤਾ[75] ਮਨੁ[76] ਧੀਰਾ[77] ॥	If I praise[74] Him ever[78], then[75] alone is my soul[76] comforted[77].	ਜੇਕਰ ਮੈਂ ਹਮੇਸ਼ਾ[78] ਹੀ ਉਸ ਦੀ ਕੀਰਤੀ[74] ਗਾਇਨ ਕਰਾਂ, ਕੇਵਲ ਤਦ[75] ਹੀ ਮੇਰੀ ਆਤਮਾ[76]ਦਾ ਧੀਰਜ ਬਝਦਾ[77]ਹੈ ।
ਅਗਮ[79] ਅਗੋਚਰੁ[80]ਕੀਮਤਿ[81] ਨਹੀ ਪਾਈ ਗੁਰਮੁਖਿ[82] ਮੰਨਿ ਵਸਾਇਦਾ[83] ॥੧੫॥	The worth[81] of the Unapproachable[79] and Incomprehensible[80] Lord can be appraised not. By the Guru's grace[82], abides[83] He in the mind.	ਪਹੁੰਚ ਤੋਂ ਪਰੇ[79] ਤੇ ਸੋਚ ਸਮਝ ਤੋਂ ਉਚੇਰੇ[80] ਪ੍ਰਭੂ ਦਾ ਮੁੱਲ[81] ਪਾਇਆ ਨਹੀਂ ਜਾ ਸਕਦਾ । ਗੁਰਾਂ ਦੀ ਦਇਆ[82] ਦੁਆਰਾ ਉਹ ਚਿੱਤ ਅੰਦਰ ਵਸਦਾ[83] ਹੈ ।
ਆਪਿ ਨਿਰਾਲਮੁ[84] ਹੋਰ ਧੰਧੈ[85] ਲੋਈ[86] ॥	Himself the Lord is detached[84]. Other people[86] are involved in affairs[85].	ਖੁਦ ਪ੍ਰਭੂ ਨਿਰਲੇਪ[84] ਹੈ । ਹੋਰ ਲੋਕ[86] ਕਾਰਵਿਹਾਰਾਂ[85] ਅੰਦਰ ਰੁੱਝੇ ਹੋਏ ਹਨ ।
ਗੁਰ ਪਰਸਾਦੀ[87] ਬੂਝੈ[88] ਕੋਈ[89] ॥	By the Guru's grace[87], only a few[89] understand[88] Him.	ਗੁਰਾਂ ਦੀ ਦਇਆ[87] ਦੁਆਰਾ, ਬਹੁਤ ਹੀ ਥੋੜੇ[89] ਉਸ ਨੂੰ ਸਮਝਦੇ[88] ਹਨ ।
ਨਾਨਕ ਨਾਮੁ ਵਸੈ[90] ਘਟ[91] ਅੰਤਰਿ[92] ਗੁਰਮਤੀ[93] ਮੇਲਿ[94] ਮਿਲਾਇਦਾ[95] ॥੧੬॥੩॥ ੧੭॥	Nanak, through the Guru's gospel[93], the Name abides[90] in[92] man's mind[91] and the Lord unites[95] him in His union[94].	ਨਾਨਕ, ਗੁਰਾਂ ਦੀ[87] ਸਿੱਖਮਤ[93] ਰਾਹੀਂ ਨਾਮ ਬੰਦੇ ਦੇ ਮਨ[91] ਅੰਦਰ[92] ਟਿਕ ਜਾਂਦਾ[90] ਹੈ ਅਤੇ ਪ੍ਰਭੂ ਉਸ ਨੂੰ ਆਪਣੇ ਮਿਲਾਪ[94] ਅੰਦਰ ਮਿਲਾ ਲੈਂਦਾ[95] ਹੈ ।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ ।
ਜੁਗ ਛਤੀਹ ਕੀਓ[96] ਗੁਬਾਰਾ[97] ॥ ਤੂ ਆਪੇ[98] ਜਾਣਹਿ[99] ਸਿਰਜਣਹਾਰਾ[100]॥	For thirtysix ages Thou didst spread[96] inky darkness[97]. O Creator-Lord[100], Thou Thyself[98] knowest[99] that state.	ਛੱਤੀ ਯੁੱਗ ਤੂੰ ਕਾਲਾਬੋਲਾ ਅਨ੍ਹੇਰਾ[97] ਵਰਤਾਇਆ[96] ਹੋਇਆ ਸੀ । ਹੇ ਕਰਤੇ ਪੁਰਖ[100] ! ਤੂੰ ਆਪ[98] ਹੀ ਉਸ ਅਵਸਥਾ ਨੂੰ ਜਾਣਦਾ[99] ਹੈਂ ।

ਹੋਰ ਕਿਆ[2] ਕੋ ਕਹੈ ਕਿ ਆਖਿ ਵਖਾਣੈ[3] ਤੂ ਆਪੇ ਕੀਮਤਿ[4] ਪਾਇਦਾ[5] ॥੧॥

What[2] can anyone else say and what can he dilate upon[3]? Thou alone can evaluate[5] Thy worth[4].

ਹੋਰ ਕੋਈ ਜਣਾ ਕੀ[2] ਆਖ ਸਕਦਾ ਅਤੇ ਕੀ ਵਿਆਖਿਆ[3] ਕਰ ਸਕਦਾ ਹੈ ? ਆਪਣਾ ਮੁੱਲ[4] ਕੇਵਲ ਤੂੰ ਆਪ ਹੀ ਪਾ ਸਕਦਾ[5] ਹੈਂ ।

ਓਅੰਕਾਰਿ[6] ਸਭ ਸ੍ਰਿਸਟਿ[7] ਉਪਾਈ[8] ॥

The One Lord[6] has created[8] the whole world[7].

ਇਕ ਸੁਆਮੀ[6] ਨੇ ਹੀ ਸਾਰਾ ਸੰਸਾਰ[7] ਰਚਿਆ[8] ਹੈ ।

ਸਭੁ ਖੇਲੁ[9] ਤਮਾਸਾ[10] ਤੇਰੀ ਵਡਿਆਈ[12] ॥

All the play[9] and show[10] are the manifestation of Thy glory[12], O God.

ਸਮੂਹ ਖੇਡ[9] ਅਤੇ ਲੀਲ੍ਹਾ[10] ਤੇਰੀ ਪ੍ਰਭਤਾ[12] ਦਾ ਪ੍ਰਕਾਸ਼ ਹਨ, ਹੇ ਵਾਹਿਗੁਰੂ !

ਆਪੇ ਵੇਕ[13] ਕਰੇ[14] ਸਭਿ ਸਾਚਾ ਆਪੇ ਭੰਨਿ[15] ਘੜਾਇਦਾ[16] ॥੨॥

The True Lord Himself creates[14] all the distinctions[13] and Himself breaks[15] and builds[16].

ਸੱਚਾ ਸੁਆਮੀ ਆਪ ਹੀ ਸਾਰੇ ਵਿਤਕਰੇ[13] ਰਚਦਾ[14] ਹੈ ਅਤੇ ਆਪ ਹੀ ਤੋੜਦਾ[15] ਅਤੇ ਬਣਾਉਂਦਾ[16] ਹੈ ।

ਬਾਜੀਗਰਿ[17] ਇਕ ਬਾਜੀ[18] ਪਾਈ[19] ॥

The juggler[17] has staged[19] a play[18].

ਮਦਾਰੀ[17] ਨੇ ਇੱਕ ਖੇਡ[18] ਰਚੀ[19] ਹੈ ।

ਪੂਰੇ[20] ਗੁਰ ਤੇ ਨਦਰੀ[21] ਆਈ ॥

Through the Perfect[20] Guru one sees[21] it.

ਪੂਰਨ[20] ਗੁਰਾਂ ਦੇ ਰਾਹੀਂ ਬੰਦਾ ਇਸ ਖੇਡ ਨੂੰ ਵੇਖ ਲੈਂਦਾ[21] ਹੈ ।

ਸਦਾ ਅਲਿਪਤੁ[22] ਰਹੈ ਗੁਰ ਸਬਦੀ[23] ਸਾਚੇ ਸਿਉ ਚਿਤੁ[24] ਲਾਇਦਾ[25] ॥੩॥

He, who ever remains detached[22] by the Guru's gospel[23]; His mind[24] is attuned[25] to the True Lord.

ਗੁਰਾਂ ਦੇ ਉਪਦੇਸ਼[23] ਦੁਆਰਾ, ਜੋ ਸਦੀਵ ਹੀ ਨਿਰਲੇਪ[22] ਵਿਚਰਦਾ ਹੈ, ਉਸ ਦਾ ਮਨ[24] ਸੱਚੇ ਸੁਆਮੀ ਨਾਲ ਇਕ ਸੁਰਤਾਲ[25] ਵਿੱਚ ਹੋ ਜਾਂਦਾ ਹੈ ।

ਬਾਜਹਿ[26] ਬਾਜੇ[27] ਧੁਨਿ[28] ਆਕਾਰਾ[29] ॥

The musical[28] instruments[27] of the body[29] ring[26].

ਦੇਹ[29] ਦੇ ਸੰਗੀਤਕ[28] ਸਾਜ਼[27] ਵੱਜਦੇ[26] ਹਨ ।

ਆਪਿ ਵਜਾਏ ਵਜਾਵਣਹਾਰਾ[30] ॥

God, the Player[30], Himself plays upon them.

ਵਜਾਉਣ ਵਾਲਾ[30], ਵਾਹਿਗੁਰੂ ਖੁਦ, ਉਨ੍ਹਾਂ ਨੂੰ ਵਜਾਉਂਦਾ ਹੈ ।

ਘਟਿ ਘਟਿ[31] ਪਉਣੁ[32] ਵਹੈ[33] ਇਕ ਰੰਗੀ[34] ਮਿਲਿ[35] ਪਵਣੈ ਸਭ[36] ਵਜਾਇਦਾ[37] ॥੪॥

Through every being[31], the breath[32] is uniformally[34] passing[33] and blessed[35] with breath, all[36] the instruments ring[37].

ਹਰ ਜੀਵ[31] ਅੰਦਰ ਸੁਆਸ[32] ਇਕਰਸ[34] ਚਲ ਰਿਹਾ[33] ਹੈ ਅਤੇ ਸੁਆਸ ਨੂੰ ਪਾ ਕੇ[35], ਸਾਰੇ[36] ਸਾਜ਼ ਵੱਜ ਰਹੇ[37] ਹਨ ।

ਕਰਤਾ[38] ਕਰੇ ਸੁ[39] ਨਿਹਚਉ[40] ਹੋਵੈ[41] ॥

Whatever the Creator[38] does, that[39] assuredly[40] comes to pass[41].

ਜਿਹੜਾ ਕੁਝ ਸਿਰਜਣਹਾਰ[38] ਕਰਦਾ ਹੈ, ਉਹ[39] ਨਿਸਚਿਤ[40] ਹੀ ਹੋ ਆਉਂਦਾ[41] ਹੈ ।

ਗੁਰ ਕੈ ਸਬਦੇ[42] ਹਉਮੈ[43] ਖੋਵੈ[44] ॥

By the Guru's instruction[42], man's self-conceit[43] is dispelled[44].

ਗੁਰਾਂ ਦੇ ਉਪਦੇਸ਼[42] ਦੁਆਰਾ ਇਨਸਾਨ ਦੀ ਸਵੈ-ਹੰਗਤਾ[43] ਦੂਰ ਹੋ ਜਾਂਦੀ[44] ਹੈ ।

੧੦੬੨

ਗੁਰ ਪਰਸਾਦੀ[45] ਕਿਸੈ[46] ਦੇ[47] ਵਡਿਆਈ[48] ਨਾਮੋ ਨਾਮੁ[49] ਧਿਆਇਦਾ[50] ॥੫॥

By the Guru's grace[45], the Lord blesses[47] some[46] with glory[48] and they remember[50] nothing but the Name[49].

ਗੁਰਾਂ ਦੀ ਦਇਆ ਦੁਆਰਾ[45] ਪ੍ਰਭੂ ਕਈਆਂ[46] ਨੂੰ ਪ੍ਰਭਤਾ[48] ਪ੍ਰਦਾਨ ਕਰਦਾ[47] ਹੈ ਅਤੇ ਉਹ ਨਿਰੋਲ ਨਾਮ[49] ਦਾ ਹੀ ਸਿਮਰਨ[50] ਕਰਦੇ ਹਨ ।

ਗੁਰ ਸੇਵੇ ਜੇਵਡੁ[51] ਹੋਰੁ ਲਾਹਾ[52] ਨਾਹੀ ॥

No other profit[52] is so great[61] as the Guru's service.

ਗੁਰਾਂ ਦੀ ਘਾਲ ਜਿੱਡਾ ਵੱਡਾ[51] ਹੋਰ ਕੋਈ ਨਫ਼ਾ[52] ਨਹੀਂ ।

ਨਾਮੁ ਮੰਨਿ ਵਸੈ ਨਾਮੋ ਸਾਲਾਹੀ[53] ॥	The Name abides in my mind and the Name praise[53] I.	ਨਾਮ ਮੇਰੇ ਰਿਦੇ ਅੰਦਰ ਵਸਦਾ ਹੈ ਤੇ ਨਾਮ ਦੀ ਹੀ ਮੈਂ ਸਿਫ਼ਤ[53] ਕਰਦਾ ਹਾਂ।
ਨਾਮੋ[54] ਨਾਮੁ ਸਦਾ[55] ਸੁਖ ਦਾਤਾ[56] ਨਾਮੋ ਲਾਹਾ[57] ਪਾਇਦਾ[58] ॥੬॥	Ever[55] peace-giving[56] is the Name of the Name-incarnate[54] Lord. It is through the Name that one earns[58] profit[57].	ਸਦੀਵੀ[55] ਆਰਾਮ ਬਖ਼ਸ਼ਣਹਾਰ[56] ਹੈ ਨਾਮ-ਸਰੂਪ[54] ਪ੍ਰਭੂ ਦਾ ਨਾਮ। ਨਾਮ ਦੇ ਰਾਹੀਂ ਹੀ ਇਨਸਾਨ ਨਫ਼ਾ[57] ਕਮਾਉਂਦਾ[58] ਹੈ।
ਬਿਨੁ ਨਾਵੈ ਸਭ ਦੁਖੁ[59] ਸੰਸਾਰਾ[60] ॥	Without the Name, there is all misery[50] in the world[60].	ਨਾਮ ਦੇ ਬਾਝੋਂ ਜਗ[60] ਅੰਦਰ ਮੁਸੀਬਤ[59] ਹੀ ਮੁਸੀਬਤ ਹੈ।
ਬਹੁ[61] ਕਰਮ[62] ਕਮਾਵਹਿ ਵਧਹਿ[63] ਵਿਕਾਰਾ[64] ॥	The more[61] the evil deeds[62] one does, the more[63] the sins[64] become.	ਜਿੰਨੇ ਬਹੁਤੇ[61] ਮੰਦੇ ਅਮਲ[62] ਬੰਦਾ ਕਮਾਉਂਦਾ ਹੈ, ਓਨੇ ਹੀ ਬਹੁਤੇ[63] ਪਾਪ[64] ਹੁੰਦੇ ਜਾਂਦੇ ਹਨ।
ਨਾਮੁ ਨ ਸੇਵਹਿ[65] ਕਿਉ[66] ਸੁਖੁ ਪਾਈਐ ਬਿਨੁ ਨਾਵੈ ਦੁਖੁ[67] ਪਾਇਦਾ[68] ॥੭॥	Without serving[65] the Name, how can peace be obtained ? Without the Name, the mortal suffers[61] torture[67].	ਨਾਮ ਦੀ ਸੇਵਾ[65] ਕਰਨ ਦੇ ਬਾਝੋਂ ਆਰਾਮ ਕਿਸ ਤਰ੍ਹਾਂ[66] ਪਾਇਆ ਜਾ ਸਕਦਾ ਹੈ ? ਨਾਮ ਦੇ ਬਗੈਰ ਪ੍ਰਾਣੀ ਤਸੀਹਾ[67] ਕੱਟਦਾ[68] ਹੈ।
ਆਪਿ ਕਰੇ ਤੈ[69] ਆਪਿ ਕਰਾਏ ॥	God Himself does and[69] Himself causes everything to be done.	ਵਾਹਿਗੁਰੂ ਆਪੇ ਕਰਦਾ ਹੈ ਅਤੇ[69] ਆਪੇ ਹੀ ਸਾਰਾ ਕੁੱਛ ਕਰਾਉਂਦਾ ਹੈ।
ਗੁਰ ਪਰਸਾਦੀ[70] ਕਿਸੈ[71] ਬੁਝਾਏ[72] ॥	Rare is the one[71], unto whom He reveals[72] Himself through the Guru's grace[70].	ਕਿਸੇ ਵਿਰਲੇ ਜਣੇ[71] ਨੂੰ ਹੀ ਉਹ ਗੁਰਾਂ ਦੀ ਦਇਆ[70] ਰਾਹੀਂ ਆਪਣੇ ਆਪ ਨੂੰ ਦਰਸਾਉਂਦਾ[72] ਹੈ।
ਗੁਰਮੁਖਿ[73] ਹੋਵਹਿ ਸੇ[74] ਬੰਧਨ[79] ਤੋੜਹਿ[75] ਮੁਕਤੀ[76] ਕੈ ਘਰਿ[77] ਪਾਇਦਾ[78] ॥੮॥	He[74] who becomes the Guru-ward[73], breaks[75] his bonds[79] and attains[78] to the home[77] of salvation[76].	ਜੋ ਗੁਰੂ-ਅਨੁਸਾਰੀ[73] ਥੀ ਵੰਞਦਾ ਹੈ, ਉਹ[64] ਆਪਣੇ ਜੂੜ[79] ਵੱਢ ਸੁਟਦਾ[75] ਹੈ ਅਤੇ ਮੋਖਸ਼[76] ਦੇ ਮੁਕਾਮ[77] ਨੂੰ ਪ੍ਰਾਪਤ ਹੋ ਜਾਂਦਾ[78] ਹੈ।
ਗਣਤ[79*] ਗਣੇ[80] ਸੋ[81] ਜਲੈ[82] ਸੰਸਾਰਾ[83] ॥	He[81], who reckons[80] accounts[70*], burns[82] in this world[83].	ਜੋ ਲੇਖਾ ਪਤਾ[79*] ਗਿਣਦਾ[80] ਹੈ, ਉਹ[81] ਇਸ ਜੱਗ[83] ਵਿੱਚ ਸੜਦਾ ਬਲਦਾ[82] ਹੈ।
ਸਹਸਾ[84] ਮੂਲਿ[85] ਨ ਚੁਕੈ[86] ਵਿਕਾਰਾ[87] ॥	His doubt[84] and sin[87] are dispelled[86] not ever[85].	ਉਸ ਦਾ ਸੰਦੇਹ[84] ਅਤੇ ਪਾਪ[87] ਕਦੇ ਭੀ[85] ਦੂਰ[86] ਨਹੀਂ ਹੁੰਦੇ।
ਗੁਰਮੁਖਿ ਹੋਵੈ ਸੁ ਗਣਤ ਚੁਕਾਏ[88] ਸਚੇ[89] ਸਚਿ[90] ਸਮਾਇਦਾ[91] ॥੯॥	He, who becomes God-conscious, abandons[88] calculations and through the True Name[89] merges[91] in the True Lord[90].	ਜੋ ਰੱਬ ਨੂੰ ਜਾਣਨ ਵਾਲਾ ਥੀ ਵੰਞਦਾ ਹੈ, ਉਹ ਲੇਖੇ ਪੱਤੇ ਨੂੰ ਤਿਆਗ ਦਿੰਦਾ[88] ਹੈ ਅਤੇ ਸੱਚੇ ਨਾਮ[89] ਦੇ ਰਾਹੀਂ ਸੱਚੇ ਸੁਆਮੀ[90] ਅੰਦਰ ਲੀਨ ਹੋ ਜਾਂਦਾ[91] ਹੈ।
ਜੇ[92] ਸਚੁ ਦੇਇ[93] ਤੁ[94] ਪਾਏ ਕੋਈ ॥	If[92] God blesses[93] with truth, then[94] alone one can attain to it.	ਜੇਕਰ[92] ਵਾਹਿਗੁਰੂ ਸੱਚ ਪ੍ਰਦਾਨ ਕਰੇ[93], ਕੇਵਲ ਤਦ[94] ਹੀ ਬੰਦਾ ਇਸ ਨੂੰ ਪ੍ਰਾਪਤ ਕਰ ਸਕਦਾ ਹੈ।
ਗੁਰ ਪਰਸਾਦੀ[95] ਪਰਗਟੁ[96] ਹੋਈ ॥	By the Guru's grace[95], it becomes manifest[96].	ਗੁਰਾਂ ਦੀ ਦਇਆ[95] ਦੁਆਰਾ ਇਹ ਜ਼ਾਹਰ ਹੋ ਜਾਂਦਾ[96] ਹੈ।

ਸਚੁ ਨਾਮੁ ਸਾਲਾਹੇ[97] ਰੰਗਿ[98] ਰਾਤਾ[99] ਗੁਰ ਕਿਰਪਾ[100] ਤੇ ਸੁਖੁ ਪਾਇਦਾ ॥ ੧੦॥	Imbued[99] with love [8], he who praises[97] the True Name; By the Guru's grace[100], he obtains peace.	ਪ੍ਰੇਮ[98] ਨਾਲ ਰੰਗੀਜ[99], ਜੋ ਸੱਚੇ ਨਾਮ ਦੀ ਕੀਰਤੀ ਕਰਦਾ[97]ਹੈ; ਗੁਰਾਂ ਦੀ ਦਇਆ[100] ਦੁਆਰਾ ਉਹ ਆਰਾਮ ਪਾ ਲੈਂਦਾ ਹੈ।
ਜਪੁ[2] ਤਪੁ[3] ਸੰਜਮੁ[4] ਨਾਮੁ ਪਿਆਰਾ[5] ॥	The loved[5] Name is my worship[2], penance[3] and self-control[4].	ਲਾਡਲਾ[5] ਨਾਮ ਹੀ ਮੇਰੀ ਪੂਜਾ[2], ਤਪੱਸਿਆ[3] ਤੇ ਸਵੈ-ਜ਼ਬਤ[4] ਹੈ।
ਕਿਲਵਿਖ[7] ਕਾਟੇ ਕਾਟਣਹਾਰਾ[6] ॥	God, the Destroyer[6], destroys sins[7].	ਨਾਸ ਕਰਨ ਵਾਲਾ[6] ਵਾਹਿਗੁਰੂ ਪਾਪਾਂ[7] ਨੂੰ ਨਾਸ ਕਰ ਦਿੰਦਾ ਹੈ।
ਹਰਿ ਕੈ ਨਾਮਿ ਤਨੁ[8] ਮਨੁ[9] ਸੀਤਲੁ[10] ਹੋਆ ਸਹਜੇ[12] ਸਹਜਿ[13] ਸਮਾਇਦਾ[14]॥੧੧॥	Through the Lord's Name, the body[8] and mind[9] are cooled[10] and one easily[12] gets absorbed[14] in the Lord[13].	ਪ੍ਰਭੂ ਦੇ ਨਾਮ ਰਾਹੀਂ ਦੇਹ[8] ਤੇ ਰਿਦਾ[9] ਠੰਢੇ ਠਾਰ[10] ਹੋ ਜਾਂਦੇ ਹਨ ਅਤੇ ਇਨਸਾਨ ਸੁਖੈਨ[12] ਹੀ ਪ੍ਰਭੂ[13] ਅੰਦਰ ਲੀਨ ਹੋ ਜਾਂਦਾ[14] ਹੈ।
ਅੰਤਰਿ[15] ਲੋਭੁ[16] ਮਨਿ[17] ਮੈਲੈ[18] ਮਲੁ ਲਾਏ[19] ॥	Mentally[17] filthy[18] are they, within[15] whom there is avarice[16]. They attach[19] filth to others, as well.	ਆਤਮਕ[17] ਤੌਰ ਤੇ ਕੁਚੀਲ[18] ਹਨ ਉਹ ਜਿਨ੍ਹਾਂ ਦੇ ਅੰਦਰ[15] ਲਾਲਚ[16] ਹੈ। ਉਹ ਹੋਰਨਾਂ ਨੂੰ ਭੀ ਗਿਲਾਜ਼ਤ ਚਮੇੜਦੇ[19] ਹਨ।
ਮੈਲੇ[22] ਕਰਮ[20] ਕਰੇ ਦੁਖੁ ਪਾਏ[21] ॥	They do dirty[22] deeds[20] and suffer[21] pain.	ਉਹ ਗੰਦੇ[22] ਅਮਲ[20] ਕਮਾਉਂਦੇ ਹਨ ਤੇ ਕਸ਼ਟ ਉਠਾਉਂਦੇ[21] ਹਨ।
ਕੂੜੋ[23] ਕੂੜੁ ਕਰੇ ਵਾਪਾਰਾ[24] ਕੂੜੁ ਬੋਲਿ ਦੁਖੁ ਪਾਇਦਾ ॥ ੧੨॥	They deal[24] in nothing but falsehood[23], tell lies and come to grief.	ਉਹ ਨਿਰੋਲ ਝੂਠ[23] ਦਾ ਵਣਜ ਕਰਦੇ[24] ਹਨ, ਝੂਠ ਬਕਦੇ ਹਨ ਅਤੇ ਤਕਲੀਫ ਭੋਗਦੇ ਹਨ।
ਨਿਰਮਲ[25] ਬਾਣੀ[26] ਕੋ[27] ਮੰਨਿ ਵਸਾਏ[28] ॥	Rare[27] is the one, who enshrines[28] the Immaculate[25] Gurbani[26] in his mind.	ਕੋਈ ਵਿਰਲਾ[27] ਜਣਾ ਹੀ ਪਵਿੱਤ੍ਰ[25] ਗੁਰਬਾਣੀ[26] ਨੂੰ ਆਪਣੇ ਹਿਰਦੇ ਅੰਦਰ ਟਿਕਾਉਂਦਾ[28] ਹੈ।
ਗੁਰ ਪਰਸਾਦੀ[29] ਸਹਸਾ[30] ਜਾਏ[31] ॥	By the Guru's grace[29], his doubt[30] is removed[31].	ਗੁਰਾਂ ਦੀ ਦਇਆ[29] ਦੁਆਰਾ ਉਸ ਦਾ ਭਰਮ[30] ਦੂਰ ਹੋ ਜਾਂਦਾ[31] ਹੈ।
ਗੁਰ ਕੈ ਭਾਣੈ[32] ਚਲੈ[33] ਦਿਨੁ ਰਾਤੀ ਨਾਮੁ ਚੇਤਿ[34] ਸੁਖੁ ਪਾਇਦਾ ॥੧੩॥	Day and night, he walks[33] in the Guru's will[32] and remembering[34] the Name obtains peace.	ਦਿਹੁੰ ਅਤੇ ਰੈਣ ਉਹ ਗੁਰਾਂ ਦੀ ਰਜ਼ਾ[32] ਅੰਦਰ ਟੁਰਦਾ[33] ਹੈ ਅਤੇ ਨਾਮ ਦਾ ਸਿਮਰਨ ਕਰਨ ਦੁਆਰਾ[34] ਆਰਾਮ ਪਾਉਂਦਾ ਹੈ।
ਆਪਿ ਸਿਰੰਦਾ[35] ਸਚਾ ਸੋਈ[36] ॥	He, the True Lord, is of Himself the Creator[35].	ਉਹ[36] ਸੱਚਾ ਸੁਆਮੀ ਖ਼ੁਦ ਹੀ ਸਿਰਜਣਹਾਰ[35] ਹੈ।
ਆਪਿ ਉਪਾਇ[37] ਖਪਾਏ[38] ਸੋਈ ॥	He Himself creates[37] and destroys[38].	ਉਹ ਆਪੇ ਹੀ ਰਚਦਾ[37] ਅਤੇ ਨਾਸ ਕਰਦਾ[38] ਹੈ।
ਗੁਰਮੁਖਿ[41] ਹੋਵੈ ਸੁ ਸਦਾ ਸਲਾਹੇ[39] ਮਿਲਿ ਸਾਚੇ[40] ਸੁਖੁ ਪਾਇਦਾ ॥੧੪॥	He, who gets resigned to the Guru's will[41], ever praises[39] his Lord and meeting with the True Lord[40], obtains bliss.	ਜੋ ਗੁਰੂ-ਅਨੁਸਾਰੀ[41] ਥੀ ਵੰਞਦਾ ਹੈ, ਉਹ ਸਦੀਵ ਹੀ ਆਪਣੇ ਸਾਹਿਬ ਦਾ ਜੱਸ ਕਰਦਾ[39] ਹੈ ਅਤੇ ਸੱਚੇ ਸਾਹਿਬ[40] ਨਾਲ ਮਿਲ ਕੇ ਖ਼ੁਸ਼ੀ ਨੂੰ ਪ੍ਰਾਪਤ ਹੁੰਦਾ ਹੈ।

ਅਨੇਕ ਜਤਨ[42] ਕਰੇ ਇੰਦ੍ਰੀ[43] ਵਸਿ[44] ਨ ਹੋਈ ॥	Inspite of making various efforts[42], the sexual desire[43] is overcome[44] not.	ਅਨੇਕਾਂ ਉਪਰਾਲੇ[42] ਕਰਨ ਦੇ ਬਾਵਜੂਦ, ਕਾਮ ਦੀ ਖ਼ਾਹਿਸ਼[43] ਕਾਬੂ[44] ਵਿਚ ਨਹੀਂ ਆਉਂਦੀ।
ਕਾਮਿ[45] ਕਰੋਧਿ[46] ਜਲੈ[47] ਸਭੁ ਕੋਈ[48] ॥	Everyone[48] is burning[47] in the fire of lust[45] and wrath[46].	ਹਰ ਕੋਈ[48] ਵਿਸ਼ੇ ਭੋਗ[45] ਤੇ ਗੁੱਸੇ[46] ਦੀ ਅੱਗ ਵਿੱਚ ਸੜ ਰਿਹਾ[47] ਹੈ।
ਸਤਿਗੁਰ ਸੇਵੇ[49] ਮਨੁ ਵਸਿ[50] ਆਵੈ ਮਨ ਮਾਰੇ[51] ਮਨਹਿ[52] ਸਮਾਇਦਾ[53]॥੧੫॥	Serving[49] the True Guru, one overcomes[50] his mind. Subduing[51] the mind, one merges[53] in the Supreme Mind[52].	ਸੱਚੇ ਗੁਰਾਂ ਦੀ ਘਾਲ ਕਮਾਉਣ ਦੁਆਰਾ[49] ਜੀਵ ਆਪਣੇ ਮਨ ਤੇ ਕਾਬੂ ਪਾ ਲੈਂਦਾ[50] ਹੈ। ਮਨੂਏ ਨੂੰ ਵੱਸ ਕਰ ਲੈਣ ਦੁਆਰਾ[51] ਜੀਵ ਪਰਮ ਮਨ[52] ਅੰਦਰ ਲੀਨ ਹੋ ਜਾਂਦਾ[53]ਹੈ।
ਮੇਰਾ[54] ਤੇਰਾ[55] ਤੁਧੁ ਆਪੇ ਕੀਆ[56] ॥	Sense of mine[54] and thine[55], Thou Thyself hast created[56]	ਮੇਰ[54] ਅਤੇ ਤੇਰ[55] ਦੀ ਗਿਆਤ ਤੂੰ ਆਪ ਹੀ ਰਚੀ[56] ਹੈ।
ਸਭਿ ਤੇਰੇ ਜੰਤ[57] ਤੇਰੇ ਸਭਿ ਜੀਆ[58] ॥	All the creatures[57] belong to Thee and Thou alone hast created all the beings[58].	ਸਮੂਹ ਜੀਵ ਜੰਤੂ[57] ਤੈਂਡੀ ਮਲਕੀਅਤ ਹਨ ਅਤੇ ਤੂੰ ਹੀ ਸਾਰਿਆਂ ਪ੍ਰਾਣ-ਧਾਰੀਆਂ[58] ਨੂੰ ਰਚਿਆ ਹੈ।
ਨਾਨਕ ਨਾਮੁ ਸਮਾਲਿ[59] ਸਦਾ ਤੂ ਗੁਰਮਤੀ[60] ਮੰਨਿ ਵਸਾਇਦਾ[61] ॥੧੬॥੪॥ ੧੮॥	O Nanak, contemplate[59] thou ever the Lord's Name. Through the Guru's instruction[60], the Lord abides[61] in man's mind.	ਹੇ ਨਾਨਕ! ਤੂੰ ਸਦੀਵ ਹੀ ਸੁਆਮੀ ਦੇ ਨਾਮ ਦਾ ਸਿਮਰਨ[59] ਕਰ। ਗੁਰਾਂ ਦੇ ਉਪਦੇਸ਼[60] ਦੁਆਰਾ, ਸੁਆਮੀ ਮਨੁੱਖ ਦੇ ਮਨ ਅੰਦਰ ਟਿਕ ਜਾਂਦਾ[61] ਹੈ।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ।
ਹਰਿ ਜੀਉ[62] ਦਾਤਾ[63] ਅਗਮ[64] ਅਥਾਹਾ[65] ॥	The Beneficent[63], Venerable[62] Lord is Inaccessible[64] and Unfathomable[65].	ਦਾਤਾਰ[63] ਪੂਜਯ[62] ਪ੍ਰਭੂ! ਪਹੁੰਚ ਤੋਂ ਪਰੇ[64] ਅਤੇ ਬੇਥਾਹ[65] ਹੈ।
ਓਸੁ[68] ਤਿਲੁ[66] ਨ ਤਮਾਇ[87] ਵੇਪਰਵਾਹਾ[69] ॥	He[68] has not even an iota[66] of avarice[67]. Self-dependent[69] is He, the Lord.	ਉਸ[68] ਨੂੰ ਇਕ ਭੋਰਾ ਭਰ ਭੀ[66] ਲਾਲਚ[67] ਨਹੀਂ। ਖ਼ੁਦ-ਮੁਖ਼ਤਿਆਰ[69] ਹੈ ਉਹ ਸੁਆਮੀ।
ਤਿਸ ਨੋ ਅਪੜਿ[70] ਨ ਸਕੈ ਕੋਈ ਆਪੇ ਮੇਲਿ[71] ਮਿਲਾਇਦਾ[72] ॥੧॥	None can reach[70] up to Him. He Himself unites[72] in His union[71].	ਕੋਈ ਜਣਾ ਭੀ ਉਸ ਤਾਂਈਂ ਪੁੱਜ[70] ਨਹੀਂ ਸਕਦਾ। ਉਹ ਆਪ ਹੀ ਆਪਣੇ ਮਿਲਾਪ[71] ਅੰਦਰ ਮਿਲਾਉਂਦਾ[72] ਹੈ।
ਜੋ ਕੁਛ ਕਰੈ ਸੁ[73] ਨਿਹਚਉ[74] ਹੋਈ ॥	Whatever He does, that[73] forsooth[74] comes to pass.	ਜਿਹੜਾ ਕੁਝ ਉਹ ਕਰਦਾ ਹੈ, ਉਹ[73] ਨਿਸਚਿਤ[74] ਹੀ ਹੋ ਆਉਂਦਾ ਹੈ।
ਤਿਸੁ ਬਿਨੁ ਦਾਤਾ[75] ਅਵਰੁ[76] ਨ ਕੋਈ ॥	Without Him, there is no other[76] Giver[75].	ਉਸ ਦੇ ਬਗ਼ੈਰ ਹੋਰ[76] ਕੋਈ ਦਾਤਾਰ[75] ਨਹੀਂ।
ਜਿਸ ਨੋ ਨਾਮੁ ਦਾਨੁ[77] ਕਰੇ[78] ਸੋ[79] ਪਾਏ ਗੁਰ ਸਬਦੀ[80] ਮੇਲਾਇਦਾ[81] ॥ ੨॥	Whomsoever the Lord blesses[78] with the Name's gift[77], He[79] alone obtains it. By means of the Gurbani[80] He unites[81] man with Himself.	ਜਿਸ ਕਿਸੇ ਨੂੰ ਸੁਆਮੀ ਨਾਮ ਦੀ ਦਾਤ[77] ਬਖ਼ਸ਼ਦਾ[78] ਹੈ, ਕੇਵਲ ਉਹ[79] ਹੀ ਇਸ ਨੂੰ ਪਾਉਂਦਾ ਹੈ। ਗੁਰਾਂ ਦੀ ਬਾਣੀ[80] ਦੇ ਜ਼ਰੀਏ, ਉਹ ਬੰਦੇ ਨੂੰ ਆਪਣੇ ਨਾਲ ਮਿਲਾ ਲੈਂਦਾ[81] ਹੈ।
ਚਉਦਹ ਭਵਣ[83] ਤੇਰੇ ਹਟਨਾਲੇ[83] ॥	The fourteen worlds[82] are Thine bazars[83].	ਚੌਦਾਂ ਪੁਰੀਆਂ[82] ਤੈਂਡੇ ਬਜ਼ਾਰ[83] ਹਨ।

ਸਤਿਗੁਰਿ ਦਿਖਾਏ[84] ਅੰਤਰਿ[85] ਨਾਲੇ[86] ॥
ਨਾਵੈ ਕਾ ਵਾਪਾਰੀ[87] ਹੋਵੈ ਗੁਰ ਸਬਦੀ[88] ਕੋ[89] ਪਾਇਦਾ[90] ॥੩॥

The True Guru shows[84] the bazars together[86] with the mind[85].
Anyone[89] who deals[87] in the Lord's Name; Through the Guru's word[88], he attains[90] to the Lord.

ਸੱਚੇ ਗੁਰੂ ਜੀ ਬਜ਼ਾਰਾਂ ਨੂੰ ਮਨ[85] ਦੇ ਸਮੇਤ[86] ਹੀ ਵਿਖਾਲ ਦਿੰਦੇ[84] ਹਨ।
ਕੋਈ ਜਣਾ[89] ਜੋ ਪ੍ਰਭੂ ਦੇ ਨਾਮ ਦਾ ਵਣਜ ਕਰਦਾ[87] ਹੈ; ਗੁਰਾਂ ਦੀ ਬਾਣੀ[88] ਰਾਹੀਂ ਉਹ ਪ੍ਰਭੂ ਨੂੰ ਪਾ ਲੈਂਦਾ[90] ਹੈ।

ਸਤਿਗੁਰਿ ਸੇਵਿਐ[91] ਸਹਜ[92] ਅਨੰਦਾ[93] ॥ ਹਿਰਦੈ[94] ਆਇ ਵੁਠਾ[95] [96]ਗੋਵਿੰਦਾ[97] ॥

Serving[91] the True Guru, man obtains poise[92] and pleasure[93], and the Lord[97] of the universe[96] comes to abide[95] in his mind[94].

ਸੱਚੇ ਗੁਰਾਂ ਦੀ ਘਾਲ ਕਮਾ[91] ਕੇ, ਬੰਦਾ ਅਡੋਲਤਾ[92] ਤੇ ਖ਼ੁਸ਼ੀ[93] ਨੂੰ ਪਾ ਲੈਂਦਾ ਹੈ ਅਤੇ ਕੁਲ ਆਲਮ[96] ਦਾ ਮਾਲਕ[97] ਆ ਕੇ ਉਸ ਦੇ ਮਨ[94] ਅੰਦਰ ਟਿਕ ਜਾਂਦਾ[95] ਹੈ।

ਸਹਜੇ[98] ਭਗਤਿ[99]* ਕਰੇ ਦਿਨੁ ਰਾਤੀ ਆਪੇ ਭਗਤਿ[99] ਕਰਾਇਦਾ[100] ॥੪॥

Day and night, he instinctively[98] remains devoted[99] unto the Lord. The Lord, of Himself makes him perform[100] His devotional service[99]*.

ਦਿਹੁੰ ਤੇ ਰੈਣ, ਉਹ ਸੁਤੇਸਿਧ[98] ਹੀ ਪ੍ਰਭੂ ਦੀ ਭਗਤੀ[99] ਨਾਲ ਜੁੜਿਆ ਰਹਿੰਦਾ ਹੈ। ਪ੍ਰਭੂ ਆਪ ਹੀ ਉਸ ਪਾਸੋਂ ਆਪਣੀ ਪ੍ਰੇਮਮਈ ਸੇਵਾ[99]* ਕਰਵਾਉਂਦਾ[100] ਹੈ।

੧੦੬੩

ਸਤਿਗੁਰ ਤੇ ਵਿਛੁੜੇ[2] ਤਿਨੀ ਦੂਖੁ[3] ਪਾਇਆ ॥ ਅਨਦਿਨੁ[4] ਮਾਰੀਅਹਿ[5] ਦੂਖੁ[6] ਸਬਾਇਆ[7] ॥

They, who are separated[2] from the True Guru, writhe in pain[3]. They are wholly[7] in sorrow[6] and are belaboured[5] night and day[4].

ਜੋ ਸੱਚੇ ਗੁਰਾਂ ਨਾਲੋਂ ਵਿਛੁੜੇ[2] ਹਨ, ਉਹ ਕਸਟ[3] ਪੀੜਤ ਹੁੰਦੇ ਹਨ। ਉਹ ਸਮੂਹ[7] ਤਕਲੀਫ਼[6] ਅੰਦਰ ਹਨ ਤੇ ਰੈਣ ਦਿਹੁੰ[4] ਕੁੱਟੇ ਫਾਟੇ ਜਾਂਦੇ[2] ਹਨ।

ਮਥੇ[8] ਕਾਲੇ[9] ਮਹਲੁ[10] ਨ ਪਾਵਹਿ ਦੂਖ ਹੀ ਵਿਚਿ ਦੂਖੁ ਪਾਇਦਾ[12] ॥੫॥

Their foreheads[8] are blackened[9]. They obtain not their Lord's mansion[10] and in sorrow they suffer[12]for their sorrow.

ਉਨ੍ਹਾਂ ਦੇ ਮਸਤਕ[8] ਸਿਆਹ[9] ਕੀਤੇ ਜਾਂਦੇ ਹਨ। ਉਹ ਆਪਣੇ ਸਾਂਈਂ ਦੇ ਮੰਦਰ[10] ਨੂੰ ਪ੍ਰਾਪਤ ਨਹੀਂ ਹੁੰਦੇ ਅਤੇ ਤਕਲੀਫ਼ ਅੰਦਰ ਉਹ ਵਧੇਰੇ ਤਕਲੀਫ਼ ਪਾਉਂਦੇ[12] ਹਨ।

ਸਤਿਗੁਰੁ ਸੇਵਹਿ[13] ਸੇ[14] ਵਡਭਾਗੀ[15] ॥

Very fortunate[15] are they[14], who serve[13] the True Guru.

ਭਾਰੇ ਨਸੀਬਾਂ ਵਾਲੇ[15] ਹਨ ਉਹ[14] ਜੋ ਸੱਚੇ ਗੁਰਾਂ ਦੀ ਘਾਲ[13] ਕਮਾਉਂਦੇ ਹਨ।

ਸਹਜ ਭਾਇ[16] ਸਚੀ ਲਿਵ[17] ਲਾਗੀ[18] ॥

Instinctively[16] enshrine[18] they true love[17] for the Lord.

ਸੁਤੇ ਸਿਧ[16] ਹੀ ਉਨ੍ਹਾਂ ਦਾ ਸੁਆਮੀ ਨਾਲ ਸੱਚਾ ਪਿਆਰ[17] ਪੈ ਜਾਂਦਾ[18] ਹੈ।

ਸਚੋ ਸਚੁ[19] ਕਮਾਵਹਿ[20] ਸਦ[21] ਹੀ ਸਚੈ[22] ਮੇਲਿ[23] ਮਿਲਾਇਦਾ[24] ॥੬॥

They ever[21] practise[20] nothing but truth[19] and the Guru unites[24] them in the union[23] of the True Lord[22].

ਉਹ ਸਦੀਵ[21] ਹੀ ਨਿਰੋਲ ਸੱਚ[19] ਦੀ ਕਮਾਈ ਕਰਦੇ[20] ਹਨ ਅਤੇ ਗੁਰੂ ਜੀ ਉਨ੍ਹਾਂ ਨੂੰ ਸੱਚੇ ਸਾਂਈਂ[22] ਦੇ ਮਿਲਾਪ[23] ਅੰਦਰ ਮਿਲਾ ਦਿੰਦੇ[24] ਹਨ।

ਜਿਸ ਨੋ ਸਚਾ ਦੇਇ[25] ਸੁ[26] ਪਾਏ ॥

He[26] alone obtains truth, whom the True Lord gives[25].

ਕੇਵਲ ਉਹ[26] ਹੀ ਸੱਚ ਨੂੰ ਪਾਉਂਦਾ ਹੈ, ਜਿਸ ਨੂੰ ਸੱਚਾ ਸਾਂਈਂ ਦਿੰਦਾ[25] ਹੈ।

ਅੰਤਰਿ[27] ਸਾਚੁ ਭਰਮੁ[28] ਚੁਕਾਏ[29] ॥

Within[27] him is truth and his doubt[28] is dispelled[29].

ਉਸ ਦੇ ਅੰਦਰ[27] ਸੱਚ ਹੈ, ਉਸ ਦਾ ਸਹਿਸਾ[28] ਦੂਰ ਹੋ ਜਾਂਦਾ[29] ਹੈ।

ਸਚੁ[30] ਸਚੈ ਕਾ ਆਪੇ ਦਾਤਾ[31] ਜਿਸੁ ਦੇਵੈ ਸੋ[32] ਸਚੁ ਪਾਇਦਾ ॥੭॥

The True One[30] is Himself the Giver[31] of truth. He[32] alone obtains the truth, whom He blesses.

ਸਤਿਪੁਰਖ[30] ਆਪ ਹੀ ਸੱਚ ਦੇਣਹਾਰ[31] ਹੈ। ਕੇਵਲ ਉਹ[32] ਹੀ ਸੱਚ ਨੂੰ ਪਾਉਂਦਾ ਹੈ, ਜਿਸ ਨੂੰ ਉਹ ਦਿੰਦਾ ਹੈ।

ਆਪੇ[33] ਕਰਤਾ[34] ਸਭਨਾ[35] ਕਾ ਸੋਈ[36] ॥	He[36], Himself[33], is the Creator[34] of all[35].	ਉਹ[36] ਖ਼ੁਦ[33] ਹੀ ਸਾਰਿਆਂ[35] ਦਾ ਸਿਰਜਣਹਾਰ[34] ਹੈ।
ਜਿਸ ਨੋ ਆਪਿ ਬੁਝਾਏ[37] ਬੂਝੈ[38] ਕੋਈ[39] ॥	Hardly anyone[39], whom He, of Himself, instructs[37], understands[38] Him.	ਕੋਈ ਵਿਰਲਾ ਜਣਾ[39] ਹੀ, ਜਿਸ ਨੂੰ ਉਹ ਖ਼ੁਦ ਦਰਸਾਉਂਦਾ[37] ਹੈ, ਉਸ ਨੂੰ ਸਮਝਦਾ[38] ਹੈ।
ਆਪੇ ਬਖਸੇ[40] ਦੇ[42] ਵਡਿਆਈ[41] ਆਪੇ ਮੇਲਿ[43] ਮਿਲਾਇਦਾ[44] ॥੮॥	He Himself forgives[40] and blesses[42] with glory[41]. Of Himself, He unites[44] one in His union[43].	ਉਹ ਆਪ ਹੀ ਬਖ਼ਸ਼ਦਾ[40] ਤੇ ਪ੍ਰਭੁਤਾ[41] ਦਿੰਦਾ[42] ਹੈ। ਆਪ ਹੀ ਉਹ ਮਨੁਖ ਨੂੰ ਆਪਣੇ ਮਿਲਾਪ[43] ਵਿਚ ਮਿਲਾ ਲੈਂਦਾ[44] ਹੈ।
ਹਉਮੈ[45] ਕਰਦਿਆ ਜਨਮੁ[46] ਗਵਾਇਆ[47] ॥	In taking pride[45], man loses[47] his life[46].	ਹੰਕਾਰ[45] ਕਰਨ ਨਾਲ, ਇਨਸਾਨ ਆਪਣਾ ਜੀਵਨ[46] ਗੁਆ[47] ਲੈਂਦਾ ਹੈ।
ਅਗੈ[48] ਮੋਹੁ[50] ਨ ਚੂਕੈ[49] ਮਾਇਆ ॥	Hereafter[48], too, the love[50] of mammon leaves[49] him not.	ਏਦੂੰ ਮਗਰੋਂ[48] ਭੀ ਮੋਹਨੀ ਦੀ ਮਮਤਾ[50] ਉਸ ਨੂੰ ਨਹੀਂ ਛੱਡਦੀ[49]।
ਅਗੈ[51] [52]ਜਮਕਾਲੁ[53] ਲੇਖਾ[54] ਲੇਵੈ ਜਿਉ[55] ਤਿਲ[56] ਘਾਣੀ[57] ਪੀੜਾਇਦਾ[58] ॥ ੯॥	In the yonder world[51], death's[53] myrmidon[52] calls him to account[54] and presses[58] him like[55] the milful[57] of sesame[56] in the oil-press.	ਪ੍ਰਲੋਕ[51] ਵਿਚ ਮੌਤ[53] ਦਾ ਫ਼ਰੇਸ਼ਤਾ[52] ਉਸ ਪਾਸੋਂ ਹਿਸਾਬ-ਕਿਤਾਬ[54] ਮੰਗਦਾ ਹੈ ਅਤੇ ਉਸ ਨੂੰ ਕੋਹਲੂ ਵਿਚ ਤਿਲਾਂ[56] ਦੇ ਪਰਾਗੇ[57] ਦੀ ਤਰ੍ਹਾਂ[55] ਪੀੜ ਸੁਟਦਾ[58] ਹੈ।
ਪੂਰੈ[59] ਭਾਗਿ[60] ਗੁਰ ਸੇਵਾ[61] ਹੋਈ ॥	By perfect[59] destiny[60], the Guru's service[61] is performed.	ਪੂਰਨ[59] ਪ੍ਰਾਲਭਧ[60] ਰਾਹੀਂ, ਗੁਰਾਂ ਦੀ ਘਾਲ[61] ਕਮਾਈ ਕੀਤੀ ਜਾਂਦੀ ਹੈ।
ਨਦਰਿ[62] ਕਰੇ[63] ਤਾ[64] ਸੇਵੇ ਕੋਈ[65] ॥	If God's grace[62] be[63] upon one[65], then[64] serves he Him.	ਜੇਕਰ ਰੱਬ ਦੀ ਮਿਹਰ[62] ਕਿਸੇ[65] ਤੇ ਹੋਵੇ[63], ਤਦ[64] ਉਹ, ਉਸ ਦੀ ਸੇਵਾ ਕਰਦਾ ਹੈ।
[66]ਜਮਕਾਲੁ[67] ਤਿਸੁ[68] ਨੇੜਿ[69] ਨ ਆਵੈ ਮਹਲਿ[70] ਸਚੈ ਸੁਖੁ ਪਾਇਦਾ ॥੧੦॥	Death's[67] courier[68] comes not near[69] him[68] and obtains he peace in the True mansion[79].	ਮੌਤ[67] ਦਾ ਦੂਤ[66] ਉਸ[68] ਦੇ ਲਾਗੇ[69] ਨਹੀਂ ਫਟਕਦਾ ਅਤੇ ਸੱਚੇ ਮੰਦਰ[70] ਅੰਦਰ ਉਹ ਆਰਾਮ ਪਾਉਂਦਾ ਹੈ।
ਤਿਨ ਸੁਖੁ ਪਾਇਆ ਜੋ ਤੁਧੁ ਭਾਏ[71] ॥ ਪੂਰੈ[72] ਭਾਗਿ[73] ਗੁਰ ਸੇਵਾ ਲਾਏ[74] ॥	They alone are in peace, who are pleasing[71] to Thee, O Lord, and they, through perfect[72] destiny[73], are attached[74] to the Guru's service.	ਕੇਵਲ ਉਹ ਹੀ ਆਰਾਮ ਅੰਦਰ ਹਨ, ਜੋ ਤੈਨੂੰ ਚੰਗੇ ਲਗਦੇ[71] ਹਨ, ਹੇ ਪ੍ਰਭੂ! ਅਤੇ ਉਹ ਪੂਰਨ[72] ਪ੍ਰਾਲਭਧ[73] ਰਾਹੀਂ, ਗੁਰਾਂ ਦੀ ਟਹਿਲ ਸੇਵਾ ਨਾਲ ਜੁੜੇ ਹੋਏ[74] ਹਨ।
ਤੇਰੈ ਹਥਿ ਹੈ ਸਭ ਵਡਿਆਈ[75] ਜਿਸੁ ਦੇਵਹਿ[76] ਸੋ[77] ਪਾਇਦਾ ॥੧੧॥	All glory[75] is in Thy Hand, O Lord, whomsoever thou blessest[76], he[77] alone obtains it.	ਸਾਰੀ ਪ੍ਰਭੁਤਾ[75] ਤੇਰੇ ਹੱਥ ਵਿੱਚ ਹੈ, ਹੇ ਪ੍ਰਭੂ! ਜਿਸ ਕਿਸੇ ਨੂੰ ਤੂੰ ਬਖ਼ਸ਼ਦਾ[76] ਹੈਂ, ਕੇਵਲ ਉਹ[77] ਹੀ ਇਸ ਨੂੰ ਪਾਉਂਦਾ ਹੈ।
ਅੰਦਰਿ[78] ਪਰਗਾਸੁ[79] ਗੁਰੂ[80] ਤੇ ਪਾਏ ॥ ਨਾਮੁ ਪਦਾਰਥੁ[81] ਮੰਨਿ ਵਸਾਏ[82] ॥	It is through[80] the Guru, that the mortal obtains inner[78] light[79] and the wealth[81] of the Name is enshrined[82] within his mind.	ਗੁਰਾਂ ਦੇ ਰਾਹੀਂ[80] ਹੀ ਪ੍ਰਾਣੀ ਨੂੰ ਅੰਤ੍ਰੀਵੀ[78] ਪ੍ਰਕਾਸ਼[79] ਪ੍ਰਾਪਤ ਹੁੰਦਾ ਹੈ ਅਤੇ ਨਾਮ ਦੀ ਦੌਲਤ[81] ਉਸ ਦੇ ਹਿਰਦੇ ਅੰਦਰ ਟਿਕ ਜਾਂਦੀ[82] ਹੈ।

ਗਿਆਨ[83] ਰਤਨੁ[84] ਸਦਾ ਘਟਿ[85] ਚਾਨਣੁ[86] ਅਗਿਆਨ[87] ਅੰਧੇਰੁ[88] ਗਵਾਇਦਾ[89] ॥੧੨॥	The jewel[84] of gnosis[83] ever illumines[86] his mind[85] and the darkness[88] of ignorance[87] is dispelled[89].	ਬ੍ਰਹਮ ਬੋਧ[83] ਦਾ ਹੀਰਾ[84] ਸਦੀਵ ਹੀ ਉਸ ਦੇ ਰਿਦੇ[85] ਨੂੰ ਰੋਸ਼ਨ ਕਰਦਾ[86] ਹੈ ਤੇ ਬੇਸਮਝੀ[87] ਦਾ ਅਨ੍ਹੇਰਾ[88] ਦੂਰ ਹੋ ਜਾਂਦਾ[89] ਹੈ ।
ਅਗਿਆਨੀ[90] ਅੰਧੇ[91] ਦੂਜੈ[92] ਲਾਗੇ[93] ॥	The blind[91], ignorant[90] ones are yoked[93] to another[92].	ਅੰਨ੍ਹੇ[91], ਬੇਸਮਝ[90] ਹੋਰਸ[92] ਨਾਲ ਜੁੜੇ ਹੋਏ[93] ਹਨ ।
ਬਿਨੁ ਪਾਣੀ ਡੁਬਿ ਮੂਏ ਅਭਾਗੇ[94] ॥	They, the unfortunate ones[94], are drowned to death without water.	ਉਹ ਨਿਕਰਮਣ[94], ਬਗੈਰ ਪਾਣੀ ਦੇ ਹੀ ਡੁੱਬ ਕੇ ਮਰ ਗਏ ਹਨ ।
ਚਲਦਿਆ[95] ਘਰੁ ਦਰੁ[97] ਨਦਰਿ[96] ਨ ਆਵੈ ਜਮਦਰਿ[98] ਬਾਧਾ[99] ਦੁਖੁ ਪਾਇਦਾ[100] ॥ ੧੩॥	Quitting[95] the world, they see[96] not the Lord's Home[97] and bound down[99] at the Yama's door[98], they suffer[100] pain.	ਸੰਸਾਰ ਨੂੰ ਛੱਡ ਕੇ[95], ਉਹ ਸੁਆਮੀ ਦੇ ਟਿਕਾਣੇ[97] ਨੂੰ ਨਹੀਂ ਵੇਖਦੇ ਅਤੇ ਯਮ ਦੇ ਬੂਹੇ[98] ਉਤੇ ਨਰੜੇ ਹੋਏ[99] ਉਹ ਕਸ਼ਟ ਉਠਾਉਂਦੇ[100] ਹਨ ।
ਬਿਨੁ ਸਤਿਗੁਰ ਸੇਵੇ ਮੁਕਤਿ[2] ਨ ਹੋਈ ॥	Without serving the True Guru, one is emancipated[2] not.	ਸੱਚੇ ਗੁਰਾਂ ਦੀ ਸੇਵਾ ਕਰਨ ਦੇ ਬਗੈਰ, ਬੰਦੇ ਦੀ ਕਲਿਆਨ[2] ਨਹੀਂ ਹੁੰਦੀ ।
ਗਿਆਨੀ[3] ਧਿਆਨੀ[4] ਪੂਛਹੁ[5] ਕੋਈ[6] ॥	Let anyone[6] enquire[5] from the divines[3] and contemplators[4].	ਕੋਈ ਜਣਾ[6] ਬ੍ਰਹਮ ਬੇਤਿਆਂ[3] ਅਤੇ ਬਿਰਤੀ ਜੋੜਨ ਵਾਲਿਆਂ[4] ਤੋਂ ਪਤਾ ਕਰ ਵੇਖੇ[5] ।
ਸਤਿਗੁਰ ਸੇਵੇ ਤਿਸੁ[7] ਮਿਲੈ[12] ਵਡਿਆਈ[8] ਦਰਿ[9] ਸਚੈ ਸੋਭਾ[10] ਪਾਇਦਾ ॥੧੪॥	Whosoever serves the True Guru; He[7] is blessed with[12] honour and is embellished[10] in the True court[9].	ਜੋ ਕੋਈ ਸੱਚੇ ਗੁਰਾਂ ਦੀ ਸੇਵਾ ਕਮਾਉਂਦਾ ਹੈ; ਉਸ[7] ਨੂੰ ਇੱਜ਼ਤ ਮਿਲਦੀ[12] ਹੈ ਅਤੇ ਉਹ ਸੱਚੇ ਦਰਬਾਰ[9] ਅੰਦਰ ਸੁਭਾਇਮਾਨ ਹੁੰਦਾ[10] ਹੈ ।
ਸਤਿਗੁਰ ਨੋ ਸੇਵੇ ਤਿਸੁ[12*] ਆਪਿ[13] ਮਿਲਾਏ ॥	He, who serves the True Guru; him[12*] the Lord blends with Himself[13].	ਜੋ ਸੱਚੇ ਗੁਰਾਂ ਦੀ ਚਾਕਰੀ ਕਮਾਉਂਦਾ ਹੈ; ਉਸ[12*] ਨੂੰ ਮਾਲਕ ਆਪਣੇ[13] ਨਾਲ ਮਿਲਾ ਲੈਂਦਾ ਹੈ ।
ਮਮਤਾ[14] ਕਾਟਿ[15] ਸਚਿ[16] ਲਿਵ[17] ਲਾਏ[18] ॥	Effacing[15] his worldly attachment[14], he enshrines[18] affection[17] for the True Lord[16].	ਆਪਣੀ ਸੰਸਾਰੀ ਲਗਨ[14] ਨੂੰ ਮੇਟ ਕੇ[15], ਉਹ ਸੱਚੇ ਸੁਆਮੀ[16] ਨਾਲ ਪ੍ਰੀਤ[17] ਪਾ ਲੈਂਦਾ[18] ਹੈ ।
ਸਦਾ ਸਚੁ ਵਣਜਹਿ[19] ਵਾਪਾਰੀ[20] ਨਾਮੋ ਲਾਹਾ[21] ਪਾਇਦਾ[22] ॥੧੫॥	The divine dealers[20] ever deal in[19] truth and earn[22] the profit[21] of the Name.	ਰੱਬੀ ਵਣਜਾਰੇ[20] ਹਮੇਸ਼ਾ ਸੱਚ ਦਾ ਵਾਪਾਰ ਕਰਦੇ[19] ਹਨ ਅਤੇ ਨਾਮ ਦਾ ਨਫ਼ਾ[21] ਖੱਟਦੇ[22] ਹਨ ।
ਆਪੇ ਕਰੇ[23] ਕਰਾਏ[24] ਕਰਤਾ[25] ॥	Of Himself, the Creator[25] is the Doer[23] and the Prompter[24].	ਸਿਰਜਣਹਾਰ[25] ਖ਼ੁਦ ਹੀ ਕਰਨ ਵਾਲਾ[23] ਤੇ ਕਰਾਉਣ ਵਾਲਾ[24] ਹੈ ।
ਸਬਦਿ[26] ਮਰੈ ਸੋਈ[27] ਜਨੁ[28] ਮੁਕਤਾ[29] ॥	Only that[27] man[27] is emancipated[29], who dies through the Name[26].	ਕੇਵਲ ਉਹ[27] ਜਣਾ[28] ਹੀ ਮੋਖ਼ਸ਼[29] ਹੈ ਜੋ ਨਾਮ[26] ਦੇ ਰਾਹੀਂ ਮਰਦਾ ਹੈ ।
ਨਾਨਕ ਨਾਮੁ ਵਸੈ[30] ਮਨ ਅੰਤਰਿ[31] ਨਾਮੋ[32] ਨਾਮੁ ਧਿਆਇਦਾ[33] ॥੧੬॥੫॥ ੧੯॥	Nanak, the Name then abides[30] within[31] his mind and he meditates[33] on the Name of the Name-worthy[32] Lord.	ਨਾਨਕ, ਤਦ ਨਾਮ ਉਸ ਦੇ ਹਿਰਦੇ ਅੰਦਰ[31] ਟਿਕ ਜਾਂਦਾ[30] ਹੈ ਤੇ ਉਹ ਨਾਮਵਰ[32] ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ[33] ਹੈ ।

ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ ।
ਜੋ ਤੁਧੁ ਕਰਣਾ ਸੋ[34] ਕਰਿ ਪਾਇਆ[35] ॥	O Lord, what Thou wantest to do, that[34] Thou dost[35].	ਹੇ ਸਾਂਈਂ ! ਜੋ ਤੂੰ ਕਰਨਾ ਲੋੜਦਾ ਹੈਂ, ਉਹ[34] ਹੀ ਤੂੰ ਕਰਦਾ[35] ਹੈਂ ।
ਭਾਣੇ[36] ਵਿਚਿ ਕੋ ਵਿਰਲਾ[37] ਆਇਆ[38] ॥	Rare is the One[37], who walks[38] in the Lord's will[36].	ਕੋਈ ਇੱਕ[37] ਅੱਧਾ ਜਣਾ ਹੀ ਸਾਂਈਂ ਦੀ ਰਜ਼ਾ[36] ਅੰਦਰ ਟੁਰਦਾ[38] ਹੈ ।
ਭਾਣਾ ਮੰਨੇ[39] ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥ ੧॥	He, who submits[39] to the Lord's will, is blessed with peace. It is in the Lord's will that one obtains bliss.	ਜੋ ਸੁਆਮੀ ਦੀ ਰਜ਼ਾ ਨੂੰ ਕਬੂਲ ਕਰਦਾ[39] ਹੈ, ਉਹ ਆਰਾਮ ਪਾਉਂਦਾ ਹੈ । ਸੁਆਮੀ ਦੀ ਰਜ਼ਾ ਅੰਦਰ ਹੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ ।
ਗੁਰਮੁਖਿ[40] ਤੇਰਾ ਭਾਣਾ ਭਾਵੈ[41] ॥	To the Guru-ward[40], Thy will is pleasing[41].	ਗੁਰੂ-ਅਨੁਸਾਰੀ[40] ਨੂੰ ਤੇਰੀ ਰਜ਼ਾ ਚੰਗੀ ਲਗਦੀ[41] ਹੈ ।
ਸਹਜੇ[42] ਹੀ ਸੁਖੁ ਸਚੁ ਕਮਾਵੈ[43] ॥	Practising[43] truth, he easily[42] obtains peace.	ਸੱਚ ਦੀ ਕਮਾਈ ਕਰਕੇ[43], ਉਹ ਸੁਖੈਨ[42] ਹੀ ਆਰਾਮ ਨੂੰ ਪਾ ਲੈਂਦਾ ਹੈ ।
ਭਾਣੇ ਨੋ ਲੋਚੈ[44] ਬਹੁਤੇਰੀ[45] ਆਪਣਾ ਭਾਣਾ ਆਪਿ ਮਨਾਇਦਾ[48] ॥੨॥	Good many[45] desire[44] to walk in the Lord's will. He Himself makes man surrender[46] to His will.	ਬਹੁਤ ਸਾਰੇ[45] ਪ੍ਰਭੂ ਦੀ ਰਜ਼ਾ ਅੰਦਰ ਟੁਰਨਾ ਚਾਹੁੰਦੇ[44] ਹਨ । ਉਹ ਖ਼ੁਦ ਹੀ ਇਨਸਾਨ ਪਾਸੋਂ ਆਪਣੀ ਰਜ਼ਾ ਮੰਨਵਾ[46] ਲੈਂਦਾ ਹੈ ।
ਤੇਰਾ ਭਾਣਾ ਮੰਨੇ[47] ਸੁ ਮਿਲੈ ਤੁਧੁ ਆਏ ॥	He, who walks[47] in Thy will, comes and meets with Thee, O Lord.	ਜੋ ਤੇਰੀ ਰਜ਼ਾ ਅੰਦਰ ਟੁਰਦਾ[47] ਹੈ, ਉਹ ਆ ਕੇ ਤੇਰੇ ਨਾਲ ਮਿਲ ਪੈਂਦਾ ਹੈ, ਹੇ ਸੁਆਮੀ !
ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ[18] ॥	He who is pleased with Thy will, merges[48] in Thee.	ਜਿਸ ਨੂੰ ਤੇਰੀ ਰਜ਼ਾ ਚੰਗੀ ਲਗਦੀ ਹੈ, ਉਹ ਤੇਰੇ ਵਿੱਚ ਲੀਨ ਹੋ ਜਾਂਦਾ[48] ਹੈ ।
ਭਾਣੇ ਵਿਚਿ ਵਡੀ[49] ਵਡਿਆਈ[50] ਭਾਣਾ ਕਿਸਹਿ[51] ਕਰਾਇਦਾ[52] ॥੩॥	Great[49] is the glory[50] of accepting God's will. Rare is the One[51], whom He makes submit[52] to His will.	ਵਿਸ਼ਾਲ[49] ਹੈ ਵਿਸ਼ਾਲਤਾ[50], ਸਾਹਿਬ ਦੀ ਰਜ਼ਾ ਕਬੂਲ ਕਰਨ ਦੀ । ਕਿਸੇ ਵਿਰਲੇ[51] ਜਣੇ ਤੋਂ ਹੀ ਉਹ ਆਪਣੀ ਰਜ਼ਾ ਮੰਨਵਾਉਂਦਾ[52] ਹੈ ।
੧੦੬੪		
ਜਾ[53] ਤਿਸੁ[54] ਭਾਵੈ[55] ਤਾ[56] ਗੁਰੂ ਮਿਲਾਏ ॥ ਗੁਰਮੁਖਿ[57] ਨਾਮੁ ਪਦਾਰਥੁ[58] ਪਾਏ ॥	When[53] it pleases[55] Him[54], then[56] He introduces one to the Guru and he obtains the wealth[58] of the Name, by the Guru's grace[57].	ਜਦ[53] ਉਸ[54] ਨੂੰ ਚੰਗਾ ਲਗਦਾ[55] ਹੈ, ਤਦ[56] ਉਹ ਮਿਲਾ ਦਿੰਦਾ ਹੈ ਅਤੇ ਉਹ ਗੁਰਾਂ ਦੀ ਦਇਆ[57] ਦੁਆਰਾ, ਨਾਮ ਦੀ ਦੌਲਤ[58] ਨੂੰ ਪਾ ਲੈਂਦਾ ਹੈ ।
ਤੁਧੁ ਆਪਣੈ ਭਾਣੈ ਸਭ ਸ੍ਰਿਸਟਿ[59] ਉਪਾਈ[60] ਜਿਸ ਨੋ ਭਾਣਾ ਦੇਹਿ[61] ਤਿਸੁ[62] ਭਾਇਦਾ[63] ॥੪॥	In Thy will, O Lord Thou hast created[60] the whole world[59]. Whomsoever Thou so blesseth[61], to him[62] Thy will is pleasing[63].	ਆਪਣੀ ਰਜ਼ਾ ਅੰਦਰ, ਹੇ ਪ੍ਰਭੂ ! ਤੂੰ ਸਾਰਾ ਸੰਸਾਰ[59] ਸਿਰਜਿਆ[60] ਹੈ । ਜਿਸ ਨੂੰ ਤੂੰ ਐਹੋ ਜੇਹੀ ਬਰਕਤ ਬਖ਼ਸ਼ਦਾ[61] ਹੈਂ, ਉਸ ਨੂੰ[62] ਤੇਰੀ ਰਜ਼ਾ ਚੰਗੀ ਲਗਦੀ[63] ਹੈ ।
ਮਨਮੁਖੁ[64] ਅੰਧੁ[65] ਕਰੇ ਚਤੁਰਾਈ[66] ॥	Thy blind[65] mind-ward[64] practises cleverness[66].	ਅੰਨ੍ਹਾ[65] ਮਨ-ਮੱਤੀਆ[64] ਚਲਾਕੀ[66] ਕਰਦਾ ਹੈ ।
ਭਾਣਾ ਨ ਮੰਨੇ[67] ਬਹੁਤੁ[68] ਦੁਖੁ[69] ਪਾਈ[70] ॥	He surrenders[67] not to the Lord's will and suffers[70] great[68] sorrow[69].	ਉਹ ਪ੍ਰਭੂ ਦੀ ਰਜ਼ਾ ਨੂੰ ਸਵੀਕਾਰ ਨਹੀਂ ਕਰਦਾ ਅਤੇ ਘਣੇਰਾ[68] ਕਸ਼ਟ[69] ਉਠਾਉਂਦਾ[70] ਹੈ ।

ਭਰਮੇ[71] ਭੂਲਾ[72] ਆਵੈ ਜਾਏ ਘਰੁ[73] ਮਹਲੁ[76] ਨ ਕਬਹੂ[74] ਪਾਇਦਾ[75] ॥੫॥	He strays in doubt and continues coming and going. He attains[75] not ever[74] to the mansion[73] and presence[76] of the Lord.	ਉਹ ਸਹਸੇ ਅੰਦਰ ਭਟਕਦਾ ਹੈ ਤੇ ਆਉਂਦਾ ਤੇ ਜਾਂਦਾ ਰਹਿੰਦਾ ਹੈ। ਉਹ ਸੁਆਮੀ ਦੇ ਮੰਦਰ[73] ਅਤੇ ਹਜ਼ੂਰੀ[76] ਨੂੰ ਕਦੇ[74] ਭੀ ਪ੍ਰਾਪਤ[75] ਨਹੀਂ ਹੁੰਦਾ।
ਸਤਿਗੁਰੁ ਮੇਲੇ ਦੇ[77] ਵਡਿਆਈ[78] ॥	The True Guru unites one with the Lord and blesses[77] him with glory[78].	ਸੱਚੇ ਗੁਰਦੇਵ ਬੰਦੇ ਨੂੰ ਪ੍ਰਭੂ ਨਾਲ ਮਿਲਾ ਦਿੰਦੇ ਹਨ ਅਤੇ ਉਸ ਨੂੰ ਪ੍ਰਭਤਾ[78] ਪ੍ਰਦਾਨ ਕਰਦੇ[77] ਹਨ।
ਸਤਿਗੁਰ ਕੀ ਸੇਵਾ[79] ਧੁਰਿ[80] ਫੁਰਮਾਈ[81] ॥	The Lord[80], from the very begining, has enjoyed[81] the True Guru's service[79].	ਪ੍ਰਭੂ[80] ਨੇ ਸੱਚੇ ਗੁਰਾਂ ਦੀ ਘਾਲ[79] ਕਮਾਉਣ ਦਾ ਧੁਰ ਤੋਂ ਹੁਕਮ ਦਿੱਤਾ[81] ਹੈ।
ਸਤਿਗੁਰ ਸੇਵੇ[84] ਤਾ[82] ਨਾਮੁ ਪਾਏ[83] ਨਾਮੇ ਹੀ ਸੁਖੁ[85] ਪਾਇਦਾ ॥੬॥	If man serves[84] the True Guru, then[82] is he blessed[83] with the Name. It is through the Name alone that he obtains peace[85].	ਜੇਕਰ ਜੀਵ ਸੱਚੇ ਗੁਰਾਂ ਦੀ ਟਹਿਲ ਕਮਾਵੇ[84], ਤਦ[82] ਉਸ ਨੂੰ ਨਾਮ ਦੀ ਦਾਤ ਮਿਲਦੀ[83] ਹੈ। ਕੇਵਲ ਨਾਮ ਦੇ ਰਾਹੀਂ ਹੀ ਉਹ ਆਰਾਮ[85] ਪਾਉਂਦਾ ਹੈ।
ਸਭ[86] ਨਾਵਹੁ ਉਪਜੈ[87] ਨਾਵਹੁ ਛੀਜੈ[88] ॥	Everything[86] wells up[87] from the Name and everything perishes[88] through the Name.	ਹਰ ਵਸਤੂ ਨਾਮ ਤੋਂ ਉਤਪੰਨ ਹੁੰਦੀ[87] ਹੈ ਅਤੇ ਹਰ ਵਸਤੂ ਨਾਮ ਦੇ ਰਾਹੀਂ ਹੀ ਨਾਸ ਹੁੰਦੀ[88] ਹੈ।
ਗੁਰ ਕਿਰਪਾ[89] ਤੇ ਮਨੁ ਤਨੁ ਭੀਜੈ[90] ॥	By the Guru's grace[89], man's mind and body are pleased[90] with the Name.	ਗੁਰਾਂ ਦੀ ਦਇਆ[89] ਦੁਆਰਾ, ਇਨਸਾਨ ਦਾ ਚਿੱਤ ਅਤੇ ਸਰੀਰ, ਨਾਮ ਨਾਲ ਪ੍ਰਸੰਨ ਹੁੰਦੇ[90] ਹਨ।
ਰਸਨਾ[91] ਨਾਮੁ ਧਿਆਏ[92] ਰਸਿ[93] ਭੀਜੈ[94] ਰਸ[95] ਹੀ[96] ਤੇ ਰਸੁ[97] ਪਾਇਦਾ[98] ॥੭॥	Uttering[92] the Lord's Name, the tongue[91] is wetted[94] with delight[93]. Through[96] the Lord's affection[95], one obtains[98] celestial bliss[97].	ਪ੍ਰਭੂ ਦੇ ਨਾਮ ਦਾ ਉਚਾਰਨ ਕਰਨ[92] ਦੁਆਰਾ, ਜੀਭ[91] ਖ਼ੁਸ਼ੀ[93] ਨਾਲ ਗੱਚ ਹੋ ਜਾਂਦੀ[94] ਹੈ। ਪ੍ਰਭੂ ਦੇ ਪਿਆਰ[95] ਰਾਹੀਂ[96], ਜੀਵ ਬੈਕੁੰਠੀ[98] ਅਨੰਦ ਨੂੰ ਪ੍ਰਾਪਤ ਥੀ ਵੰਞਦਾ[98] ਹੈ।
ਮਹਲੈ[99] ਅੰਦਰਿ ਮਹਲੁ ਕੋ[100] ਪਾਏ ॥	Rare[100] is the One, who finds within his body's mansion[99] the mansion of the Lord.	ਕੋਈ ਵਿਰਲਾ[100] ਜਣਾ ਹੀ ਆਪਣੀ ਦੇਹ ਦੇ ਮੰਦਰ[99] ਵਿਚ ਪ੍ਰਭੂ ਦੇ ਟਿਕਾਣੇ ਨੂੰ ਪਾਉਂਦਾ ਹੈ।
ਗੁਰ ਕੈ ਸਬਦਿ[2] ਸਚਿ[3] ਚਿਤੁ[4] ਲਾਏ[5] ॥	By the Guru's instruction[2], he fixes[5] his mind[4] with the True Lord[3].	ਗੁਰਾਂ ਦੇ ਉਪਦੇਸ਼[2] ਦੁਆਰਾ, ਉਹ ਆਪਣਾ ਮਨ[4] ਸੱਚੇ ਸੁਆਮੀ[3] ਨਾਲ ਜੋੜ ਲੈਂਦਾ[5] ਹੈ।
ਜਿਸ ਨੋ ਸਚੁ ਦੇਇ[6] ਸੋਈ[7] ਸਚੁ ਪਾਏ ਸਚੇ ਸਚਿ[8] ਮਿਲਾਇਦਾ[9] ॥੮॥	Whosoever the Lord blesses[6] with truth, He[7] alone obtains the truth and merges[9] in nothing but truth[8].	ਜਿਸ ਕਿਸੇ ਨੂੰ ਪ੍ਰਭੂ ਸੱਚ ਬਖ਼ਸ਼ਦਾ[6] ਹੈ, ਕੇਵਲ ਉਹ[7] ਹੀ ਸੱਚ ਨੂੰ ਪਾਉਂਦਾ ਹੈ ਅਤੇ ਨਿਰੋਲ ਸੱਚ[8] ਅੰਦਰ ਲੀਨ ਹੁੰਦਾ[9] ਹੈ।
ਨਾਮੁ ਵਿਸਾਰਿ[10] ਮਨਿ[14] ਤਨਿ[15] ਦੂਖੁ[12] ਪਾਇਆ[13] ॥	Forgetting[10] the Name, man's body[15] and mind[14] suffer[13] sorrow[12].	ਨਾਮ ਨੂੰ ਭੁਲਾ ਕੇ[10] ਇਨਸਾਨ ਦਾ ਸਰੀਰ[15] ਅਤੇ ਚਿੱਤ[14] ਦੁਖ[12] ਉਠਾਉਂਦੇ[13] ਹਨ।
ਮਾਇਆ[16] ਮੋਹੁ[17] ਸਭੁ ਰੋਗੁ[18] ਕਮਾਇਆ[19] ॥	Through the love[17] of riches[16], he earns[19] nothing but disease[18].	ਧਨ-ਦੌਲਤ[16] ਦੇ ਪਿਆਰ[17] ਰਾਹੀਂ, ਉਹ ਨਿਰੋਲ ਬਿਮਾਰੀ[18] ਦੀ ਹੀ ਖੱਟੀ ਖੱਟਦਾ[19] ਹੈ।

ਬਿਨੁ ਨਾਵੈ ਮਨੁ ਤਨੁ ਹੈ ਕੁਸਟੀ[20] ਨਰਕੇ[21] ਵਾਸਾ[23] ਪਾਇਦਾ[22] ॥੯॥	Without the Name his mind and body are leprous[20] and he is assigned[22] an abode[23] in hell.	ਨਾਮ ਦੇ ਬਾਝੋਂ ਉਸ ਦੀ ਆਤਮਾ ਅਤੇ ਦੇਹ ਕੋੜ੍ਹੀ[20] ਹਨ ਅਤੇ ਉਸ ਨੂੰ ਨਰਕ ਅੰਦਰ ਵਸੇਬਾ[23] ਮਿਲਦਾ[22] ਹੈ।
ਨਾਮਿ ਰਤੇ[23*] ਤਿਨ ਨਿਰਮਲ[24] ਦੇਹਾ[25] ॥	They, who are imbued[23*] with the Name; immaculate[24] is their body[25].	ਜੋ ਨਾਮ ਨਾਲ ਰੰਗੀਜੇ[23*] ਹਨ, ਪਵਿੱਤਰ[24] ਹੈ ਉਨ੍ਹਾਂ ਦੀ ਕਾਇਆਂ[25]।
ਨਿਰਮਲ[26] ਹੰਸਾ[27] ਸਦਾ[28] ਸੁਖੁ[29] ਨੇਹਾ[30] ॥	Sanctified[26] is their swan-soul[27] and in their Lord's love[30] they ever[28] remain in bliss[29].	ਪਾਵਨ ਪੁਨੀਤ[26] ਹੈ ਉਨ੍ਹਾਂ ਦੀ ਰਾਜਹੰਸ ਆਤਮਾ[27], ਅਤੇ ਆਪਣੇ ਪ੍ਰਭੂ ਦੀ ਪ੍ਰੀਤ[30] ਅੰਦਰ ਉਹ ਹਮੇਸ਼ਾ[28] ਪ੍ਰਸੰਨ[29] ਰਹਿੰਦੇ ਹਨ।
ਨਾਮੁ ਸਲਾਹਿ[31] ਸਦਾ ਸੁਖੁ ਪਾਇਆ ਨਿਜ[32] ਘਰਿ[34] ਵਾਸਾ[33] ਪਾਇਦਾ ॥ ੧੦॥	Praising[31] the Name, they procure eternal peace and abide[33] in their own[32] home[34].	ਨਾਮ ਦੀ ਮਹਿਮਾ[31] ਦੁਆਰਾ, ਉਹ ਸਦੀਵੀ ਸੁਖ ਪਾ ਲੈਂਦੇ ਹਨ ਅਤੇ ਆਪਣੇ ਨਿੱਜ[32] ਦੇ ਧਾਮ[34] ਵਿੱਚ ਵਸਦੇ[33] ਹਨ।
ਸਭੁ ਕੋ ਵਣਜੁ[35] ਕਰੇ ਵਾਪਾਰਾ[36] ॥	Everyone traffics[35] and trades[36].	ਹਰ ਕੋਈ ਲੈਣ ਦੇਣ[35] ਤੇ ਸੁਦਾਗਰੀ ਕਰਦਾ[36] ਹੈ।
ਵਿਣੁ ਨਾਵੈ ਸਭੁ[37] ਤੋਟਾ[38] ਸੰਸਾਰਾ[39] ॥	Without the Lord's Name, the world[39] suffers total[37] loss[38].	ਪ੍ਰਭੂ ਦੇ ਨਾਮ ਦੇ ਬਗੈਰ, ਦੁਨੀਆ[39] ਮੁਕੰਮਲ[37] ਨੁਕਸਾਨ[38] ਉਠਾਉਂਦੀ ਹੈ।
ਨਾਗੋ[40] ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ[41] ਪਾਇਦਾ[42] ॥੧੧॥	Naked[40] the mortal comes, naked goes he and without the Name suffers[42] he sorrow[41].	ਪ੍ਰਾਣੀ ਨੰਗਾ[40] ਆਉਂਦਾ ਹੈ, ਨੰਗਾ ਹੀ ਉਹ ਜਾਂਦਾ ਹੈ ਅਤੇ ਨਾਮ ਦੇ ਬਾਝੋਂ ਉਹ ਤਕਲੀਫ਼[41] ਪਾਉਂਦਾ[42] ਹੈ।
ਜਿਸ ਨੋ ਨਾਮੁ ਦੇਇ ਸੋ[43] ਪਾਏ ॥	He[43] alone obtains the Name, whom Lord blesses.	ਕੇਵਲ ਉਹ[43] ਹੀ ਨਾਮ ਨੂੰ ਪਾਉਂਦਾ ਹੈ, ਜਿਸ ਨੂੰ ਸੁਆਮੀ ਦਿੰਦਾ ਹੈ।
ਗੁਰ ਕੈ ਸਬਦਿ[44] ਹਰਿ ਮੰਨਿ[45] ਵਸਾਏ[46] ॥	By the Gurn's instruction[44], he abides[46] the Name within his mind[45].	ਗੁਰਾਂ ਦੇ ਉਪਦੇਸ਼[44] ਦੁਆਰਾ, ਉਹ ਨਾਮ ਨੂੰ ਆਪਣੇ ਰਿਦੇ[45] ਅੰਦਰ ਟਿਕਾ ਲੈਂਦਾ[46] ਹੈ।
ਗੁਰ ਕਿਰਪਾ[47] ਤੇ[48] ਨਾਮੁ ਵਸਿਆ ਘਟ[49] ਅੰਤਰਿ[50] ਨਾਮੋ ਨਾਮੁ[51] ਧਿਆਇਦਾ[52] ॥ ੧੨॥	By[48] the the Guru's grace[47], the Name abides in[50] his mind[49] and he reflects[52] only on the Name[51].	ਗੁਰਾਂ ਦੀ ਦਇਆ[47] ਦੁਆਰਾ[48], ਨਾਮ ਉਸ ਦੇ ਚਿੱਤ[49] ਵਿਚ[50] ਟਿਕ ਜਾਂਦਾ ਹੈ ਅਤੇ ਉਹ ਕੇਵਲ[51] ਨਾਮ ਦਾ ਹੀ ਚਿੰਤਨ ਕਰਦਾ[52] ਹੈ।
ਨਾਵੈ ਨੋ ਲੋਚੈ[53] ਜੇਤੀ ਸਭ[54] ਆਈ[55] ॥	Everyone[54], who is come[55] in this world, longs[53] for the Name.	ਹਰ ਕੋਈ[54] ਜੋ ਜੱਗ ਵਿੱਚ ਆਇਆ[55] ਹੈ, ਨਾਮ ਨੂੰ ਚਾਹੁੰਦਾ[53] ਹੈ।
ਨਾਉ ਤਿਨਾ[56] ਮਿਲੈ[57] ਧੁਰਿ[58] ਪੁਰਬਿ[59] ਕਮਾਈ[60] ॥	They[56] alone obtain[57] the Name, who had done, in the past[59], good deeds[60] as writ by the Primal Lord[58].	ਕੇਵਲ ਉਹ[56] ਹੀ ਨਾਮ ਨੂੰ ਪਾਉਂਦੇ ਹਨ, ਜਿਨ੍ਹਾਂ ਨੇ ਆਦੀ ਪ੍ਰਭੂ[58] ਦੀ ਲਿਖਤਾਕਾਰ ਅਨੁਸਾਰ ਪਿੱਛੇ[59] ਚੰਗੇ ਕਰਮ[60] ਕੀਤੇ ਹਨ।
ਜਿਨੀ ਨਾਉ ਪਾਇਆ ਸੇ [61]ਵਡਭਾਗੀ[63] ਗੁਰ ਕੈ	Very[61] lucky[63] are they, who attain unto the Name. By the Guru's	ਭਾਰੇ[61] ਕਰਮਾਂ[63] ਵਾਲੇ ਹਨ ਜੋ ਨਾਮ ਨੂੰ ਪ੍ਰਾਪਤ ਹੁੰਦੇ ਹਨ। ਗੁਰਾਂ ਦੇ ਉਪਦੇਸ਼[62] ਦੁਆਰਾ, ਹਰੀ ਉਨ੍ਹਾਂ ਨੂੰ

ਸਬਦਿ[62] ਮਿਲਾਇਦਾ ॥੧੩॥	gospel[63], God unites them with Himself.	ਆਪਣੇ ਨਾਲ ਮਿਲਾ ਲੈਂਦਾ ਹੈ।
ਕਾਇਆ[64] ਕੋਟੁ[65] ਅਤਿ[66] ਅਪਾਰਾ[67] ॥	Supremely[66] beauteous[67] is the fortress[65] of the body[64].	ਪਰਮ[66] ਸੁੰਦਰ[67] ਹੈ ਦੇਹ[64] ਦਾ ਕਿਲ੍ਹਾ[65]।
ਤਿਸੁ[68] ਵਿਚਿ[69] ਬਹਿ[70] ਪ੍ਰਭੁ ਕਰੇ ਵੀਚਾਰਾ[71] ॥	Sitting[70] there[68] in[69], the Lord gives thought[71] to Himself.	ਉਸ[68] ਅੰਦਰ[69] ਬੈਠ[70] ਕੇ ਪ੍ਰਭੂ ਸੋਚ ਵਿਚਾਰ[71] ਕਰਦਾ ਹੈ।
ਸਚਾ ਨਿਆਉ[72] ਸਚੋ ਵਾਪਾਰਾ[73] ਨਿਹਚਲੁ[74] ਵਾਸਾ[75] ਪਾਇਦਾ ॥੧੪॥	He administers true justice[72] and deals[73] only in truth. One remember-ind Him, obtains an eternal[74] abode[75].	ਉਹ ਸੱਚਾ ਇਨਸਾਫ਼[72] ਕਰਦਾ ਹੈ ਅਤੇ ਸੱਚ ਨੂੰ ਹੀ ਵਣਜਦਾ[73] ਹੈ। ਉਸ ਦਾ ਸਿਮਰਨ ਕਰਨ ਵਾਲਾ ਸਦੀਵੀ[74] ਨਿਵਾਸ ਅਸਥਾਨ[75] ਨੂੰ ਪਾ ਲੈਂਦਾ ਹੈ।
ਅੰਤਰ[76] ਘਰ[77] ਬੰਕੇ[78] ਥਾਨੁ[79] ਸੁਹਾਇਆ[80] ॥	Within[76] one are the beauteous[78] houses[77] and the illustrious[80] places[79].	ਬੰਦੇ ਦੇ ਅੰਦਰ[76] ਸੁੰਦਰ[78] ਧਾਮ[77] ਅਤੇ ਕੀਰਤੀਮਾਨ[80] (ਸੁੰਦਰ) ਅਸਥਾਨ[79] ਹਨ।
ਗੁਰਮੁਖਿ[81] ਵਿਰਲੈ ਕਿਨੈ[82] ਥਾਨੁ ਪਾਇਆ[83] ॥	Through the Guru's grace[81], some rare one[82], attains[83] unto the said places.	ਗੁਰਾਂ ਦੀ ਦਇਆ[81] ਦੁਆਰਾ, ਕੋਈ ਟਾਂਵਾਂ ਜਣਾ[82] ਹੀ ਉਪ੍ਰੋਕਤ ਅਸਥਾਨਾਂ ਨੂੰ ਪ੍ਰਾਪਤ ਹੁੰਦਾ[83] ਹੈ।
ਇਤੁ[84] ਸਾਥਿ ਨਿਬਹੈ[85] ਸਾਲਾਹੇ[86] ਸਚੇ[87] ਹਰਿ ਸਚਾ[90] ਮੰਨਿ[88]ਵਸਾਇਦਾ[89]॥ ੧੫॥	If one keep the companionship[85] of these[84] homes and places and praises[86] the True Lord[87], then the True God[90] is enshrined[89] in his mind.	ਜੇਕਰ ਇਨਸਾਨ ਇਨ੍ਹਾਂ[84] ਧਾਮਾਂ ਅਤੇ ਅਸਥਾਨਾਂ ਦੀ ਸੰਗਤ[85] ਵਿਚ ਰਹੇ ਅਤੇ ਸੱਚੇ ਸਾਂਈਂ[87] ਦੀ ਸਿਫ਼ਤ ਸ਼ਲਾਘਾ[86] ਕਰੇ, ਤਦ ਸੱਚਾ ਹਰੀ[90] ਉਸ ਦੇ ਹਿਰਦੇ[88] ਅੰਦਰ ਟਿਕ ਜਾਂਦਾ[89] ਹੈ।
ਮੇਰੈ ਕਰਤੈ[91] ਇਕ ਬਣਤ[92] ਬਣਾਈ[93] ॥	My Creator[91] Lord has made[93] such a make[92].	ਮੇਰੇ ਸਿਰਜਣਹਾਰ[91] ਸੁਆਮੀ ਨੇ ਇਕ ਐਹੋ ਜੇਹੀ ਘਾੜਤ[92] ਘੜੀ[93] ਹੈ।
ਇਸੁ ਦੇਹੀ[94] ਵਿਚਿ ਸਭ ਵਥੁ[95] ਪਾਈ ॥	Within this body[94], He has put every thing[95].	ਇਸ ਕਾਇਆਂ[94] ਅੰਦਰ ਉਸ ਨੇ ਹਰ ਵਸਤੂ[95] ਪਾਈ ਹੋਈ ਹੈ।
ਨਾਨਕ ਨਾਮੁ ਵਣਜਹਿ[96] ਰੰਗਿ[97] ਰਾਤੇ[98] ਗੁਰਮੁਖਿ[99] ਕੋ ਨਾਮੁ[100] ਪਾਇਦਾ ॥੧੬॥੬॥੨੦॥	Nanak, they, who deal in[96] the Lord's Name, are imbued[98] with His love[97]. Rare[100] is the one, who by the Guru's grace[99], obtains the Name.	ਨਾਨਕ, ਜੋ ਪ੍ਰਭੂ ਦੇ ਨਾਮ ਦਾ ਵਾਪਾਰ ਕਰਦੇ[96] ਹਨ, ਉਹ ਉਸ ਦੀ ਪ੍ਰੀਤ[97] ਨਾਲ ਰੰਗੇ ਜਾਂਦੇ[98] ਹਨ। ਕੋਈ ਵਿਰਲਾ ਜਣਾ[100] ਹੀ ਗੁਰਾਂ ਦੀ ਦਇਆ[99] ਦੁਆਰਾ, ਨਾਮ ਨੂੰ ਪਾਉਂਦਾ ਹੈ।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ।
ਕਾਇਆ[2] ਕੰਚਨੁ[3] ਸਬਦੁ[4] ਵੀਚਾਰਾ[5] ॥	Reflecting[5] on the Name[4], the body[2] becomes like gold[3].	ਨਾਮ[4] ਦਾ ਆਰਾਧਨ ਕਰਨ[5] ਦੁਆਰਾ ਦੇਹ[2] ਸੋਨੇ[3] ਵਰਗੀ ਹੋ ਜਾਂਦੀ ਹੈ।
ਤਿਥੈ[6] ਹਰਿ ਵਸੈ ਜਿਸ ਦਾ ਅੰਤੁ[7] ਨ ਪਾਰਾਵਾਰਾ[8] ॥	There[6] abides God, who has no limit[7] or bounds[8].	ਓਥੇ[6] ਵਾਹਿਗੁਰੂ ਵਸਦਾ ਹੈ; ਉਸ ਦਾ ਕੋਈ ਓੜਕ[7] ਜਾਂ ਹੱਦਬੰਨਾ[8] ਨਹੀਂ।
ਅਨਦਿਨੁ[9] ਹਰਿ ਸੇਵਿਹੁ[14] ਸਚੀ ਬਾਣੀ[13] ਹਰਿ ਜੀਉ[10]	Night[9] and day serve[14] thee thy God and utter the true Gurbani[13], for it	ਰੈਣ[9] ਅਤੇ ਦਿਹੁੰ ਤੂੰ ਆਪਣੇ ਵਾਹਿਗੁਰੂ ਦੀ ਘਾਲ ਕਮਾ[14] ਅਤੇ ਸੱਚੀ ਗੁਰਬਾਣੀ[13] ਦਾ ਉਚਾਰਨ ਕਰ, ਕਿਉਂਜੋ

ਸਬਦਿ[12] ਮਿਲਾਇਦਾ ॥੧॥	is through the Guru's word[12], that the adorable[10] Lord is met.	ਗੁਰਾਂ ਦੀ ਬਾਣੀ[12] ਰਾਹੀਂ ਹੀ ਪੂਜਨ[10] ਪ੍ਰਭੂ ਮਿਲਦਾ ਹੈ ।
ਹਰਿ ਚੇਤਹਿ[15] ਤਿਨ ਬਲਿਹਾਰੈ[16] ਜਾਉ ॥	I am a sacrifice[16] unto those who remember[15] God.	ਮੈਂ ਉਨ੍ਹਾਂ ਉਤੋਂ ਕੁਰਬਾਨ[16] ਜਾਂਦਾ ਹਾਂ, ਜੋ ਵਾਹਿਗੁਰੂ ਨੂੰ ਸਿਮਰਦੇ[15] ਹਨ ।
ਗੁਰ ਕੈ ਸਬਦਿ[17] ਤਿਨ[18] ਮੇਲਿ[19] ਮਿਲਾਉ[20] ॥	By Guru's instruction[17], associate[20] I with their[18] society[19].	ਗੁਰਾਂ ਦੇ ਉਪਦੇਸ਼[17] ਦੁਆਰਾ, ਮੈਂ ਉਨ੍ਹਾਂ[18] ਦੀ ਸੰਗਤ[19] ਅੰਦਰ ਜੁੜਦਾ[20] ਹਾਂ ।
੧੦੬੫		
ਤਿਨ ਕੀ ਧੂਰਿ[21] ਲਾਈ[22] ਮੁਖਿ[23] ਮਸਤਕਿ[24] ਸਤਸੰਗਤਿ ਬਹਿ[25] ਗੁਣ[26] ਗਾਇਦਾ ॥੨॥	With the dust[21] of their feet, anoint[22] I, my face[23] and forehead[24] and sitting[25] in the saints' congregation sing I the Lord's praise[26].	ਉਨ੍ਹਾਂ ਦੇ ਪੈਰਾਂ ਦੀ ਖ਼ਾਕ[21] ਨੂੰ ਮੈਂ ਆਪਣੇ ਚਿਹਰੇ[23] ਅਤੇ ਮੱਥੇ[24] ਉਤੇ ਮਲਦਾ[22] ਹਾਂ ਅਤੇ ਸਤਿਸੰਗਤ ਅੰਦਰ ਬੈਠ ਕੇ[25] ਪ੍ਰਭੂ ਦਾ ਜੱਸ[26] ਗਾਇਨ ਕਰਦਾ ਹਾਂ ।
ਹਰਿ ਕੇ ਗੁਣ[27] ਗਾਵਾ[28] ਜੇ ਹਰਿ ਪ੍ਰਭ ਭਾਵਾ[29] ॥ ਅੰਤਰਿ[30] ਹਰਿ ਨਾਮੁ ਸਬਦਿ[31] ਸੁਹਾਵਾ[32] ॥	If[28] I am pleasing[29] to the Lord-God, then alone sing I the Lord's praise[27]. Through the beauteous[32] Gurbani[31], God's Name is enshrined within my mind[30].	ਜੇਕਰ[28] ਮੈਂ ਸੁਆਮੀ ਵਾਹਿਗੁਰੂ ਨੂੰ ਚੰਗਾ[29] ਲੱਗਾਂ, ਕੇਵਲ ਤਾਂ ਹੀ ਮੈਂ ਪ੍ਰਭੂ ਦੀ ਕੀਰਤੀ[27] ਗਾਉਂਦਾ ਹਾਂ । ਸੁੰਦਰ[32] ਗੁਰਬਾਣੀ[31] ਦੇ ਰਾਹੀਂ, ਰੱਬ ਦਾ ਨਾਮ ਮੇਰੇ ਆਤਮੇ[30] ਅੰਦਰ ਟਿਕ ਗਿਆ ਹੈ ।
ਗੁਰਬਾਣੀ ਚਹੁ ਕੁੰਡੀ[33] ਸੁਣੀਐ ਸਾਚੈ ਨਾਮਿ[34] ਸਮਾਇਦਾ[35] ॥੩॥	The Guru's word is heard in the four corners[33] of the world and through it, the mortal merges[35] in True Name[34].	ਗੁਰਾਂ ਦੀ ਬਾਣੀ ਸੰਸਾਰ ਦੇ ਚੌਹਾਂ ਕੋਨਿਆਂ[33] ਅੰਦਰ ਸੁਣੀ ਜਾਂਦੀ ਹੈ ਅਤੇ ਇਸ ਦੇ ਰਾਹੀਂ, ਪ੍ਰਾਣੀ ਸਤਿਨਾਮ[34] ਅੰਦਰ ਲੀਨ ਹੋ ਜਾਂਦਾ[35] ਹੈ ।
ਜੋ ਜਨੁ[36] ਸਾਚਾ ਜਿ ਅੰਤਰੁ[37] ਭਾਲੇ[38] ॥ ਗੁਰ ਕੈ ਸਬਦਿ[39] ਹਰਿ ਨਦਰਿ[40] ਨਿਹਾਲੇ[41] ॥	True is the person[36], who searches[38] his within[37] and by Guru's instruction[39] sees[41] the Lord with his eyes[40].	ਸੱਚਾ ਹੈ ਉਹ ਪੁਰਸ਼[36], ਜੋ ਆਪਣੇ ਅੰਦਰ[37] ਨੂੰ ਖੋਜਦਾ[38] ਹੈ ਅਤੇ ਗੁਰਾਂ ਦੇ ਉਪਦੇਸ਼[39] ਦੁਆਰਾ, ਸੁਆਮੀ ਨੂੰ ਆਪਣੀਆਂ ਅੱਖਾਂ[40] ਨਾਲ ਵੇਖਦਾ[41] ਹੈ ।
ਗਿਆਨੁ[42] ਅੰਜਨੁ[43] ਪਾਏ ਗੁਰ ਸਬਦੀ ਨਦਰੀ[44] ਨਦਰਿ[45] ਮਿਲਾਇਦਾ ॥੪॥	By the Guru's instruction, he applies the salv[43] of gnosis[42] to his eyes, the Merciful Master[44], in His mercy[45], unites him with Himself.	ਗੁਰਾਂ ਦੇ ਉਪਦੇਸ਼ ਦੁਆਰਾ, ਉਹ ਬ੍ਰਹਮ ਗਿਆਤ[42] ਦਾ ਸੁਰਮਾ[43] ਆਪਣੀਆਂ ਅੱਖਾਂ ਵਿਚ ਪਾਉਂਦਾ ਹੈ ਅਤੇ ਮਿਹਰਬਾਨ ਮਾਲਕ[44] ਆਪਣੀ ਮਿਹਰ[45] ਅੰਦਰ, ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ।
ਵਡੈ[46] ਭਾਗਿ[47] ਇਹੁ ਸਰੀਰੁ[48] ਪਾਇਆ[49] ॥ ਮਾਣਸ ਜਨਮਿ[50] ਸਬਦਿ[51] ਚਿਤੁ[52] ਲਾਇਆ[53] ॥	Through great[46] good fortune[47] I am blessed[49] with this body[48] and in this human life[50] I have fixed[53] my mind[52] on God[51].	ਪਰਮ[46] ਚੰਗੇ ਨਸੀਬਾਂ[47] ਰਾਹੀਂ, ਮੈਨੂੰ ਇਸ ਦੇਹ[48] ਦੀ ਦਾਤ ਪ੍ਰਾਪਤ ਹੋਈ[49] ਹੈ ਅਤੇ ਇਸ ਮਨੁੱਖੀ ਜੀਵਨ[50] ਅੰਦਰ ਮੈਂ ਆਪਣਾ ਮਨ[52] ਵਾਹਿਗੁਰੂ[51] ਨਾਲ ਜੋੜ ਲਿਆ[53] ਹੈ ।
ਬਿਨੁ ਸਬਦੈ[54] ਸਭੁ ਅੰਧ ਅੰਧੇਰਾ[55] ਗੁਰਮੁਖਿ[56] ਕਿਸਹਿ[57] ਬੁਝਾਇਦਾ[58] ॥੫॥	Without the Name[54], all is utter darkness[55]. Rare[57] is the one, who understands[58] this through the Guru's grace[56].	ਨਾਮ[54] ਦੇ ਬਗੈਰ, ਸਾਰੇ ਅਨ੍ਹੇਰ-ਘੁਪ[55] ਹੀ ਹੈ । ਗੁਰਾਂ ਦੀ ਦਇਆ[56] ਰਾਹੀਂ ਕੋਈ ਵਿਰਲਾ[57] ਜਣਾ ਹੀ ਇਸ ਨੂੰ ਸਮਝਦਾ[58] ਹੈ ।

ਇਕਿ[59] ਕਿਤੁ[60] ਆਏ ਜਨਮੁ[61] ਗਵਾਏ[62] ॥	Why[60] have some[59] come into this world to waste away[62] their human life[61] ?	ਕਈ[59] ਇਸ ਜਹਾਨ ਵਿਚ ਆਪਣਾ ਮਨੁੱਖੀ ਜੀਵਨ[61] ਬਰਬਾਦ[62] ਕਰਨ ਲਈ ਕਿਉਂ[60] ਆਏ ਹਨ ?
ਮਨਮੁਖ[63] ਲਾਗੇ[64] ਦੂਜੈ[65] ਭਾਏ[66] ॥	The egocentric[63] are attached[64] to another's[65] love[66].	ਮਨਮੱਤੀਏ[63] ਹੋਰਸ[65] ਦੀ ਪ੍ਰੀਤ[66] ਨਾਲ ਜੁੜੇ ਹੋਏ[64] ਹਨ ।
ਏਹ ਵੇਲਾ[67] ਫਿਰਿ[68] ਹਾਥਿ ਨ ਆਵੈ ਪਗਿ[69] ਖਿਸਿਐ[70] ਪਛੁਤਾਇਦਾ[71] ॥੬॥	This opportunity[67] comes not to them again[68] and they regret[71], when their foot[69] slips[70].	ਉਨ੍ਹਾਂ ਨੂੰ ਮੁੜ[68] ਇਹ ਮੌਕਾ[67] ਹੱਥ ਨਹੀਂ ਲਗਦਾ ਅਤੇ ਜਦ ਉਨ੍ਹਾਂ ਦਾ ਪੈਰ[69] ਤਿਲਕ ਜਾਂਦਾ[70] ਹੈ, ਉਹ ਪਸਚਾਤਾਪ ਕਰਦੇ[71] ਹਨ ।
ਗੁਰ ਕੈ ਸਬਦਿ[72] ਪਵਿਤ੍ਰੁ[73] ਸਰੀਰਾ[74] ॥	Immaculate[73] becomes the body[74] through the Guru's word[72].	ਪਾਵਨ ਪੁਨੀਤ[73] ਥੀ ਵੰਞਦੀ ਹੈ ਦੇਹ[74], ਗੁਰਾਂ ਦੀ ਬਾਣੀ[72] ਰਾਹੀਂ ।
ਤਿਸੁ[75] ਵਿਚਿ ਵਸੈ[79] ਸਚੁ[76] ਗੁਣੀ[77] ਗਹੀਰਾ[78] ॥	Within that[75] abides[79] the True Lord[76], the ocean[78] of virtues[77].	ਉਸ ਅੰਦਰ ਨੇਕੀਆਂ[77] ਦਾ ਸਮੁੰਦਰ[78], ਸੱਚਾ ਸਾਂਈਂ, ਵਸਦਾ[79] ਹੈ ।
ਸਚੋ ਸਚੁ[80] ਵੇਖੈ ਸਭ ਥਾਈ[81] ਸਚੁ[82] ਸੁਣਿ ਮੰਨਿ[83] ਵਸਾਇਦਾ[84] ॥੭॥	He, who sees the Truest of the true[80] in all the places[81]; He hears the True Name[82] and enshrines[84] it within his mind[83].	ਜੋ ਸੱਚਿਆਰਾਂ ਦੇ ਪਰਮ ਸੱਚਿਆਰ[80] ਨੂੰ ਸਾਰੀਆਂ ਥਾਵਾਂ[81] ਅੰਦਰ ਵੇਖਦਾ ਹੈ; ਉਹ ਸੱਚੇ ਨਾਮ[82] ਨੂੰ ਸੁਣਦਾ ਅਤੇ ਇਸ ਨੂੰ ਆਪਣੇ ਹਿਰਦੇ[83] ਅੰਦਰ ਟਿਕਾਉਂਦਾ[84] ਹੈ ।
ਹਉਮੈ[85] ਗਣਤ[86] ਗੁਰ ਸਬਦਿ[87] ਨਿਵਾਰੇ[88] ॥	Self-conceit[85] and anxiety[86] are effaced[88] through the Guru's word[87].	ਸਵੈ-ਹੰਗਤਾ[85] ਅਤੇ ਫ਼ਿਕਰ ਚਿੰਤਾ[86] ਗੁਰਾਂ ਦੀ ਬਾਣੀ[87] ਰਾਹੀਂ ਮਿੱਟ ਜਾਂਦੇ[88] ਹਨ ।
ਹਰਿ ਜੀਉ[89] ਹਿਰਦੈ[90] ਰਖਹੁ ਉਰ[91] ਧਾਰੇ[92] ॥	So, keep thou clasped[92], thy heart[90] and mind[91] to the Reverend[89] Lord.	ਇਸ ਲਈ ਤੂੰ ਪੂਜਯ[89] ਪ੍ਰਭੂ ਨੂੰ ਆਪਣੇ ਦਿਲ[90] ਅਤੇ ਮਨ[91] ਨਾਲ ਲਾਈ ਰੱਖ[92] ।
ਗੁਰ ਕੈ ਸਬਦਿ[93] ਸਦਾ ਸਾਲਾਹੇ[94] ਮਿਲਿ ਸਾਚੇ[95] ਸੁਖੁ[96] ਪਾਇਦਾ[97] ॥੮॥	He, who through the Guru's instruction[93], ever praises[94] the True Lord[95], is blessed[97] with bliss[96] and meets with Him.	ਜੋ ਗੁਰਾਂ ਦੇ ਉਪਦੇਸ਼[93] ਰਾਹੀਂ, ਸਦੀਵ ਹੀ ਸੱਚੇ ਸਾਂਈਂ[95] ਦੀ ਸਿਫ਼ਤ ਕਰਦਾ[94]ਹੈ, ਉਸ ਨੂੰ ਖ਼ੁਸ਼ੀ[96] ਪ੍ਰਦਾਨ ਹੁੰਦੀ[97] ਹੈ ਅਤੇ ਉਹ ਉਸ ਨਾਲ ਮਿਲ ਪੈਂਦਾ ਹੈ ।
ਸੋ[98] ਚੇਤੇ[99] ਜਿਸੁ ਆਪਿ[100] ਚੇਤਾਏ ॥	He[98] alone meditates[99] on the Lord, whom He Himself[100] makes meditate.	ਕੇਵਲ ਉਹ[98] ਹੀ ਸਾਹਿਬ ਦਾ ਸਿਮਰਨ ਕਰਦਾ[99] ਹੈ, ਜਿਸ ਪਾਸੋਂ ਉਹ ਖ਼ੁਦ[100] ਸਿਮਰਨ ਕਰਵਾਉਂਦਾ ਹੈ ।
ਗੁਰ ਕੈ ਸਬਦਿ[2] ਵਸੈ ਮਨਿ ਆਏ ॥	Through the Guru's word[2], the Lord comes to abide in the mortal's mind.	ਗੁਰਾਂ ਦੀ ਬਾਣੀ ਰਾਹੀਂ, ਪ੍ਰਭੂ ਆ ਕੇ ਪ੍ਰਾਣੀ ਦੇ ਹਿਰਦੇ ਅੰਦਰ ਟਿਕ ਜਾਂਦਾ ਹੈ ।
ਆਪੇ[3] ਵੇਖੈ[4] ਆਪੇ ਬੂਝੈ[5] ਆਪੈ ਆਪੁ[6] ਸਮਾਇਦਾ[7] ॥੯॥	God Himself[3] sees[4] and Himself understands[5] the mortals and Himself merges[7] them in Himself[6].	ਵਾਹਿਗੁਰੂ ਖ਼ੁਦ[3] ਪ੍ਰਾਣੀਆਂ ਨੂੰ ਦੇਖਦਾ[4] ਹੈ, ਖ਼ੁਦ ਹੀ ਸਮਝਦਾ[5] ਹੈ ਅਤੇ ਖ਼ੁਦ ਹੀ ਉਨ੍ਹਾਂ ਨੂੰ ਆਪਣੇ[6] ਅੰਦਰ ਲੀਨ ਕਰ ਲੈਂਦਾ[7] ਹੈ ।
ਜਿਨਿ ਮਨ ਵਿਚਿ ਵਥੁ[8] ਪਾਈ ਸੋਈ[9] ਜਾਣੈ[10] ॥	He[9] alone understands[10] the mystery, who has put the Name commodity[8] in the mind.	ਕੇਵਲ ਉਹ[9] ਹੀ ਭੇਤ ਨੂੰ ਸਮਝਦਾ[10] ਹੈ, ਜਿਸ ਨੇ ਨਾਮ ਵਸਤੂ[8] ਹਿਰਦੇ ਅੰਦਰ ਪਾਈ ਹੈ ।

ਗੁਰ ਕੈ ਸਬਦੇ[12] ਆਪੁ[13] ਪਛਾਣੈ[14] ॥	By the Guru's instruction[12], the mortal knows[14] himself[13].	ਗੁਰਾਂ ਦੀ ਸਿੱਖਮਤ[12] ਦੁਆਰਾ, ਜੀਵ ਆਪਣੇ ਆਪ[13] ਨੂੰ ਜਾਣ ਲੈਂਦਾ[14] ਹੈ।
ਆਪੁ ਪਛਾਣੈ ਸੋਈ[15] ਜਨੁ[16] ਨਿਰਮਲੁ[17] ਬਾਣੀ ਸਬਦੁ[18] ਸੁਣਾਇਦਾ[19] ॥ ੧੦॥	Immaculate[17] is the[15] person[16], who understands his ownself and preaches[19] God's[18] word to others.	ਪਵਿੱਤ੍ਰ[17] ਹੈ ਉਹ[15] ਪੁਰਸ਼[16] ਜੋ ਆਪਣੇ ਆਪ ਨੂੰ ਸਮਝਦਾ ਹੈ ਅਤੇ ਹੋਰਨਾਂ ਨੂੰ ਹਰੀ[18] ਦੀ ਬਾਣੀ ਦਾ ਉਪਦੇਸ਼ ਦਿੰਦਾ[19] ਹੈ।
ਏਹ ਕਾਇਆ[20] ਪਵਿਤੁ[21] ਹੈ ਸਰੀਰੁ[22] ॥ ਗੁਰ ਸਬਦੀ[23] ਚੇਤੈ[24] ਗੁਣੀ[25] ਗਹੀਰੁ[26] ॥	Sanctifieed[21] is tnis human body[20] and frame[22], which through Guru's instruction[23] contemplates[24] the Lord, the ocean[26] of virtues[25].	ਪਾਵਨ ਪੁਨੀਤ[21] ਹੈ ਇਹ ਮਨੁੱਖੀ ਜਿਸਮ[20] ਅਥਵਾ ਦੇਹ[22], ਜੋ ਗੁਰਾਂ ਦੇ ਉਪਦੇਸ਼[23] ਰਾਹੀਂ ਨੇਕੀਆਂ[25] ਦੇ ਸਮੁੰਦਰ[26] ਸੁਆਮੀ ਦਾ ਸਿਮਰਨ ਕਰਦੀ[24] ਹੈ।
ਅਨਦਿਨੁ[27] ਗੁਣ[28] ਗਾਵੈ ਰੰਗਿ[29] ਰਾਤਾ[30] ਗੁਣ[31] ਕਹਿ[32] ਗੁਣੀ[33] ਸਮਾਇਦਾ[34] ॥੧੧॥	Imbued[30] with love[29] he, who ever[27], sings the Lord's praise[28] and utters[32] His virtues[31], merges[34] in the virtuous[33] Lord.	ਪ੍ਰੇਮ[29] ਨਾਲ ਰੰਗਿਆ ਹੋਇਆ[30], ਜੋ ਸਦਾ[27] ਪ੍ਰਭੂ ਦਾ ਜੱਸ[28] ਗਾਉਂਦਾ ਤੇ ਉਸ ਦੀਆਂ ਨੇਕੀਆਂ[31] ਉਚਾਰਦਾ[32] ਹੈ, ਉਹ ਨੇਕੀਆਂ-ਨਿਪੁੰਨ[33] ਸਾਂਈਂ ਵਿਚ ਲੀਨ ਹੋ ਜਾਂਦਾ[34] ਹੈ।
ਏਹੁ ਸਰੀਰੁ ਸਭੁ ਮੂਲੁ[35] ਹੈ ਮਾਇਆ[36] ॥ ਦੂਜੈ[37] ਭਾਇ[38] ਭਰਮਿ[39] ਭੁਲਾਇਆ[40] ॥	This body becomes the source[35] of all the sins[36], when strayed[40] by doubt[39], it loves[38] another[37].	ਇਹ ਦੇਹ ਸਮੂਹ ਪਾਪਾਂ[36] ਦਾ ਨਿਕਾਸ[35] ਬਣ ਜਾਂਦੀ ਹੈ, ਜਦ ਸੰਦੇਹ[39] ਦੀ ਭੁਲਾਈ ਹੋਈ[40] ਇਹ ਹੋਰਸ[37] ਨੂੰ ਪਿਆਰ ਕਰਦੀ[38] ਹੈ।
ਹਰਿ ਨ ਚੇਤੈ[41] ਸਦਾ ਦੁਖੁ[42] ਪਾਏ[43] ਬਿਨੁ ਹਰਿ ਚੇਤੇ ਦੁਖੁ ਪਾਇਦਾ ॥੧੨॥	It contemplates[41] not the Lord and ever comes[42] to grief[42]. Without remembering God, it suffers pain.	ਇਹ ਸੁਆਮੀ ਦਾ ਸਿਮਰਨ ਨਹੀਂ ਕਰਦੀ[41] ਅਤੇ ਹਮੇਸ਼ਾ ਰੰਜ-ਗਮ[42] ਉਠਾਉਂਦੀ[43] ਹੈ। ਵਾਹਿਗੁਰੂ ਨੂੰ ਆਰਾਧਨ ਦੇ ਬਗੈਰ ਇਹ ਤਕਲੀਫ਼ ਪਾਉਂਦੀ ਹੈ।
ਜਿ[44] ਸਤਿਗੁਰੁ ਸੇਵੇ[45] ਸੋ[46] ਪਰਵਾਣੁ[47] ॥	He[46], who[44] serves[45] the True Guru, is approved[47].	ਜੋ[44] ਸੱਚੇ ਗੁਰਾਂ ਦੀ ਘਾਲ ਕਮਾਉਂਦਾ[45] ਹੈ, ਉਹ[46] ਪ੍ਰਮਾਣੀਕ ਹੋ ਜਾਂਦਾ[47] ਹੈ।
ਕਾਇਆ[48] ਹੰਸੁ[49] ਨਿਰਮਲੁ[50] ਦਰਿ[51] ਸਚੈ ਜਾਣੁ ॥	Immaculate[50] are his body[48] and swan-soul[49] and in the Lord's court[50], he is known as true.	ਪਵਿੱਤ੍ਰ[50] ਹਨ ਉਸ ਦੀ ਦੇਹ[48] ਅਤੇ ਰਾਜਹੰਸ ਆਤਮਾ[49] ਅਤੇ ਸਾਹਿਬ ਦੇ ਦਰਬਾਰ[50] ਅੰਦਰ ਉਹ ਸੱਚਾ ਜਾਣਿਆ ਜਾਂਦਾ ਹੈ।
ਹਰਿ ਸੇਵੇ[52] ਹਰਿ ਮੰਨਿ ਵਸਾਏ[53] ਸੋਹੈ[54] ਹਰਿ ਗੁਣ[55] ਗਾਇਦਾ[56] ॥੧੩॥	He serves[52] God, enshrines[53] God within his mind and looks beauteous[54] singing[56] the God's praise[55].	ਉਹ ਹਰੀ ਨੂੰ ਸੇਂਵਦਾ[52] ਹੈ, ਹਰੀ ਨੂੰ ਆਪਣੇ ਰਿਦੇ ਅੰਦਰ ਟਿਕਾਉਂਦਾ[53] ਹੈ ਅਤੇ ਹਰੀ ਦਾ ਜੱਸ[55] ਗਾਉਂਦਾ ਹੋਇਆ[56] ਸੋਹਣਾ ਸੁਨੱਖਾ[54] ਲਗਦਾ ਹੈ।
ਬਿਨੁ[59] ਭਾਗਾ[57] ਗੁਰੁ ਸੇਵਿਆ[58] ਨ ਜਾਇ ॥	Without[59] good destiny[57], the Guru's service[58] is performed not.	ਚੰਗੀ ਪ੍ਰਾਲਭਧ[57] ਦੇ ਬਗੈਰ[59], ਗੁਰਾਂ ਦੀ ਚਾਕਰੀ[58] ਕਮਾਈ ਨਹੀਂ ਜਾ ਸਕਦੀ।
ਮਨਮੁਖ[60] ਭੂਲੇ[61] ਮੁਏ[62] ਬਿਲਲਾਇ[63] ॥	The mind-wards[60] go astray[61] and die[62] bewailing[63].	ਮਨ-ਮੱਤੀਏ[60] ਕੁਰਾਹੇ ਪੈਂਦੇ[61] ਹਨ ਅਤੇ ਰੋਂਦੇ ਪਿਟਦੇ[63] ਮਰ ਮੁੱਕ ਜਾਂਦੇ[62] ਹਨ।
ਜਿਨ ਕਉ ਨਦਰਿ[64] ਹੋਵੈ	They, on whom is the Guru's[65]	ਜਿਨ੍ਹਾਂ ਉਤੇ ਗੁਰਾਂ ਦੀ[65] ਰਹਿਮਤ[64] ਹੈ; ਉਨ੍ਹਾਂ ਨੂੰ

ਗੁਰ ਕੇਰੀ[65] ਹਰਿ ਜੀਉ[66] ਆਪਿ ਮਿਲਾਇਦਾ[67] ॥ ੧੪॥	grace[64]; Their the Reverend[66] Lord blends[67] with Himself.	ਪੂਜਯ[66] ਪ੍ਰਭੂ ਆਪਣੇ ਨਾਲ ਮਿਲਾ[67] ਲੈਂਦਾ ਹੈ।
ਕਾਇਆ[68] ਕੋਟੁ[69] ਪਕੇ[70] ਹਟਨਾਲੇ[71] ॥ ਗੁਰਮੁਖਿ[72] ਲੇਵੈ[73] ਵਸਤੁ[74] ਸਮਾਲੇ[75] ॥	In the body[68] fortress[69] are the solidly built[70] bazars[71]. The Guru-ward[72] purchases[73] the ware[74] therefrom and takes care[75] of that.	ਦੇਹ[68] ਦੇ ਕਿਲ੍ਹੇ[69] ਅੰਦਰ ਪੁਖਤਾ ਤੌਰ ਤੇ ਬਣੇ ਹੋਏ[70] ਬਜ਼ਾਰ[71] ਹਨ। ਗੁਰੂ-ਅਨੁਸਾਰੀ[72] ਓਥੋਂ ਸੌਦਾ ਸੂਤ[74] ਖਰੀਦਦਾ[73] ਹੈ ਅਤੇ ਉਸ ਦੀ ਸੰਭਾਲ ਕਰਦਾ[75] ਹੈ।
ਹਰਿ ਕਾ ਨਾਮੁ ਧਿਆਇ[76] ਦਿਨੁ ਰਾਤੀ ਉਤਮ[77] ਪਦਵੀ[78] ਪਾਇਦਾ[79] ॥੧੫॥	Meditating[76] on the Lord's Name, day and night, he attains[79] unto the sublime[77] status[78].	ਦਿਹੁੰ ਤੇ ਰੈਣ ਸਾਹਿਬ ਦਾ ਸਿਮਰਨ ਕਰਨ[76] ਦੁਆਰਾ, ਉਹ ਸ੍ਰੇਸ਼ਟ[77] ਮਰਤਬੇ[78] ਨੂੰ ਪ੍ਰਾਪਤ ਥੀ ਵੰਞਦਾ[79] ਹੈ।
ਆਪੇ ਸਚਾ ਹੈ ਸੁਖਦਾਤਾ[80] ॥	The True Lord Himself is the Giver[80] of peace.	ਸੱਚਾ ਸੁਆਮੀ ਆਪ ਹੀ ਆਰਾਮ ਬਖਸ਼ਣਹਾਰ[80] ਹੈ।
ਪੂਰੇ[81] ਗੁਰ ਕੈ ਸਬਦਿ[82] ਪਛਾਤਾ[83] ॥	It is through the Perfect[81] Guru's word[82], that He is recognised[83].	ਪੂਰਨ[81] ਗੁਰਾਂ ਦੀ ਬਾਣੀ[82] ਰਾਹੀਂ, ਉਹ ਸਿੰਞਾਣਿਆ ਜਾਂਦਾ[83] ਹੈ।
ਨਾਨਕ ਨਾਮੁ ਸਲਾਹੇ[84] ਸਾਚਾ ਪੂਰੈ[85] ਭਾਗਿ[86] ਕੋ[87] ਪਾਇਦਾ ॥੧੬॥੭॥੨੧॥	Nanak praises[84] the True Name. It is through perfect[85] destiny[86], that some rare one[87] attains unto the Lord.	ਨਾਨਕ ਸੱਚੇ ਨਾਮ ਦੀ ਸਿਫ਼ਤ ਸ਼ਲਾਘਾ ਕਰਦਾ[84] ਹੈ। ਪੂਰਨ[85] ਪ੍ਰਾਲਭਧ[86] ਰਾਹੀਂ, ਕੋਈ ਵਿਰਲਾ ਜਣਾ[87] ਹੀ ਸੁਆਮੀ ਨੂੰ ਪ੍ਰਾਪਤ ਕਰਦਾ ਹੈ।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ।
ਨਿਰੰਕਾਰਿ[88] ਆਕਾਰੁ[89] ਉਪਾਇਆ[90] ॥	The Formless Lord[88] has created[90] the world[89].	ਸਰੂਪ-ਰਹਿਤ ਸੁਆਮੀ[88] ਨੇ ਸੰਸਾਰ[89] ਸਾਜਿਆ[90] ਹੈ।
ਮਾਇਆ[91] ਮੋਹੁ[92] ਹੁਕਮਿ[93] ਬਣਾਇਆ[94] ॥	Through His will[93], the Lord has created[94] the love[92] of worldly valuables[91].	ਆਪਣੀ ਰਜ਼ਾ[93] ਰਾਹੀਂ, ਸੁਆਮੀ ਨੇ ਸੰਸਾਰੀ ਪਦਾਰਥਾਂ[91] ਦੀ ਮਮਤਾ[92] ਰਚੀ[94] ਹੈ।
੧੦੬੬		
ਆਪੇ ਖੇਲ[95] ਕਰੇ[96] ਸਭਿ ਕਰਤਾ[97] ਸੁਣਿ ਸਾਚਾ[98] ਮੰਨਿ[100] ਵਸਾਇਦਾ[99] ॥੧॥	The Creator Lord[97] Himself stages[96] all the plays[92]. So hearing of the True Lord[98], enshrine[99] thou Him within thy mind[100].	ਸਿਰਜਣਹਾਰ-ਸੁਆਮੀ[97] ਆਪ ਹੀ ਸਾਰੀਆਂ ਖੇਡਾਂ[95] ਖੇਡਦਾ[96] ਹੈ। ਇਸ ਲਈ ਸੱਚੇ ਸਾਂਈਂ[98] ਸੰਬੰਧੀ ਸੁਣ ਕੇ, ਤੂੰ ਉਸ ਨੂੰ ਆਪਣੇ ਹਿਰਦੇ[100] ਅੰਦਰ ਟਿਕਾ[99]।
ਮਾਇਆ[2] ਮਾਈ[3] ਤ੍ਰੈ[4] ਗੁਣ[5] ਪਰਸੂਤਿ[6] ਜਮਾਇਆ[7] ॥ ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ[8] ॥	The Lord[3] of wealth[2] has given birth[7] to the being[6] of three[4] dispositions[5] and uttered[8] the four Vedas to Brahma.	ਧਨ-ਦੌਲਤ[2] ਦੇ ਸੁਆਮੀ[3] ਨੇ ਤਿੰਨਾਂ[4] ਸੁਭਾਵਾਂ[5] ਵਾਲੇ ਜੀਵ[6] ਪੈਦਾ ਕੀਤੇ[7] ਹਨ ਅਤੇ ਬ੍ਰਹਮੇ ਪਰਤੀ ਚਾਰੇ ਵੇਦ ਉਚਾਰੇ[8]।
ਵਰੁ[9] ਮਾਹ[10] ਵਾਰ[12] ਥਿਤੀ[13] ਕਰਿ[14] ਇਸੁ ਜਗ[15]	Creating[14] the years[9], months[10], week days[12] and the lunar days[13]; Their	ਸਾਲ[9], ਮਹੀਨੇ[10], ਹਫਤੇ ਦੇ ਦਿਨ[12] ਅਤੇ ਚੰਦ ਦੀਆਂ ਤਿਥਾਂ[13] ਰਚ ਕੇ[14]; ਉਨ੍ਹਾਂ ਦੀ ਗਿਆਤ[17]ਪ੍ਰਭੂ ਨੇ ਸੰਸਾਰ[15]

ਮਹਿ[16] ਸੋਝੀ[17] ਪਾਇਦਾ[18] ॥ ੨॥	comprehension[17], the Lord has imparted[18] unto[16] the world[15].	ਅੰਦਰ[16] ਵਰਤਾਈ[18] ਹੈ ।
ਗੁਰ ਸੇਵਾ[19] ਤੇ[20] ਕਰਣੀ[21] ਸਾਰ[22] ॥	Sublime[22] are the Guru's service[19] and[20] good deeds[21].	ਸ੍ਰੇਸ਼ਟ[22] ਹਨ ਗੁਰਾਂ ਦੀ ਘਾਲ[19] ਅਤੇ[20] ਨੇਕ ਅਮਲ[21] ।
ਰਾਮ ਨਾਮੁ ਰਾਖਹੁ ਉਰਿ[23] ਧਾਰ[24] ॥	Keep thou the Lord's Name clasped[24] to thy heart[23].	ਤੂੰ ਸਾਂਈਂ ਦੇ ਨਾਮ ਨੂੰ ਆਪਣੇ ਦਿਲ[23] ਨਾਲ ਲਾਈ ਰੱਖ[24] ।
ਗੁਰਬਾਣੀ ਵਰਤੀ[25] ਜਗ[26] ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ[28] ॥੩॥	The Gurbani pervades[25] the whole world[26] and through this word, the Lord's Name is obtained[28].	ਗੁਰਬਾਣੀ ਸਾਰੇ ਜਹਾਨ[26] ਅੰਦਰ ਪ੍ਰਚੱਲਤ[25] ਹੈ ਅਤੇ ਇਸ ਬਾਣੀ ਰਾਹੀਂ, ਪ੍ਰਭੂ ਦਾ ਨਾਮ ਪ੍ਰਾਪਤ ਹੁੰਦਾ[28] ਹੈ ।
ਵੇਦੁ ਪੜੈ[29] ਅਨਦਿਨੁ[30] ਵਾਦ[31] ਸਮਾਲੇ[32] ॥	Man reads[29] the Vedas but night[30] and day picks up[32] quarrels[31].	ਇਨਸਾਨ ਵੇਦਾਂ ਨੂੰ ਵਾਚਦਾ[29] ਹੈ ਪ੍ਰੰਤੂ ਰੈਣ[30] ਅਤੇ ਦਿਹੁੰ ਝਗੜਾ[31] ਮੁਲ ਲੈਂਦਾ[32] ਹੈ ।
ਨਾਮੁ ਨ ਚੇਤੈ[33] ਬਧਾ[34] [35]ਜਮਕਾਲੇ[36] ॥	He contemplates[33] not the Name and is bound down[34] by the death's[36] courier[35].	ਉਹ ਨਾਮ ਦਾ ਸਿਮਰਨ ਨਹੀਂ ਕਰਦਾ[33] ਅਤੇ ਮੌਤ[36] ਦੇ ਦੂਤ[35] ਦਾ ਨਰੜਿਆ ਹੋਇਆ[34] ਹੈ ।
ਦੂਜੈ[37] ਭਾਇ[38] ਸਦਾ ਦੁਖੁ ਪਾਏ ਤ੍ਰੈ ਗੁਣ[39] ਭਰਮਿ[40] ਭੁਲਾਇਦਾ[41] ॥੪॥	Through the love[38] of another[37], he ever suffers pain and strays[41] in the three modes[39] and doubt[40].	ਹੋਰਸ[37] ਦੀ ਪ੍ਰੀਤ[38] ਰਾਹੀਂ, ਉਹ ਹਮੇਸ਼ਾ ਹੀ ਤਕਲੀਫ਼ ਉਠਾਉਂਦਾ ਹੈ ਅਤੇ ਤਿੰਨਾਂ ਅਵਸਥਾਵਾਂ[39] ਅਤੇ ਸੰਦੇਹ[40] ਅੰਦਰ ਭਟਕਦਾ[41] ਹੈ ।
ਗੁਰਮੁਖਿ[42] ਏਕਸੁ[43] ਸਿਉ ਲਿਵ ਲਾਏ[44] ॥ ਤ੍ਰਿਬਿਧਿ[45] ਮਨਸਾ[46] ਮਨਹਿ ਸਮਾਏ[47] ॥	The Guru-ward[42] loves[44] the One Lord[43] alone[43] and the three phased[45] desire[46], he silences[47] in the mind.	ਗੁਰੂ-ਅਨੁਸਾਰੀ[42] ਕੇਵਲ ਇੱਕ ਪ੍ਰਭੂ[43] ਨੂੰ ਹੀ ਪਿਆਰ ਕਰਦਾ[44] ਹੈ ਅਤੇ ਤਿੰਨਾਂ ਹਾਲਤਾਂ[45] ਵਾਲੀ ਖ਼ਾਹਿਸ਼[46] ਨੂੰ ਉਹ ਮਨ ਵਿਚ ਹੀ ਮੇਟ ਦਿੰਦਾ[47] ਹੈ ।
ਸਾਚੈ ਸਬਦਿ[48] ਸਦਾ ਹੈ ਮੁਕਤਾ[49] ਮਾਇਆ[50] ਮੋਹੁ[51] ਚੁਕਾਇਦਾ[52] ॥੫॥	Through the True Name[48], he is ever emancipated[49] and eschews[52] the love[51] of worldliness[50].	ਸੱਚੇ ਨਾਮ[48] ਦੇ ਰਾਹੀਂ, ਉਹ ਹਮੇਸ਼ਾ ਹੀ ਮੋਖਸ਼[49] ਹੈ ਅਤੇ ਦੁਨੀਆਦਾਰੀ[50] ਦੀ ਮਮਤਾ[51] ਨੂੰ ਛੱਡ ਦਿੰਦਾ[52]ਹੈ।
ਜੋ ਧੁਰਿ[53] ਰਾਤੇ[55] ਸੇ[54] ਹੁਣਿ ਰਾਤੇ ॥	They, who are pre[53]-destined to be imbued[55]; They[54] are now imbued with the Lord's love.	ਜਿਨ੍ਹਾਂ ਲਈ ਐਨ ਆਰੰਭ[53] ਤੋਂ ਰੰਗੀਜਣਾ[55] ਨੀਅਤ ਹੋਇਆ ਹੋਇਆ ਹੈ; ਉਹ[54] ਹੁਣ ਪ੍ਰਭੂ ਦੀ ਪ੍ਰੀਤ ਨਾਲ ਰੰਗੇ ਜਾਂਦੇ ਹਨ ।
ਗੁਰ ਪਰਸਾਦੀ[56] ਸਹਜੇ[57] ਮਾਤੇ[58] ॥	By the Guru's grace[56], they are inebriated[58] with equipoise[57].	ਗੁਰਾਂ ਦੀ ਦਇਆ[56] ਦੁਆਰਾ, ਉਹ ਅਡੋਲਤਾ[57] ਨਾਲ ਮਤਵਾਲੇ ਥੀ ਵੰਞਦੇ[58] ਹਨ ।
ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ[59] ਆਪੁ[60] ਮਿਲਾਇਦਾ[61] ॥੬॥	By ever serving the True Guru, they attain to their Lord and of Himself[59], He unites[61] them with Himself[60].	ਸਦੀਵ ਹੀ ਸੱਚੇ ਗੁਰਾਂ ਦੀ ਘਾਲ ਕਮਾਉਣ ਦੁਆਰਾ, ਉਹ ਆਪਣੇ ਸੁਆਮੀ ਨੂੰ ਪਾ ਲੈਂਦੇ ਹਨ; ਸਗੋਂ, ਉਹ ਖ਼ੁਦ[59] ਹੀ ਉਨ੍ਹਾਂ ਨੂੰ ਆਪਣੇ[60] ਨਾਲ ਮਿਲਾ ਲੈਂਦਾ[61]ਹੈ ।
ਮਾਇਆ[62] ਮੋਹਿ[63] ਭਰਮਿ ਨ ਪਾਏ[64] ॥	Through the love[63] of the world[62], one has to wander[64] in existences.	ਜਗਤ[62] ਦੀ ਮਮਤਾ[63] ਰਾਹੀਂ, ਇਨਸਾਨ ਨੂੰ ਜੂਨੀਆਂ ਅੰਦਰ ਭਟਕਣਾ ਪੈਂਦਾ[64] ਹੈ ।

ਦੂਜੈ[65] ਭਾਇ[66] ਲਾਗਾ[67] ਦੁਖੁ ਪਾਏ ॥	Attached[67] to another's[65] love[66], one comes to grief.	ਹੋਰਸ[65] ਦੇ ਪਿਆਰ[66] ਨਾਲ ਜੁੜ ਕੇ[67], ਇਨਸਾਨ ਦੁਖ ਪਾਉਂਦਾ ਹੈ ।
ਸੂਹਾ[68] ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ[69] ਬਿਲਮ[70] ਨ ਲਾਇਦਾ ॥੭॥	The crimson[68] colour lasts for a few days. It makes no delay[70] in wearing off[69].	ਸੂਹਾ[68] ਰੰਗ ਥੋੜੇ ਦਿਹਾੜੇ ਹੀ ਕੱਟਦਾ ਹੈ । ਇਸ ਨੂੰ ਉਡਦਿਆਂ[69] ਚਿਰ[70] ਨਹੀਂ ਲਗਦਾ ।
ਏਹੁ ਮਨੁ[71] ਭੈ[72] ਭਾਇ[73] ਰੰਗਾਏ[74] ॥	This soul[71], one should dye[76] in the Lord's fear[75] and love[73].	ਬੰਦੇ ਨੂੰ ਇਹ ਆਤਮਾ[71], ਪ੍ਰਭੂ ਦੇ ਡਰ[72] ਅਤੇ ਪਿਆਰ[73] ਵਿਚ, ਰੰਗਣੀ ਚਾਹੀਦੀ[74] ਹੈ ।
ਇਤੁ[75] ਰੰਗਿ[76] ਸਾਚੇ ਮਾਹਿ[77] ਸਮਾਏ[78] ॥	Dyed[76] this-wise[72], man merges[78] in[77] the True Lord.	ਇਸ ਤਰ੍ਹਾਂ[75] ਰੰਗੀਜ[76], ਬੰਦਾ ਸੱਚੇ ਸਾਂਈਂ ਵਿੱਚ[77] ਲੀਨ ਹੋ ਜਾਂਦਾ[78] ਹੈ ।
ਪੂਰੈ[79] ਭਾਗਿ[80] ਕੋ[81] ਇਹੁ ਰੰਗੁ ਪਾਏ ਗੁਰਮਤੀ[82] ਰੰਗੁ ਚੜਾਇਦਾ[83] ॥੮॥	Through perfect[79] good fortune[80], some rare one[81] obtains this dye. It is by the Guru's instruction[82], that this colour is adopted[83].	ਕੋਈ ਵਿਰਲਾ ਜਣਾ[81] ਹੀ, ਪੂਰਨ[79] ਚੰਗੇ ਨਸੀਬਾਂ[80] ਰਾਹੀਂ, ਇਸ ਰੰਗ ਨੂੰ ਪਾਉਂਦਾ ਹੈ । ਗੁਰਾਂ ਦੇ ਉਪਦੇਸ਼[82] ਦੁਆਰਾ ਹੀ ਇਹ ਰੰਗ ਚੜ੍ਹਦਾ[83] ਹੈ ।
ਮਨਮੁਖੁ[84] ਬਹੁਤੁ[85] ਕਰੇ[87] ਅਭਿਮਾਨੁ[86] ॥	The mind-ward[84] takes[87] great[85] pride[86] on himself.	ਮਨਮੱਤੀਆ[84] ਆਪਣੇ ਆਪ ਉੱਤੇ ਘਨਾ[85] ਹੰਕਾਰ[86] ਕਰਦਾ[87] ਹੈ ।
ਦਰਗਹ[88] ਕਬਹੀ[89] ਨ ਪਾਵੈ ਮਾਨੁ[90] ॥	In the Lord's court[88], he attains not honour[90], ever[89].	ਪ੍ਰਭੂ ਦੇ ਦਰਬਾਰ[88] ਅੰਦਰ, ਉਸ ਨੂੰ ਕਦੇ[88] ਭੀ ਇੱਜ਼ਤ[90] ਪ੍ਰਾਪਤ ਨਹੀਂ ਹੁੰਦੀ ।
ਦੂਜੈ[91] ਲਾਗੇ[92] ਜਨਮੁ[93] ਗਵਾਇਆ[94] ਬਿਨੁ ਬੂਝੇ[95] ਦੁਖੁ ਪਾਇਦਾ ॥੯॥	Attached[92] to duality[91], he wastes[94] away his life[93] and without understanding[95], he comes to grief.	ਹੋਰਸ[91] ਨਾਲ ਜੁੜ ਕੇ[92] ਉਹ ਆਪਣਾ ਜੀਵਨ[93] ਗੁਆ ਲੈਂਦਾ[94] ਹੈ ਅਤੇ ਸਮਝ ਸੋਚ[95] ਦੇ ਬਾਝੋਂ, ਤਕਲੀਫ਼ ਉਠਾਉਂਦਾ ਹੈ ।
ਮੇਰੈ ਪ੍ਰਭਿ ਅੰਦਰਿ ਆਪੁ[96] ਲੁਕਾਇਆ[97] ॥	My Lord has hid[97] Himself[96] midst all.	ਮੇਰੇ ਮਾਲਕ ਨੇ ਆਪਣੇ ਆਪ[96] ਨੂੰ ਸਾਰਿਆਂ ਅੰਦਰ ਲੁਕੋਇਆ ਹੋਇਆ[97] ਹੈ ।
ਗੁਰ ਪਰਸਾਦੀ[98] ਹਰਿ ਮਿਲੈ ਮਿਲਾਇਆ ॥	Caused to meet, through the Guru's grace[68], one meets with his God.	ਗੁਰਾਂ ਦੀ ਦਇਆ[98] ਦੁਆਰਾ ਮਿਲਾਇਆ ਹੋਇਆ ਜੀਵ, ਆਪਣੇ ਵਾਹਿਗੁਰੂ ਨਾਲ ਮਿਲ ਜਾਂਦਾ ਹੈ ।
ਸਚਾ ਪ੍ਰਭੁ ਸਚਾ ਵਾਪਾਰਾ[99] ਨਾਮੁ ਅਮੋਲਕੁ[100] ਪਾਇਦਾ[2] ॥੧੦॥	True is the Lord and true is His trade[99]. He, who traffics in it, is blessed[2] with the invaluble[100] Name.	ਸੱਚਾ ਹੈ ਸਾਂਈਂ ਤੇ ਸੱਚਾ ਹੈ ਉਸ ਦਾ ਵਣਜ[99] । ਜੋ ਕੋਈ ਇਸ ਦਾ ਵਣਜ ਵਾਪਾਰ ਕਰਦਾ ਹੈ, ਉਹ ਅਣਮੁੱਲੇ[100] ਨਾਮ ਨੂੰ ਪਾ ਲੈਂਦਾ[2] ਹੈ ।
ਇਸੁ ਕਾਇਆ[3] ਕੀ ਕੀਮਤਿ[4] ਕਿਨੈ ਨ ਪਾਈ ॥	This body's[3] worth[4], no one has ever found.	ਇਸ ਦੇਹ[3] ਦਾ ਮੁਲ[4] ਕਦੇ ਕਿਸੇ ਨੂੰ ਪਤਾ ਨਹੀਂ ਲੱਗਾ ।
ਮੇਰੈ ਠਾਕੁਰਿ ਇਹ ਬਣਤ[5] ਬਣਾਈ ॥	My Master has made this make[5].	ਮੇਰੇ ਮਾਲਕ ਨੇ ਇਹ ਘਾੜਤ[5] ਘੜੀ ਹੈ ।
ਗੁਰਮੁਖਿ[6] ਹੋਵੈ ਸੁ ਕਾਇਆ ਸੋਧੈ[7] ਆਪਹਿ[8] ਆਪੁ[9] ਮਿਲਾਇਦਾ ॥੧੧॥	He, who becomes God-conscious[6]; He reforms[7] his body and of Himself[8], the Lord unites him with Himself[9].	ਜੋ ਰੱਬ ਨੂੰ ਜਾਣਨ ਵਾਲਾ[6] ਹੋ ਜਾਂਦਾ ਹੈ; ਉਹ ਆਪਣੀ ਦੇਹ ਨੂੰ ਸੁਧਾਰਦਾ[7] ਹੈ ਅਤੇ ਪ੍ਰਭੂ ਆਪ[8] ਹੀ ਉਸ ਨੂੰ ਆਪਣੇ[9] ਨਾਲ ਮਿਲਾ ਲੈਂਦਾ ਹੈ ।

ਕਾਇਆ[10] ਵਿਚਿ ਤੋਟਾ[12] ਕਾਇਆ ਵਿਚਿ ਲਾਹਾ[13] ॥	It is within the body[10] that man loses[12] and within the body, he gains[13].	ਦੇਹ[10] ਅੰਦਰ ਹੀ ਇਨਸਾਨ ਘਾਟਾ ਉਠਾਉਂਦਾ[12] ਹੈ ਅਤੇ ਦੇਹ ਅੰਦਰ ਹੀ ਉਹ ਨਫ਼ਾ ਕਮਾਉਂਦਾ[13] ਹੈ।
ਗੁਰਮੁਖਿ[14] ਖੋਜੇ[15] ਵੇਪਰਵਾਹਾ[16] ॥	The Guru-ward[14] searches[15] the care-free[16] Lord.	ਗੁਰੂ-ਅਨੁਸਾਰੀ[14] ਮੁਛੰਦਗੀ-ਰਹਿਤ[16] ਸਾਂਈਂ ਦੀ ਭਾਲ ਕਰਦਾ[15] ਹੈ।
ਗੁਰਮੁਖਿ ਵਣਜਿ[17] ਸਦਾ[18] ਸੁਖੁ ਪਾਏ[22] ਸਹਜੇ[19] ਸਹਜਿ[20] ਮਿਲਾਇਦਾ[21] ॥੧੨॥	Trading[17] in the Lord, the Guru-ward is blessed[22] with eternal peace[18] and easily[19] blends[21] with his Lord[20].	ਪ੍ਰਭੂ ਦੇ ਵਾਪਾਰ[17] ਅੰਦਰ, ਗੁਰੂ-ਅਨੁਸਾਰੀ ਨੂੰ ਸਦੀਵੀ ਆਰਾਮ[18] ਦੀ ਦਾਤ ਮਿਲਦੀ[22] ਹੈ ਅਤੇ ਉਹ ਸੁਖੈਨ[19] ਹੀ ਆਪਣੇ ਸੁਆਮੀ[20] ਨਾਲ ਅਭੇਦ ਹੋ ਜਾਂਦਾ[21] ਹੈ।
ਸਚਾ ਮਹਲੁ[23] ਸਚੇ ਭੰਡਾਰਾ[24] ॥	True is the Lord's mansion[23] and true are His treasures[24].	ਸੱਚਾ ਹੈ ਸੁਆਮੀ ਦਾ ਮੰਦਰ[23] ਤੇ ਸੱਚੇ ਹਨ ਉਸ ਦੇ ਖ਼ਜ਼ਾਨੇ[24]।
ਆਪੇ ਦੇਵੈ[25] ਦੇਵਣਹਾਰਾ[26] ॥	God, the Giver[26], Himself gives[25] His gifts.	ਦੇਣ ਵਾਲਾ[26] ਵਾਹਿਗੁਰੂ, ਖ਼ੁਦ ਹੀ ਆਪਣੀਆਂ ਦਾਤਾਂ ਦਿੰਦਾ[35] ਹੈ।
ਗੁਰਮੁਖਿ ਸਾਲਾਹੇ[27] ਸੁਖਦਾਤੇ[28] ਮਨਿ[31] ਮੇਲੇ[32] ਕੀਮਤਿ[29] ਪਾਇਦਾ[30] ॥੧੩॥	The Guru-ward praises[27] his peace-giving[28] Lord and uniting[32] his mind[31] with Him, comes to know[30] His worth[29].	ਗੁਰੂ-ਅਨੁਸਾਰੀ ਆਰਾਮ-ਬਖ਼ਸ਼ਣਹਾਰ[28] ਸੁਆਮੀ ਦੀ ਸਿਫ਼ਤ ਕਰਦਾ[27] ਹੈ ਅਤੇ ਆਪਣੇ ਚਿੱਤ[31] ਨੂੰ ਉਸ ਨਾਲ ਜੋੜ[32] ਕੇ, ਉਸ ਦੀ ਕਦਰ[29] ਨੂੰ ਜਾਣ ਲੈਂਦਾ[30] ਹੈ।
ਕਾਇਆ ਵਿਚਿ ਵਸਤੁ[32*] ਕੀਮਤਿ[33] ਨਹੀ ਪਾਈ ॥	Within the body is the Name commodity[32*]. Its worth[33] can be found not.	ਦੇਹ ਦੇ ਅੰਦਰ ਨਾਮ ਦੀ ਵਸਤੂ[32*] ਹੈ। ਇਸ ਦਾ ਮੁਲ[33] ਪਾਇਆ ਨਹੀਂ ਜਾ ਸਕਦਾ।
ਗੁਰਮੁਖਿ ਆਪੇ ਦੇ[34] ਵਡਿਆਈ[35] ॥	Unto the Guru-ward, God Himself grants[34] glory[35].	ਗੁਰੂ-ਅਨੁਸਾਰੀ ਨੂੰ, ਵਾਹਿਗੁਰੂ ਆਪ ਹੀ ਪ੍ਰਭਤਾ[35] ਬਖ਼ਸ਼ਦਾ[34] ਹੈ।
ਜਿਸ ਦਾ ਹਟੁ[36] ਸੋਈ[37] ਵਥੁ ਜਾਣੈ ਗੁਰਮੁਖਿ[40] ਦੇਇ[38] ਨ ਪਛੋਤਾਇਦਾ[39] ॥੧੪॥	He[37] alone, to whom belongs the body-shop[36], knows this commodity. The Guru-ward[40], whom the Lord blesses[38] with this Name-commodity, regrets[39] not.	ਕੇਵਲ ਉਹ[37] ਹੀ, ਜਿਸ ਦੀ ਮਲਕੀਅਤ ਦੇਹ ਦੀ ਦੁਕਾਨ[36] ਹੈ, ਇਸ ਵਸਤੂ ਨੂੰ ਜਾਣਦਾ ਹੈ। ਗੁਰੂ-ਅਨੁਸਾਰੀ[40], ਜਿਸ ਨੂੰ ਪ੍ਰਭੂ ਇਸ ਨਾਮ ਦੀ ਵਸਤੂ ਦੀ ਦਾਤ ਬਖ਼ਸ਼ਦਾ[38] ਹੈ, ਪਸਚਾਤਾਪ[39] ਨਹੀਂ ਕਰਦਾ।
ਹਰਿ ਜੀਉ[41] ਸਭ ਮਹਿ[42] ਰਹਿਆ ਸਮਾਈ[43] ॥	The Reverend[41] Lord is contained[43] amongst[42] all.	ਪੂਜਯ[41] ਪ੍ਰਭੂ ਸਾਰਿਆਂ ਅੰਦਰ[42] ਰਮਿਆ ਹੋਇਆ[43] ਹੈ।
ਗੁਰ ਪਰਸਾਦੀ[44] ਪਾਇਆ ਜਾਈ ॥	By the Guru's grace[44], He is obtained.	ਗੁਰਾਂ ਦੀ ਦਇਆ[44] ਦੁਆਰਾ, ਉਹ ਪ੍ਰਾਪਤ ਹੁੰਦਾ ਹੈ।
ਆਪੇ[45] ਮੇਲਿ[46] ਮਿਲਾਏ[47] ਆਪੇ[48] ਸਬਦੇ[49] ਸਹਜਿ[50] ਸਮਾਇਦਾ[51] ॥੧੫॥	Of Himself[45], the Lord unites[47] in His[48] union[46]. Through the Name[49] one merges[51] in the Lord[50].	ਆਪ[45] ਹੀ ਪ੍ਰਭੂ ਆਪਣੇ[48] ਮਿਲਾਪ[46] ਅੰਦਰ ਮਿਲਾਉਂਦਾ[47] ਹੈ। ਨਾਮ[49] ਦੇ ਰਾਹੀਂ ਜੀਵ ਪ੍ਰਭੂ[50] ਅੰਦਰ ਲੀਨ ਥੀ ਵੰਞਦਾ[51] ਹੈ।
ਆਪੇ ਸਚਾ[52] ਸਬਦਿ[53] ਮਿਲਾਏ[54] ॥ ਸਬਦੇ[55]	Of Himself, the True Lord[52] unites[54] man with His Name[53] and through	ਆਪ ਹੀ ਸੱਚਾ ਸਾਂਈਂ[52] ਬੰਦੇ ਨੂੰ ਆਪਣੇ ਨਾਮ[53] ਨਾਲ ਜੋੜਦਾ[54] ਹੈ ਅਤੇ ਨਾਮ[55] ਦੇ ਰਾਹੀਂ ਉਸ ਦੇ ਅੰਦਰ[56]

ਵਿਚਹੁ[56] ਭਰਮੁ[57] ਚੁਕਾਏ[58]॥	the Name[55], drives out[58] doubt[57] from within[56] him.	ਸੰਦੇਹ[57] ਬਾਹਰ ਕੱਢ ਦਿੰਦਾ[58] ਹੈ।
ਨਾਨਕ ਨਾਮਿ ਮਿਲੈ[60] ਵਡਿਆਈ[59] ਨਾਮੇ ਹੀ ਸੁਖੁ ਪਾਇਦਾ ॥੧੬॥੮॥ ੨੨॥	Nanak, when one is blessed[60] with the glory[59] of the Name, he obtains peace.	ਨਾਨਕ, ਜਦ ਇਨਸਾਨ ਨੂੰ ਨਾਮ ਦੀ ਪ੍ਰਭਤਾ[59] ਪ੍ਰਾਪਤ ਹੋ ਜਾਂਦੀ[60] ਹੈ, ਉਹ ਆਰਾਮ ਪਾ ਲੈਂਦਾ ਹੈ।

੧੦੬੭

ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ।
ਅਗਮ[61] ਅਗੋਚਰ[62] ਵੇਪਰਵਾਹੇ[63] ॥	Unapproachable[61], Unapprehensible[62] and self-dependent[63] is my Master.	ਪਹੁੰਚ[61] ਤੋਂ ਪਰੇ, ਸੋਚ ਸਮਝ ਤੋਂ ਉਚੇਰਾ[62] ਅਤੇ ਸੁਤੰਤਰ[63] ਹੈ ਮੇਰਾ ਮਾਲਕ।
ਆਪੇ ਮਿਹਰਵਾਨ[64] ਅਗਮ[65] ਅਥਾਹੇ[66] ॥	He Himself is Merciful[64], Boundless[65] and Unfathomable[66].	ਉਹ ਆਪ ਹੀ ਦਇਆਵਾਨ[64], ਹਦਬੰਨਾ-ਰਹਿਤ[65] ਅਤੇ ਬੇਥਾਹ[66] ਹੈ।
ਅਪੜਿ[67] ਕੋਇ ਨ ਸਕੈ ਤਿਸ ਨੋ ਗੁਰ ਸਬਦੀ[68] ਮੇਲਾਇਆ ॥੧॥	None can reach[67] upto Him, but He is met with by the Guru's instruction[68].	ਕੋਈ ਜਣਾ ਉਸ ਤਾਂਈਂ ਪੁੱਜ[67] ਨਹੀਂ ਸਕਦਾ, ਪ੍ਰੰਤੂ ਗੁਰਾਂ ਦੇ ਉਪਦੇਸ਼[68] ਦੁਆਰਾ ਉਹ ਮਿਲਦਾ ਹੈ।
ਤੁਧੁਨੋ ਸੇਵਹਿ[69] ਜੋ ਤੁਧੁ ਭਾਵਹਿ[70] ॥	He alone serves[69] Thee, O Lord, who is pleasing[70] to Thee.	ਕੇਵਲ ਉਹ ਹੀ ਤੇਰੀ ਟਹਿਲ ਕਮਾਉਂਦਾ[67] ਹੈ, ਹੇ ਪ੍ਰਭੂ! ਜੋ ਤੈਨੂੰ ਚੰਗਾ ਲਗਦਾ[70] ਹੈ।
ਗੁਰ ਕੈ ਸਬਦੇ[71] ਸਚਿ[72] ਸਮਾਵਹਿ[73] ॥	By the Guru's instruction[71], merges[73] he in the True Lord[72].	ਗੁਰਾਂ ਦੇ ਉਪਦੇਸ਼[71] ਦੁਆਰਾ, ਉਹ ਸੱਚੇ ਸਾਂਈਂ[72] ਅੰਦਰ ਲੀਨ ਹੋ ਜਾਂਦਾ[73] ਹੈ।
ਅਨਦਿਨੁ[74] ਗੁਣ[75] ਰਵਹਿ[76] ਦਿਨੁ ਰਾਤੀ[77] ਰਸਨਾ[78] ਹਰਿ ਰਸੁ[79] ਭਾਇਆ[80] ॥ ੨॥	Night[74] and day, he ever[77] utters[76] God's praise[75] and his tongue[78] loves[80] the Lord's elixir[79].	ਰੈਣ[74] ਅਤੇ ਦਿਹੁੰ, ਉਹ ਸਦਾ[77] ਵਾਹਿਗੁਰੂ ਦਾ ਜੱਸ[75] ਉਚਾਰਨ ਕਰਦਾ[76] ਹੈ ਅਤੇ ਉਸ ਦੀ ਜੀਭਾ[78] ਨੂੰ ਵਾਹਿਗੁਰੂ ਦਾ ਅੰਮ੍ਰਿਤ[78] ਮਿੱਠਾ ਲਗਦਾ[80] ਹੈ।
ਸਬਦਿ[81] ਮਰਹਿ ਸੇ ਮਰਣੁ ਸਵਾਰਹਿ[82] ॥	They who die through the Name[81], glorify[82] their death.	ਜੋ ਨਾਮ[81] ਦੇ ਰਾਹੀਂ ਮਰਦੇ ਹਨ, ਉਹ ਆਪਣੀ ਮੌਤ ਨੂੰ ਚਾਰ ਚੰਨ ਲਾਉਂਦੇ[82] ਹਨ।
ਹਰਿ ਕੇ ਗੁਣ[83] ਹਿਰਦੈ[84] ਉਰ[85] ਧਾਰਹਿ[86] ॥	God's virtues[83], they enshrine[86] in their mind[84] and heart[85].	ਵਾਹਿਗੁਰੂ ਦੀਆਂ ਨੇਕੀਆਂ[83] ਉਹ ਆਪਣੇ ਮਨ[84] ਤੇ ਦਿਲ[85] ਵਿਚ ਟਿਕਾਉਂਦੇ[86] ਹਨ।
ਜਨਮੁ[87] ਸਫਲੁ[88] ਹਰਿ ਚਰਣੀ[89] ਲਾਗੇ[90] ਦੂਜਾ ਭਾਉ[91] ਚੁਕਾਇਆ[92] ॥੩॥	Clinging[90] to the Lord's Feet[89], their life[87] becomes fruitful[88] and they are rid of[92] the love of another[91].	ਪ੍ਰਭੂ ਦੇ ਚਰਨਾਂ[89] ਨਾਲ ਜੁੜਨ[99] ਦੁਆਰਾ, ਉਨ੍ਹਾਂ ਦਾ ਜੀਵਨ[87] ਫਲਦਾਇਕ[88] ਹੋ ਜਾਂਦਾ ਹੈ ਤੇ ਉਹ ਦਵੈਤ-ਭਾਵ[91] ਤੋਂ ਖ਼ਲਾਸੀ ਪਾ ਜਾਂਦੇ[92] ਹਨ।
ਹਰਿ ਜੀਉ[93] ਮੇਲੇ ਆਪਿ ਮਿਲਾਏ[94] ॥	The Reverend[93] Lord unites and blends[94] the mortal with Himself.	ਪੂਜਯ[93] ਪ੍ਰਭੂ ਪ੍ਰਾਣੀ ਨੂੰ ਆਪਣੇ ਨਾਲ ਮਿਲਾ ਕੇ ਅਭੇਦ ਕਰ ਲੈਂਦਾ[94] ਹੈ।
ਗੁਰ ਕੈ ਸਬਦੇ[95] ਆਪੁ[96] ਗਵਾਏ[97] ॥	Through the Guru's instruction[95], ego[96] is dispelled[97].	ਗੁਰਾਂ ਦੇ ਉਪਦੇਸ਼[95] ਰਾਹੀਂ, ਹੰਕਾਰ[96] ਨਵਿਰਤ ਹੋ ਜਾਂਦਾ[97] ਹੈ।

ਅਨਦਿਨੁ[98] ਸਦਾ[3] ਹਰਿ ਭਗਤੀ[99] ਰਾਤੇ[100] ਇਸੁ ਜਗ[4] ਮਹਿ[5] ਲਾਹਾ[2] ਪਾਇਆ ॥੪॥	They, who night[98] and day, ever[3] remain imbued[100] with the Lord's meditation[99], earn profit[2] in[5] this world[4].	ਜੋ ਰੈਣ[98] ਤੇ ਦਿਹੁੰ ਹਮੇਸ਼ਾ[3] ਸੁਆਮੀ ਦੇ ਸਿਮਰਨ[99] ਨਾਲ ਰੰਗੇ ਰਹਿੰਦੇ[100] ਹਨ, ਉਹ ਇਸ ਜਹਾਨ[4] ਅੰਦਰ[5] ਨਫ਼ਾ[2] ਖੱਟ ਲੈਂਦੇ ਹਨ ।
ਤੇਰੇ ਗੁਣ[6] ਕਹਾ[7] ਮੈ ਕਹਣੁ ਨ ਜਾਈ ॥	What virtues[6] of Thine, O Lord, should I utter[7] ? I can utter them not.	ਮੈਂ ਤੇਰੀਆਂ ਕਿਹੜੀਆਂ ਕਿਹੜੀਆਂ ਨੇਕੀਆਂ[6] ਵਰਨਣ[7] ਕਰਾਂ, ਹੇ ਸੁਆਮੀ ? ਮੈਂ ਉਨ੍ਹਾਂ ਨੂੰ ਵਰਨਣ ਕਰ ਨਹੀਂ ਸਕਦਾ ।
ਅੰਤੁ[8] ਨ ਪਾਰਾ[9] ਕੀਮਤਿ[10] ਨਹੀ ਪਾਈ ॥	Limitless[8] and boundless[9] are Thou, O Lord. Thine worth[10] can be appraised not.	ਅਨੰਤ[8] ਅਤੇ ਹਦਬੰਨਾ-ਰਹਿਤ[9] ਹੈਂ ਤੂੰ, ਹੇ ਪ੍ਰਭੂ ! ਤੇਰਾ ਮੁਲ[10] ਪਾਇਆ ਨਹੀਂ ਜਾ ਸਕਦਾ ।
ਆਪੇ ਦਇਆ[12] ਕਰੇ ਸੁਖਦਾਤਾ[13] ਗੁਣ[14] ਮਹਿ[15] ਗੁਣੀ[16] ਸਮਾਇਆ[17] ॥੫॥	When the Peace-giving[13] Lord Himself shows mercy[12], the virtuous one[16] merges[17] in[15] virtues[14].	ਜਦ ਆਰਾਮ-ਬਖਸ਼ਣਹਾਰ[13] ਸੁਆਮੀ ਖ਼ੁਦ ਮਿਹਰ[12] ਧਾਰਦਾ ਹੈ, ਤਾਂ ਨੇਕ ਪੁਰਸ਼[16] ਨੇਕੀਆਂ[14] ਅੰਦਰ[15] ਲੀਨ ਹੋ ਜਾਂਦਾ[17] ਹੈ ।
ਇਸੁ ਜਗ[18] ਮਹਿ[19] ਮੋਹੁ[20] ਹੈ ਪਾਸਾਰਾ[21] ॥	Worldly love[20] is all spread[21] out in[19] this world[18].	ਇਸ ਸੰਸਾਰ[18] ਅੰਦਰ[19] ਸੰਸਾਰੀ ਮਮਤਾ[20] ਸਾਰੇ ਫੈਲੀ ਹੋਈ[21] ਹੈ ।
ਮਨਮੁਖੁ[22] ਅਗਿਆਨੀ[23] ਅੰਧੁ ਅੰਧਾਰਾ[24] ॥	The ignorant[23] egocentric[22] gropes in inky darkness[24].	ਬੇਸਮਝ[23] ਆਪ-ਹੁਦਰਾ[22] ਕਾਲੇ ਬੋਲੇ ਅਨ੍ਹੇਰੇ[24] ਵਿੱਚ ਟਟੋਲਦਾ ਫਿਰਦਾ ਹੈ ।
ਧੰਧੈ[25] ਧਾਵਤੁ[26] ਜਨਮੁ[27] ਗਵਾਇਆ[28] ਬਿਨੁ ਨਾਵੈ ਦੁਖੁ[29] ਪਾਇਆ[30] ॥੬॥	Running[26] after worldly affairs[25], man wastes[28] his life[27] and without the Name, comes[30] to grief[29].	ਸੰਸਾਰੀ ਕੰਮਾਂ[25] ਮਗਰ ਭੱਜਿਆ ਫਿਰਦਾ[26] ਬੰਦਾ, ਆਪਣਾ ਜੀਵਨ[27], ਗੁਆ ਲੈਂਦਾ[28] ਹੈ ਅਤੇ ਨਾਮ ਦੇ ਬਾਝੋਂ ਤਕਲੀਫ਼[29] ਉਠਾਉਂਦਾ[30] ਹੈ ।
ਕਰਮੁ[31] ਹੋਵੈ ਤਾ[32] ਸਤਿਗੁਰੁ ਪਾਏ ॥ ਹਉਮੈ[33] ਮੈਲੁ[34] ਸਬਦਿ[35]ਜਲਾਏ[36] ॥	If God's grace[31] be upon man, then[32] attains he the True Guru and burns off[36] the filth[34] of pride[33] with the Lord's Name[35].	ਜੇਕਰ ਰੱਬ ਦੀ ਮਿਹਰ[31] ਬੰਦੇ ਉੱਤੇ ਹੋਵੇ, ਤਦ[32] ਹੀ ਉਹ ਸੱਚੇ ਗੁਰਾਂ ਨੂੰ ਪ੍ਰਾਪਤ ਹੁੰਦਾ ਹੈ ਅਤੇ ਹੰਕਾਰ ਦੀ ਮਲੀਣਤਾ[34] ਨੂੰ ਸਾਂਈਂ ਦੇ ਨਾਮ[35] ਨਾਲ ਸਾੜ ਸੁਟਦਾ[36] ਹੈ ।
ਮਨੁ[37] ਨਿਰਮਲੁ[38] ਗਿਆਨੁ[39] ਰਤਨੁ[40] ਚਾਨਣੁ[41] ਅਗਿਆਨੁ[42] ਅੰਧੇਰੁ[43] ਗਵਾਇਆ[44] ॥੭॥	Immaculate[38] becomes his soul[37] with the light[41] of the gem[40] of gnosis[39] and his darkness[43] of ignorance[42] is dispelled[44].	ਬ੍ਰਹਮ-ਬੋਧ[39] ਦੇ ਹੀਰੇ[40] ਦੇ ਪ੍ਰਕਾਸ਼[41] ਨਾਲ ਉਸ ਦੀ ਆਤਮਾ ਪਵਿੱਤ੍ਰ[38] ਥੀ ਵੰਞਦੀ ਹੈ ਅਤੇ ਉਸ ਦਾ ਬੇਸਮਝੀ[42] ਦਾ ਅਨ੍ਹੇਰਾ[43] ਦੂਰ ਹੋ ਜਾਂਦਾ[44] ਹੈ ।
ਤੇਰੇ ਨਾਮ ਅਨੇਕ[45] ਕੀਮਤਿ[46] ਨਹੀ ਪਾਈ ॥	Numberless[45] are Thine Names, O Lord. Their worth[46] can be evaluated not.	ਅਣਗਿਣਤ[45] ਹਨ ਤੇਰੇ ਨਾਮ, ਹੇ ਸੁਆਮੀ ! ਉਨ੍ਹਾਂ ਦਾ ਮੁੱਲ[46] ਪਾਇਆ ਨਹੀਂ ਜਾ ਸਕਦਾ ।
ਸਚੁ ਨਾਮੁ ਹਰਿ ਹਿਰਦੈ[47] ਵਸਾਈ[48] ॥	God's True Name, enshrine[48] I within my mind[47].	ਰੱਬ ਦੇ ਸੱਚੇ ਨਾਮ ਨੂੰ ਮੈਂ ਆਪਣੇ ਮਨ[47] ਅੰਦਰ ਟਿਕਾਉਂਦਾ[48] ਹਾਂ ।
ਕੀਮਤਿ[49] ਕਉਣੁ ਕਰੇ	Who can evaluate[49] Thee, O my	ਤੇਰਾ ਮੁੱਲ ਕੌਣ ਪਾ[49] ਸਕਦਾ ਹੈ, ਹੇ ਮੇਰੇ ਸਾਂਈਂ ?

ਪ੍ਰਭ ਤੇਰੀ ਤੂ ਆਪੇ ਸਹਜਿ[5] ਸਮਾਇਆ[51] ॥੮॥	Lord ? Thou Thyself art absorbed[51] in Thine bliss[50].	ਤੂੰ ਆਪ ਹੀ ਆਪਣੇ ਅਨੰਦ[50] ਅੰਦਰ ਲੀਨ ਹੋਇਆ ਹੋਇਆ[51] ਹੈਂ ।
ਨਾਮੁ ਅਮੋਲਕੁ[52] ਅਗਮ[53] ਅਪਾਰਾ[54] ॥	Priceless[52], Boundless[53] and Infinite[54] is Thy Name, O Lord.	ਅਣਮੁੱਲਾ[52], ਹਦਬੰਨਾ ਰਹਿਤ[53] ਅਤੇ ਬੇਅੰਤ[54] ਹੈ ਤੇਰਾ ਨਾਮ, ਹੇ ਸਾਂਈਂ !
ਨਾ ਕੋ ਹੋਆ ਤੋਲਣਹਾਰਾ[55] ॥	No one can ever weigh[55] it.	ਕੋਈ ਭੀ ਇਸ ਨੂੰ ਕਦੇ ਜੋਖ[55] ਨਹੀਂ ਸਕਦਾ ।
ਆਪੇ ਤੋਲੇ[56] ਤੋਲਿ ਤੋਲਾਏ[57] ਗੁਰ ਸਬਦੀ[58] ਮੇਲਿ[59] ਤੋਲਾਇਆ[60] ॥੯॥	Thou Thyself weighest[56] and assayeth[57] the mortal and through the Guru's word[58], unitest[59] him with Thee, when he weighs the whole[60].	ਤੂੰ ਆਪ ਹੀ ਪ੍ਰਾਣੀ ਨੂੰ ਜੋਖਦਾ[56] ਅਤੇ ਪਰਖਦਾ[57] ਹੈਂ ਅਤੇ ਜਦ ਉਹ ਤੋਲ ਵਿਚ ਪੂਰਾ ਉਤਰਦਾ[60] ਹੈ, ਤੂੰ ਉਸ ਨੂੰ, ਗੁਰਾਂ ਦੀ ਬਾਣੀ[58] ਰਾਹੀਂ, ਆਪਣੇ ਨਾਲ ਮਿਲਾ ਲੈਂਦਾ[59] ਹੈਂ ।
ਸੇਵਕ[61] ਸੇਵਹਿ[62] ਕਰਹਿ ਅਰਦਾਸਿ[63] ॥	I, Thy slave[61], perform Thy service[62] and supplicate[63] before Thee, O Lord.	ਮੈਂ ਤੇਰਾ ਗੋਲਾ[61], ਤੇਰੀ ਘਾਲ[62] ਕਮਾਉਂਦਾ ਅਤੇ ਤੇਰੇ ਅੱਗੇ ਪ੍ਰਾਰਥਨਾ ਕਰਦਾ[63] ਹਾਂ, ਹੇ ਪ੍ਰਭੂ !
ਤੂ ਆਪੇ[64] ਮੇਲਿ[65] ਬਹਾਲਹਿ[66] ਪਾਸਿ[67] ॥	Thou seatest[66] me close[67] to Thee and unites[765] me with Thyself[64].	ਤੂੰ ਮੈਨੂੰ ਆਪਣੇ ਕੋਲ[67] ਬਿਠਾਲਦਾ[66] ਹੈਂ ਅਤੇ ਮੈਨੂੰ ਆਪਣੇ[64] ਨਾਲ ਮਿਲਾ ਲੈਂਦਾ[65] ਹੈਂ ।
ਸਭਨਾ ਜੀਆ[68] ਕਾ ਸੁਖਦਾਤਾ[69] ਪੂਰੈ[70] ਕਰਮਿ[71] ਧਿਆਇਆ[72] ॥੧੦॥	Thou art the Peace-giving[69] Lord of all the being[68]. It is through perfect[70] destiny[71], that Thou art contemplated[72].	ਤੂੰ ਸਾਰਿਆਂ ਜੀਵਾਂ[68] ਦਾ, ਆਰਾਮ ਦੇਣ ਵਾਲਾ[69], ਸੁਆਮੀ ਹੈਂ । ਪੂਰਨ[70] ਪ੍ਰਾਲਭਧ[71] ਰਾਹੀਂ ਹੀ ਤੂੰ ਸਿਮਰਿਆ ਜਾਂਦਾ[72] ਹੈਂ ।
ਜਤੁ[73] ਸਤੁ[74] ਸੰਜਮੁ[75] ਜਿ[76] ਸਚੁ ਕਮਾਵੈ ॥	If[76] man practises the truth; This includes continence[73], chastity[74] and self-control[75].	ਜੇਕਰ[76] ਬੰਦਾ ਸੱਚ ਦੀ ਕਮਾਈ ਕਰਦਾ ਹੈ; ਇਸ ਵਿੱਚ ਹੀ ਬ੍ਰਹਮਚਰਜ[73], ਪ੍ਰਹੇਜ਼ਗਾਰੀ[74] ਅਤੇ ਸਵੈ-ਜ਼ਬਤ[75] ਆ ਜਾਂਦੇ ਹਨ ।
ਇਹੁ ਮਨੁ ਨਿਰਮਲੁ[77] ਜਿ ਹਰਿ ਗੁਣ[78] ਗਾਵੈ ॥	If the mortal sings God's praise[78], this mind of his becomes immaculate[77].	ਜੇਕਰ ਜੀਵ ਵਾਹਿਗੁਰੂ ਦਾ ਜੱਸ[78] ਗਾਇਨ ਕਰੇ, ਤਦ ਉਸ ਦਾ ਇਹ ਮਨੂਆ ਪਵਿੱਤ੍ਰ ਹੋ ਜਾਂਦਾ[77] ਹੈ ।
ਇਸੁ ਬਿਖੁ[79] ਮਹਿ[80] ਅੰਮ੍ਰਿਤੁ[81] ਪਰਾਪਤਿ[82] ਹੋਵੈ ਹਰਿ ਜੀਉ[83] ਮੇਰੇ ਭਾਇਆ[84] ॥੧੧॥	In[80] this world of poison[79], he obtains[82] Nectar[81] Such is the pleasure[84] of my Reverend Lord[83].	ਇਸ ਜ਼ਹਿਰ[79]ਦੇ ਸੰਸਾਰ ਅੰਦਰ[80] ਉਹ ਅੰਮ੍ਰਿਤ[81] ਹਾਸਲ ਕਰ ਲੈਂਦਾ[82] ਹੈ । ਐਹੋ ਜੇਹੀ ਹੈ ਰਜ਼ਾ ਮਰਜ਼ੀ[84] ਮੇਰੇ ਪੂਜਯ ਪ੍ਰਭੂ[83] ਦੀ ।
ਜਿਸ ਨੋ ਬੁਝਾਏ[85] ਸੋਈ[86] ਬੂਝੈ[87] ॥	He[86] alone understands[87] the Lord, whom He instucts[85].	ਕੇਵਲ ਉਹ[86] ਹੀ ਸਾਂਈਂ ਨੂੰ ਸਮਝਦਾ[87] ਹੈ, ਜਿਸ ਨੂੰ ਉਹ ਸਿਖਮਤ ਦਿੰਦਾ[85] ਹੈ ।
ਹਰਿ ਗੁਣ[88] ਗਾਵੈ[89] ਅੰਦਰੁ[90] ਸੂਝੈ[91] ॥	Singing[89] God's praise[88], one's soul[90] is sanctified[91].	ਹਰੀ ਦੀ ਕੀਰਤੀ[88] ਗਾਇਨ ਕਰਨ[89] ਦੁਆਰਾ, ਬੰਦੇ ਦੀ ਆਤਮਾ[90] ਪਵਿੱਤ੍ਰ ਹੋ ਜਾਂਦੀ[91] ਹੈ ।
ਹਉਮੈ[92] ਮੇਰਾ[93] ਠਾਕਿ ਰਹਾਏ[94] ਸਹਜੇ[95] ਹੀ ਸਚੁ[96] ਪਾਇਆ ॥੧੨॥	His I-amness[92] and mineness[93], he silences and stills[94] and easily[95] attains unto the True Lord[96].	ਆਪਣੀ ਸਵੈ-ਹੰਗਤਾ[92] ਅਤੇ ਅਪੱਣਤ[93]ਨੂੰ ਉਹ ਰੋਕਦਾ[94] ਅਤੇ ਮੇਸ ਸੁੱਟਦਾ ਹੈ ਅਤੇ ਸੁਖੈਨ[95] ਹੀ ਸੱਚੇ ਸੁਆਮੀ[96] ਨੂੰ ਪਾ ਲੈਂਦਾ ਹੈ ।

ਬਿਨੁ ਕਰਮਾ[97] ਹੋਰ ਫਿਰੈ[99] ਘਨੇਰੀ[100] ॥	Without good actions[97], good many[100] others wander[99] in existences.	ਲੋਕਾਈ, ਚੰਗੇ ਅਮਲਾਂ[97] ਦੇ ਬਗੈਰ, ਹੋਰਸ ਅਨੇਕਾਂ[100] ਜੂਨੀਆਂ ਅੰਦਰ ਭਟਕਦੀ ਫਿਰਦੀ[99] ਹੈ ।
ਮਰਿ ਮਰਿ[2] ਜੰਮੈ[3] ਚੁਕੈ[4] ਨ ਫੇਰੀ[5] ॥	They are born[3] to die again and again[2] and their gyration[5] ends[6] not.	ਉਹ ਮੁੜ ਮੁੜ ਕੇ[2] ਮਰਨ ਲਈ ਜੰਮਦੇ[3] ਹਨ ਅਤੇ ਉਨ੍ਹਾਂ ਦਾ ਗੇੜਾ[5] ਮੁਕਦਾ[4] ਨਹੀਂ ।
ਬਿਖੁ[6] ਕਾ ਰਾਤਾ[7] ਬਿਖੁ[8] ਕਮਾਵੈ[9] ਸੁਖੁ ਨ ਕਬਹੂ[10] ਪਾਇਆ ॥੧੩॥	Imbued[7] with the poisonous[6] sins, one commits[9] sins[8] and attains not peace ever[10].	ਜ਼ਹਿਰੀਲੇ[6] ਪਾਪਾਂ ਨਾਲ ਰੰਗਿਆ ਹੋਇਆ[7] ਜੀਵ, ਪਾਪ[8] ਹੀ ਕਰਦਾ[9] ਹੈ ਅਤੇ ਉਸ ਨੂੰ ਕਦੇ ਭੀ[10] ਆਰਾਮ ਪ੍ਰਾਪਤ ਨਹੀਂ ਹੁੰਦਾ ।
ਬਹੁਤੇ ਭੇਖ[12] ਕਰੇ[13] ਭੇਖਧਾਰੀ[14] ॥	The guiser[14] wears[13] many religious garbs[12].	ਭੇਖੀ[14] ਅਨੇਕਾਂ ਧਾਰਮਕ ਪਹਿਰਾਵੇ[12] ਪਹਿਨਦਾ[13] ਹੈ ।
ਬਿਨੁ ਸਬਦੈ[15] ਹਉਮੈ[16] ਕਿਨੈ ਨ ਮਾਰੀ[17] ॥	Without the Name[15], none has stilled[17] his ego[16].	ਨਾਮ[15] ਦੇ ਬਾਝੋਂ, ਕਿਸੇ ਨੇ ਭੀ ਆਪਣੀ ਹੰਗਤਾ[16] ਨਵਿਰਤ[17] ਨਹੀਂ ਕੀਤੀ ।
ਜੀਵਤੁ ਮਰੈ ਤਾ[18] ਮੁਕਤਿ[19] ਪਾਏ ਸਚੈ ਨਾਇ[20] ਸਮਾਇਆ[21] ॥੧੪॥	If man remains dead in life, then[18] is he emancipated[19] and merges[21] in True Name[20].	ਜੇਕਰ ਜੀਵ ਜੀਉਂਦੇ ਜੀ ਮਰਿਆ ਰਹੇ, ਤਦ[18] ਉਹ ਮੋਖ਼ਸ਼ ਅਤੇ ਸੱਚੇ ਨਾਮ[20] ਅੰਦਰ ਲੀਨ ਹੋ[21] ਜਾਂਦਾ ਹੈ ।
ਅਗਿਆਨੁ[22] ਤ੍ਰਿਸਨਾ[23] ਇਸੁ ਤਨਹਿ[24] ਜਲਾਏ[25] ॥	Spiritual ignorance[22] and desire[23] burn[25] this human body[24].	ਰੂਹਾਨੀ ਬੇਸਮਝੀ[22] ਅਤੇ ਖ਼ਾਹਿਸ਼[23] ਇਸ ਮਨੁਖੀ ਦੇਹ[24] ਨੂੰ ਸਾੜਦੀਆਂ[25] ਹਨ ।
ਤਿਸ ਦੀ ਬੁਝੈ[26] ਜਿ[27] ਗੁਰ ਸਬਦੁ[28] ਕਮਾਏ[29] ॥	Alone his fire is extinguished[26] who[27] acts upto[29] the Guru's word[28].	ਕੇਵਲ ਉਸ ਦੀ ਅੱਗ ਹੀ ਬੁਝਦੀ[26] ਹੈ, ਜੋ[27] ਗੁਰਾਂ ਦੀ ਬਾਣੀ[28] ਤੇ ਅਮਲ ਕਰਦਾ[29] ਹੈ ।
ਤਨੁ[29*] ਮਨੁ[30] ਸੀਤਲੁ[29] ॥ ਕ੍ਰੋਧੁ[32] ਨਿਵਾਰੇ[33] ਹਉਮੈ[34] ਮਾਰਿ[35] ਸਮਾਇਆ[36] ॥੧੫॥	He silences[33] his wrath[32] and his body[29*] and mind[30] are cooled[31] and stilling[35] his self-conceit[34], he merges[36] in the Lord.	ਉਹ ਆਪਣੇ ਗੁੱਸੇ[32] ਨੂੰ ਮਾਰ ਸੁੱਟਦਾ[33] ਹੈ, ਉਸ ਦੀ ਦੇਹ[29*] ਤੇ ਆਤਮਾ[30] ਠੰਢੇਠਾਰ ਹੋ ਜਾਂਦੇ[31] ਹਨ ਅਤੇ ਆਪਣੀ ਸਵੈ-ਹੰਗਤਾ[34] ਨੂੰ ਮੇਟ ਕੇ[35], ਉਹ ਸੁਆਮੀ ਅੰਦਰ ਲੀਨ ਹੋ ਜਾਂਦਾ[36] ਹੈ ।
ਸਚਾ ਸਾਹਿਬੁ ਸਚੀ ਵਡਿਆਈ[37] ॥	True is the Lord and true is His glory[37].	ਸੱਚਾ ਹੈ ਪ੍ਰਭੂ ਅਤੇ ਸੱਚੀ ਹੈ ਉਸ ਦੀ ਪ੍ਰਭਤਾ[37] ।
ਗੁਰ ਪਰਸਾਦੀ[38] ਵਿਰਲੈ[39] ਪਾਈ[40] ॥	By the Guru's grace[38], only a few[39] attain[40] to this Divine glory.	ਗੁਰਾਂ ਦੀ ਦਇਆ[38] ਦੁਆਰਾ, ਬਹੁਤ ਹੀ ਥੋੜੇ[39] ਇਸ ਈਸ਼ਵਰੀ ਪ੍ਰਭਤਾ ਨੂੰ ਪ੍ਰਾਪਤ[40] ਹੁੰਦੇ ਹਨ ।
੧੦੬੮		
ਨਾਨਕੁ ਏਕੁ ਕਹੈ ਬੇਨੰਤੀ[41] ਨਾਮੇ[42] ਨਾਮਿ ਸਮਾਇਆ[43] ॥ ੧੬॥੧॥੨੩॥	Nanak makes a supplication[41], it is through the Name, that one merges[43] in the Name-incarnate Lord[42].	ਨਾਨਕ ਇੱਕ ਪ੍ਰਾਰਥਨਾ[41] ਕਰਦਾ ਹੈ, ਕਿ ਨਾਮ ਦੇ ਰਾਹੀਂ ਹੀ ਇਨਸਾਨ ਨਾਮ-ਸਰੂਪ ਪ੍ਰਭੂ[42] ਅੰਦਰ ਲੀਨ ਹੁੰਦਾ[43] ਹੈ ।
ਮਾਰੂ ਮਹਲਾ ੩ ॥	Maru 3rd Guru.	ਮਾਰੂ ਤੀਜੀ ਪਾਤਿਸ਼ਾਹੀ ।
ਨਦਰੀ[44] ਭਗਤਾ[45] ਲੈਹੁ ਮਿਲਾਏ ॥	By Thy grace[44], O Lord, unite Thou Thine devotees[45] with Thee.	ਆਪਣੀ ਰਹਿਮਤ[44] ਦੁਆਰਾ, ਹੇ ਸੁਆਮੀ ! ਤੂੰ ਆਪਣੇ ਪ੍ਰੇਮੀਆਂ[45] ਨੂੰ ਆਪਣੇ ਨਾਲ ਮਿਲਾ ਲੈ ।
ਭਗਤ ਸਲਾਹਨਿ[46] ਸਦਾ[47] ਲਿਵ ਲਾਏ[48] ॥	Attuned[48] to Thee, Thine devotees ever[47] sing Thy praise[46].	ਤੇਰੇ ਨਾਲ ਪਿਆਰ ਪਾ[48], ਤੇਰੇ ਅਨੁਰਾਗੀ; ਹਮੇਸ਼ਾ[45] ਤੇਰਾ ਜੱਸ[46] ਗਾਉਂਦੇ ਹਨ ।

ਤਉ ਸਰਣਾਈ[49] ਉਬਰਹਿ[50] ਕਰਤੇ[51] ਆਪੇ ਮੇਲਿ[52] ਮਿਲਾਇਆ ॥੧॥

It is in Thine refuge[48], that they are saved[50], O Creator[51]-Lord. Thou Thyself unitest them in thy union[52].

ਤੇਰੀ ਸ਼ਰਣ[49] ਅੰਦਰ ਉਨ੍ਹਾਂ ਦਾ ਪਾਰ ਉਤਾਰਾ ਹੋ ਜਾਂਦਾ[50] ਹੈ ਹੇ ਸਿਰਜਣਹਾਰ[51] ਸੁਆਮੀ ! ਤੂੰ ਆਪ ਹੀ ਉਨ੍ਹਾਂ ਨੂੰ ਆਪਣੇ ਮਿਲਾਪ[52] ਵਿੱਚ ਮਿਲਾਉਂਦਾ ਹੈਂ ।

ਪੂਰੈ[53] ਸਬਦਿ[54] ਭਗਤਿ[55] ਸੁਹਾਈ[56] ॥

Beauteous[56] is the meditation[55] of the Perfect[53] Lord[54].

ਸੁੰਦਰ[56] ਹੈ ਬੰਦਗੀ[55], ਪੂਰਨ[53] ਪ੍ਰਭੂ[54] ਦੀ ।

ਅੰਤਰਿ[57] ਸੁਖੁ[58] ਤੇਰੈ ਮਨਿ ਭਾਈ[59] ॥

It is pleasing[59] to Thy mind, O Lord, and through it bliss[58] dawns within[57] one.

ਇਹ ਪ੍ਰਭੂ ਦੇ ਚਿੱਤ ਨੂੰ ਚੰਗੀ ਲਗਦੀ[59] ਹੈ ਅਤੇ ਇਸ ਦੇ ਰਾਹੀਂ ਬੰਦੇ ਦੇ ਅੰਦਰ[57] ਖੁਸ਼ੀ[58] ਪੈਦਾ ਹੁੰਦੀ ਹੈ ।

ਮਨੁ ਤਨੁ[60] ਸਚੀ ਭਗਤੀ[61] ਰਾਤਾ[62] ਸਚੇ[63] ਸਿਉ[64] ਚਿਤੁ ਲਾਇਆ[65] ॥੨॥

He, whose mind and body[60] are imbued[62] with the true devotional service[61], fixes[65] his mind with[64] the True Lord[63].

ਜਿਸ ਦਾ ਚਿੱਤ ਅਤੇ ਦੇਹ[60] ਸੱਚੀ ਪ੍ਰੇਮਮਈ ਸੇਵਾ[61] ਨਾਲ ਰੰਗੇ ਹੋਏ[62] ਹਨ, ਉਹ ਆਪਣੇ ਮਨ ਨੂੰ ਸੱਚੇ ਸਾਂਈਂ[63] ਨਾਲ[64] ਜੋੜ ਲੈਂਦਾ[65] ਹੈ ।

ਹਉਮੈ[66] ਵਿਚਿ ਸਦ ਜਲੈ[67] ਸਰੀਰਾ[68] ॥

In the fire of self-conceit[66], the body[68] ever burns[67].

ਸਵੈ-ਹੰਗਤਾ[66] ਦੀ ਅੱਗ ਵਿਚ ਦੇਹ[68] ਸਦੀਵ ਹੀ ਸੜਦੀ ਬਲਦੀ[67] ਹੈ ।

ਕਰਮੁ[69] ਹੋਵੈ ਭੇਟੈ[70] ਗੁਰੁ ਪੂਰਾ[71] ॥

It is through the Lord's grace[69], that one meets[70] with the Perfect[71] Guru.

ਪ੍ਰਭੂ ਦੀ ਰਹਿਮਤ[69] ਰਾਹੀਂ ਹੀ ਜੀਵ ਪੂਰਨ[71] ਗੁਰਾਂ ਨਾਲ ਮਿਲਦਾ[70] ਹੈ ।

ਅੰਤਰਿ[72] ਅਗਿਆਨੁ[73] ਸਬਦਿ[74] ਬੁਝਾਏ[75] ਸਤਿਗੁਰ ਤੇ ਸੁਖੁ ਪਾਇਆ ॥੩॥

Through the Lord's Name[74], the internal[72] fire of ignorance[73] is quenched[75] and one finds bliss through the True Guru.

ਸਾਹਿਬ ਦੇ ਨਾਮ[74] ਰਾਹੀਂ ਬੇਸਮਝੀ[73] ਦੀ ਅੰਦਰ[72] ਦੀ ਅੱਗ ਬੁਝ ਜਾਂਦੀ[75] ਹੈ ਅਤੇ ਇਨਸਾਨ ਗੁਰਾਂ ਦੇ ਰਾਹੀਂ ਆਰਾਮ ਨੂੰ ਪ੍ਰਾਪਤ ਹੋ ਜਾਂਦਾ ਹੈ ।

ਮਨਮੁਖੁ[76] ਅੰਧਾ[77] ਅੰਧੁ[78] ਕਮਾਏ[79] ॥

The blind[77] perverse person[76] does[79] blind[78] deeds.

ਅੰਨ੍ਹਾ[77] ਮਨਮੁੱਖ ਪੁਰਸ਼[76] ਅੰਨ੍ਹੇ[78] ਕੰਮ ਕਰਦਾ[79] ਹੈ ।

ਬਹੁ[80] ਸੰਕਟ[81] ਜੋਨੀ[82] ਭਰਮਾਏ[83] ॥

He is in great[80] trouble[81] and wanders[83] in species[82].

ਉਹ ਘਣੇ[80] ਦੁੱਖ[81] ਅੰਦਰ ਹੈ ਅਤੇ ਜੂਨੀਆਂ[82] ਅੰਦਰ ਭਟਕਦਾ[83] ਹੈ ।

ਜਮ[84] ਕਾ ਜੇਵੜਾ[85] ਕਦੇ[86] ਨ ਕਾਟੇ ਅੰਤੇ[87] ਬਹੁ ਦੁਖੁ ਪਾਇਆ ॥੪॥

His noose[85] of death[84] is never[86] snapped and he suffers immense sorrow in the end[87].

ਉਸ ਦੀ ਮੌਤ[84] ਦੀ ਫਾਹੀ[85] ਕਦੇ ਭੀ[86] ਨਹੀਂ ਕੱਟੀ ਜਾਂਦੀ ਅਤੇ ਅਖੀਰ[87]ਨੂੰ ਉਹ ਬਹੁਤ ਤਕਲੀਫ ਉਠਾਉਂਦਾ ਹੈ ।

ਆਵਣ[88] ਜਾਣਾ[89] ਸਬਦਿ[90] ਨਿਵਾਰੇ[91] ॥ ਸਚੁ ਨਾਮੁ ਰਖੈ ਉਰ[92] ਧਾਰੇ[93] ॥

Through the Name[90], man's comings[88] and goings[89] are ended[91] and he keeps the True Name enshrined[93] in his mind[92].

ਨਾਮ[90] ਦੇ ਰਾਹੀਂ ਜੀਵ ਦੇ ਆਉਣੇ[88] ਤੇ ਜਾਣੇ[89] ਮੁੱਕ ਜਾਂਦੇ[91] ਹਨ ਅਤੇ ਉਹ ਸੱਚੇ ਨਾਮ ਨੂੰ ਹਿਰਦੇ[92] ਅੰਦਰ ਟਿਕਾਈ ਰਖਦਾ[93] ਹੈ ।

ਗੁਰ ਕੈ ਸਬਦਿ[94] ਮਰੈ ਮਨੁ ਮਾਰੇ[95] ਹਉਮੈ[96] ਜਾਇ[97] ਸਮਾਇਆ[98] ॥੫॥

He dies through the Guru's word[94], subdues[95] his mind and silencing[97] his ego[96], merges[98] in the Lord.

ਉਹ ਗੁਰਾਂ ਦੀ ਬਾਣੀ[94] ਰਾਹੀਂ ਮਰ ਵੰਞਦਾ ਹੈ । ਉਹ ਆਪਣੇ ਮਨੂਏ ਨੂੰ ਕਾਬੂ ਕਰ ਲੈਂਦਾ[95] ਹੈ ਤੇ ਆਪਣੀ ਹੰਗਤਾ[96]ਨੂੰ ਮਾਰ[97], ਸਾਂਈਂ ਅੰਦਰ ਲੀਨ ਹੋ ਜਾਂਦਾ[98]ਹੈ ।

ਆਵਣ ਜਾਣੈ ਪਰਜ[99] ਵਿਗੋਈ[100] ॥	In coming and going, the world[99] is wasted away[100].	ਆਉਣ ਅਤੇ ਜਾਣ ਵਿਚ ਦੁਨੀਆ[99] ਬਰਬਾਦ ਹੋ ਗਈ[100] ਹੈ ।
ਬਿਨੁ ਸਤਿਗੁਰ ਥਿਰੁ[2] ਕੋਇ ਨ ਹੋਈ ॥	Without the True Guru, no one becomes eternally stable[2].	ਸੱਚੇ ਗੁਰਾਂ ਦੇ ਬਗ਼ੈਰ ਕੋਈ ਭੀ ਸਦੀਵੀ ਸਥਿਰ[2] ਨਹੀਂ ਹੁੰਦਾ ।
ਅੰਤਰਿ[3] ਜੋਤਿ[4] ਸਬਦਿ[5] ਸੁਖੁ ਵਸਿਆ ਜੋਤੀ[6] ਜੋਤਿ[7] ਮਿਲਾਇਆ[8] ॥੬॥	Through the Name[5], man's mind[3] is illumined[4], he abides in peace and his light[7] blends[8] with the Supreme Light[6].	ਨਾਮ[5] ਦੇ ਰਾਹੀਂ ਆਦਮੀ ਦਾ ਮਨ[3] ਰੌਸ਼ਨ ਹੋ ਜਾਂਦਾ[4] ਹੈ, ਉਹ ਆਰਾਮ ਅੰਦਰ ਵਸਦਾ ਹੈ ਅਤੇ ਉਸ ਦਾ ਪ੍ਰਕਾਸ਼[7] ਪਰਮ ਪ੍ਰਕਾਸ਼[6] ਨਾਲ ਅਭੇਦ[8] ਥੀ ਵੰਞਦਾ ਹੈ ।
ਪੰਚ ਦੂਤ[9] ਚਿਤਵਹਿ[10] ਵਿਕਾਰਾ[12] ॥	The five demons[9] ever think[10] of evil[12].	ਪੰਜ ਭੂਤਨੇ[9] (ਵਿਕਾਰ) ਸਦਾ ਬਦੀ[12] ਦਾ ਹੀ ਧਿਆਨ ਧਾਰਦੇ[10] ਹਨ ।
ਮਾਇਆ[12*] ਮੋਹ[13] ਕਾ ਏਹੁ ਪਸਾਰਾ[14] ॥	This world[14] is all but mammon's[12*] love[13].	ਇਹ ਸੰਸਾਰ[14] ਸਮੂਹ ਮੋਹਨੀ[12*] ਮਾਇਆ ਦੀ ਮਮਤਾ[13] ਹੀ ਹੈ ।
ਸਤਿਗੁਰੁ ਸੇਵੇ[15] ਤਾ[16] ਮੁਕਤੁ[17] ਹੋਵੈ ਪੰਚ ਦੂਤ[18] ਵਸਿ[19] ਆਇਆ ॥੭॥	If man serves[15] the True Guru, then[16] is he emancipated[17] and overcomes[19] the five demons[18].	ਜੇਕਰ ਬੰਦਾ ਸੱਚੇ ਗੁਰਾਂ ਦੀ ਘਾਲ ਕਮਾਵੇ[15], ਤਦ[16] ਉਹ ਮੋਖ਼ਸ਼ ਹੋ ਜਾਂਦਾ[17] ਹੈ ਤੇ ਪੰਜਾਂ ਭੂਤਨਿਆਂ[18] ਉੱਤੇ ਕਾਬੂ ਪਾ ਲੈਂਦਾ[19] ਹੈ ।
ਬਾਝੁ[25] ਗੁਰੂ ਹੈ ਮੋਹੁ[20] ਗੁਬਾਰਾ[21] ॥ ਫਿਰਿ ਫਿਰਿ[22] ਡੁਬੈ[23] ਵਾਰੋ ਵਾਰਾ[24] ॥	Without[25] the Guru, there is the darkness[21] of worldly love[20] and one is drowned[23] over and over[24] again[22].	ਗੁਰਾਂ ਦੇ ਬਾਝੋਂ[25] ਸੰਸਾਰੀ ਮਮਤਾ[20] ਦਾ ਅਨ੍ਹੇਰਾ[21] ਹੈ ਅਤੇ ਇਨਸਾਨ ਮੁੜ ਮੁੜ ਕੇ[22] ਬਾਰੰਬਾਰ[24] ਡੁਬਦਾ[23] ਹੈ ।
ਸਤਿਗੁਰ ਭੇਟੇ[26] ਸਚੁ ਦ੍ਰਿੜਾਏ[27] ਸਚੁ ਨਾਮੁ ਮਨਿ[28] ਭਾਇਆ[29] ॥੮॥	If man meets[26] with the True Guru, truth is implanted[27] in him and the True Name becomes pleasing[29] to his mind[28].	ਜੇਕਰ ਬੰਦਾ ਸੱਚੇ ਗੁਰਾਂ ਨੂੰ ਮਿਲ ਪਵੇ[26] ਤਾਂ ਸੱਚ ਉਸ ਦੇ ਅੰਦਰ ਪੱਕਾ ਹੋ ਜਾਂਦਾ[27] ਹੈ ਅਤੇ ਸੱਚਾ ਨਾਮ ਉਸ ਦੇ ਚਿੱਤ[28] ਨੂੰ ਚੰਗਾ ਲਗਦਾ[29] ਹੈ ।
ਸਾਚਾ ਦਰੁ[30] ਸਾਚਾ ਦਰਵਾਰਾ[31] ॥	True is the Lord's door[30] and true is His court[31].	ਸੱਚਾ ਹੈ ਹਰੀ ਦਾ ਦਰਵਾਜ਼ਾ[30] ਅਤੇ ਸੱਚੀ ਹੈ ਉਸ ਦੀ ਦਰਗਾਹ[31] ।
ਸਚੇ[32] ਸੇਵਹਿ[33] ਸਬਦਿ[34] ਪਿਆਰਾ[35] ॥	The true ones[32] serve[33] their Lord, through the loved[35], Gurbani[34].	ਲਾਡਲੀ[35] ਗੁਰਬਾਣੀ[34] ਰਾਹੀਂ ਸਚਿਆਰ[32] ਆਪਣੇ ਸਾਹਿਬ ਦੀ ਚਾਕਰੀ ਕਮਾਉਂਦੇ[33] ਹਨ ।
ਸਚੀ ਧੁਨਿ[36] ਸਚੇ ਗੁਣ[37] ਗਾਵਾ ਸਚੇ ਮਾਹਿ[38] ਸਮਾਇਆ[39] ॥੯॥	Singing the True Lords praise[37] through true melody[36], I am absorbed[39] in[38] the True One.	ਸੱਚੇ ਗੁਰਾਂ[36] ਰਾਹੀਂ ਸੱਚੇ ਸੁਆਮੀ ਦੀ ਕੀਰਤੀ[37] ਗਾਇਨ ਕਰਨ ਦੁਆਰਾ ਮੈਂ ਸਤਿਪੁਰਖ ਵਿੱਚ[38] ਲੀਨ ਹੋ ਗਿਆ[39] ਹਾਂ ।
ਘਰੈ[40] ਅੰਦਰਿ ਕੋ[41] ਘਰੁ[42] ਪਾਏ[43] ॥	Rare is[41] the person, who finds[43] the Lord's mansion[42] within his body-home[40].	ਕੋਈ ਵਿਰਲਾ[41] ਪੁਰਸ਼ ਹੀ ਆਪਣੀ ਦੇਹ ਦੇ ਧਾਮ[40] ਅੰਦਰ ਸੁਆਮੀ ਦੇ ਮੰਦਰ[42] ਨੂੰ ਪਾਉਂਦਾ[43] ਹੈ ।
ਗੁਰ ਕੈ ਸਬਦੇ[44] ਸਹਜਿ[45] ਸੁਭਾਏ[46] ॥	By the Guru's instruction[44], he acquires peaceful[45] temperament[46].	ਗੁਰਾਂ ਦੇ ਉਪਦੇਸ਼[44] ਦੁਆਰਾ ਉਸ ਨੂੰ ਅਮਨਚੈਨ[45] ਵਾਲਾ ਸੁਭਾਅ[46] ਪ੍ਰਾਪਤ ਹੋ ਜਾਂਦਾ ਹੈ ।
ਓਥੈ ਸੋਗੁ[47] ਵਿਜੋਗੁ[48] ਨ	There, in the Lord's mansion,	ਓਥੇ ਸੁਆਮੀ ਦੇ ਮੰਦਰ ਅੰਦਰ ਝੋਰਾ[47] ਅਤੇ ਵਿਛੋੜਾ[48]

ਵਿਆਪੈ[49] ਸਹਜੇ[50] ਸਹਜਿ[51] ਸਮਾਇਆ[52] ॥੧੦॥	sorrow[47] and separation[48] cling[49] to him not and he easily[50] merges[52] in the Lord[51].	ਉਸ ਨੂੰ ਚਿਮੜਦੇ[49] ਨਹੀਂ ਅਤੇ ਉਹ ਸੁਖੈਨ[50] ਹੀ ਸਾਹਿਬ[51] ਅੰਦਰ ਲੀਨ ਹੋ ਜਾਂਦਾ[52] ਹੈ।
ਦੂਜੈ ਭਾਇ[53] ਦੁਸਟਾ[54] ਕਾ ਵਾਸਾ[55] ॥	The evil persons[54] abide[55] in duality[53].	ਮੰਦੇ ਪੁਰਸ਼[54] ਦਵੈਤ-ਭਾਵ[53] ਅੰਦਰ ਵਸਦੇ[55] ਹਨ।
ਭਉਦੇ[56] ਫਿਰਹਿ ਬਹੁ[57] ਮੋਹ[58] ਪਿਆਸਾ[59] ॥	Those thirsty ones[59] continue wandering[56] in great[57] worldly love[58].	ਉਹ ਤਿਹਾਏ ਪੁਰਸ਼[59], ਬਹੁਤੀ[57] ਸੰਸਾਰੀ ਮਮਤਾ[58] ਅੰਦਰ ਭਟਕਦੇ ਫਿਰਦੇ[56] ਹਨ।
ਕੁਸੰਗਤਿ[60] ਬਹਹਿ[62] ਸਦਾ[61] ਦੁਖੁ ਪਾਵਹਿ ਦੁਖੋ ਦੁਖੁ[63] ਕਮਾਇਆ[64] ॥੧੧॥	They sit[62] in evil society[60], ever[61] suffer sorrow and earn[64] nothing but pain[63].	ਉਹ ਮਾੜੀ ਸੁਹਬਤ[60] ਅੰਦਰ ਬੈਠਦੇ[62] ਹਨ, ਹਮੇਸ਼ਾ[61] ਦੁਖ ਉਠਾਉਂਦੇ ਹਨ ਅਤੇ ਨਿਰੋਲ ਕਸ਼ਟ[63] ਦੀ ਹੀ ਖੱਟੀ ਖੱਟਦੇ[64] ਹਨ।
ਸਤਿਗੁਰ ਬਾਝਹੁ[65] ਸੰਗਤਿ[66] ਨ ਹੋਈ ॥ ਬਿਨੁ ਸਬਦੇ[67] ਪਾਰੁ[68] ਨ ਪਾਏ ਕੋਈ ॥	Without[65] the True Guru, there is no Divine congregation[66] and without the Name[67] none has ever ferried across[68].	ਸੱਚੇ ਗੁਰਾਂ ਦੇ ਬਗੈਰ[65] ਕੋਈ ਈਸ਼ਵਰੀ ਜੋੜ[66]-ਮੇਲਾ ਨਹੀਂ ਅਤੇ ਨਾਮ[67] ਦੇ ਬਗੈਰ ਕਦੇ ਕਿਸੇ ਦਾ ਪਾਰ ਉਤਾਰਾ[68] ਨਹੀਂ ਹੋਇਆ।
ਸਹਜੇ[69] ਗੁਣ[70] ਰਵਹਿ[71] ਦਿਨੁ ਰਾਤੀ[74] ਜੋਤੀ[72] ਜੋਤਿ[73] ਮਿਲਾਇਆ[75] ॥੧੨॥	He, who instinctively[69] day and night[74] utters[71] the Lord's praise[70]; his light[73] merges[75] in the Supreme Light[72].	ਜੋ ਸੁਭਾਵਿਕ[69] ਹੀ ਦਿਹੁੰ ਅਤੇ ਰੈਣ[74] ਪ੍ਰਭੂ ਦੀ ਉਸਤਤੀ[70] ਉਚਾਰਦਾ[71] ਹੈ; ਉਸ ਦਾ ਪ੍ਰਕਾਸ਼[73] ਪਰਮ ਪ੍ਰਕਾਸ਼[72] ਅੰਦਰ ਲੀਨ ਹੋ ਜਾਂਦਾ[75] ਹੈ।
ਕਾਇਆ[76] ਬਿਰਖੁ[77] ਪੰਖੀ[78] ਵਿਚਿ[79] ਵਾਸਾ[80] ॥	The body[76] is the tree[77] and the bird[78] of the soul abides[80] in[79] it.	ਦੇਹ[76] ਦਾ ਦਰਖਤ[77] ਹੈ ਅਤੇ ਜਿੰਦੜੀ ਦਾ ਪਰਿੰਦਾ[78] ਇਸ ਅੰਦਰ[79] (ਉੱਤੇ) ਵਸਦਾ[80] ਹੈ।
ਅੰਮ੍ਰਿਤੁ[81] ਚੁਗਹਿ[82] ਗੁਰ ਸਬਦਿ[83] ਨਿਵਾਸਾ[84] ॥	If it abides[84] in the Guru's word[83], it, then, indrinks[82] the Nectar[81].	ਜੇਕਰ ਇਹ ਗੁਰਬਾਣੀ[83] ਅੰਦਰ ਵੱਸੇ[84] ਤਦ ਇਹ ਸੁਧਾਰਸ[81] ਨੂੰ ਪਾਨ ਕਰਦਾ ਜਾਂ ਚੁਗਦਾ[82] ਹੈ।
ਉਡਹਿ ਨ ਮੂਲੇ[85] ਨ ਆਵਹਿ ਨ ਜਾਹੀ ਨਿਜ[86] ਘਰਿ[87] ਵਾਸਾ[88] ਪਾਇਆ[89]॥ ੧੩॥	It flies not ever[85], neither comes, nor goes; rather secures[89] an abode[88] in its own[86] home[87].	ਇਹ ਕਦੇ ਭੀ[85] ਉਡਦਾ ਨਹੀਂ, ਨਾ ਆਉਂਦਾ ਹੈ, ਨਾ ਹੀ ਜਾਂਦਾ ਹੈ, ਸਗੋਂ ਆਪਣੇ[86] ਨਿੱਜ ਦੇ ਗ੍ਰਹਿ[87] ਵਿੱਚ ਵਸੇਬਾ[88] ਹਾਸਲ ਕਰ ਲੈਂਦਾ[89] ਹੈ।
ਕਾਇਆ[90] ਸੋਧਹਿ[92] ਸਬਦੁ[91] ਵੀਚਾਰਹਿ[93] ॥ ਮੋਹ[94] ਠਗਉਰੀ[95] ਭਰਮੁ[96] ਨਿਵਾਰਹਿ[97] ॥	They, who search[92] their body[90], reflect[93] on the Name[91], discard the poisonous potion[95] of worldly love[94] and dispel[97] their doubt[96].	ਜੋ ਆਪਣੀ ਦੇਹ[90] ਨੂੰ ਖੋਜਦੇ[92] ਹਨ, ਨਾਮ[91] ਦਾ ਚਿੰਤਨ ਕਰਦੇ[93] ਹਨ, ਉਹ ਸੰਸਾਰੀ ਮਮਤਾ[94] ਦੀ ਜ਼ਹਿਰੀਲੀ ਦਵਾਈ[95] ਨੂੰ ਛੱਡ ਦਿੰਦੇ ਹਨ ਅਤੇ ਆਪਣੇ ਸੰਦੇਹ[96] ਨੂੰ ਨਵਿਰਤ ਕਰਦੇ[97] ਹਨ।
ਆਪੇ ਕ੍ਰਿਪਾ[98] ਕਰੇ ਸੁਖਦਾਤਾ[99] ਆਪੇ ਮੇਲਿ ਮਿਲਾਇਆ[100] ॥੧੪॥	The Bliss-giving[99] Lord, of Himself shows mercy[98] unto them and unites them in His union[100].	ਖ਼ੁਸ਼ੀ-ਦੇਣਹਾਰ[99] ਸੁਆਮੀ ਖ਼ੁਦ ਉਨ੍ਹਾਂ ਉੱਤੇ ਰਹਿਮਤ[98] ਧਾਰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਮਿਲਾਪ[100] ਅੰਦਰ ਮਿਲਾ ਲੈਂਦਾ ਹੈ।

ਸਦ[2] ਹੀ ਨੇੜੈ[3] ਦੂਰਿ[4] ਨ ਜਾਣਹੁ[5] ॥
ਗੁਰ ਕੈ ਸਬਦਿ[6] ਨਜੀਕਿ[7] ਪਛਾਣਹੁ[8] ॥
ਬਿਗਸੈ[9]ਕਮਲੁ[10] ਕਿਰਣਿ[12] ਪਰਗਾਸੈ[13] ਪਰਗਟੁ[14] ਕਰਿ ਦੇਖਾਇਆ[15] ॥੧੫॥

Ever[2] close at hand[3] is the Lord. Deem[5] Him not afar[4].
Through the Guru's instruction[6] realise[8] thou Him all-too-near[7].
Thy heart-lotus[10] shall bloom[9], the ray[12] of the Lord's Light shall illumine[13] thy mind and the Guru shall evidently[14] show[15] thee the Lord.

ਸਦੀਵ[2] ਹੀ ਨਜ਼ਦੀਕ[3] ਹੈ ਸੁਆਮੀ। ਉਸ ਨੂੰ ਦੁਰੇਡੇ[4] ਨਾ ਸਮਝ[5]।
ਗੁਰਾਂ ਦੇ ਉਪਦੇਸ਼[6] ਦੁਆਰਾ ਤੂੰ ਉਸ ਨੂੰ ਐਨ ਨਿਕਟ[7] ਹੀ ਅਨੁਭਵ[8] ਕਰ।
ਤੇਰਾ ਦਿਲ ਕੰਵਲ[10] ਖਿੜ ਜਾਵੇਗਾ[9], ਪ੍ਰਭੂ ਦੇ ਪ੍ਰਕਾਸ਼ ਦੀ ਕਿਰਨ[12] ਤੇਰੇ ਮਨ ਨੂੰ ਰੌਸ਼ਨ[13] ਕਰ ਦੇਵੇਗੀ ਅਤੇ ਗੁਰੂ ਜੀ ਪ੍ਰਤੱਖ ਤੌਰ ਤੇ[14] ਤੈਨੂੰ ਪ੍ਰਭੂ ਵਿਖਾਲ ਦੇਣਗੇ।

੧੦੬੯

ਆਪੇ[16] ਕਰਤਾ[17] ਸਚਾ[18] ਸੋਈ[19] ॥
ਆਪੇ ਮਾਰਿ[20] ਜੀਵਾਲੇ[21] ਅਵਰੁ[22] ਨ ਕੋਈ ॥
ਨਾਨਕ ਨਾਮੁ ਮਿਲੈ[23] ਵਡਿਆਈ[24] ਆਪੁ[25] ਗਵਾਇ[26] ਸੁਖੁ ਪਾਇਆ ॥
੧੬॥੨॥੨੪॥

He[19], the True Lord[18] is Himself[16] the Creator[17].
He Himself slays[20] and gives life[21]. There is not any other[22].
Nanak, it is through the Lord's Name, that one is blessed[23] with glory[24]. Eradicating[26] his self-conceit[25], the mortal obtains peace.

ਉਹ[19] ਸੱਚਾ ਸੁਆਮੀ[18] ਖ਼ੁਦ[16] ਹੀ ਸਿਰਜਣਹਾਰ[17] ਹੈ।
ਉਹ ਆਪ ਹੀ ਮਾਰਦਾ[20] ਅਤੇ ਜੀਵਾਉਂਦਾ[21] ਹੈ। ਹੋਰ ਕੋਈ[22] ਹੈ ਹੀ ਨਹੀਂ।
ਨਾਨਕ, ਪ੍ਰਭੂ ਦੇ ਨਾਮ ਰਾਹੀਂ ਹੀ ਇਨਸਾਨ ਨੂੰ ਪ੍ਰਭਤਾ[24] ਪ੍ਰਾਪਤ ਹੁੰਦੀ[23] ਹੈ। ਆਪਣੀ ਸਵੈ-ਹੰਗਤਾ[25] ਨੂੰ ਮਾਰ ਕੇ[26], ਪ੍ਰਾਣੀ ਆਰਾਮ ਪਾਉਂਦਾ ਹੈ।

ਮਾਰੂ ਸੋਲਹੇ
ਮਹਲਾ ੪

Maru Solhe
4th Guru.

ਮਾਰੂ ਸੋਲਹੇ
ਚੌਥੀ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਸਚਾ[27] ਆਪਿ ਸਵਾਰਣਹਾਰਾ[28] ॥
ਅਵਰ ਨ ਸੂਝਸਿ[29] ਬੀਜੀ[30] ਕਾਰਾ[31] ॥
ਗੁਰਮੁਖਿ[32] ਸਚੁ ਵਸੈ ਘਟ[33] ਅੰਤਰਿ[34] ਸਹਜੇ[35] ਸਚਿ ਸਮਾਈ[36] ਹੇ ॥੧॥
ਸਭਨਾ ਸਚੁ ਵਸੈ[37] ਮਨ ਮਾਹੀ[38] ॥
ਗੁਰ ਪਰਸਾਦੀ[39] ਸਹਜਿ[40] ਸਮਾਹੀ[41] ॥

The True one[27] Himself embellishes[21] the Guru-wards.
They think[29] not of any task[31] other[30] than God's.
The True Lord dwells within[34] the mind[33] of the Guru-wards[32] and they easily[35] merge[36] in the True One.
Within[38] the minds of all abides[37] the True Lord.
By the Guru's grace[39], man merges[41] in the Lord.

ਸਤਿਪੁਰਖ[27] ਆਪੇ ਹੀ ਗੁਰਮੁਖਾਂ ਨੂੰ ਸ਼ਸ਼ੋਭਤ[28] ਕਰਦਾ ਹੈ।
ਉਹ ਵਾਹਿਗੁਰੂ ਦੇ ਬਗ਼ੈਰ ਕਿਸੇ ਹੋਰਸ[30] ਕਾਰਜ[31] ਵਲ ਧਿਆਨ[29] ਹੀ ਨਹੀਂ ਦਿੰਦੇ।
ਸੱਚਾ ਸੁਆਮੀ ਗੁਰੂ-ਅਨੁਸਾਰੀਆਂ[32] ਦੇ ਰਿਦੇ[33] ਅੰਦਰ[34] ਵਸਦਾ ਹੈ ਤੇ ਉਹ ਸੁਖੈਨ[35] ਹੀ ਸਤਿਪੁਰਖ ਵਿੱਚ ਲੀਨ ਹੋ ਜਾਂਦੇ[36] ਹਨ।
ਸਾਰਿਆਂ ਦੇ ਹਿਰਦਿਆਂ ਅੰਦਰ[38] ਸੱਚਾ ਸਾਂਈਂ ਨਿਵਾਸ ਰਖਦਾ[37] ਹੈ।
ਗੁਰਾਂ ਦੀ ਦਇਆ[39] ਦੁਆਰਾ ਬੰਦਾ ਸਾਂਈਂ ਅੰਦਰ ਸਮਾ ਜਾਂਦਾ[41] ਹੈ।

ਗੁਰੁ[41] ਗੁਰੁ ਕਰਤ[42] ਸਦਾ[43] ਸੁਖੁ ਪਾਇਆ ਗੁਰ ਚਰਣੀ[44] ਚਿਤੁ[45] ਲਾਈ[46] ਹੇ ॥੨॥	Invoking[42] the Great Guru, I have obtained eternal[43] peace and my mind[45] is attuned[46] to the Guru's Feet.	ਵਿਸ਼ਾਲ[41] ਗੁਰਾਂ ਦਾ ਆਰਾਧਨ ਕਰਨ[42] ਦੁਆਰਾ ਮੈਂ ਸਦੀਵੀ[43] ਆਰਾਮ ਪਾ ਲਿਆ ਹੈ ਅਤੇ ਮੇਰਾ[45] ਮਨ ਗੁਰਾਂ ਦੇ ਚਰਨਾਂ[44] ਨਾਲ ਜੁੜ ਗਿਆ[46] ਹੈ।
ਸਤਿਗੁਰੁ ਹੈ ਗਿਆਨੁ[47] ਸਤਿਗੁਰੁ ਹੈ ਪੂਜਾ[48] ॥	The True Guru is the giver of gnosis[47] and the True Guru is worthy of worship[48].	ਸੱਚੇ ਗੁਰੂ ਜੀ ਰੱਬੀ ਗਿਆਤ[47] ਦੇ ਦਾਤੇ ਹਨ ਅਤੇ ਸੱਚੇ ਗੁਰੂ ਜੀ ਉਪਾਸ਼ਨਾ[48] ਦੇ ਯੋਗ ਹਨ।
ਸਤਿਗੁਰੁ ਸੇਵੀ[49] ਅਵਰੁ ਨ ਦੂਜਾ ॥	I serve[49] the True Guru and not another.	ਮੈਂ ਸੱਚੇ ਗੁਰਾਂ ਦੀ ਸੇਵ ਕਮਾਉਂਦਾ[49] ਹਾਂ ਤੇ ਕਿਸੇ ਹੋਰਸ ਦੀ ਨਹੀਂ।
ਸਤਿਗੁਰ ਤੇ[52] ਨਾਮੁ ਰਤਨ[50] ਧਨੁ[51] ਪਾਇਆ ਸਤਿਗੁਰ ਕੀ ਸੇਵਾ[53] ਭਾਈ[54] ਹੇ ॥ ੩॥	From[52] the True Guru, I have obtained the wealth[51] of the jewel[50] of the Name and the True Guru's service[53] is pleasing[54] to me.	ਸੱਚੇ ਗੁਰਾਂ ਪਾਸੋਂ[52] ਮੈਂ ਨਾਮ ਦੇ ਹੀਰੇ[50] ਦੀ ਦੌਲਤ[51] ਪ੍ਰਾਪਤ ਕੀਤੀ ਹੈ ਅਤੇ ਸੱਚੇ ਗੁਰਾਂ ਦੀ ਚਾਕਰੀ[53] ਮੈਨੂੰ ਭਾਉਂਦੀ[54] ਹੈ।
ਬਿਨੁ ਸਤਿਗੁਰ ਜੋ ਦੂਜੈ[55] ਲਾਗੇ[56] ॥ ਆਵਹਿ ਜਾਹਿ ਭ੍ਰਮਿ[57] ਮਰਹਿ ਅਭਾਗੇ[58] ॥	Without the True Guru, they who are attached[56] to another[55]; Those unfortunate[58] ones come, go and die of wandering[57].	ਸੱਚੇ ਗੁਰਾਂ ਦੇ ਬਗੈਰ, ਜੋ ਹੋਰਸ[55] ਨਾਲ ਜੁੜੇ[56] ਹੋਏ ਹਨ; ਉਹ ਨਿਕਰਮਣ[58] ਆਉਂਦੇ, ਜਾਂਦੇ ਅਤੇ ਭਟਕਦੇ[57] ਮਰ ਜਾਂਦੇ ਹਨ।
ਨਾਨਕ ਤਿਨ ਕੀ ਫਿਰਿ[59] ਗਤਿ[60] ਹੋਵੈ ਜਿ ਗੁਰਮੁਖਿ[61] ਰਹਹਿ[62] ਸਰਣਾਈ[63] ਹੇ ॥ ੪॥	Nanak, they too are emancipated[60], who even afterwards[59] abide[62] in the Supreme Guru's[61] refuge[63].	ਨਾਨਕ, ਉਨ੍ਹਾਂ ਦੀ ਭੀ ਕਲਿਆਨ ਹੋ ਜਾਂਦੀ[60] ਹੈ ਜੋ ਮਗਰੋਂ[59] ਭੀ ਸ੍ਰੇਸ਼ਟੀ ਗੁਰਾਂ[61] ਦੀ ਸ਼ਰਣਾਗਤ[63] ਅੰਦਰ ਆ ਵਸਦੇ[62] ਹਨ।
ਗੁਰਮੁਖਿ[64] ਪ੍ਰੀਤਿ[65] ਸਦਾ[66] ਹੈ ਸਾਚੀ ॥	Ever[66] true is the love[65] of the God-conscious beings[64].	ਸਦੀਵੀ[66] ਸੱਚਾ ਹੈ ਪ੍ਰੇਮ[67], ਰੱਬ ਨੂੰ ਜਾਣਨ ਵਾਲੇ ਜੀਵਾਂ[64] ਦਾ।
ਸਤਿਗੁਰ ਤੇ[67] ਮਾਗਉ[68] ਨਾਮੁ ਅਜਾਚੀ[69] ॥	I beg[68] the Unweighable[69] Name from[67] the True Guru.	ਮੈਂ ਸੱਚੇ ਗੁਰਾਂ ਪਾਸੋਂ[67] ਅਤੋਲ[69] ਨਾਮ ਦੀ ਯਾਚਨਾ ਕਰਦਾ[68] ਹਾਂ।
ਹੋਹੁ ਦਇਆਲੁ[70] ਕ੍ਰਿਪਾ[71] ਕਰਿ[72] ਹਰਿ ਜੀਉ[73] ਰਖਿ ਲੇਵਹੁ ਗੁਰ ਸਰਣਾਈ[74] ਹੇ ॥੫॥	O my Reverend[73] Lord, be merciful[70], shower[72] Thine benediction[71] on me and keep Thou me in the Guru's refuge[74].	ਹੇ ਮੇਰੇ ਪੂਜਯ ਪ੍ਰਭੂ[73] ! ਮਿਹਰਬਾਨ[70] ਹੋ, ਮੇਰੇ ਉੱਤੇ ਆਪਣੀ ਰਹਿਮਤ[71] ਧਾਰ[72] ਅਤੇ ਮੈਨੂੰ ਗੁਰਾਂ ਦੀ ਛਤ੍ਰ ਛਾਇਆ[74] ਹੇ ਰੱਖ।
ਅੰਮ੍ਰਿਤ[75] ਰਸੁ[76] ਸਤਿਗੁਰੂ ਚੁਆਇਆ[77] ॥	The True Guru has dropped[77] the Immortalising[75] Nectar[76] into my mouth.	ਸੱਚੇ ਗੁਰਾਂ ਨੇ ਸੁਰਜੀਤ ਕਰਨ ਵਾਲਾ[75] ਆਬ-ਹਿਯਾਤ[76] ਮੇਰੇ ਮੂੰਹ ਵਿਚ ਚੋਇਆ[77] ਹੈ;
ਦਸਵੈ ਦੁਆਰਿ[78] ਪ੍ਰਗਟੁ[79] ਹੋਇ ਆਇਆ ॥	Whereat the Lord became manifest[79] within my tenth gate[78].	ਜਿਸ ਕਾਰਨ ਪ੍ਰਭੂ ਮੇਰੇ ਦਸਮ ਦੁਆਰ[78] ਅੰਦਰ ਪ੍ਰਤੱਖ[79] ਹੋ ਗਿਆ।

ਤਹ[80] ਅਨਹਦ ਸਬਦ[81] ਵਜਹਿ[82] ਧੁਨਿ[83] ਬਾਣੀ[84] ਸਹਜੇ[85] ਸਹਜਿ[86] ਸਮਾਈ[87] ਹੇ ॥੬॥

There[80], in the tenth gate, resounds[82] the celestial strain[81] of the utterance[83] of the Guru's word[84] and one easily[85] merges[87] in the Lord[86].

ਉਥੇ[80] ਦਸਮ ਦੁਆਰ ਅੰਦਰ ਗੁਰਬਾਣੀ[84] ਦੇ ਉਚਾਰਨ[83] ਦਾ ਬੈਕੁੰਠੀ[81] ਕੀਰਤਨ ਗੂੰਜਦਾ[82] ਹੈ ਅਤੇ ਇਨਸਾਨ ਸੁਖੈਨ[85] ਹੀ ਸੁਆਮੀ ਅੰਦਰ ਲੀਨ ਹੋ ਜਾਂਦਾ[87] ਹੈ ।

ਜਿਨ ਕਉ ਕਰਤੈ[88] ਧੁਰਿ ਲਿਖਿ[89]ਪਾਈ[90]॥ ਅਨਦਿਨੁ[91] ਗੁਰੁ ਗੁਰੁ[92] ਕਰਤ[93] ਵਿਹਾਈ[94] ॥

They, who are so pre[89]-ordained[90] by the Creator Lord[88]; night[91] and day pass[94] uttering[93] the Guru's Name[92].

ਜਿਨ੍ਹਾਂ ਲਈ ਸਿਰਜਣਹਾਰ ਸੁਆਮੀ[88] ਨੇ ਮੁੱਢ ਤੋਂ[89] ਐਸੀ ਲਿਖਤਾਕਾਰ ਲਿਖੀ ਹੋਈ[90] ਹੈ; ਉਨ੍ਹਾਂ ਦੇ ਰਾਤ[91] ਦਿਨ ਗੁਰਾਂ ਦਾ ਨਾਮ[92] ਉਚਾਰਨ ਕਰਦਿਆਂ[93] ਬੀਤਦੇ[94] ਹਨ ।

ਬਿਨੁ ਸਤਿਗੁਰ ਕੋ ਸੀਝੈ[95] ਨਾਹੀ ਗੁਰ ਚਰਣੀ[96] ਚਿਤੁ ਲਾਈ[97] ਹੇ ॥੭॥

Without the True Guru, one is emancipated[95] not. So attach[97] thou thy mind to the Guru's feet[96].

ਸੱਚੇ ਗੁਰਾਂ ਦੇ ਬਗੈਰ, ਕੋਈ ਭੀ ਬੰਦਖਲਾਸ[95] ਨਹੀਂ ਹੁੰਦਾ । ਇਸ ਲਈ ਤੂੰ ਆਪਣਾ ਮਨ ਗੁਰਾਂ ਦੇ ਚਰਨਾਂ[96] ਨਾਲ ਜੋੜ[97] ।

ਜਿਸੁ ਭਾਵੈ[98] ਤਿਸੁ[99] ਆਪੇ ਦੇਇ[100] ॥

He, with whom the Lord is pleased[98], him[99] He Himself blesses[100] with His Name.

ਜਿਹੜਾ ਪ੍ਰਭੂ ਨੂੰ ਚੰਗਾ ਲਗਦਾ[98] ਹੈ, ਉਸ[99] ਨੂੰ ਉਹ ਆਪ ਹੀ ਆਪਣਾ ਨਾਮ ਬਖਸ਼ਦਾ[100] ਹੈ ।

ਗੁਰਮੁਖਿ[2] ਨਾਮੁ ਪਦਾਰਥੁ[3] ਲੇਇ[4] ॥
ਆਪੇ[5] ਕ੍ਰਿਪਾ[6] ਕਰੇ[7] ਨਾਮੁ ਦੇਵੈ[8] ਨਾਨਕ ਨਾਮਿ ਸਮਾਈ[9] ਹੇ ॥੮॥

By the Guru's grace[2] one obtains[4] the Name's wealth[3].

When the Lord showers[7] His[5] benediction[6], He blesses[8] with His Name and Nanak merges[9] in the Name.

ਗੁਰਾਂ ਦੀ ਦਇਆ[2] ਦੁਆਰਾ, ਬੰਦਾ ਨਾਮ ਦੀ ਦੌਲਤ[3] ਨੂੰ ਪਾ ਲੈਂਦਾ[4] ਹੈ ।

ਜਦ ਪ੍ਰਭੂ ਆਪਣੀ[5] ਰਹਿਮਤ[6] ਨਿਛਾਵਰ ਕਰਦਾ[7] ਹੈ, ਉਹ ਆਪਣਾ ਨਾਮ ਬਖਸ਼ਦਾ[8] ਹੈ ਤੇ ਨਾਨਕ ਨਾਮ ਵਿਚ ਲੀਨ ਹੋ ਜਾਂਦਾ[9] ਹੈ ।

ਗਿਆਨ[10] ਰਤਨੁ[12] ਮਨਿ ਪਰਗਟੁ[13] ਭਇਆ ॥
ਨਾਮੁ ਪਦਾਰਥੁ[14] ਸਹਜੇ[15] ਲਇਆ[16] ॥

He, within whose mind, the jewel[12] of gnosis[10] becomes manifest[13], easily[15] attains[15] to the weath[14] of the Lord's Name.

ਜਿਸ ਦੇ ਚਿੱਤ ਅੰਦਰ ਬ੍ਰਹਮ-ਵੀਚਾਰ[10] ਦਾ ਜਵੇਹਰ[12] ਪ੍ਰਤੱਖ[13] ਹੋ ਜਾਂਦਾ ਹੈ, ਉਹ ਪ੍ਰਭੂ ਦੇ ਨਾਮ ਦੀ ਦੌਲਤ[14] ਨੂੰ ਸੁਖੈਨ[15] ਹੀ ਪਾ ਲੈਂਦਾ[16] ਹੈ ।

ਏਹ ਵਡਿਆਈ[17] ਗੁਰ ਤੇ[18] ਪਾਈ ਸਤਿਗੁਰ ਕਉ ਸਦ ਬਲਿ[19] ਜਾਈ ਹੇ ॥੯॥

This glory[17] of the Name, I have received from[18] the Guru Unto my True Guru, I am ever a sacrifice[19].

ਨਾਮ ਦੀ ਇਹ ਪ੍ਰਭਤਾ[17] ਮੈਂ ਗੁਰਾਂ ਪਾਸੋਂ[18] ਪ੍ਰਾਪਤ ਕੀਤੀ ਹੈ । ਆਪਣੇ ਸੱਚੇ ਗੁਰਾਂ ਉਤੋਂ ਮੈਂ ਹਮੇਸ਼ਾ ਘੋਲੀ ਵੰਞਦਾ[19] ਹਾਂ ।

ਪ੍ਰਗਟਿਆ[20] ਸੂਰੁ[21] ਨਿਸਿ[22] ਮਿਟਿਆ[23] ਅੰਧਿਆਰਾ[24] ॥
ਅਗਿਆਨੁ[25] ਮਿਟਿਆ[26] ਗੁਰ ਰਤਨਿ[27] ਅਪਾਰਾ[28] ॥

As with the rising[20] of the sun[21], the night's[22] darkness[24] is dispelled[23], so through the Guru-given priceless[28] gem[27] of the Name, spiritual ignorance[25] is effaced[26].

ਜਿਸ ਤਰ੍ਹਾਂ ਸੂਰਜ[21] ਦੇ ਉਦੇ[20] ਹੋਣ ਨਾਲ, ਰਾਤ[22] ਦਾ ਅਨ੍ਹੇਰਾ[24] ਦੂਰ ਹੋ ਜਾਂਦਾ[23] ਹੈ, ਏਸ ਤਰ੍ਹਾਂ ਹੀ ਗੁਰਾਂ ਦੇ ਦਿੱਤੇ ਹੋਏ ਨਾਮ ਦੇ ਅਮੋਲਕ[28] ਹੀਰੇ[27] ਦੇ ਰਾਹੀਂ ਰੂਹਾਨੀ ਬੇਸਮਝੀ[25] ਮਿੱਟ ਜਾਂਦੀ[26] ਹੈ ।

ਸਤਿਗੁਰ ਗਿਆਨੁ ਰਤਨੁ ਅਤਿ[29] ਭਾਰੀ[30] ਕਰਮਿ[31]

The True Guru is an exceedingly[29] grand[30] jewel of Divine knowledge.

ਸੱਚੇ ਗੁਰੂ ਜੀ ਬ੍ਰਹਮ ਵੀਚਾਰ ਦੇ ਪਰਮ[29] ਵਿਸ਼ਾਲ[30] ਜਵੇਹਰ ਹਨ । ਸੁਆਮੀ ਦੀ ਰਹਿਮਤ[31] ਦੇ ਪਾਤ੍ਰ[32]

ਮਿਲੈ[32] ਸੁਖੁ[33] ਪਾਈ[34] ਹੇ ॥੧੦॥	Attaining[32] unto the Lord's grace[31], one is blessed[34] with bliss[33].	ਹੋਣ ਦੁਆਰਾ, ਬੰਦਾ ਪ੍ਰਸੰਨਤਾ[33] ਨੂੰ ਪ੍ਰਾਪਤ ਹੁੰਦਾ[34] ਹੈ ।
ਗੁਰਮੁਖਿ[35] ਨਾਮੁ ਪ੍ਰਗਟੀ[36] ਹੈ ਸੋਇ[37] ॥	By the Guru's grace[35], one obtains the Name and his glory[37] becomes manifest[36].	ਗੁਰਾਂ ਦੀ ਦਇਆ[35] ਦੁਆਰਾ, ਇਨਸਾਨ ਨੂੰ ਨਾਮ ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਦੀ ਪ੍ਰਭਤਾ[37] ਪ੍ਰਗਟ[36] ਹੋ ਜਾਂਦੀ ਹੈ ।
ਚਹੁ ਜੁਗਿ ਨਿਰਮਲੁ[38] ਹਛਾ[39] ਲੋਇ[40] ॥	In the four agers and amongst all the men[40], he is acclaimed immaculate[38] and good[39].	ਚੌਹਾਂ ਯੁੱਗਾਂ ਅੰਦਰ ਅਤੇ ਸਾਰਿਆਂ ਲੋਕਾਂ[40] ਵਿੱਚ ਉਹ ਪਵਿੱਤਰ[38] ਅਤੇ ਚੰਗਾ[39] ਪ੍ਰਸਿੱਧ ਹੋ ਜਾਂਦਾ ਹੈ ।
ਨਾਮੇ ਨਾਮਿ[41] ਰਤੇ[42] ਸੁਖੁ ਪਾਇਆ ॥ ਨਾਮਿ ਰਹਿਆ ਲਿਵ ਲਾਈ[43] ਹੇ ॥੧੧॥	Imbued[42] with nothing but the Name[41], he obtains peace and remains attuned[43] to the Name.	ਨਿਰੋਲ ਨਾਮ[41] ਨਾਲ ਰੰਗੀਜ ਕੇ[42] ਉਹ ਆਰਾਮ ਪਾਉਂਦਾ ਹੈ ਅਤੇ ਨਾਮ ਨਾਲ ਹੀ ਪਿਰਹੜੀ ਪਾਈ[43] ਰਖਦਾ ਹੈ ।
ਗੁਰਮੁਖਿ[44] ਨਾਮੁ ਪਰਾਪਤਿ ਹੋਵੈ ॥	It is through the Guru[44], that man receives the Name.	ਗੁਰਾਂ[44] ਦੇ ਰਾਹੀਂ ਹੀ ਬੰਦਾ ਨਾਮ ਨੂੰ ਪਾਉਂਦਾ ਹੈ ।
ਸਹਜੇ[45] ਜਾਗੈ ਸਹਜੇ ਸੋਵੈ ॥	He then wakes in peace[45] and sleeps in peace.	ਤਦ ਉਹ ਆਰਾਮ[45] ਅੰਦਰ ਜਾਗਦਾ ਹੈ ਤੇ ਆਰਾਮ ਅੰਦਰ ਹੀ ਸੌਂਦਾ ਹੈ ।
ਗੁਰਮੁਖਿ[46] ਨਾਮਿ ਸਮਾਇ[47] ਸਮਾਵੈ[48] ਨਾਨਕ ਨਾਮੁ ਧਿਆਈ[49] ਹੇ ॥੧੨॥	O Nanak, the pious person[46] contemplates[49] the Name and merges[47] and is absorbed[48] in the Name.	ਹੇ ਨਾਨਕ ! ਪਵਿੱਤ੍ਰ ਪੁਰਸ਼[46] ਨਾਮ ਦਾ ਆਰਾਧਨ ਕਰਦਾ[49] ਹੈ ਅਤੇ ਨਾਮ ਅੰਦਰ ਹੀ ਲੀਨ[47] ਤੇ ਅਭੇਦ ਹੋ ਜਾਂਦਾ[48] ਹੈ ।
ਭਗਤਾ[50] ਮੁਖਿ[51] ਅੰਮ੍ਰਿਤੁ[52] ਹੈ ਬਾਣੀ[53] ॥	In the mouth[51] of the saints[50] is the ambrosial[52] Gurbani[53].	ਸੰਤਾਂ[50] ਦੇ ਮੂੰਹ[51] ਵਿਚ ਅੰਮ੍ਰਿਤ-ਸਰੂਪ[52] ਗੁਰਬਾਣੀ[53] ਹੈ ।
੧੦੭੦		
ਗੁਰਮੁਖਿ[54] ਹਰਿ ਨਾਮੁ ਆਖਿ[55] ਵਖਾਣੀ[56] ॥	By the Guru's grace[54], they repeat[55] and utter[56] the God's Name.	ਗੁਰਾਂ ਦੀ ਦਇਆ[54] ਦੁਆਰਾ, ਉਹ ਵਾਹਿਗੁਰੂ ਦੇ ਨਾਮ ਨੂੰ ਬੋਲਦੇ[55] ਅਤੇ ਉਚਾਰਨ ਕਰਦੇ[56] ਹਨ ।
ਹਰਿ ਹਰਿ[57] ਕਰਤ[58] ਸਦਾ ਮਨੁ[62] ਬਿਗਸੈ[59] ਹਰਿ ਚਰਣੀ[60] ਮਨੁ ਲਾਈ[61] ਹੇ ॥ ੧੩॥	Invoking[58] Lord God[57], their heart[62] ever blooms[59] and they attach[61] their mind to the Lord's feet[60].	ਵਾਹਿਗੁਰੂ ਸੁਆਮੀ[57] ਦਾ ਸਿਮਰਨ ਕਰਨ[58] ਦੁਆਰਾ, ਉਨ੍ਹਾਂ ਦਾ ਦਿਲ[62] ਸਦੀਵ ਹੀ ਖਿੜਿਆ ਰਹਿੰਦਾ[59] ਹੈ ਅਤੇ ਉਹ ਆਪਣੇ ਚਿੱਤ ਨੂੰ ਪ੍ਰਭੂ ਦੇ ਚਰਨਾਂ[60] ਨਾਲ ਜੋੜਦੇ[61] ਹਨ ।
ਹਮ[63] ਮੂਰਖ[64] ਅਗਿਆਨ[65] ਗਿਆਨੁ[66] ਕਿਛੁ ਨਾਹੀ ॥	I[63] am ignorant[64] and unwise[65] and have no wisdom[66].	ਮੈਂ[63] ਮੂਰਖ[64] ਤੇ ਬੇਅਕਲ[65] ਹਾਂ ਤੇ ਮੇਰੇ ਵਿਚ ਕੋਈ ਦਾਨਾਈ[66] ਨਹੀਂ ।
ਸਤਿਗੁਰ ਤੇ[67] ਸਮਝ[68] ਪੜੀ[69] ਮਨ ਮਾਹੀ[70] ॥	Through[67] the True Guru, I have obtained[69] understanding[68] within[70] my mind.	ਸੱਚੇ ਗੁਰਾਂ ਦੇ ਰਾਹੀਂ[67], ਮੇਰੇ ਚਿੱਤ ਵਿੱਚ[70] ਗਿਆਤ[68] ਪੈਦਾ ਹੋ ਗਈ[69] ਹੈ ।
ਹੋਹੁ ਦਇਆਲੁ[71] ਕ੍ਰਿਪਾ[72] ਕਰਿ[73] ਹਰਿ ਜੀਉ[74]	My Reverend Lord[74], be compassionate[71], show[73] mercy[72] unto me and	ਮੇਰੇ ਪੂਜਯ ਪ੍ਰਭੂ[74] ! ਦਇਆਵਾਨ[71] ਹੋ, ਮੇਰੇ-ਉੱਤੇ ਮਿਹਰ[72] ਧਾਰ[73] ਅਤੇ ਮੈਨੂੰ ਸੱਚੇ ਗੁਰਾਂ ਦੀ ਟਹਿਲ

ਸਤਿਗੁਰ ਕੀ ਸੇਵਾ[75] ਲਾਈ[76] ਹੇ ॥੧੪॥	yoke[76] me to the service[75] of the True Guru.	ਸੇਵਾ[75] ਅੰਦਰ ਜੋੜ[76]।
ਜਿਨਿ ਸਤਿਗੁਰੁ ਜਾਤਾ[77] ਤਿਨਿ[78] ਏਕੁ[79] ਪਛਾਤਾ[80] ॥	They, who know[77] the True Guru; They[78] realise[80] the One Lord[79].	ਜੋ ਸੱਚੇ ਗੁਰਾਂ ਨੂੰ ਜਾਣਦੇ[77] ਹਨ; ਉਹ[78] ਇੱਕ ਸੁਆਮੀ[79] ਨੂੰ ਅਨੁਭਵ ਕਰ ਲੈਂਦੇ[80] ਹਨ।
ਸਰਬੇ[81] ਰਵਿ ਰਹਿਆ[82] ਸੁਖਦਾਤਾ[83] ॥	The Peace giving Lord[83] is pervading[82] all[81] over.	ਆਰਾਮ-ਦੇਣਹਾਰ ਸਾਂਈ[83] ਸਾਰੇ[81] ਹੀ ਵਿਆਪਕ ਹੋ ਰਿਹਾ[82] ਹੈ।
ਆਤਮੁ[84] ਚੀਨਿ[85] ਪਰਮ[86] ਪਦੁ[87] ਪਾਇਆ ਸੇਵਾ[88] ਸੁਰਤਿ[89] ਸਮਾਈ[90] ਹੇ ॥੧੫॥	Understanding[85] my ownself[84], I have obtained the supreme[86] status[87] and my attention[89] is absorbed[90] in the Lord's service[88].	ਆਪਣੇ[84] ਆਪ ਨੂੰ ਸਮਝ ਕੇ[85], ਮੈਂ ਮਹਾਨ[86] ਮਰਤਬਾ[87] ਪ੍ਰਾਪਤ ਕਰ ਲਿਆ ਹੈ ਅਤੇ ਮੇਰੀ ਬਿਰਤੀ[89] ਸੁਆਮੀ ਦੀ ਘਾਲ ਸੇਵਾ[88] ਅੰਦਰ ਲੀਨ ਹੋ ਗਈ[90] ਹੈ।
ਜਿਨ ਕਉ ਆਦਿ[91] ਮਿਲੀ[92] ਵਡਿਆਈ[93] ॥ ਸਤਿਗੁਰੁ ਮਨਿ ਵਸਿਆ[94] ਲਿਵ ਲਾਈ[95] ॥	They, who are blessed[92] with glory[93] by the Primal[91] Lord; The True Guru dwells[91] in their mind and they are attuned[95] to him.	ਜਿਨ੍ਹਾਂ ਨੂੰ ਪ੍ਰਿਥਮ[91] ਪ੍ਰਭੂ ਵਲੋਂ ਪ੍ਰਭਤਾ[93] ਪਰਦਾਨ ਹੋਈ[92] ਹੈ; ਸੱਚੇ ਗੁਰਦੇਵ ਜੀ ਉਨ੍ਹਾਂ ਦੇ ਚਿੱਤ ਅੰਦਰ ਵਸਦੇ[94] ਹਨ ਅਤੇ ਉਹ ਉਨ੍ਹਾਂ ਨੂੰ ਪਿਆਰ ਕਰਦੇ[95]ਹਨ।
ਆਪਿ ਮਿਲਿਆ [96]ਜਗ ਜੀਵਨੁ[97] ਦਾਤਾ[98] ਨਾਨਕ ਅੰਕਿ[99] ਸਮਾਈ[100] ਹੇ ॥ ੧੬॥੧॥	Of Himself, God, the Giver[98] of life[97] to the world[96] meets them and they, O Nanak, merge[100] in His Being[99].	ਸੰਸਾਰ[96] ਨੂੰ ਜਿੰਦ-ਜਾਨ[97] ਬਖ਼ਸ਼ਣ ਵਾਲਾ[98] ਵਾਹਿਗੁਰੂ ਖ਼ੁਦ ਉਨ੍ਹਾਂ ਨੂੰ ਮਿਲ ਪੈਂਦਾ ਹੈ ਅਤੇ ਹੇ ਨਾਨਕ, ਉਹ, ਉਸ ਦੇ ਸਰੂਪ[99] ਵਿਚ ਲੀਨ ਹੋ ਜਾਂਦੇ[100] ਹਨ।
ਮਾਰੂ ਮਹਲਾ ੪ ॥	Maru 4th Guru.	ਮਾਰੂ ਚੌਥੀ ਪਾਤਿਸ਼ਾਹੀ।
ਹਰਿ ਅਗਮ[2] ਅਗੋਚਰੁ[3] ਸਦਾ ਅਬਿਨਾਸੀ[4] ॥	The Unapproachable[2] and Unapprehensible[3] Lord is ever Imperishable[4].	ਪਹੁੰਚ ਤੋਂ ਪਰੇ[2] ਅਤੇ ਸੋਚ ਸਮਝ ਤੋਂ ਉਚੇਰਾ[3] ਪ੍ਰਭੂ ਹਮੇਸ਼ਾ ਹੀ ਅਮਰ[4] ਹੈ।
ਸਰਬੇ[5] ਰਵਿ ਰਹਿਆ[6] ਘਟ[7] ਵਾਸੀ ॥	He, who abides in the mind[7] is contained[6] all over[5].	ਜੋ ਮਨ[7] ਅੰਦਰ ਵਸਦਾ ਹੈ, ਉਹ ਸਾਰੇ[5] ਹੀ ਵਿਆਪਕ ਹੋ ਰਿਹਾ[6] ਹੈ।
ਤਿਸੁ[8] ਬਿਨੁ ਅਵਰੁ[9] ਨ ਕੋਈ ਦਾਤਾ[10] ਹਰਿ ਤਿਸਹਿ ਸਰੇਵਹੁ[12] ਪ੍ਰਾਣੀ[13] ਹੇ ॥੧॥	Without Him[8], there is no other[9] Giver[10]. That Lord, worship[12] ye, O mortals[10].	ਉਸ[8] ਦੇ ਬਗ਼ੈਰ, ਹੋਰ ਕੋਈ[9] ਦਾਤਾਰ[10] ਨਹੀਂ। ਉਸ ਸੁਆਮੀ ਦੀ ਤੁਸੀਂ ਉਪਾਸ਼ਨਾ[12] ਕਰੋ, ਹੇ ਫ਼ਾਨੀ ਬੰਦਿਓ[13]!
ਜਾ ਕਉ ਰਾਖੈ ਹਰਿ ਰਾਖਣਹਾਰਾ[14] ॥ ਤਾ ਕਉ ਕੋਇ ਨ ਸਾਕਸਿ ਮਾਰਾ ॥	He, whom the Saviour Lord[14] saves; him no one can slay.	ਜਿਸ ਦੀ ਉਹ ਰੱਖਿਆ ਕਰਨ ਵਾਲਾ ਸਾਂਈਂ[14] ਰੱਖਿਆ ਕਰਦਾ ਹੈ; ਉਸ ਨੂੰ ਕੋਈ ਭੀ ਮਾਰ ਨਹੀਂ ਸਕਦਾ।
ਸੋ[15] ਐਸਾ[16] ਹਰਿ ਸੇਵਹੁ[17] ਸੰਤਹੁ ਜਾ ਕੀ ਊਤਮ[18] ਬਾਣੀ[19] ਹੇ ॥੨॥	So[15] serve[17] ye such[16] Lord, O saints, sublime[18] is whose Gurbani[19].	ਇਸ ਲਈ[15] ਤੁਸੀਂ ਐਹੋ ਜੇਹੇ[16] ਸੁਆਮੀ ਦੀ ਘਾਲ ਕਮਾਓ[17], ਹੇ ਸਾਧੂਓ! ਸ੍ਰੇਸ਼ਟ[18]ਹੈ ਜਿਸ ਦੀ ਗੁਰਬਾਣੀ[19]।
ਜਾ[20] ਜਾਪੈ[21] ਕਿਛੁ ਕਿਥਾਊ[22]	When[20] it seems[21], that there is	ਜਦ[20] ਪ੍ਰਤੀਤ ਹੁੰਦਾ[21] ਹੈ ਕਿ ਕਿਸੇ ਥਾਂ[22] ਉੱਤੇ ਕੁਝ ਭੀ

ਨਾਹੀ ॥ ਤਾ[23] ਕਰਤਾ[24] ਭਰਪੂਰਿ[25] ਸਮਾਹੀ[26] ॥

nothing in any place[22]. Even then[23] my Creator-Lord[24] is fully[25] pervading[26] there.

ਨਹੀਂ, ਤਦ[23] ਭੀ ਮੇਰਾ ਸਿਰਜਣਹਾਰ-ਸੁਆਮੀ[24] ਓਥੇ ਪੂਰੀ ਤਰ੍ਹਾਂ[25] ਵਿਆਪਕ ਹੋ ਰਿਹਾ[26] ਹੁੰਦਾ ਹੈ।

ਸੂਕੇ[27] ਤੇ ਫੁਨਿ[28] ਹਰਿਆ[29] ਕੀਤੋਨੁ ਹਰਿ ਧਿਆਵਹੁ[30] ਚੋਜ[31] ਵਿਡਾਣੀ[32] ਹੇ ॥੩॥

He makes the dry[27] flower[29] forth again[28]. Therefore contemplate[30] thou the Lord, wondrous[32] are whose plays[31].

ਉਹ ਸੁੱਕਿਆਂ ਸੜਿਆਂ[27] ਹੋਇਆਂ ਨੂੰ ਮੁੜ[28] ਪ੍ਰਫੁੱਲਤ[29] ਕਰ ਦਿੰਦਾ ਹੈ। ਇਸ ਲਈ ਤੂੰ ਸਾਂਈਂ ਦਾ ਸਿਮਰਨ[30] ਕਰ, ਅਸਚਰਜ[32] ਹਨ ਜਿਸ ਦੇ ਕੌਤਕ[31]।

ਜੋ ਜੀਆ ਕੀ ਵੇਦਨ[33] ਜਾਣੈ[34] ॥ ਤਿਸੁ ਸਾਹਿਬ ਕੈ ਹਉ[35] ਕੁਰਬਾਣੈ[36] ॥

He, who understands[34] the anguish[33] of the beings; unto that Lord, I[35] am a sacrifice[36].

ਜੋ ਜੀਵਾਂ ਦੀ ਪੀੜ[33] ਨੂੰ ਸਮਝਦਾ[34] ਹੈ; ਉਸ ਪ੍ਰਭੂ ਉੱਤੋਂ ਮੈਂ[35] ਘੋਲੀ ਵੰਞਦਾ[36] ਹਾਂ।

ਤਿਸੁ ਆਗੈ ਜਨ[37] ਕਰਿ ਬੇਨੰਤੀ[38] ਜੋ ਸਰਬ ਸੁਖਾ ਕਾ ਦਾਣੀ[39] ਹੇ ॥੪॥

O man[37], make thou supplication[38] before Him, who is the Giver[39] of all the comforts.

ਹੇ ਬੰਦੇ[37]! ਤੂੰ ਉਸ ਮੂਹਰੇ ਪ੍ਰਾਰਥਨਾ[38] ਕਰ, ਜੋ ਸਾਰਿਆਂ ਸੁਖਾਂ ਦੇ ਦੇਣ ਵਾਲਾ[39] ਹੈ।

ਜੋ ਜੀਐ[40] ਕੀ ਸਾਰ[41] ਨ ਜਾਣੈ ॥ ਤਿਸੁ[42] ਸਿਉ ਕਿਛੁ ਨ ਕਹੀਐ ਅਜਾਣੈ[43] ॥

He who knows not the mind's[40] state[41]; Unto that[42] unwise[43] one, say thou not anything.

ਜੋ ਮਨ ਦੀ[40] ਅਵਸਥਾ[41] ਨੂੰ ਨਹੀਂ ਜਾਣਦਾ; ਉਸ[42] ਬੇਸਮਝ[43] ਬੰਦੇ ਨੂੰ ਤੂੰ ਕੁਝ ਭੀ ਨਾ ਆਖ।

ਮੂਰਖ[44] ਸਿਉ ਨਹ ਲੂਝੁ[45] ਪਰਾਣੀ[46] ਹਰਿ ਜਪੀਐ[47] ਪਦੁ[48] ਨਿਰਬਾਣੀ[49] ਹੇ ॥੫॥

Quarrel[45] thou not with the fool[44], O mortal[46] but meditate[47] on the Lord, who is the Giver of the immortal[49] status[48].

ਤੂੰ ਬੇਵਕੂਫ[44] ਨਾਲ ਝਗੜਾ ਝੰਝਾ[45] ਨਾ ਕਰ, ਹੇ ਜੀਵ[46]! ਪ੍ਰੰਤੂ ਸਾਹਿਬ ਦਾ ਸਿਮਰਨ[47] ਕਰ, ਜੋ ਅਬਿਨਾਸੀ[49] ਪਦਵੀ[48] ਬਖ਼ਸ਼ਣਹਾਰ ਹੈ।

ਨਾ ਕਰਿ ਚਿੰਤ ਚਿੰਤਾ[50] ਹੈ ਕਰਤੇ[51] ॥

Care thou not. Thy care[50] lies with thine Creator[51]-Lord.

ਤੂੰ ਫ਼ਿਕਰ ਨਾ ਕਰ, ਤੇਰਾ ਫ਼ਿਕਰ[50] ਤੇਰੇ ਸਿਰਜਣਹਾਰ[51]-ਸੁਆਮੀ ਨੂੰ ਹੈ।

ਹਰਿ ਦੇਵੈ[52] ਜਲਿ[53] ਥਲਿ[54] ਜੰਤਾ[55] ਸਭਤੈ[56] ॥

God gives[52] to all[56] the creatures[55] of water[53] and land[54].

ਵਾਹਿਗੁਰੂ ਪਾਣੀ[53] ਅਤੇ ਧਰਤੀ[54] ਦੇ ਸਮੂਹ[56] ਜੀਵਾਂ[55] ਨੂੰ ਦਿੰਦਾ[52] ਹੈ।

ਅਚਿੰਤ[57] ਦਾਨੁ[58] ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ[59] ਪਖਾਣੇ[60] ਹੇ ॥੬॥

My Lord gives unasked for[57] bounties[58]. He sustains even the stone insects[59] locked in stones[60].

ਮੇਰਾ ਸੁਆਮੀ ਅਣਮੰਗੀਆਂ[57] ਦਾਤਾਂ[58] ਬਖ਼ਸ਼ਦਾ ਹੈ। ਉਹ ਪੱਥਰ[60] ਵਿਚ ਬੰਦ ਪੱਥਰ ਦੇ ਕੀੜਿਆਂ[59] ਨੂੰ ਭੀ ਪਾਲਦਾ ਹੈ।

ਨਾ ਕਰਿ[65] ਆਸ[61] ਮੀਤ[62] ਸੁਤ[63] ਭਾਈ[64] ॥

Rest[65] thou not thy hope[61] on thine friends[62], sons[63] and brothers[64].

ਤੂੰ ਆਪਣੀ ਉਮੈਦ[61] ਆਪਣੇ ਮਿੱਤ੍ਰਾਂ[63], ਪੁੱਤ੍ਰਾਂ[62] ਅਤੇ ਵੀਰਾਂ[64] ਉੱਤੇ ਨਾ ਬੰਨ੍ਹ।

ਨਾ ਕਰਿ ਆਸ ਕਿਸੈ ਸਾਹ[66] ਬਿਉਹਾਰ[67] ਕੀ ਪਰਾਈ[68] ॥

Rest thou not thy hope on any king[66] or foreign[68] business[67].

ਤੂੰ ਆਪਣੀ ਉਮੈਦ ਕਿਸੇ ਪਾਤਿਸ਼ਾਹ[66] ਜਾਂ ਪ੍ਰਦੇਸੀ[68] ਵਣਜ-ਵਾਪਾਰ[67] ਤੇ ਨਾ ਬੰਨ੍ਹ।

ਬਿਨੁ ਹਰਿ ਨਾਵੈ ਕੋ ਬੇਲੀ[69] ਨਾਹੀ ਹਰਿ ਜਪੀਐ[70] ਸਾਰਿੰਗਪਾਣੀ[71] ਹੇ ॥੭॥

Without the Lord's Name, none is thy helper[69], so remember[70] thou thy World-Lord[71].

ਸਾਂਈਂ ਦੇ ਨਾਮ ਦੇ ਬਗ਼ੈਰ ਕੋਈ ਭੀ ਤੇਰਾ ਸਹਾਇਕ[69] ਨਹੀਂ, ਇਸ ਲਈ ਤੂੰ ਸੰਸਾਰ ਦੇ ਸੁਆਮੀ[71], ਆਪਣੇ ਹਰੀ, ਦਾ ਸਿਮਰਨ[70] ਕਰ।

ਅਨਦਿਨੁ[72] ਨਾਮੁ ਜਪਹੁ[73] ਬਨਵਾਰੀ[74] ॥	Night[72] and day meditate[73] thou on the Lord's Name[74].	ਰਾਤ ਦਿਨ ਤੂੰ ਆਪਣੇ ਸੁਆਮੀ ਦੇ ਨਾਮ[74] ਦਾ ਆਰਾਧਨ[73] ਕਰ ।
ਸਭ ਆਸਾ[75] ਮਨਸਾ[76] ਪੂਰੈ[77] ਥਾਰੀ[78] ॥	He shall fulfil[77] all thine[78] hopes[75] and desires[76].	ਉਹ ਤੇਰੀਆਂ[78] ਸਾਰੀਆਂ ਉਮੈਦਾਂ[75] ਤੇ ਖ਼ਾਹਿਸ਼ਾ[76] ਪੂਰੀਆਂ[77] ਕਰ ਦੇਵੇਗਾ ।
ਜਨ[79] ਨਾਨਕ ਨਾਮੁ ਜਪਹੁ[86] ਭਵ[80] ਖੰਡਨੁ[81] ਸੁਖਿ[82] ਸਹਜੇ[83] ਰੈਣਿ[84] ਵਿਹਾਣੀ[85] ਹੇ ॥੮॥	O slave[79] Nanak, utter[86] thou the Name of God, the Destroyer[81] of dread[80] and thy life night[84] shall pass[85] in peace[82] and poise[83].	ਹੇ ਗੋਲੇ[79] ਨਾਨਕ ! ਤੂੰ ਡਰ[80] ਦੇ ਨਾਸ ਕਰਨ ਵਾਲੇ[81] ਵਾਹਿਗੁਰੂ ਦੇ ਨਾਮ ਦਾ ਉਚਾਰਨ[86] ਕਰ ਅਤੇ ਤੇਰੀ ਜੀਵਨ ਰਾਤ੍ਰੀ[84] ਆਰਾਮ[82] ਅਤੇ ਅਡੋਲਤਾ[83] ਅੰਦਰ ਬਤੀਤ ਹੋਵੇਗੀ[85] ।
ਜਿਨਿ ਹਰਿ ਸੇਵਿਆ[87] ਤਿਨਿ[88] ਸੁਖੁ ਪਾਇਆ ॥	He[88], who serves[87] the Lord, attains unto bliss.	ਜੋ ਪ੍ਰਭੂ ਦੀ ਚਾਕਰੀ[87] ਕਰਦਾ ਹੈ ਉਹ[88] ਖ਼ੁਸ਼ੀ ਨੂੰ ਪ੍ਰਾਪਤ ਹੁੰਦਾ ਹੈ ।
ਸਹਜੇ[89] ਹੀ ਹਰਿ ਨਾਮਿ ਸਮਾਇਆ[90] ॥	He is easily[89] absorbed[90] in the Lord's Name.	ਉਹ ਸੁਖੈਨ[89] ਹੀ ਸਾਈਂ ਦੇ ਨਾਮ ਅੰਦਰ ਲੀਨ[90] ਹੋ ਜਾਂਦਾ ਹੈ ।
ਜੋ ਸਰਣਿ[91] ਪਰੈ[92] ਤਿਸ[96] ਕੀ ਪਤਿ[93] ਰਾਖੈ[94] ਜਾਇ ਪੂਛਹੁ[95] ਵੇਦ ਪੁਰਾਣੀ ਹੇ ॥੯॥	He, who seeks[92] His refuge[91]; his[96] honour[93] the Lord preserves[94]. Go and consult[95] thou the Vedas and Puranas.	ਜਿਹੜਾ ਉਸ ਦੀ ਪਨਾਹ[91] ਲੈਂਦਾ[92] ਹੈ; ਸੁਆਮੀ ਉਸ[96] ਦੀ ਇੱਜ਼ਤ ਆਬਰੂ[93] ਦੀ ਰੱਖਿਆ ਕਰਦਾ[94] ਹੈ । ਤੂੰ ਜਾ ਕੇ ਵੇਦਾਂ ਅਤੇ ਪੁਰਾਨਾਂ ਕੋਲੋਂ ਪੁੱਛ[95] ਲੈ ।
ਜਿਸੁ ਹਰਿ ਸੇਵਾ ਲਾਏ ਸੋਈ ਜਨੁ[96*] ਲਾਗੈ[97] ॥	That man[96*] alone attaches[97] to the Lord's service, whom He Himself blesses.	ਕੇਵਲ ਉਹ ਪੁਰਸ਼[96*] ਹੀ ਸੁਆਮੀ ਦੀ ਟਹਿਲ ਸੇਵਾ ਅੰਦਰ ਜੁੜਦਾ[97] ਹੈ, ਜਿਸ ਨੂੰ ਉਹ ਖੁਦ ਜੋੜਦਾ ਹੈ ।
ਗੁਰ ਕੈ ਸਬਦਿ[98] ਭਰਮ[99] ਭਉ[100] ਭਾਗੈ[2] ॥	Through the Guru's instruction[98], doubt[99] and dread[100] are dispelled[2].	ਗੁਰਾਂ ਦੇ ਉਪਦੇਸ਼[98] ਰਾਹੀਂ ਸੰਦੇਹ[99] ਅਤੇ ਡਰ[100] ਦੌੜ[2] ਜਾਂਦੇ ਹਨ ।
ਵਿਚੇ ਗ੍ਰਿਹ[3] ਸਦਾ ਰਹੈ ਉਦਾਸੀ[4] ਜਿਉ[5] ਕਮਲੁ[6] ਰਹੈ ਵਿਚਿ ਪਾਣੀ ਹੇ ॥੧੦॥	In his very home[3] he ever lives detached[4], as the lotus flower[6] lives in water.	ਉਹ ਆਪਣੇ ਘਰ[3] ਵਿਚ ਹਮੇਸ਼ਾ ਹੀ ਨਿਰਲੇਪ[4] ਰਹਿੰਦਾ ਹੈ । ਜਿਸ ਤਰ੍ਹਾਂ[5] ਕੰਵਲ ਫੁਲ[6] ਜਲ ਅੰਦਰ ਰਹਿੰਦਾ ਹੈ ।
ਵਿਚਿ ਹਉਮੈ[7] ਸੇਵਾ[8] ਥਾਇ[9] ਨ ਪਾਏ ॥	In self-conceit[7], one's service[8] is approved[9] not.	ਸਵੈ-ਹੰਗਤਾ[7] ਅੰਦਰ ਬੰਦੇ ਦੀ ਘਾਲ[8] ਕਬੂਲ[9] ਨਹੀਂ ਪੈਂਦੀ ।
ਜਨਮਿ ਮਰੈ ਫਿਰਿ[10] ਆਵੈ ਜਾਏ ॥	He is born to die and come and go over and over again[10].	ਉਹ ਜੰਮ ਕੇ ਮਰ ਜਾਂਦਾ ਹੈ ਅਤੇ ਮੁੜ ਮੁੜ ਕੇ[10] ਆਉਂਦਾ ਤੇ ਜਾਂਦਾ ਹੈ ।
ਸੋ[12] ਤਪੁ[13] ਪੂਰਾ[14] ਸਾਈ ਸੇਵਾ[15] ਜੋ ਹਰਿ ਮੇਰੇ ਮਨਿ ਭਾਣੀ[16] ਹੇ ॥੧੧॥	Perfect[14] is that[12] penance[13] and that service[15], which are pleasing[16] to the mind of my God.	ਪੂਰਨ[14] ਹੈ ਉਹ[12] ਤਪੱਸਿਆ[13] ਅਤੇ ਉਹ ਘਾਲ[15] ਜੋ ਮੇਰੇ ਵਾਹਿਗੁਰੂ ਦੇ ਚਿੱਤ ਨੂੰ ਚੰਗੀਆਂ ਲਗਦੀਆਂ[16] ਹਨ ।
੧੦੭੧		
ਹਉ ਕਿਆ[17] ਗੁਣ[18] ਤੇਰੇ ਆਖਾ[19] ਸੁਆਮੀ ॥	What[17] merits[18] of Thine should I utter[19], O my Master ?	ਮੈਂ ਤੇਰੀਆਂ ਕਿਹੜੀਆਂ[17] ਕਿਹੜੀਆਂ ਖੂਬੀਆਂ[18] ਵਰਣਨ[19] ਕਰਾਂ, ਹੇ ਮੇਰੇ ਸੁਆਮੀ !

ਤੂ ਸਰਬ[20] ਜੀਆ[21] ਕਾ ਅੰਤਰਜਾਮੀ[22] ॥	Thou art the Inner-knower[22] of all[20] the beings[21].	ਤੂੰ ਸਮੂਹ[20] ਜੀਵਾਂ[21] ਦੀਆਂ ਅੰਦਰਲੀਆਂ ਜਾਣਨ ਵਾਲਾ[22] ਹੈਂ ।
ਹਉ ਮਾਗਉ ਦਾਨੁ[23] ਤੁਝੈ ਪਹਿ[24] ਕਰਤੇ[25] ਹਰਿ ਅਨਦਿਨੁ[26] ਨਾਮੁ ਵਖਾਣੀ ਹੇ ॥੧੨॥	I ask for alms[23] from[24] Thee, O my Creator[25] Lord and utter[27] I Tnine Name night[26] and day.	ਮੈਂ ਤੇਰੇ ਪਾਸੋਂ[24] ਖੈਰ[23] ਮੰਗਦਾ ਹਾਂ, ਹੇ ਮੇਰੇ ਸਿਰਜਣ-ਹਾਰ[25] ਸੁਆਮੀ ਅਤੇ ਰੈਣ[26] ਤੇ ਦਿਹੁੰ ਮੈਂ ਤੇਰੇ ਨਾਮ ਨੂੰ ਉਚਾਰਦਾ[27] ਹਾਂ ।
ਕਿਸਹੀ[28] ਜੋਰੁ[29] ਅਹੰਕਾਰ[30] ਬੋਲਣ[31] ਕਾ ॥	Some[28] take pride[30] on their power[29] of speech[31].	ਕਈ[28] ਆਪਣੀ ਗਲਬਾਤ[31] ਕਰਨ ਦੀ ਸਤਿਆ[29] ਦਾ ਮਾਣ[30] ਕਰਦੇ ਹਨ ।
ਕਿਸ ਹੀ ਜੋਰੁ ਦੀਬਾਨ[32] ਮਾਇਆ[33] ਕਾ ॥	Some possess the power of royal court[32] and wealth[33] at their command.	ਕਈਆਂ ਦੇ ਪਲੇ ਰਾਜ ਦਰਬਾਰ[32] ਅਤੇ ਧਨ-ਦੌਲਤ[33] ਦੀ ਤਾਕਤ ਹੈ ।
ਮੈ ਹਰਿ ਬਿਨੁ ਟੇਕ[34] ਧਰ[35] ਅਵਰ[36] ਨ ਕਾਈ ਤੂ ਕਰਤੇ[37] ਰਾਖੁ[38] ਮੈ ਨਿਮਾਣੀ[39] ਹੇ ॥੧੩॥	Without God, I have no other[36] prop[34] and support[35]. O my Creator[37]-Lord, save[38] thou me, the meek[39] one.	ਵਾਹਿਗੁਰੂ ਦੇ ਬਗੈਰ ਮੇਰੀ ਕੋਈ ਹੋਰ[36] ਓਟ[34] ਤੇ ਆਸਰਾ[35] ਨਹੀਂ । ਹੇ ਮੇਰੇ ਸਿਰਜਣਹਾਰ[37] ਸੁਆਮੀ ! ਤੂੰ ਮੈਂ ਮਸਕੀਨ[39] ਦੀ ਰੱਖਿਆ[38] ਕਰ ।
ਨਿਮਾਣੇ[40] ਮਾਣੁ[41] ਕਰਹਿ[42] ਤੁਧੁ ਭਾਵੈ[43] ॥	If it pleases[43] Thee, O Lord; The meeded[40], Thou blesseth[42] with honour[41].	ਜੇ ਕਰ ਤੈਨੂੰ ਚੰਗਾ ਲਗੇ[43], ਹੇ ਸੁਆਮੀ ! ਨਿਮਾਣੇ[40] (ਮਸਕੀਨ) ਨੂੰ ਤੂੰ ਇੱਜ਼ਤ ਆਬਰੂ[41] ਬਖਸ਼ਦਾ[42] ਹੈਂ ।
ਹੋਰ ਕੇਤੀ[44] ਝਖਿ[45] ਝਖਿ ਆਵੈ ਜਾਵੈ ॥	Many others[44] uselessly prate[45] and continue coming and going.	ਹੋਰ ਘਣੇਰੇ[44] ਹੀ ਬੇਹੂਦਾ ਬਕਵਾਸ ਕਰਦੇ[45] ਹਨ ਅਤੇ ਆਉਂਦੇ ਤੇ ਜਾਂਦੇ ਰਹਿੰਦੇ ਹਨ ।
ਜਿਨ ਕਾ ਪਖੁ[46] ਕਰਹਿ ਤੂ ਸੁਆਮੀ ਤਿਨ ਕੀ ਊਪਰਿ[47] ਗਲ[48] ਤੁਧੁ ਆਣੀ[49] ਹੇ ॥ ੧੪॥	They, whose side[46] Thou takest, O[9] Lord; Their speech[48], Thou renderest the most sublime[47].	ਜਿਸ ਦੇ ਧੜੇ[46] ਤੇ ਤੂੰ ਖਲੋ ਜਾਂਦਾ ਹੈਂ, ਹੇ ਪ੍ਰਭੂ ! ਉਨ੍ਹਾਂ ਦੇ ਬਚਨ ਬਿਲਾਸ[48] ਤੂੰ ਸਾਰਿਆਂ ਨਾਲੋਂ ਸ੍ਰੇਸ਼ਟ[47] ਕਰ ਦਿੰਦਾ[49] ਹੈਂ ।
ਹਰਿ ਹਰਿ ਨਾਮੁ ਜਿਨੀ ਸਤਾ ਧਿਆਇਆ[50] ॥ ਤਿਨੀ ਗੁਰ ਪਰਸਾਦਿ[51] ਪਰਮ[52] ਪਦੁ[53] ਪਾਇਆ ॥	They, who ever contemplate[50] the Lord's Name; By the Guru's grace[51], they attain to the supreme[52] status[53].	ਜੋ ਸਦੀਵ ਹੀ ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ[50] ਕਰਦੇ ਹਨ; ਗੁਰਾਂ ਦੀ ਦਇਆ[51] ਦੁਆਰਾ, ਉਹ ਮਹਾਨ[52] ਮਰਤਬੇ[53] ਨੂੰ ਪਾ ਲੈਂਦੇ ਹਨ ।
ਜਿਨਿ ਹਰਿ ਸੇਵਿਆ[54] ਤਿਨਿ ਸੁਖੁ ਪਾਇਆ ਬਿਨੁ ਸੇਵਾ ਪਛੋਤਾਣੀ[55] ਹੇ ॥੧੫॥	They, who serve[54] their God, are blesseth with peace. Without the Lord's service, one regrets[55] in the end.	ਜੋ ਆਪਣੇ ਹਰੀ ਦੀ ਘਾਲ ਕਮਾਉਂਦੇ[54] ਹਨ, ਉਹ ਆਰਾਮ ਪਾਉਂਦੇ ਹਨ । ਸੁਆਮੀ ਦੀ ਘਾਲ ਦੇ ਬਗੈਰ ਬੰਦਾ ਅਖੀਰ ਨੂੰ ਝੂਰਦਾ[55] ਹੈ ।
ਤੂ ਸਭ ਮਹਿ[56] ਵਰਤਹਿ[56*] ਹਰਿ [57]ਜਗੰਨਾਥੁ[58] ॥	Thou O God, the Lord[58] of the world[57] art contained[56*] amongst[56] all.	ਤੂੰ, ਹੇ ਸ੍ਰਿਸ਼ਟੀ[57] ਦੇ ਸੁਆਮੀ[58] ਵਾਹਿਗੁਰੂ ! ਸਾਰਿਆਂ ਅੰਦਰ[56] ਰਮ ਰਿਹਾ[56*] ਹੈਂ ।

ਸੋ ਹਰਿ ਜਪੈ[59] ਜਿਸੁ ਗੁਰ ਮਸਤਕਿ[60] ਹਾਥੁ ॥
ਹਰਿ ਕੀ ਸਰਣਿ[61] ਪਇਆ[64] ਹਰਿ ਜਾਪੀ[65] ਜਨੁ[62] ਨਾਨਕੁ ਦਾਸੁ ਦਸਾਣੀ[63] ਹੇ ॥੧੬॥੨॥

He alone remembers[59] God, on whose forehead[60] is the Guru's hand. Entering[64] the Lord's sanctuary[61], remember[65] I the Lord. Servant[62] Nanak is the slave of the Lord's slaves[63].

ਕੇਵਲ ਉਹ ਹੀ ਵਾਹਿਗੁਰੂ ਦਾ ਭਜਨ[59] ਕਰਦਾ ਹੈ ਜਿਸ ਦੇ ਮੱਥੇ[60] ਉਤੇ ਗੁਰਾਂ ਦਾ ਹੱਥ ਹੈ। ਸਾਂਈਂ ਦੀ ਸ਼ਰਣ[61] ਵਿੱਚ ਅੰਦਰ[64], ਮੈਂ ਸਾਂਈਂ ਨੂੰ ਸਿਮਰਦਾ[65] ਹਾਂ। ਦਾਸ[62] ਨਾਨਕ ਸਾਂਈਂ ਦੇ ਗੋਲਿਆਂ[63] ਦਾ ਗੋਲਾ ਹੈ।

ਮਾਰੂ ਸੋਲਹੇ
ਮਹਲਾ ੫

Maru Solhas
5th Guru.

ਮਾਰੂ ਸੋਲਹੇ
ਪੰਜਵੀਂ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਕਲਾ[66] ਉਪਾਇ[67] ਧਰੀ[68] ਜਿਨਿ[69] ਧਰਣਾ[70] ॥
ਗਗਨੁ[71] ਰਹਾਇਆ[72] ਹੁਕਮੇ[73] ਚਰਣਾ[74]॥ਅਗਨਿ[75] ਉਪਾਇ[76] ਈਧਨ[77] ਮਹਿ[78] ਬਾਧੀ[79] ਸੋ[80] ਪ੍ਰਭੁ ਰਾਖੈ[81] ਭਾਈ[82] ਹੇ ॥੧॥

He, who[69] by His power[66] has installed[68] the earth[70], who has poised[72] the sky[71] on the feet[74] of His will[73] and who creating[76] the fire[75] has locked[79] it in[78] wood[77]; He[80], my Lord, shall protect[81] thee, O brother[82].

ਜਿਸ[69] ਨੇ ਆਪਣੀ ਰਚਨ[67]-ਸੱਤਿਆ[66] ਨਾਲ ਧਰਤੀ[70] ਨੂੰ ਅਸਥਾਪਨ[68] ਕੀਤਾ ਹੈ, ਜਿਸ ਨੇ ਆਕਾਸ਼[71] ਨੂੰ ਆਪਣੀ ਰਜ਼ਾ[73] ਦੇ ਪੈਰਾਂ[74] ਤੇ ਟਿਕਾਇਆ[72] ਹੋਇਆ ਹੈ ਤੇ ਜਿਸ ਨੇ ਅੱਗ[75] ਨੂੰ ਪੈਦਾ ਕਰ[76] ਕੇ ਇਸ ਨੂੰ ਲੱਕੜ[77] ਵਿਚ[78] ਬੰਨ੍ਹਿਆ ਹੋਇਆ[79] ਹੈ; ਉਹ[80] ਮੇਰਾ ਸੁਆਮੀ ਤੇਰੀ ਰੱਖਿਆ[81] ਕਰੇਗਾ, ਹੇ ਵੀਰ[82]।

ਜੀਅ ਜੰਤ[83] ਕਉ ਰਿਜਕੁ[84] ਸੰਬਾਹੇ[85] ॥ ਕਰਣ[86]ਕਾਰਣ[87] ਸਮਰਥ[88] ਆਪਾਹੇ[89] ॥
ਖਿਨ[90] ਮਹਿ[91] ਥਾਪਿ ਉਥਾਪਨਹਾਰਾ[93] ਸੋਈ[94] ਤੇਰਾ ਸਹਾਈ[95] ਹੇ ॥੨॥

He, who reaches[85] sustenance[84] to all the creatures[83], who remains detached[89] and is Omnipotent[88] to do[86] all the deeds[87] and who establishes[92] and disetblishes[93] in[91] an instant[90]. That Lord is thy Helper[95], O man.

ਜੋ ਸਮੂਹ ਪ੍ਰਾਣਧਾਰੀਆਂ[83] ਨੂੰ ਰੋਜ਼ੀ[84] ਪੁਚਾਉਂਦਾ[85] ਹੈ, ਜੋ ਨਿਰਲੇਪ[89] ਵਿਚਰਦਾ ਹੈ ਅਤੇ ਸਾਰਿਆਂ ਕੰਮਾਂ[87] ਦੇ ਕਰਨ[86] ਨੂੰ ਸਰਬ-ਸ਼ਕਤੀਵਾਨ[88] ਹੈ ਤੇ ਜੋ ਇਕ ਮੁਹਤ[90] ਵਿਚ[91] ਟਿਕਾਉਂਦਾ[92] ਅਤੇ ਉਖੇੜ ਦਿੰਦਾ[93] ਹੈ; ਉਹ[94] ਸੁਆਮੀ ਤੇਰਾ ਸਹਾਇਕ[95] ਹੈ, ਹੇ ਬੰਦੇ।

ਮਾਤ[96] ਗਰਭ[97] ਮਹਿ[98] ਜਿਨਿ ਪ੍ਰਤਿਪਾਲਿਆ[99] ॥
ਸਾਸਿ[100] ਗ੍ਰਾਸਿ[2] ਹੋਇ ਸੰਗਿ[3] ਸਮਾਲਿਆ[4] ॥

He, who cherishes[99] thee in[98] the mother's[96] womb[97] and who biding with[3] thee takes care[4] of thee with every breath[100] and morsel[2].

ਜੋ ਮਾਂ[96] ਦੇ ਉਦਰ[97] ਵਿਚ[98] ਤੇਰੀ ਪ੍ਰਵਰਸ਼ ਕਰਦਾ[99] ਹੈ ਅਤੇ ਜੋ ਤੇਰੇ ਨਾਲ ਵੱਸ[3], ਤੇਰੀ ਹਰ ਸੁਆਸ[100] ਤੇ ਬੁਰਕੀ[2] ਨਾਲ ਸੰਭਾਲ ਕਰਦਾ[4] ਹੈ।

ਸਦਾ[5] ਸਦਾ ਜਪੀਐ[6] ਸੋ[7] ਪ੍ਰੀਤਮੁ[8] ਵਡੀ[9] ਜਿਸੁ ਵਡਿਆਈ[10] ਹੇ ॥੩॥

Ever[5], ever meditate[6] thou on that[7] Beloved[8], great[9] is whose greatness[10].

ਹਮੇਸ਼ਾਂ[5], ਹਮੇਸ਼ਾਂ ਹੀ ਤੂੰ ਉਸ[8] ਪਿਆਰੇ[8] ਦਾ ਸਿਮਰਨ[6] ਕਰ, ਵਿਸ਼ਾਲ[9] ਹੈ ਜਿਸ ਦੀ ਵਿਸ਼ਾਲਤਾ[10]।

ਸੁਲਤਾਨ[12] ਖਾਨ[13] ਕਰੇ[14] ਖਿਨ[15] ਕੀਰੇ[16] ॥
ਗਰੀਬ ਨਿਵਾਜਿ[17] ਕਰੇ[18] ਪ੍ਰਭੁ ਮੀਰੇ[19] ॥

The sovereigns[12] and nobles[13], in an instant[15], He reduces[14] to worms[16]. Patronising the poor[17], the Lord makes[18] them kings[19].

ਪਾਤਿਸ਼ਾਹਾਂ[12] ਅਤੇ ਅਮੀਰਾਂ[13], ਵਜ਼ੀਰਾਂ ਨੂੰ ਇੱਕ ਮੁਹਤ ਵਿੱਚ[15] ਉਹ ਕੀੜੇ[16] ਬਣਾ ਦਿੰਦਾ[14] ਹੈ। ਗਰੀਬਾਂ ਦੀ ਪ੍ਰਤਿਪਾਲਣਾ ਕਰ[17], ਪ੍ਰਭੂ ਉਨ੍ਹਾਂ ਨੂੰ ਪਾਤਿਸ਼ਾਹ[19] ਬਣਾ ਦਿੰਦਾ[18] ਹੈ।

ਗਰਬ[20] ਨਿਵਾਰਣ[21] ਸਰਬ[22] ਸਧਾਰਣ[23] ਕਿਛੁ ਕੀਮਤਿ[24] ਕਹੀ[25] ਨ ਜਾਈ ਹੇ ॥੪॥	He, the Lord is the Destroyer[21] of ego[20] and the support[23] of all[22]. His worth[24] can be told[25] not.	ਉਹ ਸਾਂਈਂ ਹੰਕਾਰ[20] ਨੂੰ ਨਾਸ ਕਰਨ ਵਾਲਾ[21] ਅਤੇ ਸਾਰਿਆਂ[22] ਦਾ ਆਸਰਾ[23] ਹੈ । ਉਸ ਦਾ ਮੂਲੰ[24] ਪਾਇਆ[25] ਨਹੀਂ ਜਾ ਸਕਦਾ ।
ਸੋ[26] ਪਤਿਵੰਤਾ[27] ਸੋ ਧਨਵੰਤਾ[28] ॥ ਜਿਸੁ ਮਨਿ ਵਸਿਆ ਹਰਿ ਭਗਵੰਤਾ[29] ॥	He[26] alone is honourable[27] and he alone is wealthy[28]. Within whose mind abides the Auspicious Lord[29].	ਕੇਵਲ ਉਹ[26] ਹੀ ਇੱਜ਼ਤ ਵਾਲਾ[27] ਹੈ ਤੇ ਕੇਵਲ ਉਹ ਹੀ ਮਾਲਦਾਰ[28], ਜਿਸ ਦੇ ਹਿਰਦੇ ਅਦਰ ਮੁਬਾਰਕ ਮਾਲਕ[29] ਵਸਦਾ ਹੈ ।
ਮਾਤ[30] ਪਿਤਾ[31] ਸੁਤ ਬੰਧਪ[33] ਭਾਈ ਜਿਨਿ ਇਹ ਸ੍ਰਿਸਟਿ[34] ਉਪਾਈ[35] ਹੇ ॥੫॥	He alone is my mother[30], father[31], son[32], kinsman[33] and brother, who has created[35] this world[34].	ਕੇਵਲ ਉਹ ਹੀ ਮੇਰੀ ਅੰਮੜੀ[30], ਬਾਬਲ[31], ਪੁੱਤ੍ਰ[32] ਸਨਬੰਧੀ[33] ਅਤੇ ਵੀਰ ਹੈ, ਜਿਸ ਨੇ ਇਹ ਜਗਤ[34] ਰਚਿਆ ਹੈ[35] ।
ਪ੍ਰਭੁ ਆਏ[36] ਸਰਣਾ[37] ਭਉ[38] ਨਹੀ ਕਰਣਾ ॥	I have sought[36] the Lord's protection[37] and I fear[38] naught.	ਮੈਂ ਪ੍ਰਭੂ ਦੀ ਸ਼ਰਣ[37] ਲਈ[36] ਹੈ ਤੇ ਕਿਸੇ ਤੋਂ ਭੀ ਨਹੀਂ ਡਰਦਾ[38] ।
ਸਾਧਸੰਗਤਿ ਨਿਹਚਉ[39] ਹੈ ਤਰਣਾ[40] ॥	Associating with the saints, I shall assuredly[39] be saved[40].	ਸਤਿਸੰਗਤ ਨਾਲ ਜੁੜ, ਮੇਰਾ ਨਿਸਚਿਤ[39] ਹੀ ਪਾਰ ਉਤਾਰਾ ਹੋ ਜਾਵੇਗਾ[40] ।
ਮਨ[41] ਬਚ[42] ਕਰਮ[43] ਅਰਾਧੇ[44] ਕਰਤਾ[45] ਤਿਸੁ[46] ਨਾਹੀ ਕਦੇ[47] ਸਹਾਈ[48] ਹੇ ॥੬॥	He[46], who meditates[44] on his Creator-Lord[45] through thought[41], word[42] and deed[43] suffers not punishment[48] ever[47].	ਜੋ ਖ਼ਿਆਲ[41], ਬਚਨ[42] ਅਤੇ ਅਮਲ[43] ਰਾਹੀਂ ਆਪਣੇ ਸਿਰਜਣਹਾਰ ਸੁਆਮੀ[45] ਦਾ ਸਿਮਰਨ ਕਰਦਾ[44] ਹੈ, ਉਸ[46] ਨੂੰ ਕਦਾਚਿੱਤ[47] ਸਜ਼ਾ[48] ਨਹੀਂ ਮਿਲਦੀ ।
ਗੁਣ[49] ਨਿਧਾਨ[50] ਮਨ ਤਨ ਮਹਿ[53] ਰਵਿਆ[50*] ॥ ਜਨਮ ਮਰਣ ਕੀ ਜੋਨਿ[51] ਨ ਭਵਿਆ[52] ॥	He within[53] whose mind and body is permeated[50*] God, the Treasure[50] of virtues[49] wanders[52] not in birth, death and existences[51].	ਜਿਸ ਦੇ ਹਿਰਦੇ ਅਤੇ ਦੇਹ ਅੰਦਰ[53] ਨੇਕੀਆਂ[49] ਦਾ ਖ਼ਜ਼ਾਨਾ[50] ਵਾਹਿਗੁਰੂ ਰਮਿਆ ਹੋਇਆ[50*] ਹੈ, ਉਹ ਜੰਮਣ, ਮਰਨ ਅਤੇ ਜੂਨੀਆਂ[51] ਅੰਦਰ ਨਹੀਂ ਭਟਕਦਾ[52] ।
ਦੂਖ[54] ਬਿਨਾਸ[55] ਕੀਆ ਸੁਖਿ[56] ਡੇਰਾ[57] ਜਾ ਤ੍ਰਿਪਤਿ[58] ਰਹੇ ਆਘਾਈ[59] ਹੇ ॥੭॥	When, man is sated[58] and satiated[59] with the Name, his woe[54] vanishes[55] and weal[56] abides[57] within his mind.	ਜਦ ਇਨਸਾਨ ਨਾਮ ਦੇ ਨਾਲ ਰੱਜ[58] ਪੁੱਜ ਜਾਂਦਾ[59] ਹੈ, ਤਾਂ ਉਸ ਦਾ ਗ਼ਮ[54] ਮਿੱਟ ਜਾਂਦਾ[55] ਹੈ ਅਤੇ ਖ਼ੁਸ਼ੀ[56] ਉਸ ਦੇ ਮਨ ਵਿਚ ਟਿੱਕ ਜਾਂਦੀ[57] ਹੈ ।
ਮੀਤੁ[60] ਹਮਾਰਾ[61] ਸੋਈ[62] ਸੁਆਮੀ ॥	He[62], the Lord, is my[61] Friend[60].	ਉਹ[62] ਸਾਹਿਬ ਮੇਰਾ[61] ਮਿੱਤ੍ਰ[60] ਹੈ ।
ਥਾਨ[63] ਥਨੰਤਰਿ[64] ਅੰਤਰਜਾਮੀ[65] ॥	He is the Searcher of hearts[65] and prevades all spaces[63] and inter-spaces[64].	ਉਹ ਦਿਲਾਂ ਦੀਆਂ ਜਾਣਨਹਾਰ[65] ਹੈ ਅਤੇ ਸਾਰੀਆਂ ਥਾਵਾਂ[63] ਅਤੇ ਥਾਵਾਂ ਦੀਆਂ ਵਿੱਥਾਂ[64] ਵਿੱਚ ਰਮ ਰਿਹਾ ਹੈ ।
ਸਿਮਰਿ[66] ਸਿਮਰਿ[67] ਪੂਰਨ[68] ਪਰਮੇਸੁਰ ਚਿੰਤਾ[69] ਗਣਤ[70] ਮਿਟਾਈ[71] ਹੇ ॥੮॥	Remembering[66] and contemplating[67] the Perfect Lord[68], I am rid of[71] care[69] and calculations[70].	ਮੁਕੰਮਲ ਮਾਲਕ[68] ਦਾ ਆਰਾਧਨ[66] ਅਤੇ ਚਿੰਤਨ[67] ਕਰਨ ਦੁਆਰਾ, ਮੈਂ ਫ਼ਿਕਰ[69] ਅਤੇ ਗਿਣਤੀ ਮਿਣਤੀ[70] ਤੋਂ ਖ਼ਲਾਸੀ ਪਾ ਗਿਆ[71] ਹਾਂ ।

੧੦੭੨

ਹਰਿ ਕਾ ਨਾਮੁ ਕੋਟਿ[72] ਲਖ[73] ਬਾਹਾ[74] ॥	God's Name is the power of lacks[73] and millions[72] of arms[74].	ਵਾਹਿਗੁਰੂ ਦਾ ਨਾਮ ਲਖੂਖਾਂ[73] ਅਤੇ ਕ੍ਰੋੜਾਂ[72] ਹੀ ਬਾਹਾਂ[74] ਦੀ ਤਾਕਤ ਹੈ ।
ਹਰਿ ਜਸੁ[75] ਕੀਰਤਨੁ[76] ਸੰਗਿ[77] ਧਨੁ[78] ਤਾਹਾ[79] ॥	With[77] him[79] is the wealth[78] of the celebration[76] of the Lord's praise[75].	ਉਸ[79] ਦੇ ਅੰਗ ਸੰਗ[77] ਸੁਆਮੀ ਦੀ ਮਹਿਮਾ[75] ਗਾਇਨ[76] ਕਰਨਾ ਹੀ ਦੌਲਤ[78] ਹੈ ।
ਗਿਆਨ[80] ਖੜਗੁ[81] ਕਰਿ ਕਿਰਪਾ[82] ਦੀਨਾ[83] ਦੂਤ[84] ਮਾਰੇ[86] ਕਰਿ ਧਾਈ[85] ਹੇ ॥ ੯॥	In His mercy[82], the Lord has blessed[83] me with the sword[81] of Divine knowledge[80] and launching an attack[85], I have killed[86] the demons[84].	ਆਪਣੀ ਰਹਿਮਤ[82] ਧਾਰ ਕੇ, ਸੁਆਮੀ ਨੇ ਮੈਨੂੰ ਬ੍ਰਹਮ-ਵੀਚਾਰ[80] ਦੀ ਤਲਵਾਰ[81] ਬਖ਼ਸ਼ੀ[83] ਹੈ ਅਤੇ ਹੱਲਾ[85] ਬੋਲ ਕੇ, ਮੈਂ ਵਿਕਾਰਾਂ[84] ਨੂੰ ਮਾਰ ਮੁਕਾਇਆ[86] ਹੈ ।
ਹਰਿ ਕਾ ਜਾਪੁ[87] ਜਪਹੁ[88] ਜਪੁ[89] ਜਪਨੇ[90] ॥	Instead of uttering[90] other names[89], utter[88] thou the Lord's Name[87].	ਹੋਰ ਨਾਵਾਂ[89] ਦਾ ਉਚਾਰਨ ਕਰਨ[90] ਦੀ ਥਾਂ, ਤੂੰ ਪ੍ਰਭੂ ਦੇ ਨਾਮ[87] ਦਾ ਉਚਾਰਨ ਕਰ[88] ।
ਜੀਤਿ[91] ਆਵਹੁ[92] ਵਸਹੁ[93] ਘਰਿ[94] ਅਪਨੇ[95] ॥	Winning[91] the life game thou shalt come[92] to abide[93] in thy own[95] home[94].	ਜੀਵਨ ਦੀ ਖੇਡ ਨੂੰ ਜਿੱਤ ਕੇ[91] ਤੂੰ ਆ ਕੇ[92] ਆਪਣੇ ਨਿੱਜ[95] ਦੇ ਘਰ[94] ਅੰਦਰ ਟਿੱਕ ਜਾਵੇਂਗਾ[93] ।
ਲਖ ਚਉਰਾਸੀਹ ਨਰਕ[96] ਨ ਦੇਖਹੁ[97] ਰਸਕਿ ਰਸਕਿ[98] ਗੁਣ[99] ਗਾਈ[100] ਹੇ ॥੧੦॥	Singing[100] the Lord's Praise[99], saturated with His love[98], thou shalt (fall not into) or (see[97] not) the eightyfour lacs of hells[96].	ਉਸ ਦੇ ਪ੍ਰੇਮ ਅੰਦਰ ਗੱਚ ਹੋ[98], ਸੁਆਮੀ ਦੀ ਕੀਰਤੀ[99] ਗਾਇਨ ਕਰਨ[100] ਦੁਆਰਾ, ਤੂੰ ਚੁਰਾਸੀ ਲੱਖ ਦੋਜ਼ਕਾਂ[96] ਵਿਚ ਨਹੀਂ ਪਵੇਂਗਾ ।
ਖੰਡ[2] ਬ੍ਰਹਮੰਡ[3] ਉਧਾਰਣਹਾਰਾ[4] ॥	The Lord is the Saviour[4] of the beings of the continents[2] and universes[3].	ਪ੍ਰਭੂ ਮਹਾਂ ਦੀਪਾਂ[2] ਅਤੇ ਆਲਮਾਂ[3] ਦੇ ਜੀਵਾਂ ਦਾ ਪਾਰ ਉਤਾਰਾ ਕਰਨ ਵਾਲਾ[4] ਹੈਂ ।
ਊਚ[5] ਅਥਾਹ[6] ਅਗੰਮ[7] ਅਪਾਰਾ[8] ॥	He is Lofty[5], Unfathomable[6], Unapproachable[7] and Infinite[8].	ਉਹ ਬੁਲੰਦ[5], ਬੇਥਾਹ[6], ਪਹੁੰਚ ਤੋਂ[7] ਪਰੇ ਅਤੇ ਬੇਅੰਤ[8] ਹੈ ।
ਜਿਸ ਨੋ ਕ੍ਰਿਪਾ[9] ਕਰੇ[10] ਪ੍ਰਭੁ ਅਪਨੀ ਸੋ[12] ਜਨੁ[13] ਤਿਸਹਿ[14] ਧਿਆਈ[15] ਹੇ ॥੧੧॥	On whomsoever the Lord showers[10] His benediction[9]; That[12] man[13] alone mediates[15] on Him[14].	ਜਿਸ ਕਿਸੇ ਉਤੇ ਸੁਆਮੀ ਆਪਣੀ ਰਹਿਮਤ[9] ਧਾਰਦਾ[10] ਹੈ; ਕੇਵਲ ਉਹ[12] ਇਨਸਾਨ[13] ਹੀ ਉਸ ਦਾ[14] ਸਿਮਰਨ ਕਰਦਾ[15] ਹੈ ।
ਬੰਧਨ[16] ਤੋੜਿ[17] ਲੀਏ ਪ੍ਰਭਿ ਮੇਲੇ[18] ॥	The Lord has shattered[17] my shackles[16] and united[18] me with Himself.	ਸੁਆਮੀ ਨੇ ਮੇਰੀਆਂ ਬੇੜੀਆਂ[16] ਕੱਟ ਦਿੱਤੀਆਂ[17] ਹਨ ਅਤੇ ਮੈਨੂੰ ਆਪਣੇ ਨਾਲ ਮਿਲਾ ਲਿਆ[18] ਹੈ ।
ਕਰਿ[19] ਕਿਰਪਾ[20] ਕੀਨੇ[21] ਘਰ[22] ਗੋਲੇ[23] ॥	Taking[19] pity[20] on me, He has made[21] me the slave[23] of His Home[22].	ਮੇਰੇ ਉਤੇ ਮਿਹਰ[20] ਧਾਰ ਕੇ[19], ਮੈਨੂੰ ਉਸ ਨੇ ਆਪਣੇ ਘਰ[22] ਦਾ ਗੁਮਾਸ਼ਤਾ[23] ਬਣਾ ਲਿਆ[21] ਹੈ ।
ਅਨਹਦ[24] ਰੁਣ ਝੁਣਕਾਰੁ[25] ਸਹਜ ਧੁਨਿ[26] ਸਾਚੀ[27]	Performing[29] hearty[27] service[28] unto the Lord, incessant[24] melodious music[25]	ਸੁਆਮੀ ਦੀ ਦਿਲੀ[27] ਸੇਵਾ[28] ਕਰਨ[29] ਦੁਆਰਾ, ਮੇਰੇ ਲਈ ਅਖੰਡ[24], ਸੁਰੀਲਾ ਸੰਗੀਤ[25] ਅਤੇ ਬੈਕੁੰਠੀ ਕੀਰਤਨ[26]

ਕਾਰ[28] ਕਮਾਈ[29] ਹੇ ॥ ੧੨॥	and celestial strain[26] plays for me.	ਹੁੰਦਾ ਹੈ ।
ਮਨਿ ਪਰਤੀਤਿ[30] ਬਨੀ[31] ਪ੍ਰਭ ਤੇਰੀ ॥ ਬਿਨਸਿ[32] ਗਈ ਹਉਮੈ[33] ਮਤਿ[34] ਮੇਰੀ ॥	O my Lord, within my mind, I have enshrined[31] faith[30] in Thee and my haughty[33] intellect[34] has been effaced[32].	ਹੇ ਮੇਰੇ ਸੁਆਮੀ ! ਆਪਣੇ ਚਿੱਤ ਅੰਦਰ ਮੈਂ ਤੇਰੇ ਉੱਤੇ ਭਰੋਸਾ[30] ਧਾਰ ਲਿਆ[31] ਹੈ ਅਤੇ ਮੇਰੀ ਹੰਕਾਰ[33] ਵਾਲੀ ਬੁੱਧੀ[34] ਨਾਸ ਹੋ ਗਈ[32] ਹੈ ।
ਅੰਗੀਕਾਰੁ ਕੀਆ[35] ਪ੍ਰਭਿ ਅਪਨੈ ਜਗ[36] ਮਹਿ[37] ਸੋਭ[38] ਸੁਹਾਈ[39] ਹੇ ॥੧੩॥	My Lord has taken my side[35] and beauteous[39] has become my magnificence[38] in[37] this world[36].	ਮੇਰੇ ਪ੍ਰਭੂ ਨੇ ਮੇਰਾ ਪੱਖ[35] ਲੈ ਲਿਆ ਹੈ ਅਤੇ ਸੁੰਦਰ[39] ਹੋ ਗਈ ਹੈ ਮੇਰੀ ਸੋਭਾ[38] ਇਸ ਜਹਾਨ[36] ਅੰਦਰ[37] ।
ਜੈ ਜੈ ਕਾਰੁ[40] ਜਪਹੁ[41] [42]ਜਗਦੀਸੈ[43] ॥	Hail[40] ! hail ! is unto the Lord. Contemplate[41] thou Him, the Master[43] of the universe[42].	ਵਾਹ[40] ! ਵਾਹ ! ਹੈ ਸੁਆਮੀ ਨੂੰ । ਤੂੰ ਉਸ ਆਲਮ[42] ਦੇ ਮਾਲਕ[43] ਦਾ ਸਿਮਰਨ ਕਰ[41] ।
ਬਲਿ[44] ਬਲਿ ਜਾਈ ਪ੍ਰਭ ਅਪੁਨੇ ਈਸੈ[45] ॥	A sacrifice[44], sacrifice am I unto my Lord Master[45].	ਕੁਰਬਾਨ[44], ਕੁਰਬਾਨ ਹਾਂ ਮੈਂ ਆਪਣੇ ਸੁਆਮੀ ਮਾਲਕ[45] ਉਤੋਂ ।
ਤਿਸੁ[46] ਬਿਨੁ ਦੂਜਾ ਅਵਰੁ[47] ਨ ਦੀਸੈ ਏਕਾ[48] ਜਗਤਿ[49] ਸਬਾਈ[50] ਹੇ ॥੧੪॥	Without Him[46], I see not any other[47]. The One Lord[48] pervades the entire[50] universe[49].	ਉਸ ਦੇ[46] ਬਗੈਰ, ਮੈਨੂੰ ਹੋਰ[47] ਕੋਈ ਨਹੀਂ ਦਿਸਦਾ । ਇੱਕ ਸੁਆਮੀ[48] ਹੀ ਸਾਰੇ[50] ਸੰਸਾਰ[49] ਅੰਦਰ ਰੱਮ ਰਿਹਾ ਹੈ ।
ਸਤਿ[51] ਸਤਿ ਸਤਿ ਪ੍ਰਭੁ ਜਾਤਾ[52] ॥	True[51], true, true I know[52] my Lord to be.	ਮੈਂ ਆਪਣੇ ਸੁਆਮੀ ਨੂੰ ਸੱਚਾ[51], ਸੱਚਾ, ਸੱਚਾ ਜਾਣਦਾ[52] ਹਾਂ ।
ਗੁਰ ਪਰਸਾਦਿ[53] ਸਦਾ ਮਨੁ ਰਾਤਾ[54] ॥	By the Guru's grace[53], my mind ever remains imbued[54] with Him.	ਗੁਰਾਂ ਦੀ ਦਇਆ[53] ਦੁਆਰਾ, ਮੇਰਾ ਚਿੱਤ ਹਮੇਸ਼ਾ ਉਸ ਨਾਲ ਰੰਗਿਆ[54] ਰਹਿੰਦਾ ਹੈ ।
ਸਿਮਰਿ[55] ਸਿਮਰਿ ਜੀਵਹਿ ਜਨ[56] ਤੇਰੇ ਏਕੰਕਾਰਿ[57] ਸਮਾਈ[58] ਹੇ ॥੧੫॥	Thine slaves[56] live by remembering[55], remembering Thee and merge[58] in Thee, O Unique Lord[57].	ਤੇਰੇ ਗੋਲੇ[56] ਤੈਨੂੰ ਆਰਾਧ[55], ਆਰਾਧ ਕੇ ਜੀਉਂਦੇ ਹਨ ਅਤੇ ਤੇਰੇ ਅੰਦਰ ਹੀ ਲੀਨ ਹੋ ਜਾਂਦੇ[58] ਹਨ, ਹੇ ਅਦੁੱਤੀ ਸਾਹਿਬ[57] !
ਭਗਤ ਜਨਾ[59] ਕਾ ਪ੍ਰੀਤਮੁ[60] ਪਿਆਰਾ[61] ॥	The Loved Lord[60] is dear[61] unto His devotees[59].	ਪਿਆਰਾ ਪ੍ਰਭੂ[60] ਆਪਣੇ ਭਗਤਾਂ[59] ਦਾ ਲਾਡਲਾ[61] ਹੈ ।
ਸਭੇ ਉਧਾਰਣੁ[62] ਖਸਮੁ[63] ਹਮਾਰਾ[64] ॥	My[64] Master[63] is the Emancipator[62] of all.	ਮੇਰਾ[64] ਮਾਲਕ[63] ਸਾਰਿਆਂ ਦਾ ਪਾਰ ਉਤਾਰਾ ਕਰਨ ਵਾਲਾ[62] ਹੈ ।
ਸਿਮਰਿ[65] ਨਾਮੁ ਪੁੰਨੀ[66] ਸਭ ਇਛਾ[67] ਜਨ[68] ਨਾਨਕ ਪੈਜ[69] ਰਖਾਈ[70] ਹੇ ॥੧੬॥ ੧॥	Contemplating[65] the Name, all the wishes[67] are fulfilled[66]. The Lord has saved[70] the honour[69] of slave[68] Nanak.	ਨਾਮ ਦਾ ਆਰਾਧਨ ਕਰਨ[65] ਦੁਆਰਾ, ਸਾਰੀਆਂ ਚਾਹਨਾਂ[67] ਪੂਰੀਆਂ ਹੋ ਜਾਂਦੀਆਂ[66] ਹਨ । ਸੁਆਮੀ ਨੇ ਗੋਲੇ[68] ਨਾਨਕ ਦੀ ਲੱਜਿਆ[69] ਰੱਖ ਲਈ[70] ਹੈ ।

ਮਾਰੂ ਸੋਲਹੇ
ਮਹਲਾ ੫

Maru Solhas
5th Guru

ਮਾਰੂ ਸੋਲਹੇ
ਪੰਜਵੀਂ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸੰਗੀ[71] ਜੋਗੀ[72] ਨਾਰਿ[73] ਲਪਟਾਣੀ[74] ॥	The body bride[73] is clung[74] to[71] the rambler[72] spouse.	ਦੇਹ ਪਤਨੀ[73], ਰਮਤੇ[72] ਪਤੀ ਨਾਲ[71], ਚਿਮੜੀ ਹੋਈ ਹੈ।
ਉਰਝਿ[75] ਰਹੀ ਰੰਗ ਰਸ[76] ਮਾਣੀ[77] ॥	She is involved[75] with him and enjoys[77] peace and pleasure[75].	ਉਹ ਉਸ ਨਾਲ ਉਲਝੀ ਹੋਈ[75] ਹੈ ਅਤੇ ਆਰਾਮ ਤੇ ਅਨੰਦ[76] ਭੋਗਦੀ[77] ਹੈ।
ਕਿਰਤ[78] ਸੰਜੋਗੀ[79] ਭਏ ਇਕਤ੍ਰਾ[80] ਕਰਤੇ[81] ਭੋਗ ਬਿਲਾਸਾ[82] ਹੇ ॥੧॥	Through the coincidence[79] of past actions[78], they have met together[80] and indulge in[81] revelments[82].	ਪੂਰਬਲੇ ਕਰਮਾਂ[78] ਦੇ ਮੇਲ[79] ਰਾਹੀਂ, ਉਹ ਇਕੱਠੇ[80] ਹੋ ਗਏ ਹਨ ਅਤੇ ਰੰਗ ਰਲੀਆਂ[82] ਮਾਣਦੇ[81] ਹਨ।
ਜੋ ਪਿਰੁ[83] ਕਰੈ ਸੁ[84] ਧਨ[85] ਤਤੁ[86] ਮਾਨੈ[87] ॥	Whatever the spouse[83] does, to that[84], the bride[85] forthwith[86] submits[87].	ਜਿਹੜਾ ਕੁੱਛ ਭੀ ਪਤੀ[83] ਕਰਦਾ ਹੈ, ਉਸ[84] ਨੂੰ, ਪਤਨੀ[85] ਝਟਪਟ[86] ਹੀ ਕਬੂਲ ਕਰ ਲੈਂਦੀ[87] ਹੈ।
ਪਿਰੁ ਧਨਹਿ ਸੀਗਾਰਿ[88] ਰਖੈ ਸੰਗਾਨੈ[89] ॥	Embellishing[88] the bride, the Groom keeps her with[89] himself.	ਪਤਨੀ ਨੂੰ ਸਾਜ ਸੰਵਾਰ ਕੇ[88], ਪਤੀ ਉਸ ਨੂੰ ਆਪਣੇ ਨਾਲ[89] ਰਖਦਾ ਹੈ।
ਮਿਲਿ ਏਕਤ੍ਰ[90] ਵਸਹਿ[91] ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ[92] ਹੇ ॥੨॥	Meeting together[90], day and night they dwell[91] in concert and the husband comforts[92] his wife.	ਇਕੱਠੇ ਹੋ[90], ਦਿਹੁੰ ਤੇ ਰੈਣ ਉਹ ਇਕ ਥਾਂ ਰਹਿੰਦੇ[91] ਹਨ ਅਤੇ ਖ਼ਸਮ ਆਪਣੀ ਵਹੁਟੀ ਨੂੰ ਧੀਰਜ ਤਸੱਲੀ ਦਿੰਦਾ[92] ਹੈ।
ਧਨ ਮਾਗੈ[93] ਪ੍ਰਿਉ ਬਹੁ[94] ਬਿਧਿ[95] ਧਾਵੈ[96] ॥	On the bride's demand[93], the spouse runs[96] in many[94] ways[95].	ਪਤਨੀ ਦੇ ਮੰਗ[93] ਕਰਨ ਉੱਤੇ ਪਤੀ ਕਈ[94] ਪਾਸੀਂ[95] ਦੌੜਦਾ[96] ਹੈ।
ਜੋ[100] ਪਾਵੈ[97] ਸੋ[98] ਆਣਿ[99] ਦਿਖਾਵੈ ॥	Whatever[100] he finds[97], he comes[99] and shows that[98] to his bride.	ਜਿਹੜਾ ਕੁੱਛ[100] ਉਸ ਨੂੰ ਲੱਭਦਾ[97] ਹੈ ਉਸ[98] ਨੂੰ ਉਹ ਆਪਣੀ ਪਤਨੀ ਨੂੰ ਆ[99] ਵਿਖਾਲਦਾ ਹੈ।
ਏਕ ਵਸਤੁ[2] ਕਉ ਪਹੁਚਿ[3] ਨ ਸਾਕੈ ਧਨ ਰਹਤੀ ਭੂਖ[4] ਪਿਆਸਾ[5] ਹੇ ॥੩॥	Unto one thing[2], he can reach[3] not and so the bride remains hungry[4] and thirsty[5].	ਇਕ ਚੀਜ਼[2] ਨੂੰ ਉਹ ਪੁੱਜ[3] ਨਹੀਂ ਸਕਦਾ ਅਤੇ ਇਸ ਲਈ ਪਤਨੀ ਭੁਖੀ[4] ਤੇ ਤਿਹਾਈ[5] ਰਹਿੰਦੀ ਹੈ।
ਧਨ ਕਰੈ ਬਿਨਉ[6] ਦੋਊ[7] ਕਰ[8] ਜੋਰੈ[9] ॥	Joining[9] both[7] her hands[8], the bride makes supplication[6].	ਆਪਣੇ ਦੋਨੋਂ[7] ਹੱਥ[8] ਬੰਨ੍ਹ ਕੇ[9] ਪਤਨੀ ਬੇਨਤੀ ਕਰਦੀ[6] ਹੈ।
ਪ੍ਰਿਅ ਪਰਦੇਸਿ[10] ਨ ਜਾਹੁ ਵਸਹੁ ਘਰਿ[12] ਮੋਰੈ[13] ॥	"O my Groom, go thou not abroad[10] and dwell thou in[13] home[12].	"ਹੇ ਮੇਰੇ ਪਤੀ! ਤੂੰ ਬਾਹਰਲੇ ਦੇਸੀਂ[10] ਨਾ ਜਾ ਅਤੇ ਤੂੰ ਮੇਰੇ ਘਰ[12] ਅੰਦਰ[13] ਹੀ ਰਹੁ।
ਐਸਾ ਬਣਜੁ[14] ਕਰਹੁ ਗ੍ਰਿਹ ਭੀਤਰਿ[15] ਜਿਤੁ ਉਤਰੈ[16] ਭੂਖ[17] ਪਿਆਸਾ[18] ਹੇ ॥੪॥	Transact thou such a business[14] within[15] the home, they may rid[16] me of my hunger[17] and thirst[18]".	ਤੂੰ ਐਹੋ ਜੇਹਾ ਵਾਪਾਰ[14] ਘਰ ਅੰਦਰ[15] ਹੀ ਕਰ, ਜਿਸ ਕਰਕੇ ਮੇਰੀ ਭੁੱਖ[17] ਤੇ ਤ੍ਰੇਹ[18] ਨਵਿਰਤ[16] ਥੀ ਵੰਞੇ"।
ਸਗਲੇ ਕਰਮ[19] ਧਰਮ[20] ਜੁਗ ਸਾਧਾ[21] ॥ ਬਿਨੁ ਹਰਿ ਰਸ[22] ਸੁਖੁ ਤਿਲੁ[23] ਨਹੀ ਲਾਧਾ[24] ॥	All the rituals[19] and religious rites[20] the bride performs[21] in this age, but without the Lord's Nectar[22], she finds[24] not even an iota[23] of peace.	ਸਾਰੇ ਕਰਮਕਾਂਡ[19] ਤੇ ਧਾਰਮਕ ਸੰਸਕਾਰ[20] ਪਤਨੀ ਇਸ ਯੁੱਗ ਅੰਦਰ ਕਰਦੀ[21] ਹੈ, ਪ੍ਰੰਤੂ ਸੁਆਮੀ ਦੇ ਅੰਮ੍ਰਿਤ[22] ਦੇ ਬਾਝੋਂ, ਉਸ ਨੂੰ ਇਕ ਭੋਰਾ[23] ਭਰ ਭੀ ਆਰਾਮ ਨਹੀਂ ਲੱਭਦਾ[24]।

ਭਈ ਕ੍ਰਿਪਾ[25] ਨਾਨਕ ਸਤਸੰਗੇ ਤਉ[26] ਧਨ ਪਿਰ ਅਨੰਦ[27] ਉਲਾਸਾ[28] ਹੇ ॥੫॥	When, O Nanak, through the saints' association, the Lord becomes merciful[25], then[26] the bride and groom enjoy peace[27] and pleasure[28].	ਜਦ, ਹੇ ਨਾਨਕ ! ਸਤਿਸੰਗਤ ਰਾਹੀਂ, ਮਾਲਕ ਮਿਹਰਬਾਨ[25] ਹੋ ਜਾਂਦਾ ਹੈ ਤਾਂ[26] ਪਤਨੀ ਤੇ ਪਤੀ ਖੁਸ਼ੀਆਂ[27] ਤੇ ਅਨੰਦ[28] ਮਾਣਦੇ ਹਨ।
ਧਨ ਅੰਧੀ[29] ਪਿਰੁ ਚਪਲੁ[30] ਸਿਆਨਾ[31] ॥	The bride is blind[29] and the groom restless[30] and wise[31].	ਪਤਨੀ ਅੰਨ੍ਹੀ[29] ਹੈ ਅਤੇ ਪਤੀ ਚੰਚਲ[30] ਤੇ ਅਕਲਮੰਦ[31]।
ਪੰਚ ਤਤੁ[32] ਕਾ ਰਚਨੁ[33] ਰਚਾਨਾ[34] ॥	Of the five elements[32] the creation[33] is created[34].	ਪੰਜਾਂ ਮੂਲ ਅੰਸ਼ਾਂ[32] (ਤੱਤਾ) ਦੀ ਰਚਨਾ[33] ਰਚੀ ਹੋਈ[34] ਹੈ।
੧੦੭੩		
ਜਿਸੁ ਵਖਰ[36] ਕਉ ਤੁਮ ਆਏ ਹਹੁ ਸੋ[37] ਪਾਇਓ[38] ਸਤਿਗੁਰ ਪਾਸਾ[39] ਹੇ ॥੬॥	The merchandise[36] for which thou hast come, that[37] is received[38] only from[39] the Guru.	ਜਿਸ ਸੌਦੇ ਸੂਤ[36] ਲਈ ਤੂੰ ਆਇਆ ਹੈਂ, ਉਹ[37] ਕੇਵਲ ਸੱਚੇ ਗੁਰਦੇਵ ਜੀ ਪਾਸੋਂ[39] ਮਿਲਦਾ[38] ਹੈ।
ਧਨ ਕਹੈ ਤੂ ਵਸੁ[40] ਮੈ ਨਾਲੇ[41] ॥ ਪ੍ਰਿਅ[42] ਸੁਖ ਵਾਸ਼ੀ[43] ਬਾਲ[44] ਗੁਪਾਲੇ[45] ॥ ਤੁਝੈ ਬਿਨਾ ਹਉ ਕਿਤ ਹੀ ਨ ਲੇਖੈ[46] ਵਚਨੁ[47] ਦੇਹਿ[48] ਛੋਡਿ[49] ਨ ਜਾਸਾ[50] ਹੇ ॥੭॥	Says the bride, "O my blissful[43], young[44], and dear[42] Lord[45], bide[40] thou ever with[41] me. Without thee, I am of no account[46], so give[48] me thy word[47], that leaving[49] me thou shalt go[50] nowhere".	ਪਤਨੀ ਆਖਦੀ ਹੈ, "ਹੇ ਮੇਰੇ ਪ੍ਰਸੰਨ[43], ਜੁਆਨ[44] ਤੇ ਪਿਆਰੇ[42] ਸੁਆਮੀ[45] ! ਤੂੰ ਸਦਾ ਹੀ ਮੇਰੇ ਨਾਲ[41] ਰਹੁ[40], ਤੇਰੇ ਬਗੈਰ ਮੈਂ ਕਿਸੇ ਹਿਸਾਬ-ਕਿਤਾਬ[46] ਵਿਚ ਨਹੀਂ, ਇਸ ਲਈ ਤੂੰ ਮੇਰੇ ਨਾਲ ਵਾਹਿਦਾ[47] ਕਰ[48], ਕਿ ਮੈਨੂੰ ਛੱਡ ਕੇ[49] ਤੂੰ ਕਿਧਰੇ ਨਹੀਂ ਜਾਵੇਂਗਾ[50]"।
ਪਿਰਿ ਕਹਿਆ ਹਉ ਹੁਕਮੀ[51] ਬੰਦਾ[52] ॥ ਓਹੁ ਭਾਰੋ[53] ਠਾਕੁਰੁ[54] ਜਿਸੁ ਕਾਣਿ[55] ਨ ਛੰਦਾ[56] ॥	Says the groom, "I am the slave[52] of my Commander[51]. He is my great[53] Master[54], who fears[55] none and depends[56] not on any.	ਪਤੀ ਆਖਦਾ ਹੈ, ਮੈਂ ਆਪਣੇ ਹਾਕਮ[51] ਦਾ ਗੋਲਾ[52] ਹਾਂ। ਉਹ ਮੇਰਾ ਵੱਡਾ[53] ਮਾਲਕ[54] ਹੈ, ਜੋ ਕਿਸੇ ਤੋਂ ਡਰਦਾ[55] ਨਹੀਂ ਤੇ ਨਾ ਹੀ ਕਿਸੇ ਦੀ ਮੁਥਾਜਗੀ[56] ਧਰਾਉਂਦਾ ਹੈ।
ਜਿਚਰੁ[57] ਰਾਖੈ ਤਿਚਰੁ[58] ਤੁਮ ਸੰਗਿ[64] ਰਹਣਾ[65] ਜਾ[59] ਸਦੇ[60] ਤ[61] ਊਠਿ[62] ਸਿਧਾਸਾ[63] ਹੇ ॥੮॥	As long[57] as He shall keep, so long[58] I shall bide[65] with[64] thee. When[59] he summons[60] me, then[61] shall I rise up[62] and depart[63]".	ਜਦ ਤਾਂਈਂ[57] ਉਹ ਰੱਖੇਗਾ, ਉਦੋਂ ਤਾਂਈਂ[58] ਮੈਂ ਤੇਰੇ ਨਾਲ[64] ਵਸਾਂਗਾ[65]। ਜਦ[59] ਉਹ ਮੈਨੂੰ ਬੁਲਾਵੇਗਾ[60] ਤਦ[61] ਮੈਂ ਉੱਠ ਕੇ[62] ਟੁਰ ਜਾਵਾਂਗਾ[63]"।
ਜਉ[66] ਪ੍ਰਿਅ ਬਚਨ[67] ਕਹੇ[68] ਧਨ ਸਾਚੇ ॥ ਧਨ ਕਛੂ ਨ ਸਮਝੈ ਚੰਚਲਿ[69] ਕਾਚੇ[70] ॥	Though[66] the spouse utters[68] the true words[67] to his bride, being restless[69] and inexperienced[70] she understands not anything.	ਭਾਵੇਂ[66] ਪਤੀ ਆਪਣੀ ਪਤਨੀ ਨੂੰ ਸੱਚੀ ਗੱਲਬਾਤ[67] ਦੱਸਦਾ[68] ਹੈ, ਚਪਲ[69] ਅਤੇ ਨਾ-ਤਜਰਬਾਕਾਰ[70] ਹੋਣ ਕਰਕੇ, ਪਤਨੀ ਕੁਝ ਭੀ ਨਹੀਂ ਸਮਝਦੀ।
ਬਹੁਰਿ ਬਹੁਰਿ[71] ਪਿਰ ਹੀ ਸੰਗੁ[72] ਮਾਗੈ[73] ਓਹੁ ਬਾਤ[74] ਜਾਨੈ[75] ਕਰਿ[76] ਹਾਸਾ[77] ਹੇ ॥੯॥	Again and again[71], she asks[73] for the company[72] of her spouse and deems[75] the words[74] as[76] a mere joke[77].	ਮੁੜ ਮੁੜ ਕੇ[71], ਉਹ ਆਪਣੇ ਪਤੀ ਦੇ ਮੇਲ ਮਿਲਾਪ[72] ਦੀ ਹੀ ਯਾਚਨਾ ਕਰਦੀ[73] ਹੈ ਅਤੇ ਉਸ ਗੱਲਬਾਤ[74] ਨੂੰ ਠੱਠਾ ਮਖੌਲ[77] ਕਰਕੇ[76] ਹੀ ਜਾਣਦੀ[75] ਹੈ।

ਆਈ ਆਗਿਆ[78] ਪਿਰਹੁ ਬੁਲਾਇਆ[79] ॥	The order[78] arrives and the groom is called[79] back.	ਹੁਕਮ[78] ਆ ਜਾਂਦਾ ਹੈ ਅਤੇ ਪਤੀ ਵਾਪਸ ਬੁਲਾ[79] ਲਿਆ ਜਾਂਦਾ ਹੈ ।
ਨ ਧਨ ਪੁਛੀ[80] ਨ ਮਤਾ[82] ਪਕਾਇਆ[83] ॥	He consults[80] not his bride nor asks[83] her opinion[82].	ਉਹ ਆਪਣੀ ਪਤਨੀ ਨਾਲ ਮਸ਼ਵਰਾ[80] ਨਹੀਂ ਕਰਦਾ, ਨਾ ਹੀ ਉਸ ਦੀ ਰਾਇ[82] ਲੈਂਦਾ[83] ਹੈ ।
ਉਠਿ[84] ਸਿਧਾਇਓ[85] ਛੁਟਰਿ[86] ਮਾਟੀ[87] ਦੇਖੁ[91] ਨਾਨਕ ਮਿਥਨ[88] ਮੋਹਾਸਾ[89] ਹੇ[90] ॥੧੦॥	He gets up[84] and marches off[85] and the discarded[86] bride mingles with dust[87]. See[91], O Nanak, the falsity[88] of worldly-love[89] and hope[90].	ਉਹ ਖੜ੍ਹਾ[84] ਹੋ ਟੁਰ ਵੰਞਦਾ[85] ਹੈ ਅਤੇ ਛੁੱਟੜ[86] ਪਤਨੀ ਮਿੱਟੀ[87] ਨਾਲ ਮਿਲ ਜਾਂਦੀ ਹੈ । ਤੱਕ[91], ਹੇ ਨਾਨਕ ! ਸੰਸਾਰੀ ਮਮਤਾ[89] ਅਤੇ ਉਮੈਦ[90] ਦਾ ਝੂਠਾਪਣ[88] ।
ਰੇ[92] ਮਨ[93] ਲੋਭੀ[94] ਸੁਣਿ ਮਨ ਮੇਰੇ ॥	O[92] my avaricious[94] soul[93], hearken unto me, O my soul.	ਹੇ[92] ਮੇਰੀ ਲਾਲਚੀ[94] ਜਿੰਦੜੀਏ[93] ! ਮੇਰੀ ਗੱਲ ਸੁਣ ! ਹੇ ਮੇਰੀ ਜਿੰਦੜੀਏ !
ਸਤਿਗੁਰੁ ਸੇਵਿ[95] ਦਿਨੁ ਰਾਤਿ ਸਦੇਰੇ[96] ॥	Day and night ever[96] serve[95] thou thy True Guru.	ਦਿਹੁੰ ਤੇ ਰੈਣ, ਤੂੰ ਸਦਾ[96] ਹੀ ਆਪਣੇ ਸੱਚੇ ਗੁਰਾਂ ਦੀ ਸੇਵਾ[95] ਕਰ ।
ਬਿਨੁ ਸਤਿਗੁਰ ਪਚਿ[97] ਮੂਏ ਸਾਕਤ[98] ਨਿਗੁਰ[99] ਗਲਿ[100] ਜਮ[2] ਫਾਸਾ[3] ਹੇ ॥ ੧੧॥	Without the Guru, the mammon-worshippers[98] putrefy[97] and die. Round the neck[100] of the Guruless[99] one is the Death's[2] noose[3].	ਗੁਰਾਂ ਦੇ ਬਗੈਰ ਮਾਇਆ ਦੇ ਪੁਜਾਰੀ[98] ਗਲ ਸੜ[97] ਕੇ ਮਰ ਜਾਂਦੇ ਹਨ । ਗੁਰੂ-ਵਿਹੂਣ[99] ਦੀ ਗਰਦਨ[100] ਉਦਾਲੇ ਮੌਤ[2] ਦੀ ਫਾਹੀ[3] ਹੈ ।
ਮਨਮੁਖਿ[4] ਆਵੈ ਮਨਮੁਖਿ ਜਾਵੈ ॥	The egocentric[4] comes and the egocentric goes.	ਮਨਮੱਤੀਆ[4] ਆਉਂਦਾ ਹੈ ਤੇ ਮਨਮੱਤੀਆ ਹੀ ਜਾਂਦਾ ਹੈ ।
ਮਨਮੁਖਿ ਫਿਰਿ[5] ਫਿਰਿ ਚੋਟਾ[6] ਖਾਵੈ[7] ॥	The egocentric suffers[7] strokes[6] again[5] and again.	ਮਨਮੱਤੀਆ ਮੁੜ[5] ਮੁੜ ਕੇ ਸੱਟਾਂ[6] ਸਹਾਰਦਾ[7] ਹੈ ।
ਜਿਤਨੇ[8] ਨਰਕ[9] ਸੇ ਮਨਮੁਖਿ[15] ਭੋਗੈ[10] ਗੁਰਮੁਖਿ[12] ਲੇਪੁ[13] ਨ ਮਾਸਾ[14] ਹੇ ॥੧੨॥	As many as[8] are the hells[9], in so many the perverse person[15] suffers pain[10], while the Guru-ward[12] is affected[13] not even a bit[14] by them.	ਜਿੰਨੇ ਭੀ[8] ਦੋਜ਼ਕ[9] ਹਨ ਉਨਿਆਂ ਵਿਚ ਹੀ ਮਨਮੱਤੀ[15] ਪੁਰਸ਼ ਦੁਖ[10] ਉਠਾਉਂਦਾ ਹੈ, ਜਦ ਕਿ ਗੁਰੂ-ਅਨੁਸਾਰੀ[12] ਉਤੇ ਉਨ੍ਹਾਂ ਦਾ ਇਕ ਭੋਰਾ[14] ਭਰ ਭੀ ਅਸਰ[13] ਨਹੀਂ ਹੁੰਦਾ ।
ਗੁਰਮੁਖਿ[15*] ਸੋਇ[16] ਜਿ ਹਰਿ ਜੀਉ[17] ਭਾਇਆ[18] ॥	He[16] alone is the holyman[15*], who is pleasing[18] to the Reverend Lord[17].	ਕੇਵਲ ਉਹ[16] ਹੀ ਨੇਕ ਬੰਦਾ[15*] ਹੈ, ਜੋ ਪੂਜਯ[17] ਪ੍ਰਭੂ ਨੂੰ ਚੰਗਾ ਲਗਦਾ[28] ਹੈ ।
ਤਿਸੁ ਕਉਣੁ ਮਿਟਾਵੈ[19] ਜਿ ਪ੍ਰਭਿ ਪਹਿਰਾਇਆ[20] ॥	Who can efface[19] his glory, whom the Lord robes[20] ?	ਉਸ ਦੀ ਪ੍ਰਭਤਾ ਨੂੰ ਕੌਣ ਮੇਟ ਸਕਦਾ[19] ਹੈ, ਜਿਸ ਨੂੰ ਸੁਆਮੀ ਖਿੱਲਤ[20] ਬਖਸ਼ਦਾ ਹੈ ।
ਸਦਾ[21] ਅਨੰਦੁ[22] ਕਰੇ ਆਨੰਦੀ[23] ਜਿਸੁ ਸਿਰਪਾਉ[24] ਪਇਆ ਗਲਿ[25] ਖਾਸਾ[26] ਹੇ ॥੧੩॥	He, the enjoyer[23], who is dressed[25] with the good[26] robe of honour[24], ever[21] makes merry[22].	ਉਹ ਖ਼ੁਸ਼ਬਾਸ਼[23], ਜਿਸ ਨੇ ਐਨ ਵਧੀਆ[26] ਇੱਜ਼ਤ[24] ਦੀ ਪੁਸ਼ਾਕ ਪਹਿਨੀ[25] ਹੋਈ ਹੈ, ਹਮੇਸ਼ਾ[21] ਮੌਜਾਂ ਮਾਣਦਾ[22] ਹੈ ।
ਹਉ ਬਲਿਹਾਰੀ[27] ਸਤਿਗੁਰ ਪੂਰੇ[28] ॥ ਸਰਣਿ ਕੇ[29] ਦਾਤੇ ਬਚਨ[30] ਕੇ ਸੂਰੇ ॥	I am a sacrifice[27] unto my Perfect[28] True Guru, who is the giver of protection[29] and the man of word[30].	ਮੈਂ ਆਪਣੇ ਪੂਰਨ[28] ਸੱਚੇ ਗੁਰਾਂ ਤੋਂ ਘੋਲੀ ਵੰਞਦਾ[27] ਹਾਂ, ਜੋ ਪਨਾਹ ਦੇਣਹਾਰ[29] ਅਤੇ ਕੌਲ-ਕਰਾਰ[30] ਪਾਲਣ ਵਾਲੇ ਹਨ ।

ਐਸਾ[31] ਪ੍ਰਭੁ ਮਿਲਿਆ ਸੁਖਦਾਤਾ[32] ਵਿਛੁੜਿ[33] ਨ ਕਤਹੀ[34] ਜਾਸਾ[35] ਹੇ ॥੧੪॥	I have met with such[31] Peace-giving[32] Lord, who forsaking[33] me goes[35] not anywhere[34].	ਮੈਂ ਐਹੋ ਜੇਹੇ[31] ਸੁਖ ਆਰਾਮ-ਬਖਸ਼ਣਹਾਰ[32] ਸੁਆਮੀ ਨੂੰ ਮਿਲ ਪਿਆ ਹਾਂ ਜੋ ਮੈਨੂੰ ਛੱਡ ਕੇ[33] ਹੋਰ ਕਿਧਰੇ[34] ਨਹੀਂ ਜਾਂਦਾ[35] ।
ਗੁਣ[37] ਨਿਧਾਨ[36] ਕਿਛੁ ਕੀਮ[38] ਨ ਪਾਈ ॥	The Lord is the Treasure[36] of virtues[37]. No worth[38] of His can be appraised	ਪ੍ਰਭੂ, ਨੇਕੀਆਂ[37] ਦਾ ਖ਼ਜ਼ਾਨਾ[36] ਹੈ । ਉਸ ਦਾ ਕੁਝ ਭੀ ਮੁਲ[38] ਪਾਇਆ ਨਹੀਂ ਜਾ ਸਕਦਾ ।
ਘਟਿ ਘਟਿ[39] ਪੂਰਿ[40] ਰਹਿਓ ਸਭ ਠਾਈ[41] ॥	He is fully filling[40] all the hearts[39] and all the places[41].	ਉਹ ਸਾਰਿਆਂ ਦਿਲਾਂ[39] ਅਤੇ ਸਾਰੀਆਂ ਥਾਵਾਂ[41] ਨੂੰ ਪਰੀਪੂਰਨ[40] ਕਰ ਰਿਹਾ ਹੈ ।
ਨਾਨਕ ਸਰਣਿ[42] ਦੀਨ[43] ਦੁਖ[44] ਭੰਜਨ[45] ਹਉ[46] ਰੇਣ[47] ਤੇਰੇ ਜੋ ਦਾਸਾ[48] ਹੇ ॥ ੧੫॥੧॥੨॥	Nanak seek the refuse[42] of Him, who is the Destroyer[45] of the sorrow[44] of the poor[43]. O Lord I[46] am the dust[47] of the feet of Thine slaves[48].	ਨਾਨਕ ਉਸ ਦੀ ਪਨਾਹ[42] ਲੋੜਦਾ ਹੈ ਜੋ ਗ਼ਰੀਬਾਂ[43] ਦੇ ਦੁਖੜੇ[44] ਨਾਸ ਕਰਨਹਾਰ[45] ਹੈ । ਹੇ ਸੁਆਮੀ ! ਮੈਂ[46] ਤੇਰੇ ਗੋਲਿਆਂ[48] ਦੇ ਚਰਨਾਂ ਦੀ ਧੂੜ[47] ਹਾਂ ।

ਮਾਰੂ ਸੋਲਹੇ ਮਹਲਾ ੫	Maru Solhas 5th Guru	ਮਾਰੂ ਸੋਲਹੇ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਕਰੈ ਅਨੰਦੁ[49] ਅਨੰਦੀ[50] ਮੇਰਾ ॥	My Blissful Lord[50] makes merry[49].	ਮੇਰਾ ਖ਼ੁਸ਼ਬਾਸ਼ ਮਾਲਕ[50] ਮੌਜਾਂ ਮਾਣਦਾ[49] ਹੈ ।
ਘਟਿ ਘਟਿ[51] ਪੂਰਨੁ[52] ਸਿਰ ਸਿਰਹਿ[53] ਨਿਬੇਰਾ[54] ॥	He is filling[52] all the hearts[51] and adjudges[54] every one[53] according to his deeds.	ਉਹ ਸਾਰਿਆਂ ਦਿਲਾਂ[51] ਨੂੰ ਭਰ ਰਿਹਾ[52] ਹੈ ਅਤੇ ਉਸ ਦੇ ਕਰਮਾਂ ਅਨੁਸਾਰ ਹਰ ਇਕਸ[53] ਦਾ ਫ਼ੈਸਲਾ ਕਰਦਾ[54] ਹੈ ।
ਸਿਰਿ[54*] ਸਾਹਾ[55] ਕੈ ਸਚਾ ਸਾਹਿਬੁ[56] ਅਵਰੁ ਨਾਹੀ ਕੋ ਦੂਜਾ ਹੇ ॥੧॥	The True Lord[56] is over the head[54*] of all the kings[55]. Without Him, there is not another.	ਸਾਰਿਆਂ ਪਾਤਸ਼ਾਹਾਂ[55] ਦੇ ਸੀਸ[54*] ਉਤੇ ਸੱਚਾ ਸੁਆਮੀ[56] ਹੈ । ਉਸ ਦੇ ਬਗੈਰ ਹੋਰ ਕੋਈ ਹੈ ਹੀ ਨਹੀਂ ।
ਹਰਖਵੰਤ[57] ਆਨੰਤ[58] ਦਇਆਲਾ[59] ॥	He is joyful[57] and infinitely[58] compassionate[59].	ਉਹ ਪ੍ਰਸੰਨ[57] ਅਤੇ ਬੇਅੰਤ[58] ਮਿਹਰਵਾਨ[59] ਹੈ ।
ਪ੍ਰਗਟਿ[60] ਰਹਿਓ ਪ੍ਰਭੁ ਸਰਬ[61] ਉਜਾਲਾ[62] ॥	The Lord's Light[62] is manifest[60] all over[61].	ਸਾਹਿਬ ਦਾ ਪ੍ਰਕਾਸ਼[62] ਸਾਰੇ[61] ਹੀ ਪ੍ਰਤੱਖ[60] ਹੈ ।
ਰੂਪ[63] ਕਰੇ[64] ਕਰਿ ਵੇਖੈ[67] ਵਿਗਸੈ[65] ਆਪੇ ਹੀ ਆਪਿ ਪੂਜਾ[66] ਹੇ ॥੨॥	He creates[64] forms[63] and creating enjoys[65] their sight[67]. Himself He worships[66] Himself.	ਉਹ ਸਰੂਪ[63] ਰਚਦਾ[64] ਹੈ ਅਤੇ ਰੱਚ ਕੇ ਉਸ ਨੂੰ ਦੇਖ[67] ਪ੍ਰਸੰਨ ਹੁੰਦਾ[65] ਹੈ । ਖ਼ੁਦ ਹੀ ਉਹ ਆਪਣੇ ਆਪ ਦੀ ਉਪਾਸ਼ਨਾ ਕਰਦਾ[66] ਹੈ ।
ਆਪੇ ਕੁਦਰਤਿ[67*] ਕਰੇ ਵੀਚਾਰਾ[68] ॥	He Himself creates nature[67*] and gives thought to it.	ਉਹ ਆਪ ਹੀ ਰੱਬੀ ਬੰਧਾਨ[67*] ਨੂੰ ਰਚਦਾ ਤੇ ਇਸ ਵਲ ਧਿਆਨ[68] ਦਿੰਦਾ ਹੈ ।

ਆਪੇ ਹੀ ਸਚੁ[69] ਕਰੇ ਪਸਾਰਾ[70] ॥	He, the True Lord[69] Himself creates the universe[70].	ਸੱਚਾ ਸੁਆਮੀ[69] ਖੁਦ ਹੀ ਸ੍ਰਿਸ਼ਟੀ[70] ਨੂੰ ਰਚਦਾ ਹੈ ।
ਆਪੇ ਖੇਲ[71] ਖਿਲਾਵੈ ਦਿਨੁ ਰਾਤੀ ਆਪੇ ਸੁਣਿ[72] ਸੁਣਿ ਭੀਜਾ[73] ਹੇ ॥੩॥	He Himself makes men play the game[71] day and night and Himself rejoices[73] by listening[72] to and hearing His praise.	ਉਹ ਬੰਦਿਆਂ ਨੂੰ ਦਿਨ ਰਾਤ ਖੇਡ[71] ਖਿਡਾਉਂਦਾ ਹੈ ਅਤੇ ਆਪ ਹੀ ਆਪਣੇ ਜੱਸ ਨੂੰ ਸ੍ਰਵਣ[72] ਕਰ ਅਤੇ ਸੁਣ ਕੇ ਪ੍ਰਸੰਨ[73] ਹੁੰਦਾ ਹੈ ।
ਸਾਚਾ ਤਖਤੁ[74] ਸਚੀ ਪਾਤਿਸਾਹੀ[75] ॥	True is His throne[74] and true His sovereignty[75].	ਸੱਚਾ ਹੈ ਉਸ ਦਾ ਰਾਜਸਿੰਘਾਸਣ[74] ਅਤੇ ਸੱਚਾ ਉਸ ਦਾ ਰਾਜਭਾਗ[75] ।
ਸਚੁ ਖਜੀਨਾ[76] ਸਾਚਾ ਸਾਹੀ[77] ॥	True is the treasure[76] of the true Banker[77].	ਸੱਚਾ ਹੈ ਖ਼ਜ਼ਾਨਾ[76] ਸੱਚੇ ਸ਼ਾਹੂਕਾਰ[77] ਦਾ ।
ਆਪੇ ਸਚੁ ਧਾਰਿਓ[78] ਸਭੁ ਸਾਚਾ ਸਚੇ[79] ਸਚਿ[80] ਵਰਤੀਜਾ[81] ਹੇ ॥੪॥	God Himself is true and all true is what He has established[78]. The true order[80] of the True One[79] prevails[81] everywhere.	ਵਾਹਿਗੁਰੂ ਸੱਚਾ ਹੈ ਅਤੇ ਸਮੂਹ ਸੱਚਾ ਹੈ ਜੋ ਉਸ ਨੇ ਥਾਪਿਆ[78] ਹੈ । ਸਤਿਪੁਰਖ[79] ਦਾ ਸੱਚਾ ਹੁਕਮ[80] ਸਾਰੇ ਪ੍ਰਵਿਰਤ[81] ਹੋ ਰਿਹਾ ਹੈ ।
੧੦੭੪		
ਸਚੁ ਤਪਾਵਸੁ[82] ਸਚੇ ਕੇਰਾ[83] ॥	True is the justice[82] of[83] the True Lord.	ਸੱਚਾ ਹੈ ਇਨਸਾਫ਼[82] ਸੱਚੇ ਸੁਆਮੀ ਦਾ[83] ।
ਸਾਚਾ ਥਾਨੁ[84] ਸਦਾ[85] ਪ੍ਰਭ ਤੇਰਾ ॥	Ever[85] true is Thy abode[84], O my Lord.	ਸਦੀਵੀ[85] ਸੱਚਾ ਹੈ ਤੇਰਾ ਨਿਵਾਸ ਅਸਥਾਨ[84], ਹੇ ਮੇਰੇ ਸੁਆਮੀ !
ਸਚੀ ਕੁਦਰਤਿ[86] ਸਚੀ ਬਾਣੀ[87] ਸਚੁ[88] ਸਾਹਿਬ[89] ਸੁਖੁ[90] ਕੀਜਾ[91] ਹੇ ॥੫॥	True is Thy Omnipotence[86], true Thine Gurbani[87] and true[88] the bliss[90], Thou givest[91], O Lord[89].	ਸੱਚੀ ਹੈ ਤੇਰੀ ਅਪਾਰ ਸ਼ਕਤੀ[86], ਸੱਚੀ ਤੇਰੀ ਗੁਰਬਾਣੀ[87] ਅਤੇ ਸੱਚੀ[88] ਹੈ ਖ਼ੁਸ਼ੀ[90] ਜੋ ਤੂੰ ਦਿੰਦਾ[91] ਹੈਂ, ਹੇ ਸੁਆਮੀ[89] !
ਏਕੋ[92] ਆਪਿ ਤੂਹੈ ਵਡ[93] ਰਾਜਾ[94] ॥	Thou alone[92] art the great[93] King[94].	ਕੇਵਲ[92] ਤੂੰ ਹੀ ਵਿਸ਼ਾਲ[93] ਪਾਤਿਸ਼ਾਹ[94] ਹੈਂ ।
ਹੁਕਮਿ[95] ਸਚੇ ਕੈ ਪੂਰੇ[96] ਕਾਜਾ[97] ॥	By Thy command[95], O True Lord, the affairs[97] are fulfilled[96].	ਤੇਰੇ ਫ਼ੁਰਮਾਨ[95] ਦੁਆਰਾ, ਹੇ ਸੱਚੇ ਸਾਂਈਂ, ਕਾਰਜ[97] ਸੰਪੂਰਨ ਹੋ ਜਾਂਦੇ[96] ਹਨ ।
ਅੰਤਰਿ ਬਾਹਰਿ ਸਭੁ ਕਿਛੁ[98] ਜਾਣੈ ਆਪੇ ਹੀ ਆਪਿ ਪਤੀਜਾ[99] ਹੇ ॥੬॥	Within and without, Thou knowest everything[98], O Lord and Thou Thyself art pleased[99] with Thyself.	ਅੰਦਰ ਤੇ ਬਾਹਰ ਤੂੰ ਸਭ ਕੁਝ[98] ਜਾਣਦਾ ਹੈਂ, ਹੇ ਸੁਆਮੀ ! ਅਤੇ ਤੂੰ ਆਪ ਹੀ ਆਪਣੇ ਨਾਲ ਪ੍ਰਸੰਨ[99] ਹੈਂ ।
ਤੂ ਵਡ[100] ਰਸੀਆ[2] ਤੂ ਵਡ ਭੋਗੀ[3] ॥	Thou art the great[100] Reveller[2] and Thou the great Enjoyer[3].	ਤੂੰ ਭਾਰਾ[100] ਰੰਗਰਲੀਆਂ ਮਾਣਨ ਵਾਲਾ[2] ਹੈਂ ਅਤੇ ਤੂੰ ਹੀ ਭਾਰਾ ਅਨੰਦ ਭੋਗਣ ਵਾਲਾ[3] ।
ਤੂ ਨਿਰਬਾਣੁ[4] ਤੂਹੈ ਹੀ ਜੋਗੀ[5] ॥	Tho art detached[4] and Thou art united[5].	ਤੂੰ ਨਿਰਲੇਪ[4] ਹੈਂ ਤੇ ਤੂੰ ਹੀ ਜੁੜਿਆ ਹੋਇਆ[5] ਹੈਂ ।
ਸਰਬ[7] ਸੂਖ ਸਹਜ ਘਰਿ[6]	All[7] the celestial comforts[6] are in Thy	ਸਾਰੇ[7] ਬੈਕੁੰਠੀ ਆਰਾਮ[6] ਤੇਰੇ ਘਰ ਵਿਚ ਹਨ ਅਤੇ

ਤੇਰੈ ਅਮਿਉ[8] ਤੇਰੀ ਦ੍ਰਿਸਟੀਜਾ[9] ਹੇ ॥੭॥	Home and Thine gracious glance[9] sheds Nectar[8].	ਤੇਰੀ ਮਿਹਰ ਦੀ ਨਜ਼ਰ[9] ਅੰਮ੍ਰਿਤ[8] ਵਰਸਾਉਂਦੀ ਹੈ ।
ਤੇਰੀ ਦਾਤਿ[10] ਤੁਝੈ ਤੇ[13] ਹੋਵੈ[12] ॥	Thou alone[13] givest[12] Thine gifts[10].	ਕੇਵਲ[13] ਤੂੰ ਹੀ ਆਪਣੀਆਂ ਬਖ਼ਸ਼ੀਸ਼ਾਂ[10] ਬਖ਼ਸ਼ਦਾ ਹੈਂ ।
ਦੇਹਿ[14] ਦਾਨੁ[15] ਸਭਸੈ[16] ਜੰਤ[17] ਲੋਅੈ[18] ॥	Thou blesseth[14] with Thine bounties[15] all[16] the beings[17] of the world[18].	ਤੈਂ ਸੰਸਾਰ[18] ਦੇ ਸਮੂਹ[16] ਜੀਵਾਂ[17] ਨੂੰ ਆਪਣੀਆਂ ਦਾਤਾਂ[15] ਦਿੰਦਾ[14] ਹੈਂ ।
ਤੋਟਿ[19] ਨ ਆਵੈ ਪੂਰ[20] ਭੰਡਾਰੈ[21] ਤ੍ਰਿਪਤਿ[22] ਰਹੇ ਆਘੀਜਾ[23] ਹੇ ॥੮॥	They remain sated[22] and satiated[23] and Thine brimful[20] treasures[21] exhaust[19] not.	ਉਹ ਰੱਜੇ[22] ਅਤੇ ਧ੍ਰਾਪੇ ਰਹਿੰਦੇ[23] ਹਨ ਅਤੇ ਤੇਰੇ ਪਰੀਪੂਰਨ[20] ਖ਼ਜ਼ਾਨੇ[21] ਮੁਕਦੇ[19] ਨਹੀਂ ।
ਜਾਚਹਿ[24] ਸਿਧ[25] ਸਾਧਿਕ[26] ਬਨਵਾਸੀ[27] ॥	The adepts[25], strivers[26] and forest-dwellers[27] beg[24] alms from Thee.	ਪੂਰਨ ਪੁਰਸ਼[25], ਅਭਿਆਸੀ[26] ਅਤੇ ਜੰਗਲਾਂ ਵਿਚ ਵੱਸਣ ਵਾਲੇ[27] ਤੇਰੇ ਕੋਲੋਂ ਖੈਰ ਮੰਗਦੇ[24] ਹਨ ।
ਜਾਚਹਿ ਜਤੀ[28] ਸਤੀ[29] ਸੁਖਵਾਸੀ[30] ॥	The men of continence[28], chaste persons[29] and they who abide in peace[30] beg alms from Thee.	ਪ੍ਰਹੇਜ਼ਗਾਰ ਬੰਦੇ[28], ਪਵਿੱਤ੍ਰ ਪੁਰਸ਼[29] ਅਤੇ ਆਰਾਮ ਅੰਦਰ ਵਸਣ ਵਾਲੇ[30] ਤੇਰੇ ਕੋਲੋਂ ਖੈਰ ਮੰਗਦੇ ਹਨ ।
ਇਕੁ[31] ਦਾਤਾਰੁ[32] ਸਗਲ[33] ਹੈ ਜਾਚਿਕ[34] ਦੇਹਿ[35] ਦਾਨੁ[36] ਸ੍ਰਿਸਟੀਜਾ[37] ਹੇ ॥੯॥	Thou alone[31] art the Giver[32] and all[33] others are Thine mumpers[34]. My Master, Thou blesseth[35] the whole world[37] with Thine bounties[36].	ਕੇਵਲ[31] ਤੂੰ ਹੀ ਦਾਤਾ[32] ਹੈਂ ਅਤੇ ਹੋਰ ਸਾਰੇ[33] ਤੇਰੇ ਮੰਗਤੇ[34] ਹਨ । ਮੇਰੇ ਮਾਲਕ ਤੂੰ ਸਾਰੇ ਸੰਸਾਰ[37] ਨੂੰ ਦਾਤਾਂ[36] ਬਖ਼ਸ਼ਦਾ[35] ਹੈਂ ।
ਕਰਹਿ ਭਗਤਿ[38] ਅਰੁ[39] ਰੰਗ[40] ਅਪਾਰਾ[41] ॥	The saints meditate[38] on Thee and[39] bear Thee Infinite[41] Love[40].	ਸੰਤ ਤੈਨੂੰ ਆਰਾਧਦੇ[38] ਅਤੇ[39] ਬੇਅੰਤ[41] ਪਿਆਰ[40] ਕਰਦੇ ਹਨ ।
ਖਿਨ[42] ਮਹਿ[43] ਥਾਪਿ[44] ਉਥਾਪਨਹਾਰਾ[45] ॥	Thou createst[44] and destroyest[45] in[43] an instant[42].	ਤੂੰ ਇੱਕ ਮੁਹਤ[42] ਵਿੱਚ[43] ਰਚਦਾ[44] ਅਤੇ ਨਾਸ ਕਰ ਦਿੰਦਾ[45] ਹੈਂ ।
ਭਾਰੋ[46] ਤੋਲੁ[47] ਬੇਅੰਤ[48] ਸੁਆਮੀ ਹੁਕਮੁ[49] ਮੰਨਿ[50] ਭਗਤੀਜਾ[51] ਹੇ ॥੧੦॥	Great[46] is the weight[47] of Thy meditation, O my Infinite[48] Lord. Thine saints[51] submit[50] to Thy will[49].	ਬਹੁਤਾ[46] ਹੈ ਵਜ਼ਨ[47] ਤੇਰੀ ਬੰਦਗੀ ਦਾ, ਹੇ ਅਨੰਤ[48] ਪ੍ਰਭੂ ! ਤੇਰੇ ਸਾਧੂ[51] ਤੇਰੀ ਰਜ਼ਾ[48] ਨੂੰ ਸਵੀਕਾਰ[50] ਕਰਦੇ ਹਨ ।
ਜਿਸੁ ਦੇਹਿ[52] ਦਰਸੁ[54] ਸੋਈ[55] ਤੁਧੁ ਜਾਣੈ[56] ॥	He[55] alone realise[56] Thee, whom Thou blesseth[52] with Thine vision[54].	ਕੇਵਲ ਉਹ[55] ਹੀ ਤੈਨੂੰ ਅਨੁਭਵ ਕਰਦਾ[56] ਹੈ ਜਿਸ ਨੂੰ ਤੂੰ ਆਪਣਾ ਦਰਸ਼ਨ[54] ਦਿੰਦਾ[52] ਹੈਂ ।
ਓਹੁ ਗੁਰ ਕੈ ਸਬਦਿ[57] ਸਦਾ ਰੰਗ[58] ਮਾਣੈ[59] ॥	Through the Guru's instruction[57], he ever enjoys[59] Thy love[58].	ਗੁਰਾਂ ਦੇ ਉਪਦੇਸ਼[57] ਰਾਹੀਂ ਉਹ ਹਮੇਸ਼ਾ ਹੀ ਤੇਰੀ ਪ੍ਰੀਤ[58] ਦਾ ਅਨੰਦ ਲੈਂਦਾ[59] ਹੈ ।
ਚਤੁਰੁ[60] ਸਰੂਪੁ[61] ਸਿਆਣਾ[62] ਸੋਈ ਜੋ ਮਨਿ ਤੇਰੈ ਭਾਵੀਜਾ[63] ਹੇ ॥੧੧॥	He alone is clever[60], handsome[61] and wise[62], who is pleasing[63] to Thy mind, O Lord.	ਕੇਵਲ ਉਹ ਹੀ ਹੁਸ਼ਿਆਰ[60], ਸੁੰਦਰ[61] ਅਤੇ ਦਾਨਾ[62] ਹੈ, ਜਿਹੜਾ ਤੇਰੇ ਚਿੱਤ ਨੂੰ ਚੰਗਾ ਲਗਦਾ[63] ਹੈ, ਹੇ ਪ੍ਰਭੂ !
ਜਿਸੁ ਚੀਤਿ[64] ਆਵਹਿ ਸੋ ਵੇਪਰਵਾਹਾ[65] ॥	He, who remembers[64] Thee, becomes care-free[65].	ਜੋ ਤੈਨੂੰ ਚੇਤੇ ਕਰਦਾ[64] ਹੈ, ਉਹ ਬੇਮੁਹਤਾਜ[65] ਥੀ ਵੰਞਦਾ ਹੈ ।

ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ[66] ॥	He, who remembers Thee is the true king[66].	ਜੋ ਤੈਨੂੰ ਚੇਤੇ ਕਰਦਾ ਹੈ, ਉਹ ਹੀ ਸੱਚਾ ਪਾਤਿਸ਼ਾਹ[66] ਹੈ ।
ਜਿਸੁ ਚੀਤਿ[67] ਆਵਹਿ[68] ਤਿਸੁ[69] ਭਉ[70] ਕੇਹਾ[71] ਅਵਰੁ[72] ਕਹਾ[73] ਕਿਛੁ[74] ਕੀਜਾ[75] ਹੇ ॥੧੨॥	What[71] sort of fear[70] can he[69] have, who cherishes[68] Thee in his mind[67] and[72] what[73] else[74] need he do[75] to please Thee, O Lord ?	ਉਸ[69] ਨੂੰ ਕਿਸ[71] ਕਿਸਮ ਦਾ ਡਰ[70] ਹੋ ਸਕਦਾ ਹੈ, ਜੋ ਤੈਨੂੰ ਆਪਣੇ ਮਨ[67] ਵਿਚ ਧਾਰਦਾ[68] ਹੈ ਅਤੇ[72] ਤੈਨੂੰ ਖੁਸ਼ ਕਰਨ ਲਈ ਉਸ ਨੂੰ ਹੋਰ[74] ਕੀ[73] ਕਰਨ[75] ਦੀ ਲੋੜ ਹੈ ?
ਤ੍ਰਿਸਨਾ[76] ਬੂਝੀ[77] ਅੰਤਰੁ[78] ਠੰਢਾ[79] ॥	My desire[76] is stilled[77] and my mind[78] is cooled[79].	ਮੇਰੀ ਖ਼ਾਹਿਸ਼[76] ਮਿੱਟ ਗਈ[77] ਹੈ ਤੇ ਮੇਰਾ ਮਨ[78] ਸੀਤਲ[79] ਥੀ ਗਿਆ ਹੈ ।
ਗੁਰਿ ਪੂਰੇ[80] ਲੈ ਤੂਟਾ[81] ਗਢਾ[82] ॥	The Perfect[80] Guru has united[92] me, the separated[81] one with the Lord.	ਪੂਰਨ[80] ਗੁਰਾਂ ਨੇ, ਮੈਂ, ਵਿਛੁੜੇ ਹੋਏ[81] ਨੂੰ, ਸੁਆਮੀ ਨਾਲ ਮਿਲਾ ਦਿੱਤਾ[82] ਹੈ ।
ਸੁਰਤਿ[83] ਸਬਦੁ[84] ਰਿਦ[85] ਅੰਤਰਿ[86] ਜਾਗੀ[87] ਅਮਿਉ[88] ਝੋਲਿ ਝੋਲਿ[89] ਪੀਜਾ[90] ਹੇ ॥ ੧੩॥	The Lord's[84] meditation[83] has awaked[87] within[86] my mind[85] and brushing aside[89] the sin, I in-drink[90] the Name-Nectar[88].	ਸੁਆਮੀ[84] ਦਾ ਸਿਮਰਨ[83] ਮੇਰੇ ਮਨ[85] ਅੰਦਰ[86] ਜਾਗ ਪਿਆ[87] ਹੈ ਅਤੇ ਪਾਪ ਨੂੰ ਪਰੇ[89] ਹਟਾ, ਮੈਂ ਨਾਮ-ਅੰਮ੍ਰਿਤ[88] ਨੂੰ ਪਾਨ ਕਰਦਾ[90] ਹਾਂ ।
ਮਰੈ ਨਾਹੀ ਸਦ ਸਦ[91] ਹੀ ਜੀਵੈ[92] ॥	I shall die not and shall live[92] for ever and aye[91].	ਮੈਂ ਮਰਾਂਗਾ ਨਹੀਂ ਅਤੇ ਹਮੇਸ਼ਾ ਹਮੇਸ਼ਾ[91] ਲਈ ਜੀਉਂਦਾ ਰਹਾਂਗਾ[92] ।
ਅਮਰੁ[93] ਭਇਆ[94] ਅਬਿਨਾਸੀ[95] ਥੀਵੈ[96] ॥	I have become[94] eternal[93] and am rendered[96] imperishable[95].	ਮੈਂ ਸਦੀਵੀ ਸਥਿਰ[93] ਬਣ[94] ਅਤੇ ਨਾਸ-ਰਹਿਤ[95] ਹੋ ਗਿਆ[96] ਹਾਂ ।
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ[97] ਕੀਆ ਭਰਮੀਜਾ[98] ਹੇ ॥੧੪॥	I shall now neither come nor go. The Guru has dispelled[97] my doubt[98].	ਮੈਂ ਹੁਣ ਨਾ ਆਵਾਂਗਾ, ਨਾ ਹੀ ਜਾਵਾਂਗਾ । ਗੁਰਾਂ ਨੇ ਮੇਰਾ ਸੰਸਾ[98] ਨਵਿਰਤ ਕਰ ਦਿੱਤਾ[97] ਹੈ ।
ਪੂਰੇ[99] ਗੁਰ ਕੀ ਪੂਰੀ ਬਾਣੀ[100] ॥	Perfect is the word[100] of the Perfect[99] Guru.	ਪੂਰਨ[99] ਗੁਰਦੇਵ ਬਾਣੀ[100] ਪੂਰਨ[99] ਹੈ ।
ਪੂਰੈ[2] ਲਾਗਾ[3] ਪੂਰੇ ਮਾਹਿ[4] ਸਮਾਣੀ[5] ॥	He who is attached[3] to the Perfect[2] Lord, merges[5] in[4] the Perfect one.	ਜੋ ਪੂਰਨ[2] ਪ੍ਰਭੂ ਨਾਲ ਜੁੜਿਆ ਹੋਇਆ[3] ਹੈ, ਉਹ ਪੂਰਨ ਪੁਰਖ ਅੰਦਰ[4] ਹੀ ਲੀਨ ਹੋ ਜਾਂਦਾ[5] ਹੈ ।
ਚੜੈ ਸਵਾਇਆ[6] ਨਿਤ[7] ਨਿਤ ਰੰਗਾ[8] ਘਟੈ[9] ਨਾਹੀ ਤੋਲੀਜਾ[10] ਹੇ ॥੧੫॥	His love[8] increases[6] day by day[7] and where it is weighed, it weighs[10] not less[9].	ਉਸ ਦੀ ਪ੍ਰੀਤ[8] ਰੋਜ਼-ਬ-ਰੋਜ਼[7] ਵਧਦੀ ਜਾਂਦੀ[6] ਹੈ ਅਤੇ ਜਿੱਥੇ ਇਹ ਤੋਲੀ ਜਾਂਦੀ ਹੈ, ਇਸ ਦਾ ਵਜ਼ਨ[10] ਘਟ[9] ਨਹੀਂ ਨਿਕਲਦਾ ।
ਬਾਰਹਾ[12] ਕੰਚਨੁ[13] ਸੁਧੁ[14] ਕਰਾਇਆ ॥ ਨਦਰਿ[15] ਸਰਾਫ[16] ਵੰਨੀ[17] ਸਚੜਾਇਆ[18] ॥	When gold[13] is rendered cent-percent[12] pure[14] its colour[17] appeals[18] to the jeweller's[16] eye[15].	ਜਦ ਸੋਨਾ[13] ਸੌ ਫੀ ਸਦੀ[12] ਪਵਿੱਤ੍ਰ[14] ਥੀ ਵੰਝਦਾ ਹੈ ਤਾਂ ਇਸ ਦਾ ਰੰਗ[17] ਜੌਹਰੀ[16] ਦੀ ਅੱਖ[15] ਨੂੰ ਭਾਅ ਜਾਂਦਾ[18] ਹੈ ।
ਪਰਖਿ[19] ਖਜਾਨੈ ਪਾਇਆ ਸਰਾਫੀ[21] ਫਿਰਿ[22] ਨਾਹੀ ਤਾਈਜਾ[23] ਹੇ ॥੧੬॥	Assaying[19] it, it is consigned to the treasury by God, the jeweller[21], and it is not heated[23] again[22].	ਇਸ ਦੀ ਛਾਨਬੀਨ ਕਰ[19], ਪ੍ਰਭੂ-ਜਵੈਹਰੀ[21] ਇਸ ਨੂੰ ਖ਼ਜ਼ਾਨੇ ਵਿਚ ਪਾ ਦਿੰਦਾ ਹੈ ਅਤੇ ਇਹ ਮੁੜ ਕੇ[22] ਤਪਾਇਆ[23] ਨਹੀਂ ਜਾਂਦਾ ।

ਅੰਮ੍ਰਿਤ[24] ਨਾਮੁ ਤੁਮਾਰਾ ਸੁਆਮੀ ॥	Nectar[24]-sweet is Thine Name, O my Master.	ਸੁਧਾਰਸ[24] ਵਰਗਾ ਮਿੱਠੜਾ ਹੈ ਤੇਰਾ ਨਾਮ, ਹੇ ਮੇਰੇ ਮਾਲਕ !
ਨਾਨਕ ਦਾਸ[25] ਸਦਾ ਕੁਰਬਾਨੀ[26] ॥	Nanak, Thy slave[25] is ever a sacrifice[26] unto Thee.	ਤੇਰਾ ਗੋਲਾ[25], ਨਾਨਕ ਤੇਰੇ ਉੱਤੋਂ ਹਮੇਸ਼ਾ ਹੀ ਘੋਲੀ[26] ਵੰਞਦਾ ਹੈ ।
ਸੰਤਸੰਗਿ ਮਹਾ[27] ਸੁਖੁ[31] ਪਾਇਆ ਦੇਖਿ ਦਰਸਨੁ[28] ਇਹੁ ਮਨੁ[29] ਭੀਜਾ[30] ਹੇ ॥ ੧੭॥੧॥੩॥	Associating with the saints, I have obtained supreme[27] bliss[31] and seeing the Lord's vision[28], this soul[29] is pleased[30].	ਸਾਧ ਸੰਗਤ ਨਾਲ ਜੁੜ ਮੈਨੂੰ ਪਰਮ[27] ਖ਼ੁਸ਼ੀ[31] ਪ੍ਰਾਪਤ ਹੋ ਗਈ ਹੈ ਤੇ ਪ੍ਰਭੂ ਦਾ ਦੀਦਾਰ[28] ਵੇਖ ਕੇ ਇਹ ਆਤਮਾ[29] ਪ੍ਰਸੰਨ ਥੀ ਗਈ[30] ਹੈ ।
ਮਾਰੂ ਮਹਲਾ ੫ ਸੋਲਹੇ	Maru 5th Guru. Solhas	ਮਾਰੂ ਪੰਜਵੀਂ ਪਾਤਿਸ਼ਾਹੀ ਸੋਲਹੇ
੧ ੴ ਸਤਿਗੁਰ ਪ੍ਰਸਾਦਿ ॥	There is but One God. By the true Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਗੁਰੁ [32]ਗੋਪਾਲੁ[33] ਗੁਰੁ ਗੋਵਿੰਦਾ[34] ॥	The Guru is the Cherisher[33] of the world[32] and the Guru is the Master[34] of the universe.	ਗੁਰੂ ਜੀ ਜਗਤ[32] ਦੇ ਪਾਲਣ-ਪੋਸਣਹਾਰ[33] ਅਤੇ ਗੁਰੂ ਜੀ ਹੀ ਆਲਮ ਦੇ ਮਾਲਕ[34] ਹਨ ।
ਗੁਰੁ ਦਇਆਲੁ[35] ਸਦਾ ਬਖਸਿੰਦਾ[36] ॥	The Guru is the compassionate[35] and ever forgiving[36].	ਗੁਰੂ ਜੀ ਮਿਹਰਬਾਨ[35] ਅਤੇ ਹਮੇਸ਼ਾ ਮਾਫ਼ੀ ਦੇਣਹਾਰ[36] ਹਨ ।
ਗੁਰੁ ਸਾਸਤ ਸਿਮ੍ਰਿਤ ਖਟੁ[37] ਕਰਮਾ[38] ਗੁਰੁ ਪਵਿਤ੍ਰੁ[39] ਅਸਥਾਨਾ[40] ਹੇ ॥੧॥	The Guru is my Shashtras, Simirtis and the six[37] rituals[38] and the Guru is my holy[39] place[40].	ਗੁਰੂ ਜੀ ਹੀ ਮੇਰੇ ਸ਼ਾਸਤ੍ਰ, ਸਿਮ੍ਰਤੀਆਂ ਤੇ ਛੇ[37] ਕਰਮ-ਕਾਂਡ[38] ਹਨ ਅਤੇ ਗੁਰੂ ਜੀ ਹੀ ਮੇਰਾ ਪਾਵਨ ਪੁਨੀਤ[39] ਟਿਕਾਣਾ[40] ਹਨ ।
ਗੁਰੁ ਸਿਮਰਤ[41] ਸਭਿ ਕਿਲਵਿਖ[42] ਨਾਸਹਿ[43] ॥ ਗੁਰੁ ਸਿਮਰਤ ਜਮ[44] ਸੰਗਿ ਨ ਫਾਸਹਿ[45] ॥	Remembering[41] the Guru, all the sins[42] are effaced[43] and remembering the Guru, one is entangled[45] not in Death's[44] noose.	ਗੁਰਾਂ ਦਾ ਆਰਾਧਨ ਕਰਨ ਦੁਆਰਾ[41], ਸਾਰੇ ਪਾਪ[42] ਮਿਟ ਜਾਂਦੇ[43] ਹਨ ਤੇ ਗੁਰਾਂ ਦਾ ਆਰਾਧਨ ਕਰਨ ਦੁਆਰਾ ਬੰਦਾ ਮੌਤ[44] ਦੀ ਫਾਹੀ ਵਿਚ ਨਹੀਂ ਫਸਦਾ[45] ।
੧੦੭੫		
ਗੁਰੁ ਸਿਮਰਤ ਮਨੁ ਨਿਰਮਲੁ[46] ਹੋਵੈ ਗੁਰੁ ਕਾਟੇ[47] ਅਪਮਾਨਾ[48] ਹੇ ॥੨॥	Contemplating the Guru, the mind becomes immaculate[46] and the Guru rids[47] one of disgrace[48].	ਗੁਰਾਂ ਦਾ ਚਿੰਤਨ ਕਰਨ ਦੁਆਰਾ, ਅੰਤਸ਼ਕਰਨ ਪਵਿੱਤ੍ਰ[46] ਹੋ ਜਾਂਦਾ ਹੈ ਅਤੇ ਗੁਰਦੇਵ ਜੀ ਬੰਦੇ ਨੂੰ ਬੇਇੱਜ਼ਤੀ[48] ਤੋਂ ਬਚਾ ਲੈਂਦੇ[47] ਹਨ ।
ਗੁਰ ਕਾ ਸੇਵਕੁ[49] ਨਰਕਿ[50] ਨ ਜਾਏ[51] ॥	The Guru's serf[49] falls not into hell[50].	ਗੁਰਾਂ ਦਾ ਨਫ਼ਰ[49] ਦੋਜ਼ਕ[50] ਵਿਚ ਨਹੀਂ ਪੈਂਦਾ[51] ।
ਗੁਰ ਕਾ ਸੇਵਕੁ ਪਾਰਬ੍ਰਹਮੁ[52] ਧਿਆਏ[53] ॥	The serf of the Guru, meditates[53] on the Transcendent Lord[52].	ਗੁਰਾਂ ਦਾ ਗੁਮਾਸ਼ਤਾ ਪਰਮ ਪ੍ਰਭੂ[52] ਦਾ ਸਿਮਰਨ[53] ਕਰਦਾ ਹੈ ।
ਗੁਰ ਕਾ ਸੇਵਕੁ ਸਾਧਸੰਗੁ	The slave of the Guru meets[54] the	ਗੁਰਾਂ ਦਾ ਗੋਲਾ ਸਤਿਸੰਗਤ ਨੂੰ ਪ੍ਰਾਪਤ ਹੁੰਦਾ[54] ਹੈ

ਪਾਏ[54] ਗੁਰੁ ਕਰਦਾ[55] ਨਿਤ[56] ਜੀਅ[57] ਦਾਨਾ[58] ਹੇ ॥੩॥	society of the saints and the Guru ever[56] gives[55] the gifts[58] of spiritual life[57].	ਅਤੇ ਗੁਰੂ ਜੀ ਸਦਾ[56] ਰੂਹਾਨੀ-ਜੀਵਨ[57] ਦੀਆਂ ਦਾਤਾਂ[58] ਦਿੰਦੇ[55] ਹਨ ।
ਗੁਰ ਦੁਆਰੈ[59] ਹਰਿ ਕੀਰਤਨੁ[60] ਸੁਣੀਐ ॥	All the Guru's door[59] one hears the God's praise[60].	ਗੁਰਾਂ ਦੇ ਦਰ[59] ਤੇ ਇਨਸਾਨ ਵਾਹਿਗੁਰੂ ਦਾ ਜੱਸ[60] ਸੁਣਦਾ ਹੈ ।
ਸਤਿਗੁਰੁ ਭੇਟਿ[61] ਹਰਿ ਜਸੁ[62] ਮੁਖਿ[63] ਭਣੀਐ[64] ॥	Meeting[61] with the True Guru, one utters[64] the Lord's praise[62] with his mouth[63]	ਸੱਚੇ ਗੁਰਾਂ ਨਾਲ ਮਿਲ ਕੇ[61] ਬੰਦਾ ਆਪਣੇ ਮੂੰਹ[63] ਨਾਲ ਮਾਲਕ ਦੀ ਮਹਿਮਾ[62] ਉਚਾਰਣ ਕਰਦਾ[64] ਹੈ ।
ਕਲਿ[65] ਕਲੇਸ[66] ਮਿਟਾਏ[67] ਸਤਿਗੁਰੁ ਹਰਿ ਦਰਗਹ[68] ਦੇਵੈ[69] ਮਾਨਾਂ[70] ਹੇ ॥੪॥	Sorrows[65] and strifes[66] the True Guru effaces[67] and blesses[69] one with honour[70] in the Lord's court[68].	ਗਮਾ[65] ਅਤੇ ਬਖੇੜਿਆਂ[66] ਨੂੰ ਸੱਚੇ ਗੁਰੂ ਮੇਟ ਦਿੰਦੇ[67] ਹਨ ਅਤੇ ਸਾਂਈਂ ਦੇ ਦਰਬਾਰ[68] ਅੰਦਰ ਬੰਦੇ ਨੂੰ ਇੱਜ਼ਤ[70] ਆਬਰੂ ਬਖ਼ਸ਼ਦੇ[69] ਹਨ ।
ਅਗਮੁ[71] ਅਗੋਚਰੁ[72] ਗੁਰੂ ਦਿਖਾਇਆ[73] ॥	The Inaccessible[71] and Inapprehensible[72] Lord the Guru has shown[73] me.	ਪਹੁੰਚ ਤੋਂ ਪਰੇ[71] ਅਤੇ ਸੋਚ[72] ਸਮਝ ਤੋਂ ਉਚੇਰੇ[72] ਸੁਆਮੀ ਨੂੰ ਗੁਰਾਂ ਨੇ ਮੈਨੂੰ ਵਿਖਾਲ ਦਿੱਤਾ[73] ਹੈ ।
ਭੂਲਾ[74] ਮਾਰਗਿ[75] ਸਤਿਗੁਰਿ ਪਾਇਆ ॥	Me, the strayed[74] one, the True Guru, has put on the right path[75].	ਮੈਂ ਘੁਸੇ ਹੋਏ[74] ਨੂੰ, ਸੱਚੇ ਗੁਰਾਂ ਨੇ ਠੀਕ ਰਸਤੇ[75] ਪਾ ਦਿੱਤਾ ਹੈ ।
ਗੁਰ ਸੇਵਕ ਕਉ ਬਿਘਨੁ[76] ਨ ਭਗਤੀ[77] ਹਰਿ ਪੂਰ[48] ਦ੍ਰਿੜਾਇਆ[79] ਗਿਆਨਾਂ[80] ਹੇ ॥੫॥	No hinderance[76] comes in the way of the devotional service[77] of the Guru's slave and the Guru implants[79] in him the Perfect[78] God's gnosis[80].	ਗੁਰਾਂ ਦੇ ਗੋਲੇ ਦੀ ਪ੍ਰੇਮਮਈ ਸੇਵਾ[77] ਦੇ ਰਸਤੇ ਵਿੱਚ ਕੋਈ ਰੁਕਾਵਟ[76] ਨਹੀਂ ਆਉਂਦੀ ਅਤੇ ਗੁਰੂ ਜੀ ਪੂਰਨ[78] ਵਾਹਿਗੁਰੂ ਦੀ ਗਿਆਤ[80] ਉਸ ਦੇ ਅੰਦਰ ਪੱਕੀ ਕਰ ਦਿੰਦੇ[79] ਹਨ ।
ਗੁਰਿ ਦ੍ਰਿਸਟਾਇਆ[81] ਸਭਨੀ ਠਾਂਈ[82] ॥	The Guru has shown[81] me the Lord in all the places[82].	ਗੁਰਾਂ ਨੇ ਮੈਨੂੰ ਸਾਰੀਆਂ ਥਾਵਾਂ[82] ਉੱਤੇ ਸੁਆਮੀ ਵਿਖਾਲ ਦਿੱਤਾ[81] ਹੈ ।
ਜਲਿ[83] ਥਲਿ[84] ਪੂਰਿ ਰਹਿਆ[85] [86]ਗੋਸਾਈ[87] ॥	The Lord[87] of universe[86] is fully-filling[85] the ocean[83] and the earth[84].	ਆਲਮ[86] ਦਾ ਸੁਆਮੀ[87] ਸਮੁੰਦਰ[83] ਅਤੇ ਧਰਤੀ[84] ਨੂੰ ਪਰੀਪੂਰਨ ਕਰ ਰਿਹਾ[85] ਹੈ ।
ਊਚ[88] ਊਨ[89] ਸਭ ਏਕ ਸਮਾਨਾਂ[90] ਮਨਿ ਲਾਗਾ[91] ਸਹਜਿ[92] ਧਿਆਨਾ[93] ਹੇ ॥੬॥	My mind's attention[93] is fixed[91] on the Lord[92], before whom the high[88] and the low[89] all are alike[90].	ਮੇਰੇ ਚਿੱਤ ਦੀ ਬਿਰਤੀ[93] ਉਸ ਸੁਆਮੀ[92] ਨਾਲ ਜੁੜੀ ਹੋਈ[91] ਹੈ, ਜਿਸ ਦੇ ਅੱਗੇ ਉਚੇ[88] ਅਤੇ ਨੀਵੇਂ[89] ਸਾਰੇ ਇੱਕ ਬਰਾਬਰ[90] ਹਨ ।
ਗੁਰਿ ਮਿਲਿਐ ਸਭ ਤ੍ਰਿਸਨ[94] ਬੁਝਾਈ[95] ॥	Meeting with the Guru, all the desire[94] is stilled[95].	ਗੁਰਾਂ ਨਾਲ ਮਿਲ ਕੇ ਸਾਰੀ ਖ਼ਾਹਿਸ਼[94] ਮਿੱਟ ਜਾਂਦੀ[95] ਹੈ ।
ਗੁਰਿ ਮਿਲਿਐ ਨਹ ਜੋਹੈ[96] ਮਾਈ[97] ॥	Meeting with the Guru, mammon[97] eyes[96] one not.	ਗੁਰਾਂ ਨਾਲ ਮਿਲਣ ਦੁਆਰਾ ਮੋਹਣੀ[97] ਬੰਦੇ ਨੂੰ ਨਹੀਂ ਤਕਦੀ[96] ।
ਸਤੁ[98] ਸੰਤੋਖੁ[99] ਦੀਆ[100] ਗੁਰਿ ਪੂਰੈ[2] ਨਾਮੁ ਅੰਮ੍ਰਿਤੁ[3] ਪੀ[4] ਪਾਨਾਂ[5] ਹੇ ॥੭॥	The Perfect[2] Guru has blessed[100] me with truth[98] and contentment[99] and I now indrink[4] and quaff[5] the Name-Nectar[3].	ਪੂਰਨ[2] ਗੁਰਾਂ ਨੇ ਮੈਨੂੰ ਸੱਚ[98] ਅਤੇ ਸੰਤੁਸ਼ਟਤਾ[99] ਬਖਸ਼ੀਆਂ[100] ਹਨ ਅਤੇ ਮੈਂ ਹੁਣ ਨਾਮ ਦੇ ਸੁਧਾਰਸ[3] ਨੂੰ ਛਕਦਾ[3] ਛਕਾਉਂਦਾ[5] ਹਾਂ ।

ਗੁਰ ਕੀ ਬਾਣੀ ਸਭ ਮਾਹਿ[6] ਸਮਾਣੀ[7] ॥

The Guru's word is contained[7] amongst[6] all .

ਗੁਰਾਂ ਦੀ ਬਾਣੀ ਸਾਰਿਆਂ ਦੇ ਅੰਦਰ[6] ਵਿਆਪਕ[7] ਹੋ ਰਹੀ ਹੈ ।

ਆਪਿ[8] ਸੁਣੀ ਤੈ ਆਪਿ ਵਖਾਣੀ[9] ॥

The Guru, himself[8] hears and Himself utters[9] it.

ਗੁਰੂ ਜੀ ਖ਼ੁਦ[8] ਇਸ ਨੂੰ ਸੁਣਦੇ ਤੇ ਖ਼ੁਦ ਹੀ ਉਚਾਰਦੇ[9] ਹਨ ।

ਜਿਨਿ ਜਿਨਿ[14] ਜਪੀ[10] ਤੇਈ[12] ਸਭਿ ਨਿਸਤ੍ਰੇ[13] ਤਿਨ ਪਾਇਆ ਨਿਹਚਲ[15] ਥਾਨਾਂ[16] ਹੇ ॥੮॥

They[14] who deliberate[13] over it; They[12] are all emancipated[13] and they attain an eternal[15] abode[16].

ਜੋ[14] ਭੀ ਇਸ ਦਾ ਧਿਆਨ ਧਾਰਦੇ[15] ਹਨ; ਉਹ[12] ਸਭ ਤਰ ਜਾਂਦੇ[13] ਹਨ ਤੇ ਉਹ ਅਹਿੱਲ[15] ਨਿਵਾਸ ਅਸਥਾਨ[16] ਨੂੰ ਪਾ ਲੈਂਦੇ ਹਨ ।

ਸਤਿਗੁਰ ਕੀ ਮਹਿਮਾ[17] ਸਤਿਗੁਰੁ ਜਾਣੈ ॥

The True Guru's glory[17], only the True Guru knows.

ਸੱਚੇ ਗੁਰਾਂ ਦੀ ਪ੍ਰਭਤਾ[17] ਸਿਰਫ ਸੱਚੇ ਗੁਰੂ ਹੀ ਜਾਣਦੇ ਹਨ ।

ਜੋ ਕਿਛੁ[18] ਕਰੇ ਸੁ[19] ਆਪਣ ਭਾਣੈ[20] ॥

Whatever[18] he does, he does that[19] in his will[20].

ਜਿਹੜਾ ਕੁੱਛ[18] ਉਹ ਕਰਦੇ ਹਨ, ਉਸ[19] ਨੂੰ ਆਪਣੀ ਰਜ਼ਾ[20] ਅੰਦਰ ਕਰਦੇ ਹਨ ।

ਸਾਧੂ ਧੂਰਿ[21] ਜਾਚਹਿ[22] ਜਨ[23] ਤੇਰੇ ਨਾਨਕ ਸਦ[24] ਕੁਰਬਾਨਾਂ[25] ਹੇ ॥੯॥੧॥੪॥

Thine slaves[23] ask[22] for the dust[21] of Thy saints' feet, O Lord. Nanak is ever[24] a sacrifice[25] unto Thee.

ਤੇਰੇ ਗੋਲੇ[23], ਤੇਰੇ ਸੰਤਾਂ ਦੇ ਚਰਣਾਂ ਦੀ ਧੂੜ[21] ਦੀ ਯਾਚਨਾ ਕਰਦੇ[22] ਹਨ, ਹੇ ਸੁਆਮੀ ! ਨਾਨਕ ਹਮੇਸ਼ਾ[24] ਹੀ ਤੇਰੇ ਉੱਤੋਂ ਬਲਿਹਾਰਨੇ ਵੰਞਦਾ[25] ਹੈ ।

ਮਾਰੂ ਸੋਲਹੇ
ਮਹਲਾ ੫

Maru Solhas
5th Guru.

ਮਾਰੂ ਸੋਲਹੇ
ਪੰਜਵੀਂ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਆਦਿ[26] ਨਿਰੰਜਨੁ[27] ਪ੍ਰਭੁ ਨਿਰੰਕਾਰਾ[28] ॥

My immaculate[27], Primal[26] Lord is Formless[28].

ਮੇਰਾ ਪਵਿੱਤ੍ਰ[27], ਪਰਾਪੂਰਬਲਾ[26] ਪ੍ਰਭੂ ਸਰੂਪ-ਰਹਿਤ[28] ਹੈ ।

ਸਭ ਮਹਿ[31] ਵਰਤੈ[29] ਆਪਿ ਨਿਰਾਰਾ[30] ॥

The Detached[30] One is Himself contained[29] amongst[31] all.

ਨਿਰਲੇਪ[30] ਪੁਰਖ ਖ਼ੁਦ ਹੀ ਸਾਰਿਆਂ ਅੰਦਰ[31] ਰੱਮ ਰਿਹਾ[29] ਹੈ ।

ਵਰਨੁ[32] ਜਾਤਿ[33] ਚਿਹਨੁ[34] ਨਹੀ ਕੋਈ ਸਭੁ ਹੁਕਮੇ[35] ਸ੍ਰਿਸਟਿ[36] ਉਪਾਇਦਾ[37] ॥੧॥

He has no colour[32], caste[33] and mark[34]. By His will[35], He creates[37] the whole world[36].

ਉਸ ਦਾ ਕੋਈ ਰੰਗ[32], ਜਾਤੀ[33] ਅਤੇ ਚਿੰਨ੍ਹ[34] ਨਹੀਂ । ਆਪਣੀ ਰਜ਼ਾ[35] ਦੁਆਰਾ ਉਹ ਸਾਰੀ ਦੁਨੀਆ[36] ਨੂੰ ਰਚਦਾ[37] ਹੈ ।

ਲਖ ਚਉਰਾਸੀਹ ਜੋਨਿ[38] ਸਭਾਈ[39] ॥ ਮਾਣਸ[40] ਕਉ ਪ੍ਰਭਿ ਦੀਈ[41] ਵਡਿਆਈ[42] ॥

Out of all[39] the eightyfour lakhs of existences[38], the Lord has blessed[41] man[40] with glory[42].

ਸਾਰੀਆਂ[39] ਚੁਰਾਸੀ ਲੱਖ ਜੂਨੀਆਂ[38] ਵਿਚੋਂ ਸੁਆਮੀ ਨੇ ਇਨਸਾਨ[40] ਨੂੰ ਬਜ਼ੁਰਗੀ[42] ਪ੍ਰਦਾਨ ਕੀਤੀ[41] ਹੈ ।

ਇਸੁ ਪਉੜੀ[43] ਤੇ ਜੋ ਨਰੁ[44] ਚੂਕੈ[45] ਸੋ ਆਇ[46] ਜਾਇ ਦੁਖੁ[47] ਪਾਇਦਾ[48] ॥੨॥

The man[44] who misses[45] this opportunity[43]; He[46] suffers[45] sorrow[47] of coming and going.

ਜਿਹੜਾ ਇਨਸਾਨ[44] ਇਸ ਮੌਕੇ[43] ਨੂੰ ਗੁਆ ਲੈਂਦਾ[45] ਹੈ; ਉਹ[46] ਆਉਣ ਅਤੇ ਜਾਣ ਦੇ ਕਸ਼ਟ[47] ਨੂੰ ਉਠਾਉਂਦਾ[48] ਹੈ ।

ਕੀਤਾ[49] ਹੋਵੈ ਤਿਸੁ[59] ਕਿਆ[51] ਕਹੀਐ[52] ॥	What[51] ought I say[52] unto him[50], who himself is created[49] ?	ਮੈਂ ਉਸ[50] ਨੂੰ ਕੀ[51] ਆਖਾਂ[52] ਜੋ ਖ਼ੁਦ ਹੀ ਰੱਚਿਆ ਹੋਇਆ[49] ਹੈ ?
ਗੁਰਮੁਖਿ[53] ਨਾਮੁ ਪਦਾਰਥੁ[54] ਲਹੀਐ[55] ॥	By the Guru's grace[53], the Name's wealth[54] is obtainted[55].	ਗੁਰਾਂ ਦੀ ਦਇਆ[53] ਦੁਆਰਾ ਨਾਮ ਦੀ ਦੌਲਤ[54] ਪ੍ਰਾਪਤ ਹੁੰਦੀ[55] ਹੈ ।
ਜਿਸੁ ਆਪਿ[56] ਭੁਲਾਏ ਸੋਈ[58] ਭੂਲੈ[57] ਸੋ ਬੂਝੈ[59] ਜਿਸਹਿ ਬੁਝਾਇਦਾ[60] ॥੩॥	He[58] alone strays[57], whom the Lord Himself[56] strays and he alone understands[59] whom He instructs[60].	ਕੇਵਲ ਉਹ[58] ਹੀ ਭੁਲਦਾ[57] ਹੈ, ਜਿਸ ਨੂੰ ਖ਼ੁਦ[56] ਸਾਂਈਂ ਭੁਲਾਉਂਦਾ ਹੈ ਅਤੇ ਕੇਵਲ ਉਹ[58] ਹੀ ਸਮਝਦਾ[59] ਹੈ, ਜਿਸ ਨੂੰ ਉਹ ਬੁਝਾਉਂਦਾ[60] ਹੈ ।
ਹਰਖ[61] ਸੋਗ[62] ਕਾ ਨਗਰੁ[63] ਇਹੁ ਕੀਆ[64] ॥	This body is made[64] the township[63] of weal[61] and woe[62].	ਇਹ ਦੇਹ ਖ਼ੁਸ਼ੀ[61] ਤੇ ਗ਼ਮੀ[62] ਦਾ ਪਿੰਡ[63] ਬਣਾਇਆ[64] ਗਿਆ ਹੈ ।
ਸੇ[64]* ਉਬਰੇ[66] ਜੋ ਸਤਿਗੁਰ ਸਰਣੀਆ[65] ॥	They[64]* alone are emancipated[66] who seek the True Guru's protection[65].	ਕੇਵਲ ਉਹ[64]* ਹੀ ਪਾਰ ਉਤਰਦੇ[66] ਹਨ ਜੋ ਸੱਚੇ ਗੁਰਾਂ ਦੀ ਪਨਾਹ[65] ਲੈਂਦੇ ਹਨ ।
ਤ੍ਰਿਹਾ[67] ਗੁਣਾ[69] ਤੇ ਰਹੈ ਨਿਰਾਰਾ[68] ਸੋ ਗੁਰਮੁਖਿ[70] ਸੋਭਾ[71] ਪਾਇਦਾ ॥੪॥	He who remains detached[68] from the three[67] modes[69]; He is blessed with glory[71] through the Guru's[70] grace.	ਜੋ ਤਿੰਨਾਂ[67] ਅਵਸਥਾਵਾਂ[69] ਤੋਂ ਨਿਰਲੇਪ[68] ਰਹਿੰਦਾ ਹੈ; ਉਹ ਗੁਰਾਂ ਦੀ ਦਇਆ[70] ਦੁਆਰਾ ਬਜ਼ੁਰਗੀ[71] ਪਾ ਲੈਂਦਾ ਹੈ ।
ਅਨਿਕ[72] ਕਰਮ[73] ਕੀਏ ਬਹੁਤੇਰੇ[74] ॥	One does various[72] and good many[74] deeds[73].	ਇਨਸਾਨ ਅਨੇਕਾਂ[72] ਅਤੇ ਘਣੇਰੇ[74] ਅਮਲ[73] ਕਮਾਉਂਦਾ ਹੈ ।
ਜੋ[75] ਕੀਜੈ ਸੋ[76] ਬੰਧਨੁ[77] ਪੈਰੇ[78] ॥	Whatever[75] he does, that[76] proves fetters[77] for his feet[78].	ਜਿਹੜਾ ਕੁੱਛ ਭੀ[75] ਉਹ ਕਰਦਾ ਹੈ, ਉਹ[76] ਉਸ ਦੇ ਪੈਰਾਂ[78] ਲਈ ਬੇੜੀਆਂ[77] ਸਾਬਤ ਹੁੰਦਾ ਹੈ ।
ਕੁਰੁਤਾ[79] ਬੀਜੁ[80] ਬੀਜੇ[81] ਨਹੀ ਜੰਮੈ[82] ਸਭੁ ਲਾਹਾ[83] ਮੂਲੁ[84] ਗਵਾਇਦਾ ॥੫॥	The seed, sown[81] out of season[79] germinates[82] not and the man loses all his capital[84] and profit[83].	ਬੇਮੌਸਮਾਂ[79] ਬੋਇਆ ਹੋਇਆ[81] ਭੀ[80] ਉਗਦਾ[82] ਨਹੀਂ ਅਤੇ ਬੰਦਾ ਆਪਣਾ ਸਾਰਾ ਅਸਲ[84] ਧਨ ਤੇ ਨਫ਼ਾ[83] ਗੁਆ ਲੈਂਦਾ ਹੈ ।
ਕਲਜੁਗ[85]ਮਹਿ[86] ਕੀਰਤਨੁ[87] ਪਰਧਾਨਾ[88] ॥	The most exalted[88] is the celebration of the Lord's praise[87] in[86] this Darkage[85].	ਪਰਮ ਉੱਤਮ[88] ਹੈ ਪ੍ਰਭੂ ਦਾ ਜੱਸ ਗਾਇਨ[87] ਕਰਨਾ ਇਸ ਕਾਲੇ ਯੁੱਗ[85] ਅੰਦਰ[86] ।
ਗੁਰਮੁਖਿ[89] ਜਪੀਐ[90] ਲਾਇ ਧਿਆਨਾ[91] ॥	So, through the Guru[89], attentively[91] contemplate[90] thou the Lord's Name.	ਇਸ ਲਈ, ਬਿਰਤੀ ਜੋੜ ਕੇ[91], ਤੂੰ ਗੁਰਾਂ ਦੇ ਰਾਹੀਂ[89] ਸੁਆਮੀ ਦੇ ਨਾਮ ਦਾ ਸਿਮਰਨ[90] ਕਰ ।
੧੦੭੬		
ਆਪਿ ਤਰੈ[92] ਸਗਲੇ ਕੁਲ[93] ਤਾਰੇ ਹਰਿ ਦਰਗਹ[94] ਪਤਿ[95] ਸਿਉ[96] ਜਾਇਦਾ ॥ ੬॥	Thou shalt save[93] thyself and save all thy lineage[93] and shalt go to the Lord's court[94] with[96] honour[95].	ਤੂੰ ਆਪ ਬੱਚ ਜਾਵੇਂਗਾ[92] ਅਤੇ ਆਪਣੀ ਸਾਰੀ ਵੰਸ਼[93] ਨੂੰ ਭੀ ਬਚਾ ਲਵੇਂਗਾ ਅਤੇ ਇੱਜ਼ਤ ਆਬਰੂ[95] ਨਾਲ[96] ਪ੍ਰਭੂ ਦੇ ਦਰਬਾਰ[94] ਨੂੰ ਜਾਵੇਂਗਾ ।
ਖੰਡ[97] ਪਾਤਾਲ[98] ਦੀਪ[99] ਸਭਿ ਲੋਆ[100] ॥	All the continents[97], under-worlds[98], islands[99] and the worlds[100].	ਸਾਰੇ ਮਹਾਂ ਦੀਪ[97], ਪਾਤਾਲਾਂ[98], ਜੰਜ਼ੀਰੇ[99] ਅਤੇ ਆਲਮ[100] ।
ਸਭਿ ਕਾਲੈ[2] ਵਸਿ[3] ਆਪਿ ਪ੍ਰਭਿ ਕੀਆ ॥	Of Himself the Lord has made them all subject[3] to death[2].	ਸੁਆਮੀ ਨੇ ਖ਼ੁਦ ਉਨ੍ਹਾਂ ਸਾਰਿਆਂ ਨੂੰ ਮੌਤ[2] ਦੇ ਅਧੀਨ[3] ਕੀਤਾ ਹੈ ।

ਨਿਹਚਲੁ[4] ਏਕੁ[5] ਆਪਿ ਅਬਿਨਾਸੀ[6] ਸੋ ਨਿਹਚਲੁ[7] ਜੋ ਤਿਸਹਿ ਧਿਆਇਦਾ[8] ॥ ੭॥	Ever moveless[4] is the One[5] Imperishable[6] Lord. Himself He who meditates[8] on Him becomes eternal[7] as well.	ਸਦੀਵੀ ਸਥਿਰ[4] ਹੈ, ਖ਼ੁਦ ਉਹ ਅਦੁੱਤੀ[5] ਨਾਸ-ਰਹਿਤ[6] ਸੁਆਮੀ । ਜੋ ਉਸ ਦਾ ਸਿਮਰਨ ਕਰਦਾ[8] ਹੈ, ਉਹ ਭੀ ਅਟੱਲ[7] ਥੀ ਵੰਞਦਾ ਹੈ ।
ਹਰਿ ਕਾ ਸੇਵਕੁ[9] ਸੋ[10] ਹਰਿ ਜੇਹਾ[12] ॥	God's slave[9]; he[70] is like[12] unto the Lord.	ਜੋ ਰੱਬ ਦਾ ਗੋਲਾ[9]; ਉਹ[10] ਰੱਬ ਵਰਗਾ[12] ਹੀ ਹੈ ।
ਭੇਦੁ[13] ਨ ਜਾਣਹੁ[14] ਮਾਣਸ ਦੇਹਾ[15] ॥	Due to his human body[15] deem[14] him not distinct[13] from the Lord.	ਉਸ ਦੀ ਮਨੁੱਖੀ ਦੇਹ[15] ਦੇ ਕਾਰਣ ਉਸ ਨੂੰ ਸਾਹਿਬ ਨਾਲੋਂ ਭਿੰਨ[13] ਖ਼ਿਆਲ[14] ਨਾ ਕਰ ।
ਜਿਉ[16] ਜਲ[17] ਤਰੰਗ[18] ਉਠਹਿ[19] ਬਹੁ[20] ਭਾਤੀ[21] ਫਿਰਿ[22] ਸਲਲੈ[23] ਸਲਲ ਸਮਾਇਦਾ[24] ॥੮॥	As[16] water[17] waves[18] rise[19] in various[20] ways[21], but water merges[74] in water[23] again[22].	ਜਿਸ ਤਰ੍ਹਾਂ[16] ਪਾਣੀ[17] ਦੀਆਂ ਲਹਿਰਾਂ[18] ਅਨੇਕਾਂ[20] ਤਰੀਕਿਆਂ[21] ਨਾਲ ਉਤਪੰਨ[19] ਹੁੰਦੀਆਂ ਹਨ, ਪ੍ਰੰਤੂ ਮੁੜ[22] ਕੇ ਪਾਣੀ, ਪਾਣੀ[23] ਵਿਚ ਹੀ ਲੀਨ ਹੋ ਜਾਂਦਾ[24] ਹੈ ।
ਇਕੁ ਜਾਚਿਕੁ[25] ਮੰਗੈ ਦਾਨੁ[26] ਦੁਆਰੈ[27] ॥	A beggar[25] asks for alms[26] at Thy door[27], O Lord.	ਇਕ ਮੰਗਤਾ[25] ਤੇਰੇ ਬੂਹੇ[27] ਉੱਤੇ ਖ਼ੈਰ ਮੰਗਦਾ[26] ਹੈ, ਹੇ ਸੁਆਮੀ !
ਜਾ[28] ਪ੍ਰਭ ਭਾਵੈ[29] ਤਾ[30] ਕਿਰਪਾ[31] ਧਾਰੈ[32] ॥	When[28] the Lord wills[29], then[30] takes[32] He pity[31] on him.	ਜਦ[28] ਸਾਂਈਂ ਨੂੰ ਚੰਗਾ ਲਗਦਾ[29] ਹੈ, ਤਦ[30] ਉਹ ਉਸ ਉੱਤੇ ਮਿਹਰ[31] ਕਰਦਾ[32] ਹੈ ।
ਦੇਹੁ[33] ਦਰਸੁ[34] ਜਿਤੁ[36] ਮਨੁ ਤ੍ਰਿਪਤਾਸੈ[35] ਹਰਿ ਕੀਰਤਨਿ[37] ਮਨੁ ਠਹਰਾਇਦਾ[38] ॥੯॥	Bless[33] Thou me with Thy vision[34], O Lord, wherewith[36] my mind is satiated[35]. It is through Thine praise[37] that my mind is restrained[38].	ਤੂੰ ਮੈਨੂੰ ਆਪਣਾ ਦੀਦਾਰ[34] ਬਖ਼ਸ਼[33], ਹੇ ਸੁਆਮੀ ! ਜਿਸ ਨਾਲ[36] ਮੇਰਾ ਚਿੱਤ ਰੱਜ ਜਾਵੇ[35] । ਤੇਰੀ ਸਿਫਤ-ਸਲਾਹ[37] ਰਾਹੀਂ ਹੀ ਮੇਰਾ ਮਨੂਆ ਟਿਕਦਾ[38] ਹੈ ।
ਰੂੜੋ[39] ਠਾਕੁਰੁ ਕਿਤੈ[40] ਵਸਿ[41] ਨ ਆਵੈ ॥	The beauteous[39] Lord is controlled[41] not in anywise[40].	ਸੁੰਦਰ[39] ਸੁਆਮੀ ਕਿਸੇ ਤਰ੍ਹਾਂ[40] ਭੀ ਵੱਸ[41] ਵਿੱਚ ਨਹੀਂ ਆਉਂਦਾ ।
ਹਰਿ ਸੋ ਕਿਛੁ[42] ਕਰੇ ਜਿ[43] ਹਰਿ ਕਿਆ ਸੰਤਾ ਭਾਵੈ[44] ॥	The Lord God does that[42] what[43] is pleasing[44] to his saints.	ਸੁਆਮੀ ਵਾਹਿਗੁਰੂ ਉਹੀ[42] ਕੁਝ ਕਰਦਾ ਹੈ ਜੋ[43] ਉਸ ਦੇ ਭਗਤਾਂ ਨੂੰ ਚੰਗਾ ਲਗਦਾ[43] ਹੈ ।
ਕੀਤਾ[45] ਲੋੜਨਿ[46] ਸੋਈ[47] ਕਰਾਇਨਿ[48] ਦਰਿ[49] ਫੇਰੁ[50] ਨ ਕੋਈ ਪਾਇਦਾ ॥੧੦॥	What the saints wish[46] to be done[45], that[47] the Lord does[48]. No request of theirs is left ungranted[50] at the Lord's door[49].	ਜਿਹੜਾ ਕੁਛ ਸਾਧੂ ਕਰਾਉਣਾ[45] ਚਾਹੁੰਦੇ[46] ਹਨ, ਉਹ[47] ਹੀ ਸੁਆਮੀ ਕਰਦਾ[48] ਹੈ । ਉਨ੍ਹਾਂ ਦੀ ਕੋਈ ਪ੍ਰਾਰਥਨਾ ਭੀ ਸੁਆਮੀ ਦੇ ਬੂਹੇ[49] ਉੱਤੇ ਅਪਰਵਾਨ[50] ਨਹੀਂ ਹੁੰਦੀ ।
ਜਿਥੈ ਅਉਘਟੁ[51] ਆਇ ਬਨਤੁ[52] ਹੈ ਪ੍ਰਾਣੀ[53] ॥ ਤਿਥੈ[54] ਹਰਿ ਧਿਆਈਐ[55] [56]ਸਾਰਿੰਗਪਾਣੀ[57] ॥	Wherever the mortal[53] is faced[52] with difficulty[51], there[54] he should contemplate[55] his God, the world[56]-sustainer[57].	ਜਿੱਥੇ ਜੀਵ[53] ਨੂੰ ਮੁਸ਼ਕਲ[51] ਆ ਬਣਦੀ[52] ਹੈ, ਉੱਥੇ[54] ਉਸ ਨੂੰ, ਧਰਤੀ[56] ਨੂੰ ਥੰਮਣਹਾਰ[57] ਆਪਣੇ ਵਾਹਿਗੁਰੂ ਦਾ ਸਿਮਰਨ[55] ਕਰਨਾ ਚਾਹੀਦਾ ਹੈ ।
ਜਿਥੈ ਪੁਤ੍ਰ[58] ਕਲਤ੍ਰ[59] ਨ	Where the sons[58], wife[59] and friends[60]	ਜਿਥੇ ਲੜਕੇ[58], ਵਹੁਟੀ[59] ਅਤੇ ਮਿੱਤ੍ਰ[60] ਨਹੀਂ ਉੱਥੇ

ਬੇਲੀ[60] ਕੋਈ ਤਿਥੈ ਹਰਿ ਆਪਿ ਛਡਾਇਦਾ[61] ॥੧੧॥

are not, there God, Himself rescues[61] the mortal.

ਵਾਹਿਗੁਰੂ ਖ਼ੁਦ ਪ੍ਰਾਣੀ ਨੂੰ ਬੰਦਖ਼ਲਾਸ ਕਰਾਉਂਦਾ[61] ਹੈ।

ਵਡਾ[62] ਸਾਹਿਬੁ ਅਗਮ[63] ਅਥਾਹਾ[64] ॥

The great[62] Lord is Unapproachable[63] and Unfathomable[64].

ਵਿਸ਼ਾਲ[62] ਸੁਆਮੀ ਪਹੁੰਚ ਤੋਂ ਪਰੇ[63] ਅਤੇ ਥਾਹ-ਰਹਿਤ[64] ਹੈ।

ਕਿਉ[65] ਮਿਲੀਐ ਪ੍ਰਭ ਵੇਪਰਵਾਹਾ[66] ॥

How[65] can one meet the care-free[66] Lord ?

ਮੁਛੰਦਗੀ ਰਹਿਤ[66] ਸੁਆਮੀ ਨੂੰ ਬੰਦਾ ਕਿਸ ਤਰ੍ਹਾਂ[65] ਮਿਲ ਸਕਦਾ ਹੈ ?

ਕਾਟਿ[67] ਸਿਲਕ[68] ਜਿਸੁ ਮਾਰਗਿ[69] ਪਾਏ ਸੋ[70] ਵਿਚਿ ਸੰਗਤਿ ਵਾਸਾ[71] ਪਾਇਦਾ[72] ॥੧੨॥

Snapping[67] the noose[68], he whom the Lord puts on the right road[69]; He[70] obtains[72] an abide[71] in the saints' society.

ਫਾਹੀ[68] ਕੱਟ ਕੇ[67] ਜਿਸ ਨੂੰ ਸੁਆਮੀ ਠੀਕ ਰਸਤੇ[69] ਉੱਤੇ ਪਾਉਂਦਾ ਹੈ; ਉਸ[70] ਨੂੰ ਸਾਧ ਸੰਗਤ ਅੰਦਰ ਵਸੇਬਾ[71] ਪ੍ਰਾਪਤ ਹੋ ਜਾਂਦਾ[72] ਹੈ।

ਹੁਕਮੁ[73] ਬੁਝੈ[74] ਸੋ[75] ਸੇਵਕੁ[76] ਕਹੀਐ[77] ॥

He[75], who understands[74] the Lord's will[73], is said to be[77] His slave[76].

ਜੋ ਸੁਆਮੀ ਦੀ ਰਜ਼ਾ[73] ਨੂੰ ਸਮਝਦਾ[74] ਹੈ, ਉਹ[75] ਉਸ ਦਾ ਗੋਲਾ[76] ਆਖਿਆ ਜਾਂਦਾ[77] ਹੈ।

ਬੁਰਾ[78] ਭਲਾ[79] ਦੁਇ[80] ਸਮਸਰਿ[81] ਸਹੀਐ[82] ॥

Both[80] bad[78] and good[79] bears[82] he alike[81].

ਉਹ ਮਾੜੇ[78] ਅਤੇ ਚੰਗੇ[79], ਦੋਨਾਂ[80] ਨੂੰ, ਇਕ ਸਮਾਨ[81] ਸਹਾਰਦਾ[82] ਹੈ।

ਹਉਮੈ[83] ਜਾਇ[84] ਤ[85] ਏਕੋ ਬੁਝੈ[86] ਸੋ[87] ਗੁਰਮੁਖਿ[88] ਸਹਜਿ[89] ਸਮਾਇਦਾ[90]॥੧੩॥

When ego[83] is stilled[84], then[85] knows[86] he the One Lord, such[87] a Guru-ward[88] merges[90] in the Lord[89].

ਜਦ ਹੰਕਾਰ[83] ਮਿੱਟ ਜਾਂਦਾ[84] ਹੈ, ਤਦ[85] ਉਹ ਇੱਕ ਸੁਆਮੀ ਨੂੰ ਜਾਣ ਲੈਂਦਾ[86] ਹੈ। ਐਹੋ ਜੇਹਾ[87] ਗੁਰੂ-ਅਨੁਸਾਰੀ[88] ਸੁਆਮੀ[89] ਅੰਦਰ ਲੀਨ ਹੋ ਜਾਂਦਾ[90] ਹੈ।

ਹਰਿ ਕੇ ਭਗਤ[91] ਸਦਾ[92] ਸੁਖਵਾਸੀ[93] ॥

God's devotees[91] ever[92] abide[93] in peace.

ਵਾਹਿਗੁਰੂ ਦੇ ਸ਼ਰਧਾਲੂ[91] ਹਮੇਸ਼ਾ[92] ਆਰਾਮ ਵਿਚ ਵੱਸਦੇ[93] ਹਨ।

ਬਾਲ[94] ਸੁਭਾਇ[95] ਅਤੀਤ[96] ਉਦਾਸੀ[97] ॥

They have a child's[94] nature[95] and remain detached[96] despondent[97].

ਉਨ੍ਹਾਂ ਦਾ ਇੱਕ ਬੱਚੇ[94] ਵਰਗਾ ਸੁਭਾਅ[95] ਹੈ ਅਤੇ ਉਹ ਨਿਰਲੇਪ[96] ਤੇ ਉਪਰਾਮ[97] ਹਨ।

ਅਨਿਕ[98] ਰੰਗ[99] ਕਰਹਿ[100] ਬਹੁ[2] ਭਾਤੀ[3] ਜਿਉ[4] ਪਿਤਾ[5] ਪੂਤੁ[6] ਲਾਡਾਇਦਾ[7] ॥੧੪॥

They enjoy[100] various[98] merriments[99] in many[2] ways[3] and the Lord caresses[7] them as[4] father[5] does his son[6].

ਉਹ ਘਣੇਰਿਆਂ[2] ਤਰੀਕਿਆਂ[3] ਨਾਲ ਅਨੇਕਾਂ[98] ਅਨੰਦ[99] ਮਾਣਦੇ[100] ਹਨ ਅਤੇ ਪ੍ਰਭੂ ਉਨ੍ਹਾਂ ਨੂੰ ਐਉਂ ਲਾਡ ਲਡਾਉਂਦਾ[7] ਹੈ ਜਿਸ ਤਰ੍ਹਾਂ[4] ਪਿਉ[5] ਆਪਣੇ ਪੁੱਤ੍ਰ[6] ਨੂੰ।

ਅਗਮ[8] ਅਗੋਚਰੁ[9] ਕੀਮਤਿ[10] ਨਹੀ ਪਾਈ ॥

The Lord is boundless[8] and Imperceptible[9]. His worth[10] can be ascertained not.

ਸੁਆਮੀ ਹਦਬੰਨਾ-ਰਹਿਤ[8] ਅਤੇ ਅਦ੍ਰਿਸ਼ਟ[9] ਹੈ। ਉਸ ਦਾ ਮੁੱਲ[10] ਪਾਇਆ ਨਹੀਂ ਜਾ ਸਕਦਾ।

ਤਾ[12] ਮਿਲੀਐ[13] ਜਾ ਲਏ[14] ਮਿਲਾਈ ॥

Then[12] alone man meets[13] Him, when[14] He makes him meet.

ਕੇਵਲ ਤਦ[12] ਹੀ ਇਨਸਾਨ ਉਸ ਨਾਲ ਮਿਲਦਾ[13] ਹੈ, ਜਦ[14] ਉਹ ਮਿਲਾਉਂਦਾ ਹੈ।

ਗੁਰਮੁਖਿ[15] ਪ੍ਰਗਟੁ[16] ਭਇਆ ਤਿਨ[17] ਜਨ[18] ਕਉ ਜਿਨ ਧੁਰਿ[19] ਮਸਤਕਿ[20] ਲੇਖੁ[21] ਲਿਖਾਇਦਾ[22] ॥੧੫॥

By the Guru's grace[15], the Lord becomes manifest[16] unto the[17] persons[18], who from the beginning[19] have such a writ[21], recorded[22] on their forehead[20].

ਗੁਰਾਂ ਦੀ ਦਇਆ ਦੁਆਰਾ[15] ਪ੍ਰਭੂ ਉਨ੍ਹਾਂ[17] ਪੁਰਸ਼ਾਂ[18] ਨੂੰ ਪ੍ਰਤੱਖ ਹੁੰਦਾ[16] ਹੈ ਜਿਨ੍ਹਾਂ ਦੇ ਮੱਥੇ[20] ਉਤੇ ਆਰੰਭ[19] ਤੋਂ ਐਸੀ ਲਿਖਤਕਾਰ[21] ਲਿਖੀ ਹੋਈ[22] ਹੈ।

ਤੂ ਆਪੇ[23] ਕਰਤਾ[24] ਕਾਰਣ[25] ਕਰਣਾ[26] ॥

My Creator[24] Lord, Thou Thyself[24] art the Doer[26] of deeds[25].

ਮੇਰੇ ਸਿਰਜਣਹਾਰ[24]-ਸੁਆਮੀ, ਤੂੰ ਖ਼ੁਦ[23] ਹੀ ਕੰਮਾਂ[25] ਦੇ ਕਰਨ ਵਾਲਾ[26] ਹੈਂ ।

ਸ੍ਰਿਸਟਿ[27] ਉਪਾਇ[28] ਧਰੀ[29] ਸਭ ਧਰਣਾ[30] ॥

Thou hast created[28] the entire creation[27] and upheld[29] the earth[30].

ਤੂੰ ਸਾਰੀ ਰਚਨਾ[27] ਰਚੀ[28] ਹੈ ਅਤੇ ਧਰਤੀ[30] ਨੂੰ ਥੰਮ੍ਹਿਆ ਹੋਇਆ[29] ।

ਜਨ[31] ਨਾਨਕੁ ਸਰਣਿ[32] ਪਇਆ ਹਰਿ ਦੁਆਰੈ[33] ਹਰਿ ਭਾਵੈ[34] ਲਾਜ[25] ਰਖਾਇਦਾ ॥ ੧੬॥੧॥੫॥

My Lord Master, slave[31] Nanak seeks the refuge[32] of Thy door[33]. If Thou so willest[34], save Thou his honour[35].

ਮੇਰੇ ਸੁਆਮੀ ਮਾਲਕ, ਗੋਲਾ[31] ਨਾਨਕ ਤੇਰੇ ਦਰ[33] ਦੀ ਪਨਾਹ[32] ਲੋੜਦਾ ਹੈ । ਜੇਕਰ ਤੈਨੂੰ ਇਸ ਤਰ੍ਹਾਂ ਚੰਗਾ ਲੱਗੇ[34] ਤੂੰ ਉਸ ਦੀ ਇੱਜ਼ਤ ਆਬਰੂ[35] ਰੱਖ ।

ਮਾਰੂ ਸੋਲਹੇ
ਮਹਲਾ ੫

Maru Solhas
5th Guru

ਮਾਰੂ ਸੋਲਹੇ
ਪੰਜਵੀਂ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਜੋ[36] ਦੀਸੈ ਸੋ[37] ਏਕੋ[38] ਤੂਹੈ ॥

Whatever[36] is seen, that[37] Thou art, O Unique[38] Lord.

ਜਿਹੜਾ ਕੁੱਛ[36] ਦੀਹਦਾ ਹੈ, ਉਹ[37] ਤੂੰ ਹੀ ਹੈਂ, ਹੇ ਅਦੁੱਤੀ[38] ਵਾਹਿਗੁਰੂ !

ਬਾਣੀ[39] ਤੇਰੀ ਸ੍ਰਵਣਿ[40] ਸੁਣੀਐ ॥

All that one hears with his ears[40] is Thine speech[39].

ਸਾਰਾ ਕੁਝ ਜੋ ਇਨਸਾਨ ਆਪਣਿਆਂ ਕੰਨਾਂ[40] ਨਾਲ ਸੁਣਦਾ ਹੈ, ਉਹ ਤੇਰੀ ਹੀ ਬੋਲ-ਬਾਣੀ[39] ਹੈ ।

ਦੂਜੀ ਅਵਰੁ[42] ਨ ਜਾਪਸਿ[41] ਕਾਈ ਸਗਲ ਤੁਮਾਰੀ[43] ਧਾਰਣਾ[44] ॥੧॥

There does not appear[41] to be any other[42]. Thou givest support[44] to all[43].

ਕੋਈ ਹੋਰ ਕੋਈ ਦੂਸਰਾ[42] ਮਲੂਮ[41] ਹੀ ਨਹੀਂ ਹੁੰਦਾ । ਤੂੰ ਹੀ ਸਾਰਿਆਂ[43] ਨੂੰ ਆਸਰਾ[44] ਦਿੰਦਾ ਹੈਂ ।

ਆਪਿ ਚਿਤਾਰੇ[45] ਅਪਣਾ ਕੀਆ[46] ॥

Thou Thyself givest thought[45] to Thine creation[46].

ਤੂੰ ਖ਼ੁਦ ਹੀ ਆਪਣੀ ਰਚਨਾ[46] ਦਾ ਖ਼ਿਆਲ[45] ਰਖਦਾ ਹੈਂ ।

ਆਪੇ ਆਪਿ ਆਪਿ[47] ਪ੍ਰਭੁ ਥੀਆ[48] ॥

All by Thyself[47], Thou hast come into being[48], O Lord.

ਤੂੰ ਆਪਣੇ ਆਪ[47] ਤੋਂ ਹੀ ਹੋਂਦ ਵਿੱਚ ਆਇਆ ਹੈਂ[48], ਹੇ ਸੁਆਮੀ !

ਆਪਿ ਉਪਾਇ[49] ਰਚਿਓਨੁ[50] ਪਸਾਰਾ[51] ਆਪੇ ਘਟਿ ਘਟਿ[52] ਸਾਰਣਾ[53] ॥੨॥

Becoming thus self-existent[49], Thou hast created[50] the world[51] and Thyself takest[53] care of all hearts[52].

ਇਸ ਤਰ੍ਹਾਂ ਖ਼ੁਦ-ਬ-ਖ਼ੁਦ[49] ਹੋਂਦ ਵਿਚ ਆ, ਤੂੰ ਸੰਸਾਰ[51] ਨੂੰ ਰੱਚਿਆ[50] ਹੈ ਅਤੇ ਖ਼ੁਦ ਹੀ ਸਾਰਿਆਂ ਦਿਲਾ[52] ਦੀ ਸੰਭਾਲ ਕਰਦਾ[53] ਹੈਂ ।

ਇਕਿ[54] ਉਪਾਏ[55] ਵਡ[56] ਦਰਵਾਰੀ[57] ॥

Some[54] Thou has created[55] who hold great[56] courts[57].

ਕਈ[54] ਤੂੰ ਐਸੇ ਰਚੇ[55] ਹਨ ਜੋ ਭਾਰੇ[56] ਦਰਬਾਰ[57] ਲਾਉਂਦੇ ਹਨ ।

ਇਕਿ[58] ਉਦਾਸੀ[59] ਇਕਿ ਘਰ ਬਾਰੀ[60] ॥

Some[58] are renouncers[59] and some who keep the household[69].

ਕਈ[58] ਤਿਆਗੀ[59] ਹਨ ਅਤੇ ਕਈ ਗ੍ਰਿਹਸਤੀ[60] ।

੧੦੭੭

ਇਕਿ ਭੂਖੇ[61] ਇਕਿ ਤ੍ਰਿਪਤਿ[62] ਅਘਾਏ[63] ਸਭਸੈ[64] ਤੇਰਾ ਪਾਰਣਾ[65] ॥੩॥

Some are hungry[61] and some are sated[62] and satiated[63], but all[64] lean[65] on Thee, O Lord.

ਕਈ ਭੂਖੇ[61] ਹਨ ਅਤੇ ਕਈ ਰੱਜੇ[62] 'ਤੇ ਧ੍ਰਾਪੇ ਹੋਏ[63] ਹਨ; ਪ੍ਰੰਤੂ, ਸਾਰਿਆਂ[64] ਨੂੰ ਤੇਰਾ ਹੀ ਆਸਰਾ[65] ਹੈ, ਹੇ ਸੁਆਮੀ !

ਆਪੇ[66] ਸਤਿ[67] ਸਤਿ ਸਤਿ ਸਾਚਾ[68] ॥	True[67], true, true is the True Lord[68] Himself[66].	ਸੱਚਾ[67], ਸੱਚਾ, ਸੱਚਾ ਹੈ ਖ਼ੁਦ[66] ਸੱਚਾ ਸੁਆਮੀ[68] ।
ਓਤਿ[69] ਪੋਤਿ[70] ਭਗਤਨ[71] ਸੰਗਿ[72] ਰਾਚਾ[73] ॥	Like warp[69] and woof[70], He is united[73] with[72] His devotees[71].	ਤਾਣੇ[69] ਪੇਟੇ[70] ਦੀ ਮਾਨੰਦ ਉਹ ਆਪਣੇ ਅਨੁਰਾਗੀਆਂ[71] ਨਾਲ[72] ਜੁੜਿਆ ਹੋਇਆ[73] ਹੈ ।
ਆਪੇ ਗੁਪਤੁ[74] ਆਪੇ ਹੈ ਪਰਗਟੁ[75] ਅਪਣਾ ਆਪੁ ਪਸਾਰਣਾ[76] ॥੪॥	He Himself is Unmanifest[74] and Himself manifest[75] and Himself He spreads[76] Himself.	ਉਹ ਆਪ ਪੋਸ਼ੀਦਾ[74] ਅਤੇ ਆਪ ਹੀ ਪ੍ਰਤੱਖ[75] ਹੈ ਅਤੇ ਆਪ ਹੀ ਉਹ ਆਪਣੇ ਆਪ ਨੂੰ ਫੈਲਾਉਂਦਾ[76] ਹੈ ।
ਸਦਾ[77] ਸਦਾ ਸਦ ਹੋਵਣਹਾਰਾ[78] ॥	Ever[77], ever, ever to stay[78] is my Lord.	ਹਮੇਸ਼ਾ[77], ਹਮੇਸ਼ਾ, ਹਮੇਸ਼ਾ ਹੀ ਰਹਿਣ ਵਾਲਾ[78] ਹੈ ਮੇਰਾ ਸੁਆਮੀ !
ਊਚਾ[79] ਅਗਮੁ[70]*ਅਥਾਹੁ[71]* ਅਪਾਰਾ[72]* ॥	He is Lofty[79], Unapproachable[70]*, Unfathomable[71]* and Infinite[72].	ਉਹ ਬੁਲੰਦ[79], ਪਹੁੰਚ ਤੋਂ ਪਰੇ[70]*, ਬੇਥਾਹ ਅਤੇ ਬੇਅੰਤ[72]* ਹੈ ।
ਊਣੇ[73] ਭਰੇ[72]* ਭਰੇ ਭਰਿ[73]* ਊਣੇ ਏਹਿ ਚਲਤ[74]* ਸੁਆਮੀ ਕੇ[76]* ਕਾਰਣਾ[75]* ॥੫॥	The empty[73]*, He fills[72]* and the fully-filled[73]*, He empties. These are the wondrous play[74]* and doings[75]* of[76]* my Lord.	ਖ਼ਾਲੀਆਂ[73]* ਨੂੰ ਉਹ ਪੂਰਨ[72]* ਕਰ ਦਿੰਦਾ ਹੈ ਅਤੇ ਪਰੀਪੂਰਨਾਂ[73]* ਨੂੰ ਉਹ ਖਾਲੀ ਕਰ ਦਿੰਦਾ ਹੈ। ਇਹ ਹਨ ਅਸਚਰਜ[74]* ਖੇਡਾਂ ਅਤੇ ਕੌਤਕ[75]*, ਮੇਰੇ ਪ੍ਰਭੂ ਦੇ[76]* ।
ਮੁਖਿ[76] ਸਾਲਾਹੀ[77] ਸਚੇ ਸਾਹਾ[78] ॥	Within my mouth[76], praise[77] I the True Lord[78].	ਆਪਣੇ ਮੂੰਹ[76] ਨਾਲ ਮੈਂ ਸੱਚੇ ਸੁਆਮੀ[78] ਦੀ ਕੀਰਤੀ[77] ਕਰਦਾ ਹਾਂ ।
ਨੈਣੀ[79] ਪੇਖਾ[80] ਅਗਮ[81] ਅਥਾਹਾ[82] ॥	With mine eyes[79] I see[80] the Boundless[81] and Unfathomable[82] Lord.	ਆਪਣੀਆਂ ਅੱਖਾਂ[79] ਨਾਲ ਮੈਂ ਹੱਦਬੰਨਾ-ਰਹਿਤ[81] ਅਤੇ ਬੇਥਾਹ[82] ਸੁਆਮੀ ਨੂੰ ਦੇਖਦਾ[89] ਹਾਂ ।
ਕਰਨੀ[83] ਸੁਣਿ ਸੁਣ[84] ਮਨੁ[85] ਤਨੁ[86] ਹਰਿਆ[87] ਮੇਰੇ ਸਾਹਿਬ ਸਗਲ ਉਧਾਰਣਾ[88] ॥੬॥	Hearing and listening[84] to Thine praise with my ears[83], my soul[85] and body[86] are in bloom[87] My Master emancipates[88] one and all.	ਆਪਣਿਆਂ ਕੰਨਾਂ[83] ਨਾਲ ਤੇਰੀ ਸਿਫ਼ਤ ਸੁਣ ਅਤੇ ਸ੍ਰਵਣ[84] ਕਰ, ਮੇਰੀ ਆਤਮਾ[85] ਤੇ ਦੇਹ[86] ਪ੍ਰਫੁੱਲਤ[87] ਹੋ ਗਏ ਹਨ । ਮੇਰਾ ਮਾਲਕ ਸਾਰਿਆਂ ਦਾ ਪਾਰ ਉਤਾਰਾ ਕਰਦਾ[88] ਹੈ ।
ਕਰਿ[89] ਕਰਿ[90] ਵੇਖਹਿ[91] ਕੀਤਾ[92] ਅਪਣਾ ॥	Creating[89] the creation[90], the Lord sees[91] what He has created[92].	ਰਚਨਾ[90] ਨੂੰ ਰਚ ਕੇ[89], ਸੁਆਮੀ ਆਪਣੇ ਰੱਚਿਆਂ ਹੋਇਆਂ[92] ਨੂੰ ਦੇਖਦਾ[91] ਹੈ ।
ਜੀਅ ਜੰਤ[93] ਸੋਈ[94] ਹੈ ਜਪਣਾ[95] ॥	All the creatures[93] meditate[95] on Him[94], the Lord.	ਸਾਰੇ ਜੀਵ ਜੰਤੂ[93] ਉਸ[94] ਸਾਹਿਬ ਦਾ ਸਿਮਰਨ ਕਰਦੇ[95] ਹਨ ।
ਅਪਣੀ ਕੁਦਰਤਿ[96] ਆਪੇ ਜਾਣੈ[99] ਨਦਰੀ[97] ਨਦਰਿ[98] ਨਿਹਾਲਣਾ[100] ॥੭॥	His Omnipotence[96], He Himself knows[99]. Through His grace[98], the Gracious Lord[97] is seen[100].	ਆਪਣੀ ਅਪਾਰ ਸ਼ਕਤੀ[96] ਨੂੰ ਉਹ ਆਪੇ ਹੀ ਜਾਣਦਾ[99] ਹੈ । ਉਸ ਦੀ ਦਇਆਲਤਾ[98] ਰਾਹੀਂ ਦਇਆਲੂ ਪ੍ਰਭੂ[97] ਦੇਖਿਆ ਜਾਂਦਾ[100] ਹੈ ।
ਸੰਤ ਸਭਾ[2] ਜਹ[3] ਬੈਸਹਿ[4] ਪ੍ਰਭੁ ਪਾਸੇ[5] ॥	Where[3] sits[4] the saints' congregation[2]; Near[5] there is my Lord.	ਜਿਥੇ[3] ਸਤਿਸੰਗਤ[2] ਬਹਿੰਦੀ[4] ਹੈ, ਓਥੇ ਨੇੜੇ[5] ਹੀ ਮੇਰਾ ਸੁਆਮੀ ਹੁੰਦਾ ਹੈ ।
ਅਨੰਦ[6] ਮੰਗਲ[7] ਹਰਿ ਚਲਤ[8] ਤਮਾਸੇ[9] ॥	Seeing the Lord's wondrous deeds[8] and plays[9], the saints revel[6] and make merry[7].	ਸੁਆਮੀ ਦੇ ਅਦਭੁੱਤ ਕੌਤਕ[8] ਅਤੇ ਖੇਡਾਂ[9] ਦੇਖ, ਸੰਤ ਮੌਜ[6] ਬਹਾਰਾਂ[7] ਕਰਦੇ ਹਨ ।

ਗੁਣ[10] ਗਾਵਹਿ[12] ਅਨਹਦ[13] ਧੁਨਿ[14] ਬਾਣੀ[15] ਤਹ[16] ਨਾਨਕ ਦਾਸੁ[17] ਚਿਤਾਰਣਾ[18] ॥੮॥	O Nanak, there[16] the Lord's slaves[17] meditate[18] on Him and sing[12] His praise[10], through the unstruck[13] melody[14] of the Guru's-bani[15].	ਹੇ ਨਾਨਕ ! ਓਥੇ[16] ਪ੍ਰਭੂ ਦੇ ਗੋਲੇ[17], ਉਸ ਨੂੰ ਸਿਮਰਦੇ[18] ਅਤੇ ਗੁਰਬਾਣੀ[15] ਦੇ ਸੁਤੇ-ਸਿਧ[13] ਹੋ ਰਹੇ ਕੀਰਤਨ[14] ਰਾਹੀਂ ਉਸ ਦੀ ਮਹਿਮਾ[10] ਗਾਇਨ ਕਰਦੇ[12] ਹਨ ।
ਆਵਣੁ ਜਾਣਾ ਸਭੁ ਚਲਤੁ[19] ਤੁਮਾਰਾ ॥	Coming and going is all a wondrous[19] play of Thine, O Lord.	ਆਉਣਾ ਅਤੇ ਜਾਣਾ ਸਮੂਹ ਤੇਰੀ ਇੱਕ ਅਲੌਕਿਕ[19] ਖੇਡ ਹੈ ।
ਕਰਿ[20] ਕਰਿ[21] ਦੇਖੈ ਖੇਲੁ[22] ਅਪਾਰਾ[23] ॥	Creating[20] the creation[21], Thou seest Thy Beauteous[23] play[22].	ਰਚਨਾ[21] ਨੂੰ ਰਚ[20], ਤੂੰ ਆਪਣੀ ਸੁੰਦਰ[23] ਖੇਡ[22] ਨੂੰ ਵੇਖਦਾ ਹੈਂ ।
ਆਪਿ[26] ਉਪਾਏ[24] ਉਪਾਵਣਹਾਰਾ[25] ਅਪਣਾ ਕੀਆ[27] ਪਾਲਣਾ[28] ॥੯॥	Of Himself[26] the Creator-Lord[25] creates[24] and nurtures[28] His creation[27].	ਖੁਦ[26] ਹੀ ਸਿਰਜਣਹਾਰ-ਸੁਆਮੀ[25] ਰਚਦਾ[24] ਹੈ ਅਤੇ ਆਪਣੀ ਰਚਨਾ[27] ਦੀ ਪਾਲਣਾ-ਪੋਸਣਾ ਕਰਦਾ[28] ਹੈ ।
ਸੁਣਿ ਸੁਣਿ[29] ਜੀਵਾ ਸੋਇ[30] ਤੁਮਾਰੀ ॥	I live by hearing and listening[29] to Thy glory[30].	ਮੈਂ ਤੇਰੀ ਸੋਭਾ[30] ਸੁਣ ਸੁਣ[29] ਕੇ ਜੀਉਂਦਾ ਹਾਂ ।
ਸਦਾ ਸਦਾ ਜਾਈ ਬਲਿਹਾਰੀ[31] ॥	Ever, ever am I a sacrifice[31] unto Thee.	ਸਦੀਵ, ਸਦੀਵ ਹੀ ਮੈਂ ਤੇਰੇ ਉੱਤੋਂ ਕੁਰਬਾਨ[31] ਵੰਞਦਾ ਹਾਂ ।
ਦੁਇ[32] ਕਰ[33] ਜੋੜਿ[34] ਸਿਮਰਉ[35] ਦਿਨੁ ਰਾਤੀ ਮੇਰੇ ਸੁਆਮੀ ਅਗਮ[36] ਅਪਾਰਣਾ[37] ॥੧੦॥	O my Boundless[36] and Infinite[37] Lord, by clasping[34] both[32] of my hands[33], meditate[35] I on Thee, day and night.	ਹੇ ਮੇਰੇ ਹਦਬੰਨਾ-ਰਹਿਤ[36] ਅਤੇ ਬੇਅੰਤ[27] ਸਾਹਿਬ ! ਆਪਣੇ ਦੋਨੋਂ[32] ਹੱਥ[33] ਬੰਨ੍ਹ[34] ਕੇ ਦਿਹੁੰ ਅਤੇ ਰੈਣ ਮੈਂ ਤੇਰਾ ਆਰਾਧਨ[35] ਕਰਦਾ ਹਾਂ ।
ਤੁਧੁ ਬਿਨੁ ਦੂਜੇ[38] ਕਿਸੁ[39] ਸਾਲਾਹੀ[40] ॥	Without Thee, whom[39] else[38] should I praise[40] ?	ਤੇਰੇ ਬਗੈਰ ਮੈਂ ਹੋਰ[38] ਕੀਹਦੀ[39] ਉਪਮਾ[40] ਕਰਾਂ ?
ਏਕੋ ਏਕੁ[41] ਜਪੀ[42] ਮਨ ਮਾਹੀ[43] ॥	I remember[42] but one[41] Lord, within[43] my mind.	ਮੈਂ ਕੇਵਲ ਇੱਕ[41] ਸੁਆਮੀ ਨੂੰ ਹੀ ਆਪਣੇ ਚਿੱਤ ਵਿਚ[43] ਚੇਤੇ ਕਰਦਾ[42] ਹਾਂ ।
ਹੁਕਮੁ[44] ਬੂਝਿ[45] ਜਨ[46] ਭਏ ਨਿਹਾਲਾ[47] ਇਹ ਭਗਤਾ[48] ਕੀ ਘਾਲਣਾ[49] ॥ ੧੧॥	Realising[45] Thy will[44], Thine slaves[46] are enraptured[47]. This is the service[49] that Thy devotees[48] perform.	ਤੇਰੀ ਰਜ਼ਾ[44] ਨੂੰ ਅਨੁਭਵ ਕਰ[45], ਤੇਰੇ ਗੋਲੇ[46] ਪ੍ਰਸੰਨ ਥੀ ਗਏ[47] ਹਨ । ਇਹੀ ਸੇਵਾ[49] ਤੇਰੇ ਸ਼ਰਧਾਲੂ[48] ਕਮਾਉਂਦੇ ਹਨ ।
ਗੁਰ ਉਪਦੇਸਿ[50] ਜਪੀਐ[51] ਮਨਿ ਸਾਚਾ[52] ॥	By the Guru's instruction[50], contemplate[51] I the True Lord[52], in my mind,	ਗੁਰਾਂ ਦੀ ਸਿੱਖਮਤ[50] ਦੁਆਰਾ ਆਪਣੇ ਚਿੱਤ ਅੰਦਰ ਮੈਂ ਸੱਚੇ ਸੁਆਮੀ[52] ਦਾ ਸਿਮਰਨ ਕਰਦਾ[51] ਹਾਂ ।
ਗੁਰ ਉਪਦੇਸਿ ਰਾਮ[53] ਰੰਗਿ[54] ਰਾਚਾ[55] ॥	By the Guru's instruction I am absorbed[55] in the Lord's[53] love[54].	ਗੁਰਾਂ ਦੀ ਸਿੱਖਮਤ ਦੁਆਰਾ, ਮੈਂ ਪ੍ਰਭੂ[53] ਦੇ ਪਿਆਰ[54] ਅੰਦਰ ਲੀਨ ਹੋ ਗਿਆ[55] ਹਾਂ ।
ਗੁਰ ਉਪਦੇਸਿ ਤੁਟਹਿ[56] ਸਭਿ ਬੰਧਨ[57] ਇਹੁ ਭਰਮੁ[58]	By the Guru's instruction, all the bonds[57] are snapped[56] and this	ਗੁਰਾਂ ਦੀ ਸਿੱਖਮਤ ਦੁਆਰਾ, ਸਾਰੇ ਜੂੜ[57] ਵੱਢੇ ਜਾਂਦੇ[56] ਹਨ ਅਤੇ ਇਹ ਸੰਦੇਹ[58] ਤੇ ਸੰਸਾਰੀ ਮਮਤਾ[59] ਪੂਰੀ ਤਰ੍ਹਾਂ

ਮੋਹ[59] ਪਰਜਾਲਣਾ[60] ॥੧੨॥	doubt[58] and worldly love[59] are wholly burnt[60].	ਸੜ ਜਾਂਦੇ[60] ਹਨ ।
ਜਹ[61] ਰਾਖੈ ਸੋਈ[62] ਸੁਖ ਥਾਨਾ[63] ॥	Wherever[61] the Lord keeps me, that[62] alone is the seat[63] of peace.	ਜਿੱਥੇ ਕਿਤੇ[61] ਭੀ ਸੁਆਮੀ ਮੈਨੂੰ ਰਖਦਾ ਹੈ, ਕੇਵਲ ਉਹ[62] ਹੀ ਮੇਰੇ ਲਈ ਆਰਾਮ ਦਾ ਟਿਕਾਣਾ[63] ਹੈ ।
ਸਹਜੇ[64] ਹੋਇ[65] ਸੋਈ[66] ਭਲ[67] ਮਾਨਾ[68] ॥	Whatever naturally[64] happens[65], that[66] I accept[68] as good[67].	ਜਿਹੜਾ ਕੁਛ ਭੀ ਕੁਦਰਤੀ ਤੌਰ[64] ਤੇ ਹੁੰਦਾ[65] ਹੈ, ਉਸ[66] ਨੂੰ ਮੈਂ ਚੰਗਾ[67] ਜਾਣ ਕਬੂਲ ਕਰਦਾ[68] ਹਾਂ ।
ਬਿਨਸੇ[69] ਬੈਰ[70] ਨਾਹੀ ਕੋ ਬੈਰੀ[71] ਸਭੁ ਏਕੋ ਹੈ ਭਾਲਣਾ[72] ॥੧੩॥	I am rid of[69] my enmity[70] and have no enemy[71]. Amongst all, see[72] I now the One Lord.	ਮੇਰੀ ਦੁਸ਼ਮਨੀ[70] ਮਿੱਟ ਗਈ[69] ਹੈ ਤੇ ਹੁਣ ਕੋਈ ਭੀ ਮੇਰਾ ਦੁਸ਼ਮਨ[71] ਨਹੀਂ । ਸਾਰਿਆਂ ਅੰਦਰ ਮੈਂ ਹੁਣ ਇੱਕ ਸਾਂਈਂ ਨੂੰ ਹੀ ਦੇਖਦਾ[72] ਹਾਂ ।
ਡਰ[73] ਚੂਕੇ[74] ਬਿਨਸੇ[75] ਅੰਧਿਆਰੇ[76] ॥ ਪ੍ਰਗਟ[77] ਭਏ ਪ੍ਰਭ ਪੁਰਖ[78] ਨਿਰਾਰੇ[79] ॥	My fear[73] is removed[74] and my darkness[76] is dispelled[75], and the powerful[78] and detached[79] Lord has become manifest[77] unto me.	ਮੇਰਾ ਭੌ[73] ਮਿਟ ਗਿਆ[74] ਹੈ ਅਤੇ ਮੇਰਾ ਅਨ੍ਹੇਰਾ[76] ਦੂਰ ਥੀ ਗਿਆ[77] ਹੈ । ਬਲਵਾਨ[78] ਤੇ ਨਿਰਲੇਪ[79] ਸੁਆਮੀ ਮੇਰੇ ਤੇ ਜ਼ਾਹਰ ਹੋ ਗਿਆ[77] ਹੈ ।
ਆਪੁ[80] ਛੋਡਿ[81] ਪਏ ਸਰਣਾਈ[82] ਜਿਸ ਕਾ ਸਾ ਤਿਸੁ[83] ਘਾਲਣਾ[84] ॥੧੪॥	Silencing[81] my self-conceit[80], I have entered the sanctuary[82] of Him, to whom I belong. It is His[83] service[84], that I perform now.	ਆਪਣੀ ਸਵੈ-ਹੰਗਤਾ[80] ਨੂੰ ਮਾਰ ਕੇ[81] ਮੈਂ ਉਸ ਦੀ ਪਨਾਹ[82] ਲਈ ਹੈ, ਜਿਸ ਦਾ ਕਿ ਮੈਂ ਹਾਂ । ਮੈਂ ਹੁਣ ਉਸ[83] ਦੀ ਸੇਵਾ[84] ਹੀ ਕਮਾਉਂਦਾ ਹਾਂ ।
ਐਸਾ[85] ਕੋ[86] [87]ਵਡਭਾਗੀ[88] ਆਇਆ[89] ॥ ਆਠ ਪਹਰ ਜਿਨਿ ਖਸਮੁ[90] ਧਿਆਇਆ[91] ॥	Rare[86] is any such[85] very[87] fortunate[88] person, who having been born[89] in this world, contemplates[91] his Lord[90], the eight watches through.	ਕੋਈ ਵਿਰਲਾ[86] ਹੀ ਐਹੋ ਜੇਹਾ[85] ਭਾਗੇ[87] ਨਸੀਬਾਂ ਵਾਲਾ[88] ਪੁਰਸ਼ ਹੈ, ਜੋ ਇਸ ਜਹਾਨ ਵਿਚ ਪੈਦਾ[89] ਹੋ, ਦਿਨ ਦੇ ਅੱਠੇ ਪਹਿਰ ਹੀ ਆਪਣੇ ਸੁਆਮੀ[90] ਦਾ ਸਿਮਰਨ ਕਰਦਾ[91] ਹੈ ।
ਤਿਸੁ[92] ਜਨ[93] ਕੈ ਸੰਗਿ[94] ਤਰੈ[95] ਸਭੁ ਕੋਈ[96] ਸੋ[97] ਪਰਵਾਰ[98] ਸਧਾਰਣਾ[99] ॥ ੧੫॥	In that[92] person's[93] company[94], every one[96] is emancipated[95] and he[97] redeems[99] his family[98] as well.	ਉਸ[92] ਪੁਰਸ਼[93] ਦੀ ਸੰਗਤ[94] ਅੰਦਰ ਸਾਰੇ[96] ਹੀ ਪਾਰ ਉੱਤਰ ਜਾਂਦੇ[95] ਹਨ ਅਤੇ ਉਹ[97] ਆਪਣੇ ਟੱਬਰ ਕਬੀਲੇ[98] ਨੂੰ ਭੀ ਤਾਰ ਦਿੰਦਾ[99] ਹੈ ।
ਇਹ ਬਖਸੀਸ[100] ਖਸਮ ਤੇ ਪਾਵਾ ॥	This gift[100], receive I from my Lord.	ਇਹ ਦਾਤ[100] ਮੈਂ ਆਪਣੇ ਪ੍ਰਭੂ ਪਾਸੋਂ ਪ੍ਰਾਪਤ ਕਰਦਾ ਹਾਂ ।
ਆਠ ਪਹਰ ਕਰ[2] ਜੋੜਿ[3] ਧਿਆਵਾ[4] ॥	With joined[3] hands[2], remember[4] I my Lord throughout the eight watches of the day and night.	ਹੱਥ[2] ਬੰਨ੍ਹ[3] ਕੇ ਮੈਂ ਦਿਨ ਤੇ ਰਾਤ ਦੇ ਅੱਠੇ ਪਹਿਰ ਹੀ ਆਪਣੇ ਸਾਹਿਬ ਦਾ ਸਿਮਰਨ ਕਰਦਾ[4] ਹਾਂ ।
ਨਾਮੁ ਜਪੀ[5] ਨਾਮਿ ਸਹਜਿ[6] ਸਮਾਵਾ[7] ਨਾਮੁ ਨਾਨਕ ਮਿਲੈ ਉਚਾਰਣਾ[8] ॥੧੬॥ ੧॥੬॥	I contemplate[5] the Name and through the Name, merge[7] I in the Lord[6]. May Nanak continue uttering[8] the Lord's Name.	ਮੈਂ ਨਾਮ ਦਾ ਆਰਾਧਨ ਕਰਦਾ[5] ਹਾਂ ਅਤੇ ਨਾਮ ਦੇ ਰਾਹੀਂ ਹੀ ਸਾਂਈਂ[6] ਅੰਦਰ ਲੀਨ ਹੁੰਦਾ[7] ਹਾਂ । ਰੱਬ ਕਰੇ, ਨਾਨਕ ਸਦਾ ਹੀ ਸਾਹਿਬ ਦੇ ਨਾਮ ਦਾ ਸਿਮਰਨ ਕਰਦਾ[8] ਰਹੇ ।

ਮਾਰੂ ਮਹਲਾ ੫ ॥	Maru 5th Guru.	ਮਾਰੂ ਪੰਜਵੀਂ ਪਾਤਿਸ਼ਾਹੀ ।
ਸੂਰਤਿ[9] ਦੇਖਿ ਨ ਭੂਲੁ[10] ਗਵਾਰਾ[12] ॥	Seeing the form[9], be thou not misled[10] O fool[12].	ਸਰੂਪ[9] ਨੂੰ ਵੇਖ ਕੇ, ਤੂੰ ਗ਼ਲਤ ਰਾਹੀਂ[10] ਨਾ ਪਓ, ਹੇ ਮੂਰਖ[12] !
ਮਿਥਨ[12*] ਮੋਹਾਰਾ[13] ਝੂਠੁ[14] ਪਸਾਰਾ[15] ॥	False[14] is the world's[15] love[13] for lust[12*].	ਕੂੜਾ[14] ਹੈ ਜਗਤ[15] ਦਾ ਕਾਮਚੇਸਟਾ[12*] ਵਾਸ ਤੇ ਮੋਹ[13] ।
ਜਗੰ ਮਹਿ[16] ਕੋਈ ਰਹਣੁ[17] ਨ ਪਾਏ ਨਿਹਚਲੁ[18] ਏਕੁ ਨਾਰਾਇਣਾ[19] ॥੧॥	None is allowed to stay[17] in[16] this world. Ever-stable[18] is the One Lord[19] alone.	ਇਸ ਜਹਾਨ ਅੰਦਰ[16] ਕਿਸੇ ਨੂੰ ਭੀ ਠਹਿਰਨਾ[17] ਨਹੀਂ ਮਿਲਦਾ । ਸਦੀਵੀ ਸਥਿਰ[18] ਹੈ ਕੇਵਲ ਇੱਕ ਪ੍ਰਭੂ[19] ।
ਗੁਰ ਪੂਰੇ[20] ਕੀ ਪਉ[21] ਸਰਣਾਈ[22] ॥	Enter[21] thou into the refuge[22] of the Perfect[20] Guru.	ਤੂੰ ਪੂਰਨ[20] ਗੁਰਾਂ ਦੀ ਪਨਾਹ[22] ਲੈ[21] ।
ਮੋਹੁ[23] ਸੋਗੁ[24] ਸਭੁ ਭਰਮੁ[25] ਮਿਟਾਈ[26] ॥	He shall rid[26] thee of all thy worldly love[23], sorrow[24] and doubt[25].	ਉਹ ਤੇਰੀ ਸਮੂਹ ਸੰਸਾਰੀ ਮਮਤਾ[23], ਅਫ਼ਸੋਸ[24] ਅਤੇ ਸੰਦੇਹ[25] ਨੂੰ ਨਵਿਰਤ[26] ਕਰ ਦੇਣਗੇ ।
ਏਕੋ ਮੰਤ੍ਰੁ[27] ਦ੍ਰਿੜਾਏ[28] ਅਉਖਧੁ[29] ਸਚੁ ਨਾਮੁ ਰਿਦ[30] ਗਾਇਣਾ[31] ॥੨॥	He shall administer[28] thee the cure-all[29] of the spell[27] of the One Name and thou shalt take to the hymning[31] of the True Name in thy mind[30].	ਉਹ ਤੈਨੂੰ ਇੱਕ ਨਾਮ ਦੇ ਜਾਦੂ ਟੂਣੇ[27] ਦੀ ਦਵਾਈ[29] ਦੇਣਗੇ[28] ਅਤੇ ਤੂੰ ਆਪਣੇ ਮਨ[30] ਅੰਦਰ ਸੱਚੇ ਨਾਮ ਨੂੰ ਗਾਇਨ ਕਰਨ ਲੱਗ ਜਾਵੇਂਗਾ ।
੧੦੭੮		
ਜਿਸੁ ਨਾਮੈ ਕਉ ਤਰਸਹਿ[32] ਬਹੁ ਦੇਵਾ[33] ॥ ਸਗਲ ਭਗਤ[33*] ਜਾ ਕੀ ਕਰਦੇ ਸੇਵਾ[34] ॥ ਅਨਾਥਾ[35] ਨਾਥੁ[36] ਦੀਨ[37] ਦੁਖ ਭੰਜਨੁ[38] ਸੋ[39] ਗੁਰ ਪੂਰੇ[40] ਤੇ[42] ਪਾਇਣਾ[41] ॥੩॥	The Lord's Name, for which crave[32] many gods[33], whose service[34] all the devotes[33*] perform and who is the Patron[36] of the patronless[35] and is the Destroyer of the pain[38] of the poor[37]; That[39] Name is obtained[41] through[42] the Perfect[40] Guru.	ਸਾਂਈਂ ਦਾ ਨਾਮ, ਜਿਸ ਦੀ ਚਾਹਨਾ[32] ਸਾਰੇ ਹੀ ਦੇਵਤੇ[33] ਕਰਦੇ ਹਨ, ਜਿਸ ਦੀ ਟਹਿਲ[34*] ਸਾਰੇ ਹੀ ਸ਼ਰਧਾਲੂ[33*] ਕਮਾਉਂਦੇ ਹਨ ਅਤੇ ਜੋ ਨਿਖਸਮਿਆਂ[35] ਦਾ ਖਸਮ[36] ਹੈ, ਤੇ ਗ਼ਰੀਬਾਂ[37] ਦਾ ਦੁਖੜਾ ਨਾਸ ਕਰਨ ਵਾਲਾ[38] ਹੈ; ਉਹ[39] ਨਾਮ ਪੂਰਨ[40] ਗੁਰਾਂ ਦੇ ਰਾਹੀਂ[42] ਪ੍ਰਾਪਤ ਹੁੰਦਾ[41] ਹੈ ।
ਹੋਰੁ ਦੁਆਰਾ[43] ਕੋਇ ਨ ਸੂਝੈ[44] ॥	I can think[44] of no other door[43].	ਮੈਨੂੰ ਕਿਸੇ ਹੋਰਸ ਬੂਹੇ[43] ਦਾ ਖ਼ਿਆਲ[44] ਭੀ ਨਹੀਂ ਆਉਂਦਾ ।
[45]ਤ੍ਰਿਭਵਣ[46] ਧਾਵੈ[47] ਤਾ[48] ਕਿਛੂ ਨ ਬੂਝੈ[49] ॥	If man wanders[47] through the three[45] worlds[46], even then[48] he understands[49] naught.	ਜੇਕਰ ਬੰਦਾ ਤਿੰਨਾਂ[45] ਜਹਾਨਾਂ[46] ਦਾ ਰਟਨ[47] ਭੀ ਕਰ ਲਵੇ ਤਦ[48] ਭੀ ਉਸ ਨੂੰ ਕੋਈ ਸਮਝ[49] ਨਹੀਂ ਪੈਂਦੀ ।
ਸਤਿਗੁਰੁ ਸਾਹੁ[50] ਭੰਡਾਰੁ[51] ਨਾਮ ਜਿਸੁ ਇਹੁ ਰਤਨੁ[52] ਤਿਸੈ[53] ਤੇ[54] ਪਾਇਣਾ[55] ॥੪॥	The True Guru is the banker[50], who possesses the Name treasure[51]. This gem[52] of the Lord's Name is obtained[55] from[54] him[53].	ਸੱਚੇ ਗੁਰਦੇਵ ਜੀ ਹੀ ਸ਼ਾਹੂਕਾਰ[50] ਹਨ, ਜਿਨ੍ਹਾਂ ਦੇ ਕੋਲ ਨਾਮ ਦਾ ਖ਼ਜ਼ਾਨਾ[51] ਹੈ । ਸੁਆਮੀ ਦੇ ਨਾਮ ਦਾ ਇਹ ਹੀਰਾ[52] ਉਨ੍ਹਾਂ[53] ਪਾਸੋਂ[54] ਹੀ ਪ੍ਰਾਪਤ ਹੁੰਦਾ[55] ਹੈ ।
ਜਾਕੀ[56] ਧੂਰਿ[57] ਕਰੇ ਪੁਨੀਤਾ[58] ॥	He is the One, dust[57] of whose[56] feet sanctifies[58] one	ਇਹ ਉਹ ਹਨ, ਜਿਨ੍ਹਾਂ[56] ਦੇ ਚਰਨਾਂ ਦੀ ਧੂੜ[57] ਬੰਦੇ ਨੂੰ ਪਵਿੱਤ੍ਰ ਕਰ ਦਿੰਦੀ[58] ਹੈ ।

ਸੁਰਿ[59] ਨਰ[60] ਦੇਵ[61] ਨ ਪਾਵਹਿ ਮੀਤਾ[62] ॥	O friend[62], that sacred dust, even the angelic[59] persons[60] and gods[61] obtain not.	ਹੇ ਮਿੱਤ੍ਰ[62] ! ਉਸ ਪਵਿੱਤਰ ਧੂੜੀ ਨੂੰ ਦੇਵੀ[59] ਪੁਰਸ਼[60] ਅਤੇ ਦੇਵਤੇ[61] ਭੀ ਨਹੀਂ ਪਾਉਂਦੇ ।
ਸਤਿ[63] ਪੁਰਖੁ[64] ਸਤਿਗੁਰੁ ਪਰਮੇਸਰੁ[65] ਜਿਸੁ ਭੇਟਤ[66] ਪਾਰਿ ਪਰਾਇਣਾ[67] ॥੫॥	The True[63] personality[64] of the True Guru, is the embodiment of the Transcendent Lord[65], meeting[66] with whom, one is ferried across[67].	ਸੱਚੇ ਗੁਰਾਂ ਦੀ ਸੱਚੀ[63] ਵਿਅਕਤੀ[64] ਪਰਮ ਪ੍ਰਭੂ[65] ਦਾ ਸਰੂਪ ਹੈ, ਜਿਸ ਨਾਲ ਮਿਲਣ ਦੁਆਰਾ[66] ਇਨਸਾਨ ਪਾਰ ਉੱਤਰ ਜਾਂਦਾ[67] ਹੈ ।
ਪਾਰਜਾਤੁ[68] ਲੋੜਹਿ[69] ਮਨ[70] ਪਿਆਰੇ[71] ॥ ਕਾਮਧੇਨੁ[72] ਸੋਹੀ[73] ਦਰਬਾਰੇ[74] ॥ ਤ੍ਰਿਪਤਿ[75] ਸੰਤੋਖੁ[76] ਸੇਵਾ ਗੁਰ[77] ਪੂਰੇ[78] ਨਾਮੁ ਕਮਾਇ[79] ਰਸਾਇਣਾ[80] ॥੬॥	O my dear[71] soul[70], if thou wisheth[69] to have the "True of life[68]" and desirest that "Elysian cow[72]" should adron[73] thy court[74] then serve[77] thou the Perfect Guru[78], and practise[79] the Peace-giving[80] Name, that thou mayest be sated[75] and contented[76].	ਹੇ ਮੇਰੀ ਲਾਡਲੀ[71] ਜਿੰਦੜੀਏ[70] ! ਜੇਕਰ ਤੂੰ "ਕਲਪ[68] ਬ੍ਰਿਛ" ਪ੍ਰਾਪਤ ਕਰਨਾ ਚਾਹੁੰਦੀ[69] ਹੈਂ ਅਤੇ ਤੇਰੀ ਖ਼ਾਹਿਸ਼ ਹੈ ਕਿ "ਸਵਰਗੀ ਗਊ[72]" ਤੇਰੇ ਦਰਬਾਰ[74] ਨੂੰ ਸ਼ਸ਼ੋਭਤ[73] ਕਰੇ, ਤਦ ਤੂੰ ਪੂਰਨ ਗੁਰਾਂ[78] ਦੀ ਘਾਲ ਕਮਾ[77] ਅਤੇ ਆਰਾਮ ਬਖ਼ਸ਼ਣਹਾਰ[80] ਨਾਮ ਦੀ ਕਮਾਈ[79] ਕਰ, ਤਾਂ ਜੋ ਤੂੰ ਰੱਜ[75] ਕੇ ਸੰਤੁਸ਼ਟ[76] ਥੀ ਵੰਞੇਂ ।
ਗੁਰ ਕੈ ਸਬਦਿ[81] ਮਰਹਿ[82] ਪੰਚ ਧਾਤੂ[83] ॥	Through the Guru's gospel[81], the five desires[83] are stilled[82].	ਗੁਰਾਂ ਦੇ ਉਪਦੇਸ਼[81] ਰਾਹੀਂ, ਪੰਜ ਖ਼ਾਹਿਸ਼ਾਂ[83] ਮਿੱਟ ਜਾਂਦੀਆਂ[82] ਹਨ ।
ਭੈ[84] ਪਾਰਬ੍ਰਹਮ[85] ਹੋਵਹਿ ਨਿਰਮਲਾ[86] ਤੂ ॥	By the supreme Lord's[85] fear[84], thou shalt become immaculate[86].	ਸ੍ਰੀਮਣੀ ਸਾਹਿਬ[85] ਦੇ ਡਰ[84] ਦੁਆਰਾ ਤੂੰ ਪਾਵਨ ਪੁਨੀਤ[86] ਹੋ ਜਾਵੇਂਗਾ ।
ਪਾਰਸੁ[87] ਜਬ[88] ਭੇਟੈ[89] ਗੁਰੁ ਪੂਰਾ[90] ਤਾ[91] ਪਾਰਸੁ ਪਰਸਿ[92] ਦਿਖਾਇਣਾ[93] ॥੭॥	When[88] the Perfect[90] Guru, the philosper's stone[87], meets[89] with thee, then[91] his touch[92] reveals[93] unto thee thy Lord, the Philosopher's stone.	ਜਦੋ[88] ਰਸਾਇਨ[87] ਤੇ ਪੂਰਨ[90] ਗੁਰੂ ਤੈਨੂੰ ਮਿਲ ਪੈਂਦੇ[89] ਹਨ, ਤਦ[91] ਉਨ੍ਹਾਂ ਦੀ ਛੋਹ[92] ਤੈਨੂੰ ਤੇਰੇ ਪ੍ਰਭੂ, ਰਸਾਇਣ, ਨੂੰ ਵਿਖਾਲ ਦਿੰਦੀ[93] ਹੈ ।
ਕਈ[94] ਬੈਕੁੰਠ[95] ਨਾਹੀ ਲਵੈ ਲਾਗੇ[96] ॥	Millions[94] of heavens[95] equal[96] not the Lord's Name.	ਕ੍ਰੋੜਾਂ[94] ਸਵਰਗ[95] ਭੀ ਸੁਆਮੀ ਦੇ ਨਾਮ ਦੀ ਬਰਾਬਰੀ[96] ਨਹੀਂ ਕਰਦੇ ।
ਮੁਕਤਿ[97] ਬਪੁੜੀ[98] ਭੀ ਗਿਆਨੀ[99] ਤਿਆਗੇ[100] ॥	The Lord-divine[99] even forsakes[100] the desire of poor[98] emancipation[97].	ਬ੍ਰਹਮ ਬੇਤਾ[99], ਵਿਚਾਰੀ[98] ਕਲਿਆਣ[97] ਦੀ ਖ਼ਾਹਿਸ਼ ਨੂੰ ਭੀ, ਛੱਡ ਦਿੰਦਾ[100] ਹੈ ।
ਏਕੰਕਾਰੁ[2] ਸਤਿਗੁਰ ਤੇ[3] ਪਾਈਐ ਹਉ ਬਲਿ[4] ਬਲਿ ਗੁਰ ਦਰਸਾਇਣਾ[5] ॥੮॥	The One Lord[2] is obtained through[3] the True Guru. A sacrific[4], sacrific am I unto the vision[5] of my Guru.	ਇਕ ਸੁਆਮੀ[2] ਸੱਚੇ ਗੁਰਾਂ ਦੇ ਰਾਹੀਂ[3] ਹੀ ਪਾਇਆ ਜਾਂਦਾ ਹੈ । ਕੁਰਬਾਨ[4], ਕੁਰਬਾਨ ਮੈਂ ਵੰਞਦਾ ਹਾਂ, ਆਪਣੇ ਗੁਰਾਂ ਦੇ ਦੀਦਾਰ[5] ਉੱਤੋਂ ।
ਗੁਰ ਕੀ ਸੇਵ[6] ਨ ਜਾਣੈ ਕੋਈ ॥	No one knows how to serve[6] the Guru.	ਕੋਈ ਨਹੀਂ ਜਾਣਦਾ ਕਿ ਗੁਰਾਂ ਦੀ ਘਾਲ[6] ਕਿਸ ਤਰ੍ਹਾਂ ਕਮਾਉਣੀ ਹੈ ।
ਗੁਰ ਪਾਰਬ੍ਰਹਮੁ[7] ਅਗੋਚਰੁ[8] ਸੋਈ[9] ॥	He[9], the Guru, is himself the Inapprehensible[8] Transcendent[7] Lord.	ਉਹ[9] ਗੁਰਦੇਵ ਜੀ ਖ਼ੁਦ ਹੀ ਆਗਾਧ[8] ਪਰਮ[7] ਪ੍ਰਭੂ ਹਨ ।
ਜਿਸ ਨੋ ਲਾਇ[10] ਲਏ ਸੋ[12]	He alone[12], whom the Guru yokes[10]	ਕੇਵਲ[12] ਉਹ ਹੀ, ਜਿਸ ਨੂੰ ਗੁਰੂ ਜੀ ਆਪਣੀ ਟਹਿਲ

ਸੇਵਕੁ[13] ਜਿਸੁ ਵਡਭਾਗ[14] ਮਥਾਇਣਾ[15] ॥੯॥	to his service and on whose forehead[15] good fortune[14] is recorded; is said to be his slave[13].	ਸੇਵਾ ਅੰਦਰ ਜੋੜਦੇ[10] ਹਨ ਅਤੇ ਜਿਸ ਦੇ ਮੱਥੇ[15] ਤੇ ਚੰਗੀ ਪ੍ਰਾਲਭਦ[14] ਲਿਖੀ ਹੋਈ ਹੈ, ਉਨ੍ਹਾਂ ਦਾ ਗੋਲਾ[13] ਆਖਿਆ ਜਾਂਦਾ ਹੈ।
ਗੁਰ ਕੀ ਮਹਿਮਾ[16] ਬੇਦ ਨ ਜਾਣਹਿ ॥	The Guru's glory[16], even the Vedas know not.	ਗੁਰਾਂ ਦੀ ਪ੍ਰਭਤਾ[16] ਨੂੰ ਵੇਦ ਭੀ ਨਹੀਂ ਜਾਣਦੇ।
ਤੁਛ ਮਾਤ[16*] ਸੁਣਿ ਸੁਣਿ[17] ਵਖਾਣਹਿ[18] ॥	On the basis of mere hearsay[17] one utters[18] it, but a bit[16*].	ਕੇਵਲ ਸ੍ਰੋਤ ਦੇ ਆਧਾਰ ਤੇ[17] ਹੀ ਜੀਵ ਇਸ ਨੂੰ ਇਕ ਭੋਰਾ ਮਾਤ੍ਰ[16*] ਉਚਾਰਨ ਕਰਦਾ[18] ਹੈ।
ਪਾਰਬ੍ਰਹਮ[19] ਅਪਰੰਪਰ[20] ਸਤਿਗੁਰ ਜਿਸੁ ਸਿਮਰਤ[21] ਮਨੁ[22] ਸੀਤਲਾਇਣਾ[23] ॥ ੧੦॥	The True Guru is the most excellent[20] supreme Lord[19], contemplating[21] whom the soul[22] is cooled[23].	ਸੱਚੇ ਗੁਰੂ ਜੀ ਪਰਮ ਉੱਤਮ[20] ਸ੍ਰੇਸ਼ਟੀ ਸੁਆਮੀ[19] ਹਨ, ਜਿਨ੍ਹਾਂ ਦਾ ਆਰਾਧਨ[21] ਕਰਨ ਦੁਆਰਾ ਆਤਮਾ[22] ਠੰਢੀਠਾਰ[23] ਥੀ ਵੰਞਦੀ ਹੈ।
ਜਾ ਕੀ ਸੋਇ[24] ਸੁਣੀ ਮਨੁ[25] ਜੀਵੈ[26] ॥ ਰਿਦੈ[27] ਵਸੈ[28] ਤਾ[29] ਠੰਢਾ[30] ਥੀਵੈ[31] ॥	Hearing of whose sublimity[24], the soul[25] lives[26] and if He abides[28] within the mind[27], then[29] one is rendered[31] cool[30].	ਜਿਸ ਦੀ ਸੋਭਾ ਸੁਣ ਕੇ[24] ਜਿੰਦੜੀ[25] ਜਿਊਂਦੀ[26] ਹੈ ਅਤੇ ਜੇਕਰ ਉਹ ਹਿਰਦੇ[27] ਅੰਦਰ ਟਿੱਕ ਜਾਵੇ[28] ਤਦ[29] ਇਨਸਾਨ ਸੀਤਲ[30] ਹੋ ਜਾਂਦਾ[31] ਹੈ।
ਗੁਰੁ ਮੁਖਹੁ[32] ਅਲਾਏ[33] ਤਾ[34] ਸੋਭਾ[35] ਪਾਏ ਤਿਸੁ[36] ਜਮ ਕੈ[37] ਪੰਥਿ[38] ਨ ਪਾਇਣਾ[39] ॥੧੧॥	If the mortal utters[33] the Guru's Name with his mouth[32], then[34] obtains he[36] glory[35] and walks[39] not in the Yama's[37] path[38].	ਜੇਕਰ ਪ੍ਰਾਣੀ ਗੁਰਾਂ ਦੇ ਨਾਮ ਨੂੰ ਆਪਣੇ ਮੂੰਹ[32] ਨਾਲ ਉਚਾਰਨ[33] ਕਰੇ, ਤਦ[34] ਉਹ[36] ਮਹਿਮਾ[35] ਨੂੰ ਪ੍ਰਾਪਤ ਹੁੰਦਾ ਹੈ ਅਤੇ ਯਮ[37] ਦੇ ਰਸਤੇ[38] ਨਹੀਂ ਟੁਰਦਾ[39]।
ਸੰਤਨ ਕੀ ਸਰਣਾਈ[40] ਪੜਿਆ[41] ॥ ਜੀਉ[42] ਪ੍ਰਾਣ[43] ਧਨੁ[44] ਆਗੈ[45] ਧਰਿਆ[46] ॥	I have entered[41] into the sanctuary[40] of the saints and have placed[46] before[45] them my soul[42], life[43] and wealth[44].	ਮੈਂ ਸਾਧੂਆਂ ਦੀ ਪਨਾਹ[40] ਲਈ[41] ਹੈ ਅਤੇ ਮੈਂ ਆਪਣੀ ਜਿੰਦੜੀ[42], ਜਿੰਦ ਜਾਨ[43] ਤੇ ਦੌਲਤ[44] ਉਨ੍ਹਾਂ ਮੂਹਰੇ[45] ਰੱਖ ਦਿੱਤੀਆਂ[46] ਹਨ।
ਸੇਵਾ[47] ਸੁਰਤਿ[48] ਨ ਜਾਣਾ[49] ਕਾਈ ਤੁਮ ਕਰਹੁ[50] ਦਇਆ ਕਿਰਮਾਇਣਾ[52] ॥੧੨॥	I know[49] nothing of Thine service[47] and gnosis[48]. My Master, take[50] Thou pity[51] on me, a mere worm[52] of Thine.	ਮੈਂ ਤੇਰੀ ਟਹਿਲ ਸੇਵਾ[47] ਅਤੇ ਗਿਆਤ[48] ਨੂੰ ਕੁੱਛ ਭੀ ਨਹੀਂ ਜਾਣਦਾ[49]। ਮੈਂਡੇ ਮਾਲਕ, ਤੂੰ ਮੈਂ, ਆਪਣੇ ਤੁੱਛ ਕੀੜੇ[52], ਉੱਤੇ ਰਹਿਮਤ[51] ਧਾਰ[50]।
ਨਿਰਗੁਣ[53] ਕਉ ਸੰਗਿ[54] ਲੇਹੁ ਰਲਾਏ[55] ॥	Blend[55] Thou me, the meritless[53] one, with[54] Thee, O Lord.	ਤੂੰ ਮੈਨੂੰ, ਗੁਣ-ਵਿਹੂਣ[53] ਨੂੰ, ਆਪਣੇ ਨਾਲ[54] ਅਭੇਦ ਕਰ ਲੈ[55], ਹੇ ਸੁਆਮੀ!
ਕਰਿ[56] ਕਿਰਪਾ[57] ਮੋਹਿ[58] ਟਹਲੈ[59] ਲਾਏ[60] ॥	Showering[56] Thine benediction[57] yoke[60] me[58] to Thy service[59].	ਆਪਣੀ ਮਿਹਰ[57] ਧਾਰ ਕੇ[56] ਮੈਨੂੰ[58] ਆਪਣੀ ਸੇਵਾ[59] ਵਿੱਚ ਜੋੜ ਲੈ[60]।
ਪਖਾ ਫੇਰਉ[61] ਪੀਸਉ[62] ਸੰਤ ਆਗੈ[63] ਚਰਣ[64] ਧੋਇ[65] ਸੁਖੁ ਪਾਇਣਾ[66] ॥ ੧੩॥	I wave the fan[61], grind[62] corn for the saints and washing[65] their feet[64], am blessed[66] with peace.	ਮੈਂ ਪੱਖੀ ਝਲਦਾ[61] ਹਾਂ, ਸਾਧੂਆਂ ਲਈ, ਦਾਣੇ ਪੀਹਦਾ[62] ਹਾਂ ਅਤੇ ਉਨ੍ਹਾਂ ਦੇ ਪੈਰ[64] ਧੋ ਕੇ[65] ਸੁਖ ਪਾਉਂਦਾ[66] ਹਾਂ।

ਬਹੁਤੁ ਦੁਆਰੇ[67] ਭ੍ਰਮਿ[68] ਭ੍ਰਮਿ[69] ਆਇਆ ॥

Roaming[68] and rambling[69] about at many doors[67], I have come to Thee, O my Lord.

ਬਹੁਤਿਆਂ ਬੂਹਿਆਂ[67] ਤੇ ਟੱਕਰਾਂ ਮਾਰਦਾ[68] ਤੇ ਭਟਕਦਾ[69] ਹੋਇਆ ਮੈਂ ਤੇਰੇ ਕੋਲ ਆਇਆ ਹਾਂ, ਹੇ ਮੇਰੇ ਸੁਆਮੀ !

ਤੁਮਰੀ ਕ੍ਰਿਪਾ[70] ਤੇ[71] ਤੁਮ ਸਰਣਾਇਆ[72] ॥

By[71] Thine grace[70], I have entered into Thy sanctuary[72].

ਤੇਰੀ ਦਇਆ[70] ਦੁਆਰਾ[71], ਮੈਂ ਤੇਰੀ ਪਨਾਹ[72] ਲਈ ਹੈ ।

ਸਦਾ[73] ਸਦਾ ਸੰਤਹ ਸੰਗਿ[74] ਰਾਖਹੁ ਏਹੁ[77] ਨਾਮ ਦਾਨੁ[75] ਦੇਵਾਇਣਾ[76] ॥੧੪॥

Ever[73], ever keep Thou me in the saints' society[74] and bless[76] me with the gift[75] of this Name of Thine.

ਹਮੇਸ਼ਾ[73], ਹਮੇਸ਼ਾ ਹੀ ਤੂੰ ਮੈਨੂੰ ਸਤਿਸੰਗਤ[74] ਅੰਦਰ ਰੱਖ ਅਤੇ ਮੈਨੂੰ ਆਪਣੇ ਇਸ[77] ਨਾਮ ਦੀ ਦਾਤ[75] ਪਰਦਾਨ ਕਰ[76] ।

ਭਏ ਕ੍ਰਿਪਾਲ[78] ਗੁਸਾਈ[79] ਮੇਰੇ ॥ ਦਰਸਨੁ[80] ਪਾਇਆ ਸਤਿਗੁਰ ਪੂਰੇ[81] ॥

My Lord[79] has become merciful[78] and I have obtained the vision[80] of my Perfect[81] Guru.

ਮੇਰਾ ਸੁਆਮੀ[79] ਮਿਹਰਬਾਨ[78] ਹੋ ਗਿਆ ਹੈ ਅਤੇ ਮੈਨੂੰ ਆਪਣੇ ਪੂਰਨ[81] ਸੱਚੇ ਗੁਰਾਂ ਦਾ ਦੀਦਾਰ[80] ਪ੍ਰਾਪਤ ਹੋ ਗਿਆ ਹੈ ।

ਸੂਖ[82] ਸਹਜ[83] ਸਦਾ[84] ਆਨੰਦਾ[85] ਨਾਨਕ ਦਾਸ ਦਸਾਇਣਾ[86] ॥੧੫॥੨॥ ੭॥

Nanak is in ever[84] peace[82], poise[83] and bliss[85] and is called the slave of the Lord's slaves[86].

ਨਾਨਕ ਸਦੀਵੀ[84] ਆਰਾਮ[82], ਅਡੋਲਤਾ[83] ਅਤੇ ਖੁਸ਼ੀ[85] ਅੰਦਰ ਵਿਚਰਦਾ ਹੈ ਅਤੇ ਸੁਆਮੀ ਦੇ ਗੋਲਿਆਂ[86] ਦਾ ਗੋਲਾ ਆਖਿਆ ਜਾਂਦਾ ਹੈ ।

ਮਾਰੂ ਸੋਲਹੇ ਮਹਲਾ ੫

Maru Solhas 5th Guru

ਮਾਰੂ ਸੋਲਹੇ ਪੰਜਵੀਂ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਸਿਮਰੈ[87] ਧਰਤੀ[88] ਅਰੁ[89] ਆਕਾਸਾ[90] ॥

O Lord, the earth[88] contemplates[87] Thee and[89] also the sky[90].

ਹੇ ਸਾਂਈਂ ! ਜ਼ਮੀਨ[88] ਤੈਨੂੰ ਆਰਾਧਦੀ[87] ਹੈ ਅਤੇ[89] ਅਸਮਾਨ[90] ਭੀ ।

ਸਿਮਰਹਿ ਚੰਦ[91] ਸੂਰਜ[92] ਗੁਣ[93] ਤਾਸਾ[94] ॥

The moon[91] and the sun[92] contemplate Thee, O the Treasure[94] of virtue[93].

ਚੰਦਰਮਾ[91] ਅਤੇ ਸੂਰ[92] ਤੈਨੂੰ ਆਰਾਧਦੇ ਹਨ, ਹੇ ਨੇਕੀ[93] ਦੇ ਖ਼ਜ਼ਾਨੇ[94] !

ਪਉਣ[95] ਪਾਣੀ ਬੈਸੰਤਰ[96] ਸਿਮਰਹਿ ਸਿਮਰੈ ਸਗਲ ਉਪਾਰਜਨਾ[97] ॥੧॥

The air[95], water and fire[96] meditate on Thee and the entire creation[97] meditates on Thee, as well.

ਹਵਾ[95], ਜਲ ਅਤੇ ਅੱਗ[96] ਤੈਨੂੰ ਗਾਉਂਦੇ ਹਨ ਅਤੇ ਸਾਰੀ ਰਚਨਾ[97] ਭੀ ਤੈਨੂੰ ਹੀ ਯਾਦ ਕਰਦੀ ਹੈ ।

੧੦੭੯

ਸਿਮਰਹਿ ਖੰਡ[98] ਦੀਪ[99] ਸਭਿ ਲੋਆ[100] ॥

All the regions[98], islands[99] and worlds[100] ponder on Thee.

ਸਾਰੇ ਖਿੱਤੇ[98], ਜੰਜ਼ੀਰੇ[99] ਅਤੇ ਆਲਮ[100] ਤੇਰਾ ਆਰਾਧਨ ਕਰਦੇ ਹਨ ।

ਸਿਮਰਹਿ ਪਾਤਾਲ[2] ਪੁਰੀਆ[3] ਸਚੁ[4] ਸੋਆ[5] ॥

The under-worlds[2] and the spheres[3] meditate on that[5] True Lord[4].

ਪਾਤਾਲ[2] ਅਤੇ ਗੋਲਾਕਾਰ[3] ਉਸ[5] ਸੱਚੇ ਸੁਆਮੀ[4] ਦਾ ਆਰਾਧਨ ਕਰਦੇ ਹਨ ।

ਸਿਮਰਹਿ ਖਾਣੀ[6] ਸਿਮਰਹਿ ਬਾਣੀ[7] ਸਿਮਰਹਿ ਸਗਲੇ

Contemplate Thee the sources of creation[6], contemplate Thee speech[7]

ਤੈਂਡਾ ਚਿੰਤਨ ਕਰਦੇ ਹਨ ਉਤਪਤੀ[6] ਦੇ ਸੋਮੇ, ਤੈਂਡਾ ਚਿੰਤਨ ਕਰਦੀ ਹੈ ਬੋਲ-ਬਾਣੀ[7] ਅਤੇ ਤੈਂਡਾ ਚਿੰਤਨ

ਹਰਿ[8] ਜਨਾ ॥੨॥	and contemplate Thee all the godly men[8].	ਕਰਦੇ ਹਨ ਸਾਰੇ ਰੱਬ ਦੇ ਬੰਦੇ[8] ।
ਸਿਮਰਹਿ ਬ੍ਰਹਮੇ ਬਿਸਨ ਮਹੇਸਾ[9] ॥	Brahma, Vishnu and Shiva[9] dwell upon Thee, O Lord.	ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ[9] ਤੇਰਾ ਚਿੰਤਨ ਕਰਦੇ ਹਨ ।
ਸਿਮਰਹਿ ਦੇਵਤੇ ਕੋੜਿ ਤੇਤੀਸਾ[10] ॥	The thirty-three[10] crores of gods dwell upon Thee.	ਤੇਤੀ[10] ਕ੍ਰੋੜ ਦੇਵਤੇ ਤੇਰਾ ਚਿੰਤਨ ਕਰਦੇ ਹਨ ।
ਸਿਮਰਹਿ ਜਖਿ[12] ਦੈਤ[13] ਸਭਿ ਸਿਮਰਹਿ ਅਗਨਤੁ[14] ਨ ਜਾਈ ਜਸੁ[15] ਗਨਾ[16] ॥ ੩॥	The super-gods[12] remember Thee and remember Thee all the demons[13]. Innumerable[14] are Thine praises[15], O Lord, which can be counted[16] not.	ਉਤਕ੍ਰਿਸ਼ਟ ਦੇਵਤੇ[12] ਤੈਨੂੰ ਯਾਦ ਕਰਦੇ ਹਨ ਅਤੇ ਯਾਦ ਕਰਦੇ ਹਨ ਤੈਨੂੰ ਸਾਰੇ ਰਾਖਸ਼[13] । ਹੇ ਸੁਆਮੀ ! ਅਣਗਿਣਤ[14] ਹਨ ਤੇਰੀਆਂ ਕੀਰਤੀਆਂ[15] ਜੋ ਗਿਣੀਆਂ[16] ਨਹੀਂ ਜਾ ਸਕਦੀਆਂ ।
ਸਿਮਰਹਿ ਪਸੂ[17] ਪੰਖੀ[18] ਸਭਿ ਭੂਤਾ[19] ॥	All the beasts[17], birds[18] and hobgoblins[19] remember Thee, O Lord.	ਸਾਰੇ ਪਸ਼ੂ[17], ਪਰਿੰਦੇ[18] ਅਤੇ ਪ੍ਰੇਤ[19] ਤੈਨੂੰ ਯਾਦ ਕਰਦੇ ਹਨ, ਹੇ ਸੁਆਮੀ !
ਸਿਮਰਹਿ ਬਨ[20] ਪਰਬਤ[21] ਅਉਧੂਤਾ[22] ॥	The forests[20], mountains[21] and the renouncers[22] remember Thee, O Lord.	ਜੰਗਲ[20], ਪਹਾੜ[21] ਅਤੇ ਤਿਆਗੀ[22] ਤੈਨੂੰ ਯਾਦ ਕਰਦੇ ਹਨ, ਹੇ ਸੁਆਮੀ !
ਲਤਾ[23] ਬਲੀ[24] ਸਾਖ[25] ਸਭਿ ਸਿਮਰਹਿ ਰਵਿ ਰਹਿਆ[26] ਸੁਆਮੀ ਸਭ ਮਨਾ[27] ॥੪॥	All the parasite vines[23], creepers[24] and boughs[25] remember Thee. Thou, O Lord, art pervading[26] all the souls[27].	ਸਾਰੀਆਂ ਅੰਬਰ ਵੇਲਾਂ[23], ਵੇਲਾਂ[24] ਅਤੇ ਟਹਿਣੀਆਂ[25] ਤੈਨੂੰ ਯਾਦ ਕਰਦੀਆਂ ਹਨ । ਤੂੰ ਹੇ ਪ੍ਰਭੂ ! ਸਾਰੀਆਂ ਆਤਮਾਵਾਂ[27] ਵਿਚ ਵਿਆਪਕ ਹੋ ਰਿਹਾ[26] ਹੈਂ ।
ਸਿਮਰਹਿ ਥੂਲ[28] ਸੂਖਮ[29] ਸਭਿ ਜੰਤਾ[30] ॥	All the subtle[29] and gross[28] beings[30] remember Thee.	ਸਾਰੇ ਆਕਾਰ-ਰਹਿਤ[29] ਅਤੇ ਮਾਦੀ[28] ਜੀਵ[30] ਤੈਨੂੰ ਯਾਦ ਕਰਦੇ ਹਨ ।
ਸਿਮਰਹਿ ਸਿਧ[31] ਸਾਧਿਕ[22] ਹਰਿ ਮੰਤਾ[33] ॥	The adepts[31] and strivers[32] remember the Lord's Name[32].	ਪੂਰਨ ਪੁਰਸ਼[31] ਅਤੇ ਅਭਿਆਸੀ[32] ਸੁਆਮੀ[33] ਦੇ ਨਾਮ ਨੂੰ ਆਰਾਧਦੇ ਹਨ ।
ਗੁਪਤ[34] ਪ੍ਰਗਟ[35] ਸਿਮਰਹਿ ਪ੍ਰਭ ਮੇਰੇ ਸਗਲ ਭਵਨ[36] ਕਾ ਪ੍ਰਭ ਧਨਾ[37] ॥੫॥	The Invisible[34] and the visible[35] meditate on my Lord. My Lord is Master[37] of the world[36].	ਅਦ੍ਰਿਸ਼ਟ[34] ਅਤੇ ਦ੍ਰਿਸ਼ਟਮਾਨ[35], ਮੇਰੇ ਸੁਆਮੀ ਨੂੰ ਚੇਤੇ ਕਰਦੇ ਹਨ । ਮੇਰਾ ਸੁਆਮੀ ਸਾਰਿਆਂ ਜਹਾਨਾਂ[36] ਦਾ ਮਾਲਕ[37] ਹੈ ।
ਸਿਮਰਹਿ ਨਰ[38] ਨਾਰੀ[39] ਆਸਰਮਾ[40] ॥	All men[38], women[39] and the four institutions[40] dwell upon the Lord.	ਸਮੂਹ ਮਰਦ[38], ਇਸਤ੍ਰੀਆਂ[39] ਅਤੇ ਚਾਰੇ ਸ਼੍ਰੇਣੀਆਂ[40] ਸਾਹਿਬ ਦਾ ਭਜਨ ਕਰਦੀਆਂ ਹਨ ।
ਸਿਮਰਹਿ ਜਾਤਿ[41] ਜੋਤਿ[42] ਸਭਿ ਵਰਨਾ[43] ॥	All the castes[41], souls[42] and races[43] remember Him.	ਸਾਰੀਆਂ ਜਾਤੀਆਂ[41], ਨਸਲਾਂ[42] ਅਤੇ ਰੂਹਾਂ[43] ਉਸ ਨੂੰ ਚੇਤੇ ਕਰਦੀਆਂ ਹਨ ।
ਸਿਮਰਹਿ ਗੁਣੀ[44] ਚਤੁਰ[45] ਸਭਿ ਬੇਤੇ[46] ਸਿਮਰਹਿ ਰੈਣੀ[47] ਅਰੁ ਦਿਨਾ ॥੬॥	All the men of merit[44], wisdom[45] and knowledge[46] remember Thee and remember Thee night[47] and day as well, O Lord.	ਸਮੂਹ ਨੇਕ[44], ਸਿਆਣੇ[45] ਅਤੇ ਅਕਲਮੰਦ[46] ਇਨਸਾਨ ਤੈਨੂੰ ਚੇਤੇ ਕਰਦੇ ਹਨ ਅਤੇ ਤੈਨੂੰ ਚੇਤੇ ਕਰਦੇ ਹਨ ਰਾਤ[47] ਅਤੇ ਦਿਨ, ਹੇ ਸੁਆਮੀ !

ਸਿਮਰਹਿ ਘੜੀ[48] ਮੂਰਤ[49] ਪਲ[50] ਨਿਮਖਾ[51] ॥	Remember Thee, the durations of 24 minutes[48], 48 minutes[49], 24 seconds[50] and the moments[51].	ਤੈਨੂੰ ਸਿਮਰਦੇ ਹਨ ਚੌਵੀ ਮਿੰਟਾਂ[48], ਅਠਤਾਲੀ ਮਿੰਟਾਂ[49], ਚੌਵੀ ਸੈਕਿੰਡਾਂ[50] ਦੇ ਅਰਸੇ ਅਤੇ ਮੁਹਤ[51] ।
ਸਿਮਰੈ ਕਾਲੁ[52] ਅਕਾਲੁ[53] ਸੁਚਿ[54] ਸੋਚਾ[55] ॥	Dwell upon Thee death[52], birth[53] and the thoughts[55] of purification[54].	ਤੈਨੂੰ ਆਰਾਧਦੇ ਹਨ ਮਰਨ[52], ਜੰਮਣ[53] ਅਤੇ ਪਵਿੱਤ੍ਰਤਾ[54] ਦੇ ਖ਼ਿਆਲ[55] ।
ਸਿਮਰਹਿ ਸਉਣ[60] ਸਾਸਤ ਸੰਜੋਗਾ[56] ਅਲਖੁ[57] ਨ ਲਖੀਐ[58] ਇਕੁ ਖਿਨਾ[59] ॥ ੭॥	The Shashtras, which tell of auspicious omens[60] and unions[56] dwell upon Thee, O Lord. The Invisible One[57] can be seen[58] not even for a moment[59].	ਸ਼ਾਸਤਰ, ਜੋ ਸ਼ੁਭ ਸ਼ਗਨਾਂ[60] ਅਤੇ ਮੇਲ ਮਿਲਾਪਾਂ[56] ਬਾਰੇ ਦਸਦੇ ਹਨ, ਭੀ ਤੈਨੂੰ ਆਰਾਧਦੇ ਹਨ, ਹੇ ਪ੍ਰਭੂ ! ਅਦ੍ਰਿਸ਼ਟ ਪੁਰਖ[57] ਇੱਕ ਮੁਹਤ[59] ਭਰ ਲਈ ਭੀ ਦੇਖਿਆ[58] ਨਹੀਂ ਜਾ ਸਕਦਾ ।
ਕਰਨ[61] ਕਰਾਵਨਹਾਰ[62] ਸੁਆਮੀ ॥	The Lord is the Doer[61] and the Prompter[62] of deeds.	ਪ੍ਰਭੂ, ਕੰਮਾਂ ਦੇ ਕਰਨ[61] ਅਤੇ ਕਰਾਉਣ ਵਾਲਾ[62] ਹੈ ।
ਸਗਲ ਘਟਾ[63] ਕੇ ਅੰਤਰਜਾਮੀ[64] ॥	He is the knower[64] of all the hearts[63].	ਉਹ ਸਾਰਿਆਂ ਦਿਲਾਂ[63] ਦੀਆਂ ਜਾਣਨਹਾਰ[64] ਹੈ ।
ਕਰਿ[65] ਕਿਰਪਾ[66] ਜਿਸੁ ਭਗਤੀ[67] ਲਾਵਹੁ[68] ਜਨਮੁ[69] ਪਦਾਰਥੁ[70] ਸੋ[71] ਜਿਨਾ[72] ॥ ੮॥	Showing[65] mercy[66], he whom Thou, O Lord, yokest[68] to Thy service[67]; He[71] wins[72] the invaluable[70] human life[69].	ਰਹਿਮਤ[66] ਧਾਰ[65] ਕੇ, ਜਿਸ ਨੂੰ ਤੂੰ ਆਪਣੀ ਸੇਵਾ[67] ਅੰਦਰ ਜੋੜਦਾ[68] ਹੈਂ, ਹੇ ਸੁਆਮੀ ! ਉਹ[71] ਅਮੋਲਕ[70] ਮਨੁੱਖੀ ਜੀਵਨ[69] ਨੂੰ ਜਿੱਤ[72] ਲੈਂਦਾ ਹੈ ।
ਜਾ ਕੈ ਮਨਿ ਵੂਠਾ[73] ਪ੍ਰਭੁ ਅਪਨਾ ॥ ਪੂਰੈ[74] ਕਰਮਿ[75] ਗੁਰ[78] ਕਾ ਜਪੁ[76] ਜਪਨਾ[77] ॥	He, within whose mind His Lord abides[73], is of perfect[74] destiny[75] and utters[77] the Name[76]of the Guru-God[78].	ਜਿਸ ਦੇ ਹਿਰਦੇ ਅੰਦਰ ਉਸ ਦਾ ਪ੍ਰਮੇਸ਼ਵਰ ਵਸਦਾ[73] ਹੈ; ਉਹ ਪੂਰਨ[74] ਪ੍ਰਾਲਭਦ[70] ਵਾਲਾ ਹੈ ਅਤੇ ਗੁਰੂ ਪ੍ਰਮੇਸ਼ਵਰ[78] ਦੇ ਨਾਮ[76] ਦਾ ਉਚਾਰਨ ਕਰਦਾ[77] ਹੈ ।
ਸਰਬ[79] ਨਿਰੰਤਰਿ[80] ਸੋ[81] ਪ੍ਰਭੁ ਜਾਤਾ[82] ਬਹੁੜਿ[83] ਨ ਜੋਨੀ[84] ਭਰਮਿ[85] ਰੁਨਾ[86]॥੯॥	He, who realises[82] that[81] Lord within[80] all[79], wanders[85] and wails[86] not in existences[84], again[83].	ਜੋ ਸਾਰਿਆਂ[79] ਅੰਦਰ[80] ਉਸ[81] ਸੁਆਮੀ ਨੂੰ ਅਨੁਭਵ ਕਰਦਾ[82]ਹੈ, ਉਹ ਮੁੜ[83] ਕੇ ਜੂਨੀਆਂ[84] ਅੰਦਰ ਭਟਕਦਾ[85] ਤੇ ਰੋਂਦਾ[86] ਨਹੀਂ ।
ਗੁਰ ਕਾ ਸੰਬਦੁ[87] ਵਸੈ[88] ਮਨਿ ਜਾਕੈ ॥ ਦੂਖੁ[89] ਦਰਦੁ[90] ਭ੍ਰਮੁ[91] ਤਾਕਾ[92] ਭਾਗੈ[93] ॥	He, within whose mind, the Guru's word[87] abides[88]; His[92] sorrow[89], pain[90] and doubt[91] flee[93].	ਜਿਸ ਦੇ ਹਿਰਦੇ ਅੰਦਰ ਗੁਰਾਂ ਦੀ ਬਾਣੀ[87] ਨਿਵਾਸ ਰਖਦੀ[88] ਹੈ; ਉਸ[92] ਦਾ ਗ਼ਮ[89], ਪੀੜ[90] ਅਤੇ ਸੰਦੇਹ[91] ਦੌੜ ਜਾਂਦੇ[93] ਹਨ ।
ਸੂਖ[94] ਸਹਜ[95] ਆਨੰਦ[96] ਨਾਮ ਰਸੁ[97] ਅਨਹਦ ਬਾਣੀ[98] ਸਹਜ[99] ਧੁਨਾ[100] ॥੧੦॥	He bides in the peace[94], poise[95] and the bliss[96] of the Name-Nectar[97] and the celestial strain[98] naturally[99] resounds[100] for him.	ਉਹ ਨਾਮ-ਅੰਮ੍ਰਿਤ[97] ਦੇ ਆਰਾਮ[94], ਅਡੋਲਤਾ[95] ਤੇ ਖ਼ੁਸ਼ੀ[96] ਅੰਦਰ ਵਸਦਾ ਹੈ ਅਤੇ ਉਸ ਲਈ ਬੈਕੁੰਠੀ ਕੀਰਤਨ[98] ਸੁਤੇ ਸਿੱਧ[99] ਹੀ ਗੂੰਜਦਾ[100] ਹੈ ।
ਸੋ[2] ਧਨਵੰਤਾ[3] ਜਿਨਿ ਪ੍ਰਭੁ ਧਿਆਇਆ[4] ॥	He[2] alone is wealthy[3] who contemplates[4] his Lord.	ਕੇਵਲ ਉਹ[2] ਹੀ ਅਮੀਰ[3] ਹੈ ਜੋ ਆਪਣੇ ਸੁਆਮੀ ਦਾ ਸਿਮਰਨ ਕਰਦਾ[4] ਹੈ ।

ਸੋ ਪਤਿਵੰਤਾ[5] ਜਿਨਿ ਸਾਧ ਸੰਗੁ ਪਾਇਆ[6] ॥	He alone is honourable[5], who associates[6] with the society of saints.	ਕੇਵਲ ਉਹ ਹੀ ਇੱਜ਼ਤ ਆਬਰੂ ਵਾਲਾ[5] ਹੈ ਜੋ ਸਤਿਸੰਗਤ ਅੰਦਰ ਜੁੜਦਾ[6] ਹੈ ।
ਪਾਰਬ੍ਰਹਮੁ[7] ਜਾ ਕੈ ਮਨਿ ਵੂਠਾ[8] ਸੋ ਪੂਰ[9] ਕਰੰਮਾ[10] ਨਾ ਛਿਨਾ[12] ॥੧੧॥	He, within whose mind the Supreme Lord[7] abides[8], is of perfect[9] destiny[10] and remains not unknown[12].	ਜਿਸ ਦੇ ਹਿਰਦੇ ਅੰਦਰ ਸ੍ਰੇਸ਼ਟੀ ਸਾਹਿਬ[7] ਵਸਦਾ[8] ਹੈ । ਉਹ ਪੂਰਨ[9] ਪ੍ਰਾਲਭਦ[10] ਵਾਲਾ ਹੈ ਅਤੇ ਅ-ਪ੍ਰਸਿੱਧ[12] ਨਹੀਂ ਰਹਿੰਦਾ ।
ਜਲਿ[13] ਥਲਿ[14] ਮਹੀਅਲਿ[15] ਸੁਆਮੀ ਸੋਈ[16] ॥	He[16], the Lord, is pervading the water[13], dry land[14] and the sky[15].	ਉਹ[16] ਪ੍ਰਭੂ ਪਾਣੀ[13], ਸੁੱਕੀ ਧਰਤੀ[14] ਅਤੇ ਆਕਾਸ਼[15] ਅੰਦਰ ਵਿਆਪਕ ਹੈ ।
ਅਵਰੁ ਨ ਕਹੀਐ[17] ਦੂਜਾ ਕੋਈ ॥	There is not another, who can be said[17] to be so pervading.	ਕੋਈ ਹੋਰ ਦੂਸਰਾ ਇਸ ਤਰ੍ਹਾਂ ਵਿਆਪਕ ਆਖਿਆ[17] ਨਹੀਂ ਜਾ ਸਕਦਾ ।
ਗੁਰ ਗਿਆਨ[18] ਅੰਜਨਿ[19] ਕਾਟਿਓ[20] ਭ੍ਰਮੁ[21] ਸਗਲਾ ਅਵਰੁ[23] ਨ ਦੀਸੈ ਏਕ[22] ਬਿਨਾ ॥੧੨॥	The salv[10] of the Guru's gnosis[18] has rid[20] me of all my doubt[21] and without the One Lord[22], I now see not another[23].	ਗੁਰਾਂ ਦੀ ਗਿਆਤ[18] ਦੇ ਸੁਰਮੇ[19]ਨੇ ਮੇਰਾ ਸਾਰਾ ਸੰਦੇਹ[21] ਨਵਿਰਤ ਕਰ ਦਿੱਤਾ[20] ਹੈ ਅਤੇ ਇੱਕ ਸੁਆਮੀ[22] ਦੇ ਬਗ਼ੈਰ, ਮੈਂ ਕਿਸੇ ਹੋਰਸ[23] ਨੂੰ ਨਹੀਂ ਦੇਖਦਾ ।
ਊਚੇ ਤੇ ਊਚਾ[24] ਦਰਬਾਰਾ[25] ॥	The highest[24] of the high is the Lord's court[25].	ਉੱਚਿਆਂ ਤੋਂ ਉੱਚਾ[24] ਹੈ ਸੁਆਮੀ ਦਾ ਦਰਬਾਰ[25] ।
ਕਹਣੁ[26] ਨ ਜਾਈ ਅੰਤੁ[27] ਨ ਪਾਰਾ[28] ॥	The Lord's limit[27] and extent[28] can be described[26] not.	ਸਾਂਈਂ ਦਾ ਓੜਕ[27] ਅਤੇ ਵਿਸਥਾਰ[28] ਬਿਆਨ ਕੀਤਾ[26] ਨਹੀਂ ਜਾ ਸਕਦਾ ।
ਗਹਿਰ[29] ਗੰਭੀਰ[30] ਅਥਾਹ[31] ਸੁਆਮੀ ਅਤੁਲੁ[32] ਨ ਜਾਈ ਕਿਆ[33] ਮਿਨਾ[34] ॥੧੩॥	The Lord is deep[29], Profound[30], Unfathomable[31] and Unweightable[32]. How[33] can one measure[34] Him ?	ਪ੍ਰਭੂ ਡੂੰਘਾ[29], ਸੰਜੀਦਾ[30], ਬੇਥਾਹ[31] ਅਤੇ ਅਮਾਪ[32] ਹੈ । ਇਨਸਾਨ ਉਸ ਨੂੰ ਕਿਸ ਤਰ੍ਹਾਂ[33] ਮਿਣ[34] ਸਕਦਾ ਹੈ ?
ਤੂ ਕਰਤਾ[35] ਤੇਰਾ ਸਭੁ ਕੀਆ[36] ॥	Thou art the Creator[35]-Lord and all are created[36] by Thee.	ਤੂੰ ਸਿਰਜਣਹਾਰ[35]-ਸੁਆਮੀ ਹੈਂ ਅਤੇ ਸਾਰੇ ਤੇਰੇ ਹੀ ਸਿਰਜੇ[36] ਹੋਏ ਹਨ ।
ਤੁਝੁ ਬਿਨੁ ਅਵਰੁ[37] ਨ ਕੋਈ ਬੀਆ[38] ॥	Without Thee, there is not any other[37] second[38].	ਤੇਰੇ ਬਗ਼ੈਰ ਹੋਰ[37] ਕੋਈ ਦੂਸਰਾ[38] ਨਹੀਂ ।
ਆਦਿ[39] ਮਧਿ[40] ਅੰਤਿ[41] ਪ੍ਰਭੁ ਤੂਹੈ ਸਗਲ[42] ਪਸਾਰਾ[43] ਤੁਮ ਤਨਾ[44] ॥੧੪॥	Thou alone, O Lord, art in the beginning[39], the middle[40] and the end[41] and Thou art the Root[44] of the entire[42] world[43].	ਕੇਵਲ ਤੂੰ ਹੀ, ਹੇ ਸੁਆਮੀ ਆਰੰਭ[39], ਵਿਚਕਾਰ[40] ਅਤੇ ਅਖ਼ੀਰ[41] ਵਿਚ ਹੈਂ ਅਤੇ ਤੂੰ ਹੀ ਸਾਰੇ[42] ਸੰਸਾਰ[43] ਦਾ ਮੁੱਢ[44] ਹੈਂ ।
[45]ਜਮਦੂਤੁ[46] ਤਿਸੁ[47] ਨਿਕਟਿ[48] ਨ ਆਵੈ ॥ ਸਾਧ ਸੰਗਿ ਹਰਿ ਕੀਰਤਨੁ[49] ਗਾਵੈ ॥	The myrmidon[46] of death[45] comes not near[48] him[47], who in the saints' society sings God's praise[49].	ਮੌਤ[45] ਦਾ ਫਰੇਸ਼ਤਾ[46] ਉਸ ਦੇ[47] ਨੇੜੇ[48] ਨਹੀਂ ਆਉਂਦਾ, ਜੋ ਸਤਿਸੰਗਤ ਅੰਦਰ ਹਰੀ ਦਾ ਜੱਸ[49] ਗਾਇਨ ਕਰਦਾ ਹੈ ।
ਸਗਲ ਮਨੋਰਥ[50] ਤਾਕੇ[51] ਪੂਰਨ[52] ਜੋ ਸ੍ਰਵਣੀ[53] ਪ੍ਰਭ ਕਾ ਜਸੁ[54] ਸੁਨਾ ॥੧੫॥	All the desires[50] of him[51] are fulfilled[52], who, with his ears[53], hears the Lord's praise[54].	ਉਸ ਦੀਆਂ[51] ਸਾਰੀਆਂ ਖ਼ਾਹਿਸ਼ਾਂ[50] ਪੂਰੀਆਂ ਹੋ ਜਾਂਦੀਆਂ[52] ਹਨ, ਜੋ ਆਪਣੇ ਕੰਨਾਂ[53] ਨਾਲ ਸਾਂਈਂ ਦੀ ਮਹਿਮਾ ਸ੍ਰਵਣ ਕਰਦਾ ਹੈ ।

ਤੂ ਸਭਨਾ[55] ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ[56] ਗੰਭੀਰਾ[57] ॥	Thou belongest to all[58] and all belong to Thee, O my Deep[56] and Unfathomable[57] True Lord.	ਤੂੰ ਸਾਰਿਆਂ[55] ਦਾ ਹੈਂ ਅਤੇ ਸਾਰੇ ਤੇਰੇ ਹਨ, ਹੇ ਮੇਰੇ ਡੂੰਘੇ[56] ਅਤੇ ਅਥਾਹ[56] ਸੱਚੇ ਸੁਆਮੀ !
੧੦੮੦		
ਕਹੁ ਨਾਨਕ ਸੇਈ[58] ਜਨ[62] ਉਤਮ[59] ਜੋ ਭਾਵਹਿ[60] ਸੁਆਮੀ ਤੁਮ ਮਨਾ[61] ॥੧੬॥੧॥੮॥	Says Nanak, only those[58] persons[62] are sublime[59], who are pleasing[60] to Thy mind[61], O Lord.	ਗੁਰੂ ਜੀ ਆਖਦੇ ਹਨ, ਕੇਵਲ ਉਹ[58] ਪੁਰਸ਼[62] ਹੀ ਸ੍ਰੇਸ਼ਟ[59] ਹਨ ਜਿਹੜੇ ਤੇਰੇ ਚਿੱਤ[61] ਨੂੰ ਚੰਗੇ ਲਗਦੇ[60] ਹਨ, ਹੇ ਪ੍ਰਭੂ !
ਮਾਰੂ ਮਹਲਾ ੫ ॥	Maru 5th Guru.	ਮਾਰੂ ਪੰਜਵੀਂ ਪਾਤਿਸਾਹੀ ।
ਪ੍ਰਭ ਸਮਰਥ[63] ਸਰਬ ਸੁਖ ਦਾਨਾ[64] ॥	The Omnipotent Lord[63] is the Giver[64] of all the comforts.	ਸਰਬ ਸਕਤੀਵਾਨ ਪ੍ਰਭੂ[63] ਸਾਰੇ ਸੁਖ ਦੇਣ ਵਾਲਾ[64] ਹੈ ।
ਸਿਮਰਉ[66] ਨਾਮੁ ਹੋਹੁ ਮਿਹਰਵਾਨਾ[65] ॥	Be Thou merciful[65] unto me, that I may contemplate[66] Thy Name, O Lord.	ਤੂੰ ਮੇਰੇ ਉੱਤੇ ਦਇਆਵਾਨ[65] ਹੋ, ਤਾਂ ਜੋ ਮੈਂ ਤੇਰੇ ਨਾਮ ਦਾ ਆਰਾਧਨ[66] ਕਰਾਂ, ਹੇ ਸੁਆਮੀ !
ਹਰਿ ਦਾਤਾ[67] ਜੀਅ[68] ਜੰਤ ਭੇਖਾਰੀ[69] ਜਨੁ[70] ਬਾਂਛੈ[71] ਜਾਚੰਗਨਾ[72] ॥੧॥	God is the Giver[67] and all creatures[68] are His mumpers[69]. His saints[70] wish[71] to ask for vision[72].	ਵਾਹਿਗੁਰੂ ਦਾਤਾਰ[67] ਹੈ ਤੇ ਸਾਰੇ ਜੀਵ[68] ਉਸ ਦੇ ਮੰਗਤੇ[69] ਹਨ । ਉਸ ਦੇ ਸੰਤ[70], ਉਸ ਦਾ ਦੀਦਾਰ, ਮੰਗਣਾ[72] ਲੋੜਦੇ[71] ਹਨ ।
ਮਾਗਉ[73] ਜਨ ਧੂਰਿ[74] ਪਰਮ[75] ਗਤਿ[76] ਪਾਵਉ[77] ॥ ਜਨਮ ਜਨਮ[78] ਕੀ ਮੈਲੁ[79] ਮਿਟਾਵਉ[80] ॥	I ask for[73] the dust[74] of the saints, feet, that I may be blessed[77] with the supreme[75] status[76] and be rid of[80] the filth[79] of many births[78].	ਮੈਂ ਸਾਧੂਆਂ ਦੇ ਚਰਨਾਂ ਦੀ ਧੂੜ[74] ਦੀ ਯਾਚਨਾ ਕਰਦਾ[73] ਹਾਂ, ਤਾਂ ਜੋ ਮੈਂ ਮਹਾਨ[75] ਮਰਤਬੇ[76] ਨੂੰ ਪ੍ਰਾਪਤ[77] ਹੋ ਜਾਵਾਂ ਅਤੇ ਅਨੇਕਾਂ ਜਨਮਾਂ[78] ਦੀ ਮਲੀਣਤਾ[79] ਤੋਂ ਖ਼ਲਾਸੀ ਪਾ ਜਾਵਾਂ[80] ।
ਦੀਰਘ[81] ਰੋਗ[82] ਮਿਟਹਿ[83] ਹਰਿ ਅਉਖਧਿ[84] ਹਰਿ ਨਿਰਮਲਿ[85]ਰਾਪੈ[86]ਮੰਗਨਾ[88]॥ ੨॥	The chronic[81] diseases[82] are cured[83] with the Lord's Name's medicine[84]. I creave[88] to be imbued[86] with the Immaculate Lord[85].	ਪੁਰਾਣੀਆਂ[81] ਬੀਮਾਰੀਆਂ[82] ਸਾਂਈਂ ਦੇ ਨਾਮ ਦੀ ਦਵਾਈ[84] ਨਾਲ ਦੂਰ ਹੋ ਜਾਂਦੀਆਂ[83] ਹਨ । ਮੈਂ ਪਵਿੱਤ੍ਰ ਪ੍ਰਭੂ[85] ਦੇ ਨਾਲ ਰੰਗਿਆ ਜਾਣਾ[86] ਲੋੜਦਾ[88] ਹਾਂ ।
ਸ੍ਰਵਣੀ[87] ਸੁਣਉ ਬਿਮਲ[89] ਜਸੁ[90] ਸੁਆਮੀ ॥	With my ears[87], I hear the Lord's pure[89] praise[90].	ਆਪਣਿਆਂ ਕੰਨਾਂ[87] ਨਾਲ ਮੈਂ ਪ੍ਰਭੂ ਦੀ ਪਾਵਨ[89] ਕੀਰਤੀ[90] ਸੁਣਦਾ ਹਾਂ ।
ਏਕਾ[91] ਓਟ[92] ਤਜਉ[93] ਬਿਖੁ[94] ਕਾਮੀ[95] ॥	Seeking the One Lord's[91] refuge[92], I have abandoned[93] the desire[95] for vice[94].	ਇਕ ਪ੍ਰਭੂ[91] ਦੀ ਪਨਾਹ[92] ਲੈ ਕੇ ਮੈਂ ਬਦੀ[94] ਦੀ ਖ਼ਾਹਿਸ਼[95] ਨੂੰ ਛੱਡ ਦਿੱਤਾ[93] ਹੈ ।
ਨਿਵਿ ਨਿਵਿ[96] ਪਾਇ[97] ਲਗਉ[98] ਦਾਸ[99] ਤੇਰੇ ਕਰਿ ਸੁਕ੍ਰਿਤੁ[100] ਨਾਹੀ ਸੰਗਨਾ[2] ॥ ੩॥	Bending low[96] I fall[98] at the feet[97] of Thine slaves[99] and feel not shy[2] in doing goods deeds[100].	ਨੀਵਾਂ ਝੁਕ[96] ਕੇ ਮੈਂ ਤੇਰੇ ਗੋਲਿਆਂ[99]ਦੇ ਪੈਰੀਂ[97] ਪੈਂਦਾ[98] ਹਾਂ ਅਤੇ ਚੰਗੇ ਕਰਮ[100] ਕਰਦਾ ਹੋਇਆ ਸ਼ਰਮ[2] ਨਹੀਂ ਕਰਦਾ ।
ਰਸਨਾ[3] ਗੁਣ[4] ਗਾਵੈ ਹਰਿ	My God, my tongue[3] sings Thy	ਮੇਰੇ ਵਾਹਿਗੁਰੂ, ਮੇਰੀ ਜੀਭ[3] ਤੇਰਾ ਜੱਸ[4] ਗਾਇਨ

ਤੇਰੇ ॥ ਮਿਟਹਿ[5] ਕਮਾਤੇ ਅਵਗੁਣ[6] ਮੇਰੇ ॥	praise[4] and the sins[6], committed by me, are washed off[5].	ਕਰਦੀ ਹੈ ਅਤੇ ਮੇਰੇ ਕੀਤੇ ਹੋਏ ਪਾਪ[6] ਧੋਤੇ ਗਏ[5] ਹਨ ।
ਸਿਮਰਿ[7] ਸਿਮਰਿ[8] ਸੁਆਮੀ ਮਨੁ[9] ਜੀਵੈ ਪੰਚ ਦੂਤ[10] ਤਜਿ[12] ਤੰਗਨਾ[13] ॥੪॥	O Lord, my soul[9] lives on Thine rememberance[7] and contemplation[8] and is rid of[12] the five vexation[13] demons[10].	ਹੇ ਸਾਂਈਂ ! ਮੇਰੀ ਆਤਮਾ[9] ਤੇਰਾ ਭਜਨ[7] ਤੇ ਆਰਾਧਨ[8] ਕਰਕੇ ਜੀਉਂਦੀ ਹੈ, ਅਤੇ ਮੈਂ ਪੰਜ ਤੰਗ ਕਰਨ ਵਾਲੇ[13] ਵਿਕਾਰਾਂ[10] ਤੋਂ ਖ਼ਲਾਸੀ ਪਾ ਗਈ[12] ਹੈ ।
ਚਰਨ[14] ਕਮਲ[15] ਜਪਿ[16] ਬੋਹਿਥਿ[17] ਚਰੀਐ[18] ॥	Contemplating[16] Thee, O Lord, one boards[18] the boat[17] of Thine lotus[15] feet[14].	ਤੇਰਾ ਸਿਮਰਨ ਕਰਨ[16] ਦੁਆਰਾ, ਹੇ ਸੁਆਮੀ ! ਬੰਦਾ ਤੇਰੇ ਕੰਵਲ[15] ਚਰਨਾਂ[14] ਦੇ ਜਹਾਜ਼[17] ਉੱਤੇ ਚੜ੍ਹ ਜਾਂਦਾ[18] ਹੈ ।
ਮੇਤਸੰਗਿ ਮਿਲਿ ਸਾਗਰੁ[19] ਤਰੀਐ[20] ॥	Meeting with the saints' society, the world ocean[19] is ferried across[20].	ਸਤਿ ਸੰਗਤ ਨਾਲ ਮਿਲਣ ਦੁਆਰਾ ਸੰਸਾਰ ਸਮੁੰਦਰ[19] ਤੋਂ ਪਾਰ ਹੋ ਜਾਈਦਾ[20] ਹੈ ।
ਅਰਚਾ[21] ਬੰਦਨ[22] ਹਰਿ ਸਮਤ[23] ਨਿਵਾਸੀ[24] ਬਾਹੁੜਿ[25] ਜੋਨਿ[26] ਨ ਨੰਗਲਾ[27] ॥੫॥	To realise the Lord pervading[24] all alike[23] is my flower-offering[21] and obeisance[22] and so I shall not again[25] go naked[27] in existences[26].	ਸੁਆਮੀ ਨੂੰ ਸਾਰੇ ਇੱਕ ਸਮਾਨ[23] ਵਿਆਪਕ[24] ਅਨੁਭਵ ਕਰਨਾ ਮੇਰੀ ਫੂਲ-ਭੇਟਾ[21] ਅਤੇ ਪ੍ਰਣਾਮ[22] ਹੈ, ਅਤੇ ਇਸ ਲਈ ਮੈਂ ਮੁੜ ਕੇ ਜੂਨੀਆਂ[26] ਅੰਦਰ ਨੰਗਾ-ਧੜੰਗਾ[27] ਨਹੀਂ ਜਾਵਾਂਗਾ ।
ਦਾਸ[28] ਦਾਸਨ ਕੋ ਕਰਿ[29] ਲੇਹੁ [30]ਗੁਪਾਲਾ[31] ॥	O the Cherisher[31] of the world[30], make[29] Thou me the slave[28] of Thine slaves.	ਹੇ ਸੰਸਾਰ[30] ਦੇ ਪਾਲਣ-ਪੋਸਣਹਾਰ[31] ! ਤੂੰ ਮੈਨੂੰ ਆਪਣੀਆਂ ਗੋਲਿਆਂ ਦਾ ਗੋਲਾ[28] ਬਣਾ[29] ਲੈ ।
ਕ੍ਰਿਪਾ[32] ਨਿਧਾਨ[33] ਦੀਨ[34] ਦਇਆਲਾ[35] ॥	Thou art the Treasure[33] of grace[32] and compassionate[35] to the meek[34].	ਤੂੰ ਰਹਿਮਤ[32] ਦਾ ਖ਼ਜ਼ਾਨਾ[33] ਅਤੇ ਮਸਕੀਨਾਂ[34] ਉੱਤੇ ਮਿਹਰਬਾਨ[35] ਹੈਂ ।
ਸਖਾ[36] ਸਹਾਈ[37] ਪੂਰਨ[38] ਪਰਮੇਸੁਰ[39] ਮਿਲੁ[40] ਕਦੇ[41] ਨ ਹੋਵੀ ਭੰਗਨਾ[42] ॥੬॥	Meeting[40] with the Perfect[38] Transcendent Lord[39], thy comrade[36] and Helper[37], thou shalt not ever[41] separate[42] from Him again.	ਆਪਣੇ ਸਾਥੀ[36] ਅਤੇ ਸਹਾਇਕ[37] ਪੂਰੇ[38] ਪਰਮ ਪ੍ਰਭੂ[39] ਨਾਲ ਮਿਲ ਪੈਣ[40] ਦੁਆਰਾ ਤੂੰ ਮੁੜ ਕੇ ਕਦਾਚਿੱਤ[41] ਉਸ ਨਾਲੋਂ ਵੱਖਰਾ[42] ਨਹੀਂ ਹੋਵੇਂਗਾ ।
ਮਨੁ[43] ਤਨੁ[44] ਅਰਪਿ[45] ਧਰੀ[46] ਹਰਿ ਆਗੈ[47] ॥	Dedicating[45] my soul[43] and body[44], I place[46] them before[47] my God.	ਆਪਣੀ ਆਤਮਾ[43] ਅਤੇ ਦੇਹ[44] ਨੂੰ ਸਮਰਪਨ[45] ਕਰ, ਮੈਂ ਉਨ੍ਹਾਂ ਨੂੰ ਆਪਣੇ ਵਾਹਿਗੁਰੂ ਮੂਹਰੇ[47] ਰਖਦਾ[46] ਹਾਂ ।
ਜਨਮ ਜਨਮ[48] ਕਾ ਸੋਇਆ[49] ਜਾਗੈ[50] ॥	Asleep[49] for many births[48], I have now become awake[50]	ਅਨੇਕਾਂ ਜਨਮਾਂ[48] ਦਾ ਸੁੱਤਾ ਹੋਇਆ[49], ਮੈਂ ਹੁਣ ਜਾਗ ਪਿਆ[50] ਹਾਂ ।
ਜਿਸ ਕਾ ਸਾ ਸੋਈ ਪ੍ਰਤਿਪਾਲਕੁ[51] ਹਤਿ[52] ਤਿਆਗੀ[53] ਹਉਮੈ[54] ਹੰਤਨਾ[55] ॥੭॥	He, to whom I belong, is my Naturer[51]. I have killed[52] and thrown off[53] my murderous[55] self-conceit[54].	ਜਿਸ ਦਾ ਮੈਂ ਹਾਂ, ਉਹੀ ਮੇਰਾ ਪਾਲਣ-ਪੋਸਣਹਾਰ[51] ਹੈ । ਮੈਂ ਆਪਣੀ ਮਾਰ-ਦੇਣ-ਵਾਲੀ[55] ਸਵੈ-ਹੰਗਤਾ[54] ਨੂੰ ਮਾਰ[52] ਕੇ ਪਰੇ ਸੁੱਟ ਦਿੱਤਾ[53] ਹੈ ।
ਜਲਿ[56] ਥਲਿ[57] ਪੂਰਨ[58] ਅੰਤਰਜਾਮੀ[59] ॥	God, the Inner-knower[59], is fully-pervading[58] the water[56] and the land[57].	ਅੰਦਰਲੀਆਂ-ਜਾਣਨਹਾਰ[59] ਵਾਹਿਗੁਰੂ, ਪਾਣੀ[56] ਅਤੇ ਧਰਤੀ[57] ਅੰਦਰ ਪਰੀਪੂਰਨ[58] ਹੋ ਰਿਹਾ ਹੈ ।

ਘਟਿ ਘਟਿ[60] ਰਵਿਆ[61] ਅਛਲ[62] ਸੁਆਮੀ ॥	The Undeceivable[62] Lord is permeating[61] all hearts[60].	ਨਾ-ਠੱਗਿਆ ਜਾਣ ਵਾਲਾ[62] ਪ੍ਰਭੂ ਸਾਰਿਆਂ ਦਿਲਾਂ[60] ਵਿੱਚ ਰੱਮ ਰਿਹਾ[61] ਹੈ ।
ਭਰਮ[63] ਭੀਤਿ[64] ਖੋਈ[65] ਗੁਰਿ ਪੂਰੈ[66] ਏਕੁ ਰਵਿਆ[67] ਸਰਬੰਗਨਾ[68] ॥੮॥	The Perfect[66] Guru has demolished[65] the wall[64] of my doubt[63] and I now see the one Lord permeating[67] all[68].	ਪੂਰਨ[66] ਗੁਰਾਂ ਨੇ ਮੇਰੀ ਭਰਮ[63] ਦੀ ਕੰਧ[64] ਢਾ ਸੁੱਟੀ[65] ਹੈ ਤੇ ਮੈਂ ਹੁਣ ਇਕ ਸੁਆਮੀ ਨੂੰ ਸਾਰਿਆਂ[68] ਵਿੱਚ ਰਹਿਮਤ ਹੋਇਆ[67] ਵੇਖਦਾ ਹਾਂ ।
ਜਤ[69] ਕਤ ਪੇਖਉ[70] ਪ੍ਰਭੁ ਸੁਖ[71] ਸਾਗਰ[72] ॥	Wherever[69] I see[70], I see my Lord, the ocean[72] of peace[71].	ਜਿੱਥੇ ਕਿਤੇ ਭੀ[69] ਮੈਂ ਵੇਖਦਾ[70] ਹਾਂ, ਮੈਂ ਸੁਖ[71] ਦੇ ਸਮੁੰਦਰ[72], ਆਪਣੇ ਸੁਆਮੀ ਨੂੰ ਵੇਖਦਾ ਹਾਂ ।
ਹਰਿ ਤੋਟਿ[73] ਭੰਡਾਰ[74] ਨਾਹੀ [75]ਰਤਨਾਗਰ[76] ॥	There is no deficiency[73] in the treasure[74] of God, the mine[76] of emeralds[75].	ਰਤਨਾਂ[75] ਦੀ ਕਾਣ[76], ਵਾਹਿਗੁਰੂ ਦੇ ਖ਼ਜ਼ਾਨੇ[74] ਵਿੱਚ ਕੋਈ ਕਮੀ[73] ਨਹੀਂ ।
ਅਗਹ[77] ਅਗਾਹ[78] ਕਿਛੁ[79] ਮਿਤਿ[80] ਨਹੀ ਪਾਈਐ[81] ਸੋ[82] ਬੂਝੈ[83] ਜਿਸੁ ਕਿਰਪੰਗਨਾ[84] ॥੯॥	Unseizable[77] and Unfathomable[78] is the Lord, whose extent[80] can be known[81] not, even in the least[79]. He[82] alone realises[83] Him, on whom is His grace[84].	ਪਕੜ-ਰਹਿਤ[77] ਅਤੇ ਅਥਾਹ[78] ਹੈ ਸੁਆਮੀ, ਜਿਸ ਦਾ ਵਿਸਥਾਰ[80] ਥੋੜਾ ਜੇਹਾ[79] ਭੀ ਜਾਣਿਆ[81] ਨਹੀਂ ਜਾ ਸਕਦਾ । ਕੇਵਲ ਉਹ[82] ਹੀ ਉਸ ਨੂੰ ਅਨੁਭਵ ਕਰਦਾ[83] ਹੈ, ਜਿਸ ਤੇ ਉਸ ਦੀ ਮਿਹਰ[84] ਹੈ ।
ਛਾਤੀ[85] ਸੀਤਲ[86] ਮਨੁ[87] ਤਨੁ[88] ਠੰਢਾ[89] ॥ ਜਨਮ ਮਰਣ ਕੀ ਮਿਟਵੀ[90] ਡੰਝਾ[91]॥	Peaceful[86] is my breast[85] and cool[89] are my soul[87] and body[88] and the fire[91] of my birth and death is quenched[90].	ਸ਼ਾਂਤ[86] ਹੈ ਮੇਰੀ ਹਿੱਕ[85] ਅਤੇ ਠੰਢੀ ਠਾਰ[89] ਹਨ ਮੇਰੀ ਆਤਮਾ[87] ਤੇ ਦੇਹ[88], ਅਤੇ ਮੇਰੀ ਜੰਮਣ ਤੇ ਮਰਨ ਦੀ ਅੱਗ[91] ਬੁੱਝ ਗਈ[90] ਹੈ ।
ਕਰੁ[92] ਗਹਿ[93] ਕਾਢਿ ਲੀਏ[94] ਪ੍ਰਭਿ ਅਪੁਨੈ ਅਮਿਉ[95] ਧਾਰਿ[96] ਦ੍ਰਿਸਟੰਗਨਾ[97] ॥੧੦॥	Casting[96] His ambrosial[95] glance[97] and holding[93] me by my hand[92], the Lord has pulled me out[94] of the world ocean.	ਆਪਣੀ ਅੰਮ੍ਰਿਤਮਈ[95] ਨਜ਼ਰ[97] ਧਾਰ[96] ਕੇ ਅਤੇ ਮੈਨੂੰ ਮੇਰੇ ਹੱਥੋਂ[92] ਪਕੜ[93] ਕੇ, ਸੁਆਮੀ ਨੇ ਮੈਨੂੰ ਸੰਸਾਰ ਸਮੁੰਦਰ ਤੋਂ ਬਾਹਰ ਧੂ ਲਿਆ[94] ਹੈ ।
ਏਕੋ ਏਕੁ[98] ਰਵਿਆ[99] ਸਭ ਠਾਈ[100] ॥	The One Lord alone[98] is contained[99] in all the places[100].	ਕੇਵਲ ਇੱਕ[98] ਸਾਂਈਂ ਹੀ ਸਾਰਿਆਂ ਥਾਵਾਂ[100] ਅੰਦਰ ਰਮਿਆ ਹੋਇਆ[99] ਹੈ ।
ਤਿਸੁ ਬਿਨੁ ਦੂਜਾ[2] ਕੋਈ ਨਾਹੀ ॥	Without Him, there is not another[2].	ਉਸ ਦੇ ਬਗੈਰ ਹੋਰ ਕੋਈ[2] ਭੀ ਨਹੀਂ ।
ਆਦਿ[3] ਮਧਿ[4] ਅੰਤਿ[5] ਪ੍ਰਭੁ ਰਵਿਆ[6] ਤ੍ਰਿਸਨ[7] ਬੁਝੀ[8] ਭਰਮੰਗਨਾ[9] ॥੧੧॥	The Lord permeates[6] the beginning[3], the middle[4] and the end[5]. Through Him my desire[7] and doubt[9] are stilled[8].	ਸੁਆਮੀ ਆਰੰਭ[3], ਵਿਚਕਾਰ[4] ਅਤੇ ਅਖ਼ੀਰ[5] ਵਿਚ ਰਮਿਆ ਹੋਇਆ[6] ਹੈ । ਉਸ ਦੇ ਰਾਹੀਂ ਮੇਰੀ ਖ਼ਾਹਿਸ਼[7] ਅਤੇ ਸੰਦੇਹ[9] ਨਵਿਰਤ ਹੋ ਗਏ[8] ਹਨ ।
ਗੁਰੁ ਪਰਮੇਸਰੁ[10] ਗੁਰੁ [12]ਗੋਬਿੰਦੁ[13] ॥	The Guru is the Supreme Lord[10] and the Guru is the Master[13] of the Universe[12].	ਗੁਰੂ ਜੀ ਸ੍ਰੋਮਣੀ ਸਾਹਿਬ[10] ਹਨ ਅਤੇ ਗੁਰੂ ਜੀ ਹੀ ਕੁਲ ਆਲਮ[12] ਦੇ ਮਾਲਕ[13] ਹਨ ।

ਗੁਰੁ ਕਰਤਾ[14] ਗੁਰੁ ਸਦ[15] ਬਖਸੰਦੁ[16] ॥	The Guru is the Creator[14] and Guru is the ever[15]-forgiving[16] Lord.	ਗੁਰੂ ਜੀ ਸਿਰਜਣਹਾਰ[14] ਹਨ ਅਤੇ ਗੁਰੂ ਜੀ ਹੀ ਸਦੀਵ[15]-ਮੁਆਫ਼ੀ ਦੇਣਹਾਰ[16] ਸੁਆਮੀ ।
ਗੁਰ ਜਪੁ[17] ਜਾਪਿ[18] ਜਪਤ[19] ਫਲੁ[20] ਪਾਇਆ ਗਿਆਨ[21] ਦੀਪਕੁ[22] ਸੰਤ ਸੰਗਨਾ[23] ॥ ੧੨॥	Uttering[18] and contemplating[19] the Guru's Name[17], I have gathered the fruit[20] and associating[23] with the saints, I am blessed with the lamp[22] of Divine knowledge[21].	ਗੁਰਾਂ ਦੇ ਨਾਮ[17] ਦਾ ਉਚਾਰਨ[18] ਅਤੇ ਆਰਾਧਨ[19] ਕਰਨ ਦੁਆਰਾ ਮੈਂ ਮੇਵਾ[20] ਪ੍ਰਾਪਤ ਕਰ ਲਿਆ ਹੈ ਅਤੇ ਸਾਧੂਆਂ ਦੀ ਸੰਗਤ ਕਰ[23] ਮੈਨੂੰ ਬ੍ਰਹਮ ਗਿਆਤ[21] ਦੇ ਦੀਵੇ[22] ਦੀ ਦਾਤ ਮਿਲ ਗਈ ਹੈ ।
ਜੋ[24] ਪੇਖਾ[25] ਸੋ[26] ਸਭੁ ਕਿਛੁ[27] ਸੁਆਮੀ[28] ॥	Whatever[24] I see[25], all[27] that[26] is solely the Lord[28].	ਜਿਹੜਾ ਕੁਝ[24] ਭੀ ਮੈਂ ਦੇਖਦਾ[25] ਹਾਂ, ਉਹ[26] ਸਮੂਹ[27] ਕੇਵਲ ਸਾਂਈਂ[28] ਹੀ ਹੈ ।
ਜੋ ਸੁਨਣਾ ਸੋ ਪ੍ਰਭ ਕੀ ਬਾਨੀ[29] ॥	Whatever I hear, that is the speech[29] of my Lord.	ਜਿਹੜਾ ਕੁੱਛ ਮੈਂ ਸੁਣਦਾ ਹਾਂ, ਉਹ ਮੇਰੇ ਸਾਂਈਂ ਦੇ ਬਚਨ[29]-ਬਿਲਾਸ ਹਨ ।
ਜੋ ਕੀਨੋ ਸੋ ਤੁਮਹਿ ਕਰਾਇਓ ਸਰਣਿ[30] ਸਹਾਈ[31] ਸੰਤਹ ਤਨਾ[32] ॥੧੩॥	Whatsoever man does, that Thou makest him do, O Lord. Thou givest shelter[30] and succourest[41] the saints, who are Thine off-springs[32].	ਜਿਹੜਾ ਕੁੱਛ ਭੀ ਬੰਦਾ ਕਰਦਾ ਹੈ, ਉਹ ਤੂੰ ਹੀ ਉਸ ਪਾਸੋਂ ਕਰਵਾਉਂਦਾ ਹੈਂ, ਹੇ ਸੁਆਮੀ ! ਸਾਧੂ, ਜੋ ਤੇਰੇ ਬਾਲ[32] ਹਨ, ਤੂੰ ਉਨ੍ਹਾਂ ਨੂੰ ਸ਼ਰਣ[30] ਅਤੇ ਸਹਾਇਤਾ ਦਿੰਦਾ[31] ਹੈਂ ।
ਜਾਚਕੁ[33] ਜਾਚੈ[34] ਤੁਮਹਿ ਅਰਾਧੈ[35] ॥	The beggar[33] asks for[34] alms and meditates[35] on Thee alone, O Lord.	ਮੰਗਤ[33] ਖ਼ੈਰ ਮੰਗਦਾ[34] ਹੈ ਅਤੇ ਕੇਵਲ ਤੈਂਡਾ ਸਿਮਰਨ[35] ਕਰਦਾ ਹੈ, ਹੇ ਪ੍ਰਭੂ !
ਪਤਿਤ[36] ਪਾਵਨ[37] ਪੂਰਨ[38] ਪ੍ਰਭ ਸਾਧੈ[39] ॥	O my perfectly[38] superb[39] Lord, Thou art the Purifier[37] of the sinners[36].	ਹੇ ਮੇਰੇ ਪੂਰੇ[38] ਸ੍ਰੇਸ਼ਟ[38] ਸੁਆਮੀ ! ਤੂੰ ਪਾਪੀਆਂ[36] ਨੂੰ ਪਵਿੱਤ੍ਰ ਕਰਨ ਵਾਲਾ[37] ਹੈਂ ।
ਏਕੋ ਦਾਨੁ[40] ਸਰਬ[41] ਸੁਖ ਗੁਣ[42] ਨਿਧਿ[43] ਆਨ[44] ਮੰਗਨ[45] [46]ਨਿਹਕਿੰਚਨਾ[47] ॥ ੧੪॥	O the Treasure[43] of all[41] comforts and virtues[42], bless me Thou with the one bounty[40] of Thine meditation. I ask not[46] for even a bit[47] of other[44] gifts[45].	ਹੇ ਸਾਰੇ[41] ਸੁੱਖਾਂ ਅਤੇ ਨੇਕੀਆਂ[42] ਦੇ ਖ਼ਜ਼ਾਨੇ[43] ! ਤੂੰ ਮੈਨੂੰ ਆਪਣੀ ਬੰਦਗੀ ਦੀ ਇੱਕ ਬਖ਼ਸ਼ੀਸ਼[40] ਬਖ਼ਸ਼ । ਮੈਂ ਹੋਰ[44] ਦਾਤਾਂ[45], ਭੋਰਾ ਭਰ[47], ਭੀ ਨਹੀਂ[46] ਮੰਗਦਾ ।
੧੦੮੧		
ਕਾਇਆ[48] ਪਾਤੁ[49] ਪ੍ਰਭੁ ਕਰਣੈਹਾਰਾ[50] ॥ ਲਗੀ[51] ਲਾਗਿ[52] ਸੰਤ ਸੰਗਾਰਾ[53] ॥	The Lord is Creator[50] of the body[48] vessel[49]. In the saints' society[53], good influence[52] is produced[51] on it.	ਸੁਆਮੀ ਸਰੀਰ[48] ਦੇ ਭਾਂਡੇ[49] ਨੂੰ ਰਚਣਹਾਰ[50] ਹੈ । ਸਤਿਸੰਗਤ[53] ਅੰਦਰ ਇਸ ਉੱਤੇ ਚੰਗਾ ਅਸਰ[52] ਪੈਂਦਾ[51] ਹੈ ।
ਨਿਰਮਲ[54] ਸੋਇ[55] ਬਣੀ[56] ਹਰਿ[57] ਬਾਣੀ[58] ਮਨੁ[59] ਨਾਮਿ ਮਜੀਠੈ[60] ਰੰਗਨਾ[61] ॥ ੧੫॥	By means of the Divine[57] Gurbani[58], immaculate[54] repute[55] is obtained[56] and the soul[59] is imbued[61] with the Name madder[60].	ਈਸ਼ਵਰੀ[57] ਗੁਰਬਾਣੀ[58] ਦੇ ਜ਼ਰੀਏ, ਪਵਿੱਤ੍ਰ[54] ਸ਼ੁਹਰਤ[55] ਪ੍ਰਾਪਤ ਹੋ ਜਾਂਦੀ[56] ਹੈ, ਅਤੇ ਆਤਮਾ[59] ਨਾਮ ਦੀ ਮਜੀਠ[60] ਨਾਲ ਰੰਗੀ ਜਾਂਦੀ[61] ਹੈ ।
ਸੋਲਹ ਕਲਾ[62] ਸੰਪੂਰਨ[63] ਫਲਿਆ[64] ॥ ਅਨਤ[65] ਕਲਾ	My soul gathers sixteen powers[62], perfection[63] and the fruit[64], when the	ਜਿੰਦੜੀ ਸੋਲਾਂ ਸ਼ਕਤੀਆਂ[62], ਪੂਰਨਤਾ[63] ਅਤੇ ਮੋਖ਼ਸ਼[64] ਪ੍ਰਾਪਤ ਕਰ ਲੈਂਦੀ ਹੈ, ਜਦ ਬੇਅੰਤ[65] ਸ਼ਕਤੀਆਂ

ਹੋਇ ਠਾਕੁਰੁ ਚੜਿਆ[66] ॥	Lord of infinite[65] powers becomes manifest[66] unto me.	ਵਾਲਾ ਸੁਆਮੀ ਮੇਰੇ ਤੇ ਪ੍ਰਗਟ ਹੋ ਜਾਂਦਾ[66] ਹੈ।
ਅਨਦ[67] ਬਿਨੋਦ[68] ਹਰਿ ਨਾਮਿ ਸੁਖ[69] ਨਾਨਕ ਅੰਮ੍ਰਿਤ[70] ਰਸੁ[71] ਹਰਿ ਭੁੰਚਨਾ[72] ॥੧੬॥੨॥੯॥	The Lord's Name is Nanak's bliss[67] play[68] and peace[69] and he in-drinks[72] God's immortalising[70] Name-Nectar[71].	ਪ੍ਰਭੂ ਦਾ ਨਾਮ ਹੀ ਨਾਨਕ, ਦੀ ਖ਼ੁਸ਼ੀ[67], ਖੇਡ[68] ਅਤੇ ਆਰਾਮ[69] ਹੈ ਅਤੇ ਉਹ ਵਾਹਿਗੁਰੂ ਦੇ ਸੁਰਜੀਤ ਕਰਨ ਵਾਲੇ[70] ਨਾਮ ਅੰਮ੍ਰਿਤ[71] ਨੂੰ ਹੀ ਪਾਨ ਕਰਦਾ[72] ਹੈ।
ਮਾਰੂ ਸੋਲਹੇ ਮਹਲਾ ੫	Maru Solhas 5th Guru	ਮਾਰੂ ਸੋਲਹੇ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By the true Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਤੂ ਸਾਹਿਬੁ[73] ਹਉ ਸੇਵਕੁ[74] ਕੀਤਾ[75] ॥	Thou art my Lord[73] and Thou hast made[75] me Thy slave[74].	ਤੂੰ ਮੇਰਾ ਸੁਆਮੀ[73] ਹੈਂ ਅਤੇ ਤੂੰ ਮੈਨੂੰ ਆਪਣਾ ਗੋਲਾ[74] ਬਣਾ ਲਿਆ[75] ਹੈ।
ਜੀਉ[76] ਪਿੰਡੁ[77] ਸਭ ਤੇਰਾ ਦੀਤਾ[78] ॥	My soul[76] and body[77] are all given[73] by Thee.	ਮੇਰੀ ਜਿੰਦੜੀ[76] ਅਤੇ ਦੇਹ[77], ਸਾਰੇ, ਤੂੰ ਹੀ ਦਿੱਤੇ[78] ਹਨ।
ਕਰਨ[79] ਕਰਾਵਨ[80] ਸਭੁ ਤੂਹੈ ਤੂਹੈ[81] ਹੈ ਨਾਹੀ ਕਿਛੁ ਅਸਾੜਾ[82] ॥੧॥	Thou alone[81] art the Doer[79] and Prompter[80] of deeds. There is nothing that I can call mine[82].	ਕੇਵਲ[81] ਤੂੰ ਹੀ ਕੰਮਾਂ ਦੇ ਕਰਨ[79] ਅਤੇ ਕਰਾਉਣ ਵਾਲਾ[80] ਹੈਂ। ਕਿਸੇ ਸ਼ੈ ਨੂੰ ਭੀ ਮੈਂ ਆਪਣੀ[82] ਆਖ ਨਹੀਂ ਸਕਦਾ।
ਤੁਮਹਿ ਪਠਾਏ[83] ਤਾ[84] ਜਗਿ ਮਹਿ[85] ਆਏ ॥	When Thou sent[83] me, then[84] came I into[85] the world.	ਜਦ ਤੂੰ ਭੇਜਿਆ[83], ਤਦ[84] ਹੀ ਮੈਂ ਜਹਾਨ ਵਿੱਚ[85] ਆਇਆ।
ਜੋ ਤੁਧੁ[86] ਭਾਣਾ[87] ਸੇ[88] ਕਰਮ[89] ਕਮਾਏ[90] ॥	Whatever[86] is Thy will[87], those[88] deed[89] do[90] I.	ਜਿਹੜੀ[86] ਤੇਰੀ ਰਜ਼ਾ[87] ਹੈ, ਉਹ[88] ਕੰਮ[89] ਹੀ ਮੈਂ ਕਰਦਾ[90] ਹਾਂ।
ਤੁਝ ਤੇ ਬਾਹਰਿ[91] ਕਿਛੂ ਨ ਹੋਆ ਤਾ ਭੀ ਨਾਹੀ ਕਿਛੁ ਕਾੜਾ[92] ॥੨॥	Without[91] Thee, nothing can be done. Thee I need cherish no anxiety[92].	ਤੇਰੇ ਬਗ਼ੈਰ[91] ਕੁਝ ਭੀ ਨਹੀਂ ਹੋ ਸਕਦਾ। ਤਦ ਮੈਨੂੰ ਕੋਈ ਚਿੰਤਾ[92] ਨਹੀਂ ਕਰਨੀ ਚਾਹੀਦੀ।
ਊਹਾ[93] ਹੁਕਮੁ[94] ਤੁਮਾਰਾ ਸੁਣੀਐ ॥	There[93] in the yond Thy command[94] is heard.	ਓਥੇ[93] ਪ੍ਰਲੋਕ ਵਿਚ ਤੇਰਾ ਫ਼ੁਰਮਾਨ[94] ਸੁਣਾਈ ਦਿੰਦਾ ਹੈ।
ਈਹਾ[95] ਹਰਿ[98] ਜਸੁ[96] ਤੇਰਾ ਭਣੀਐ[97] ॥	Here[95] in this world, utter[97] I Thine praise[96], O Lord[98].	ਏਥੇ[95] ਇਸ ਲੋਕ ਵਿਚ ਮੈਂ ਤੇਰੀ ਮਹਿਮਾ[96] ਉਚਾਰਨ[97] ਕਰਦਾ, ਹਾਂ, ਹੇ ਸੁਆਮੀ[98]!
ਆਪੇ ਲੇਖ[99] ਅਲੇਖੈ[100] ਆਪੇ ਤੁਮ ਸਿਉ ਨਾਹੀ ਕਿਛੁ ਝਾੜਾ[2] ॥੩॥	Thou Thyself writest man's account[99] and Thyself freest him from the account[100]. How can he involve himself in strife[2] with Thee.	ਤੂੰ ਖ਼ੁਦ ਬੰਦੇ ਦਾ ਹਿਸਾਬ-ਕਿਤਾਬ[99] ਲਿਖਦਾ ਹੈਂ ਅਤੇ ਖ਼ੁਦ ਹੀ ਉਸ ਨੂੰ ਹਿਸਾਬ-ਕਿਤਾਬ[100] ਤੋਂ ਅਜ਼ਾਦ ਕਰਦਾ ਹੈਂ। ਉਹ ਤੇਰੇ ਨਾਲ ਝਗੜਾ-ਝਾਂਜਾ[2] ਕਿਸ ਤਰ੍ਹਾਂ ਕਰ ਸਕਦਾ ਹੈ ?
ਤੂ ਪਿਤਾ ਸਭਿ ਬਾਰਿਕ[4] ਬਾਰੇ[5] ॥	Thou, O Lord, art our Father[5] and we are all Thy[5] children[4].	ਤੂੰ ਹੇ ਸੁਆਮੀ! ਸਾਡਾ ਪਿਤਾ[3] ਹੈਂ ਤੇ ਅਸੀਂ ਸਾਰੇ ਤੇਰੇ[5] ਬੱਚੇ[4] ਹਾਂ।

ਜਿਉ[6] ਖੇਲਾਵਹਿ[7] ਤਿਉ[8] ਖੇਲਣਹਾਰੇ ॥	As[6] Thou makest us play[7] so do[8] we play.	ਜਿਸ ਤਰ੍ਹਾਂ[6] ਤੂੰ ਸਾਨੂੰ ਖਿਡਾਉਂਦਾ[7] ਹੈਂ, ਉਸੇ ਤਰ੍ਹਾਂ ਹੀ ਅਸੀਂ ਖੇਡਦੇ[8] ਹਾਂ ।
ਉਝੜੁ[9] ਮਾਰਗੁ[10] ਸਭੁ ਤੁਮ ਹੀ ਕੀਨਾ[12] ਚਲੈ[13] ਨਾਹੀ ਕੋ ਵੇਪਾੜਾ[14] ॥੪॥	The wilderness[9] and way[10] all are made[12] by Thee. No one can go[13] against[14] Thy will.	ਉਜਾੜ[9] ਅਤੇ ਰਸਤਾ[10], ਸਾਰੇ ਤੂੰ ਹੀ ਰਚੇ[12] ਹਨ । ਤੇਰੀ ਰਜ਼ਾ ਦੇ ਉਲਟ[14] ਕੋਈ ਨਹੀਂ ਜਾ[13] ਸਕਦਾ ।
ਇਕਿ[15] ਬੈਸਾਇ[16] ਰਖੇ ਗ੍ਰਿਹ[17] ਅੰਤਰਿ[18] ॥	Some[15] there are, whom Thou keepest seated[16] in[18] their homes[17].	ਕਈਆਂ[15] ਨੂੰ ਤੂੰ ਉਨ੍ਹਾਂ ਦੇ ਘਰਾਂ[17] ਅੰਦਰ[18] ਬਠਾਈ[16] ਰਖਦਾ ਹੈਂ ।
ਇਕਿ ਪਠਾਏ[19] ਦੇਸ[20] ਦਿਸੰਤਰਿ[21] ॥	Some Thou wander[19] in the country[20] and foreign lands[21].	ਕਈਆਂ ਨੂੰ ਤੂੰ ਮੁਲਕ[20] ਅਤੇ ਪ੍ਰਦੇਸਾਂ[21] ਅੰਦਰ ਰਟਨ ਕਰਵਾਉਂਦਾ[19] ਹੈਂ ।
ਇਕ ਹੀ ਕਉ ਘਾਸੁ[22] ਇਕ ਹੀ ਕਉ ਰਾਜਾ[23] ਇਨ ਮਹਿ ਕਹੀਐ[24] ਕਿਆ[25] ਕੂੜਾ[26] ॥੫॥	Some are the grass-cutter[22] and some the kings[23]. Who[25] can be called[24] false[26] from amongst these ?	ਕਈ ਘਾਅ-ਖੋਤਣ (ਖੋਦਣ) ਵਾਲੇ[21] ਹਨ ਅਤੇ ਕਈ ਪਾਤਿਸ਼ਾਹ[23] । ਇਨ੍ਹਾਂ ਵਿਚੋਂ ਕਿਹੜਾ[25] ਝੂਠਾ[26] ਆਖਿਆ ਜਾ ਸਕਦਾ[24] ਹੈ ?
ਕਵਨ ਸੁ ਮੁਕਤੀ[27] ਕਵਨ ਸੁ ਨਰਕਾ[28] ॥	Who is emancipated[27] and who falls into hell[28] ?	ਕੌਣ ਬੰਦਖ਼ਲਾਸ[22] ਹੈ ਅਤੇ ਕੌਣ ਦੋਜ਼ਕ[28] ਵਿਚ ਪੈਂਦਾ ਹੈ ?
ਕਵਨੁ ਸੈਸਾਰੀ[29] ਕਵਨੁ ਸੁ ਭਗਤਾ[30] ॥	Who is the householder[27] and who the devotee[30] of Thine ?	ਕੌਣ ਘਰਬਾਰੀ[29] ਹੈ ਅਤੇ ਕੌਣ ਤੇਰਾ ਪ੍ਰੇਮੀ[30] ?
ਕਵਨ ਸੁ ਦਾਨਾ[31] ਕਵਨੁ ਸੁ ਹੋਛਾ[32] ਕਵਨੁ ਸੁ ਸੁਰਤਾ[33] ਕਵਨੁ ਜੜਾ[34] ॥੬॥	Who is wise[31] and who of shallow nature[32] ? Who is clever[33] and who is ignorant[34] ?	ਕੌਣ ਸਿਆਣਾ[31] ਹੈ ਅਤੇ ਕੌਣ ਸ਼ੁਹਦੇ ਸੁਭਾ[32] ਵਾਲਾ ? ਕੌਣ ਹੁਸ਼ਿਆਰ[33] ਹੈ ਅਤੇ ਕੌਣ ਬੇਸਮਝ[34] ਹੈ ?
ਹੁਕਮੇ[35] ਮੁਕਤੀ[36] ਹੁਕਮੇ ਨਰਕਾ ॥	In the Lord's will[35] one is emancipated[36] and in the Lord's will he falls into hell.	ਸੁਆਮੀ ਦੀ ਰਜ਼ਾ[35] ਅਦਰ ਬੰਦਾ ਮੋਖ਼ਸ਼ ਹੁੰਦਾ[36] ਹੈ ਅਤੇ ਸੁਆਮੀ ਦੀ ਰਜ਼ਾ ਅੰਦਰ ਹੀ ਉਹ ਦੋਜ਼ਕ ਵਿਚ ਪੈਂਦਾ ਹੈ ।
ਹੁਕਮਿ ਸੈਸਾਰੀ[37] ਹੁਕਮੇ ਭਗਤਾ[38] ॥	In the Lord's will he becomes a family[37] man and in the Lord's will His slave[38].	ਰੱਬ ਦੀ ਰਜ਼ਾ ਅੰਦਰ ਉਹ ਗ੍ਰਿਹਸਤੀ[37] ਹੋ ਜਾਂਦਾ ਹੈ ਅਤੇ ਰੱਬ ਦੀ ਰਜ਼ਾ ਅੰਦਰ ਹੀ ਉਸ ਦਾ ਗੋਲਾ[38] ।
ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਧੜਾ[39] ॥੭॥	In His will, one is shallow-natured and in His will, he is wise. Without Thee, O Lord, there is no other side[39]	ਉਸ ਦੀ ਰਜ਼ਾ ਅੰਦਰ ਬੰਦਾ ਸ਼ੁਹਦੇ ਸੁਭਾ ਦਾ ਹੈ ਅਤੇ ਉਸ ਦੀ ਰਜ਼ਾ ਅੰਦਰ ਹੀ ਉਹ ਸਿਆਣਾ । ਤੇਰੇ ਬਗ਼ੈਰ ਹੇ ਸੁਆਮੀ ! ਕੋਈ ਹੋਰ ਪਾਸਾ[39] ਹੈ ਹੀ ਨਹੀਂ ।
ਸਾਗਰੁ[40] ਕੀਨਾ[41] ਅਤਿ[42] ਤੁਮ ਭਾਰਾ[43] ॥	Exceedingly[42] great[43], Thou hast made[41] the ocean[40].	ਸਮੁੰਦਰ[40] ਨੂੰ ਤੂੰ ਨਿਹਾਇਤ[42] ਹੀ ਵੱਡਾ[43] ਬਣਾਇਆ[41] ਹੈ ।
ਇਕਿ ਖੜੇ[41] ਰਸਾਤਲਿ[45] ਕਰਿ[46] ਮਨਮੁਖ[47] ਗਾਵਾਰਾ[48] ॥	Making[46] them the way-ward[47] fools[48], some Thou pushest[44] into hell[45].	ਉਨ੍ਹਾਂ ਨੂੰ ਆਪ-ਹੁਦਰੇ[37] ਮੂਰਖ[48] ਬਣਾ[46] ਕੇ, ਕਈਆਂ ਨੂੰ ਤੂੰ ਨਰਕ[45] ਵਿੱਚ ਧੱਕ[44] ਦਿੰਦਾ ਹੈਂ ।

ਇਕਨਾ[49] ਪਾਰਿ ਲੰਘਾਵਹਿ[50] ਆਪੇ[51] ਸਤਿਗੁਰੁ ਜਿਨ ਕਾ ਸਚੁ ਬੇੜਾ[52] ॥੮॥	Some[49], who board the ship[52] of truth of the True Guru, Thou Thyself[51] ferriest across[50].	ਕਈਆਂ[49] ਨੂੰ, ਜੋ ਸੱਚੇ ਗੁਰਾਂ ਦੇ ਸੱਚ ਦੇ ਜਹਾਜ਼[52] ਤੇ ਚੜ੍ਹਦੇ ਹਨ, ਤੂੰ ਆਪ[51] ਹੀ ਪਾਰ ਕਰ ਦਿੰਦਾ[50] ਹੈਂ।
ਕਉਤਕੁ[53] ਕਾਲੁ[54] ਇਹੁ ਹੁਕਮਿ[55] ਪਠਾਇਆ[56] ॥	In His will[55], the Lord has (enjoined) or (sent[56]) this wondrous[53] death[54] for the mortals.	ਆਪਣੀ ਰਜ਼ਾ[55] ਅੰਦਰ, ਸੁਆਮੀ ਨੇ ਪ੍ਰਾਣੀਆਂ ਲਈ ਇਹ ਅਸਚਰਜ[53] ਮੌਤ[54] ਨਿਯਤ ਕੀਤੀ (ਭੇਜੀ[56]) ਹੈ।
ਜੀਅ ਜੰਤ[57] ਉਪਾਇ[58] ਸਮਾਇਆ[59] ॥	Creating[59] the creatures[57], Thou Thyself destroyest[50] them.	ਜੀਵਾਂ[57] ਨੂੰ ਰਚ ਕੇ[58] ਤੂੰ ਖ਼ੁਦ ਹੀ ਉਨ੍ਹਾਂ ਨੂੰ ਨਾਸ[59] ਕਰ ਦਿੰਦਾ[50] ਹੈਂ।
ਵੇਖੈ[60] ਵਿਗਸੈ[61] ਸਭਿ ਰੰਗ[62] ਮਾਣੈ[63] ਰਚਨੁ ਕੀਨਾ[64] ਇਕੁ ਆਖਾੜਾ[65] ॥੯॥	Creating[64] the one world arena[65], Thou seest[60] it, feelest happy[61] and enjoyest[63] all the pleasures[62].	ਸੰਸਾਰ ਦੇ ਇਕ ਅਖਾੜ[65] ਨੂੰ ਰਚ ਕੇ[64], ਤੂੰ ਇਸ ਨੂੰ ਦੇਖਦਾ[60] ਹੈਂ, ਪ੍ਰਸੰਨ[61] ਹੁੰਦਾ ਹੈਂ ਅਤੇ ਸਮੂਹ ਖ਼ੁਸ਼ੀਆਂ[62] ਭੋਗਦਾ[63] ਹੈਂ।
ਵਡਾ[66] ਸਾਹਿਬੁ ਵਡੀ ਨਾਈ[67] ॥	Great[66] is the Lord and great is His Name[67].	ਵਿਸ਼ਾਲ[66] ਹੈ ਸੁਆਮੀ ਅਤੇ ਵਿਸ਼ਾਲ ਹੈ ਉਸ ਦਾ ਨਾਮ[67]।
ਵਡ ਦਾਤਾਰੁ[68] ਵਡੀ ਜਿਸੁ ਜਾਈ[69] ॥	He is the great Giver[68], great is whose abode[69].	ਉਹ ਵੱਡਾ ਦਾਤਾ[68] ਹੈ, ਵੱਡਾ ਹੈ ਜਿਸ ਦਾ ਨਿਵਾਸ-ਅਸਥਾਨ[69]।
ਅਗਮ[70] ਅਗੋਚਰੁ[71] ਬੇਅੰਤ[72] ਅਤੋਲਾ[73] ਹੈ ਨਾਹੀ ਕਿਛੁ ਆਹਾੜਾ[74] ॥੧੦॥	Unapproachable[70], Unapprehensible[71], Infinite[72] and Unweighable[73] is He, the Lord His measure[74] one can know not.	ਪਹੁੰਚ ਤੋਂ ਪਰੇ[70], ਸੋਚ ਸਮਝ ਤੋਂ[71] ਉਚੇਰਾ ਅਨੰਤ[72] ਅਤੇ ਅਜੋਖ[73] ਹੈ ਉਹ ਸੁਆਮੀ। ਉਸ ਦਾ ਤੋਲ[74] ਇਨਸਾਨ ਜਾਣ ਨਹੀਂ ਸਕਦਾ।
ਕੀਮਤਿ[75] ਕੋਇ ਨ ਜਾਣੈ ਦੂਜਾ[76] ॥	No one else knows[76] the Lord's worth[75].	ਕੋਈ ਹੋਰ[76] ਸਾਹਿਬ ਦੇ ਮੁਲ[75] ਨੂੰ ਨਹੀਂ ਜਾਣਦਾ।
ਆਪੇ ਆਪਿ[77] ਨਿਰੰਜਨ[78] ਪੂਜਾ[79] ॥	My Immaculate Lord[78], Thou alone equallest[79] Thy ownself[77].	ਮੇਰੇ ਪਵਿੱਤ੍ਰ[78] ਪ੍ਰਭੂ, ਕੇਵਲ ਤੂੰ ਹੀ ਆਪਣੇ[77] ਆਪ ਤਾਂਈਂ ਪੂਜਦਾ[79] ਹੈਂ।
ਆਪਿ ਸੁ ਗਿਆਨੀ[80] ਆਪਿ ਧਿਆਨੀ[81] ਆਪਿ ਸਤਵੰਤਾ[82] ਅਤਿ[83] ਗਾੜਾ[84] ॥੧੧॥	Thou Thyself art the Divine[80]. Thyself the contemplation[81] and Thyself an extremely[83] great[84] man of truth[82].	ਤੂੰ ਆਪੇ ਬ੍ਰਹਮਬੇਤਾ[80], ਆਪੇ ਵਿਚਾਰਵਾਨ[81] ਅਤੇ ਆਪੇ ਹੀ ਪਰਮ[83] ਵਿਸ਼ਾਲ[84] ਸਤਵਾਦੀ[82] ਪੁਰਸ਼ ਹੈਂ।
ਕੇਤੜਿਆ[85] ਦਿਨ ਗੁਪਤੁ[86] ਕਹਾਇਆ[87] ॥	For myriads[85] of days, Thou (remained) or (wert called[87]) recondite[86].	ਕ੍ਰੋੜਾਂ[85] ਹੀ ਦਿਹਾੜੇ, ਤੂੰ ਅਲੋਪ[86] ਆਖਿਆ[87] ਜਾਂਦਾ ਸੈਂ।
੧੦੮੨		
ਕੇਤੜਿਆ ਦਿਨ ਸੁੰਨਿ[88] ਸਮਾਇਆ[89] ॥	For myriads of days, Thou wert absorbed[88] in Thine supreme silence[88].	ਕ੍ਰੋੜਾਂ ਹੀ ਦਿਹਾੜੇ, ਤੂੰ ਆਪਣੀ ਪਰਮ ਚੁੱਪ[88] ਅੰਦਰ ਲੀਨ[89] ਸੈਂ।
ਕੇਤੜਿਆ ਦਿਨ ਧੁੰਧੂਕਾਰਾ[90]	For millions of days, there was pitch	ਕ੍ਰੋੜਾਂ ਹੀ ਦਿਹਾੜਿਆਂ ਲਈ, ਅਨ੍ਹੇਰਘੁਪ[90] ਸੀ ਅਤੇ ਤਦ

ਆਪੇ ਕਰਤਾ[91] ਪਰਗਟੜਾ[92] ॥੧੨॥	darkness[90] and then the Creator[91] Himself became manifest[92].	ਸਿਰਜਣਹਾਰ[91] ਆਪ ਪ੍ਰਗਟ ਹੋ ਗਿਆ[92]।
ਆਪੇ ਸਕਤੀ[93] ਸਬਲੁ[94] ਕਹਾਇਆ[95] ॥	Thou Thyself, O Lord, art called[95] the embodiment of powerful[94] mammon[93].	ਤੂੰ ਆਪ ਹੀ, ਹੇ ਪ੍ਰਭੂ! ਬਲਵਾਨ[94] ਮਾਇਆ[93] ਦਾ ਸਰੂਪ ਆਖਿਆ ਜਾਂਦਾ[95] ਹੈਂ।
ਆਪੇ ਸੂਰਾ[96] ਅਮਰੁ[97] ਚਲਾਇਆ[98] ॥	Becoming a hero[96] Thou Thyself issuest[98] commands[97].	ਵਰਿਆਮ[96] ਹੋ, ਤੂੰ ਆਪ ਹੀ ਹੁਕਮ[97] ਚਲਾਉਂਦਾ[98] ਹੈਂ।
ਆਪੇ ਸਿਵ[99]ਵਰਤਾਈਅਨੁ[100] ਅੰਤਰਿ[2] ਆਪੇ ਸੀਤਲੁ[3] ਠਾਰੁ[4] ਗੜਾ[5] ॥੧੩॥	Thou Thyself diffuse[100] the peace[99] within[2] and Thyself art cool[3] like the cool[4] hail[5].	ਤੂੰ ਆਪ ਅੰਦਰ[2] ਸ਼ਾਂਤੀ[99] ਫੂਕਦਾ[100] ਹੈਂ ਅਤੇ ਆਪ ਹੀ ਠੰਢੇ[4] ਓਲੇ[3] (ਗੜੇ) ਵਰਗਾ ਠੰਢਾ[3] ਹੈਂ।
ਜਿਸਹਿ ਨਿਵਾਜੇ[6] ਗੁਰਮੁਖਿ[7] ਸਾਜੇ[8] ॥ ਨਾਮੁ ਵਸੈ[9] ਤਿਸੁ[10] ਅਨਹਦ[12] ਵਾਜੇ[13] ॥	He, whom Thou honourest[6] and makest[8] the Guru-ward[7]; The Name abides[9] within him[10] and the unstruck music[12] resounds[13] for him.	ਜਿਸ ਨੂੰ ਤੂੰ ਇੱਜ਼ਤ ਬਖ਼ਸ਼ਦਾ[6] ਅਤੇ ਗੁਰੂ ਅਨੁਸਾਰੀ[7] ਬਣਾਉਂਦਾ[8] ਹੈਂ, ਨਾਮ ਉਸ ਦੇ[10] ਅੰਦਰ ਟਿਕ ਜਾਂਦਾ[9] ਹੈ ਅਤੇ ਉਸ ਦੇ ਲਈ ਬਿਨਾ ਵਜਾਏ ਹੋਣ ਵਾਲਾ ਕੀਰਤਨ[12] ਗੂੰਜਦਾ[13] ਹੈ।
ਤਿਸ[18] ਹੀ ਸੁਖੁ[14] ਤਿਸ ਹੀ ਠਕੁਰਾਈ[15] ਤਿਸਹਿ ਨ ਆਵੈ ਜਮੁ[16] ਨੇੜਾ[17] ॥੧੪॥	He[18] alone is in peace[14], he alone the Lord[15] of all and near[17] him comes not the death's courier[16].	ਕੇਵਲ ਉਹ[18] ਹੀ ਆਰਾਮ[14] ਵਿੱਚ ਹੈ, ਕੇਵਲ ਉਹ ਹੀ ਸਾਰਿਆਂ ਦਾ ਸੁਆਮੀ[15] ਹੈ ਅਤੇ ਉਸ ਦੇ ਨੇੜੇ[17] ਮੌਤ ਦਾ ਦੂਤ[16] ਨਹੀਂ ਆਉਂਦਾ।
ਕੀਮਤਿ[19] ਕਾਗਦ[20] ਕਹੀ[21] ਨ ਜਾਈ ॥	His worth[19] can be (written) or (said[21]) not on paper[20].	ਉਸ ਦਾ ਮੁਲ[19] ਕਾਗਜ਼[20] ਉਤੇ ਲਿਖਿਆ ਨਹੀਂ ਜਾ ਸਕਦਾ।
ਕਹੁ ਨਾਨਕ ਬੇਅੰਤ[22] [23]ਗੁਸਾਈ[24] ॥	Says Nanak, Infinite[22] is the Lord[24] of the world[23].	ਗੁਰੂ ਜੀ ਆਖਦੇ ਹਨ, ਅਨੰਤ[22] ਹੈ ਸੰਸਾਰ[23] ਦਾ ਸੁਆਮੀ[24]।
ਆਦਿ[25] ਮਧਿ[26] ਅੰਤਿ[27] ਪ੍ਰਭੁ ਸੋਈ[28] ਹਾਥਿ[29] ਤਿਸੈ ਕੈ ਨੇਬੇੜਾ[30] ॥੧੫॥	In the beginning[25], the middle[26] and the end[27], only He[28], the Lord is. The ultimate judgement[30] is in His Hand[29] alone.	ਆਰੰਭ[25], ਵਿਚਕਾਰ[26] ਅਤੇ ਅਖ਼ੀਰ[27] ਵਿਚ, ਕੇਵਲ ਉਹ[28] ਸੁਆਮੀ ਹੀ ਹੈ! ਅਖ਼ੀਰੀ ਫ਼ੈਸਲਾ[30] ਉਸੇ ਦੇ ਹੀ ਹੱਥ[29] ਵਿੱਚ ਹੈ।
ਤਿਸਹਿ[31] ਸਰੀਕੁ[32] ਨਾਹੀ ਰੇ[33] ਕੋਈ ॥	O[33] man, no one is an equal[32] of Him[31].	ਹੇ[33] ਬੰਦੇ! ਉਸ[31] ਦੇ ਸਮਾਨ ਦਰਜੇ[32] ਵਾਲਾ ਹੋਰ ਕੋਈ ਨਹੀਂ।
ਕਿਸ ਹੀ ਬੁਤੈ[34] ਜਬਾਬੁ[35] ਨ ਹੋਈ ॥	Through no excuse[34], one can say 'No[35]' unto Him.	ਕਿਸੇ ਬਹਾਨੇ[34] ਬੰਦਾ ਉਸ ਨੂੰ 'ਨਾਹ[35]' ਨਹੀਂ ਕਹਿ ਸਕਦਾ।
ਨਾਨਕ ਕਾ ਪ੍ਰਭੁ ਆਪੇ ਆਪੇ[36] ਕਰਿ ਕਰਿ[37] ਵੇਖੈ[38] ਚੋਜ[39] ਖੜਾ[40] ॥੧੬॥੧॥ ੧੦॥	Nanak's Lord is all by Himself[36]. Standing[40] aloof, He enacts[37] and sees[38] His wondrous plays[39].	ਨਾਨਕ ਦਾ ਸਾਂਈਂ ਸਾਰਾ ਕੁਛ[36] ਖ਼ੁਦ ਹੀ ਹੈਂ। ਨਕਵੇਲਾ ਖੜਾ ਹੋ[40], ਉਹ ਆਪਣੀਆਂ ਅਦਭੁਤ ਖੇਡਾਂ[39] ਨੂੰ ਰਟਦਾ[37] ਅਤੇ ਦੇਖਦਾ[38] ਹੈ।
ਮਾਰੂ ਮਹਲਾ ੫ ॥	Maru 5th Guru.	ਮਾਰੂ ਪੰਜਵੀਂ ਪਾਤਿਸ਼ਾਹੀ।

ਅਚੁਤ[41] ਪਾਰਬ੍ਰਹਮ[42] ਪਰਮੇਸੁਰ[43] ਅੰਤਰਜਾਮੀ[44] ॥ ਮਧੁਸੂਦਨ[45] [46]ਦਾਮੋਦਰ[47] ਸੁਆਮੀ[48] ॥	My Master[48] is Imperishable[41], Transcendent Lord[42], Supreme Master[43], Inner-knower[44], the Slayer[45] of Madh demon and with a string[46] round His belly[47]	ਮੈ ਡਾ ਮਾਲਕ[48] ਅਬਿਨਾਸੀ[41], ਪਰਮ ਪ੍ਰਭੂ[42], ਸ੍ਰੇਸ਼ਟੀ ਮਾਲਕ[43], ਅੰਦਰਲੀਆਂ ਜਾਣਨਹਾਰ[44], ਮਧ ਰਾਖਸ਼ ਨੂੰ ਮਾਰਨ ਵਾਲਾ[45] ਅਤੇ ਆਪਣੇ ਢਿੱਡ[47] ਉਦਾਲੇ ਰੱਸੀ-ਸਹਿਤ[46] ਹੈ।
[49]ਰਿਖੀਕੇਸ[50] ਗੋਵਰਧਨ ਧਾਰੀ[51] ਮੁਰਲੀ[52] ਮਨੋਹਰ[53] ਹਰਿ ਰੰਗਾ[54] ॥੧॥	The joyful God[54] is the Master[50] of organs[69], the Uplifter[51] of the mount Goverdhan and the Lord of the Fascinating[53] flute[52].	ਖ਼ੁਸ਼ਬਾਸ਼ ਵਾਹਿਗੁਰੂ[54] ਇੰਦਰੀਆਂ[49] ਦਾ ਮਾਲਕ[50], ਗੋਵਰਧਨ ਪਹਾੜ ਨੂੰ ਚੁੱਕਣ ਵਾਲਾ[51] ਅਤੇ ਮਨਮੋਹਨੀ[53] ਬੰਸਰੀ[52] ਦਾ ਸੁਆਮੀ ਹੈ।
ਮੋਹਨ[55] [56]ਮਾਧਵ[57] ਕ੍ਰਿਸਨ[58] [59]ਮੁਰਾਰੇ[60] ॥	The Lord[58] is the Enticer[55] of hearts, the Lord[57] of wealth[56] and the killer[60] of Mur[59] demon.	ਸੁਆਮੀ[58] ਦਿਲਾਂ ਨੂੰ ਮੋਹਤ ਕਰ ਲੈਣ ਵਾਲਾ[55], ਮਾਇਆ[56] ਦਾ ਸੁਆਮੀ[57] ਅਤੇ ਮੁਰ[59] ਰਾਖਸ਼ ਨੂੰ ਮਾਰਨ ਵਾਲਾ[60] ਹੈ।
[61]ਜਗਦੀਸੁਰ[62] ਹਰਿ ਜੀਉ[63] ਅਸੁਰ[64] ਸੰਘਾਰੇ[65] ॥	Revered[63] God, the Lord[62] of universe[61], is the Destroyer[65] of Devils[64].	ਆਲਮ[61] ਦਾ ਸੁਆਮੀ[62], ਪੂਜਯ[63] ਵਾਹਿਗੁਰੂ ਭੂਤਨਿਆਂ[64] (ਵਿਕਾਰਾਂ) ਨੂੰ ਨਾਸ ਕਰਨ ਵਾਲਾ[65] ਹੈ।
[71]ਜਗਜੀਵਨ[66] ਅਬਿਨਾਸੀ[67] ਠਾਕੁਰ ਘਟ ਘਟ[68] ਵਾਸੀ[69] ਹੈ ਸੰਗਾ[70] ॥੨॥	The Life of the world[71] and ever-stable[67] Lord abides[69] in all the hearts[68] and is ever with[70] us.	ਜਗਤ[71] ਦੀ ਜਿੰਦ ਜਾਨ[66] ਅਤੇ ਸਦੀਵੀ[67] ਸਥਿਰ ਸੁਆਮੀ ਸਾਰਿਆਂ[68] ਦਿਲਾਂ ਅੰਦਰ ਵਸਦਾ[67] ਹੈ ਅਤੇ ਸਦਾ ਹੀ ਸਾਡੇ ਨਾਲ[70] ਹੈ।
[72]ਧਰਣੀਧਰ[73] ਈਸ[74] ਨਰਸਿੰਘ[75] ਨਾਰਾਇਣ[77] ॥	The Lord is the support[73] of the earth[72], the man-lion[75] and the Primal Being[77].	ਸੁਆਮੀ[74] ਧਰਤੀ[72] ਦਾ ਆਸਰਾ[73], ਮਨੁੱਖ-ਸ਼ੇਰ[75] ਅਤੇ ਪ੍ਰਿਥਮ ਪੁਰਖ[77] ਹੈ।
ਦਾੜਾ[78] ਅਗ੍ਰੇ[79] ਪ੍ਰਿਥਮਿ[80] ਧਰਾਇਣ[81] ॥	Thou, O Lord, art the Upholder[81] of the earth[80] with Thine fore[79]-teeth[78].	ਤੂੰ ਹੇ ਸੁਆਮੀ ! ਆਪਣੀਆਂ ਮੂਹਰਲੀਆਂ[79] ਹੁੱਡਾਂ[78] ਨਾਲ ਧਰਤੀ[80] ਨੂੰ ਚੁਕਣਹਾਰ[81] ਹੈਂ।
ਬਾਵਨ[82] ਰੂਪੁ[83] ਕੀਆ[84] ਤੁਧੁ ਕਰਤੇ[85] ਸਭ[86] ਹੀ ਸੇਤੀ ਹੈ ਚੰਗਾ[87] ॥੩॥	Thou, O Creator[85], assumed[84] the form[83] of a pigmy[82] and art the sublime[87] Lord of all[86].	ਤੂੰ, ਹੇ ਸਿਰਜਣਹਾਰ[85] ਗਿਠਮੁੱਠੀਏ[82] ਦਾ ਸਰੂਪ[83] ਧਾਰਨ ਕੀਤਾ[84] ਅਤੇ ਤੂੰ ਸਾਰਿਆਂ[86] ਦਾ ਸ੍ਰੇਸ਼ਟ[87] ਸੁਆਮੀ ਹੈਂ।
ਸ੍ਰੀ[88] ਰਾਮਚੰਦ ਜਿਸੁ ਰੂਪੁ[89] ਨ ਰੇਖਿਆ[90] ॥	Thou alone art Sire[88] Ram Chand, who hast no form[89] and outline[90].	ਕੇਵਲ ਤੂੰ ਹੀ ਮਹਾਰਾਜ[88] ਰਾਮ ਚੰਦ ਹੈਂ, ਜਿਸ ਦਾ ਕੋਈ ਸਰੂਪ[89] ਅਤੇ ਨੁਹਾਰ[90] ਨਹੀਂ।
ਬਨਵਾਲੀ[91] [92]ਚਕ੍ਰਪਾਣਿ[93] ਦਰਸਿ[94] ਅਨੂਪਿਆ[95] ॥	Thou, O Flower-girt God[91], of fascinating[95] sight[94], has a quoit[92] in Thy hand[91].	ਤੇਰੇ, ਹੇ ਮਨਮੋਹਨੇ[95] ਦੀਦਾਰ[94] ਵਾਲੇ ਫੁੱਲਾਂ ਨਾਲ ਗੁੰਦੇ ਹੋਏ ਹਰੀ[91] ! ਹੱਥ[93] ਵਿਚ ਚੱਕਰ[92] ਹੈ।
ਸਹਸ[96] ਨੇਤ੍ਰ[97] ਮੂਰਤਿ[98] ਹੈ ਸਹਸਾ ਇਕੁ[99] ਦਾਤਾ[100] ਸਭ ਹੈ ਮੰਗਾ[2] ॥੪॥	Thou hast thousands[96] of eyes[97] and thousands of forms[98]. Thou alone[99] art the Giver[100] and all others are beggars[2].	ਤੇਰੀਆਂ ਹਜ਼ਾਰਾਂ[96] ਹੀ ਅੱਖਾਂ[97] ਹਨ ਅਤੇ ਹਜ਼ਾਰਾਂ ਹੀ ਸਰੂਪ[98]। ਕੇਵਲ[99] ਤੂੰ ਹੀ ਦਾਤਾਰ[100] ਹੈਂ ਅਤੇ ਹੋਰ ਸਾਰੇ ਮੰਗਤੇ[2] ਹਨ।

ਭਗਤਿ[3] ਵਛਲੁ[4] ਅਨਾਥਹ[5] ਨਾਥੇ[6] ॥	Thou, O Lord, art the Lover[4] of Thine devotees[3] and the Patron[6] of the patronless[5].	ਤੂੰ ਹੇ ਸੁਆਮੀ ! ਆਪਣੇ ਪ੍ਰੇਮੀਆਂ[3] ਦਾ ਆਸ਼ਕ ਅਤੇ ਨਿਖ਼ਸਮਿਆਂ[5] ਦਾ ਖ਼ਸਮ[6] ਹੈਂ ।
ਗੋਪੀ[7] ਨਾਥੁ[8] ਸਗਲ[9] ਹੈ ਸਾਥੇ[10] ॥	The Lord[8] of milk-maids[7] is ever with[10] every one[9].	ਗੁਆਲਣਾਂ[7] ਦਾ ਸੁਆਮੀ[8] ਸਦਾ ਹੀ ਸਾਰਿਆਂ[9] ਦੇ ਨਾਲ[10] ਹੈ ।
ਬਾਸੁਦੇਵ[12] ਨਿਰੰਜਨ[13] ਦਾਤੇ[14] ਬਰਨਿ[15] ਨ ਸਾਕਉ ਗੁਣ[16] ਅੰਗਾ[17] ॥੫॥	O, my Beneficent[14] and Immaculate[13] Luminous Lord[12], I can describe[15] not Thine praise[16] even a bit[17].	ਹੇ ਮੇਰੇ ਦਾਤਾਰ[14] ਅਤੇ ਪਵਿੱਤਰ[13] ਪ੍ਰਕਾਸ਼ਵਾਨ ਪ੍ਰਭੂ[12] ! ਤੇਰੀ ਵਡਿਆਈ[16] ਮੈਂ ਇਕ ਭੋਰਾ ਭਰ[17] ਭੀ ਬਿਆਨ[15] ਨਹੀਂ ਕਰ ਸਕਦਾ ।
ਮੁਕੰਦ[18] ਮਨੋਹਰ[19] ਲਖਮੀ[20] ਨਾਰਾਇਣ[21] ॥	Mv Beauteous[19] Lord[21] is the Giver of salvation[18] and the spouse of wealth[20].	ਮੇਰਾ ਸੁੰਦਰ[19] ਸੁਆਮੀ[21] ਮੁਕਤੀ ਦੇਣ ਵਾਲਾ[18] ਅਤੇ ਧਨ-ਦੌਲਤ[20] ਦਾ ਪਤੀ ਹੈ ।
ਦ੍ਰੋਪਤੀ ਲਜਾ[22] ਨਿਵਾਰਿ[23] ਉਧਾਰਣ[24] ॥	He, the Lord, is the Saviour[24] of Daropadi, from the clutches of the destroyers[23] of her honour[22].	ਉਹ ਸੁਆਮੀ ਦ੍ਰੋਪਦੀ ਨੂੰ ਉਸ ਦੀ ਪੱਤ ਆਬਰੂ[22] ਨਾਸ ਕਰਨ ਵਾਲਿਆਂ[23] ਦੇ ਪੰਜੇ ਵਿਚੋਂ ਬਚਾਉਣ ਵਾਲਾ[24] ਹੈ ।
[25]ਕਮਲਾਕੰਤ[26] ਕਰਹਿ[27] ਕੰਤੂਹਲ[28] ਅਨਦ[29]ਬਿਨੋਦੀ[30] ਨਿਹਸੰਗਾ[31] ॥੬॥	The Detached[31] Lord[26] of mammon[25] does[27] the wondrous deeds[28], sports[30] and makes merry[29].	ਮਾਇਆ[25] ਦਾ ਨਿਰਲੇਪ[31] ਸੁਆਮੀ[26] ਅਸਚਰਜ ਕੌਤਕ[28] ਕਰਦਾ[27], ਖੇਲ੍ਹਦਾ ਮੱਲ੍ਹਦਾ[30] ਅਤੇ ਮੌਜਾਂ ਮਾਣਦਾ[29] ਹੈ ।
ਅਮੋਘ[32] ਦਰਸਨ[33] ਆਜੂਨੀ[34] ਸੰਭਉ[35] ॥ ਅਕਾਲ[36] ਮੂਰਤਿ[37] ਜਿਸੁ ਕਦੇ[38] ਨਾਹੀ ਖਉ[39] ॥	His is the fruitful[32] sight[33] and Immortal[36] From[37], which perishes[39] not ever[38]. He is unborn[34] and self-illumined[35].	ਫਲਦਾਇਕ[32] ਹੈ ਉਸ ਦਾ ਦੀਦਾਰ[33] ਅਤੇ ਅਮਰ[36] ਉਸ ਦਾ ਸਰੂਪ[37], ਜੋ ਕਦਾਚਿਤ[38] ਨਾਸ[39] ਨਹੀਂ ਹੁੰਦਾ । ਉਹ ਅਜਨਮਾ[34] ਅਤੇ ਸਵੈ-ਪ੍ਰਕਾਸ਼ਵਾਨ[35] ਹੈ ।
ਅਬਿਨਾਸੀ[40] ਅਬਿਗਤ[41] ਅਗੋਚਰ[42] ਸਭੁ ਕਿਛੁ[43] ਤੁਝ ਹੀ ਹੈ ਲਗਾ[44] ॥੭॥	O my Imperishable[40], Eternal[41] and Inapprehensible[42], Lord, everything[43] is attached[44] to Thee.	ਹੇ ਮੇਰੇ ਨਾਮ-ਰਹਿਤ[40], ਅਮਰ[41] ਅਗਾਧ[42] ਸੁਆਮੀ ਹਰ ਵਸਤੂ[43] ਤੇਰੇ ਨਾਲ ਹੀ ਜੁੜੀ ਹੋਈ[44] ਹੈ ।
[45]ਸ੍ਰੀਰੰਗ[46] ਬੈਕੁੰਠ[47] ਕੇ ਵਾਸੀ[48] ॥	God, the Lover[46] of eminence[45], abides[48] in Heaven[47].	ਉਤਕ੍ਰਿਸ਼ਟਤਾ[45] ਦਾ ਪਿਆਰਾ[46] ਹਰੀ, ਬ੍ਰਹਮਲੋਕ[47] ਵਿੱਚ ਵਸਦਾ[48] ਹੈ ।
ਮਛੁ[49] ਕਛੁ ਕੂਰਮੁ[50] ਆਗਿਆ[51] ਅਉਤਰਾਸੀ[52] ॥	In His will[51], the Lord came[52] in the form of the Big Fish[49] and the Tortoise[50].	ਆਪਣੀ ਰਜ਼ਾ[51] ਅੰਦਰ, ਸੁਆਮੀ ਵੱਡੀ ਮੱਛੀ[49] ਅਤੇ ਕਛੂਕੁੰਮੇ[50] ਦੇ ਸਰੂਪ ਅੰਦਰ ਉਤਰਿਆ[52] ।
ਕੇਸਵ[53] ਚਲਤ[54] ਕਰਹਿ[55] ਨਿਰਾਲੇ[56] ਕੀਤਾ ਲੋੜਹਿ[57] ਸੋ[58] ਹੋਇਗਾ[59] ॥੮॥	The Lord of Beauteous hair[53], does[55] wondrous[56] deeds[54] and what He wishes[57] to do, that[58] alone comes to pass[59].	ਸੁੰਦਰ ਵਾਲਾਂ[53] ਵਾਲਾ ਸੁਆਮੀ, ਅਲੌਕਿਕ[56] ਖੇਡਾਂ[54] ਖੇਡਦਾ[55] ਹੈ ਅਤੇ ਜੋ ਕੁਛ ਉਹ ਕਰਨਾ ਚਾਹੁੰਦਾ[57] ਹੈ, ਕੇਵਲ ਉਹ[58] ਹੀ ਹੁੰਦਾ[59] ਹੈ ।
ਨਿਰਾਹਾਰੀ[60] ਨਿਰਵੈਰੁ[61] ਸਮਾਇਆ[62] ॥ ਧਾਰਿ[63]	The non-eating[60], uninimical[61] and pervading[62] God has establishes[63] the	ਨਿਰ-ਅਹਾਰੀ[60], ਦੁਸ਼ਮਨੀ-ਰਹਿਤ[61] ਅਤੇ ਵਿਆਪਕ[62] ਵਾਹਿਗੁਰੂ ਨੇ ਸੰਸਾਰ ਦੀ ਖੇਡ[68] ਅਸਥਾਪਨ ਕੀਤੀ[63]

ਖੇਲੁ[64] [65]ਚਤੁਰਭੁਜੁ[66] ਕਹਾਇਆ[67] ॥	world play[64] and He is called[67] the four[65]-armed[66] Lord.	ਹੈ ਅਤੇ ਉਹ ਚੌਂਹ[65]-ਬਾਹਾਂ[61] ਵਾਲਾ ਪ੍ਰਭੂ ਆਖਿਆ ਜਾਂਦਾ[67] ਹੈ ।
ਸਾਵਲ[68] ਸੁੰਦਰ[69] ਰੂਪ[70] ਬਣਾਵਹਿ[71] ਬੇਣੁ[72] ਸੁਨਤ ਸਭ ਮੋਹੈਗਾ[73] ॥੯॥	He has assumed[71] the black[68] and beauteous[69] form[70] and hearing His flute[72] all are fascinated[73].	ਉਸ ਨੇ ਕਾਲਾ[68] ਤੇ ਸੋਹਣਾ[69] ਸਰੂਪ[70] ਧਾਰਨ ਕਰ ਲਿਆ[71] ਹੈ, ਅਤੇ ਉਸ ਦੀ ਬੰਸਰੀ[72] ਸੁਣ ਕੇ ਸਾਰੇ ਮੋਹੇ ਗਏ[73] ਹਨ ।
ਬਨਮਾਲਾ[74] ਬਿਭੂਖਨ[75] ਕਮਲ[76] ਨੈਨ[77] ॥	The Lord is decked[75] with the garland[74] of forest flowers and has lotus[76] like eyes[77].	ਸਾਂਈਂ ਜੰਗਲ ਦੇ ਫੁਲਾਂ ਦੇ ਹਾਰ[74] ਨਾਲ ਸਜਿਆ ਫੱਬਿਆ ਹੋਇਆ[75] ਹੈ ਅਤੇ ਉਸ ਦੀਆਂ ਅੱਖਾਂ[77] ਕੰਵਲ[76] ਵਰਗੀਆਂ ਹਨ ।
ਸੁੰਦਰ[78] ਕੁੰਡਲ[79] ਮੁਕਟ[80] ਬੈਨ[81] ॥	Beautiful[78] are His ear-rings[79], crown[80] and pipe[81]	ਖੂਬਸੂਰਤ[78] ਹਨ ਉਸ ਦੀਆਂ ਕੰਨਾਂ ਦੇ ਕੁੰਡਲ[79], ਤਾਜ[80] ਅਤੇ ਮੁਰਲੀ[81] ।
ਸੰਖ[82] ਚਕ੍ਰ[83] ਗਦਾ[84] ਹੈ ਧਾਰੀ[85] ਮਹਾ[86] ਸਾਰਥੀ[87] [88]ਸਤਸੰਗਾ[89] ॥੧੦॥	The Lord is equipped[85] with conch[82], quoit[83] and bludgeon[84]. He is the great[86] chariotier[87] and the saints'[88] comrade[89].	ਸੁਆਮੀ ਨੇ ਸੰਖ[82], ਚਕਰ[83] ਅਤੇ ਗੁਰਜ[84] ਧਾਰਨ ਕੀਤੇ ਹੋਏ[85] ਹਨ । ਉਹ ਭਾਰਾ[86] ਰਥਬਾਣ[87] ਅਤੇ ਸੰਤਾਂ[85] ਦਾ ਸੰਗੀ[89] ਹੈ ।
ਪੀਤ[90] ਪੀਤੰਬਰ[91] [92]ਤ੍ਰਿਭਵਣ[93] ਧਣੀ[94] ॥	Yellow[90] and yellow-robed[91] is the Lord[94] of three[92] worlds[93].	ਪੀਲਾ[90] ਤੇ ਪੀਲੇ ਬਸਤਰਾਂ ਵਾਲਾ[91] ਹੈ ਤਿੰਨਾਂ[92] ਜਹਾਨਾਂ[93] ਦਾ ਸੁਆਮੀ[94] ।
[95]ਜਗੰਨਾਥੁ[96] [97]ਗੋਪਾਲੁ[98] ਮੁਖਿ[99] ਭਣੀ[100] ॥	With my mouth[99], utter[100] I the Name of the Lord[96] of universe[95] and the Word[97]-Cherisher[98].	ਆਪਣੇ ਮੂੰਹ[99] ਨਾਲ ਮੈਂ ਆਲਮ[95] ਦੇ ਸੁਆਮੀ[96] ਅਤੇ ਸੰਸਾਰ[7] ਦੇ ਪਾਲਣ-ਪੋਸਣਹਾਰ[98] ਦੇ ਨਾਮ ਦਾ ਉਚਾਰਨ ਕਰਦਾ[100] ਹਾਂ ।
੧੦੮੩		
[2]ਸਾਰਿੰਗਧਰ[3] ਭਗਵਾਨ[4] ਬੀਠੁਲਾ[5] ਮੈ ਗਣਤ[6] ਨ ਆਵੈ [7]ਸਰਬੰਗਾ[8] ॥੧੧॥	The Loved[5] Illustrious Lord[4] is the Wielder[3] of bow[2]. I can count[6] not all[7] His parts[8].	ਪਿਆਰਾ[5] ਪ੍ਰਤਾਪਵਾਨ[4] ਪ੍ਰਭੂ ਕਮਾਣ[2] ਧਾਰਨ ਕਰਨ ਵਾਲਾ[3] ਹੈ । ਮੈਂ ਉਸ ਦੇ ਸਾਰਿਆਂ[7] ਅੰਗਾਂ[8] ਨੂੰ ਗਿਣ[6] ਨਹੀਂ ਸਕਦਾ ।
ਨਿਹਕੰਟਕੁ[9] ਨਿਹਕੇਵਲੁ[10] ਕਹੀਐ[12] ॥	He, the Lord is said to be[12] anguish-free[9] and Immaculate[10].	ਉਹ ਸੁਆਮੀ ਪੀੜ-ਰਹਿਤ[9] ਅਤੇ ਪਾਵਨ ਪੁਨੀਤ[10] ਆਖਿਆ ਜਾਂਦਾ[12] ਹੈ ।
ਧਨੰਜੈ[13] ਜਲਿ[14] ਥਲਿ[15] ਹੈ[17] ਮਹੀਐ[16] ॥	The Conqueror of riches[13] is contained[17] in the water[14], dry land[15] and in between[16] the two.	ਧਨ-ਦੌਲਤ[13] ਨੂੰ ਜਿੱਤਣ ਵਾਲਾ, ਪਾਣੀ[14], ਸੁੱਕੀ-ਧਰਤੀ[15] ਅਤੇ ਦੋਨਾਂ ਦੇ ਵਿਚਕਾਰ[16] ਰਵਿ ਰਿਹਾ[17] ਹੈ ।
ਮਿਰਤ ਲੋਕ[18] ਪਇਆਲ[19] ਸਮੀਪਤ[20] ਅਸਥਿਰ[21] ਥਾਨੁ[22] ਜਿਸੁ[23] ਹੈ ਅਭਗਾ[24] ॥੧੨॥	Ever-stable[21] and Imperishable[24] is whose[23] abode[22]; He is just near[20] this mortal world[18] and the Nectar-world[19].	ਸਦੀਵੀ ਸਥਿਰ[21] ਅਤੇ ਅਬਿਨਾਸ਼ੀ[24] ਹੈ ਜਿਸ ਦਾ[23] ਨਿਵਾਸ ਅਸਥਾਨ[22], ਇਸ ਨਾਸਵੰਤ ਸੰਸਾਰ[18] ਅਤੇ ਪਾਤਾਲ[19] ਦੇ ਉਹ ਐਨ ਨੇੜੇ[20] ਹੀ ਹੈ ।
ਪਤਿਤ[25] ਪਾਵਨ[26] ਦੁਖ[27] ਭੈ[28] ਭੰਜਨੁ[29] ॥	The Lord is the Purifier[26] of the sinners[25] and the Destroyer[29] of pain[27] and fear[28].	ਪ੍ਰਭੂ ਪਾਪੀਆਂ[25] ਨੂੰ ਪਵਿੱਤਰ ਕਰਨ ਵਾਲਾ[26] ਅਤੇ ਪੀੜ[27] ਤੇ ਡਰ[28] ਨੂੰ ਨਾਸ ਕਰਨਹਾਰ[29] ਹੈ ।

ਅਹੰਕਾਰ[30] ਨਿਵਾਰਣੁ[31] ਹੈ ਭਵ[32] ਖੰਡਨੁ[33] ॥	He is the Remover[31] of ego[30] and the the Eradicator[33] of coming and going[32].	ਉਹ ਹੰਕਾਰ[30] ਦੂਰ ਕਰਨ ਵਾਲਾ[31] ਅਤੇ ਆਵਾਗਉਣ[32] ਨੂੰ ਨਵਿਰਤ ਕਰਨਹਾਰ[33] ਹੈ।
ਭਗਤੀ[34] ਤੋਖਿਤ[35] ਦੀਨ [36]ਕ੍ਰਿਪਾਲਾ[37] ਗੁਣੇ[38] ਨ ਕਿਤ[39] ਹੀ ਹੈ ਭਿਗਾ[40]॥੧੩॥	He is pleased[35] with devotional service[34] and He, the Merciful Master[37] of the meek[36] is softened[40] not through any other[39] merit[38].	ਉਹ ਪ੍ਰੇਮਮਈ ਸੇਵਾ[34] ਨਾਲ ਖ਼ੁਸ਼ ਹੁੰਦਾ[35] ਹੈ ਅਤੇ ਉਹ ਮਸਕੀਨਾਂ[36] ਦਾ ਮਿਹਰਬਾਨ ਮਾਲਕ[37] ਕਿਸੇ ਹੋਰਸ[39] ਖ਼ੂਬੀ[38] ਰਾਹੀਂ ਪਿਘਲਦਾ[40] ਨਹੀਂ।
ਨਿਰੰਕਾਰੁ[41] ਅਛਲ[42] ਅਡੋਲੋ[43] ॥	The Formless Lord[41] is Undeceivable[42] and Moveless[43].	ਸਰੂਪ-ਰਹਿਤ[41] ਸੁਆਮੀ ਨਾ-ਠੱਗੇ ਜਾਣ ਵਾਲਾ[42] ਤੇ ਅਹਿਲ[43] ਹੈ।
ਜੋਤਿ[44] ਸਰੂਪੀ[45] ਸਭੁ ਜਗੁ ਮਉਲੋ[46] ॥	He is the Embodiment[45] of Light[44] and through Him, the whole world flowers[46].	ਉਹ ਪ੍ਰਕਾਸ਼[44] ਦਾ ਰੂਪ[45] ਹੈ ਅਤੇ ਉਸ ਦੇ ਰਾਹੀਂ ਸਾਰਾ ਸੰਸਾਰ ਪ੍ਰਫੁੱਲਤ ਹੁੰਦਾ[46] ਹੈ।
ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ[47] ਕੋਇ ਨ ਪਾਵੈਗਾ[48] ॥੧੪॥	He alone meets with Him, whom He unites. By himself[47] no one can attain[48] unto Him.	ਕੇਵਲ ਉਹ ਹੀ ਉਸ ਨਾਲ ਮਿਲਦਾ ਹੈ, ਜਿਸ ਨੂੰ ਉਹ ਮਿਲਾਉਂਦਾ ਹੈ। ਆਪਣੇ ਆਪ[47] ਕੋਈ ਭੀ ਉਸ ਨੂੰ ਪਾ[48] ਨਹੀਂ ਸਕਦਾ।
ਆਪੇ ਗੋਪੀ[49] ਆਪੇ ਕਾਨਾ[50]॥	He Himself is the milk-maid[49] and Himself Krishna[50].	ਉਹ ਖ਼ੁਦ ਗੁਆਲਣ[49] ਹੈ ਤੇ ਖ਼ੁਦ ਹੀ ਕ੍ਰਿਸ਼ਨ[50]।
ਆਪੇ ਗਊ[51] ਚਰਾਵੈ[52] ਬਾਨਾ[53] ॥	He Himself grazes[52] the cows[51] in the forest[53].	ਉਹ ਖ਼ੁਦ ਹੀ ਗਾਈਆਂ[51]ਨੂੰ ਜੰਗਲ[53] ਵਿਚ ਚਰਾਉਂਦਾ[52] ਹੈ।
ਆਪਿ ਉਪਾਵਹਿ[54] ਆਪਿ ਖਪਾਵਹਿ[55] ਤੁਧੁ ਲੇਪੁ[56] ਨਹੀ ਇਕੁ ਤਿਲੁ[57] ਰੰਗਾ[58] ॥੧੫॥	O Lord, Thou Thyself createst[54] and Thyself destroyest[55]. Not even an iota[57] of filth[56] attaches[58] to Thee.	ਹੇ ਪ੍ਰਭੂ! ਤੂੰ ਖ਼ੁਦ ਪੈਦਾ ਕਰਦਾ[54] ਅਤੇ ਖ਼ੁਦ ਹੀ ਨਾਸ ਕਰਦਾ[55] ਹੈਂ। ਤੈਨੂੰ ਇਕ ਭੋਰਾ ਭਰ[57] ਭੀ ਮੈਲ[56] ਨਹੀਂ ਲਗਦੀ[58]।
ਏਕ ਜੀਹ[59] ਗੁਣ[60] ਕਵਨ[61] ਬਖਾਨੈ[62] ॥	Which[61] virtues[60] of Thine can one tongue[59] of mine utter[62].	ਮੇਰੀ ਇਕ ਜੀਭ੍ਹਾ[59] ਤੇਰੀਆਂ ਕਿਹੜੀਆਂ ਕਿਹੜੀਆਂ[61] ਨੇਕੀਆਂ[60] ਨੂੰ ਉਚਾਰ ਸਕਦੀ[62] ਹੈ।
ਸਹਸ[63] ਫਨੀ[64] ਸੇਖ[65] ਅੰਤੁ[66] ਨ ਜਾਨੈ ॥	The thousand[63]-headed[64] serpent[65] knows not Thine limit[66].	ਹਜ਼ਾਰਾਂ[63] ਫੱਨਾਂ ਵਾਲਾ[64] ਸ਼ੇਸ਼ਨਾਗ[65] ਤੇਰੇ ਓੜਕ[66] ਨੂੰ ਨਹੀਂ ਜਾਣਦਾ।
ਨਵਤਨ[67] ਨਾਮ ਜਪੈ[68] ਦਿਨੁ ਰਾਤੀ ਇਕੁ ਗੁਣੁ[69] ਨਾਹੀ ਪ੍ਰਭ ਕਹਿ[70] ਸੰਗਾ[71] ॥ ੧੬॥	Day and night utters[68] he the new[67] Name of Thine, but he can[71] narrate[70] not even virtue[69] of Thine, O Lord.	ਦਿਹੁੰ ਅਤੇ ਰੈਣ ਉਚ ਤੇਰਾ ਨਵਾਂ[67] ਨਾਮ ਉਚਾਰਨ ਕਰਦਾ[68] ਹੈ ਪਰ ਉਹ ਤੇਰੀ ਇਕ ਨੇਕੀ[69] ਨੂੰ ਭੀ ਵਰਣਨ[70] ਨਹੀਂ ਕਰ ਸਕਦਾ[71]।
ਓਟ[72] ਗਹੀ[73] ਜਗਤ[74] ਪਿਤ[75] ਸਰਣਾਇਆ[76] ॥	I have grasped[73] the protection[76] and support[72] of the Father[75] of the world[74].	ਮੈਂ ਸੰਸਾਰ[74] ਦੇ ਬਾਬਲ[75] ਦੀ ਪਨਾਹ[76] ਤੇ ਆਸਰਾ[72] ਪਕੜਿਆ[73] ਹੈ।

ਭੈ[76] ਭਇਆਨਕ[77] [78]ਜਮਦੂਤ[79] ਦੁਤਰ[80] ਹੈ ਮਾਇਆ[81] ॥	Dreadful[76] is the terrible[77] myrmidon[79] of death[78] and impassable[80] is the sea of mammon[81].	ਡਰਾਉਣ[76] ਹੈ ਮੌਤ[78] ਦਾ ਭੈਦਾਇਕ[77] ਫ਼ਰੇਸ਼ਤਾ[79] ਅਤੇ ਔਖਾ ਹੈ ਤਰਨਾ[84] ਮੋਹਣੀ[81] ਮਾਇਆ ਦਾ ਸਮੁੰਦਰ ।
ਹੋਹੁ ਕ੍ਰਿਪਾਲ[82] ਇਛਾ[83] ਕਰਿ ਰਾਖਹੁ[84] ਸਾਧ ਸੰਤਨ[85] ਕੈ ਸੰਗਿ[86] ਸੇਗਾ[87] ॥੧੭॥	Be Thou merciful[82], O Lord, save[84] me in Thy will[83] and associate[87] me with[86] the society of the saints[85].	ਤੂੰ ਹੇ ਸੁਆਮੀ ! ਮਿਹਰਬਾਨ[82] ਹੋ, ਆਪਣੀ ਰਜ਼ਾ[83] ਅੰਦਰ ਮੇਰੀ ਰੱਖਿਆ ਕਰ[84] ਅਤੇ ਮੈਨੂੰ ਸਤਿਸੰਗਤ[85] ਨਾਲ[86] ਜੋੜ[87] ।
ਦ੍ਰਿਸਟਿਮਾਨ[88] ਹੈ ਸਗਲ[89] ਮਿਥੇਨਾ[90] ॥	All[89] that comes to view[88] is perishable[90].	ਜਿਹੜਾ ਕੁੱਛ ਦਿਸ ਆਉਂਦਾ[88] ਹੈ, ਸਭ[89] ਨਾਸਵੰਤ[90] ਹੈ ।
ਇਕੁ ਮਾਗਉ[91] ਦਾਨੁ[92] [93]ਗੋਬਿਦ[94] ਸੰਤ ਰੇਨਾ[95] ॥	O the Master[94] of the universe[93], I ask for[91] the one gift[92] of the dust[95] of the feet of Thy saints.	ਹੇ ਆਲਮ[93] ਦੇ ਮਾਲਕ[94] ! ਮੈਂ ਤੇਰੇ ਸਾਧੂਆਂ ਦੇ ਚਰਨਾਂ ਦੀ ਧੂੜ[95] ਦੀ ਹੀ ਇੱਕ ਦਾਤ[92] ਮੰਗਦਾ[91] ਹਾਂ ।
